



ਸ: ਖੜਕ ਸਿੰਘ



ਸ: ਬ: ਮਹਿਤਾਬ ਸਿੰਘ



ਸ: ਸੇਵਾ ਸਿੰਘ ਠੀਕਰੀ ਵਾਲਾ

# ਅਕਾਲੀ ਲਹਿਰ ਦੇ ਮਹਾਨ ਨੇਤਾ



ਸ: ਤੇਜਾ ਸਿੰਘ ਸਮੁੰਦਰੀ



ਮਾਸਟਰ ਤਾਰਾ ਸਿੰਘ



: ਦਰਸ਼ਨ ਸਿੰਘ ਫੇਰੂਮਾਨ



ਜਥੇਦਾਰ ਊਧਮ ਸਿੰਘ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

[illegible]

NEW BOOK CO.
MAI HIRAN GATE.
JULLUNDUR.

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਕਰਤਾ ਦੇ ਸਭ ਹੱਕ ਰਾਖਵੇਂ ਹਨ।

# ਅਕਾਲੀ ਲਹਿਰ

## ਦੇ

# ਮਹਾਨ ਨੇਤਾ


ਲੇਖਕ—

**ਪ੍ਰਤਾਪ ਸਿੰਘ ਗਿਆਨੀ**

ਸਾਬਕ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ

ਤੇ ਐਡੀਟਰ 'ਗਿਆਨ ਅੰਮ੍ਰਿਤ' ਅੰਮ੍ਰਿਤਸਰ



ਪ੍ਰਕਾਸ਼ਕ—

**ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ ਐਂਡ ਕੋ:**

ਪੁਸਤਕਾਂ ਵਾਲੇ, ਬਾਜ਼ਾਰ ਮਾਈ ਸੇਵਾਂ ਅੰਮ੍ਰਿਤਸਰ।

ਕੀਮਤ ੧੦) ਰੁਪਏ


Digitized by Panjab Digital Library | www.panjabdigilib.org

੧ ੴ ਸਤਿਗੁਰ ਪ੍ਰਸਾਦਿ ॥

# ਆਰੰਭਕ ਬੇਨਤੀ

ਸਨ ੧੯੫੧ ਵਿਚ ਜਦ ਲੇਖਕ ਤਖਤ ਕੇਸ ਗੜ੍ਹ ਅਨੰਦ ਪੁਰ ਦਾ ਜਥੇਦਾਰ ਸੀ, ਉਸ ਵਕਤ ਇਕ ਪੁਸਤਕ 'ਗੁਰਦਵਾਰਾ ਸੁਧਾਰ' ਅਰਥਾਤ 'ਅਕਾਲੀ ਲਹਿਰ ਦਾ ਇਤਿਹਾਸ' ਲਿਖੀ ਤੇ ਪ੍ਰਕਾਸ਼ਤ ਕਰਵਾਈ ਸੀ। ਉਸ ਵਿਚ ਤਰਨ ਤਾਰਨ, ਸ੍ਰੀ ਨਨਕਾਣਾ ਸਾਹਿਬ ਤੇ ਪੰਜੇ ਸਾਹਿਬ ਦੇ ਸ਼ਹੀਦੀ ਸਾਕਿਆਂ, ਗੁਰੂ ਕੇ ਬਾਗ ਤੇ ਜੈਤੋ ਦੇ ਮੋਰਚਿਆਂ ਦਾ ਇਤਿਹਾਸ ਵਰਣਨ ਕੀਤਾ ਗਿਆ ਸੀ। ਉਹ ਉਸ ਮਹਾਨ ਲਹਿਰ ਬਾਰੇ ਆਪਣੇ ਢੰਗ ਦੀ ਪਹਿਲੀ ਪੁਸਤਕ ਸੀ। ਉਸ ਨੂੰ ਸੰਗਤਾਂ ਨੇ ਬਹੁਤ ਪਸੰਦ ਕੀਤਾ। ਉਹ ਇਕ ਸ਼ਾਨਦਾਰ ਲਹਿਰ ਦਾ ਰੀਕਾਰਡ ਹੈ।

ਉਸਦਾ ਅਕਾਲੀ ਲਹਿਰ ਵਿਚ ਕੁਰਬਾਨੀ ਕਰਨ ਵਾਲਿਆਂ ਨੂੰ ਇਕ ਹੋਰ ਲਾਭ ਪੁਜਾ ਹੈ। ਉਹ ਇਹ ਕਿ ਜਦ ਸਵਰਗੀ ਪੰਡਤ ਜਵਾਹਰ ਲਾਲ ਨਹਿਰੂ ਦੇ ਸਮੇਂ ਸੁਤੰਤ੍ਰਤਾ ਸੰਗਰਾਮੀਆਂ ਨੂੰ ਮਾਇਕ ਸਹਾਇਤਾ ਜਾਂ ਪਿਨਸ਼ਨਾਂ ਦੇਣ ਦੀ ਵਿਚਾਰ ਕੀਤੀ ਗਈ, ਉਸ ਵਕਤ ਸ: ਪ੍ਰਤਾਪ ਸਿੰਘ ਕੈਰੋਂ ਨੇ ਕਿਹਾ ਕਿ ਗੁਰੂ ਕੇ ਬਾਗ ਤੇ ਜੈਤੋ ਦੇ ਮੋਰਚਿਆਂ ਨੂੰ ਵੀ ਕੌਮੀ ਮੁਕਤੀ ਲਹਿਰ ਦਾ ਅੰਗ ਮੰਨ ਲਿਆ ਜਾਵੇ। ਕਿਉਂਕਿ ਗੁਰੂ ਕੇ ਬਾਗ ਤੇ ਜੈਤੋ ਵਿਚ ਕਾਂਗਰਸ ਤੇ ਆਪ ਨੇ ਮਦਦ ਕੀਤੀ ਹੈ। ਅਕਾਲੀ ਵੀ ਦੇਸ਼ ਦੀ ਆਜ਼ਾਦੀ ਦੇ ਮੋਰਚਿਆਂ ਵਿਚ ਹਿਸਾ ਲੈਂਦੇ ਰਹੇ ਹਨ। ਸਰਦਾਰ ਕੈਰੋਂ ਦੀ ਇਹ ਗੱਲ ਮੰਨੀ ਗਈ। ਕੇਂਦਰੀ ਸਰਕਾਰ ਨੇ ਨੈਸ਼ਨਲ ਫੰਡ ਤੇ ਸੂਬਕ ਸ੍ਰਕਾਰ ਵਲੋਂ ਜਿਥੇ ਸੁਤੰਤ੍ਰਤਾ ਸੰਗਰਾਮੀਆਂ ਨੂੰ ਪਿਨਸ਼ਨਾਂ ਦਿਤੀਆਂ ਗਈਆਂ, ਉਥੇ ਗੁਰੂ ਕੇ ਬਾਗ ਤੇ ਜੈਤੋ ਦੇ ਮੋਰਚੇ ਵਿਚ ਜਾਣ ਵਾਲੇ ਅਕਾਲੀਆਂ ਨੂੰ ਵੀ ਦਿਤੀਆਂ ਗਈਆਂ। ਉਨਾਂ ਨੂੰ ਪਿਨਸ਼ਨਾਂ ਪ੍ਰਾਪਤ ਕਰਨ ਲਈ ਮੇਰੀ ਪਹਿਲੀ ਪੁਸਤਕ "ਅਕਾਲੀ ਲਹਿਰ ਦਾ ਇਤਿਹਾਸ" ਨੇ ਕਾਫੀ ਸਹਾਇਤਾ ਦਿਤੀ। ਇਸ ਦੇ

Digitized by Panjab Digital Library | www.panjabdigilib.org

ਬਾਅਦ ਮੈਨੂੰ ਜਿੰਨਾਂ ਲੀਡਰਾਂ ਨੇ ਉਸ ਲਹਿਰ ਨੂੰ ਜਨਮ ਦਿਤਾ, ਉਸ ਵਿਚ ਕੁਰਬਾਨੀਆਂ ਕੀਤੀਆਂ ਤੇ ਸਫਲਤਾ ਪ੍ਰਾਪਤ ਕੀਤੀ, ਜਿਹੜੇ ਨੇਤਾ ਉਸ ਲਹਿਰ ਵਿਚ ਉਪਜੇ ਤੇ ਬਾਅਦ ਵਿਚ ਉਨਾਂ ਨੇ ਵਡੀਆਂ ਪਦਵੀਆਂ ਉਤੇ ਸੇਵਾ ਕੀਤੀ, ਉਨਾਂ ਦੇ ਜੀਵਨ ਲਿਖਣ ਦਾ ਖਿਆਲ ਆਇਆ । ਮੈਨੂੰ ਬਹੁਤ ਪ੍ਰਸੰਨਤਾ ਹੈ ਕਿ ਅਕਾਲੀ ਲਹਿਰ ਦੇ ਇਤਿਹਾਸ ਦੀ ਦੂਜੀ ਐਡੀਸ਼ਨ ਸ਼ਰੋਮਣੀ ਕਮੇਟੀ ਨੇ ਹੁਣੇ ਹੀ ਪ੍ਰਕਾਸ਼ਤ ਕੀਤੀ ਹੈ। ਉਸਦੇ ਨਾਲ ਹੀ ਮਹਾਨ ਅਕਾਲੀ ਲਹਿਰ ਦੇ ੩੯ ਆਗੂਆਂ ਦੇ ਜੀਵਨ ਦੂਜੀ ਪੁਸਤਕ ਦੇ ਰੂਪ ਵਿਚ ਪੇਸ਼ ਕਰ ਰਿਹਾ ਹਾਂ।

ਮੈਂ ਆਪ ੧੯ ਸਾਲ ਸ਼ਰੋਮਣੀ ਕਮੇਟੀ ਦੀ ਪ੍ਰਚਾਰ ਬ੍ਰਾਂਚ ਵਿਚ ਤੇ ਏਨਾ ਹੀ ਸਮਾਂ ਸ੍ਰੀ ਅਕਾਲ ਤਖਤ ਤੇ ਕੇਸ ਗੜ੍ਹ ਦੀ ਸੇਵਾ ਵਿਚ ਰਹਿਣ ਕਰਕੇ ਉਸ ਲਹਿਰ ਵਿਚੋਂ ਲੰਘਿਆਂ ਹਾਂ । ਮੇਰੇ ਪੂਜ ਪਿਤਾ ਭਾਈ ਮਖ਼ਨ ਸਿੰਘ ਗੁਰੂ ਕੇ ਬਾਗ ਦੇ ਮੋਰਚੇ ਵਿਚ ਕੈਦ ਹੋਏ । ਮੈਂ ਆਪ ਜੈਤੇ ਦੇ ਮੋਰਚੇ ਸਮੇਂ ਡੇਢ ਸਾਲ ਮੁਲਤਾਨ ਸੰਟ੍ਰਲ ਜੇਲ੍ਹ ਵਿਚ ਕੈਦ ਰਿਹਾ ਹਾਂ। ਸਾਰੇ ਆਗੂਆਂ ਨਾਲ ਮੇਰਾ ਨਿਜੀ ਵਾਹ ਪਿਆ ਹੈ। ਅਕਾਲੀ ਲਹਿਰ ਦਾ ਕੁਝ ਰੀਕਾਰਡ ਵੀ ਸੰਭਾਲ ਕੈ ਰਖਿਆ ਹੈ । ਜਿਸ ਵਿਚੋਂ ਕੁਝ ਰੀਕਾਰਡ ਪ੍ਰੋ: ਕ੍ਰਿਪਾਲ ਸਿੰਘ ਪੰਜਾਬੀ ਯੂਨੀਵਰ-ਸਟੀ ਪਟਿਆਲਾ ਲੈ ਗਏ ਹਨ।

ਅਕਾਲੀ ਲਹਿਰ ਵਿਚ ਹੋਰ ਵੀ ਬਹੁਤ ਸਾਰੇ ਆਗੂਆਂ ਨੇ ਕੁਰਬਾਨੀਆਂ ਕੀਤੀਆਂ ਹਨ। ਗੁਰੂ ਨੇ ਕ੍ਰਿਪਾ ਕੀਤੀ ਤਾਂ ਉਨਾਂ ਦੇ ਜੀਵਨ ਦੂਜੇ ਭਾਗ ਵਿਚ ਦਿਤੇ ਜਾਣਗੇ।

ਸੁਹਿਰਦ ਪਾਠਕਾਂ ਪਾਸ ਉਸ ਲਹਿਰ ਦੇ ਨੇਤਾਵਾਂ ਬਾਰੇ ਕੋਈ ਮਸਾਲਾ ਹੋਵੇ, ਜਾਂ ਇਸ ਪੁਸਤਕ ਵਿਚ ਕੋਈ ਤਰੁਟੀ ਵੇਖਣ ਤਾਂ ਲਿਖ ਭੇਜਣ ਦੀ ਕ੍ਰਿਪਾਲਤਾ ਕਰਨ।

ਮਿਤੀ ੪ ਫਗਣ ਸੋਮਵਾਰ — ਦਾਸ–ਪ੍ਰਤਾਪ ਸਿੰਘ ਗਿਆਨੀ
ਸੰਮਤ ੨੦੩੨ ਬਿ: — ਸਾਬਕ ਜਥੇਦਾਰ ਸ੍ਰੀਅਕਾਲ ਤਖਤ ਸਾਹਿਬ
੧੬ ਫਰਵਰੀ ੧੯੭੬ — ਐਡੀਟਰ'ਗਿਆਨ ਅੰਮ੍ਰਿਤ'ਅੰਮ੍ਰਿਤਸਰ

Digitized by Panjab Digital Library | www.panjabdigilib.org

# ਜੀਵਨੀਆਂ ਦੀ ਸੂਚੀ


੧ ਪੰਥ ਦੇ ਬੇਤਾਜ ਬਾਦਸ਼ਾਹ ਸ: ਖੜਕ ਸਿੰਘ ੫
੨ ਸ: ਬ: ਮਹਿਤਾਬ ਸਿੰਘ ੨੮
੩ ਸ: ਤੇਜਾ ਸਿੰਘ ਸਮੁੰਦਰੀ ੪੨
੪ ਸ਼ਹੀਦ ਸ: ਸੇਵਾ ਸਿੰਘ ਠੀਕਰੀਵਾਲਾ ੫੭
੫ ਝਲਾਬੀਏ ਵੀਰ ੭੭
੬ ਭਾਈ ਕਰਤਾਰ ਸਿੰਘ ਝੱਬਰ ੯੬
੭ ਜਥੇਦਾਰ ਤੇਜਾ ਸਿੰਘ ਭੁਚਰ ੧੧੦
੮ ਸ: ਮੰਗਲ ਸਿੰਘ ਅਕਾਲੀ ੧੧੮
੯ ਮਾਸਟਰ ਸੁੰਦਰ ਸਿੰਘ ਲਾਇਲਪੁਰੀ ੧੨੫
੧੦ ਸ: ਦਾਨ ਸਿੰਘ ਵਛੋਆ ੧੩੧
੧੧ ਅਕਾਲੀ ਨੇਤਾ ਮਾਸਟਰ ਤਾਰਾ ਸਿੰਘ ੧੩੭
੧੨ ਜਥੇਦਾਰ ਊਧਮ ਸਿੰਘ ਨਾਗੋਕੇ ੧੪੯
੧੩ ਸ਼ਹੀਦ ਸ: ਦਰਸ਼ਨ ਸਿੰਘ ਫੇਰੂਮਾਨ ੧੬੮
੧੪ ਜਥੇਦਾਰ ਤੇਜਾ ਸਿੰਘ ਅਕਰਪੁਰੀ ੧੮੩
੧੫ ਸ: ਭਾਗ ਸਿੰਘ ਐਡਵੋਕੇਟ ੧੮੮
੧੬ ਸ: ਅਮਰ ਸਿੰਘ ਵਾਸੂ ੧੯੫
੧੭ ਜਥੇਦਾਰ ਮੋਹਨ ਸਿੰਘ ਨਾਗੋਕੇ ੨੦੩
੧੮ ਜਥੇਦਾਰ ਸੋਹਣ ਸਿੰਘ ਜਲਾਲ ਉਸਮਾ ੨੧੮
੧੯ ਮਾਸਟਰ ਮੋਤਾ ਸਿੰਘ ੨੨੯ ੨੦ ਗਿ:ਸ਼ੇਰ ਸਿੰਘ ੨੪੦
੨੧ ਸ:ਹਰੀ ਸਿੰਘ ਜਲੰਧਰੀ ੨੫੦ ੨੨ ਬਾਬੂ ਲਾਭਸਿੰਘ ੨੫੩
੨੩ ਬਾਬਾ ਈਸ਼ਰ ਸਿੰਘ ਮਰਹਾਣਾ ੨੬੩
੨੪ ਭਗਤ ਜਸਵੰਤਸਿੰਘ ੨੭੫ ੨੫ ਗਿਆਨੀ ਹੀਰਾ ਸਿੰਘ ਦਰਦ ੨੮੨
੨੬ ਸੰਤ ਹਰਨਾਮ ਸਿੰਘ ਜਿਆਣ ੨੮੮
੨੭ ਭਾਈ ਪਿਆਰਾ ਸਿੰਘ ਲੰਗੇਰੀ ਤੇ ਜਥੇਦਾਰ ਹੁਸ਼ਨਾਕ ਸਿੰਘ ੨੯੫
੨੮ ਸ: ਈਸ਼ਰ ਸਿੰਘ ਮਝੈਲ ੩੦੧ ੨੯ ਗਿ: ਗੁਰਮੁਖ ਸਿੰਘ ਮੁਸਾਫਰ ੩੦੮
੩੦ ਸ: ਮਹਿੰਦਰ ਸਿੰਘ ਸਿਧਵਾਂ ੩੧੭ ੩੧ ਸੰਤ ਪਰੇਮ ਸਿੰਘ ਕੋਕਰੀ ੩੨੪
੩੨ ਜਥੇਦਾਰ ਸੁਚਾ ਸਿੰਘ ਰੋਡੇ ਤੇ ਮੋਗਾ ੩੩੩-੪੦


Digitized by Panjab Digital Library | www.panjabdigilib.org

## ੧.

# ਪੰਥ ਦੇ ਬੇਤਾਜ ਬਾਦਸ਼ਾਹ

# ਸ: ਖੜਕ ਸਿੰਘ ਜੀ

---

ਤੇ ਵਿਰਲੇ ਸੰਸਾਰ ਵਿਚ ਦਰਸ਼ਨ ਜੋਤ ਪਤੰਗ ਮਿਲੰਦੇ(ਭਾ:ਗੁ:)

ਗੁਰਦਵਾਰਾ ਸੁਧਾਰ ਲਹਿਰ ਦੇ ਮੋਢੀ, ਕੁਰਬਾਨੀ ਦੇ ਪੁੰਜ, ਆਜ਼ਾਦੀ ਦੇ ਘੋਲ ਵਿਚ ਸ਼ਾਨਦਾਰ ਕੁਰਬਾਨੀ ਕਰਨ ਵਾਲੇ ਨੇਤਾ ਸ੍ਰ: ਖੜਕ ਸਿੰਘ ਜੀ ਸਿਆਲ ਕੋਟ ਹੋਏ ਹਨ । ਉਹ ਸਿੱਖੀ ਸਿਦਕ ਦ੍ਰਿੜਤਾ, ਨਿਸ਼ਕਾਮ ਸੇਵਾ, ਜੀਵਨ ਦੀ ਸਾਦਗੀ, ਤਪ ਤਿਆਗ ਤੇ ਚੜ੍ਹਦੀ ਕਲਾ ਦੇ ਮਾਲਕ ਸਨ । ਆਪ ਨੂੰ ਉਸ ਲਹਿਰ ਵਿਚ ਪੰਥ ਦਾ ਬੇਤਾਜ ਬਾਦਸ਼ਾਹ ਹੋਣ ਦੀ ਪਦਵੀ ਦਿਤੀ ਗਈ । ਸਿਖ ਪੰਥ ਤੇ ਭਾਰਤ ਦੀ ਜਨਤਾ ਵਿਚ ਏਨਾ ਮਾਣ ਸਤਕਾਰ ਕਿਸੇ ਹੋਰ ਸਿਖ ਆਗੂ ਨੂੰ ਪ੍ਰਾਪਤ ਨਹੀਂ ਹੋਇਆ ।

ਆਪ ਬੜੇ ਸੂਰਬੀਰ ਤੇ ਬਚਨ ਦੇ ਬਲੀ ਸਨ । ਜੋ ਬਚਨ ਕੀਤਾ ਹੈ, ਉਸਨੂੰ ਨਿਬਾਹ ਦਿਤਾ ਹੈ। ਉਸ ਲਹਿਰ ਦੀ ਸਫਲਤਾ ਵਿਚ ਆਪਦਾ ਭਾਰੀ ਹਿੱਸਾ ਹੈ ।

### ਆਰੰਭਕ ਜੀਵਨ—

ਸ੍ਰਦਾਰ ਖੜਕ ਸਿੰਘ ਜੀ ਦਾ ਜਨਮ ੬ ਜੂਨ ਸਨ ੧੮੬੭ ਈ: ਨੂੰ ਸਿਆਲ ਕੋਟ ਵਿਚ ਰਾਇ ਬਹਾਦਰ ਹਰੀ ਸਿੰਘ ਆਹਲੂ-



Digitized by Panjab Digital Library | www.panjabdigilib.org

ਵਾਲੀਆ ਦੇ ਘਰ ਹੋਇਆ। ਆਪਦੇ ਪਿਤਾ ਸ੍ਰਕਾਰੀ ਮੁਲਾਜ਼ਮਤ ਵਿਚ ਸਨ। ਚੰਗੇ ਧਨ ਪਦਾਰਥ ਦੇ ਮਾਲਕ ਸਨ।* ਸ੍ਰਦਾਰ ਖੜਕ ਸਿੰਘ ਦੇ ਦੂਜੇ ਭਰਾ ਸ: ਸ਼ੇਰ ਸਿੰਘ ਸਨ।

ਸ੍ਰਦਾਰ ਜੀ ਦੀ ਆਰੰਭਕ ਤਾਲੀਮ ਸਕਾਟ ਮਿਸ਼ਨ ਸਕੂਲ ਸਿਆਲ ਕੋਟ ਵਿਚ ਹੋਈ। ਦਸਵੀਂ ਜਮਾਤ ਪਾਸ ਕਰਨ ਦੇ ਬਾਅਦ ਆਪ ਗੌਰਮਿੰਟ ਕਾਲਜ ਲਾਹੌਰ ਵਿਚ ਦਾਖਲ ਹੋ ਗਏ। ਉਥੇ ਆਪਨੇ ਬੀ. ਏ. ਪਾਸ ਕੀਤੀ। ਆਪ ੧੮੯੯ ਦੇ ਪਿਛੋਂ ਐਲ. ਐਲ. ਬੀ. ਕਰਨਾ ਚਾਹੁੰਦੇ ਸਨ। ਪਰ ਉਸ ਵਕਤ ਪੰਜਾਬ ਵਿਚ ਕੋਈ ਲਾਕਾਲਜ ਨਹੀਂ ਸੀ।ਇਸ ਲਈ ਆਪਨੂੰ ਅਲਾਹਾਬਾਦ ਜਾਣਾ ਪਿਆ। ਉਥੇ ਲਾਅ ਦੀ ਸਟੱਡੀ ਕਰ ਰਹੇ ਸਨ ਕਿ ਪਿਤਾ ਦਾ ਦੇਹਾਂਤ ਹੋ ਗਿਆ। ਵਾਪਸ ਸਿਆਲਕੋਟ ਆ ਗਏ। ਪ੍ਰਵਾਰ ਤੇ ਜਾਇਦਾਦ ਦੀ ਸੰਭਾਲ ਕਰਨ ਲਗ ਪਏ।

ਸ੍ਰਦਾਰ ਜੀ ਦੀ ਸ਼ਾਦੀ ਡਸਕੇ ਦੇ ਲਾਗੇ ਜਾਮਕੇ ਚੀਮੇ ਵਿਚ ਚੰਗੇ ਸਰਦਾਰਾਂ ਦੀ ਸਪੁਤਰੀ ਨਾਲ ਹੋਈ। ਕਾਲਜ ਦੀ ਉੱਚੀ ਵਿਦਿਆ ਪ੍ਰਾਪਤ ਕਰਨ ਦੇ ਬਾਅਦ ਆਪ ਕੁਝ ਚਿਰ ਫੈਜ਼ਾਬਾਦ (ਯੂ: ਪੀ.) ਤੇ ਸਿਆਲ ਕੋਟ ਮਿਉਂਸਪਲ ਕਮੇਟੀ ਦੇ ਸਕਤਰ ਵੀ ਰਹੇ। ਆਪ ਬੜੇ ਸੁਤੰਤ੍ਰ ਵਿਚਾਰਾਂ ਦੇ, ਰਈਸ ਖਾਨਦਾਨ ਅਤੇ ਅਣ-ਖੀਲੀ ਤਬੀਅਤ ਦੇ ਸਨ। ਉਸ ਵਕਤ ਮਿਉਂਸਪਲ ਕਮੇਟੀਆਂ ਦੇ ਪ੍ਰਧਾਨ ਅੰਗਰੇਜ਼ ਡੀ. ਸੀ. ਹੁੰਦੇ ਸਨ। ਉਹ ਚਾਹੁੰਦੇ ਸਨ ਕਿ ਸਰਦਾਰ ਜੀ ਉਨਾਂ ਨੂੰ ਝੁਕਕੇ ਸਲਾਮ ਕਰਨ। ਦਫਤਰ ਦੇ ਕਾਗਜ਼ ਪਤਰ ਖੜੇ ਹੋ ਕੇ ਪੇਸ਼ ਕਰਨ। ਪਰ ਆਪਨੇ ਉਨਾਂ ਦੀ

---

*ਪ੍ਰਸਿਧ ਇਤਿਹਾਸਕਾਰ ਗਿ: ਗਿਆਨ ਸਿੰਘ ਨੇ ਲਿਖਿਆ ਕਿ ਤ੍ਵਾਰੀਖ ਗੁਰੂ ਖਾਲਸਾ ਦੀ ਪੱਥਰ ਵਾਲੇ ਛਾਪੇ ਦੀ ਐਡੀਸ਼ਨ ਰਾਇ ਬਹਾਦਰ ਹਰੀ ਸਿੰਘ ਤੇ ਸ: ਬੂਟਾ ਸਿੰਘ ਰਾਵਲਪਿੰਡੀ ਨੇ ਪ੍ਰਕਾਸ਼ਤ ਕਰਵਾਈ।



Digitized by Panjab Digital Library | www.panjabdigilib.org

ਗੱਲ ਨਹੀਂ ਮੰਨੀ। ਇਸ ਲਈ ਨੌਕਰੀ ਛੱਡ ਦਿਤੀ। ਆਪਨੂੰ ਧਨ ਪਦਾਰਥ ਤੇ ਸੰਸਾਰਕ ਸੁਖ ਪ੍ਰਾਪਤ ਸਨ । ਸ਼ਾਹੀ ਠਾਠ ਹੋਣ ਦੇ ਬਾਵਜੂਦ ਗੁਰੂ ਸਿੱਖੀ ਦੇ ਪ੍ਰੇਮੀ, ਪਵਿਤਰ ਜੀਵਨ ਵਾਲੇ ਆਦਰਸ਼ ਗ੍ਰਿਹਸਤੀ ਸਨ। ਉਸ ਵਕਤ ਪੰਜਾਬ ਵਿਚ ਸਿੰਘ ਸਭਾ ਲਹਿਰ ਚਲ ਰਹੀ ਸੀ। ਆਪ ਨੇ ਉਸ ਵਿਚ ਵੱਧ ਚੜ੍ਹ ਕੇ ਹਿੱਸਾ ਲੈਣਾ ਸ਼ੁਰੂ ਕਰ ਦਿਤਾ।

ਸਨ ੧੯੧੬ ਵਿਚ ਸਿਖ ਐਜੂਕੇਸ਼ਨਲ ਕਾਨਫਰੰਸ ਤਰਨ ਤਾਰਨ ਦਾ ਆਪਨੂੰ ਪ੍ਰਧਾਨ ਚੁਣਿਆ ਗਿਆ।

੧੩ ਅਪ੍ਰੈਲ ੧੯੧੯ ਨੂੰ ਜਲਿਆਂ ਵਾਲਾ ਬਾਗ ਅੰਮ੍ਰਿਤਸਰ ਦਾ ਸਾਕਾ ਤੇ ਪੰਜਾਬ ਵਿਚ ਮਾਰਸ਼ਲ ਲਾ ਹੋਇਆ। ਜਿਸਨੇ ਸਾਰੇ ਦੇਸ਼ ਵਿਚ ਆਜ਼ਾਦੀ ਦੀ ਲਹਿਰ ਬਹੁਤ ਤਿੱਖੀ ਕਰ ਦਿਤੀ। ਦਿਸੰਬਰ ੧੯੧੯ ਵਿਚ ਇੰਡੀਅਨ ਨੈਸ਼ਨਲ ਕਾਂਗਰਸ ਦਾ ਇਜਲਾਸ ਪੰਡਤ ਮੋਤੀ ਲਾਲ ਨਹਿਰੂ ਦੀ ਪ੍ਰਧਾਨਗੀ ਹੇਠ ਅੰਮ੍ਰਿਤਸਰ ਵਿਚ ਹੋਇਆ। ਜਿਸ ਵਿਚ ਮਹਾਤਮਾ ਗਾਂਧੀ ਤੇ ਲੋਕ ਮਾਨੀਯ ਤਿਲਕ ਸ਼ਾਮਲ ਹੋਏ। ਉਸਦਾ ਅਸਰ ਵੀ ਪੰਜਾਬ ਦੇ ਸਿਖਾਂ ਪਰ ਪਿਆ। ਇਸਦੇ ਨਾਲ ਹੀ ਗੁਰਦਵਾਰਾ ਸੁਧਾਰ ਅਰਥਾਤ ਅਕਾਲੀ ਲਹਿਰ ਸ਼ੁਰੂ ਹੋ ਗਈ।

## ਕੁਰਬਾਨੀ ਦੇ ਮੈਦਾਨ ਵਿਚ—

ਸ੍ਰਦਾਰ ਖੜਕ ਸਿੰਘ ਜੀ ੧੯੨੦ ਵਿਚ ਗੁਰਦਵਾਰਾ ਸੁਧਾਰ ਤੇ ਆਜ਼ਾਦੀ ਦੀ ਲਹਿਰ ਵਿਚ ਸ਼ਾਮਲ ਹੋਏ। ਗੁਰਦਵਾਰਾ ਬਾਬੇ ਦੀ ਬੇਰ ਸਿਆਲਕੋਟ ਦਾ ਮਹੰਤ ਗੁਜ਼ਰ ਗਿਆ ਸੀ। ਸ੍ਰਕਾਰ ਨੇ ਉਸਦਾ ਸਰਬਰਾਹ ਇਕ ਪਤਿਤ ਗੰਡਾ ਸਿੰਹੁ ਨੂੰ ਨੀਯਤ ਕੀਤਾ। ਉਸਦੇ ਵਿਰੁਧ ਖਾਲਸਾ ਸੇਵਕ ਜਥਾ ਤੇ ਸਿੰਘ ਸਭਾ ਨੇ ਪ੍ਰੋਟੈਸਟ ਕੀਤਾ। ੪ ਅਕਤੂਬਰ ੧੯੨੦ ਨੂੰ ਸ੍ਰਕਾਰ ਨੇ ਗੰਡਾ ਸਿੰਹੁ ਦੇ



Digitized by Panjab Digital Library | www.panjabdigilib.org

ਪ੍ਰਬੰਧ ਵਿਚ ਦਖਲ ਨਾ ਦੇਣ ਦੀ ਆੜ ਵਿਚ ਗੁਰਦਵਾਰੇ ਵਿਖੇ ਦਫਾ ੧੪੪ ਲਾ ਦਿਤੀ। ਰੋਸ ਦੀ ਲਹਿਰ ਤਿੱਖੀ ਹੋ ਗਈ। ਤਰਨ ਤਾਰਨ ਦੀ ਮਸਿਆ ਵਿਚ ਸਿਆਲਕੋਟ ਦੇ ਸਿੰਘਾਂ ਨੇ ਜਾਕੇ ਖਬਰ ਦਿਤੀ। ਉਥੋਂ ਸ੍ਰ: ਅਮਰ ਸਿੰਘ ਝਬਾਲ ਸੰਟ੍ਰਲ ਮਾਝਾ ਦੀਵਾਨ ਦੇ ਸਿੰਘਾਂ ਦਾ ਇਕ ਜਥਾ ਲੈਕੇ ਗੁਰਦਵਾਰਾ ਬਾਬੇ ਦੀ ਬੇਰ ਪੁਜੇ। ਪਾਠ ਕੀਰਤਨ ਤੇ ਲੰਗਰ ਸ਼ੁਰੂ ਕਰ ਦਿਤਾ। ਸ੍ਰਕਾਰ ਨੇ ਕਮੇਟੀ ਬਨਾਣੀ ਮੰਨ ਲਈ। ਝਗੜਾ ਮੁਕ ਗਿਆ। ਉਸ ਵਕਤ ਸ: ਖੜਕ ਸਿੰਘ ਜੀ ਅਕਾਲੀ ਲਹਿਰ ਵਿਚ ਸ਼ਾਮਲ ਹੋ ਗਏ। ਉਨਾਂ ਨੇ ਇਹ ਵੀ ਐਲਾਨ ਕੀਤਾ ਕਿ ਮੈਂ ਦੇਸ਼ ਦੀ ਆਜ਼ਾਦੀ ਲਈ ਵੀ ਹਰ ਪ੍ਰਕਾਰ ਦੀ ਕੁਰਬਾਨੀ ਕਰਨ ਲਈ ਤਿਆਰ ਹਾਂ। ਇਸ ਨਾਲ ਸਿਖ ਸੰਗਤਾਂ ਵਿਚ ਬੇਹੱਦ ਖੁਸ਼ੀ ਹੋਈ।

ਕਹਿੰਦੇ ਹਨ ਕਿ ਜਿਸ ਦਿਨ ਸਰਦਾਰ ਜੀ ਨੇ ਕੁਰਬਾਨੀ ਦੇ ਮਾਰਗ ਤੇ ਚਲਣ ਦਾ ਐਲਾਨ ਕੀਤਾ, ਮਾਤਾ ਨੇ ਉਨਾਂ ਨੂੰ ਕਿਹਾ—

"ਪੁਤਰ ਜੇ ਹੁਣ ਸੁਖ ਛੱਡ ਕੇ ਕੁਰਬਾਨੀ ਦੇ ਮਾਰਗ ਪਰ ਕਦਮ ਰਖਿਆ ਈ, ਤਾਂ ਪਿਛੇ ਨਹੀਂ ਹਟਣਾ।"

ਸਰਦਾਰ ਜੀ ਨੇ ਆਪਣੀ ਮਾਤਾ ਦੇ ਇਸ ਬਚਨ ਦੀ ਪਾਲਨਾ ਕੀਤੀ।

੧੨ ਅਕਤੂਬਰ ੧੯੨੦ ਨੂੰ ਜਲਿਆਂ ਵਾਲਾ ਬਾਗ ਅੰਮ੍ਰਿਤਸਰ ਵਿਚ ਭਾਈ ਮਹਿਤਾਬ ਸਿੰਘ ਬੀਰ ਦੀ ਅਗਵਾਈ ਹੇਠ ਪਛੜੀਆਂ ਸ਼ਰੇਣੀਆਂ ਦਾ ਦੀਵਾਨ ਹੋਇਆ। ਉਸ ਵਿਚ ਸ੍ਰੀ ਦਰਬਾਰ ਸਾਹਿਬ ਵਿਖੇ ਕੜਾਹ ਪ੍ਰਸ਼ਾਦ ਚੜ੍ਹਾਉਣ ਦਾ ਫੈਸਲਾ ਕੀਤਾ ਗਿਆ। ਇਕ ਜਥਾ ਪ੍ਰਸ਼ਾਦ ਲੈਕੇ ਗਿਆ। ਪੁਜਾਰੀਆਂ ਨੇ ਪ੍ਰਸ਼ਾਦ਼ ਲੈਣ ਤੋਂ ਇਨਕਾਰ ਕੀਤਾ। ਫਿਰ ਅਰਦਾਸ ਕਰ ਦਿਤੀ। ਅਕਾਲ ਤਖਤ ਦੇ ਪੁਜਾਰੀ ਤਖਤ ਖਾਲੀ ਛਡਕੇ ਦੌੜ ਗਏ। ਇਸ ਲਈ ਗੁਰਦਵਾਰਾ ਸੁਧਾਰ ਲਹਿਰ ਬਹੁਤ ਤਿੱਖੀ ਹੋਕੇ ਹਰ ਪਾਸੇ



Digitized by Panjab Digital Library | www.panjabdigilib.org

ਫੈਲ ਗਈ। ਸ: ਖੜਕ ਸਿੰਘ ਜੀ ਉਸ ਵਿਚ ਆਗੂ ਮੰਨੇ ਗਏ।

ਉਸ ਵਕਤ ਕਾਂਗਰਸ ਨੇ ਕਲਕਤੇ ਦੇ ਇਜਲਾਸ ਵਿਚ ਗਾਂਧੀ ਜੀ ਦਾ ਸ੍ਰਕਾਰ ਨਾਲ ਨਾ ਮਿਲਵਰਤਨ ਦਾ ਮਤਾ ਪਾਸ ਕੀਤਾ। ਸੁਦੇਸ਼ੀ ਦੀ ਵਰਤੋਂ ਵਿਦੇਸ਼ੀ ਚੀਜ਼ਾਂ ਦਾ ਬਾਈਕਾਟ, ਅਦਾਲਤਾਂ ਤੇ ਸਕੂਲਾਂ ਕਾਲਜਾਂ ਦਾ ਤਿਆਗ ਤੇ ਸਿਵਲ ਨਾ-ਫੁਰਮਾਨੀ ਪ੍ਰੋਗਰਾਮ 'ਚ ਸ਼ਾਮਲ ਸਨ। ਸੰਟ੍ਰਲ ਸਿੱਖ ਲੀਗ ਦੇ ਮੋਢੀ ਸ੍ਰ: ਬਹਾਦਰ ਗਜਨ ਸਿੰਘ ਲੁਧਿਆਣਾ ਸਨ। ਪਰ ਉਹ ਅੰਗਰੇਜ਼ ਪ੍ਰਸਤ ਸਨ। ਜਿਸ ਵਕਤ ਆਜ਼ਾਦੀ ਦੀ ਲਹਿਰ ਤਿੱਖੀ ਹੋ ਗਈ ਸ੍ਰ:ਖੜਕ ਸਿੰਘ ਸਿਖ ਲੀਗ ਦੇ ਪ੍ਰਧਾਨ ਚੁਣੇ ਗਏ। ੨੦ ਅਕਤੂਬਰ ੧੯੨੦ ਨੂੰ ਸੰਟ੍ਰਲ ਸਿੱਖ ਲੀਗ ਦਾ ਇਜਲਾਸ ਲਾਹੌਰ ਵਿਚ ਹੋਇਆ, ਜਿਸਦੇ ਸਕੱਤ੍ਰ ਸ: ਸੰਤ ਸਿੰਘ ਲਾਇਲਪੁਰੀ ਸਨ। ਇਸ ਇਜਲਾਸ ਵਿਚ ਮਹਾਤਮਾ ਗਾਂਧੀ, ਅਲੀ ਬ੍ਰਾਦਰਜ਼ (ਮੁਹੰਮਦ ਅਲੀ ਸ਼ੌਕਤ ਅਲੀ) ਤੇ ਡਾਕਟਰ ਕਿਚਲੂ ਆਦਿਕ ਸ਼ਾਮਲ ਹੋਏ। ਇਸ ਇਜਲਾਸ ਵਿਚ ਸ੍ਰਕਾਰ ਅੰਗਰੇਜ਼ੀ ਨਾਲ ਨਾ-ਮਿਲਵਰਤਨ ਦਾ ਮਤਾ ਪਾਸ ਕੀਤਾ ਗਿਆ। ਸ. ਹਰਿਚੰਦ ਸਿੰਘ ਲਾਇਲਪੁਰ, ਸ੍ਰ: ਸਰਦੂਲ ਸਿੰਘ ਕਵੀਸ਼ਰ, ਝਬਾਲੀਏ ਵੀਰ, ਮਾਸਟਰ ਸੁੰਦਰ ਲਾਇਲਪੁਰੀ, ਸ: ਮੰਗਲ ਸਿੰਘ, ਗਿ: ਹੀਰਾ ਸਿੰਘ ਦਰਦ ਅਗੇ ਆ ਗਏ। ਇੰਨਾਂ ਨੇ ਪੁਰਾਣੀ ਮਾਡਰੇਟ ਲੀਡਰਸ਼ਿਪ ਨੂੰ ਬਦਲਕੇ ਰੱਖ ਦਿਤਾ। ਸ: ਖੜਕ ਸਿੰਘ ਜੀ ਅਗਾਹਾਂ ਵਧੂ, ਖਾਲਸਾ ਪੰਥ ਤੇ ਦੇਸ਼ ਦੀ ਆਜ਼ਾਦੀ ਲਈ ਕੁਰਬਾਨੀ ਕਰਨ ਵਾਲਿਆਂ ਦੇ ਮੁਰੈਲੀ ਸਨ।

ਸ੍ਰੀ ਦਰਬਾਰ ਸਾਹਿਬ ਤੇ ਅਕਾਲ ਤਖਤ ਦੀ ਘਟਨਾ ਦੇ ਬਾਅਦ ਲਹਿਰ ਤੇਜ਼ ਹੁੰਦੀ ਵੇਖਕੇ ਸ੍ਰਕਾਰ ਨੇ ਗੁਰਦਵਾਰਿਆਂ ਦੇ ਪ੍ਰਬੰਧ ਲਈ ੩੬ ਮੈਂਬਰਾਂ ਦੀ ਇਕ ਕਮੇਟੀ ਬਣਾਈ। ਜਿਸ ਦਾ ਪ੍ਰਧਾਨ ਸ੍ਰਦਾਰ ਖੜਕ ਸਿੰਘ ਜੀ ਨੂੰ ਬਣਾਇਆ ਗਿਆ।
ਡੀ. ਸੀ. ਅੰਮ੍ਰਿਤਸਰ ਨੇ ਸ: ਸੁੰਦਰ ਸਿੰਘ ਰਾਮਗੜੀਆ ਨੂੰ ਸ੍ਰੀ



Digitized by Panjab Digital Library | www.panjabdigilib.org

ਦਰਬਾਰ ਸਾਹਿਬ ਦਾ ਸਰਬਰਾਹ ਨੀਯਤ ਕਰ ਦਿਤਾ। ਪਰ ਇਸ ਨਾਲ ਸਿੱਖ ਸੰਗਤਾਂ ਦੀ ਤਸੱਲੀ ਨਾ ਹੋਈ। ਜ. ਤੇਜਾ ਸਿੰਘ ਭੁਚਰ ਅਕਾਲ ਤਖਤ ਵਲੋਂ ਇਕ ਆਰਡਰ ਜਾਰੀ ਕਰਨ ਪਰ ਗੁਰਦੁਆਰਾ ਪ੍ਰਬੰਧ ਲਈ ੧੫ ਨਵੰਬਰ ੧੯੨੦ ਨੂੰ ਸ੍ਰੀ ਅਕਾਲ ਤਖਤ ਸਾਹਿਬ ਪਰ ਸਿੰਘ ਸਭਾਵਾਂ, ਪੰਥਕ ਜਥਿਆਂ ਤੇ ਵਿਦਿਅਕ ਸੰਸਥਾਵਾਂ ਦੇ ਪ੍ਰਤੀਨਿਧਾਂ ਦਾ ਇਕ ਇਕੱਠ ਹੋਇਆ, ਜਿਸ ਵਿਚ ਗੁਰਦੁਆਰਿਆਂ ਦੇ ਪ੍ਰਬੰਧ ਤੇ ਸੁਧਾਰ ਲਹਿਰ ਨੂੰ ਜਥੇਬੰਦ ਤੌਰ ਤੇ ਚਲਾਉਣ ਲਈ ੧੭੫ ਮੈਂਬਰਾਂ ਦੀ ਇਕ ਕਮੇਟੀ ਬਣਾਈ ਗਈ, ਜਿਸ ਦਾ ਨਾਮ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਰਖਿਆ ਗਿਆ। ਉਸਦੇ ਪ੍ਰਧਾਨ ਸ. ਖੜਕ ਸਿੰਘ ਜੀ ਚੁਣੇ ਗਏ।

੨੦ ਫਰਵਰੀ ੧੯੨੧ ਨੂੰ ਸ੍ਰੀ ਨਨਕਾਣੇ ਸਾਹਿਬ ਦਾ ਸਾਕਾ ਹੋਇਆ। ਇਸ ਨਾਲ ਸਾਰੇ ਸਿੱਖ ਪੰਥ ਵਿਚ ਜੋਸ਼ ਤੇ ਕੁਰਬਾਨੀ ਦੀ ਲਹਿਰ ਪੈਦਾ ਹੋ ਗਈ। ਉਸ ਵਕਤ ਸਰਦਾਰ ਖੜਕ ਸਿੰਘ ਜੀ ਨੂੰ ਸ੍ਰਕਾਰ ਨੇ ਗ੍ਰਿਫਤਾਰ ਕਰ ਲਿਆ। ਸ. ਬ: ਮਹਿਤਾਬ ਸਿੰਘ ਪੰਜਾਬ ਕੌਂਸਲ ਦੀ ਡਿਪਟੀ ਪ੍ਰੈਜੀਡੰਟੀ ਛਡਕੇ ਗੁਰਦਵਾਰਾ ਸੁਧਾਰ ਲਹਿਰ ਵਿਚ ਸ਼ਾਮਲ ਹੋ ਗਏ।

### ਚਾਬੀਆਂ ਦਾ ਮੋਰਚਾ—

੭ ਨਵੰਬਰ ੧੯੨੧ ਨੂੰ ਅੰਮ੍ਰਿਤਸਰ ਦੇ ਡੀ. ਸੀ, ਨੇ ਲਾਲਾ ਅਮਰ ਨਾਥ ਮਜਿਸਟਰੇਟ ਨੂੰ ਭੇਜਕੇ ਸ. ਸੁੰਦਰ ਸਿੰਘ ਰਾਮਗੜੀਆ ਸਰਬਰਾਹ ਦਰਬਾਰ ਸਾਹਿਬ ਪਾਸੋਂ ਚਾਬੀਆਂ ਲੈ ਲੀਤੀਆਂ। ਸ਼੍ਰੋਮਣੀ ਕਮੇਟੀ ਨੇ ਇਕ ਮਤਾ ਪਾਸ ਕੀਤਾ ਸੀ ਕਿ ਸ੍ਰੀ ਦਰਬਾਰ ਸਾਹਿਬ ਦੀਆਂ ਚਾਬੀਆਂ ਤੇ ਖਜ਼ਾਨੇ ਦਾ ਕੰਟਰੋਲ ਸ: ਖੜਕ ਸਿੰਘ ਪ੍ਰਧਾਨ ਸ਼੍ਰੋਮਣੀ ਕਮੇਟੀ ਕੋਲ ਹੋਣਾ ਚਾਹੀਦਾ ਹੈ। ਸ੍ਰਕਾਰ ਅੰਗਰੇਜ਼ੀ ਨੇ ਇਹ ਬਹਾਨਾ ਘੜਿਆ ਕਿ ਸ਼੍ਰੋਮਣੀ ਕਮੇਟੀ ਕਾਨੂੰਨੀ ਤੌਰ ਤੇ ਜਾਇਜ਼ ਨਹੀਂ ਹੈ।



Digitized by Panjab Digital Library | www.panjabdigilib.org

ਸ੍ਰਕਾਰ ਦੇ ਚਾਬੀਆਂ ਲੈਣ ਵਿਰੁਧ ਜਬਰਦਸਤ ਅੰਦੋਲਨ ਹੋਇਆ। ੧੭ ਜਨਵਰੀ ੧੯੨੨ ਨੂੰ ਜ਼ੇਰ ਦਫ਼ਾ ੧੪੩ ਸ: ਖੜਕ ਸਿੰਘ, ਸ: ਮਹਿਤਾਬ ਸਿੰਘ ਤੇ ਹੋਰ ਕਈ ਆਗੂਆਂ ਤੇ ਵਰਕਰਾਂ ਨੂੰ ਗ੍ਰਿਫਤਾਰ ਕੀਤਾ ਗਿਆ। ਲਹਿਰ ਹੋਰ ਤਿੱਖੀ ਹੋ ਗਈ। ਸਰਦਾਰ ਖੜਕ ਸਿੰਘ ਜੀ ਨੂੰ ਮਿਸਟਰ ਕਾਰਨਰ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ। ਉਨ੍ਹਾਂ ਨੂੰ ਫਰਦ ਜੁਰਮ ਪੜ੍ਹ ਕੇ ਸੁਣਾਇਆ ਗਿਆ। ਸ੍ਰਦਾਰ ਜੀ ਨੇ ਉਤਰ ਦਿਤਾ—'ਤੁਸੀਂ ਸ੍ਰਕਾਰ ਅੰਗਰੇਜ਼ੀ ਦੇ ਮੁਲਾਜ਼ਮ ਹੋ। ਮੇਰੀ ਪੋਜ਼ੀਸ਼ਨ ਸਿਖ ਪੰਥ ਦੇ ਪ੍ਰਧਾਨ ਦੀ ਹੈਸੀਅਤ ਵਿਚ ਅਮਰੀਕਾ, ਫਰਾਂਸ ਤੇ ਜਰਮਨੀ ਦੇ ਪ੍ਰਧਾਨ ਵਰਗੀ ਹੈ। ਇਸ ਅਦਾਲਤ ਨੂੰ ਮੇਰਾ ਮੁਕਦਮਾ ਸੁਣਨ ਦਾ ਅਧਿਕਾਰ ਨਹੀਂ ਹੈ।"

ਮਜਿਸਟਰੇਟ ਨੇ ਸ੍ਰ: ਖੜਕ ਸਿੰਘ ਤੇ ਸ:ਬਾ: ਮਹਿਤਾਬ ਸਿੰਘ ਨੂੰ ਛੇ ਮਹੀਨੇ ਕੈਦ ਤੇ ੧੦੦੦) ਰੁਪਏ ਜੁਰਮਾਨੇ ਦੀ ਸਜ਼ਾ ਦਿਤੀ। ਚਾਬੀਆਂ ਦਾ ਮੋਰਚਾ ਤੇਜ਼ ਹੁੰਦਾ ਗਿਆ। ਸੈਂਕੜੇ ਸਿੰਘ ਗ੍ਰਿਫਤਾਰ ਕੀਤੇ ਗਏ। ਅਖੀਰ ਸ੍ਰਕਾਰ ਨੇ ਆਪਣੀ ਗ਼ਲਤੀ ਮੰਨ ਕੇ ਸਾਰੇ ਲੀਡਰ ਰਿਹਾ ਕਰ ਦਿਤੇ। ੧੯ ਜਨਵਰੀ ੧੯੨੨ ਨੂੰ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਆਪਣੇ ਇਕ ਆਦਮੀ ਨੂੰ ਚਾਬੀਆਂ ਦੇ ਕੇ ਭੇਜਿਆ। ਉਸ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਹਮਣੇ ਸ: ਖੜਕ ਸਿੰਘ ਪ੍ਰਧਾਨ ਸ਼ਰੋਮਣੀ ਕਮੇਟੀ ਦੀ ਸੇਵਾ ਵਿਚ ਚਾਬੀਆਂ ਪੇਸ਼ ਕੀਤੀਆਂ। ਆਪ ਨੇ ਸੰਗਤ ਨੂੰ ਪੁਛਿਆ—'ਦਾਸ ਨੂੰ ਇਹ ਚਾਬੀਆਂ ਲੈਣ ਦੀ ਆਗਿਆ ਹੈ? ਸੰਗਤ ਨੇ ਪ੍ਰਵਾਨਗੀ ਦਿਤੀ। ਸਰਦਾਰ ਜੀ ਨੇ ਚਾਬੀਆਂ ਲਈਆਂ। ਇਸ ਤਰ੍ਹਾਂ ਚਾਬੀਆਂ ਦਾ ਮੋਰਚਾ ਬੜੀ ਸ਼ਾਨ ਨਾਲ ਸਫਲ ਹੋਇਆ। ਇਸ ਪਰ ਗਾਂਧੀ ਜੀ ਨੇ ਸ: ਖੜਕ ਸਿੰਘ ਨੂੰ ਵਧਾਈ ਦਿੰਦੇ ਹੋਏ ਲਿਖਿਆ—'ਇਹ ਦੇਸ਼ ਦੀ ਆਜ਼ਾਦੀ ਦੀ ਪਹਿਲੀ ਫੈਸਲਾ ਕੁਨ ਜੰਗ ਵਿਚ ਸਫਲਤਾ ਹੋਈ ਹੈ।



Digitized by Panjab Digital Library | www.panjabdigilib.org

**ਕਾਂਗਰਸ ਦੇ ਪ੍ਰਧਾਨ–**

੧੯੨੦ ਵਿਚ ਜਦ ਕਾਂਗਰਸ ਦੀ ਲਹਿਰ ਤਿਖੀ ਹੋਈ, ਉਸ ਵਕਤ ਪੰਜਾਬ ਕਾਂਗਰਸ ਦੇ ਪ੍ਰਧਾਨ ਲਾਲਾ ਲਾਜਪਤ ਰਾਇ ਸਨ। ਉਨਾਂ ਦੇ ਬਾਅਦ ਆਗ਼ਾ ਮੁਹੰਮਦ ਸਫਦਰ ਪ੍ਰਧਾਨ ਬਣੇ।

੧੯੨੨ ਵਿਚ ਸ: ਖੜਕ ਸ਼ਿੰਘ ਜੀ ਇਤਨੇ ਪ੍ਰਭਾਵ ਸ਼ਾਲੀ ਲੀਡਰ ਸਨ ਕਿ ਸ਼ਰੋਮਣੀ ਕਮੇਟੀ, ਅਕਾਲੀ ਦਲ ਤੇ ਸੰਟ੍ਰਲ ਸਿਖ ਲੀਗ ਦੇ ਪ੍ਰਧਾਨ ਬਣਨ ਦੇ ਨਾਲ ਪੰਜਾਬ ਕਾਂਗਰਸ ਦੇ ਪ੍ਰਧਾਨ ਵੀ ਚੁਣੇ ਗਏ। ਉਹ ਸਿਖੀ ਸਿਦਕ ਤੇ ਦੇਸ਼ ਪਿਆਰ ਦਾ ਸੰਗਮ ਸਨ। ਸਾਰੇ ਦੇਸ਼ ਵਿਚ ਉਨਾਂ ਦਾ ਮਾਣ ਸਤਕਾਰ ਹੋਇਆ।

**ਕ੍ਰਿਪਾਨਾਂ ਦਾ ਕਾਰਖਾਨਾ–**

੧੯੨੨ ਵਿਚ ਸ੍ਰਦਾਰ ਜੀ ਨੇ ਸਿਆਲਕੋਟ ਵਿਚ ਕ੍ਰਿਪਾਨਾਂ ਦਾ ਕਾਰਖਾਨਾਂ ਜਾਰੀ ਕੀਤਾ। ਜਿਸ ਨੂੰ ਸ੍ਰਕਾਰ ਨੇ ਜ਼ਬਤ ਕਰ ਲਿਆ। ਉਸ ਨਾਲ ਆਪ ਦਾ ਬਹੁਤ ਮਾਲੀ ਨੁਕਸਾਨ ਹੋਇਆ।

**ਲੰਮੀ ਕੈਦ–**

ਸ੍ਰਕਾਰ ਨੇ ਅੰਗਰੇਜ਼ੀ ਰਾਜ ਵਿਰੁਧ ਰਾਜਸੀ ਤਕਰੀਰਾਂ ਕਰਨ ਦੇ ਦੋਸ਼ ਵਿਚ ਆਪ ਨੂੰ ਗ੍ਰਿਫਤਾਰ ਕਰ ਲਿਆ। ਜੇਰ ਦਫ਼ਾ ੧੨੧-੨੪ ਮੁਕਦਮਾ ਚਲਾ ਕੇ ਆਪ ਨੂੰ ਤਿੰਨ ਸਾਲ ਕੈਦ ਦੀ ਸਜ਼ਾ ਦਿਤੀ, ਜੋ ਜੇਹਲ ਵਿਚ ਵਧਾ ਕੇ ਪੰਜ ਸਾਲ ਕਰ ਦਿਤੀ ਗਈ।

ਅਗਸਤ ੧੯੨੧ ਵਿਚ ਜਦ ਗੁਰੂ ਕੇ ਬਾਗ਼ ਦਾ ਮੋਰਚਾ ਲਗਾ, ਉਸ ਵਕਤ ਸ. ਖੜਕ ਸਿੰਘ ਜੀ ਜੇਹਲ ਵਿਚ ਸਨ। ਸ: ਬ: ਮਹਿਤਾਬ ਸਿੰਘ ਸ਼ਰੋਮਣੀ ਕਮੇਟੀ ਦੇ ਪ੍ਰਧਾਨ ਸਨ।

ਅਕਤੂਬਰ ੧੯੨੩ ਵਿਚ ਜਦ ਮਹਾਰਾਜਾ ਨਾਭਾ ਦੇ ਅੰਦੋਲਨ ਤੇ ਜੈਤੋ ਵਿਚ ਮੋਰਚਾ ਜਾਰੀ ਕਰਨ ਦੇ ਸਿਲਸਿਲੇ ਵਿਚ ਸਕਾਰ ਨੇ ਸ਼ਰੋਮਣੀ ਕਮੇਟੀ ਤੇ ਅਕਾਲੀ ਦਲ ਨੂੰ ਕਾਨੂੰਨ ਵਿਰੁਧ ਕਰਾਰ ਦਿਤਾ, ਸ: ਬ: ਮਹਿਤਾਬ ਸਿੰਘ ਪ੍ਰਧਾਨ ਤੇ ਸ਼ਰੋਮਣੀ ਕਮੇਟੀ



Digitized by Panjab Digital Library | www.panjabdigilib.org

ਦੇ ਮੈਂਬਰਾਂ ਨੂੰ ਗ੍ਰਿਫਤਾਰ ਕਰਕੇ ਮੁਕਦਮਾ ਚਲਾਇਆ ਗਿਆ। ਦੋਹਾਂ ਮੋਰਚਿਆਂ ਵਿਚ ਸ: ਖੜਕ ਸਿੰਘ ਜੇਹਲ ਵਿਚ ਸਨ।

### ਡੇਹਰਾ ਗਾਜੀ ਖਾਂ ਜੇਹਲ ਦੀ ਤਪਸਿਆ—

ਸ: ਜੀ ਨੂੰ ਜੇਹਲ ਵਿਚ ਏ. ਕਲਾਸ ਪ੍ਰਾਪਤ ਸੀ। ਆਪਣੇ ਬਸਤ੍ਰ ਪਹਿਨ ਸਕਦੇ ਸਨ। ਖੁਰਾਕ ਚੰਗੀ ਖਾ ਸਕਦੇ ਸਨ। ਪਰ ਡੇਹਰਾਗਾਜੀ ਖਾਂ ਜੇਹਲ ਵਿਚ ਹੋਰ ਵੀ ਰਾਜਸੀ ਕੈਦੀ ਸਨ। ਕਰਮਚਾਰੀਆਂ ਨੇ ਕਾਲੀ ਦਸਤਾਰ ਤੇ ਗਾਂਧੀ ਟੋਪੀ ਪਰ ਪਾਬੰਦੀ ਲਾ ਦਿਤੀ। ਇਸ ਦੇ ਵਿਰੁਧ ਪ੍ਰੋਟੈਸਟ ਕਰਦੇ ਹੋਏ ਸ੍ਰਦਾਰ ਜੀ ਨੇ ਬਸਤ੍ਰ ਉਤਾਰ ਦਿਤੇ। ਏ. ਕਲਾਸ ਛਡ ਦਿਤੀ। ਸਾਢੇ ਚਾਰ ਸਾਲ ਲਗਾਤਾਰ ਕਰੜੀ ਤਪਸਿਆ ਕੀਤੀ। ਮਿ: ਗੇਲਜ਼ (Gales) ਅੰਗਰੇਜ਼ ਸੁਪ੍ਰੰਡੰਟ ਜੇਹਲ ਨੇ ਕਿਹਾ "ਬਾਬਾ ਜੀ! ਅਸੀਂ ਆਪ ਨੂੰ ਦਸਤਾਰ ਦੇਣ ਲਈ ਤਿਆਰ ਹਾਂ। ਆਪ ਲੇ ਲਉ।' ਬਾਬਾ ਜੀ ਨੇ ਉਤਰ ਦਿਤਾ ਸਾਰਿਆਂ ਲਈ ਖੁਲ੍ਹ ਕਰੋ, ਤਦ ਲਵਾਂਗਾ।

ਪੰਜਾਬ ਦਾ ਹੋਮ ਮਨਿਸਟਰ ਸਰ ਜਾਹਨ ਮੀਨਾਰਡ ਡੇਹਰਾ ਗਾਜ਼ੀ ਖਾਂ ਜ਼ੇਹਲ ਵਿਚ ਗਿਆ। ਬਾਬਾ ਖੜਕ ਸਿੰਘ ਨੂੰ ਕਹਿਣ ਲਗਾ—ਜਿਸ ਕਾਲੀ ਦਸਤਾਰ ਤੇ ਗਾਂਧੀ ਟੋਪੀ ਲਈ ਤੁਸੀਂ ਕਪੜੇ ਲਾਹ ਕੇ ਬੈਠੇ ਹੋ, ਜ਼ੇਹਲੋਂ ਬਾਹਰ ਤਾਂ ਉਹ ਲੋਕਾਂ ਨੇ ਲਾਹ ਦਿਤੀਆਂ ਹਨ। ਕਾਂਗਰਸ ਤਾਂ ਮਰ ਗਈ ਹੈ। ਇਕ ਸਿਖ ਸ੍ਰਦਾਰ ਦਾ ਗਾਂਧੀ ਟੋਪੀ ਨਾਲ ਕੀ ਸੰਬੰਧ ਹੈ? ਅਸੀਂ ਆਪ ਨੂੰ ਦਸਤਾਰ ਦੇਣ ਲਈ ਤਿਆਰ ਹਾਂ।

ਸ: ਖੜਕ ਸਿੰਘ ਜੀ ਨੇ ਉਤਰ ਦਿਤਾ—'ਮੈਂ ਉਦੋਂ ਤੀਕ ਦਸਤਾਰ ਤੇ ਏ. ਕਲਾਸ ਕਬੂਲ ਨਹੀਂ ਕਰ ਸਕਦਾ, ਜਦ ਤੀਕ ਤੁਸੀਂ ਸਾਰੇ ਰਾਜਸੀ ਕੈਦੀਆਂ ਨੂੰ ਟੋਪੀ ਦੀ ਖੁਲ੍ਹ ਨਹੀਂ ਕਰਦੇ। ਤੁਸੀਂ ਮੈਨੂੰ ਦਸਤਾਰ ਦੇ ਕੇ ਹਿੰਦੂ ਸਿਖਾਂ ਵਿਚ ਫੁਟ ਪਾਉਣਾ ਚਾਹੁੰਦੇ ਹੋ। ਮੈਂ ਇਹ ਗਲ ਨਹੀਂ ਹੋਣ ਦੇਣੀ। ਤੁਸ਼ੀਂ ਕਹਿੰਦੇ ਹੋ



Digitized by Panjab Digital Library | www.panjabdigilib.org

ਕਾਂਗਰਸ ਮਰ ਗਈ ਹੈ। ਮੈਂ ਨਹੀਂ ਮਰਿਆ। ਜਦ ਤੁਸੀਂ ਬੇ-ਇਨਸਾਫ਼ੀ ਛਡ ਦਿਉਗੇ, ਮੈਂ ਬਸਤ੍ਰ ਪਹਿਨ ਲਵਾਂਗਾ।*

ਇਸ ਕਾਰਨ ਜੇਹਲ ਵਿਚ ਬਾਬਾ ਜੀ ਦੀ ਤਿੰਨ ਵੇਰ ਕੈਦ ਵਧਾਈ ਗਈ। ਕਪੜੇ ਉਤਾਰਨ ਦੇ ਦੋਸ਼ ਵਿਚ ਪਹਿਲੀ ਵੇਰ ਨੌ ਮਹੀਨੇ ਕੈਦ, ਦੂਜੀ ਵੇਰ ਪੰਜ ਮਹੀਨੇ ਤੇ ਤੀਜੀ ਵੇਰ ਛੇ ਮਹੀਨੇ। ਕੈਦ ਵਧਾਉਣ ਵਾਲਾ ਮਜਿਸਟਰੇਟ ਕਾਸਮ ਅਲੀ ਸ਼ਾਹ ਸੀ।

(ਅਕਾਲੀ ੧੪ ਸਿਤੰਬਰ ੧੯੨੪)

**ਜੇਹਲ ਤੋਂ ਸੰਦੇਸ਼—**

੧੯੨੪ ਵਿਚ ਮੌਲਾਨਾ ਮੁਹੰਮਦ ਇਸਮਾਈਲ ਡੇਹਰਾ ਗਾਜ਼ੀ ਖਾਂ ਜੇਹਲ ਵਿਚੋਂ ਰਿਹਾ ਹੋ ਕੇ ਆਏ। ਉਸ ਵਕਤ ਜੈਤੋ ਦਾ ਮੋਰਚਾ ਜੋਰ ਨਾਲ ਚਲ ਰਿਹਾ ਸੀ। ਸ: ਖੜਕ ਸਿੰਘ ਜੀ ਨੇ ਜੇਹਲ ਚੋਂ ਮੌਲਾਨਾ ਰਾਹੀਂ ਪੰਥ, ਆਪਣੀ ਮਾਤਾ ਜੀ ਤੇ ਪਤਨੀ ਦੇ ਨਾਂ ਹੇਠ ਲਿਖਿਆ ਸੰਦੇਸ਼ ਭੇਜਿਆ—

"ਮੈਂ ਅਕਾਲ ਪੁਰਖ ਦੇ ਚਰਨਾਂ ਵਿਚ ਅਰਦਾਸ ਕਰਦਾ ਹਾਂ ਕਿ ਉਹ ਖਾਲਸੇ ਦੇ ਅੰਗ ਸੰਗ ਰਹੇ, ਅਸੀਂ ਆਜ਼ਾਦੀ ਦੇ ਘੋਲ ਵਿਚ ਸਫਲਤਾ ਪ੍ਰਾਪਤ ਕਰਾਂਗੇ। ਮੁਸੀਬਤਾਂ ਦਾ ਖਿਆਲ ਨਾ ਕਰਨਾ। ਆਪਣਾ ਕੰਮ ਜਾਰੀ ਰਖਣਾ ਅਤੇ ਨਿਸ਼ਾਨੇ ਵੱਲ ਵਧੀ ਜਾਣਾ।"

ਇਸ ਸੰਦੇਸ਼ ਵਿਚ ਸ੍ਰਦਾਰ ਜੀ ਨੇ ਇਹ ਵੀ ਲਿਖਿਆ—

"ਮੇਰੀ ਮਾਤਾ ਜੀ ਦੀ ਸੇਵਾ ਵਿਚ ਬੇਨਤੀ ਹੈ ਕਿ ਮੈਂ ਆਪ ਤੇ ਨਹੀਂ ਪਹੁੰਚ ਸਕਦਾ। ਪਰ ਜੇ ਖਾਲਸਾ ਜੀ ਤੇ ਦੇਸ਼ ਨੂੰ ਲੋੜ ਪਵੇ ਤਾਂ ਮੇਰੀ ਜ਼ਮੀਨ ਤੇ ਜਾਇਦਾਦ ਵੇਚਕੇ ਲਾ ਦੇਣ। ਸਮਾਂ ਆ ਬਣੇ ਤਾਂ ਮਾਤਾ ਜੀ ਅਤੇ ਮੇਰੀ ਪਤਨੀ ਗੋਲੀਆਂ ਵੀ ਖਾਣ।

---

*ਸ: ਖੜਕ ਸਿੰਘ ਅਭਿਨੰਦਨ ਗ੍ਰੰਥ ਪੰਨਾ ੧੧੬



Digitized by Panjab Digital Library | www.panjabdigilib.org

ਇਸਤਰਾਂ ਕੌਮ ਅਤੇ ਦੇਸ਼ ਦੀ ਮੁਸੀਬਤ ਅਤੇ ਆਜ਼ਾਦੀ ਦੇ ਘੋਲ ਵਿਚ ਭਾਈਵਾਲ ਬਣਨ ।†

ਸ੍ਰਦਾਰ ਜੀ ਦਾ ਇਹ ਸੰਦੇਸ਼ ਉਨਾਂ ਦੀ ਦ੍ਰਿੜਤਾ, ਮਹਾਨ ਕੁਰਬਾਨੀ ਤੇ ਦੇਸ਼ ਪਿਆਰ ਦੀ ਮੂੰਹ ਬੋਲਦੀ ਤਸਵੀਰ ਹੈ।

੧੯੨੫ ਵਿਚ ਜਦ ਗੁਰ: ਐਕਟ ਪੰਜਾਬ ਕੌਂਸਲ ਵਿਚ ਪੇਸ਼ ਹੋਇਆ, ਸ਼੍ਰੋਮਣੀ ਕਮੇਟੀ ਵਲੋਂ ਸ: ਭਗਤ ਸਿੰਘ ਪ੍ਰਦੇਸੀ ਸਠਿਆਲਾ ਜ਼ਿਲਾ ਅੰਮ੍ਰਿਤਸਰ ਨੂੰ ਐਕਟ ਦਾ ਖਰੜਾ ਦੇ ਕੇ ਬਾਬਾ ਜੀ ਪਾਸ ਭੇਜਿਆ ਗਿਆ। ਉਨਾਂ ਨੇ ਪੜ੍ਹਕੇ ਕਿਹਾ—"ਜੇ ਬਾਹਰਲੇ ਲੀਡਰ ਤੇ ਸ਼੍ਰੋਮਣੀ ਕਮੇਟੀ ਇਸ ਨੂੰ ਪ੍ਰਵਾਨ ਕਰਦੇ ਹਨ ਤਾਂ ਮੈਨੂੰ ਪ੍ਰਵਾਨ ਹੈ।"

ਪੰਜਾਬ ਕੌਂਸਲ ਵਿਚ ਗੁਰਦਵਾਰਾ ਐਕਟ ਪਾਸ ਹੋ ਗਿਆ। ਸ੍ਰਕਾਰ ਨੇ ਜੈਤੋ ਦੇ ਮੋਰਚੇ ਦੇ ਕੈਦੀ ਛੱਡ ਦਿਤੇ। ੧ ਨਵੰਬਰ ੧੯੨੫ ਨੂੰ ਐਕਟ ਪਰ ਵਰਤੋਂ ਸ਼ੁਰੂ ਹੋ ਗਈ। ੧੯ ਜੂਨ ੧੯੨੬ ਨੂੰ ਗੁਰਦਵਾਰਾ ਐਕਟ ਅਨੁਸਾਰ ਸ਼੍ਰੋਮਣੀ ਕਮੇਟੀ ਦੀ ਚੋਣ ਹੋਈ। ਜਿਸ ਵਿਚ ਦੋ ਪਾਰਟੀਆਂ ਬਣ ਗਈਆਂ। ਇਕ ਸ: ਬ: ਮਹਿਤਾਬ ਸਿੰਘ ਦੀ ਪਾਰਟੀ। ਦੂਜੀ ਮਾ: ਤਾਰਾ ਸਿੰਘ ਦੀ ਅਕਾਲੀ ਪਾਰਟੀ। ੨ ਅਕਤੂਬਰ ੧੯੨੬ ਨੂੰ ਸ਼੍ਰੋਮਣੀ ਕਮੇਟੀ ਦੀ ਜਨਰਲ ਮੀਟਿੰਗ ਹੋਈ। ਜਿਸ ਵਿਚ ਸ: ਖੜਕ ਸਿੰਘ ਜੀ ਸਰਬ ਸੰਮਤੀ ਨਾਲ ਪ੍ਰਧਾਨ ਅਤੇ ਮਾਸਟਰ ਤਾਰਾ ਸਿੰਘ ਮੀਤ ਪ੍ਰਧਾਨ ਚੁਣੇ ਗਏ। ਜੇਹਲ ਵਿਚ ਹੁੰਦਿਆਂ ਉਨਾਂ ਦਾ ਪ੍ਰਧਾਨ ਚੁਣੇ ਜਾਣਾ ਬੜੇ ਮਾਣ ਦੀ ਗਲ ਤੇ ਸਖਸ਼ੀ ਪ੍ਰਭਾਵ ਦਾ ਸਬੂਤ ਹੈ।

**ਜੇਹਲ ਚੋਂ ਰਿਹਾਈ--**

ਜੂਨ ੧੯੨੭ ਵਿਚ ਸ੍ਰਦਾਰ ਜੀ ਪੰਜ ਸਾਲ ਦੀ ਕਰੜੀ ਕੈਦ ਕਟਕੇ ਰਿਹਾ ਹੋਏ। ਅੰਮ੍ਰਿਤਸਰ ਵਿਚ ਆਪਦਾ ਸਾਰੀ ਜਨਤ

---

†ਦੇਖੋ ਗਿਆਨ ਅੰਮ੍ਰਿਤ ਜੂਨ ੧੯੬੦ ਪੰਨਾ ੨੦।



Digitized by Panjab Digital Library | www.panjabdigilib.org

ਨੇ ਸ਼ਾਨਦਾਰ ਸੁਆਗਤ ਕੀਤਾ। ਇਕ ਮਹਾਨ ਜਲੂਸ ਕਢਿਆ ਗਿਆ। ਜੋ ਅਸੀਂ ਅੱਖੀਂ ਵੇਖਿਆ ਹੈ। ਇਹ ਜਲੂਸ ਅਕਾਲੀ ਲਹਿਰ ਦੇ ਜੋਬਨ ਸਮੇਂ ਜੂਨ ੧੯੨੩ ਵਿਚ ਕਾਰ ਸਵਾ ਦੇ ਜਲੂਸ ਵਰਗਾ ਹੀ ਸੀ। ਸ੍ਰਦਾਰ ਜੀ ਦੀ ਅਦੁਤੀ ਕੁਰਬਾਨੀ, ਦ੍ਰਿੜਤਾ ਤੇ ਨਿਸ਼ਕਾਮ ਸੇਵਾ ਨੂੰ ਮੁਖ ਰਖਕੇ ਆਪਨੂੰ ਅਕਾਲ ਤਖਤ ਸਾਹਿਬ ਵਲੋਂ ਸਿਰੋਪਾ ਤੇ ਹੁਕਮ ਨਾਮਾ ਬਖਸ਼ਸ਼ ਕੀਤਾ ਗਿਆ। ਉਸ ਹੁਕਮ ਨਾਮੇ ਦੇ ਅੱਖਰ ਇਹ ਸਨ—

ੴ ਵਾਹਿਗੁਰੂ ਜੀ ਕੀ ਫਤਹ
ਸ੍ਰੀ ਅਕਾਲ ਜੀ ਸਹਾਇ॥

ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਹਜ਼ੂਰ ਹਾਜ਼ਰ ਹੋਏ ਭਾਈ ਸਾਹਿਬ ਸਰਦਾਰ ਖੜਕ ਸਿੰਘ ਜੀ ਜੋਗ ਉਨ੍ਹਾਂ ਦੀ ਅਡੋਲ ਦ੍ਰਿੜਤਾ ਨਿਸ਼ਕਾਮ ਆਪਾ ਵਾਰਨ ਅਤੇ ਉਘੀ ਪੰਥਕ ਸੇਵਾ ਲਈ ਪੰਥ ਦੀ ਪ੍ਰਸੰਸਾ ਪ੍ਰਗਟ ਕੀਤੀ ਜਾਂਦੀ ਹੈ। ਸ੍ਰੀ ਸਾਹਿਬ ਤੇ ਸਿਰੋਪਾ ਦੀ ਬਖਸਸ ਕੀਤੀ ਜਾਂਦੀ ਹੈ। ਹੁਕਮ ਹੋਇਆ ਕਿ ਭਾਈ ਸਾਹਿਬ ਸਰਦਾਰ ਖੜਕ ਸਿੰਘ ਉਤੇ ਗੁਰੂ ਕੀਆਂ ਖੁਸ਼ੀਆਂ ਹੋਵਣ ਤੇ ਉਨ੍ਹਾਂ ਦੀ ਸਿਖੀ ਕੇਸਾਂ ਸੁਆਸਾਂ ਨਾਲ ਨਿਭੇ।

ਤੇਜਾ ਸਿੰਘ ਜਥੇਦਾਰ* ਸ੍ਰੀ ਅਕਾਲ ਤਖਤ ਸਾਹਿਬ ੨੬ ਜੇਠ ਸੰਮਤ ਨਾਨਕ ਸ਼ਾਹੀ ੪੫੮ ਬਿਕ੍ਰਮੀ ੧੯੮੪ ਜੂਨ ਸੰਨ ਈਸਵੀ ੧੯੨੭।

ਇਸ ਤੋਂ ਬਿਨਾ ਮਿਉਂਸਪਲ ਕਮੇਟੀ ਅੰਮ੍ਰਿਤਸਰ ਤੇ ਹੋਰ ਕਈ ਸਭਾ ਸੁਸਾਇਟੀਆਂ ਵਲੋਂ ਆਪ ਦੀ ਸੇਵਾ ਵਿਚ ਮਾਨ-ਪਤ੍ਰ ਤੇ ਮਾਇਆ ਦੀਆਂ ਥੈਲੀਆਂ ਪੇਸ਼ ਕੀਤੀਆਂ ਗਈਆਂ। ਸਾਰੇ ਦੇਸ਼ ਨੇ ਆਪ ਦਾ ਮਾਣ ਸਤਕਾਰ ਕੀਤਾ। ਕਲਕਤਾ ਕਾਰਪੋਰੇਸ਼ਨ

*ਜਥੇਦਾਰ ਤੇਜਾ ਸਿੰਘ ਜੀ ਅਕਰਪੁਰੀ ਸਨ। ਪ: ਸ:



Digitized by Panjab Digital Library | www.panjabdigilib.org

ਨੇ ਆਪ ਨੂੰ ਮਾਨ-ਪਤ੍ਰ ਦਿਤਾ। ਆਪ ਨੇ ਬਰਮਾ ਦਾ ਦੌਰਾ ਕੀਤਾ। ਉਥੋਂ ਦੀਆਂ ਸੰਗਤਾਂ ਨੇ ਆਪ ਦਾ ਸ਼ਾਨਦਾਰ ਸੁਆਗਤ ਕੀਤਾ। ਰੰਗੂਨ ਕਾਰਪੋਰੇਸ਼ਨ ਨੇ ਵੀ ਆਪ ਨੂੰ ਮਾਨ-ਪਤ੍ਰ ਦਿਤਾ।

ਕਈ ਸੂਬਿਆਂ ਦੀਆਂ ਕਾਂਗਰਸ ਕਮੇਟੀਆਂ ਨੇ ਆਪ ਦਾ ਨਾਂ ਇੰਡੀਅਨ ਨੈਸ਼ਨਲ ਕਾਂਗਰਸ ਦੀ ਪ੍ਰਧਾਨਗੀ ਲਈ ਤਜਵੀਜ਼ ਕੀਤਾ।

**ਸਾਈਮਨ ਕਮਿਸ਼ਨ ਤੇ ਨਹਿਰੂ ਰਪੋਰਟ—**

੧੯੨੮ ਵਿਚ ਸਾਈਮਨ ਕਮਿਸ਼ਨ ਆਇਆ। ਕਾਂਗਰਸ ਨੇ ਉਸ ਦਾ ਬਾਈਕਾਟ ਕੀਤਾ। ਸ: ਖੜਕ ਸਿੰਘ ਨੇ ਬਾਈਕਾਟ ਦੀ ਡਟ ਕੇ ਹਮੈਤ ਕੀਤੀ। ਉਸ ਦੇ ਬਾਅਦ ਪੰਡਤ ਮੋਤੀ ਲਾਲ ਨਹਿਰੂ ਦੀ ਪ੍ਰਧਾਨਗੀ ਹੇਠ ਇਕ ਕਮੇਟੀ ਬਣੀ। ਜਿਸ ਨੇ ਆਪਣੀ ਰਪੋਰਟ ਵਿਚ ਡੂਮੀਨੀਅਨ ਸਟੇਟਸ ਦੀ ਮੰਗ ਕੀਤੀ। ਸ: ਜੀ ਗਰਮ ਖਿਆਲੀਏ ਤੇ ਮੁਕੰਮਲ ਅਜ਼ਾਦੀ ਦੇ ਹਾਮੀ ਸਨ। ਇਸ ਲਈ ਆਪ ਨੇ ਨਹਿਰੂ ਰਪੋਰਟ ਦੀ ਵਿਰੋਧਤਾ ਕੀਤੀ।

**ਸ: ਜੀ ਤੇ ਲਾਹੌਰ ਕਾਂਗਰਸ—**

੧੯੨੯ ਵਿਚ ਇੰਡੀਅਨ ਨੈਸ਼ਨਲ ਕਾਂਗਰਸ ਦਾ ਇਜਲਾਸ ਪੰਡਤ ਜਵਾਹਰ ਲਾਲ ਨਹਿਰੂ ਦੀ ਪ੍ਰਧਾਨਗੀ ਹੇਠ ਰਾਵੀ ਦੇ ਕੰਢੇ ਲਾਹੌਰ ਵਿਚ ਹੋਇਆ। ਉਸ ਵਿਚ ਬਾਬਾ ਗੁਰਦਿਤ ਸਿੰਘ ਕਾਮਾਂਗਾਟਾਮਾਰੂ, ਸ: ਮੰਗਲ ਸਿੰਘ, ਸ: ਸਰਦੂਲ ਸਿੰਘ ਕਵੀਸ਼ਰ, ਮਾਸਟਰ ਸੁੰਦਰ ਸਿੰਘ ਲਾਇਲਪੁਰੀ ਤੇ ਬਾਬਾ ਪ੍ਰਤਾਪ ਸਿੰਘ ਨਾਮਧਾਰੀ ਸ਼ਾਮਲ ਹੋਏ। ਪਰ ਸ: ਖੜਕ ਸਿੰਘ ਨੇ ਵਖਰੀ ਅਕਾਲੀ ਕਾਨਫਰੰਸ ਕੀਤੀ। ਪੰਡਤ ਨਹਿਰੂ ਦੇ ਮੁਕਾਮਲੇ ਪਰ ਜਲੂਸ ਵੀ ਕਢਾਇਆ।

ਉਸ ਵਕਤ ਆਪ ਸ਼ਰੋਮਣੀ ਕਮੇਟੀ ਤੇ ਅਕਾਲੀ ਦਲ ਦੇ ਪ੍ਰਧਾਨ ਸਨ। ਸ਼ਰੋਮਣੀ ਕਮੇਟੀ ਦਾ ਦਫਤਰ ਚੌਬੁਰਜੀ ਲਾਹੌਰ



Digitized by Panjab Digital Library | www.panjabdigilib.org

ਵਿਚ ਸੀ।

ਸ: ਜੀ ਨੂੰ ਮਿਲਣ ਲਈ ਮਹਾਤਮਾਂ ਗਾਂਧੀ, ਪੰਡਤ ਮੋਤੀ ਲਾਲ ਨਹਿਰੂ ਸ: ਪਟੇਲ ਤੇ ਡਾਕਟਰ ਅਨਸਾਰੀ, ਦਫਤ੍ਰ ਸ਼ਰੋਮਣੀ ਕਮੇਟੀ ਵਿਚ ਆਏ। ਉਸ ਮੁਲਾਕਾਤ ਵਿਚ ਆਪ ਜੀ ਦੇ ਨਾਲ ਸ: ਮਹਿਤਾਬ ਸਿੰਘ, ਗਿ: ਸ਼ੇਰ ਸਿੰਘ, ਸ: ਅਮਰ ਸਿੰਘ ਐਡੀ ਸ਼ੇਰੇ ਪੰਜਾਬ ਤੋਂ ਬਿਨਾਂ ਮਾਸਟਰ ਤਾਰਾ ਸਿੰਘ, ਜ: ਊਧਮ ਸਿੰਘ ਨਾਗੋਕੇ, ਜ: ਤੇਜਾ ਸਿੰਘ ਅਕਰਪੁਰੀ, ਸ: ਭਾਗ ਸਿੰਘ ਵਕੀਲ, ਸ: ਹਰਨਾਮ ਸਿੰਘ ਐਡਵੋਕੇਟ ਸ਼ਾਮਲ ਸਨ। ਸ: ਖੜਕ ਸਿੰਘ ਜੀ ਉਸ ਵਕਤ ਪਹਿਲੇ ਤਿੰਨ ਮੁਖੀਆਂ ਦਾ ਕੁਝ ਵਧੇਰੇ ਪ੍ਰਭਾਵ ਕਬੂਲਦੇ ਸਨ।

ਉਸ ਮੁਲਾਕਾਤ ਵਿਚ ਗਾਂਧੀ ਜੀ ਨੇ ਬੜੀ ਨਿੰਮ੍ਰਤਾ ਵਿਖਾਈ ਤੇ ਕਿਹਾ: "ਸ੍ਰਦਾਰ ਜੀ ਆਪ ਜੋ ਕਹੋ ਅਸੀਂ ਮੰਨਣ ਲਈ ਤਿਆਰ ਹਾਂ।" ਪਰ ਆਪ ਨੇ ਉਨਾਂ ਨਾਲ ਕੁਝ ਤਲਖੀ ਵਿਚ ਗਲ ਬਾਤ ਕੀਤੀ।

ਪੰਡਤ ਮੋਤੀ ਲਾਲ ਨੇ ਕਿਹਾ: "ਸ: ਜੀ! ਕਾਂਗ੍ਰਸ ਨੇ ਮੇਰੀ ਰਪੋਰਟ ਵਾਪਸ ਲੈ ਲੀਤੀ ਹੈ। ਮੈਂ ਆਪ ਦੀ ਸੇਵਾ ਵਿਚ ਹਾਜ਼ਰ ਹਾਂ। ਜੋ ਚਾਹੋ ਦੰਡ ਲਾ ਲਉ। ਅਗੇ ਮੈਂ ਰਾਜ ਹਠ, ਤ੍ਰਿਆ ਹਠ ਤੇ ਬਾਲ ਹਠ ਤਾਂ ਸੁਣੇ ਸਨ। ਅਜ ਸ੍ਰਦਾਰ ਹਠ ਵੇਖਿਆ ਹੈ। ਆਪ ਨੂੰ ਸਾਰੇ ਗੁਸੇ ਗਿਲੇ ਛਡ ਕੇ ਕਾਂਗਰਸ ਇਜਲਾਸ ਵਿਚ ਸ਼ਾਮਲ ਹੋਣਾ ਚਾਹੀਦਾ ਹੈ। ਆਪ ਜੋ ਕਹੋ ਅਸੀਂ ਮੰਨਣ ਲਈ ਤਿਆਰ ਹਾਂ।"

ਪਰ ਸ੍ਰਦਾਰ ਜੀ ਨਹੀਂ ਮੰਨੇ। ਮੁਲਾਕਾਤੀਆਂ ਚੋਂ ਕੁਝ ਅਕਾਲੀ ਲੀਡਰਾਂ ਨੇ ਕੁਝ ਲਿਖਤੀ ਮੰਗਾਂ ਪੇਸ਼ ਕੀਤੀਆਂ। ਉਹ ਕਾਂਗਰਸੀ ਲੀਡਰਾਂ ਨੇ ਮੰਨ ਲਈਆਂ। ਕਹਿੰਦੇ ਹਨ ਸ: ਪਟੇਲ ਨੇ ਕੁਝ ਅਕਾਲੀ ਲੀਡਰਾਂ ਪਾਸ ਸ਼ਿਕਾਇਤ ਕੀਤੀ ਕਿ ਗਾਂਧੀ ਜੀ ਨਾਲ ਗਲ ਬਾਤ ਕਰਨ ਸਮੇਂ ਸ: ਖੜਕ ਸਿੰਘ ਜੀ ਦਾ ਵਤੀਰਾ ਸਖਤ ਸੀ। ਉਹ ਮੁਲਾਕਾਤ ਸ਼ਫਲ ਨਾ ਹੋਈ। ਸ: ਜੀ ਕਾਂਗਰਸ



Digitized by Panjab Digital Library | www.panjabdigilib.org

ਇਜਲਾਸ ਵਿਚ ਨਾ ਗਏ। ਇਸ ਮੁਲਾਕਾਤ ਵਿਚ ਸ਼ਾਮਲ ਹੋਣ ਵਾਲੇ ਜ: ਊਧਮ ਸਿੰਘ ਨਾਗੋਕੇ ਨੇ ਸਾਨੂੰ ਦਸਿਆ ਕਿ ਬਾਅਦ ਵਿਚ ਇਹ ਪਤਾ ਲਗਾ ਕਿ ਗਵਰਨਰ ਪੰਜਾਬ ਦੇ ਇਸ਼ਾਰੇ ਪਰ ਇਕ ਸਜਨ ਨੇ ਇਹ ਸਾਰੀ ਗਲ ਕੀਤੀ। ਸ: ਖੜਕ ਸਿੰਘ ਚੂੰਕਿ ਰਾਜ-ਨੀਤਕ ਵਲ ਛਲ ਨਹੀਂ ਜਾਣਦੇ ਸਨ, ਇਸ ਲਈ ਇਹ ਸੰਭਵ ਹੈ। ਅੰਗਰੇਜ ਸਾਮਰਾਜੀ ਮੁਸਲਮਾਨਾਂ ਵਾਂਗ ਅਕਾਲੀਆਂ ਨੂੰ ਵੀ ਕਾਂਗਰਸ ਤੋਂ ਦੂਰ ਕਰਨਾ ਚਾਹੁੰਦੇ ਸਨ।

ਲਾਹੌਰ ਵਿਚ ਕਾਂਗਰਸ ਨੇ ਮੁਕੰਮਲ ਆਜ਼ਾਦੀ ਦਾ ਮਤਾ ਕਰਨ ਦੇ ਨਾਲ ਇਹ ਵੀ ਫੈਸਲਾ ਕਰ ਦਿਤਾ ਕਿ ਪੰਜਾਬ ਬਾਰੇ ਕੋਈ ਰਾਜਸੀ ਨਿਰਨਾ ਕਰਨ ਸਮੇਂ ਸਿੱਖਾਂ ਦੀ ਰਾਇ ਜ਼ਰੂਰ ਲਈ ਜਾਏਗੀ। ਪਰ ਸ: ਖੜਕ ਸਿੰਘ ਜੀ ਦੀ ਤਸਲੀ ਨਾ ਹੋਈ। ਉਹ ਕਾਂਗਰੰਸ ਤੋਂ ਦੂਰ ਹੁੰਦੇ ਚਲੇ ਗਏ। ਇਸ ਨਾਲ ਅਕਾਲੀਆਂ ਵਿਚ ਵੀ ਦੋ ਧੜੇ ਬਣ ਗਏ। ਸ: ਮਹਿਤਾਬ ਸਿੰਘ, ਗਿ: ਸ਼ੇਰ ਸਿੰਘ, ਸ: ਖੜਕ ਸਿੰਘ ਨਾਲ ਸਨ। ਦੂਜੇ ਮਾਸਟਰ ਤਾਰਾ ਸਿੰਘ ਦੇ ਸਾਥੀ ਸਨ।

੧੯੩੦-੩੧ ਵਿਚ ਮਾਸਟਰ ਤਾਰਾ ਸਿੰਘ ਨੇ ਮਹਾਰਾਜਾ ਭੂਪਿੰਦਰ ਸਿੰਘ ਪਟਿਆਲਾ ਦੇ ਵਿਰੁਧ ਜਹਾਦ ਕੀਤਾ। ਉਸ ਨੇ ਡਿਪਲੋਮੇਸੀ ਵਰਤ ਕੇ ਸ: ਖੜਕ ਸਿੰਘ ਜੀ ਦੇ ਭਤੀਜੇ ਰਸਾਲਦਾਰ ਸੁੰਦਰ ਸਿੰਘ ਤੇ ਸ: ਨਿਰਮਲ ਸਿੰਘ ਨੂੰ† ਨੌਕਰ ਰਖ ਲਿਆ।

ਕਈ ਲੋਕਾਂ ਨੇ ਕਿਹਾ ਕਿ ਬਾਬਾ ਜੀ ਨੇ ਮਹਾਰਾਜੇ ਨਾਲ ਗੰਢ ਤੁਪ ਕਰ ਲਈ ਹੈ। ਪਰ ਅਸਲ ਵਿਚ ਉਹ ਇਸ ਕਿਸਮ ਦੀ ਗੰਢ-ਤੁਪ ਜਾਣਦੇ ਨਹੀਂ ਸਨ।

---

†ਰਸਾਲਦਾਰ ਸੁੰਦਰ ਸਿੰਘ ਤੇ ਸ: ਨਿਰਮਲ ਸਿੰਘ ਬਾਬਾ ਜੀ ਦੇ ਭਰਾ ਸ: ਸ਼ੇਰ ਸਿੰਘ ਦੇ ਲੜਕੇ ਸਨ। ਜਦ ੧੯੨੩ ਵਿਚ ਸ਼ਰੋਮਣੀ ਕਮੇਟੀ ਦੇ ਪ੍ਰਧਾਨ ਸ: ਮਹਿਤਾਬ ਸਿੰਘ ਗ੍ਰਿਫਤਾਰ ਕੀਤੇ ਗਏ, ਉਨਾਂ ਤੋਂ ਬਾਹਦ ਰਸ਼ਾਲਦਾਰ ਜੀ ਪ੍ਰਧਾਨ ਬਣੇ।



Digitized by Panjab Digital Library | www.panjabdigilib.org

ਡਸਕੇ ਦਾ ਮੋਰਚਾ—

੧੯੩੧ ਵਿਚ ਗੁਰਦਵਾਰਾ ਭਾਈ ਵਰਿਆਮ ਸਿੰਘ ਡਸਕਾ ਬਾਰੇ ਇਕ ਅਮਰ ਨਾਥ ਵਕੀਲ, ਕੁਝ ਸਥਾਨਕ ਹਿੰਦੂਆਂ ਤੇ ਸਿਖਾਂ ਵਿਚਕਾਰ ਝਗੜਾ ਤੇ ਮੁਕਦਮੇਬਾਜੀ ਹੋਈ। ਹਿੰਦੂ ਕਹਿੰਦੇ ਸਨ ਇਹ ਗੁਰਦਵਾਰਾ ਨਹੀਂ ਧਰਮਸਾਲਾ ਹੈ। ਇਸ ਬਾਰੇ ਸਰੋਮਣੀ ਕਮੇਟੀ ਨੇ ਮੋਰਚਾ ਲਾਉਣ ਦਾ ਫੈਸਲਾ ਕੀਤਾ। ਅੰਮ੍ਰਿਤਸਰ ਤੋਂ ਪਹਿਲਾ ਜਥਾ ਮਾਸਟਰ ਤਾਰਾ ਸਿੰਘ ਦਾ ੧੩ ਸਿਤੰਬਰ ੧੯੩੧ ਨੂੰ ਗਿਆ। ਦੂਜਾ ਜਥਾ ਸ: ਖੜਕ ਸਿੰਘ ਦਾ ਸੀ, ਜੋ ੧ ਅਕਤੂਬਰ ੧੯੩੧ ਤੋਂ ਸ੍ਰੀ ਅਕਾਲ ਤਖਤ ਤੋਂ ਚਲਿਆ। ਉਸ ਨੂੰ ਸਿਆਲਕੋਟ ਦੇ ਲਾਗੇ ਜੇਰ ਦਫ਼ਾ ੧੦੭ ਗ੍ਰਿਫਤਾਰ ਕੀਤਾ ਗਿਆ। ੨੩ ਅਕਤੂਬਰ ਨੂੰ ਮੀਆਂ ਅਬਦੁਲ ਸਮਦ ਮਜਿਸਟਰੇਟ ਸਿਆਲਕੋਟ ਦੇ ਪੇਸ਼ ਕੀਤਾ ਗਿਆ। ਉਸ ਨੇ ਦਸ ਹਜ਼ਾਰ ਦੀ ਜ਼ਮਾਨਤ ਮੰਗੀ। ਸ: ਜੀ ਨੇ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿਤਾ। ਉਸ ਨੇ ਆਪ ਨੂੰ ਇਕ ਸਾਲ ਕੈਦ ਦੀ ਸਜਾ ਦਿਤੀ।* ਪਰ ਡਸਕੇ ਦਾ ਮਾਮਲਾ ਛੇਤੀ ਨਿਬੜ ਗਿਆ। ਇਸ ਲਈ ਕੁਝ ਦਿਨਾਂ ਪਿਛੋਂ ਆਪ ਰਿਹਾ ਹੋ ਗਏ।

ਸ੍ਰਕਾਰ ਅੰਗਰੇਜ਼ੀ ਲਾਹੌਰ ਵਿਚ ਬੁਚੜਖਾਨਾ ਖੋਹਲਣਾ ਚਾਹੁੰਦੀ ਸੀ। ਰਾਜਾ ਨਰਿੰਦਰ ਨਾਥ, ਭਾਈ ਪਰਮਾਨੰਦ ਮਹਾਸ਼ਾ ਕ੍ਰਿਸ਼ਨ ਨੇ ਸ੍ਰਦਾਰ ਜੀ ਦੀ ਸੇਵਾ ਵਿਚ ਹਾਜਰ ਹੋ ਕੇ ਕਿਹਾ— 'ਬੁਚੜਖਾਨਾ ਬੰਦ ਕਰਨ ਵਿਚ ਸਾਡੀ ਮਦਦ ਕਰੋ'', ਸ੍ਰਦਾਰ ਜ਼ੀ ਨੇ ਬੁਚੜਖਾਨੇ ਵਿਰੁਧ ਬਿਆਨ ਦਿਤਾ। ਸ੍ਰਕਾਰ ਨੇ ਉਹ ਬੰਦ ਕਰ ਦਿਤਾ। ਬਾਬਾ ਜੀ ਕੋਈ ਪੰਦਰਾਂ ਵੇਰ ਗ੍ਰਿਫਤਾਰ ਜਾਂ ਕੈਦ ਹੋਏ। ਪਰ ਉਨਾਂਨੇ ਕਿਸੇ ਮੁਕਦਮੇ ਵਿਚ ਸਫਾਈ ਪੇਸ਼ ਨਹੀਂ ਕੀਤੀ।

---

*ਅਕਾਲੀ ਪ੍ਰਦੇਸੀ ਲਾਹੌਰ ੨੫ ਅਕਤੂਬਰ ੧੯੩੧।



Digitized by Panjab Digital Library | www.panjabdigilib.org

ਆਪ ਹਰ ਅਦਾਲਤ ਵਿਚ ਕਹਿੰਦੇ ਸਨ- ਮੇਰਾ ਸ੍ਰਕਾਰ ਅੰਗਰੇਜ਼ੀ ਉਤੇ ਕੋਈ ਭਰੋਸਾ ਨਹੀਂ।

ਬਾਬਾ ਜੀ ਬਾਰੇ ਅੰਗਰੇਜ਼ ਹਾਕਮਾਂ ਦੀ ਰਾਇ ਸੀ ਕਿ ਉਹ ਸੂਰਬੀਰ ਤੇ ਬਚਨ ਦੇ ਬਲੀ ਹਨ। ਜੋ ਗਲ ਕਹਿ ਦੇਣ ਉਸ ਤੋਂ ਪਿਛੇ ਨਹੀਂ ਹਟਦੇ।

ਆਪ ਇਕ ਜੇਹਲ ਵਿਚ ਸਨ। ਉਥੇ ਆਪ ਦੇ ਇਕ ਮਿਤ੍ਰ ਆਈ. ਐਮ. ਐਸ. ਦਾ ਲੜਕਾ ਸੁਪ੍ਰੰਡੰਟ ਬਣ ਕੇ ਆ ਗਿਆ। ਉਸ ਨੂੰ ਕਹਿਣ ਲਗੇ--ਮਿਤ੍ਰ ਦਾ ਲੜਕਾ ਹੋਣ ਕਰਕੇ ਤੇਰਾ ਸਤਕਾਰ ਕਰਨ ਲਈ ਤਿਆਰ ਹਾਂ। ਪਰ ਜੇ ਤੂੰ ਸੁਪ੍ਰੰਡੰਟ ਹੋਣ ਦਾ ਰੋਹਬ ਪਾਵੇ ਤਾਂ ਮੈਂ ਨਹੀਂ ਮੰਨਣਾ।

**ਸੰਟ੍ਰਲ ਅਕਾਲੀ ਦਲ--**

ਵੱਡੇ ਲੀਡਰਾਂ ਨੂੰ ਕਈ ਨੀਚ ਤੇ ਸੁਆਰਥੀ ਆਦਮੀ ਲੜਾਉਣ ਵਾਲੇ ਵੀ ਹੁੰਦੇ ਹਨ। ਉਨਾਂ ਤੋਂ ਬਚਣਾ ਕਾਫੀ ਮੁਸ਼ਕਲ ਹੁੰਦਾ ਹੈ। ੧੯੩੨-੩੩ ਵਿਚ ਬਾਬਾ ਜੀ ਨੇ ਮਾਸਟਰ ਤਾਰਾ ਸਿੰਘ ਨਾਲ ਮਤਭੇਦ ਵਧ ਜਾਣ ਕਰਕੇ ਸ਼ਰੋਮਣੀ ਕਮੇਟੀ ਤੇ ਅਕਾਲੀ ਦਲ ਤੋਂ ਅਸਤੀਫਾ ਦੇ ਦਿਤਾ। ਆਪਣਾ ਵਖਰਾ ਸੈਂਟ੍ਰਲ ਅਕਾਲੀ ਦਲ ਬਣਾਇਆ, ਪਰ ਉਹ ਚਲ ਨਾ ਸਕਿਆ। ਲੋਕ ਜੀਵਨ ਵਿਚ ਆਪ ਬੜੇ ਦਿਆਨਤਦਾਰ ਸਨ। ਆਪ ਨੇ ਗੁਰਦਵਾਰਾ ਫੰਡਜ਼ ਦੀ ਅਯੋਗ ਵਰਤੋਂ ਨਹੀਂ ਕੀਤੀ।

ਹੁਣ ਅਸੀਂ ਬਾਬਾ ਜੀ ਦੇ ਪਵਿਤ੍ਰ, ਨਿਸ਼ਕਪਟ, ਤਿਆਗ, ਸਿਖੀ ਸਿਦਕ ਤੇ ਕੁਰਬਾਨੀ ਭਰਪੂਰ ਜੀਵਨ ਦੀਆਂ ਕੁਝ ਮਿਸਾਲਾਂ ਪੇਸ਼ ਕਰਦੇ ਹਾਂ।

ਪਿਛੇ ਦਸ ਆਏ ਹਾਂ ਕਿ ਬਾਬਾ ਜੀ ਮੁਕੰਮਲ ਆਜ਼ਾਦੀ ਦੇ ਹਾਮੀ ਤੇ ਨਹਿਰੂ ਰਪੋਰਟ ਦੇ ਵਿਰੋਧੀ ਸਨ। ਮਾਂਗਟ ਭਾਈ ਬੰਨੋ ਜ਼ਿਲਾ ਗੁਜਰਾਤ ਵਿਚ ਸਾਲਾਨਾ ਦੀਵਾਨ ਹੋਇਆ, ਜਿਸ ਵਿਚ



Digitized by Panjab Digital Library | www.panjabdigilib.org

ਬਾਬਾ ਖੜਕ ਸਿੰਘ ਪ੍ਰਧਾਨ ਸ਼ਰੋਮਣੀ ਕਮੇਟੀ ਤੇ ਅਕਾਲੀ ਦਲ ਲੇਖਕ (ਗਿ: ਪ੍ਰਤਾਪ ਸਿੰਘ) ਪ੍ਰਚਾਰਕ ਸ਼ਰੋਮਣੀ ਕਮੇਟੀ ਅਤੇ ਕਵੀ ਵਿਧਾਤਾ ਸਿੰਘ ਤੀਰ ਵੀ ਸ਼ਾਮਲ ਹੋਏ।

ਬਾਬਾ ਜੀ ਨੇ ਦੀਵਾਨ ਵਿਚ ਨਹਿਰੂ ਰਪੋਰਟ ਵਿਰੁਧ ਤਕਰੀਰ ਕੀਤੀ। ਲੇਖਕ ਨੂੰ ਕਹਿਣ ਲਗੇ–'ਇਸ ਦੇ ਵਿਰੁਧ ਮਤਾ ਲਿਖੋ।' ਅਸੀਂ ਉਤਰ ਦਿਤਾ 'ਆਪ ਦੀਆਂ ਸਾਰੀਆਂ ਗਲਾਂ ਨਾਲ ਸਹਿਮਤ ਨਹੀਂ ਹਾਂ।' ਉਨਾਂ ਨੇ ਤੀਰ ਜੀ ਨੂੰ ਕਿਹਾ। ਉਨਾਂ ਨੇ ਮਤਾ ਲਿਖਿਆ। ਦੀਵਾਨ ਵਿਚ ਪਾਸ ਹੋ ਗਿਆ। ਡੇਰੇ ਆ ਕੇ ਸ੍ਰਦਾਰ ਜੀ ਕਹਿਣ ਲਗੇ–"ਗਿਆਨੀ ਜੀ! ਮੈਂ ਆਪ ਤੇ ਬੜਾ ਖੁਸ਼ ਹਾਂ। ਤੁਸੀਂ ਆਪਣੀ ਜ਼ਮੀਰ ਦੇ ਉਲਟ ਗਲ ਨਹੀਂ ਕੀਤੀ।" ਇਹ ਉਨਾਂ ਦੀ ਖੁਲ੍ਹ ਦਿਲੀ ਤੇ ਵਿਸ਼ਾਲ ਹਿਰਦੇ ਦਾ ਸਬੂਤ ਹੈ। ਹੋਰ ਕੋਈ ਤੰਗ ਦਿਲ ਲੀਡਰ ਹੁੰਦਾ ਤਾਂ ਨੌਕਰੀਉ ਹਟਾ ਦੇਣ ਦਾ ਜਤਨ ਕਰਦਾ।

ਫਰਵਰੀ ੧੯੩੮ ਵਿਚ ਗਲੋਟੀਆਂ ਜ਼ਿਲਾ ਸਿਆਲਕੋਟ ਵਿਚ ਸਾਲਾਨਾ ਦੀਵਾਨ ਹੋਇਆ। ਸ੍ਰਦਾਰ ਜੀ ਉਸ ਦੀਵਾਂਨ ਵਿਚ ਪ੍ਰਮੁਖ ਸਨ। ਸ਼ਰੋਮਣੀ ਕਮੇਟੀ ਵਲੋਂ ਪ੍ਰੋ: ਗੰਗਾ ਸਿੰਘ ਤੇ ਲੇਖਕ ਦੀ ਡਿਊਟੀ ਵੀ ਲਾਈ ਗਈ। ਸਾਡੇ ਨਾਲ ਮਖਣ ਸਿੰਘ ਸੂਰਮਾਂ ਗੁਜਰਾਂਵਾਲਾ, ਇਕ ਗੰਡਾ ਸਿੰਘ ਅਕਾਲੀ ਤੇ ਸ: ਆਤਮਾ ਸਿੰਘ ਨਾਮਧਾਰੀ ਰਾਵਲਪਿੰਡੀ ਵਾਲੇ ਵੀ ਸਨ। ਲੋਕੀ ਪ੍ਰੋਫੈਸਰ ਗੰਗਾ ਸਿੰਘ ਤੇ ਲੇਖਕ ਨੂੰ ਮਾਸਟਰ ਤਾਰਾ ਸਿੰਘ ਪਾਰਟੀ ਦਾ ਸਮਝਦੇ ਸਨ। ਉਸ ਦੀਵਾਨ ਵਿਚ ਸ: ਖੜਕ ਸਿੰਘ ਜੀ ਦਾ ਬੇਹੱਦ ਪ੍ਰਭਾਵ ਸੀ। ਉਨਾਂ ਨੇ ਆਪਣੀ ਤਕਰੀਰ ਵਿਚ ਮਾ: ਤਾਰਾ ਸਿੰਘ ਵਿਰੁਧ ਸਖਤ ਨੁਕਤਾਚੀਨੀ ਕੀਤੀ। ਰਾਤ ਦੇ ਦੀਵਾਨ ਵਿਚ ਪ੍ਰੋਫੈਸਰ ਜੀ ਨੇ ਉਸ ਦਾ ਉਤਰ ਦਿਤਾ। ਆਪ ਦੇ ਵਿਰੁਧ ਬੋਲੇ। ਅਸੀਂ ਦੂਜੇ ਦਿਨ ਸਵੇਰੇ ਇਕ ਖੂਹ ਤੋਂ ਇਸ਼ਨਾਨ ਕਰਨ ਲਈ ਗਏ। ਅਗੇ ਬਾਬਾ ਜੀ ਇਸ਼ਨਾਨ ਕਰ ਰਹੇ ਸਨ। ਉਨਾਂ ਨੇ



Digitized by Panjab Digital Library | www.panjabdigilib.org

ਪ੍ਰੋਫੈਸਰ ਜੀ ਦੀ ਤਕਰੀਰ ਦਾ ਕੋਈ ਗੁਸਾ ਗਿੱਲਾ ਨਹੀਂ ਕੀਤਾ। ਕਹਿਣ ਲਗੇ—"ਤੁਹਾਨੂੰ ਦੋਹਾਂ ਨੂੰ ਰਾਤ ਸਮੇਂ ਖਾਣ ਪੀਣ ਤੇ ਰਿਹਾਇਸ਼ ਦੀ ਕੋਈ ਤੰਗੀ ਤਾਂ ਨਹੀਂ ਹੋਈ ? ਜਿਸ ਸੇਵਾ ਦੀ ਲੋੜ ਹੈ, ਉਹ ਮੈਨੂੰ ਦਸੋ।

ਬਾਬਾ ਜੀ ਦੇ ਮਿਠੇ ਪਿਆਰੇ ਉਹ ਸ਼ਬਦ ਅਜੇ ਵੀ ਸਾਡੇ ਕੰਨਾਂ ਵਿਚ ਗੂੰਜਦੇ ਹਨ। ਇਹ ਉਨਾਂ ਦੇ ਸਰੇਸ਼ਟਾਚਾਰ ਦਾ ਸਬੂਤ ਹਨ।

ਬਾਬਾ ਜੀ ਦੇ ਤਪ ਤਿਆਗ ਤੇ ਸਬਰ ਸੰਤੋਖ ਦੀ ਇਕ ਮਿਸਾਲ ਪੇਸ਼ ਕਰਦੇ ਹਾਂ। ਇਕ ਵੇਰ ਅਸੀਂ ਸ੍ਰੀ ਗੁਰੂ ਸਿੰਘ ਸਭਾ ਸਿਆਲਕੋਟ ਦੇ ਦੀਵਾਨ ਵਿਚ ਗਏ। ਸ਼ਾਮ ਨੂੰ ਵੇਹਲੇ ਹੋ ਕੇ ਸੈਰ ਲਈ ਗਏ। ਸਿਆਲਕੋਟ ਵਿਚ ਐਕ ਨਦੀ ਦੈ ਕੰਢੇ ਸ: ਜੀ ਦੇ ਪਿਤਾ ਸ: ਹਰੀ ਸਿੰਘ ਦਾ ਇਕ ਸ਼ਾਨਦਾਰ ਬਾਗ਼ ਸੀ। ਉਸ ਬਾਗ ਦੇ ਖੂਹ ਤੇ ਜਾ ਬੈਠੇ। ਬਾਗ਼ ਦਾ ਮਾਲੀ ਅਰਾਈਂ ਮੁਸਲਮਾਨ ਸੀ। ਉਸ ਨੇ ਦਸਿਆ ਕਿ ਸ: ਖੜਕ ਸਿੰਘ ਦੇ ਵਧੇਰੇ ਚਿਰ ਜ਼ੇਹਲਾਂ ਵਿਚ ਰਹਿਣ ਕਰਕੇ ਮਾਲੀ ਹਾਲਤ ਕਮਜ਼ੋਰ ਹੋ ਗਈ ਹੈ। ਉਹ ਇਹ ਬਾਗ ਵੇਚਣਾ ਚਾਹੁੰਦੇ ਹਨ। ਕਸ਼ਮੀਰੀ ਮੁਸਲਮਾਨ ਇਸ ਦੇ ਗਾਹਕ ਹਨ। ਪਰ ਸ੍ਰਦਾਰ ਜੀ ਕਿਸੇ ਸਿਖ ਨੂੰ ਦੇਣਾ ਚਾਹੁੰਦੇ ਹਨ। ਸਾਨੂੰ ਇਸ ਗਲ ਦਾ ਬੜਾ ਖੇਦ ਹੋਇਆ। ਮਨ ਵਿਚ ਖਿਆਲ ਆਇਆ ਕਿ ਜਿਵੇਂ ਸ੍ਰੀ ਰਾਬਿੰਦਰ ਨਾਥ ਟੈਗੋਰ ਨੂੰ ਸ਼ਾਂਤੀ ਨਿਕੇਤਨ ਲਈ ਦਿੱਲੀ ਦੇ ਸੇਠ ਗਡੋਡੀਆ ਨੇ ਸਠ ਹਜ਼ਾਰ ਰੁਪਏ ਦੇ ਕੇ ਆਰਥਿਕ ਸੰਕਟ ਤੋਂ ਮੁਕਤ ਕਰ ਦਿਤਾ ਸੀ, ਇਸੇ ਤਰ੍ਹਾਂ ਜਿਸ ਨੇਤਾ ਨੂੰ ਪੰਥ ਦਾ ਬੇਤਾਜ ਬਾਦਸ਼ਾਹ ਦੀ ਪਦਵੀ ਦਿਤੀ ਗਈ ਹੈ, ਉਸ ਨੂੰ ਮਾਇਕ ਤੰਗੀ ਨਹੀਂ ਹੋਣ ਦੇਣੀ ਚਾਹੀਦੀ। ਦਿੱਲੀ ਦੇ ਸਿੱਖ ਠੇਕੇਦਾਰਾਂ ਨੂੰ ਕਹਿ ਕੇ ਸ੍ਰਦਾਰ ਜੀ ਦੀ ਸਹਾਇਤਾ ਕਰਨੀ ਚਾਹੀਦੀ ਹੈ।

ਸਿਆਲਕੋਟ ਤੋਂ ਅਸੀਂ ਲਾਹੌਰ ਪੁਜੇ। ਅਗੇ ਸਟੇਸ਼ਨ



Digitized by Panjab Digital Library | www.panjabdigilib.org

ਪਰ ਸ: ਖੜਕ ਸਿੰਘ ਜੀ ਗੁਜਰਾਂਵਾਲੇ ਜਾਣ ਲਈ ਗਡੀ ਦੀ ਉਡੀਕ ਕਰ ਰਹੇ ਸਨ। ਅਸੀਂ ਉਨਾਂ ਨੂੰ ਫਤਹਿ ਗਜਾਈ। ਅਤੇ ਕਿਹਾ—"ਮੈਨੂੰ ਪਤਾ ਲਗਾ ਹੈ ਕਿ ਆਪ ਦੀ ਮਾਲੀ ਪੋਜੀਸ਼ਨ ਕਮਜ਼ੋਰ ਹੋ ਗਈ ਹੈ। ਆਪ ਬਾਗ ਵੇਚਣਾ ਚਾਹੁੰਦੇ ਹੋ। ਜੇ ਆਪ ਕਹੋ ਤਾਂ ਦਿੱਲੀ ਦੇ ਕੁਝ ਸ੍ਰਦਾਰਾਂ ਨੂੰ ਕਿਹਾ ਜਾਵੇ ਕਿ ਉਹ ਆਪ ਦੀ ਮਾਇਕ ਸਹਾਇਤਾ ਕਰਨ।"

ਸ੍ਰਦਾਰ ਜੀ ਬੜੇ ਜਲਾਲ ਵਿਚ ਕਹਿਣ ਲਗੇ : ਮੇਰਾ ਤਨ ਮਨ ਧਨ ਸੰਪਤੀ ਸਭ ਗੁਰੂ ਦੀ ਬਖਸ਼ਸ਼ ਹੈ। ਜਿਸ ਹਾਲਤ ਵਿਚ ਉਹ ਰਖੇ, ਉਸ ਵਿਚ ਰਾਜ਼ੀ ਰਹਿਣਾ ਠੀਕ ਹੈ। ਮੇਰੇ ਬਾਰੇ ਕਿਸੇ ਨਾਲ ਗਲ ਨਹੀਂ ਕਰਨੀ।

ਬਾਬਾ ਜੀ ਦੇ ਨਿਕਟ ਵਰਤੀ ਭਾਈ ਬਲਵੰਤ ਸਿੰਘ ਡਸਕਾ ਨੇ ਦਸਿਆ ਕਿ ਇਕ ਵੇਰ ਮਾਇਕ ਤੰਗੀ ਕਾਰਨ ਬਾਬਾ ਜੀ ਨੇ ਇਕ ਮਕਾਨ ਵੇਚਣ ਦਾ ਮਨ ਬਣਾ ਲਿਆ। ਉਸ ਦਾ ਬਿਆਨਾ ਲੈ ਲਿਆ। ਜਦ ਇਸ ਗੱਲ ਦਾ ਕੁਝ ਆਦਮੀਆਂ ਨੂੰ ਪਤਾ ਲਗਾ ਤਾਂ ਉਨਾਂ ਨੇ ਕਿਹਾ--"ਬਾਬਾ ਜੀ ਬਿਆਨਾ ਮੋੜ ਦਿਉ। ਅਸੀਂ ਆਪ ਨੂੰ ਵਧ ਰਕਮ ਦੇਣ ਲਈ ਤਿਆਰ ਹਾਂ।"

ਬਾਬਾ ਜੀ ਨੇ ਕਿਹਾ "ਜਿਸ ਨਾਲ ਬਚਨ ਕਰ ਚੁਕਾ ਹਾਂ। ਉਸ ਤੋਂ ਪਿਛੇ ਨਹੀਂ ਹਟਣਾ।"

ਇਕ ਵੇਰ ਮਰਦਮ ਸੁਮਾਰੀ ਬਾਰੇ ਸਿਆਲਕੋਟ ਦੇ ਅਕਾ-ਲੀਆਂ ਦੀ ਇਕ ਮੀਟਿੰਗ ਹੋਈ। ਉਸ ਵਿਚ ਕਿਹਾ ਗਿਆ ਕਿ ਜ਼ਿਲੇ ਦੇ ਮੇਘਾਂ, ਚਮਿਆਰਾਂ ਤੇ ਛੋਟੀਆਂ ਜਾਤਾਂ ਨੂੰ ਸਿਖ ਲਿਖਵਾਇਆ ਜਾਵੇ।

ਸ: ਖੜਕ ਸਿੰਘ ਜੀ ਨੇ ਕਿਹਾ : "ਜੇ ਤੁਸੀਂ ਉਨਾਂ ਨਾਲ ਬਰਾਬਰੀ ਦਾ ਵਰਤਾਉ ਕਰਦੇ ਹੋ, ਅਤੇ ਉਹ ਗੁਰਸਿਖੀ ਪਰ ਨਿਸਚਾ ਰਖਦੇ ਹਨ, ਤਾਂ ਸਿੱਖ ਲਿਖਵਾਉ। ਜੇ ਉਹ ਰਹਿਤ ਨਹੀਂ ਰਖਦੇ ਤਾਂ ਉਨਾਂ ਨੂੰ ਸਿੱਖ ਲਿਖਵਾਉਣ ਦਾ ਕੋਈ ਲਾਭ ਨਹੀਂ।



Digitized by Panjab Digital Library | www.panjabdigilib.org

੧੯੪੭ ਦੀ ਵੰਡ ਦੇ ਬਾਅਦ ਸ੍ਰਦਾਰ ਜੀ ਪ੍ਰਵਾਰ ਸਮੇਤ ਦਿੱਲੀ ਆ ਗਏ। ਉਨਾਂ ਨੂੰ ਪਾਕਿਸਤਾਨ ਵਿਚ ਰਹਿ ਗਈ ਜਾਇਦਾਦ ਦਾ ਕਲੇਮ ਮਿਲ ਗਿਆ। ਆਪ ਅਲੀਪੁਰ ਰੋਡ ਦਿੱਲੀ ਦੀ ਇਕ ਕੋਠੀ ਵਿਚ ਨਿਵਾਸ ਕਰਦੇ ਸਨ। ਕਈ ਪੁਰਸ਼ ਅਜੇਹੇ ਹੁੰਦੇ ਹਨ, ਜਿਨਾਂ ਪਾਸ ਧਨ ਪਦਾਰਥ, ਕੋਈ ਪਦਵੀ ਜਾਂ ਸਿਆਸੀ ਤਾਕਤ ਹੋਵੇ, ਲੋਕੀ ਉਨਾਂ ਦਾ ਸਤਕਾਰ ਕਰਦੇ ਹਨ। ਕਈ ਪੁਰਸ਼ ਆਪਣੇ ਗੁਣਾਂ, ਆਚਰਨ ਤੇ ਕੁਰਬਾਨੀ ਕਰਕੇ ਸਤਕਾਰੇ ਜਾਂਦੇ ਹਨ। ਸ: ਖੜਕ ਸਿੰਘ ਦੇਸ਼ ਦੀਆਂ ਅਜੇਹੀਆਂ ਮਹਾਨ ਵਿਅਕਤੀਆਂ ਵਿਚੋਂ ਇਕ ਸਨ।

ਬਾਬਾ ਖੜਕ ਸਿੰਘ ਜੀ ਦੀ ੮੬ਵੀਂ ਵਰ੍ਹੇ ਗੰਢ ਪਰ ਪੰਡਤ ਜਵਾਹਰ ਲਾਲ ਨਹਿਰੂ ਪ੍ਰਧਾਨ ਮੰਤਰੀ ਨੇ ਆਪ ਨੂੰ ਸ਼ਰਧਾਂਜਲੀ ਅਰਪਨ ਕਰਦੇ ਹੋਏ ਆਪਣੇ ਸੰਦੇਸ਼ ਵਿਚ ਕਿਹਾ:—

"ਇਸ ਵਕਤ ਮੈਂ ਦੇਸ਼ ਵਿਚ ਕੋਈ ਪੁਰਸ਼ ਅਜੇਹਾ ਨਹੀਂ ਵੇਖਦਾ, ਜਿਸ ਦਾ ਟਾਕਰਾ ਬਾਬਾ ਜੀ ਦੀ ਦਲੇਰੀ, ਬਹਾਦਰੀ ਤੇ ਸਚਿਆਈ ਨਾਲ ਕੀਤਾ ਜਾਵੇ। ਉਹ ਸਾਡੇ ਸਾਹਮਣੇ ਨਿਡਰਤਾ, ਦ੍ਰਿੜ ਇਰਾਦੇ ਦਲੇਰੀ ਤੇ ਬੀਰਤਾ ਦੀ ਜੀਉਂਦੀ ਜਾਗਦੀ ਮਿਸਾਲ ਹਨ। ਸਾਡੇ ਲਈ ਇਹ ਬੜੀ ਪ੍ਰਸੰਨਤਾ ਦੀ ਗਲ ਹੈ ਕਿ ਅਜ਼ਾਦੀ ਦਾ ਘੋਲ ਕਰਨ ਵਾਲੇ ਇਹ ਮਹਾਨ ਆਗੂ ਸਾਡੇ ਵਿਚ ਮੌਜੂਦ ਹਨ। ਮੈਂ ਭਾਰਤ ਦੇ ਲੋਕ ਜੀਵਨ ਅਤੇ ਅਜ਼ਾਦੀ ਦੇ ਘੋਲ ਦੇ ਦਿਨਾਂ ਵਿਚ ਬਾਬਾ ਜੀ ਦੀ ਅਗਵਾਈ ਦਾ ਪ੍ਰਸੰਸਕ ਰਿਹਾ ਹਾਂ। ਉਹ ਸਾਡੇ ਲਈ, ਸ਼ਕਤੀ ਦੇ ਇਕ ਥੰਮ ਹਨ। ਉਨਾਂ ਦੇ ਫੌਲਾਦੀ ਇਰਾਦੇ ਨੇ ਬਹੁਤ ਸਾਰੇ ਆਦਮੀਆਂ ਨੂੰ ਸਹੀ ਪ੍ਰੇਰਨਾ ਦਿਤੀ ਹੈ। ਇਸ ਲਈ ਮੈਂ ਉਨਾਂ ਨੂੰ ਸ਼ਰਧਾਜਲੀ ਅਰਪਨ ਕਰਦਾ ਹਾਂ।"

ਰਾਸ਼ਟਰ ਪਤੀ ਡਾਕਟਰ ਰਾਜਿੰਦਰ ਪ੍ਰਸ਼ਾਦ ਜੀ ਨੇ ਕਿਹਾ:—
"ਬਾਬਾ ਖੜਕ ਸਿੰਘ ਜੀ ਦਾ ਜੀਵਨ ਦੇਸ਼ ਵਿਚ ਅਜ਼ਾਦੀ ਦੀ



Digitized by Panjab Digital Library | www.panjabdigilib.org

ਲਹਿਰ ਤੇ ਕੌਮੀ ਹਿਤਾਂ ਲਈ ਸਚ ਮੁਚ ਆਤਮ ਸਮਰਪਨ ਦਾ ਹੈ। ਉਨਾਂ ਦੀ ਜੀਵਨ ਕਹਾਣੀ ਭਾਰਤ ਦੀ ਅਜਾਦੀ ਦੇ ਇਤਿਹਾਸ ਨਾਲ ਇਕ-ਮਿਕ ਹੈ। ਇਹ ਕਹਿਣਾ ਦਰੁਸਤ ਹੋਵੇਗਾ ਕਿ ਉਹ ਅਜਾਦੀ ਲਹਿਰ ਦਾ ਇਕ ਮਹਾਨ ਥੰਮ੍ਹ ਹਨ।

ਸ: ਜੀ ਦਿਲੀ ਵਿਚ ਸਨ। ਉਨਾਂ ਦਾ ਇਕਲੌਤਾ ਪੁਤਰ ਸ: ਪ੍ਰਿਥੀਪਾਲ ਸਿੰਘ ਕੁਲੂ ਦੇ ਰਸਤੇ ਵਿਚ ਹਾਦਸਾ ਹੋਣ ਨਾਲ ਅਕਾਲ ਚਲਾਣਾ ਕਰ ਗਿਆ। ਇਹ ਖਬਰ ਸੁਣ ਕੇ ਲੇਖਕ (ਗਿ: ਪ੍ਰਤਾਪ ਸਿੰਘ) ਤੇ ਸ: ਦਾਨ ਸਿੰਘ ਸਕਤ੍ਰ ਗੁਰਦਵਾਰਾ ਕਮੇਟੀ ਦਿੱਲੀ ਤੇ ਮਾਲਕ ਨੈਸ਼ਨਲ ਟਰਾਂਸਪੋਰਟ ਪਰਚਾਉਣੀ ਕਰਨ ਲਈ ਬਾਬਾ ਜੀ ਦੀ ਕੋਠੀ ਅਲੀਪੁਰ ਰੋਡ ਵਿਖੇ ਗਏ। ਫਤਹਿ ਗਜਾ ਕੇ ਕੋਲ ਬੈਠ ਗਏ। ਉਸ ਵਕਤ ਬਾਬਾ ਜੀ ਦੀ ਨਜ਼ਰ ਘਟ ਗਈ ਸੀ। ਪਰ ਉਨਾਂ ਨੇ ਸਾਨੂੰ ਆਵਾਜ਼ ਤੋਂ ਪਛਾਣ ਲਿਆ। ਅਸੀਂ ਸ: ਪ੍ਰਿਥੀਪਾਲ ਸਿੰਘ ਦੇ ਚਲਾਣੇ ਦਾ ਅਫਸੋਸ ਕੀਤਾ। ਬਾਬਾ ਜੀ ਨੇ ਉਤਰ ਦਿਤਾ : 'ਪ੍ਰਿਥੀਪਾਲ ਸਿੰਘ ਵਾਹਿਗੁਰੂ ਦੀ ਦਾਤ ਸੀ। ਉਸ ਨੇ ਲੈ ਲਿਆ ਹੈ। ਮੈਨੂੰ ਕਾਹਦਾ ਰੋਸ ਹੈ? ਉਸ ਦੇ ਭਾਣੇ ਵਿਚ ਰਾਜ਼ੀ ਰਹਿਣਾ ਚਾਹੀਦਾ ਹੈ।'

ਪਾਵਨ ਪਵਿਤ੍ਰ ਗੁਰਬਾਣੀ ਦਾ ਵਾਕ ਹੈ:—

ਸੁਹੇਲਾ ਕਹਨੁ ਕਹਾਵਨੁ ॥ ਤੇਰਾ ਬਿਖਮ ਭਾਵਨੁ ॥

ਇਹ ਕਹਿਣਾ ਸੌਖਾ ਹੈ ਕਿ ਭਾਣਾ ਮੰਨੋ। ਪਰ ਹੇ ਵਾਹਿਗੁਰੂ ਤੇਰਾ ਭਾਣਾ ਮੰਨਣਾ ਕਠਨ ਹੈ। ਬਾਬਾ ਜੀ ਅਕਾਲ ਪੁਰਖ ਦੇ ਭਾਣੇ ਵਿਚ ਰਾਜ਼ੀ ਰਹਿਣ ਵਾਲੇ ਗੁਰਮੁਖ ਸਿਖਾਂ ਚੋਂ ਸਨ।

ਸ: ਜੀ ਦੇ ਤਿੰਨ ਪੋਤਰੇ ਹਨ—ਸ: ਜਗਤ ਸਿੰਘ, ਮਨਜੀਤ ਸਿੰਘ ਤੇ ਜਗਜੀਤ ਸਿੰਘ। ਪਹਿਲੇ ਠੇਕੇਦਾਰੀ ਕਰਦੇ ਹਨ। ਦੂਸਰੇ ਇਨਕਮ ਟੈਕਸ ਅਫਸਰ ਤੇ ਤੀਸਰੇ ਨੇਵੀ ਵਿਚ ਹਨ।



Digitized by Panjab Digital Library | www.panjabdigilib.org

ਸਿਖੀ ਸਿਦਕ ਭਰੋਸੇ, ਦ੍ਰਿੜਤਾ ਕੁਰਬਾਨੀ ਤੇ ਦੇਸ਼ ਭਗਤੀ ਦਾ ਸ਼ਾਨਦਾਰ ਜੀਵਨ ਬਤੀਤ ਕਰਦੇ ਹੋਏ ਬਾਬਾ ਖੜਕ ਸਿੰਘ ਜੀ ੬ ਅਕਤੂਬਰ ੧੯੬੩ ਨੂੰ ਦਿੱਲੀ ਵਿਚ ਗੁਰੂ ਚਰਨਾਂ ਵਿਚ ਜਾ ਬਿਰਾਜੇ।

ਗੁਰਦਵਾਰਾ ਸੁਧਾਰ ਲਹਿਰ ਵਿਚ ਖਾਲਸਾ ਪੰਥ ਨੂੰ ਜੋ ਸਫਲਤਾ ਹੋਈ ਹੈ, ਭਾਰਤ ਵਿਦੇਸ਼ੀ ਗੁਲਾਮੀ ਤੋਂ ਮੁਕਤ ਹੋਇਆ ਹੈ, ਇਹ ਬਾਬਾ ਜੀ ਵਰਗੇ ਮਹਾਨ ਨੇਤਾਵਾਂ ਦੀ ਕੁਰਬਾਨੀ ਦਾ ਫਲ ਹੈ।

ਅਜੇਹੇ ਮਹਾਨ ਪੁਰਸ਼ਾਂ ਲਈ ਹੀ ਪ੍ਰਸਿੱਧ ਸ਼ਾਇਰ ਹਾਲੀ ਨੇਂ ਕਿਹਾ ਹੈ:—

ਵੋਹ ਚਾਲ ਚਲ ਕਿ ਉਮਰ ਖੁਸ਼ੀ ਸੇ ਕਟੇ ਤੇਰੀ।
ਵੋਹ ਕਾਮ ਕਰ ਕਿ ਤੁਝੇ ਯਾਦ ਸਭ ਕੀਆ ਕਰੇਂ।
ਜਿਸ ਜਾ ਪੈ ਤੇਰਾ ਜ਼ਿਕਰ ਹੋ, ਹੋ ਜ਼ਿਕਰੇ ਖ਼ੈਰ ਹੀ।
ਔਰ ਨਾਮ ਤੇਰਾ ਲੇਂ ਤੋ, ਅਦਬ ਸੇ ਲੀਆ ਕਰੇਂ।

—0—



Digitized by Panjab Digital Library | www.panjabdigilib.org

## ੨.

# ਅਕਾਲੀ ਲਹਿਰ ਦੇ ਮਹਾਨ ਨੇਤਾ

# ਸ: ਮਹਿਤਾਬ ਸਿੰਘ ਜੀ

ਗੁਰਦਵਾਰਾ ਸੁਧਾਰ ਅਰਥਾਤ ਅਕਾਲੀ ਲਹਿਰ ਦੇ ਇਕ ਮਹਾਨ ਨੇਤਾ ਸ: ਬ: ਮਹਿਤਾਬ ਸਿੰਘ ਜੀ ਹੋਏ ਹਨ। ਜਿੰਨਾ ਨੇ ਬੜੀ ਦੂਰ ਅੰਦੇਸ਼ੀ ਅਤੇ ਯੋਗਤਾ ਨਾਲ ਇਸ ਲਹਿਰ ਦੀ ਅਗਵਾਈ ਕੀਤੀ। ਉਸ ਦੀ ਸਫਲਤਾ ਲਈ ਬੜੀ ਦਿਆਨਤ-ਦਾਰੀ ਤੇ ਲਗਨ ਨਾਲ ਸੇਵਾ ਕੀਤੀ ਹੈ।

ਅਸੀਂ ਉਨਾਂ ਦਾ ਸੰਖੇਪ ਜੀਵਨ ਚਰਿਤ੍ਰ ਪਾਠਕਾਂ ਦੀ ਸੇਵਾ ਵਿਚ ਪੇਸ਼ ਕਰਦੇ ਹਾਂ।

ਸਰਦਾਰ ਜੀ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਤੇ ਸ੍ਰੀ ਨਨਕਾਣਾ ਸਾਹਿਬ ਕਮੇਟੀ ਦੇ ਪ੍ਰਧਾਨ ਰਹੇ। ਸਿਖ ਮਿਸ਼ਨਰੀ ਸੁਸਾਇਟੀ ਤੇ ਸਿਖ ਮਿਸ਼ਨਰੀ ਕਾਲਜ ਕਾਇਮ ਕਰਨ ਵਾਲੇ ਸਨ। ਚਾਬੀਆਂ, ਗੁਰੂ ਕੇ ਬਾਗ ਦੇ ਮੋਰਚੇ ਤੇ ਅੰਮ੍ਰਿਤ ਸਰੋਵਰ ਦੀ ਪਹਿਲੀ ਕਾਰਸੇਵਾ ਦੇ ਮੋਢੀ ਸਨ। ਸ੍ਰੀ ਦਰਬਾਰ ਸਾਹਿਬ ਦੀ ਪ੍ਰਕਰਮਾ ਖੁਲ੍ਹੀ ਕਰਨ ਦੀ ਵਿਉਂਤ ਸੋਚਣ ਵਾਲੇ ਸਨ। ਅਕਤੂਬਰ ੧੯੨੩ ਵਿਚ ਮਹਾਰਾਜਾ ਨਾਭਾ ਦੇ ਗਦੀਓਂ ਲਾਹੇ ਜਾਣ ਪਰ ਸ਼ਰੋਮਣੀ ਕਮੇਟੀ ਤੇ ਅਕਾਲੀ ਦਲ ਨੂੰ ਕਾਨੂੰਨ ਵਿਰੁਧ ਕਰਾਰ ਦਿਤਾ ਗਿਆ, ਉਸ ਵਕਤ ਆਪ ਸ਼ਰੋਮਣੀ ਕਮੇਟੀ ਦੇ ਪ੍ਰਧਾਨ



Digitized by Panjab Digital Library | www.panjabdigilib.org

ਸਨ। ਕਮੇਟੀ ਦੇ ਪਹਿਲੇ ਜਥੇ ਨਾਲ ਗ੍ਰਿਫਤਾਰ ਕੀਤੇ ਗਏ। ਅੰਮ੍ਰਿਤਸਰ ਜੇਹਲ ਅਤੇ ਲਾਹੌਰ ਕਿਲ੍ਹੇ ਵਿਚ ਸ਼੍ਰੋਮਣੀ ਕਮੇਟੀ ਵਿਰੁਧ ਜ਼ੇਰ ਦਫਾ ੧੨੧, ੧੨੪, ੧੭ ਏ. ਤੇ ਬੀ. ਦਾ ਜੋ ਸਾਜ਼ਸ਼ ਕੇਸ ਚਲਿਆ, ਉਸ ਵਿਚ ਆਪ ਤਕਰੀਬਨ ਤਿੰਨ ਸਾਲ ਬੰਦੀ ਰਹੇ। ਸੰਨ ੧੯੨੫ ਵਿਚ ਗੁਰਦਵਾਰਾ ਐਕਟ ਬਣਵਾਉਣ ਵਾਲੇ ਮੁਖੀਆਂ ਵਿਚੋਂ ਇਕ ਸਨ।

ਸ: ਮਹਿਤਾਬ ਸਿੰਘ ਚੰਗੇ ਖਾਨਦਾਨ ਦੇ, ਭੋਂ ਭਾਂਡੇ ਵਾਲੇ ਅਤੇ ਉਚੇ ਦਰਜੇ ਦੇ ਕਾਨੂੰਨਦਾਨ ਸਨ। ਸ੍ਰੀ ਨਨਕਾਣੇ ਸਾਹਿਬ ਦੇ ਸਾਕੇ ਪਿਛੋਂ ਪੰਜਾਬ ਕੌਂਸਲ ਦੀ ਡਿਪਟੀ ਪਰੈਜ਼ੀਡੈਂਟੀ ਛਡ ਕੇ ਅਕਾਲੀ ਲਹਿਰ ਵਿਚ ਸ਼ਾਮਲ ਹੋਏ। ਦਿਆਨਤਦਾਰੀ ਨਾਲ ਕੁਰਬਾਨੀ ਤੇ ਸੇਵਾ ਕਰਨ ਵਾਲੇ ਇਕ ਨੇਤਾ ਸਨ।

ਸ਼੍ਰੋਮਣੀ ਕਮੇਟੀ ਦੇ ਕਾਨੂੰਨ ਵਿਰੁਧ ਕਰਾਰ ਦਿਤੇ ਜਾਣ ਪਰ ਭਾਈ ਫੇਰੂ ਤੇ ਜੈਤੋ ਦੇ ਮੋਰਚੇ ਸਮੇਂ ਆਪ ਦੇ ਭਤੀਜੇ ਸ੍ਰਦਾਰ ਅਰਜਨ ਸਿੰਘ ਨੇ ਸੇਵਾ ਤੇ ਫੰਡਜ਼ ਦੀ ਜੋ ਸੰਭਾਲ ਕੀਤੀ, ਉਹ ਸ਼ਲਾਘਾ ਯੋਗ ਹੈ।

੧੯੨੩ ਵਿਚ ਜਦ ਸ: ਮਹਿਤਾਬ ਸਿੰਘ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸਨ, ਉਨ੍ਹਾਂ ਨੇ ਭਾਈ ਲਾਭ ਸਿੰਘ ਜੀ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਦੀ ਪਰੇਰਨਾ ਨਾਲ ਲੇਖਕ (ਗਿ: ਪ੍ਰਤਾਪ ਸਿੰਘ) ਨੂੰ ਸ਼੍ਰੋਮਣੀ ਕਮੇਟੀ ਦੀ ਪ੍ਰਚਾਰ ਬਰਾਂਚ ਵਿਚ ਭਰਤੀ ਕੀਤਾ ਤੇ ਆਪਣੇ ਸ਼ਹਿਰ ਸਰਗੋਧੇ ਵਿਚ ਪ੍ਰਚਾਰ ਸੈਂਟਰ ਬਣਾ ਕੇ ਜੋ ਹਿਤ ਪ੍ਰਗਟ ਕੀਤਾ, ਉਹ ਕਦੀ ਵੀ ਭੁਲ ਨਹੀਂ ਸਕਦਾ।

ਸ: ਮਹਿਤਾਬ ਸਿੰਘ ਜੀ ਦਾ ਜਨਮ ਸਨ ੧੮੭੯ ਈ: ਵਿਚ ਪਿੰਡ ਹਡਾਲੀ ਜ਼ਿਲਾ ਸ਼ਾਹਪੁਰ (ਪੱਛਮੀ ਪੰਜਾਬ) ਵਿਚ ਸ: ਹਜ਼ੂਰਾ ਸਿੰਘ ਦੇ ਘਰ ਮਾਤਾ ਕਰਮ ਕੌਰ ਤੋਂ ਹੋਇਆ। ਸ੍ਰਦਾਰ ਜੀ ਦੇ ਪਿਤਾ ਚੰਗੇ ਰਜੇ ਪੁਜੇ, ਟੱਬਰ ਬਰਾਦਰੀ ਤੇ ਇਲਾਕੇ ਵਿਚ ਅਸਰ ਰਸੂਖ ਰਖਣ ਵਾਲੇ ਸਨ। ਮਾਤਾ ਪਿਤਾ ਦੋਵੇਂ ਧਾਰਮਿਕ



Digitized by Panjab Digital Library | www.panjabdigilib.org

ਰੁਚੀ ਦੇ ਸਨ। ਉਨ੍ਹਾਂ ਦਾ ਪ੍ਰਭਾਵ ਬਚਪਨ ਵਿਚ ਸਰਦਾਰ ਜੀ ਤੇ ਪਿਆ।

ਰੱਬ ਦੀ ਮਰਜ਼ੀ, ਸਰਦਾਰ ਜੀ ਅਜੇ ਚਾਰ ਸਾਲ ਦੇ ਸਨ ਕਿ ਆਪ ਦੇ ਪਿਤਾ ਗੁਜ਼ਰ ਗਏ। ਯੋਗ ਤੇ ਸਿਆਣੀ ਮਾਤਾ ਨੇ ਆਪ ਨੂੰ ਪੜ੍ਹਾਣ ਤੇ ਹਰ ਤਰ੍ਹਾਂ ਯੋਗ ਬਨਾਉਣ ਦਾ ਜਤਨ ਕੀਤਾ। ਉਸ ਨੇ ਬੜੀ ਸਿਆਣਪ ਨਾਲ ਸਾਰੀ ਜ਼ਿੰਮੇਵਾਰੀ ਨੂੰ ਨਿਬਾਹਿਆ।

ਸਰਦਾਰ ਜੀ ਦੀ ਆਰੰਭਕ ਤਾਲੀਮ ਹਡਾਲੀ ਦੇ ਪ੍ਰਾਇਮਰੀ ਸਕੂਲ ਵਿਚ ਹੋਈ। ਭੇਰੇ ਵਿਚ ਆਪ ਨੇ ਮਿਡਲ ਪਾਸ ਕੀਤਾ। ਉਸ ਤੋਂ ਬਾਹਦ ਸੈਂਟ੍ਰਲ ਮਾਡਲ ਸਕੂਲ ਲਾਹੌਰ ਵਿਚ ਦਾਖਲ ਹੋ ਕੇ ਮੈਟਰਿਕ ਪਾਸ ਕੀਤਾ। ਇਸ ਦੇ ਬਾਹਦ ਵਕਾਲਤ ਦੀ ਪੜ੍ਹਾਈ ਸ਼ੁਰੂ ਕੀਤੀ।

ਸਨ ੧੮੯੫ ਈ: ਵਿਚ ਸਰਦਾਰ ਜੀ ਨੂੰ ਬੈਰਿਸਟਰੀ ਪਾਸ ਕਰਨ ਲਈ ਵਲੈਤ ਭੇਜਿਆ ਗਿਆ। ਉਥੇ ਆਪ ਨੇ ਤਿੰਨ ਸਾਲ ਕਾਨੂੰਨ ਦੀ ਪੜ੍ਹਾਈ ਕਰਕੇ ਬੈਰਿਸਟਰੀ ਦਾ ਇਮਤਿਹਾਨ ਪਾਸ ਕਰ ਲਿਆ।

ਵਲੈਤ ਤੇ ਅਮਰੀਕਾ ਆਦਿਕ ਦੇਸਾਂ ਵਿਚ ਜਾ ਕੇ ਕਈ ਵਿਦਿਆਰਥੀ ਆਪਣੇ ਧਰਮ ਤੇ ਸਭਿਆਚਾਰ ਦਾ ਤਿਆਗ ਕਰ ਦਿੰਦੇ ਹਨ। ਪਰ ਸਰਦਾਰ ਜੀ ਵਲੈਤ ਵਿਚ ਰਹਿ ਕੇ ਵੀ ਸਿਖੀ ਵਿਚ ਪ੍ਰਪਕ ਰਹੇ।

ਇੰਗਲੈਂਡ ਤੋਂ ਵਾਪਸ ਆ ਕੇ ਆਪ ਨੇ ਸ਼ਾਹ ਪੁਰ ਵਿਚ ਵਕਾਲਤ ਸ਼ੁਰੂ ਕੀਤੀ। ਥੋਹੜੇ ਦਿਨਾਂ ਵਿਚ ਹੀ ਆਪ ਦੀ ਸ਼ੁਹਰਤ ਬਹੁਤ ਫੈਲ ਗਈ। ਸ਼ਾਹ ਪੁਰ ਵਿਚ ਨਿਵਾਸ ਕਰਨ ਸਮੇਂ ਆਪ ਦੇ ਉਦਮ ਨਾਲ ਇਲਾਕੇ ਵਿਚ ਕਈ ਖਾਲਸਾ ਸਕੂਲ ਤੇ ਗੁਰਦਵਾਰੇ ਕਾਇਮ ਹੋਏ।

ਸਰਦਾਰ ਜੀ ਚੀਫ਼ ਖਾਲਸਾ ਦੀਵਾਨ, ਕਈ ਧਾਰਮਿਕ ਤੇ ਵਿਦਿਅਕ ਸੰਸਥਾਵਾਂ ਦੇ ਮੈਂਬਰ ਸਨ।



Digitized by Panjab Digital Library | www.panjabdigilib.org

ਸੰਨ ੧੯੧੦ ਵਿਚ ਸਰਕਾਰ ਨੇ ਆਪ ਦੀ ਕਾਨੂੰਨੀ ਯੋਗਤਾ ਨੂੰ ਮੁਖ ਰਖ ਕੇ ਆਪ ਨੂੰ ਸਰਕਾਰੀ ਵਕੀਲ ਨੀਯਤ ਕੀਤਾ। ਇਸ ਦੌਰਾਨ ਆਪ ਪਹਿਲੇ ਫੀਰੋਜ਼ਪੁਰ ਤੇ ਬਾਹਦ ਵਿਚ ਲਾਹੌਰ ਵਿਚ ਰਹੇ। ਪੰਜਾਬ ਦੇ ਚੰਗੇ ਉਘੇ ਵਕੀਲਾਂ ਵਿਚੋਂ ਸਮਝੇ ਜਾਂਦੇ ਸਨ। ਸਰਕਾਰ ਨੇ ਆਪ ਨੂੰ 'ਸਰਦਾਰ ਬਹਾਦਰ' ਦਾ ਖਿਤਾਬ ਵੀ ਦਿਤਾ।

ਸਰਕਾਰੀ ਵਕਾਲਤ ਦੇ ਬਾਹਦ ਆਪ ੧੯੨੦ ਵਿਚ ਪੰਜਾਬ ਕੌਂਸਲ ਦੇ ਮੈਂਬਰ ਬਣੇ ਅਤੇ ਬਾਹਦ ਵਿਚ ਡਿਪਟੀ ਪਰੈਜ਼ੀਡੈਂਟ ਚੁਣ ਗਏ।

ਉਨ੍ਹਾਂ ਦਿਨਾਂ ਵਿਚ ਆਜ਼ਾਦੀ ਦੀ ਲਹਿਰ ਦੇ ਨਾਲ ਗੁਰਦਵਾਰਾ ਸੁਧਾਰ ਲਹਿਰ ਚਲ ਪਈ, ਜਿਸ ਦੇ ਮੋਢੀ ਸ: ਖੜਕ ਸਿੰਘ ਜੀ, ਝਬਾਲੀਏ ਵੀਰ ਤੇ ਹੋਰ ਕਈ ਆਗੂ ਸਨ।

੨੦ ਫਰਵਰੀ ੧੯੨੧ ਨੂੰ ਸ੍ਰੀ ਨਨਕਾਣੇ ਸਾਹਿਬ ਦਾ ਸਾਕਾ ਹੋਇਆ। ਉਸ ਮੌਕੇ ਸਰਦਾਰ ਜੀ ਅਕਾਲੀ ਲਹਿਰ ਵਿਚ ਸ਼ਾਮਲ ਹੋ ਗਏ। ਸ: ਉਤਮ ਸਿੰਘ ਜੀ ਨਨਕਾਣਾ ਸਾਹਿਬ ਦੇ ਤਾਰਾਂ ਦੇਣ ਪਰ ਬਹੁਤ ਸਾਰੇ ਮੁਖੀ ਸਿਖ ਤੇ ਸੰਗਤਾਂ ਸ੍ਰੀ ਨਨਕਾਣੇ ਸਾਹਿਬ ਪੁਜੀਆਂ। ਸ: ਬ: ਮਹਿਤਾਬ ਸਿੰਘ ਨੇ ਗਵਰਨਰ ਪੰਜਾਬ ਨਾਲ ਗਲ ਬਾਤ ਕੀਤੀ। ਫਿਰ ਮਿਸਟਰ ਕਿੰਗ ਕਮਿਸ਼ਨਰ ਲਾਹੌਰ ਨੂੰ ਨਾਲ ਲੈ ਕੇ ਸ੍ਰੀ ਨਨਕਾਣੇ ਸਾਹਿਬ ਪੁਜੇ। ਆਪ ਨੇ ਸਾਰਾ ਪ੍ਰਬੰਧ ਸੰਭਾਲਣ ਦੇ ਨਾਲ ਸਾਰਾ ਕੇਸ ਲੜਨ ਦੀ ਤਿਆਰੀ ਵੀ ਕੀਤੀ। ਸਰਕਾਰ ਵਲੋਂ ਸਾਕੇ ਦੀ ਪੜਤਾਲ ਲਈ ਜੋ ਕਮੇਟੀ ਬਣਾਈ ਗਈ, ਉਸ ਦਾ ਮੈਂਬਰ ਆਪ ਨੂੰ ਲੀਤਾ ਗਿਆ।

੨੮ ਅਗਸਤ ੧੯੨੧ ਨੂੰ ਆਪ ਲਾਹੌਰ ਵਿਚੋਂ ਸ਼ਰੋਮਣੀ ਕਮੇਟੀ ਦੇ ਮੈਂਬਰ ਚੁਣੇ ਗਏ। ਉਸੇ ਸਾਲ ਸਰ ਫਜ਼ਲ ਹੁਸੈਨ ਨੇ ਗੁਰਦਵਾਰਾ ਐਕਟ ਦਾ ਖਰੜਾ ਤਿਆਰ ਕਰਨ ਲਈ ਇਕ ਸੀਲੈਕਟ ਕਮੇਟੀ ਬਣਾਈ, ਜਿਸ ਵਿਚ ਸਰਦਾਰ ਜੀ ਨੂੰ ਲੀਤਾ ਗਿਆ।



Digitized by Panjab Digital Library | www.panjabdigilib.org

ਨਨਕਾਣਾ ਸਾਹਿਬ ਪੜਤਾਲੀਆ ਕਮੇਟੀ ਵਿਚ ਸਰਦਾਰ ਮਹਿਤਾਬ ਸਿੰਘ ਦਾ ਇਕ ਅੰਗਰੇਜ਼ ਮਿਸਟਰ ਬੋਰਿੰਗ ਨਾਲ ਮਤ ਭੇਦ ਹੋ ਗਿਆ ਅਤੇ ਗੁਰਦਵਾਰਾ ਬਿਲ ਦੇ ਖਰੜੇ ਸਬੰਧੀ ਸਰ ਫਜ਼ਲ ਹੁਸੈਨ ਨਾਲ ਵੀ ਮਤ ਭੇਦ ਹੋ ਗਿਆ। ਆਪ ਨੇ ਉਸ ਬਿਲ ਸੰਬੰਧੀ ਅਸੰਮਤੀ ਨੋਟ ਵੀ ਲਿਖਿਆ।

ਅਖੀਰ ਸਰਕਾਰ ਅਗਰੇਜ਼ੀ ਦੇ ਵਤੀਰੇ ਤੋਂ ਤੰਗ ਆ ਕੇ ਆਪ ਨੇ ੧੧ ਨਵੰਬਰ ੧੯੨੧ ਨੂੰ ਪੰਜਾਬ ਕੌਂਸਲ ਦੀ ਡਿਪਟੀ ਪਰੈਜ਼ੀਡੈਂਟੀ ਤੋਂ ਅਸਤੀਫਾ ਦੇ ਦਿਤਾ ਤੇ ਖੁਲੇ ਡੁਲੇ ਅਕਾਲੀ ਲਹਿਰ ਵਿਚ ਹਿਸਾ ਲੈਣਾ ਸ਼ੁਰੂ ਕਰ ਦਿਤਾ।

ਨਵੰਬਰ ੧੯੨੧ ਵਿਚ ਸਰਕਾਰ ਪੰਜਾਬ ਦੇ ਹੁਕਮ ਨਾਲ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਸ: ਸੁੰਦਰ ਸਿੰਘ ਰਾਮਗੜ੍ਹੀਆ ਸਰਬਰਾਹ ਸ੍ਰੀ ਦਰਬਾਰ ਸਾਹਿਬ ਤੋਂ ਚਾਬੀਆਂ ਲੈ ਲਈਆਂ। ਉਸ ਵਕਤ ਸ: ਖੜਕ ਸਿੰਘ ਜੀ ਸ਼ਰੋਮਣੀ ਕਮੇਟੀ ਦੇ ਪ੍ਰਧਾਨ ਅਤੇ ਸ: ਬ: ਮਹਿਤਾਬ ਸਿੰਘ ਸਕਤ੍ਰ ਸਨ। ਸਰਕਾਰ ਨੇ ਦੋਹਾਂ ਨੂੰ ਗ੍ਰਿਫਤਾਰ ਕਰ ਲਿਆ। ਚਾਬੀਆਂ ਦਾ ਮੋਰਚਾ ਜ਼ੋਰ ਫੜ ਗਿਆ। ਉਸ ਕੇਸ ਵਿਚ ਸ: ਮਹਿਤਾਬ ਸਿੰਘ ਨੇ ਅਦਾਲਤ ਵਿਚ ਬਿਆਨ ਦਿੰਦੇ ਹੋਏ ਕਿਹਾ—

"ਮੈਂ ਸਰਕਾਰ ਅੰਗਰੇਜ਼ੀ ਦੀ ਨਿਸਬਤ ਆਪਣੇ ਗੁਰੂ ਤੇ ਵਾਹਿਗੁਰੂ ਦਾ ਵਧੇਰੇ ਸਤਕਾਰ ਕਰਦਾ ਹਾਂ। ਸ੍ਰੀ ਦਰਬਾਰ ਸਾਹਿਬ ਦੀਆਂ ਚਾਬੀਆਂ ਖੋਹਣ ਨਾਲ ਸਾਰੇ ਸਿਖਾਂ ਦੀ ਨਿਰਾਦਰੀ ਹੋਈ ਹੈ। ਮੈਂ ਹਕੂਮਤ ਦੀ ਇਸ ਨੀਤੀ ਨੂੰ ਮੂਰਖਤਾ ਵਾਲੀ ਸਮਝਦਾ ਹਾਂ। ਮੈਂ ਇਸ ਸਬੰਧੀ ਕੀਡੇ ਗਏ ਦੀਵਾਨਾਂ ਦਾ ਜ਼ਿੰਮੇਵਾਰ ਹਾਂ ਅਤੇ ਸਰਕਾਰ ਵਲੋਂ ਦਿਤੀ ਗਈ ਸਜ਼ਾ ਨੂੰ ਪ੍ਰਸੰਨਤਾ ਨਾਲ ਭੁਗਤਣ ਲਈ ਤਿਆਰ ਹਾਂ।'

ਚਾਬੀਆਂ ਵਾਪਸ ਲੈਣ ਦਾ ਅੰਦੋਲਨ ਬਹੁਤ ਤੇਜ਼ ਹੋ ਗਿਆ। ਸਰਕਾਰ ਅੰਗਰੇਜ਼ੀ ਨੇ ਆਪਣੀ ਗਲਤੀ ਮੰਨ ਕੇ ਸ੍ਰੀ



Digitized by Panjab Digital Library | www.panjabdigilib.org

ਦਰਬਾਰ ਸਾਹਿਬ ਦੀਆਂ ਚਾਬੀਆਂ ਸ: ਖੜਕ ਸਿੰਘ ਜੀ ਪ੍ਰਧਾਨ ਸ਼ਰੋਮਣੀ ਕਮੇਟੀ ਨੂੰ ਦੇ ਦਿਤੀਆਂ। ਇਸ ਤਰ੍ਹਾਂ ਬੜੀ ਸਫਲਤਾ ਨਾਲ ਚਾਬੀਆਂ ਦਾ ਮੋਰਚਾ ਖਤਮ ਹੋਇਆ।

੧੯੨੨ ਵਿਚ ਸਰਦਾਰ ਜੀ ਦੇ ਉਦਮ ਨਾਲ ਸ੍ਰੀ ਨਨਕਾਣੇ ਸਾਹਿਬ ਵਿਚ ਸਿਖ ਮਿਸ਼ਨਰੀ ਸੁਸਾਇਟੀ ਕਾਇਮ ਕੀਤੀ ਗਈ। ਚਾਲੀ ਹਜ਼ਾਰ ਰੁਪਏ ਤੋਂ ਸਿਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਵਾਲੀ ਕੋਠੀ ਖਰੀਦੀ ਗਈ। ਜਿਸ ਵਿਚ ਅਕਤੂਬਰ ੧੯੨੭ ਵਿਚ ਮਿਸ਼ਨਰੀ ਕਾਲਜ ਜਾਰੀ ਕੀਤਾ ਗਿਆ। ਜੋ ਇਸ ਵਕਤ ਤੀਕ ਚਲ ਰਿਹਾ ਹੈ।

ਅਗਸਤ ੧੯੨੨ ਵਿਚ ਗੁਰੂ ਕੇ ਬਾਗ ਦਾ ਮੋਰਚਾ ਸ਼ੁਰੂ ਹੋ ਗਿਆ। ਸਰਕਾਰ ਨੇ ੨੬ ਅਗਸਤ ਨੂੰ ਸ਼ਰੋਮਣੀ ਕਮੇਟੀ ਦੇ ੭੫ ਮੈਂਬਰਾਂ ਨੂੰ ਗਿਫ਼ਤਾਰ ਕਰ ਲਿਆ। ਉਨ੍ਹਾਂ ਵਿਚ ਸ: ਮਹਿਤਾਬ ਸਿੰਘ ਪ੍ਰਧਾਨ ਸ਼ਰੋਮਣੀ ਕਮੇਟੀ ਵੀ ਸਨ। ਆਪ ਨੇ ਲੀਡਰ ਦੀ ਹੈਸੀਅਤ ਵਿਚ ਅਸ਼ਲਮ ਹਯਾਤ ਖਾਂ ਮਜਿਸਟਰੇਟ ਅੰਮ੍ਰਿਤਸਰ ਦੀ ਅਦਾਲਤ ਵਿਚ ਗੁਰੂ ਕੇ ਬਾਗ ਸੰਬੰਧੀ ਜੋ ਧੜਲੇਦਾਰ ਬਿਆਨ ਦਿਤਾ, ਪ੍ਰਸ਼ਨੋਤਰ ਹੋਏ, ਉਸ ਦੀ ਨਕਲ ਇਸ ਪ੍ਰਕਾਰ ਹੈ:-

ਬਿਆਨ ਸ: ਬ: ਮਹਿਤਾਬ ਸਿੰਘ ਪ੍ਰਧਾਨ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਬਾਅਦਾਲਤ ਅਸਲਮ ਹਯਾਤ ਖਾਂ ਮਜਿਸਟਰੇਟ ਮੁਕਦਮਾ ਨੰਬਰ ੫੧, ਮਿਤੀ ੪ ਸਿਤੰਬਰ ੧੯੨੨।

ਅਦਾਲਤ-ਕੀ ਤੁਸੀਂ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹੋ?

ਸ: ਜੀ ਹਾਂ।

ਅਦਾਲਤ-ਕੀ ਤੁਸੀਂ ਆਪ ਤੇ ਦੂਜੇ ਸਾਥੀਆਂ ਸਮੇਤ ੨੦-੨੬ ਅਗਸਤ ੧੯੨੨ ਦੇ ਵਿਚਕਾਰ ਗੁਰੂ ਕੇ ਬਾਗ ਨੂੰ ਅਕਾਲੀ ਜਥੇ ਭੇਜੇ ਹਨ?



Digitized by Panjab Digital Library | www.panjabdigilib.org

ਸ: ਜੀ–ਜਦ ਤੀਕ ਮੈਨੂੰ ਸ਼ਹਾਦਤ ਨਾ ਦਸੀ ਜਾਵੇ, ਜਿਸ ਰਾਹੀਂ ਇਸ ਪ੍ਰਸ਼ਨ ਦਾ ਉਤਰ ਪੁਛਿਆ ਗਿਆ ਹੈ,ਮੈਂ ਕੋਈ ਉਤਰ ਨਹੀਂ ਦੇ ਸਕਦਾ।

ਅਦਾਲਤ ਨੇ ਨੰਦ ਲਾਲ ਤੇ ਨਰਾਇਣ ਦਾਸ ਦੇ ਸਰਕਾਰੀ ਗਵਾਹਾਂ ਦੇ ਬਿਆਨ ਪੜ੍ਹ ਕੇ ਸੁਣਾਏ। ਸ: ਜੀ ਨੇ ਕਿਹਾ – "ਇਹ ਝੂਠੇ ਹਨ ਅਤੇ ਪੁਲੀਸ, ਦੇ ਬਿਆਨਾਂ ਦੇ ਉਲਟ ਹਨ।

ਪ੍ਰਸ਼ਨ—ਕੀ ਤੁਸੀਂ ਆਪ ਜਾਂ ਦੂਜੇ ਦੋਸ਼ੀਆਂ ਸਮੇਤ ੨੦-- ੨੬ ਅਗਸਤ ਦੇ ਵਿਚਕਾਰ ਅਕਾਲੀਆਂ ਨੂੰ ਗੁਰੂ ਕੇ ਬਾਗ ਜਾ ਕੇ ਲਕੜਾਂ ਵਢਣ ਜਾਂ ਦਖਲ ਦੇਣ ਲਈ ਇਸ਼ਤਿਆਲ ਦੁਆਇਆ ਹੈ?

ਉਤਰ—ਮੈਂ ਜ਼ਿੰਦਗੀ ਭਰ ਕਦੀ ਗੁਰੂ ਕੇ ਬਾਗ ਨਹੀਂ ਗਿਆ।

ਪ੍ਰਸ਼ਨ–ਕੀ ਤੁਸੀਂ ੨੫ ਅਗਸਤ ੧੯੨੨ ਦੇ ਦੀਵਾਨ ਵਿਚ ਮੌਜੂਦ ਸੀ, ਜਿਸ ਵਿਚ ਬਾਬਾ ਕੇਹਰ ਸਿੰਘ ਅਕਾਲੀਆਂ ਦੇ ਜਥੇ ਦਾ ਆਗੂ ਬਣ ਕੇ ਗੁਰੂ ਕੇ ਬਾਗ ਨੂੰ ਗਿਆ ਸੀ?

ਉਤਰ–ਮੈਂ ਮੌਜੂਦ ਸੀ।

ਪ੍ਰਸ਼ਨ–ਕੀ ਤੁਸੀਂ ੨੬ ਅਗਸਤ ੧੯੨੨ ਨੂੰ ਅਕਾਲੀਆਂ ਦੇ ਦੀਵਾਨ ਵਿਚ ਗੁਰੂ ਕੇ ਬਾਗ ਸੰਬੰਧੀ ਤਕਰੀਰ ਕੀਤੀ ਅਤੇ ਬਿਆਨ ਕੀਤਾ ਕਿ ਜੋ ਕੁਝ ਗੁਰੂ ਕੇ ਬਾਗ ਵਿਚ ਹੋਇਆ ਹੈ, ਉਸ ਲਈ ਅਸੀਂ ਜ਼ਿੰਮੇਵਾਰ ਨਹੀਂ।

ਉਤਰ–੩੧ ਜਨਵਰੀ ੧੯੨੧ ਤੋਂ ਇਸ ਗੁਰਦਵਾਰੇ ਦਾ ਪ੍ਰਬੰਧ ਸ਼ਰੋਮਣੀ ਕਮੇਟੀ ਦੇ ਅਧਿਕਾਰ ਵਿਚ ਹੈ। ੭ ਅਗਸਤ ੧੯੨੧ ਤੋਂ ਮਹੰਤ ਬਹਸੀਅਤ ਕਾਰਿੰਦਾ ਕੰਮ ਕਰਦਾ ਰਿਹਾ ਹੈ। ਉਸ ਦੇ ਪਿਛੋਂ ਸ਼ਰੋਮਣੀ ਕਮੇਟੀ ਕਦੀ ਕਿਸੇ ਜਥੇ ਤੇ ਕਦੀ ਕਿਸੇ ਕੋਲੋਂ ਪ੍ਰਬੰਧ ਕਰਵਾਉਂਦੀ ਰਹੀ ਹੈ। ਇਸ ਲਈ ਸ਼ਰੋਮਣੀ ਕਮੇਟੀ ਇਸ ਦੇ ਪ੍ਰਬੰਧ ਤੇ ਕਬਜ਼ੇ ਦੀ ਜ਼ਿੰਮੇਵਾਰ ਹੈ। ਉਹ ਤਸਲੀਮ



Digitized by Panjab Digital Library | www.panjabdigilib.org

ਨਹੀਂ ਕਰਦੀ ਕਿ ਕਿਸੇ ਅਕਾਲੀ ਨੇ ਗੁਰੂ ਕੇ ਬਾਗ ਵਿਚ ਕੋਈ ਜੁਰਮ ਕੀਤਾ ਹੈ। ਕਿਉਂਕਿ ਇਹ ਹਰੇਕ ਸਿਖ ਦਾ ਫਰਜ਼ ਅਤੇ ਹੱਕ ਹੈ ਕਿ ਉਹ ਗੁਰੂ ਕੇ ਲੰਗਰ ਲਈ ਗੁਰਦਵਾਰੇ ਦੀ ਜ਼ਮੀਨ ਵਿਚੋਂ ਲਕੜੀਆਂ ਲਿਆਵੇ ਅਤੇ ਗੁਰਦਵਾਰੇ ਦੀ ਸੇਵਾ ਕਰੇ।

ਪ੍ਰਸ਼ਨ--ਤੁਸੀਂ ਕੁਝ ਹੋਰ ਕਹਿਣਾ ਚਾਹੁੰਦੇ ਹੋ?

ਉੱਤਰ--ਲੋੜ ਪਈ ਤਾਂ ਮੈਂ ਲਿਖਤੀ ਬਿਆਨ ਦੇਵਾਂਗਾ।

ਗੁਰੂ ਕੇ ਬਾਗ ਦਾ ਸਤਿਆਗ੍ਰਹਿ ਵੀ ਬਹੁਤ ਜ਼ੋਰ ਫੜ ਗਿਆ। ਉਸ ਨੇ ਸਾਰੇ ਪੰਥ ਤੇ ਦੇਸ਼ ਨੂੰ ਇਕ ਹਲੂਣਾ ਦੇ ਦਿਤਾ। ਅਖੀਰ ਸਰਕਾਰ ਝੁਕ ਗਈ, ਗੁਰੂ ਕੇ ਬਾਗ ਦਾ ਮੋਰਚਾ ਵੀ ਸਫਲਤਾ ਨਾਲ ਸਮਾਪਤ ਹੋਇਆ।

ਜੂਨ ੧੯੨੩ ਵਿਚ ਅੰਮ੍ਰਿਤ ਸਰੋਵਰ ਦੀ ਕਾਰ ਸੇਵਾ ਹੋਈ। ਉਸ ਮੌਕੇ ਪਿਪਲੀ ਸਾਹਿਬ ਤੋਂ ਲੈ ਕੇ ਸ੍ਰੀ ਦਰਬਾਰ ਸਾਹਿਬ ਤੀਕ ਇਕ ਸ਼ਾਨਦਾਰ ਜਲੂਸ ਨਿਕਲਿਆ। ਕਾਰ ਸੇਵਾ ਦਾ ਪ੍ਰਬੰਧ ਕਰਨ ਵਾਲੇ ਮੁਖੀਆਂ ਵਿਚੋਂ ਸ: ਮਹਿਤਾਬ ਸਿੰਘ ਇਕ ਸਨ। ਉਹ ਇਕਠ ਇਤਿਹਾਸਕ ਸੀ।

੯ ਜੁਲਾਈ ੧੯੨੩ ਨੂੰ ਸਰਕਾਰ ਅੰਗਰੇਜ਼ੀ ਨੇ ਮਹਾਰਾਜਾ ਰਿਪੁਦਮਨ ਸਿੰਘ ਨਾਭਾ ਨੂੰ ਗਦੀਓਂ ਲਾਹ ਦਿਤਾ। ਭਾਵੇਂ ਉਸ ਦਾ ਕਾਰਨ ਨਾਭੇ ਤੇ ਪਟਿਆਲੇ ਦਾ ਝਗੜਾ ਸੀ। ਪਰ ਇਸ ਨਾਲ ਸਾਰੇ ਸਿਖਾਂ ਵਿਚ ਜੋਸ਼ ਪੈਦਾ ਹੋ ਗਿਆ। ਬਹੁਤ ਸਾਰੇ ਅਕਾਲੀ ਲੀਡਰ ਮਹਾਰਾਜਾ ਨਾਭਾ ਦੇ ਹਕ ਵਿਚ ਸਨ। ਉਸ ਵਕਤ ਸ: ਖੜਕ ਸਿੰਘ ਜੀ ਜੇਹਲ ਵਿਚ ਸਨ ਤੇ ਸ: ਮਹਿਤਾਬ ਸਿੰਘ ਸ਼ਰੋਮਣੀ ਕਮੇਟੀ ਦੇ ਪ੍ਰਧਾਨ ਸਨ। ਆਪ ਦੀ ਰਾਇ ਸੀ ਕਿ ਮਹਾਰਾਜੇ ਦਾ ਮਾਮਲਾ ਰਾਜਸੀ ਹੈ, ਇਸ ਵਿਚ ਸ਼ਰੋਮਣੀ ਕਮੇਟੀ ਨੂੰ ਨਹੀਂ ਉਲਝਣਾ ਚਾਹੁੰਦਾ। ਪਰ ਹਾਲਾਤ ਅਜਿਹੇ ਬਣ ਗਏ ਕਿ ਸ਼ਰੋਮਣੀ ਕਮੇਟੀ ਨੂੰ ਉਸ ਵਿਚ ਉਲਝਣਾ ਪੈ ਗਿਆ। ਇਸ ਪਰ ੧੨ ਅਕਤੂਬਰ ੧੯੨੩ ਨੂੰ ਸਰਕਾਰ ਨੇ ਸ਼ਰੋਮਣੀ ਕਮੇਟੀ



Digitized by Panjab Digital Library | www.panjabdigilib.org

ਤੇ ਅਕਾਲੀ ਦਲ ਨੂੰ ਕਾਨੂੰਨ ਵਿਰੁਧ ਕਰਾਰ ਦੇ ਦਿਤਾ। ਸ: ਬ: ਮਹਿਤਾਬ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੂੰ ਗ੍ਰਿਫਤਾਰ ਕਰ ਲਿਆ। ਉਨ੍ਹਾਂ ਵਿਰੁਧ ਜ਼ੇਰ ਦਫ਼ਾ ੧੨੧-੧੨੪, ੧੭ ਏ. ਤੇ ਬੀ. ਬਾਦਸ਼ਾਹ ਅਤੇ ਸਰਕਾਰ ਵਿਰੁਧ ਸਾਜਸ਼ ਕਰਨ ਦੇ ਦੋਸ ਵਿਚ ਮੁਕਦਮਾ ਚਲਾਇਆ ਗਿਆ। ਪਹਿਲੇ ਇਹ ਕੇਸ ਅੰਮ੍ਰਿਤਸਰ ਜੇਹਲ ਵਿਚ ਕੀਤਾ ਗਿਆ। ਫਿਰ ਲਾਹੌਰ ਕਿਲੇ ਵਿਚ ਮੁੰਤਕਿਲ ਕੀਤਾ ਗਿਆ। ਇਹ ਕੇਸ ੧੯੨੬ ਤੀਕ ਚਲਦਾ ਰਿਹਾ। ਗੁਰਦਵਾਰਾ ਐਕਟ ੧੯੨੫ ਬਣਨ ਪਰ ਜੈਤੋ ਦੇ ਮੋਰਚੇ ਤੇ ਅਕਾਲੀ ਲੀਡਰ ਕੇਸ ਦਾ ਅੰਤ ਹੋਇਆ।

ਗੁਰਦਵਾਰਾ ਐਕਟ ਪੰਜਾਬ ਕੌਂਸਲ ਦੇ ਸਿਖ ਮੈਂਬਰਾਂ, ਲਾਹੌਰ ਕਿਲੇ ਵਿਚ ਬੰਦ ਅਕਾਲੀ ਲੀਡਰਾਂ ਤੇ ਸ਼ਰੋਮਣੀ ਕਮੇਟੀ ਦੀਮਰਜ਼ੀ ਨਾਲ ਬਣਿਆ ਸੀ। ਪਰ ਸ੍ਰਕਾਰ ਨੇ ਲਾਹੌਰ ਕਿਲੇ ਦੇ ਆਗੂਆਂ ਨੂੰ ਗੁਰਦਵਾਰਾ ਐਕਟ ਮੰਨਣ ਬਾਰੇ ਸ਼ਰਤਨਾਮਾਂ ਪੇਸ਼ ਕੀਤਾ। ਜਦ ਸ: ਬ: ਮਹਿਤਾਬ ਸਿੰਘ ਨੇ ਸ਼ਰੋਮਣੀ ਕਮੇਟੀ ਦੇ ਪਹਿਲੇ ਜਥੇ ਦੇ ਆਗੂ ਦੀ ਹੈਸੀਅਤ ਵਿਚ ਅਦਾਲਤ ਵਿਚ ਬਿਆਨ ਦਿਤਾ--'ਅਸੀਂ ਗੁਰਦਵਾਰਾ ਐਕਟ ਨੂੰ ਪ੍ਰਵਾਨ ਕਰਦੇ ਹਾਂ।' ਇਸ ਪਰ ਸਰਦਾਰ ਜੀ ਤੇ ਆਪ ਦੇ ਕੁਝ ਸਾਥੀਆਂ ਨੂੰ ਰਿਹਾ ਕਰ ਦਿਤਾ ਗਿਆ। ਕੁਝ ਸਜਨਾਂ ਨੇ ਸਰਦਾਰ ਜੀ ਨੂੰ ਬਦਨਾਮ ਕਰਨ ਤੇ ਸ਼ਰੋਮਣੀ ਕਮੇਟੀ ਵਿਚ ਤਾਕਤ ਹਾਸਲ ਕਰਨ ਲਈ ਇਹ ਪ੍ਰਾਪੇਗੰਡਾ ਕੀਤਾ-- ਸ: ਮਹਿਤਾਬ ਸਿੰਘ ਗੁਰ-ਦਵਾਰਾ ਐਕਟ ਤੇ ਸ਼ਰਤਾਂ ਮੰਨ ਕੇ ਰਿਹਾ ਹੋਏ ਹਨ।' ਇਸ ਕਰਕੇ ਅਕਾਲੀਆਂ ਵਿਚ ਦੋ ਪਾਰਟੀਆਂ ਬਣ ਗਈਆਂ—ਇਕ ਸਰਦਾਰ ਬਹਾਦਰ ਪਾਰਟੀ ਤੇ ਦੂਜੀ ਅਕਾਲੀ ਪਾਰਟੀ। ਜਿਸ ਦੇ ਮੁਖੀ ਮਾਸਟਰ ਤਾਰਾ ਸਿੰਘ ਸਨ।

ਗੁਰਦਵਾਰਾ ਐਕਟ ਅਨੁਸਾਰ ੧੯੨੭ ਵਿਚ ਪਹਿਲੀ ਗੁਰਦਵਾਰਾ ਚੋਣ ਲੜੀ ਗਈ। ਐਕਟ ਨੂੰ ਅਮਲੀ ਤੌਰ ਤੇ ਦੋਹਾਂ



Digitized by Panjab Digital Library | www.panjabdigilib.org

ਪਾਰਟੀਆਂ ਨੇ ਮੰਨ ਲਿਆ। ਪਰ ਗੁਰਦਵਾਰਾ ਐਕਟ ਮੰਨਣ ਨਾਂ ਮੰਨਣ ਦਾ ਝਗੜਾ ਕਈ ਸਾਲ ਚਲਦਾ ਰਿਹਾ। ਸ਼੍ਰੋਮਣੀ ਕਮੇਟੀ ਵਿਚ ਪਾਰਟੀਬਾਜ਼ੀ ਜਾਰੀ ਰਹੀ। ਨਵੀਂ ਚੋਣ ਵਿਚ ਅਕਾਲੀ ਪਾਰਟੀ ਅਗੇ ਆ ਗਈ। ਸ: ਬਹਾਦਰ ਪਾਰਟੀ ਦੀ ਘਟ ਗਿਣਤੀ ਆਈ। ਪਰ ਉਸ ਦੇ ਨਾਲ ਰਿਆਸਤੀ ਮੈਂਬਰ ਵੋਟ ਕਾਰਦੇ ਸਨ।

੧੭ ਨਵੰਬਰ ੧੯੨੬ ਨੂੰ ਗੁਰਦਵਾਰਾ ਐਕਟ ਅਨੁਸਾਰ ਨਵੀਂ ਚੁਣੀ ਸ਼੍ਰੋਮਣੀ ਕਮੇਟੀ ਨੇ ਪੁਰਾਣੀ ਕਮੇਟੀ ਪਾਸੋਂ ਚਾਰਜ ਲੈਣਾ ਆਰੰਭ ਕੀਤਾ। ਜੋ ੪ ਦਸੰਬਰ ੧੯੨੬ ਨੂੰ ਮੁਕੰਮਲ ਹੋਇਆ। ਉਸ ਸਮੇਂ ਵੀ ਦੋਹਾਂ ਪਾਰਟੀਆਂ ਵਿਚਕਾਰ ਕਾਫ਼ੀ ਖਿਚੋਤਾਣ ਹੋਈ।

ਜੇਹੜੇ ਸਜਨ ਸ: ਮਹਿਤਾਬ ਸਿੰਘ ਪਾਰਟੀ ਨੂੰ ਗੁਰਦਵਾਰਾ ਐਕਟ ਤੇ ਸ਼ਰਤਾਂ ਮੰਨੂ ਕਹਿ ਕੇ ਭੰਡਦੇ ਸਨ, ਉਨ੍ਹਾਂ ਨੂੰ ਪਿਛੋਂ ਕਿਹਾ ਗਿਆ ਕਿ ਗੁਰਦਵਾਰਾ ਐਕਟ ਕਿਉਂ ਨਹੀਂ ਤੋੜਦੇ? ਉਨਾਂ ਦਾ ਜੁਆਬ ਸੀ:—'ਇਹ ਐਕਟ ਬੜੀਆਂ ਕੁਰਬਾਨੀਆਂ ਨਾਲ ਪ੍ਰਾਪਤ ਕੀਤਾ ਗਿਆ ਹੈ, ਇਸ ਨੂੰ ਕਿਵੇਂ ਤੋੜਿਆ ਜਾ ਸਕਦਾ ਹੈ।'

ਉਸ ਪਾਰਟੀਬਾਜ਼ੀ ਵਿਚ ਸ: ਜੀ ਨੂੰ ਬਹੁਤ ਬਦਨਾਮ ਕੀਤਾ ਗਿਆ। ਪਰ ਉਨਾਂ ਨੇ ਪੰਥਕ ਸੇਵਾ ਤੋਂ ਮੁਖ ਨਹੀਂ ਮੋੜਿਆ। ਸ: ਬਹਾਦਰ ਪਾਰਟੀ ਦੇ ਥੰਮ੍ਹ ਗਿਆਨੀ ਸ਼ੇਰ ਸਿੰਘ ਸਨ। ਉਹ ਸਿੰਘ ਸਭਾ ਲਹਿਰ ਦੀ ਉਪਜ, ਬਹੁਤ ਚੰਗੇ ਵਿਦਵਾਨ, ਆਹਲਾ ਦਰਜੇ ਦੇ ਬੋਲਣ ਤੇ ਲਿਖਣ ਵਾਲੇ ਸਨ। ਉਨਾਂ ਨੇ ਸਿਖ ਜਨਤਾ ਵਿਚ ਸਟੇਜ ਤੇ ਪ੍ਰੈਸ ਰਾਹੀਂ ਮਾਸਟਰ ਤਾਰਾ ਸਿੰਘ ਦੀ ਅਕਾਲੀ ਪਾਰਟੀ ਦਾ ਟਾਕਰਾ ਕੀਤਾ। ਮਾਸਟਰ ਜੀ ਨੂੰ ਕੁਝ ਚਿਰ ਲਈ ਗੁਪਤ ਵਾਸ ਕਰਨ ਪਰ ਮਜਬੂਰ ਕਰ ਦਿਤਾ।

ਸ: ਬਹਾਦਰ ਮਹਿਤਾਬ ਸਿੰਘ ਉਚੇ ਖਾਨਦਾਨ ਦੇ, ਚੋਟੀ



Digitized by Panjab Digital Library | www.panjabdigilib.org

ਦੇ ਵਕੀਲ, ਦੂਰ ਅੰਦੇਸ਼ ਸਿਆਣੇ—ਪੰਜਾਬ ਕੌਂਸਲ ਦੀ ਡਿਪਟੀ ਸਪੀਕਰੀ ਛਡ ਕੇ ਅਕਾਲੀ ਲਹਿਰ ਵਿਚ ਸ਼ਾਮਲ ਹੋਣ ਵਾਲੇ ਸਨ। ਇਸ ਤੋਂ ਬਿਨਾ ਬੜੇ ਦਿਆਨਤਦਾਰ ਸਨ। ਉਨਾਂ ਨੇ ਗੁਰਦਵਾਰਾ ਫੰਡਜ਼ ਦੀ ਨਿਜੀ ਕੰਮਾਂ ਲਈ ਵਰਤੋਂ ਨਹੀਂ ਕੀਤੀ, ਬਲਕਿ ਬੜੀ ਦਿਆਨਤਦਾਰੀ ਨਾਲ ਵਰਤਿਆ ਹੈ। ਜਿਸ ਦੀ ਇਕ ਮਿਸਾਲ ਪੇਸ਼ ਕਰਦੇ ਹਾਂ। ਇਕ ਵੇਰ ਸ: ਜੀ ਅੰਮ੍ਰਿਤਸਰ ਜੇਹਲ ਵਿਚ ਸਨ। ਕੁਝ ਦਿਨ ਬਾਹਰੋਂ ਹੋਟਲ ਵਿਚੋਂ ਮੰਗਵਾ ਕੇ ਰੋਟੀ ਖਾਂਦੇ ਰਹੇ। ਸ਼ਰੋਮਣੀ ਕਮੇਟੀ ਦੇ ਇਕ ਪ੍ਰਬੰਧਕ ਨੇ ਆਪ ਨੂੰ ਕਿਹਾ—"ਇਹ ਬਿਲ ਅਸੀਂ ਸ਼ਰੋਮਣੀ ਕਮੇਟੀ ਵਲੋਂ ਤਾਰ ਦਿਆਂਗੇ।"

ਸ੍ਰਦਾਰ ਜੀ ਨੇ ਉਤਰ ਦਿਤਾ—"ਇਹ ਮੇਰਾ ਨਿਜੀ ਖਰਚ ਹੈ। ਜੇ ਮੈਂ ਬਾਹਰ ਹੁੰਦਾ ਤਦ ਵੀ ਤਾਂ ਰੋਟੀ ਖਾਣੀ ਹੀ ਸੀ। ਇਹ ਬਿਲ ਮੈਂ ਆਪਣੀ ਜੇਬ ਚੋਂ ਤਾਰਨਾ ਹੈ।" ਅਤੇ ਤਾਰਿਆ।

ਇਹ ਉਨਾਂ ਲੀਡਰਾਂ ਦਾ ਆਚਰਨ ਸੀ, ਜਿਨਾਂ ਨੇ ਗੁਰਦ-ਵਾਰਾ ਸੁਧਾਰ ਲਹਿਰ ਨੂੰ ਚਲਾਇਆ ਤੇ ਕੁਰਬਾਨੀਆਂ ਦੇ ਕੇ ਗੁਰਦਵਾਰਿਆਂ ਨੂੰ ਪੰਥਕ ਪ੍ਰਬੰਧ ਹੇਠ ਲਿਆਂਦਾ। ਉਸ ਲਹਿਰ ਨੂੰ ਸਫਲ ਬਣਾਇਆ। ਪੰਜਾਹ ਸਾਲ ਦੇ ਬਾਅਦ ਅਜ ਇਹ ਹਾਲਤ ਹੈ ਕਿ ਸ਼ਰੋਮਣੀ ਕਮੇਟੀ ਦੇ ਕਈ ਆਦਮੀ ਗੁਰਦਵਾਰਾ ਫੰਡਜ਼ ਚੋਂ ਖਾਣਾ ਹੱਕ ਸਮਝਦੇ ਹਨ। ਕਈ ਇਹ ਕਹਿੰਦੇ ਸੁਣੇ ਹਨ "ਦਸੋ ਜੇ ਗੁਰੂ ਘਰੋਂ ਨਹੀਂ ਖਾਣਾ ਤਾਂ ਕਿਥੋਂ ਖਾਣਾ ਹੈ।" ਗੁਰਦਵਾਰਾ ਜੁਡੀਸ਼ਲ ਕਮੀਸ਼ਨ ਵਿਚ ਲਖਾਂ ਰੁਪਏ ਗਬਨ ਕਰਨ ਦੇ ਕੇਸ ਚਲਦੇ ਹਨ।

ਸਰਦਾਰ ਜੀ ਗੁਰਦਵਾਰਿਆਂ ਦੀ ਮ੍ਰਯਾਦਾ ਨੂੰ ਕਾਇਮ ਰਖਣ ਦੇ ਕਿਤਨੇ ਪਾਬੰਦ ਸਨ? ਇਸ ਦੀ ਇਕ ਮਿਸਾਲ ਪੇਸ਼ ਕਰਦੇ ਹਾਂ।

ਕਹਿੰਦੇ ਹਨ ਕਿ ਇਕ ਵੇਰ ਸ੍ਰਦਾਰ ਜੀ ਰਾਤ ਸਮੇਂ ਸ੍ਰੀ



Digitized by Panjab Digital Library | www.panjabdigilib.org

ਦਰਬਾਰ ਸ ਹਿਬ ਦੇ ਦਰਸ਼ਨ ਕਰਨ ਲਈ ਗਏ। ਕਿਵਾੜ ਬੰਦ ਹੋ ਚੁਕੇ ਸਨ। ਦਰਸ਼ਨੀ ਡਿਉਢੀ ਦੇ ਸੇਵਾਦਾਰ ਨੂੰ ਕਹਿਣ ਲਗੇ—"ਅਸੀਂ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਕਰਨ ਲਈ ਜਾਣਾ ਹੈ।" ਉਸ ਨੇ ਕਿਹਾ:—"ਕਿਵਾੜ ਬੰਦ ਹੋ ਚੁਕੇ ਹਨ। ਆਪ ਨਹੀਂ ਜਾ ਸਕਦੇ।"

ਉਸ ਨੂੰ ਕਹਿਣ ਲਗੇ "ਮੈਂ ਸ਼ਰੋਮਣੀ ਕਮੇਟੀ ਦਾ ਪ੍ਰਧਾਨ ਹਾਂ।" ਸੇਵਾਦਾਰ ਨੇ ਉਤਰ ਦਿਤਾ: ਬੇਸ਼ਕ ਹੋਵੇ। ਮਰਯਾਦਾ ਦਾ ਉਲੰਘਨ ਨਹੀਂ ਕੀਤਾ ਜਾ ਸਕਦਾ। ਦੂਜੇ ਦਿਨ ਉਸ ਸੇਵਾਦਾਰ ਨੂੰ ਸੱਦ ਕੇ ਆਪ ਨੇ ਸ਼ਾਬਾਸ਼ ਤੇ ਇਨਾਮ ਦਿਤਾ।

ਰਾਜਨੀਤਕ ਦ੍ਰਿਸ਼ਟੀ ਕੋਣ ਨਾਲ ਸ: ਮਹਿਤਾਬ ਸਿੰਘ ਮਾਡਰੇਟ ਲੀਡਰ ਸਨ। ਉਨਾਂ ਨੇ ਹੋਰ ਕਈ ਅਕਾਲੀ ਲੀਡਰਾਂ ਵਾਂਗ ਕਾਂਗਰਸ ਜਾਂ ਅਜ਼ਾਦੀ ਦੀ ਲਹਿਰ ਵਿਚ ਕੋਈ ਖਾਸ ਹਿਸਾ ਨਹੀਂ ਲਿਆ। ਪਿਛੇ ਸ: ਖੜਕ ਸਿੰਘ ਜੀ ਦੇ ਜੀਵਨ ਵਿਚ ਟੂਕ ਮਾਤਰ ਦਸ ਆਏ ਹਾਂ ਕਿ ੧੯੨੯ ਵਿਚ ਜਦ ਪੰਡਤ ਜਵਾਹਰ ਲਾਲ ਨਹਿਰੂ ਦੀ ਪ੍ਰਧਾਨਗੀ ਹੇਠ ਕਾਂਗਰਸ ਦਾ ਇਜ-ਲਾਸ ਰਾਵੀ ਦੇ ਕੰਢੇ ਲਾਹੌਰ ਵਿਚ ਹੋਇਆ, ਜਿਸ ਵਿਚ ਮੁਕੰਮਲ ਅਜ਼ਾਦੀ ਦਾ ਮਤਾ ਪਾਸ ਕੀਤਾ ਗਿਆ, ਉਸ ਮੌਕੇ ਕਾਂਗਰਸ ਦੇ ਮੁਕਾਬਲੇ ਪਰ ਸ: ਖੜਕ ਸਿੰਘ ਦੀ ਪ੍ਰਧਾਨਗੀ ਹੇਠ ਜੋ ਕਾਨਫ੍ਰੰਸ ਕੀਤੀ ਗਈ, ਪੰਡਤ ਨਹਿਰੂ ਦੇ ਮੁਕਾਬਲੇ ਪਰ ਜਲੂਸ ਕਢਿਆ ਗਿਆ, ਦਫਤਰ ਸ਼ਰੋਮਣੀ ਕਮੇਟੀ ਚੌਂਬੁਰਜੀ ਲਾਹੌਰ ਵਿਚ ਕਾਂਗ੍ਰਸੀ ਲੀਡਰਾਂ ਤੇ ਸ: ਖੜਕ ਸਿੰਘ ਜੀ ਦੀ ਮੁਲਾਕਾਤ ਅਫਸਲ ਹੋਈ, ਦਸਿਆ ਜਾਂਦਾ ਹੈ ਕਿ ਸ: ਮਹਿਤਾਬ ਸਿੰਘ ਦਾ ਇਸ ਦੇ ਪਿਛੇ ਹੱਥ ਸੀ ਤੇ ਗਵਰਨਰ ਪੰਜਾਬ ਦੀ ਨੀਤੀ ਕੰਮ ਕਰ ਰਹੀ ਸੀ।

ਇਹ ਗਲ ਸਮਝ 'ਚ ਨਹੀਂ ਆਉਂਦੀ ਕਿ ਇਹ ਕਿਉਂ ਹੋਇਆ? ਜਦ ਕਿ ਕਾਂਗਰਸ ਨੇ ਸਾਰੀ ਅਕਾਲੀ ਲਹਿਰ ਵਿਚ ਸ਼ਰੋਮਣੀ ਕਮੇਟੀ ਤੇ ਅਕਾਲੀ ਦਲ ਦੀ ਮਦਦ ਕੀਤੀ। ਅਕਾਲੀਆਂ



Digitized by Panjab Digital Library | www.panjabdigilib.org

ਨੇ ਕਾਂਗਰਸ ਨਾਲ ਮਿਲ ਕੇ ਦੇਸ ਦੀ ਅਜ਼ਾਦੀ ਲਈ ਕੰਮ ਕੀਤਾ ਹੈ।

ਜਦ ਗੁਰੂ ਕੇ ਬਾਗ ਦੇ ਮੋਰਚੇ ਵਿਚ ਗੋਰਾਸ਼ਾਹੀ ਸਿੱਖਾਂ ਪਰ ਅਕਹਿ ਜ਼ੁਲਮ ਕਰ ਰਹੀ ਸੀ, ਬੀਟੀ ਸਿੰਘਾਂ ਨੂੰ ਡਾਂਗਾਂ ਮਾਰ ਰਿਹਾ ਸੀ, ਛਾਤੀਆਂ ਤੇ ਘੋੜੇ ਦੁੜਾਉਂਦਾ ਸੀ, ਉਸ ਵਕਤ ਕਾਂਗਰਸ ਦੇ ਨੇਤਾ ਪੰਡਤ ਮਦਨ ਮੋਹਨ ਮਾਲਵੀ, ਹਕੀਮ ਅਜਮਲ ਖ਼ਾਂ, ਸੁਆਮੀ ਸ਼ਰਧਾ ਨੰਦ, ਡਾਕਟਰ ਕਿਚਲੂ, ਲਾਲਾ ਦੁਨੀ ਚੰਦ ਗੁਰੂ ਕੇ ਬਾਗ ਵਿਚ ਗਏ। ਪੰਡਤ ਮੋਤੀ ਲਾਲ ਤੇ ਸੀ. ਆਰ. ਦਾਸ ਨੇ ਆਪਣੀਆਂ ਸੇਵਾਵਾਂ ਪੇਸ਼ ਕੀਤੀਆਂ। ਸਰਬ ਹਿੰਦ ਕਾਂਗਰਸ ਨੇ ੧੭ ਸਤੰਬਰ ੧੯੨੨ ਨੂੰ ਮਤਾ ਕਰਕੇ ਗੁਰੂ ਕਾ ਬਾਗ ਪੜਤਾਲੀਆ ਕਮੇਟੀ ਕਾਇਮ ਕੀਤੀ, ਜਿਸ ਦੇ ਚੇਅਰਮੈਨ ਸ੍ਰੀ ਨਿਵਾਸ ਆਇੰਗਰ ਸਾਬਕ ਐਡਵੋਕੇਟ ਜਨਰਲ ਮਦਰਾਸ, ਮੈਂਬਰ ਸਨ—ਸ੍ਰੀ ਜੇ. ਐਮ. ਸੈਨ ਗੁਪਤਾ ਬੈਰਿਟਰ ਕਲਕਤਾ, ਪਾਦਰੀ ਸਟੋਕਸ, ਸ੍ਰੀ ਅਭਿਅਕਰ ਬੈਰਿਸਟਰ ਨਾਗਪੁਰ, ਮੌਲਵੀ ਮੁਹੰਮਦ ਤੱਕੀ (ਦਿਲੀ) ਤੇ ਪ੍ਰੋਫੈਸਰ ਰੁਚੀ ਰਾਮ ਸਾਹਨੀ ਇਸ ਕਮੇਟੀ ਦੇ ਸਕਤ੍ਰ ਸਨ। ਇਸ ਪੜਤਾਲੀਆ ਕਮੇਟੀ ਨੇ ੧੧੦ ਮੌਕੇ ਦੀਆਂ ਗਵਾਹੀਆਂ ਲੈ ਕੇ ੩੫੨ ਸਫੇ ਦੀ ਅੰਗਰੇਜ਼ੀ ਵਿਚ ਰਪੋਰਟ ਪ੍ਰਕਾਸ਼ਤ ਕੀਤੀ। ਜਿਸ ਵਿਚ ੪੪ ਤਸਵੀਰਾਂ ਵੀ ਦਿਤੀਆਂ ਹਨ। ਇਹ ਰਪੋਰਟ ਗੁਰੂ ਕੇ ਬਾਗ ਦੇ ਮੋਰਚੇ ਦਾ ਸ਼ਾਨਦਾਰ ਰੀਕਾਰਡ ਹੈ।

੧੯੨੩ ਵਿਚ ਮਹਾਰਾਜਾ ਨਾਭਾ ਨੂੰ ਗਦੀਉਂ ਉਤਾਰਨ ਦੇ ਬਾਅਦ ਜਦ ਸਰਕਾਰ ਅੰਗਰੇਜ਼ੀ ਨੇ ਸ਼ਰੋਮਣੀ ਕਮੇਟੀ ਤੇ ਅਕਾਲੀ ਦਲ ਨੂੰ ਕਾਨੂੰਨ ਵਿਰੁਧ ਕਰਾਰ ਦੇ ਕੇ ਸਾਰੇ ਲੀਡਰਾਂ ਨੂੰ ਗ੍ਰਿਫਤਾਰ ਕਰ ਲਿਆ, ਉਸ ਵਕਤ ਕੋਕਾਨਾਡਾ (ਮਦਰਾਸ) ਵਿਚ ਕਾਂਗਰਸ ਨੇ ਆਪਣੇ ਇਜਲਾਸ ਵਿਚ ਸਿਖਾਂ ਨਾਲ ਹਮਦਰਦੀ ਪ੍ਰਗਟ ਕੀਤੀ। ੧੯੨੪ ਵਿਚ ਜੈਤੋ ਦੇ ਮੋਰਚੇ ਸਮੇਂ ਪੰਡਤ ਜਵਾਹਰ ਲਾਲ ਨਹਿਰੂ ਕੇ. ਸੰਤਾਨਮ, ਪ੍ਰੋਫੈਸਰ ਗਿਡਵਾਨੀ ਤੇ ਕਿਚਲੂ



Digitized by Panjab Digital Library | www.panjabdigilib.org

ਗ੍ਰਿਫਤਾਰ ਤੇ ਕੈਦ ਹੋਏ।*

ਲਾਹੌਰ ਕਾਂਗਰਸ ਦੇ ਮੌਕੇ ਜੋ ਕੁਝ ਕੀਤਾ ਗਿਆ, ਉਸ ਨੇ ਕੌਮ ਪ੍ਰਸਤ ਲੋਕਾਂ ਵਿਚ ਨਿਰਾਸ਼ਤਾ ਪੈਦਾ ਕੀਤੀ। ਅਕਾਲੀਆਂ ਵਿਚ ਮਤ ਭੇਦ ਪੈਦਾ ਕਰ ਦਿਤਾ।

ਸ: ਮਹਿਤਾਬ ਸਿੰਘ ੧੯੩੩-੩੬ ਵਿਚ ਸ੍ਰੀ ਨਨਕਾਣਾ ਸਾਹਿਬ ਕਮੇਟੀ ਦੇ ਪ੍ਰਧਾਨ ਰਹੇ। ਇਸ ਦੌਰਾਨ ਹੀ ਸ੍ਰੀ ਨਨਕਾਣਾ ਸਾਹਿਬ ਕਮੇਟੀ ਦੇ ਦੇ ਫੰਡਜ਼ ਵਿਚੋਂ ੫ ਲਖ ਰੁਪਏ ਦੇ ਕੇ ਬੰਬਈ ਵਿਚ ਖਾਲਸਾ ਕਾਲਜ ਜਾਰੀ ਕੀਤਾ ਗਿਆ। ਸ੍ਰੀ ਨਨਕਾਣਾ ਸਾਹਿਬ ਕਮੇਟੀ ਦੀ ਪ੍ਰਧਾਨਗੀ ਸਮੇਂ ਸਰਦਾਰ ਜੀ ਨੇ ਗੁਰਦਵਾਰੇ ਦੀਆਂ ਜ਼ਮੀਨਾਂ ਦੀ ਸੰਭਾਲ ਕੀਤੀ। ਜਨਮ ਅਸਥਾਨ ਦੇ ਲਾਗੇ ਇਕ ਸੁੰਦਰ ਕਾਲੋਨੀ ਬਣਵਾਈ। ਇਕ ਸ਼ਾਨਦਾਰ ਬਾਗ ਲਵਾਇਆ। ਟਿਊਬਵੈਲ ਲੁਆ ਕੇ ਕਾਫ਼ੀ ਜ਼ਮੀਨ ਕਾਸ਼ਤ ਕੀਤੀ। ਗੁਰਦਵਾਰੇ ਦੀ ਆਮਦਨੀ ਨੂੰ ਵਧਾਇਆ।

ਆਪ ਨੇ ਸੰਨ ੧੯੩੭ ਵਿਚ ਦੂਜੀ ਕਮੇਟੀ ਨੂੰ ਚਾਰਜ ਦੇਣ ਸਮੇਂ ਚਾਰ ਲਖ ਰੁਪਿਆ ਚਾਰਜ ਵਿਚ ਦਿਤਾ।

ਸਰਦਾਰ ਜੀ ਦਾ ਇਕ ਲੜਕਾ ਤੇ ਇਕ ਭਤੀਜਾ ਸਰਦਾਰ ਗੁਰਬਖਸ਼ ਸਿੰਘ ਦਿਲੀ ਵਿਚ ਹਨ, ਜੋ ੰਜਾਬ ਦੀ ਵੰਡ ਤੋਂ ਪਹਿਲੇ ਸ੍ਰੀ ਨਨਕਾਣਾ ਸਾਹਿਬ ਵਿਚ ਕਾਰੋਬਾਰ ਕਰਦੇ ਸਨ।

੨੩ ਮਈ ੧੯੩੯ ਨੂੰ ਸ: ਮਹਿਤਾਬ ਸਿੰਘ ਹਾਈ ਕੋਰਟ ਵਿਚ ਇਕ ਮੁਕਦਮੇ ਦੀ ਪੈਰਵੀ ਤੇ ਬਹਿਸ ਕਰਦੇ ਹੋਏ ਦਿਲ ਦੀ ਧੜਕਣ ਬੰਦ ਹੋਣ ਨਾਲ ਅਕਾਲ ਚਲਾਣਾ ਕਰ ਗਏ।

---

*ਅਜ਼ਾਦੀ ਦੇ ਬਾਹਦ ਪੰਡਤ ਨਹਿਰੂ ਦੇ ਸਮੇਂ ਆਜ਼ਾਦੀ ਦੇ ਘੁਲਾਟੀਆਂ ਨੂੰ ਪਿਨਸ਼ਨਾਂ ਦੇਣ ਦੀ ਵਿਊਂਤ ਕੀਤੀ ਗਈ। ਉਸ ਅਨੁਸਾਰ ਗੁਰੂ ਕੇ ਬਾਗ਼ ਤੇ ਜੈਤੋ ਦੇ ਮੋਰਚੇ ਦੇ ਸਿੰਘਾਂ ਨੂੰ ਵੀ ਪਿਨ-ਸ਼ਨਾਂ ਤੇ ਤਾਮਰ-ਪਤ੍ਰ ਦਿਤੇ ਗਏ ਹਨ। ਕਈਆਂ ਨੂੰ ਹਰਿਆਣੇ ਵਿਚ ਜ਼ਮੀਨਾਂ ਮਿਲੀਆਂ ਹਨ।ਪਰ ਸ਼੍ਰੋਮਣੀ ਕਮੇਟੀ ਨੇ ਕੁਝ ਨਹੀਂ ਦਿਤਾ।



Digitized by Panjab Digital Library | www.panjabdigilib.org

੩.

## ਦੂਰ ਅੰਦੇਸ਼ ਤੇ ਕੁਰਬਾਨੀ ਦੇ ਪੁੰਜ

# ਸ: ਤੇਜਾ ਸਿੰਘ ਸਮੁੰਦਰੀ

ਗੁਰਦਵਾਰਾ ਸੁਧਾਰ ਅਰਥਾਤ ਅਕਾਲੀ ਲਹਿਰ ਨੂੰ ਬੜੀ ਸਿਆਣਪ, ਦੂਰ ਅੰਦੇਸ਼ੀ ਤੇ ਦ੍ਰਿੜਤਾ ਨਾਲ ਚਲਾਉਣ ਤੇ ਸਫ਼ਲ ਬਨਾਉਣ ਵਾਲੇ ਮੁਖੀਆਂ ਚੋਂ ਸ: ਤੇਜਾ ਸਿੰਘ ਜੀ ਸਮੁੰਦਰੀ ਇਕ ਸਨ। ਆਪ ਸਿੰਘ ਸਭਾ ਲਹਿਰ ਦੀ ਉਪਜ, ਗੁਰਸਿੱਖੀ ਪਰ ਅਤੁਟ ਸ਼ਰਧਾ ਤੇ ਵਿਸ਼ਵਾਸ ਰਖਣ, ਨਿਗਰ ਤੇ ਉਸਾਰੂ ਕੰਮ ਕਰਨ ਵਾਲੇ, ਕੁਰਬਾਨੀ ਦੇ ਪੁੰਜ ਤੇ ਦੇਸ਼ ਭਗਤ ਨੇਤਾ ਸਨ।

ਸ੍ਰੀ ਨਨਕਾਣੇ ਸਾਹਿਬ ਦੇ ਪ੍ਰਬੰਧ ਚਾਬੀਆਂ ਤੇ ਗੁਰੂ ਕੇ ਬਾਗ ਦੇ ਮੋਰਚੇ ਨੂੰ ਚਲਾਉਣ ਵਾਲੇ ਮੋਢੀਆਂ ਚੋਂ ਸਨ। ਦੇਸ਼ ਦੀ ਅਜ਼ਾਦੀ ਲਈ ਆਪ ਦੇ ਮਨ ਵਿਚ ਬੜੀ ਤੜਪ ਸੀ। ਸ਼ਰੋਮਣੀ ਕਮੇਟੀ ਤੇ ਸਿਖ ਲੀਗ ਤੋਂ ਬਿਨਾਂ ਸਰਬ ਹਿੰਦ ਕਾਂਗਰਸ ਦੇ ਮੈਂਬਰ ਸਨ।

੧੯੨੩ ਵਿਚ ਜਦ ਸ੍ਰਕਾਰ ਅੰਗਰੇਜ਼ੀ ਨੇ ਮਹਾਰਾਜਾ ਨਾਭਾ ਨੂੰ ਗਦੀਉਂ ਉਤਾਰ ਕੇ ਸ਼ਰੋਮਣੀ ਕਮੇਟੀ ਨੂੰ ਕਾਨੂੰਨ ਵਿਰੁਧ ਕਰਾਰ ਦਿਤਾ. ਉਸ ਦੇ ਸਾਰੇ ਮੁਖੀਆਂ ਨੂੰ ਗ੍ਰਿਫਤਾਰ ਕਰ ਲਿਆ, ਸਰਦਾਰ ਜੀ ਵੀ ਉਨ੍ਹਾਂ ਵਿਚ ਸ਼ਾਮਲ ਸਨ। ਜੁਲਾਈ ੧੯੨੬ 'ਚ ਲਾਹੌਰ ਕਿਲ੍ਹੇ ਵਿਚ ਹੀ ਆਪ ਦਾ ਦੇਹਾਂਤ ਹੋਇਆ।



Digitized by Panjab Digital Library | www.panjabdigilib.org

ਅਸੀਂ ਪਾਠਕਾਂ ਦੀ ਸੇਵਾ ਵਿਚ ਇਕ ਮਹਾਨ ਲਹਿਰ ਦੇ ਆਗੂ ਦਾ ਸ਼ਾਨਦਾਰ ਜੀਵਨ ਪੇਸ਼ ਕਰਦੇ ਹਾਂ।

ਸ: ਤੇਜਾ ਸਿੰਘ ਦਾ ਜਨਮ ੨੦ ਫਰਵਰੀ ਸਨ ੧੮੮੧, ਮੁਤਾਬਕ ੧੦ ਫਗਣ ਸੰਮਤ ੧੯੩੮ ਬਿ: ਨੂੰ ਪਿੰਡ ਬੁਰਜ ਤਸੀਲ ਤਰਨ ਤਾਰਨ ਜ਼ਿਲਾ ਅੰਮ੍ਰਿਤਸਰ ਵਿਚ ਰਸਾਲਦਾਰ ਦੇਵਾ ਸਿੰਘ ਦੇ ਘਰ ਹੋਇਆ ਆਪ ਦੀਆਂ ਦੋ ਵਡੀਆਂ ਭੈਣਾਂ ਸਨ। ਆਪ ਮਾਤਾ ਪਿਤਾ ਦੇ ਇਕਲੌਤੇ ਪੁਤਰ ਸਨ। ਆਪ ਦੇ ਪਿਤਾ ਸ: ਦੇਵਾ ਸਿੰਘ ੨੨ ਨੰਬਰ ਰਸਾਲੇ ਵਿਚ ਰਸਾਲਦਾਰ ਮੇਜਰ ਸਨ। ਉਨ੍ਹਾਂ ਨੂੰ ਤਸੀਲ ਸਮੁੰਦਰੀ ਜ਼ਿਲਾ ਲਾਇਲਪੁਰ ਦੇ ਚੱਕ ੧੪੦ ਵਿਜ ਛੇ ਮੁਰਬੇ ਜਮੀਨ ਮਿਲੀ ਹੋਈ ਸੀ। ਇਸ ਲਈ ਸ: ਤੇਜਾ ਸਿੰਘ ਜੀ ਸਮੁੰਦਰੀ ਦੇ ਨਾਂ ਤੋਂ ਪ੍ਰਸਿਧ ਹੋਏ।

ਕਹਿੰਦੇ ਹਨ ਕਿ ਰਸਾਲਦਾਰ ਦੇਵਾ ਸਿੰਘ ਜੀ ਦੇ ਘਰ ਕਾਫੀ ਚਿਰ ਕੋਈ ਲੜਕਾ ਨਾ ਹੋਇਆ। ਪਿੰਡ ਬੁਰਜ ਦੇ ਲਾਗੇ ਇਕ ਨਗਰ ਵਿਚ ਕੋਈ ਸੰਤ ਰਹਿੰਦੇ ਸਨ। ਉਹ ਬੜੇ ਭਜਨੀਕ ਤੇ ਕਰਨੀ ਵਾਲੇ ਪੁਰਸ਼ ਸਨ। ਸ: ਦੇਵਾ ਸਿੰਘ ਜੀ ਨੇ ਉਨ੍ਹਾਂ ਦੀ ਸੇਵਾ ਵਿਚ ਬੇਨਤੀ ਕੀਤੀ–'ਮਹਾਰਾਜ! ਮੇਰੇ ਘਰ ਦੋ ਲੜਕੀਆਂ ਹਨ, ਲੜਕਾ ਕੋਈ ਨਹੀਂ। ਆਪ ਵਾਹਿਗੁਰੂ ਦੇ ਚਰਨਾਂ ਵਿਚ ਅਰਦਾਸ ਕਰੋ, ਉਹ ਮੇਰੇ ਘਰ ਲੜਕਾ ਬਖਸ਼ੇ।'

ਕਹਿੰਦੇ ਹਨ ਉਨ੍ਹਾਂ ਸੰਤਾਂ ਨੇ ਅਰਦਾਸ ਕੀਤੀ, ਕੁਝ ਚਿਰ ਬਾਦ ਸ: ਤੇਜਾ ਸਿੰਘ ਜੀ ਦਾ ਜਨਮ ਹੋਇਆ।

ਰਸਾਲਦਾਰ ਮੇਜਰ ਸ: ਦੇਵਾ ਸਿੰਘ ਜੀ ਆਪਣੇ ਪਿੰਡ ਟਬਰ ਬਰਾਦਰੀ ਤੇ ਸਰਕਾਰ ਦੇ ਘਰ ਚੰਗਾ ਅਸਰ ਰਸੂਖ ਰਖਦੇ ਸਨ। ਇਸ ਲਈ ਸਰਕਾਰ ਅੰਗਰੇਜ਼ੀ ਨੇ ਉਨ੍ਹਾਂ ਦੀ ਫੌਜੀ ਸਰਵਿਸ ਦੇ ਬਦਲੇ ਸਮੁੰਦਰੀ ਦੇ ਲਾਗੇ ਚੱਕ ੧੪੦ ਵਿਚ ੬ ਮੁਰਬੇ ਜ਼ਮੀਨ ਦਿਤੀ, ਉਸ ਵਕਤ ਉਸ ਚੱਕ ਦੀ ਨੰਬਰਦਾਰੀ ਵੀ ਉਨ੍ਹਾਂ ਨੂੰ ਹੀ ਦਿਤੀ ਗਈ।



Digitized by Panjab Digital Library | www.panjabdigilib.org

ਸ: ਦੇਵਾ ਸਿੰਘ ਜੀ ਗੁਰੂ ਘਰ ਨਾਲ ਬੜਾ ਪ੍ਰੇਮ ਰਖਦੇ ਤੇ ਗੁਰਬਾਣੀ ਦੇ ਰਸੀਏ ਸਨ। ਉਨ੍ਹਾਂ ਦੇ ਧਾਰਮਿਕ ਸੰਸਕਾਰਾਂ ਦਾ ਪ੍ਰਭਾਵ ਸ: ਤੇਜਾ ਸਿੰਘ ਜੀ ਤੇ ਵੀ ਪਿਆ । ਆਪ ਨੇ ਬਚਪਨ ਵਿਚ ਗੁਰਮੁਖੀ ਪੜ੍ਹੀ। ਬਾਣੀ ਦਾ ਪਾਠ ਸਿਖਿਆ। ਸਕੂਲ ਵਿਚ ਵੀ ਕੁਝ ਤਾਲੀਮ ਹਾਸਲ ਕੀਤੀ। ੧੮ ਸਾਲ ਦੀ ਉਮਰ ਵਿਚ ਰਸਾਲੇ ਵਿਚ ਭਰਤੀ ਹੋਏ। ਦਸ ਸਾਲ ਆਪ ਨੇ ਰਸਾਲੇ ਵਿਚ ਨੌਕਰੀ ਕੀਤੀ। ਸੰਨ ੧੯੧੧ ਈ: ਵਿਚ ਜਦ ਸ: ਤੇਜਾ ਸਿੰਘ ਜੀ ਦੇ ਤੀਜੇ ਲੜਕੇ ਸ: ਬਿਸ਼ਨ ਸਿੰਘ, ਜੋ ਗੁਰੂ ਨਾਨਕ ਯੂਨੀ-ਵਰਸਟੀ ਅੰਮ੍ਰਿਤਸਰਦੇ ਵਾਈਸ ਚਾਂਸਲਰਹਨ,ਦਾ ਜਨਮ ਹੋਇਆ; ਉਸ ਵਕਤ ਸਰਦਾਰ ਜੀ ਨੇ ਰਸਾਲੇ ਦੀ ਨੌਕਰੀ ਛਡ ਦਿਤੀ ।

ਸ: ਤੇਜਾ ਸਿੰਘ ਜੀ ਗੁਰਬਾਣੀ ਦੇ ਨਿਤਨੇਮੀ ਰਹਿਤਵਾਨ, ਦੂਰ ਅੰਦੇਸ਼, ਬੜੇ ਧੀਰਜਵਾਨ ਅਤੇ ਦੇਸ਼ ਭਗਤ ਵਿਚਾਰਾਂ ਦੇ ਸਨ। ਆਪ ਦੇ ਪਿਤਾ ਸ: ਦੇਵਾ ਸਿੰਘ ਰਸਾਲਦਾਰ ਮੇਜਰ ਦਾ ਦੇਹਾਂਤ ਸੰਨ ੧੯੧੪ ਵਿਚ ਹੋਇਆ। ਉਨ੍ਹਾਂ ਦੀ ਥਾਵੇਂ ਆਪ ਚੱਕ ੧੪੦ ਸਮੁੰਦਰੀ ਦੇ ਨੰਬਰਦਾਰ ਬਣੇ । ਪਿਤਾ ਦੇ ਦੇਹਾਂਤ ਸਮੇਂ ੬ ਮੁਰਬੇ ਜਮੀਨ ਤੋਂ ਬਿਨ੍ਹਾਂ ੭੦ ਹਜ਼ਾਰ ਰੁਪਏ ਬੈਂਕ ਵਿਚ ਸਨ। ਏਨੀ ਵਡੀ ਰਕਮ ਤੇ ਛੇ ਮੁਰਬੇ ਜ਼ਮੀਨ ਆਪ ਨੂੰ ਪਿਤਾ ਦੇ ਵਿਰਸੇ ਵਿਚੋਂ ਮਿਲੀ। ਇਸ ਤੋਂ ਬਿਨਾਂ ਪਿੰਡ ਬੁਰਜ ਵਿਚ ਵੀ ਜ਼ਮੀਨ ਤੇ ਮਕਾਨ ਸਨ। ਸ: ਦੇਵਾਸਿੰਘਜੀ ਨੇ ਸ੍ਰੀ ਦਰਬਾਰ ਸਾਹਿਬ ਦੀ ਪ੍ਰਕਰਮਾਂ ਦੇ ਲਾਗੇ ਇਕ ਹਵੇਲੀ ਬਣਵਾਈ ਜੋ ਚੌੜੀਆਂ ਪੌੜਾਂ ਦੇ ਪਾਸ ਸੀ । ਜਦ ਉਹ ਦਰਸ਼ਨ ਕਰਨ ਆਉਂਦੇ ਸਨ, ਉਥੇ ਠਹਿਰਦੇ ਸਨ । ਇਹ ਹਵੇਲੀ ਵੀ ਕਾਫੀ ਕੀਮਤ ਦੀ ਸੀ।

ਸ: ਤੇਜਾ ਸਿੰਘ ਚੂੰਕਿ ਦੇਸ਼ ਭਗਤ ਅਤੇ ਅਗਾਹਾਂ ਵਧੂ ਖਿਆਲਾਂ ਦੇ ਸਨ, ਸ: ਹਰਚੰਦ ਸਿੰਘ ਲਾਇਲਪੁਰੀ ਨਾਲ ਮਿਲ ਕੇ ਕੰਮ ਕਰਨ ਵਾਲੇ ਸਨ। ਇਸ ਲਈ ੧੯੧੪-੧੮ ਦੀ ਪਹਿਲੀ ਮਹਾਨ ਜੰਗ ਸਮੇਂ ਹੀ ਪੁਲੀਸ ਨੇ ਆਪ ਦੀ ਨਿਗਰਾਨੀ ਸ਼ੁਰੂ



Digitized by Panjab Digital Library | www.panjabdigilib.org

ਕਰ ਦਿਤੀ।

ਜਦ ਸ: ਹਰਚੰਦ ਸਿੰਘ ਲਾਇਲਪੁਰੀ ਅਤੇ ਸ: ਸਰਦੂਲ ਸਿੰਘ ਕਵੀਸ਼ਰ ਆਦਿਕ ਮੁਖੀਆਂ ਨੇ ਗੁਰਦਵਾਰਾ ਰਕਾਬ ਗੰਜ ਦਿੱਲੀ ਦੀ ਕੰਧ ਗਿਰਾਏ ਜਾਣ ਵਿਰੁਧ ਅੰਦੋਲਨ ਸ਼ੁਰੂ ਕੀਤਾ, ਉਸ ਵਿਚ ਸ: ਤੇਜਾ ਸਿੰਘ ਨੇ ਵਧ ਚੜ੍ਹ ਕੇ ਹਿਸਾ ਲਿਆ।

ਉਸ ਵਕਤ ਸਿੰਘ ਸਭਾ ਲਹਿਰ ਚਲਦੀ ਸੀ, ਉਸ ਵਿਚ ਵੀ ਸਰਦਾਰ ਜੀ ਨੇ ਕਾਫੀ ਕੰਮ ਕੀਤਾ। ਉਨ੍ਹਾਂ ਦਿੰਨਾਂ ਵਿਚ ਨਗਰ ਸਰਹਾਲੀ ਜ਼ਿਲਾ ਅੰਮ੍ਰਿਤਸਰ ਵਿਚ ਗੁਰੂ ਗੋਬਿੰਦ ਸਿੰਘ ਖਾਲਸਾ ਹਾਈ ਸਕੂਲ ਕਾਇਮ ਕੀਤਾ ਗਿਆ। ਬਾਬਾ ਕੇਹਰ ਸਿੰਘ ਪੱਟੀ ਉਸ ਸਕੂਲ ਦੀ ਕਮੇਟੀ ਦੇ ਪ੍ਰਧਾਨ ਅਤੇ ਸ: ਤੇਜਾ ਸਿੰਘ ਜੀ ਮੈਨੇਜਰ ਸਨ। ਆਪ ਨੇ ਬੜੀ ਮਿਹਨਤ ਤੇ ਦਿਆਨਤਦਾਰੀ ਨਾਲ ਸਕੂਲ ਦੀ ਸਫਲਤਾ ਲਈ ਕੰਮ ਕੀਤਾ । ਲਾਇਲਪੁਰ ਖਾਲਸਾ ਹਾਈ ਸਕੂਲ ਬਨਾਉਣ ਵਿਚ ਹੀ ਆਪ ਦਾ ਭਾਰੀ ਹਿਸਾ ਸੀ।

ਸ: ਤੇਜਾ ਸਿੰਘ ਸਮੁੰਦਰੀ ਹੀ ਮਾਸਟਰ ਤਾਰਾ ਸਿੰਘ ਨੂੰ ਖਾਲਸਾ ਹਾਈ ਸਕੂਲ ਲਾਇਲਪੁਰ ਵਿਚ ਬਤੌਰ ਹੈਡ ਮਾਸਟਰ ਦੇ ਲੈ ਗਏ। ਅੰਗਰੇਜ਼ ਅਫਸਰਾਂ ਨੂੰ ਸ: ਤੇਜਾ ਸਿੰਘ ਸਮੁੰਦਰੀ ਤੇ ਮਾਸਟਰ ਤਾਰਾ ਸਿੰਘ ਦੀਆਂ ਸਰਗਰਮੀਆਂ ਤੇ ਕੁਝ ਸ਼ਕ ਪਿਆ। ਉਨ੍ਹਾਂ ਨੇ ਮਾਸਟਰ ਤਾਰਾ ਸਿੰਘ ਨੂੰ ਸਕੂਲ ਵਿਚੋਂ ਕੱਢ ਦਿਤਾ। ਸ: ਤੇਜਾ ਸਿੰਘ ਸਮੁੰਦਰੀ ਨੇ ਕੁਝ ਸਜਣਾਂ ਨਾਲ ਮਿਲ ਕੇ ਲਾਇਲਪੁਰ ਵਿਚ ਇਕ ਆਹੜਤ ਦੀ ਦੁਕਾਨ ਜਾਰੀ ਕਰਕੇ ਉਸ ਦਾ ਮੈਨੇਜਰ ਮਾਸਟਰ ਜੀ ਨੂੰ ਬਣਾ ਦਿਤਾ, ਤਾਕਿ ਉਨ੍ਹਾਂ ਦਾ ਨਿਰਬਾਹ ਚਲ ਸਕੇ।

੧੯੨੦ ਵਿਚ ਗੁਰਦਵਾਰਾ ਸੁਧਾਰ ਲਹਿਰ ਦਾ ਆਰੰਭ ਹੋਇਆ। ਸ: ਤੇਜਾ ਸਿੰਘ ਸਮੁੰਦਰੀ ਨੇ ਉਸ ਵਿਚ ਵਧ ਚੜ੍ਹ ਕੇ ਹਿਸਾ ਲੈਣਾ ਸ਼ੁਰੂ ਕਰ ਦਿਤਾ। ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ



Digitized by Panjab Digital Library | www.panjabdigilib.org

ਕਮੇਟੀ ਵਿਚ ਆਪ ਨੂੰ ਲੈ ਲਿਆ ਗਿਆ। ਆਪ ਸਿੱਖ ਲੀਗ ਤੇ ਕਾਂਗਰਸ ਦੇ ਵੀ ਮੈਂਬਰ ਸਨ।

ਫਰਵਰੀ ਸੰਨ ੧੯੨੧ ਵਿਚ ਜਦ ਸ੍ਰੀ ਨਨਕਾਣੇ ਸਾਹਿਬ ਦਾ ਸਾਕਾ ਹੋਇਆ, ਉਸ ਵਕਤ ਸ: ਤੇਜਾ ਸਿੰਘ ਜੀ ਸ਼੍ਰੋਮਣੀ ਕਮੇਟੀ ਦੇ ਇਕ ਮੁਖੀ ਦੀ ਹੈਸੀਅਤ ਵਿਚ ਉਥੇ ਪੁਜੇ। ਆਪ ਨੇ ਗੁਰਦਵਾਰੇ ਤੇ ਜਾਇਦਾਦ ਦਾ ਪ੍ਰਬੰਧ ਸੰਭਾਲਣ ਲਈ ਬਹੁਤ ਸ਼ਾਨਦਾਰ ਕੰਮ ਕੀਤਾ।

ਨਵੰਬਰ ੧੯੨੧ 'ਚ ਜਦ ਪੰਜਾਬ ਸਰਕਾਰ ਨੇ ਸ੍ਰੀ ਦਰਬਾਰ ਸਾਹਿਬ ਦੀਆਂ ਚਾਬੀਆਂ ਲੈ ਲਈਆਂ ਤਾਂ ਉਸ ਦੇ ਵਿਰੁਧ ਸ: ਖੜਕ ਸਿੰਘ ਜੀ, ਸ: ਬਹਾਦਰ ਮਹਿਤਾਬ ਸਿੰਘ ਤੇ ਸ: ਤੇਜਾ ਸਿੰਘ ਨੇ ਜ਼ੋਰਦਾਰ ਪਰੋਟੈਸਟ ਤੇ ਅੰਦੋਲਨ ਕੀਤਾ, ਜਿਸ ਪਰ ਸਰਕਾਰ ਨੇ ਉਪਰੋਕਤ ਸਾਰੇ ਲੀਡਰਾਂ ਨੂੰ ਗ੍ਰਿਫਤਾਰ ਕਰ ਲਿਆ।

ਚਾਬੀਆਂ ਦਾ ਮੋਰਚਾ ਬਹੁਤ ਜ਼ੋਰ ਫੜ ਗਿਆ। ਸਰਕਾਰ ਅੰਗਰੇਜੀ ਨੂੰ ਝੁਕਣਾ ਪਿਆ। ਅਖੀਰ ਸਰਕਾਰ ਨੇ ਸ: ਖੜਕ ਸਿੰਘ, ਸ: ਬਹਾਦਰ ਮਹਿਤਾਬ ਸਿੰਘ ਤੇ ਸ: ਤੇਜਾ ਸਿੰਘ ਆਦਿਕ ਸਾਰੇ ਅਕਾਲੀ ਲੀਡਰਾਂ ਨੂੰ ਰਿਹਾ ਕਰ ਦਿਤਾ ਅਤੇ ਚਾਬੀਆਂ ਸ: ਖੜਕ ਸਿੰਘ ਪ੍ਰਧਾਨ ਸ਼੍ਰੋਮਣੀ ਕਮੇਟੀ ਦੇ ਹਵਾਲੇ ਕਰ ਦਿਤੀਆਂ।

ਅਗਸਤ ੧੯੨੨ ਵਿਚ ਗੁਰੂ ਕਾ ਬਾਗ ਤਸੀਲ ਅਜਨਾਲਾ ਵਿਖੇ ਮੋਰਚਾ ਲਗ ਗਿਆ। ਇਹ ਅਕਾਲੀ ਲਹਿਰ ਦਾ ਸਭ ਤੋਂ ਵਧੇਰੇ ਸਫਲ ਸਤਿਆਗ੍ਰਹਿ ਸੀ। ਇਸ ਵਿਚ ਹਜ਼ਾਰਾਂ ਸਿੰਘਾਂ ਨੇ ਬੀ. ਟੀ. ਦੀਆਂ ਲਾਠੀਆਂ ਨੂੰ ਆਪਣੀਆਂ ਛਾਤੀਆਂ ਤੇ ਪਿਠ ਉਤੇ ਬਰਦਾਸ਼ਤ ਕੀਤਾ। ਇਸ ਮੋਰਚੇ ਵਿਚ ਬਹੁਤ ਚੰਗੀ ਅਗਵਾਈ ਕਰਨ ਵਾਲੇ ਲੀਡਰਾਂ ਚੋਂ ਸ: ਤੇਜਾ ਸਿੰਘ ਜੀ ਇਕ ਸਨ।

ਮੋਰਚੇ ਦੇ ਦੌਰਾਨ ਇਕ ਦਿਨ ਅਜੇਹਾ ਆਇਆ, ਜਿਸ ਦਿਨ ਗੁਰੂ ਕੇ ਬਾਗ ਜਾਣ ਲਈ ਕੋਈ ਸਿੰਘ ਸ੍ਰੀ ਦਰਬਾਰ ਸਾਹਿਬ ਦੀ ਪ੍ਰਕਰਮਾਂ ਵਿਚ ਨਜ਼ਰ ਨਹੀਂ ਸੀ ਆ ਰਿਹਾ। ਸੀ. ਆਈ. ਡੀ,



Digitized by Panjab Digital Library | www.panjabdigilib.org

ਨੇ ਰਪੋਟ ਕੀਤੀ ਕਿ ਕਲ ਸ਼ਾਇਦ ਗੁਰੂ ਕੇ ਬਾਗ ਜਥਾ ਨਾਂ ਜਾ ਸਕੇ। ਉਸੇ ਰਾਤ ਸ: ਤੇਜਾ ਸਿੰਘ ਜੀ ਭੇਸ ਵਟਾ ਕੇ ਆਪਣੇ ਪਿੰਡ ਬੁਰਜ ਜ਼ਿਲਾ ਅੰਮ੍ਰਿਤਸਰ ਵਿਚ ਪੁਜ ਗਏ। ਆਪ ਨੇ ਪਿੰਡ ਦੇ ਸਿੰਘਾਂ ਨੂੰ ਪ੍ਰੇਰਨਾ ਕਰਕੇ ਗੁਰੂ ਕੇ ਬਾਗ ਜਾਣ ਲਈ ੧੦੦ ਸਿੰਘਾਂ ਦਾ ਜਥਾ ਤਿਆਰ ਕਰਕੇ ਅੰਮ੍ਰਿਤਸਰ ਲੈ ਆਂਦਾ। ਉਹ ਜਥਾ ਗੁਰੂ ਕੇ ਬਾਗ ਵਿਚ ਸਤਿਆਗ੍ਰਹਿ ਕਰਨ ਲਈ ਗਿਆ। ਪੁਲੀਸ ਤੇ ਸੀ. ਆਈ. ਡੀ. ਨੂੰ ਬੜੀ ਹੈਰਾਨੀ ਹੋਈ।

ਗੁਰੂ ਕੇ ਬਾਗ਼ ਦੇ ਮੋਰਚੇ ਵਿਚ ਸਾਰੇ ਦੇਸ਼ ਨੇ ਖਾਲਸਾ ਪੰਥ ਨਾਲ ਹਮਦਰਦੀ ਪ੍ਰਗਟ ਕੀਤੀ। ਸ੍ਰਕਾਰ ਅੰਗਰੇਜ਼ੀ ਦੇ ਜ਼ੁਲਮ ਤੇ ਜਬਰ ਦੀ ਨਿਖੇਧੀ ਕੀਤੀ। ਇਸ ਲਈ ਅਖੀਰ ਲੋਕਰਾਇ ਦੇ ਸਾਹਮਣੇ ਸ੍ਰਕਾਰ ਨੂੰ ਝੁਕਣਾ ਪਿਆ। ਉਸ ਨੇ ਗੁਰੂ ਕੇ ਬਾਗ਼ ਵਿਚ ਗ੍ਰਿਫਤਾਰੀਆਂ ਤੇ ਮਾਰ ਕੁਟਾਈ ਬੰਦ ਕਰ ਦਿਤੀ। ਸਰ ਗੰਗਾ ਰਾਮ ਨੂੰ ਵਿਚ ਪਾ ਕੇ ਮੋਰਚੇ ਦਾ ਅੰਤ ਕਰ ਦਿਤਾ। ਇਸ ਮੋਰਚੇ ਵਿਚ ਜੋ ਸਫਲਤਾ ਪ੍ਰਾਪਤ ਹੋਈ, ਉਸ ਵਿਚ ਸ: ਤੇਜਾ ਸਿੰਘ ਜੀ ਦੀ ਸਿਆਣਪ ਤੇ ਦ੍ਰਿੜ੍ਹਤਾ ਦਾ ਭਾਰੀ ਹਿੱਸਾ ਸੀ।

ਉਸ ਮੌਕੇ ਇਕ ਅੰਗਰੇਜ਼ ਮਿ:ਪਕਲ ਜ਼ਿਲਾ ਅੰਮ੍ਰਿਤਸਰਦਾ ਡਿਪਟੀ ਕਮਿਸ਼ਨਰ ਸੀ। ਉਸ ਨੇ ਪੰਜਾਬ ਸਰਕਾਰ ਨੂੰ ਆਪਣੇ ਇਕ ਨੋਟ ਵਿਚ ਲਿਖਿਆ ਕਿ ਚਾਬੀਆਂ ਦੇ ਮੋਰਚੇ ਸਮੇਂ ਸਰਦਾਰ ਖੜਕ ਸਿੰਘ ਤੇ ਸ: ਬਹਾਦਰ ਮਹਿਤਾਬ ਸਿੰਘ ਆਦਿਕ ਲੀਡਰਾਂ ਦੇ ਨਾਲ ਸ: ਤੇਜਾ ਸਿੰਘ ਨੂੰ ਗ੍ਰਿਫਤਾਰ ਕਰਨਾ ਅਤੇ ਗੁਰੂ ਕੇ ਬਾਗ਼ ਦੇ ਮੋਰਚੇ ਵਿਚ ਸ: ਤੇਜਾ ਸਿੰਘ ਨੂੰ ਗ੍ਰਿਫਤਾਰ ਨਾ ਕਰਨਾ ਸਾਡੀ ਭਾਰੀ ਗਲਤੀ ਸੀ।"

ਇਸ ਤੋਂ ਪਾਠਕ ਅਨੁਮਾਨ ਲਾ ਸਕਦੇ ਹਨ ਕਿ ਸ: ਤੇਜਾ ਸਿੰਘ ਦੀ ਸਿਆਣਪ, ਦੂਰ ਅੰਦੇਸ਼ੀ ਅਤੇ ਦ੍ਰਿੜ੍ਹਤਾ ਤੋਂ ਬਹੁਤ ਸਾਰੇ ਅੰਗਰੇਜ਼ ਅਫ਼ਸਰ ਵੀ ਕਿਤਨੇ ਪ੍ਰਭਾਵਤ ਸਨ।

ਸ: ਜੀ ਹਰ ਗਲ ਬਾਰੇ ਬੜੇ ਧੀਰਜ, ਠਰੰਮੇ ਤੇ ਦੂਰ



Digitized by Panjab Digital Library | www.panjabdigilib.org

ਅੰਦੇਸ਼ੀ ਨਾਲ ਸੋਚਦੇ ਤੇ ਠੋਸ ਰਾਇ ਦਿੰਦੇ ਸਨ। ਪ੍ਰਬਲ ਯੁਕਤੀ ਪੇਸ਼ ਕਰਦੇ ਸਨ। ਜਿਸ ਕਰਕੇ ਉਨ੍ਹਾਂ ਦੀ ਰਾਇ ਨੂੰ ਬੜੀ ਮਹਾਨਤਾ ਦਿਤੀ ਜਾਂਦੀ ਸੀ। ਅਕਾਲੀ ਲਹਿਰ ਦੀ ਇਕ ਹੋਰ ਘਟਨਾ ਸ੍ਰਦਾਰ ਜੀ ਦੀ ਦਲੇਰੀ ਤੇ ਦ੍ਰਿੜਤਾ ਦਾ ਸ਼ਾਨਦਾਰ ਸਬੂਤ ਹੈ। ਉਹ ਇਹ ਹੈ ਕਿ ਆਪ ਦੇ ਉਦਮ ਨਾਲ ਚੱਕ ੧੪੦ ਸਮੁੰਦਰੀ ਵਿਚ ਇਕ ਦੀਵਾਨ ਕੀਤਾ ਗਿਆ। ਜਿਸ ਦੇ ਪ੍ਰਧਾਨ ਸ: ਖੜਕ ਸਿੰਘ ਜੀ ਸਨ। ਸ੍ਰਕਾਰੀ ਅਫਸਰ ਨਹੀਂ ਸਨ ਚਾਹੁੰਦੇ ਕਿ ਉਹ ਦੀਵਾਨ ਹੋਵੇ। ਜਿਸ ਕਰਕੇ ਪੁਲੀਸ ਦੇ ਨਾਲ ਗੋਰਾ ਪਲਟਨ ਦੀ ਇਕ ਕੰਪਨੀ ਗਸ਼ਤ ਕਰਦੀ ਹੋਈ ਚੱਕ ੧੪੦ ਵਿਚ ਆ ਗਈ। ਉਸ ਨੇ ਪਿੰਡ ਨੂੰ ਘੇਰਾ ਪਾ ਲਿਆ। ਮਕਸਦ ਦੀਵਾਨ ਵਿਚ ਇਕਤ੍ਰ ਹੋਈਆਂ ਸੰਗਤਾਂ ਨੂੰ ਡਰਾਉਂਣਾ ਧਮਕਾਣਾ ਸੀ। ਸ: ਤੇਜਾ ਸਿੰਘ ਜੀ ਉਸ ਦੀਵਾਨ ਦੀ ਸਵਾਗਤ ਕਮੇਟੀ ਦੇ ਸਕਤ੍ਰ ਸਨ। ਆਪ ਨੇ ਪਿੰਡ ਦੇ ਦੁਆਲੇ ਫੌਜ ਦੇ ਘੇਰਾ ਪੈ ਜਾਣ ਦੇ ਬਾਅਦ ਇਕਤਰ ਹੋਈ ਸੰਗਤ ਨੂੰ ਸੰਬੋਧਨ ਕਰਕੇ ਕਿਹਾ—'ਇਹ ਦੀਵਾਨ ਗੁਰੂ ਦਾ ਤੇ ਧਾਰਮਿਕ ਹੈ। ਇਥੇ ਫੌਜ ਅਤੇ ਪੁਲੀਸ ਦੀ ਕੋਈ ਲੋੜ ਨਹੀਂ ਪਰ ਜੇ ਫੌਜ ਸਾਡੇ ਉਤੇ ਗੋਲੀ ਵੀ ਚਲਾਏ ਤਦ ਵੀ ਸਾਨੂੰ ਦ੍ਰਿੜਤਾ ਨਾਲ ਦੀਵਾਨ ਵਿਚ ਡਟੇ ਰਹਿਣਾ ਚਾਹੀਦਾ ਹੈ।"

ਜਦ ਪੁਲੀਸ ਅਫਸਰਾਂ ਤੇ ਘੇਰਾ ਪਾਉਣ ਵਾਲੀ ਗੋਰਾ ਫੌਜ ਨੂੰ ਇਸ ਗਲ ਦਾ ਪਤਾ ਲਗਾ, ਤਦ ਉਨ੍ਹਾਂ ਨੇ ਆਪੇ ਹੀ ਛਿਥੇ ਹ ਕੇ ਪਿੰਡ ਅਤੇ ਦੀਵਾਨ ਦਾ ਘੇਰਾ ਚੁਕ ਲਿਆ ਅਤੇ ਬਾਹਦ ਵਿਚ ਬੜੀ ਸਜ ਧਜ ਨਾਲ ਪ੍ਰਭਾਵਸ਼ਾਲੀ ਦੀਵਾਨ ਹੋਇਆ।

ਪਿਛੇ ਦਸ ਆਏ ਹਾਂ ਕਿ ਸ: ਤੇਜਾ ਸਿੰਘ ਜੀ ਚੱਕ ੧੪੦ ਦੇ ਨੰਬਰਦਾਰ ਵੀ ਸਨ। ਉਸ ਚੱਕ ਵਿਚ ੯ ਹੋਰ ਫੌਜੀ ਸ੍ਰਦਾਰ ਵੀ ਸਨ। ਪਰ ਚਲਦੀ ਸ: ਤੇਜਾ ਸਿੰਘ ਦੀ ਹੀ ਸੀ। ਸਾਰੇ ਪਿੰਡ ਦੇ ਲੋਕੀ ਅਤੇ ਸ੍ਰਦਾਰ ਆਪ ਜੀ ਦੀ ਬੜੀ ਇਜ਼ਤ ਕਰਦੇ ਸਨ। ਇਸ ਚੱਕ ਦਾ ਕਦੀ ਕੋਈ ਮੁਕਦਮਾ ਪੁਲਸ ਵਿਚ ਨਹੀਂ ਸੀ



Digitized by Panjab Digital Library | www.panjabdigilib.org

ਗਿਆ। ਪੰਚਾਇਤ ਵਿਚ ਬੈਠ ਕੇ ਸ: ਤੇਜਾ ਸਿੰਘ ਜੀ ਜੋ ਫੈਸਲਾ ਕਰਦੇ ਸਨ, ਉਸ ਨੂੰ ਸਾਰੇ ਲੋਕੀ ਮੰਨਦੇ ਸਨ।

ਕਹਿੰਦੇ ਹਨ ਕਿ ਇਕ ਵੇਰ ਚੱਕ ਨੰਬਰ ੧੪੭ ਵਿਚ ਇਕ ਥਾਨੇਦਾਰ ਨੇ ਪਿੰਡ ਦੇ ਚੌਕੀਦਾਰ ਨੂੰ ਕਿਸੇ ਗਲੋਂ ਮਾਰਿਆ ਕੁਟਿਆ ਤੇ ਉਸ ਦੀ ਪੱਗ ਲਾਹ ਦਿਤੀ। ਚੌਕੀਦਾਰ ਨੇ ਸ: ਤੇਜਾ ਸਿੰਘ ਜੀ ਕੋਲ ਆ ਕੇ ਫਰਿਆਦ ਕੀਤੀ। ਆਪ ਨੇ ਪੰਚਾਇਤ ਇਕਠੀ ਕੀਤੀ ਅਤੇ ਉਸ ਵਿਚ ਕਿਹਾ ਕਿ ਥਾਣੇਦਾਰ ਨੇ ਚੌਕੀਦਾਰ ਦੀ ਪੱਗ ਨਹੀਂ ਲਾਹੀ, ਬਲਕਿ ਸਾਡੀ ਪੰਚਾਇਤ ਦੀ ਨਿਰਾਦਰੀ ਕੀਤੀ ਹੈ। ਜੇ ਉਸ ਨੂੰ ਕੋਈ ਚੌਕੀਦਾਰ ਵਿਰੁਧ ਸ਼ਕਾਇਤ ਸੀ ਤਾਂ ਸਾਨੂੰ ਦਸਣੀ ਚਾਹੀਦੀ ਸੀ। ਪੰਚਾਇਤ ਨੇ ਸਰਦਾਰ ਜੀ ਦੀ ਇਸ ਗਲ ਦੀ ਤਾਈਦ ਕੀਤੀ। ਥਾਣੇਦਾਰ ਨੂੰ ਪੰਚਾਇਤ ਵਿਚ ਸਦਿਆ ਗਿਆ ਤੇ ਉਸ ਪਾਸੋਂ ਮਾਫ਼ੀ ਮੰਗਵਾਈ ਗਈ।

ਸ: ਤੇਜਾ ਸਿੰਘ ਜੀ ਲੋਕ-ਜੀਵਨ ਵਿਚ ਬੇਹਦ ਦਿਆਨਤ-ਦਾਰ ਅਤੇ ਕੁਰਬਾਨੀ ਕਰਨ ਵਾਲੇ ਸਜਨ ਸਨ। ਆਪ ਨੇ ਸ਼ਰੋਮਣੀ ਕਮੇਟੀ ਜਾਂ ਕਿਸੇ ਸੰਸਥਾ ਦੇ ਰੁਪਏ ਪੈਸੇ ਨੂੰ ਨਿਜੀ ਜਾਂ ਘਰੋਗੀ ਤੌਰ ਤੇ ਨਹੀਂ ਵਰਤਿਆ।

ਅਕਾਲੀ ਲਹਿਰ ਸਮੇਂ 'ਅਕਾਲੀ' ਅਖਬਾਰ ਦੀ ਮਦਦ ਕਰਨ ਲਈ ਆਪ ਨੇ ਦੋ ਮੁਰਬੇ ਜ਼ਮੀਨ ਗਹਿਣੇ ਪਾਈ। ਆਪ ਹਰ ਚੰਗੇ ਲੋੜਵੰਦ ਆਦਮੀ ਦੀ ਸਹਾਇਤਾ ਕਰਦੇ ਸਨ। ਇਕ ਵੇਰ ਬਾਬਾ ਕੇਹਰ ਸਿੰਘ ਪਟੀ ਪ੍ਰਧਾਨ ਖਾਲਸਾ ਹਾਈ ਸਕੂਲ ਸਰਹਾਲੀ ਨੇ ਕਮੇਟੀ ਦੀ ਪ੍ਰਵਾਨਗੀ ਨਾਲ ਸਕੂਲ ਦੀ ਕੁਝ ਰਕਮ ਕਿਸੇ ਨਿਜੀ ਕੰਮ ਲਈ ਵਰਤੀ ਅਤੇ ਬਾਅਦ ਵਿਚ ਮੋੜ ਦਿਤੀ। ਸਰਦਾਰ ਤੇਜਾ ਸਿੰਘ ਸਕੂਲ ਦੇ ਮੈਨੇਜਰ ਸਨ। ਆਪ ਨੇ ਕਿਹਾ—'ਬਾਬਾ ਜੀ, ਰਕਮ ਤਾਂ ਆਪ ਨੇ ਮੋੜ ਦਿਤੀ ਹੈ, ਪਰ ਆਪ ਨੂੰ ਇਸ ਦਾ ਸੂਦ ਵੀ ਦੇਣਾ ਚਾਹੀਦਾ ਹੈ। ਸਕੂਲ ਕਮੇਟੀ ਨੂੰ ਇਹ ਘਾਟਾ ਨਹੀਂ ਪਾਉਣਾ ਚਾਹੀਦਾ। ਜੇ



Digitized by Panjab Digital Library | www.panjabdigilib.org

ਕਹੋ ਤਾਂ ਮੈਂ ਸੂਦ ਦੀ ਰਕਮ ਆਪਣੀ ਜੇਬ ਵਿਚੋਂ ਸਕੂਲ ਫੰਡ ਵਿਚ ਜਮਾਂ ਕਰਵਾ ਦੇਵਾਂ।

ਇਕ ਵੇਰ ਦੀ ਗਲ ਹੈ ਕਿ ਸ: ਤੇਜਾ ਸਿੰਘ ਜੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਇਨਚਾਰਜ ਸਨ। ਅੰਮ੍ਰਿਤਸਰ ਸ਼ਹਿਰ ਦੇ ਕੁਝ ਪਤਵੰਤਿਆਂ ਦਾ ਇਕ ਡੈਪੂਟੇਸ਼ਨ ਆਪ ਦੀ ਸੇਵਾ ਵਿਚ ਹਾਜ਼ਰ ਹੋਇਆ। ਉਸ ਨੇ ਕਿਹਾ—"ਸ੍ਰੀ ਦਰਬਾਰ ਸਾਹਿਬ ਦੀ ਗੋਲਕ ਦੀ ਰਖਿਆ ਦਾ ਪ੍ਰਬੰਧ ਠੀਕ ਨਹੀਂ।

ਸਰਦਾਰ ਜੀ ਨੇ ਉਤਰ ਦਿਤਾ 'ਅਸੀਂ ਆਪਣੇ ਵਲੋਂ ਗੋਲਕ ਦੀ ਰਖਿਆ ਦਾ ਮੁਨਾਸਬ ਪ੍ਰਬੰਧ ਕੀਤਾ ਹੋਇਆ ਹੈ। ਗੋਲਕ ਦੀ ਇਕ ਚਾਬੀ ਮੈਨੇਜਰ ਸਾਹਿਬ ਪਾਸ, ਦੂਜੀ ਦਰੋਗੇ ਪਾਸ ਤੇ ਤੀਜੀ ਗਰਥੀ ਜੀ ਪਾਸ ਹੁੰਦੀ ਹੈ। ਤਿੰਨੇ ਇਕਤਰ ਹੋਣ ਤਦ ਗੋਲਕਾਂ ਖੁਲ੍ਹ ਸਕਦੀਆਂ ਹਨ। ਇਸ ਤੋਂ ਚੰਗਾ ਪ੍ਰਬੰਧ ਕੀ ਹੋ ਸਕਦਾ ਹੈ?"

ਡੈਪੂਟੇਸ਼ਨ ਦੇ ਮੈਂਬਰਾਂ ਨੇ ਕਿਹਾ 'ਸਾਡੀ ਇਛਾ ਹੈ ਕਿ ਗੋਲਕ ਦੀ ਇਕ ਚਾਬੀ ਆਪ ਦੇ ਕੋਲ ਵੀ ਹੋਣੀ ਚਾਹੀਦੀ ਹੈ।

ਸ: ਤੇਜਾ ਸਿੰਘ ਜੀ ਨੇ ਹਸ ਕੇ ਉਤਰ ਦਿਤਾ:—'ਜੇ ਮੈਂ ਉਨ੍ਹਾਂ ਨਾਲ ਮਿਲ ਕੇ ਕੋਈ ਬਦ-ਦਿਆਨਤੀ ਕਰਾਂ, ਤਾਂ ਉਸ ਦਾ ਕੀ ਇਲਾਜ ਹੋ ਸਕਦਾ ਹੈ।"

ਡੈਪੂਟੇਸ਼ਨ ਦੇ ਮੈਂਬਰ ਨਿਰੁਤਰ ਹੋ ਗਏ ਤੇ ਵਾਪਸ ਚਲੇ ਗਏ।

ਸ. ਤੇਜਾ ਸਿੰਘ ਜੀ ਅਕਾਲੀ ਵਰਕਰਾਂ ਵਿਚੋਂ ਚੰਗੇ ਮੰਦੇ ਆਦਮੀ ਦੀ ਬੜੀ ਪਰਖ ਰਖਦੇ ਸਨ। ਜਥੇਦਾਰ ਉਧਮ ਸਿੰਘ ਨਾਗੋਕੇ, ਜੋ ਅਕਾਲੀ ਲਹਿਰ ਸਮੇਂ ਅਕਾਲ ਤਖਤ ਦੇ ਜਥੇਦਾਰ ਰਹੇ ਹਨ, ਬਾਹਦ ਵਿਚ ਉਨ੍ਹਾਂ ਨੇ ਹਰ ਮੋਰਚੇ ਅਤੇ ਦੇਸ਼ ਦੀ ਅਜ਼ਾਦੀ ਲਈ ਕੁਰਬਾਨੀ ਕੀਤੀ ਹੈ, ਉਨ੍ਹਾਂ ਬਾਰੇ ਸ: ਤੇਜਾ ਸਿੰਘ ਦੀ ਇਕ ਦਸਖਤੀ ਚਿਠੀ ਸ਼ਰੋਮਣੀ ਕਮੇਟੀ ਦੇ ਬਹੁਤ ਪੁਰਾਣ



Digitized by Panjab Digital Library | www.panjabdigilib.org

ਰੀਕਾਰਡ ਵਿਚੋਂ ਸਾਨੂੰ ਮਿਲੀ ਹੈ, ਜਿਸ ਵਿਚ ਦਰਜ ਹੈ ਕਿ ਜਥੇਦਾਰ ਊਧਮ ਸਿੰਘ ਨੂੰ ਖਡੂਰ ਸਾਹਿਬ ਦੇ ਗੁਰਦਵਾਰਿਆਂ ਦਾ ਪ੍ਰਬੰਧਕ ਨੀਯਤ ਕੀਤਾ ਜਾਂਦਾ ਹੈ।

੯ ਜੁਲਾਈ ੧੯੨੩ ਨੂੰ ਮਹਾਰਾਜਾ ਨਾਭਾ ਨੂੰ ਗਦੀਉਂ ਉਤਾਰਿਆ ਗਿਆ। ਅਕਤੂਬਰ ਵਿਚ ਪੰਜਾਬ ਸ੍ਰਕਾਰ ਨੇ ਸ਼ਰੋਮਣੀ ਕਮੇਟੀ ਤੇ ਅਕਾਲੀ ਦਲ ਨੂੰ ਕਾਨੂੰਨ ਵਿਰੁਧ ਕਰਾਰ ਦੇ ਕੇ ਸਾਰੇ ਅਕਾਲੀ ਲੀਡਰਾਂ ਨੂੰ ਗ੍ਰਿਫਤਾਰ ਕਰ ਲਿਆ। ਉਨ੍ਹਾਂ ਵਿਰੁਧ ਪਹਿਲੇ ਲਾਹੌਰ ਕਿਲ੍ਹੇ ਵਿਚ ਤੇ ਬਾਹਦ ਵਿਚ ਸੈਂਟਰਲ ਜੇਹਲ ਵਿਚ ਤਿੰਨ ਸਾਲ ਮੁਕਦਮਾ ਚਲਾਇਆ ਗਿਆ। ਇਸ ਵਿਚ ਸ: ਤੇਜਾ ਸਿੰਘ ਜੀ ਇਕ ਮੁਖੀ ਲੀਡਰ ਸਨ।

੧੯੨੫ ਵਿਚ ਜਦ ਆਪ ਸੈਂਟਰਲ ਜੇਹਲ ਵਿਚ ਸਨ, ਆਪ ਦੇ ਛੋਟੇ ਲੜਕੇ ਸਰਦਾਰ ਮਾਨ ਸਿੰਘ ਦੀ ਸ਼ਾਦੀ ਨੀਯਤ ਕੀਤੀ ਗਈ। ਚੱਕ ੧੪੦ ਤੋਂ ਬਰਾਤ ਲਾਹੌਰ ਪੁਜੀ। ਬਰਾਤ ਨੇ ਜ਼ਿਲਾ ਅੰਮ੍ਰਿਤਸਰ ਦੇ ਇਕ ਪਿੰਡ ਵਿਚ ਜਾਣਾ ਸੀ। ਸ: ਮਾਨ ਸਿੰਘ ਤੇ ਕੁਝ ਹੋਰ ਬਰਾਤੀਆਂ ਨੇ ਸੈਂਟਰਲ ਜੇਹਲ ਵਿਚ ਮੁਲਾਕਾਤ ਕੀਤੀ ਤੇ ਕਿਹਾ–'ਆਪ ਪੈਰੋਲ ਤੇ ਰਿਹਾ ਹੋ ਕੇ ਬਰਾਤ ਵਿਚ ਸ਼ਾਮਲ ਹੋਵੋ।

ਸਰਦਾਰ ਜੀ ਨੇ ਇਹ ਗਲ ਪਰਵਾਨ ਨਾ ਕੀਤੀ ਤਾਂ ਸ: ਮਾਨ ਸਿੰਘ ਦੇ ਨੇਤਰਾਂ ਵਿਚ ਜਲ ਆ ਗਿਆ। ਸ: ਤੇਜਾ ਸਿੰਘ ਜੀ ਨੇ ਉਸ ਨੂੰ ਕਿਹਾ–"ਵਾਹਿਗੁਰੂ ਦੀ ਰਜਾ ਨੂੰ ਖਿੜੇ ਮਥੇ ਪ੍ਰਵਾਨ ਕਰਨਾ ਚਾਹੀਦਾ ਹੈ।"

ਸ੍ਰਦਾਰ ਜੀ ਦੀ ਗੈਰ ਹਾਜਰੀ ਵਿਚ ਹੀ ਸ: ਮਾਨ ਸਿੰਘ ਦੀ ਸ਼ਾਦੀ ਹੋਈ।

ਸੰਨ ੧੯੨੫ ਵਿਚ ਪੰਜਾਬ ਕੌਂਸਲ ਦੇ ਸਿਖ ਮੈਂਬਰਾਂ ਤੇ ਸ਼ਰੋਮਣੀ ਕਮੇਟੀ ਦੀ ਮਰਜ਼ੀ ਨਾਲ ਗੁਰਦਵਾਰਾ ਐਕਟ ਪੇਸ਼ ਹੋਇਆ। ਉਸ ਮੌਕੇ ਸ: ਤੇਜਾ ਸਿੰਘ ਜੀ ਨੇ ਸੈਂਟਰਲ ਜੇਹਲ ਵਿਚੋਂ



Digitized by Panjab Digital Library | www.panjabdigilib.org

ਇਕ ਚਿੱਠੀ ਆਪਣੇ ਸਪੁਤਰ ਸ: ਬਿਸ਼ਨ ਸਿੰਘ ਦੇ ਹਥੀਂ ਸ: ਮੰਗਲ ਸਿੰਘ ਅਕਾਲੀ ਨੂੰ ਭੇਜੀ। ਜਿਸ ਵਿਚ ਦਰਜ ਸੀ ਕਿ ਜੇ ਸਰਕਾਰ ਗੁਰਦਵਾਰਾ ਐਕਟ ਮੰਨਣ ਲਈ ਕੋਈ ਸ਼ਰਤ ਲਾਵੇ ਤਾਂ ਉਸ ਨੂੰ ਪ੍ਰਵਾਨ ਨਹੀਂ ਕਰਨਾ ਚਾਹੀਦਾ। ਤੁਹਾਨੂੰ ਇਸ ਕੰਮ ਲਈ ਸ਼ਿਮਲੇ ਨਹੀਂ ਜਾਣਾ ਚਾਹੀਦਾ।

ਅੰਗਰੇਜ਼ ਬੜਾ ਕੁਟਲ ਨੀਤੀਵਾਨ ਸੀ। ਉਸ ਨੇ ਨਾਭੇ ਦੇ ਮੋਰਚੇ ਵਿਚ ਅਕਾਲੀਆਂ ਨੂੰ ਫਸਾ ਕੇ ਦੁਪਾਸੜ ਨੁਕਸਾਨ ਕੀਤਾ। ਜੇ ਰਿਆਸਤ ਬਰਬਾਦ ਹੋਈ ਤਦ ਵੀ ਸਿਖਾਂ ਦੀ ਸੀ। ਅਕਾਲੀ ਮਰੇ ਤਦ ਵੀ ਸਿਖ ਹੀ ਸਨ। ਜੈਤੋ ਦਾ ਮੋਰਚਾ ਲੰਮਾ ਹੋ ਜਾਣ ਕਰਕੇ ਉਸ ਵਿਚ ਸਿਥਲਤਾ ਆ ਰਹੀ ਸੀ। ਮਹਾਰਾਜਾ ਨਾਭਾ ਦੇ ਗਦੀ ਉਤੇ ਬਿਠਾਉਣ ਦਾ ਸੁਆਲ ਖਟਾਈ ਵਿਚ ਪੈ ਚੁਕਾ ਸੀ। ਅਕਾਲੀ ਲੀਡਰ ਚਾਹੁੰਦੇ ਸਨ ਕਿ ਕਿਸੇ ਤਰ੍ਹਾਂ ਮੋਰਚੇ ਦਾ ਅੰਤ ਹੋ ਜਾਏ। ਸਰਕਾਰ ਚਾਹੁੰਦੀ ਸੀ ਕਿ ਜੇ ਗੁਰਦਵਾਰਾ ਐਕਟ ਮੰਨ ਲੈਣ ਤਾਂ ਜੈਤੋ ਵਿਚੋਂ ਪਾਬੰਦੀ ਉਠਾ ਲਈ ਜਾਵੇ। ਉਸ ਵਕਤ ਭਾਈ ਜੋਧ ਸਿੰਘ, ਸ: ਤਾਰਾ ਸਿੰਘ ਐਡਵੋਕੇਟ ਮੋਗਾ, ਸ: ਗੁਰਬਖਸ਼ ਸਿੰਘ ਐਡਵੋਕੇਟ ਅੰਬਾਲਾ, ਸ: ਕਰਤਾਰ ਸਿੰਘ ਫ਼ੀਰੋਜ਼-ਪੁਰ ਐਮ. ਐਲ. ਸੀ. ਨੇ ਗੁਰਦਵਾਰਾ ਬਿਲ ਪੰਜਾਬ ਕੌਂਸਲ ਵਿਚ ਪੇਸ਼ ਕੀਤਾ। ਜਦ ਇਹ ਬਿਲ ਲੋਕ ਰਾਇ ਲਈ ਪ੍ਰਕਾਸ਼ਤ ਕੀਤਾ ਗਿਆ, ਉਸ ਵਕਤ ਅਸੀਂ ਮੁਲਤਾਨ ਸੈਂਟਰਲ ਜ਼ੇਹਲ ਵਿਚੋਂ ਡੇਢ ਸਾਲ ਕੈਦ ਸਖਤ ਕਟ ਕੇ ਰਿਹਾ ਹੋ ਕੇ ਅੰਮ੍ਰਿਤਸਰ ਪੁਜੇ। ਅਸੀਂ ਵੇਖਿਆ ਕਿ ਮੰਜੀ ਸਾਹਿਬ ਅੰਮ੍ਰਿਤਸਰ ਦੇ ਦੀਵਾਨ ਵਿਚ ਭਾਈ ਜੋਧ ਸਿੰਘ ਗੁਰਦਵਾਰਾ ਬਿਲ ਦੇ ਹੱਕ ਵਿਚ ਬੋਲ ਰਹੇ ਸਨ। ਦੀਵਾਨ ਵਿਚ ਕਾਫ਼ੀ ਰੌਲਾ ਮਚਿਆ ਹੋਇਆ ਸੀ। ਸਿਖ ਜਨਤਾ ਵਿਚ ਗੁਰਦਵਾਰਾ ਬਿਲ ਪ੍ਰਵਾਨ ਕਰਨ ਬਾਰੇ ਕਾਫ਼ੀ ਮਤ ਭੇਦ ਸੀ। ਕੁਝ ਲੋਕ ਇਹ ਕਹਿੰਦੇ ਸਨ ਕਿ ਇਸ ਨਾਲ ਗੁਰਦਵਾਰਿਆਂ ਵਿਚ ਸ੍ਰਕਾਰੀ ਦਖਲ ਹੋ ਜਾਏਗਾ।



Digitized by Panjab Digital Library | www.panjabdigilib.org

ਗਰਦਵਾਰਾ ਬਿਲ ਦੇ ਪੱਖੀ ਕਹਿੰਦੇ ਸਨ—"ਇਸ ਨਾਲ ਸ੍ਰਕਾਰ ਤੇ ਸਿੱਖਾਂ ਦੀ ਲੜਾਈ ਮੁਕ ਜਾਏਗੀ। ਕੈਦੀ ਰਿਹਾ ਹੋ ਜਾਣਗੇ। ਗੁਰਦਵਾਰਿਆਂ ਦਾ ਪ੍ਰਬੰਧ ਤੇ ਜਾਇਦਾਦ ਸ਼ਰੋਮਣੀ ਕਮੇਟੀ ਪਾਸ ਆ ਜਾਏਗੀ।"

ਸਰ ਮੈਲਕਮ ਹੇਲੀ ਗਵਰਨਰ ਪੰਜਾਬ ਬੜਾ ਕੁਟਲ ਨੀਤੀ-ਵਾਨ ਸੀ। ਉਸ ਨੇ ਇੰਤਸ਼ਾਰ ਨੂੰ ਵਧਾਉਣ ਲਈ ਟਿੰਡ ਵਿਚ ਕਾਨਾ ਪਾ ਦਿਤਾ ਕਿ ਜੇਹੜਾ ਅਕਾਲੀ ਗੁਰਦਵਾਰਾ ਐਕਟ ਪਰ ਵਰਤੋਂ ਕਰਨ ਦੀ ਸ਼ਰਤ ਮੰਨੇਗਾ, ਉਸ ਨੂੰ ਰਿਹਾ ਕਰ ਦਿਤਾ ਜਾਏਗਾ। ਉਸ ਵਕਤ ਜੇ ਸਾਰੇ ਲੀਡਰ ਸਰਬ ਸੰਮਤੀ ਨਾਲ ਮੰਨ ਲੈਂਦੇ ਕਿ ਗੁਰਦਵਾਰਾ ਐਕਟ ਸਾਡੀ ਮਰਜ਼ੀ ਨਾਲ ਬਣਿਆ ਹੈ, ਅਸੀਂ ਇਸ ਦੀ ਵਰਤੋਂ ਕਰਾਂਗੇ, ਤਾਂ ਕੋਈ ਝਗੜਾ ਨਹੀਂ ਸੀ ਹੋਣਾ। ਪਰ ਇਸ ਗਲ ਤੇ ਜਨਤਾ ਵਿਚ ਤੇ ਲੀਡਰਾਂ ਵਿਚ ਮਤ ਭੇਦ ਹੋ ਗਿਆ। ਉਸ ਵਕਤ ਅੰਗਰੇਜ਼ਾਂ ਦੇ ਵਿਰੁਧ ਸਿਖਾਂ ਵਿਚ ਸਖਤ ਨਫਰਤ ਸੀ। ਇਸ ਲਈ ਆਮ ਸਿਖਾਂ ਦੀ ਰਾਇ ਸੀ ਕਿ ਸਰਕਾਰ ਦੀ ਕੋਈ ਗਲ ਮੰਨਣੀ ਨਹੀਂ ਚਾਹੀਦੀ।

੧੭ ਜੁਲਾਈ ੧੯੨੫ ਨੂੰ ਸ਼ਰੋਮਣੀ ਕਮੇਟੀ ਦੀ ਐਗਜ਼ੈਕ-ਟਿਵ ਨੇ ਇਹ ਮਤਾ ਪਾਸ ਕੀਤਾ:—

(ੳ) ਸਿਖ ਪੰਥ ਦੀ ਇਹ ਜ਼ੋਰਦਾਰ ਮੰਗ ਹੈ ਕਿ ਗੁਰਦਵਾਰਾ ਕੈਦੀਆਂ ਨੂੰ ਬਿਲਾ ਸ਼ਰਤ ਰਿਹਾ ਕੀਤਾ ਜਾਵੇ ਤੇ ਉਸ ਦੇ ਸੰਬੰਧਤ ਮਾਮਲਿਆਂ ਦਾ ਤਸੱਲੀ ਬਖਸ਼ ਹੱਲ ਕੀਤਾ ਜਾਵੇ। ਚੂੰਕਿ ਸ੍ਰਕਾਰ ਨੇ ਕੈਦੀਆਂ ਨੂੰ ਬਿਨਾਂ ਸ਼ਰਤ ਰਿਹਾ ਕਰਕੇ ਸ਼ਾਂਤੀ ਦਾ ਵਾਤਾਵਰਨ ਨਹੀਂ ਬਣਾਇਆ, ਅਜੇਹੇ ਹਾਲਾਤ ਵਿਚ ਗੁਰਦਵਾਰਾ ਐਕਟ ੧੯੨੫ ਪਰ ਸਫਲਤਾ ਨਾਲ ਵਰਤੋਂ ਕਰਨੀ ਅਸੰਭਵ ਹੈ।

(ਅ) ਚੂੰਕਿ ਗਵਰਨਰ ਦੀ ਤਕਰੀਰ ਵਿਚ ਸਿਖ ਕੈਦੀਆਂ ਪਰ ਲਾਈ ਗਈ ਸ਼ਰਤ ਨੂੰ ਐਗਜ਼ੈਕਟਿਵ ਕਮੇਟੀ ਬੇਇਨਸਾਫ਼ੀ ਪਰ ਆਧਾਰਤ, ਵਾਧੂ ਤੇ ਜ਼ਲੀਲ ਕਰਨ ਵਾਲੀ ਸਮਝਦੀ ਹੈ,



Digitized by Panjab Digital Library | www.panjabdigilib.org

ਇਸ ਲਈ ਸਮੂਹ ਗੁਰਦਵਾਰਾ ਕੈਦੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਸ਼ਰਤਾਂ ਮੰਨ ਕੇ ਰਿਹਾਈ ਪ੍ਰਾਪਤ ਨਾ ਕਰਨ।

ਜੁਲਾਈ ੧੯੨੫ ਵਿਚ ਸ੍ਰਕਾਰ ਨੇ ਗੁਰਦਵਾਰਾ ਐਕਟ ਪਾਸ ਕਰਨ ਦੇ ਬਾਅਦ ਜੈਤੋ ਵਿਚ ਅਖੰਡ ਪਾਠਾਂ ਦੀ ਖੁਲ੍ਹ ਕਰ ਦਿਤੀ। ਅਸੀਂ ਉਸ ਵਕਤ ੧੬ਵੇਂ ਸ਼ਹੀਦੀ ਜਥੇ ਨਾਲ ਜੈਤ ਵਿਚ ਗਏ। ਸ: ਮੰਗਲ ਸਿੰਘ ਉਸ ਦੀਵਾਨ ਦੇ ਪ੍ਰਮੁਖ ਸਨ। ਅਸੀਂ ਵੇਖਿਆ ਕਿ ਜੈਤੋ ਦਾ ਮੋਰਚਾ ਨਿਰਾਸਤਾ ਤੇ ਮਾਨਸਿਕ ਇੰਤਸ਼ਾਰ ਵਿਚ ਖਤਮ ਹੋਇਆ।

ਸ਼ਰੋਮਣੀ ਕਮੇਟੀ ਦੇ ਮੁਖੀਆਂ ਵਿਰੁਧ ਲਾਹੌਰ ਕਿਲ੍ਹੇ ਵਿਚ ਕੇਸ ਜਾਰੀ ਸੀ। ਸ਼ਰੋਮਨੀ ਕਮੇਟੀ ਦਾ ਜਨਰਲ ਇਜਲਾਸ ੪ ਨਵੰਬਰ ੧੯੨੫ ਨੂੰ ਹੋਇਆ। ਜਿਸ ਵਿਚ ਮਤਾ ਨੰਬਰ ੫੦ ਪਾਸ ਕੀਤਾ ਗਿਆ। ਜੋ ਇਸ ਪ੍ਰਕਾਰ ਸੀ:–"ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਗੁਰਦਵਾਰਾ ਸੁਧਾਰ ਦੇ ਸਿਲਸਿਲੇ ਵਿਚ ਕੈਦ ਕਟ ਰਹੇ, ਜਾਂ ਚਲ ਰਹੇ ਮੁਕਦਮਿਆਂ ਦੇ ਕੈਦੀਆਂ ਦੇ ਇਸ ਵਤੀਰੇ ਦੀ ਪ੍ਰਸੰਸਾ ਕਰਦੀ ਹੈ, ਜਿੰਨਾਂ ਨੇ ਸ਼ਰਤਾਂ ਮੰਨ ਕੇ ਰਿਹਾ ਹੋਣ ਤੋਂ ਇਨਕਾਰ ਕਰ ਦਿਤਾ ਹੈ।"

ਸ: ਮਹਿਤਾਬ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੇ ਗੁਰਦਵਾਰਾ ਐਕਟ ਪਰ ਵਰਤੋਂ ਕਰਨ ਦੀ ਸ਼ਰਤ ਪ੍ਰਵਾਨ ਕਰ ਲਈ। ਸ੍ਰਕਾਰ ਨੇ ਉਨਾਂ ਨੂੰ ੨੫ ਜਨਵਰੀ ੧੯੨੬ ਨੂੰ ਰਿਹਾ ਕਰ ਦਿਤਾ। ਉਨਾਂ ਦੇ ਨਾਮ ਹਨ:–ਸ: ਬਹਾਦਰ ਮਹਿਤਾਬ ਸਿੰਘ, ਸੋਢੀ ਪ੍ਰੀਤਮ ਸਿੰਘ ਆਨੰਦਪੁਰ, ਭਾਈ ਗੋਪਾਲ ਸਿੰਘ ਸਾਗਰੀ ਜ਼ਿਲਾ ਰਾਵਲਪਿੰਡੀ, ਸ: ਬਹਾਲ ਸਿੰਘ, ਭਗਤ ਜਸਵੰਤ ਸਿੰਘ, ਬਾਵਾ ਹਰਿਕਿਸ਼ਨ ਸਿੰਘ, ਸ: ਦਲੀਪ ਸਿੰਘ ਦੁਆਬੀਆ, ਮਾਸਟਰ ਮਹਿਤਾਬ ਸਿੰਘ ਤਰਨ ਤਾਰਨ, ਗਿਆਨੀ ਸ਼ੇਰ ਸਿੰਘ, ਸ: ਬਖਸ਼ੀਸ਼ ਸਿੰਘ ਲੁਧਿਆਣਾ, ਸ: ਮਿਤ ਸਿਘ, ਸ: ਗੁਰਦਿਤ ਸਿੰਘ ਬਹਿਲੋਲ ਪੁਰੀ, ਕਪਤਾਨ ਰਾਮ ਸਿੰਘ (ਸਰਗੋਧਾ) ਸ: ਕਿਸ਼ਨ ਸਿੰਘ ਅੰਮ੍ਰਿਤਸਰ। ਜਦ ਇਹ



Digitized by Panjab Digital Library | www.panjabdigilib.org

ਰਿਹਾ ਹੋ ਕੇ ਆਏ ਤਦ ਕਈ ਲੋਕਾਂ ਨੇ ਇਨਾਂ ਦੀ ਵਿਰੋਧਤਾ ਕੀਤੀ। ਏਨਾਂ ਨੂੰ ਸ਼ਰਤਾਂ ਮੰਨੂ ਤੇ ਪੰਥਕ ਗ਼ਦਾਰ ਕਿਹਾ।

ਜਿੰਨਾ ਨੇ ਗਵਰਨਰ ਦੀ ਸ਼ਰਤ ਪ੍ਰਵਾਨ ਨਹੀਂ ਕੀਤੀ, ਉਹ ਸਨ:—ਸ: ਤੇਜਾ ਸਿੰਘ ਸਮੁੰਦਰੀ, ਮਾਸਟਰ ਤਾਰਾ ਸਿੰਘ, ਸ: ਸਰਮੁਖ ਸਿੰਘ ਝਬਾਲ, ਸ: ਸੇਵਾ ਸਿੰਘ ਠੀਕਰੀ ਵਾਲਾ, ਜਥੇਦਾਰ ਤੇਜਾ ਸਿੰਘ ਅਕਰਪੁਰੀ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ, ਸ: ਭਾਗ ਸਿੰਘ ਐਡਵੋਕੇਟ ਗੁਰਦਾਸਪੁਰ, ਸ: ਹਰੀ ਸਿੰਘ ਜਲੰਧਰੀ, ਸ: ਗੁਰਚਰਨ ਸਿੰਘ, ਬਾਬੂ ਸੰਤਾ ਸਿੰਘ ਸੁਲਤਾਨਵਿੰਡ, ਬਾਬੂ ਤ੍ਰਿਪਤ ਸਿੰਘ ਲਾਇਲਪੁਰ, ਸ: ਰਾਇ ਸਿੰਘ ਕਾਉਂਣੀ (ਸਕੱਤ੍ਰ ਕਾਮਾਗਾਟਾ ਮਾਰੂ ਜਹਾਜ਼) ਸ. ਤੇਜਾ ਸਿੰਘ ਘਵਿੰਡ, ਸ. ਸੋਹਣ ਸਿੰਘ ਜੋਸ਼, ਸ. ਹਰੀ ਸਿੰਘ ਚਕਵਾਲੀਆ। ਇਹ ਪੰਦਰਾਂ ਮੁਖੀ ਸਨ। ਫਰਵਰੀ ੧੯੨੬ ਵਿਚ ਇਨਾਂ ਨੂੰ ਲਾਹੌਰ ਸੈਂਟਰਲ ਜੇਹਲ ਵਿਚ ਤਬਦੀਲ ਕਰ ਦਿਤਾ ਗਿਆ ਤੇ ਮੁਕਦਮੇ ਦੀ ਕਾਰਵਾਈ ਜਾਰੀ ਰਖੀ ਗਈ। ਇਸ ਕਾਰਨ ਸਿਖ ਜਨਤਾ ਵਿਚ ਪਰੇਸ਼ਾਨੀ ਸੀ।

ਮੁਕਦਮੇ ਦੇ ਦੌਰਾਨ ਹੀ ਸ. ਤੇਜਾ ਸਿੰਘ ਸਮੁੰਦਰੀ ਆਪਣੀ ਜੀਵਨ ਯਾਤ੍ਰਾ ਸਫ਼ਲ ਕਰਦੇ ਹੋਏ ੧੭ ਜੁਲਾਈ ੧੯੨੬ ਨੂੰ ਗੁਰੂ ਚਰਨਾਂ ਵਿਚ ਜਾ ਬਿਰਾਜੇ। ਉਨ੍ਹਾਂ ਦਾ ਮ੍ਰਿਤਕ ਸਰੀਰ ਲਾਹੌਰ ਸੈਂਟਰਲ ਜੇਹਲ ਵਿਚੋਂ ਲਿਆ ਕੇ ੧੮ ਜੁਲਾਈ ਨੂੰ ਅੰਮ੍ਰਿਤਸਰ ਵਿਚ ਬੜੇ ਸਤਕਾਰ ਨਾਲ ਅੰਤਮ ਸੰਸਕਾਰ ਕੀਤਾ ਗਿਆ।

'ਸੇਵਕ ਕੀ ਓੜਕਿ ਨਿਬਹੀ ਪ੍ਰੀਤਿ ਦੇ ਵਾਕ ਅਨੁਸਾਰ ਸ. ਜੀ ਇਕ ਮਹਾਨ ਲਹਿਰ ਦੀ ਅਗਵਾਈ ਕਰਦੇ ਹੋਏ ਆਪਣੇ ਜੀਵਨ ਦੀ ਅਹੂਤੀ ਦੇ ਗਏ।

੧੩ ਸਿਤੰਬਰ ੧੯੨੬ ਨੂੰ ਸ੍ਰਕਾਰ ਨੇ ਸ਼ਰੋਮਣੀ ਕਮੇਟੀ ਤੇ ਅਕਾਲੀ ਦਲ ਨੂੰ ਕਾਨੂੰਨ ਵਿਰੁਧ ਕਰਾਰ ਦੇਣ ਦਾ ਐਲਾਨ ਵਾਪਸ



Digitized by Panjab Digital Library | www.panjabdigilib.org

ਲੈ ਲੀਤਾ। ੨੭ ਸਿਤੰਬਰ ਨੂੰ ਜਿੰਨਾਂ ੧੫ ਮੁਖੀਆਂ ਦੇ ਵਿਰੁਧ ਲਾਹੌਰ ਸੰਟ੍ਰਲ ਜੇਹਲ ਵਿਚ ਕੇਸ ਚਲ ਰਿਹਾ ਸੀ, ਉਨਾਂ ਨੂੰ ਰਿਹਾ ਕਰ ਦਿਤਾ। ਸ਼ੋਕ ! ਇਸ ਮਾਲਾ ਦਾ ਇਕ ਕੀਮਤੀ ਮੋਤੀ ਸ੍ਰ: ਤੇਜਾ ਸਿੰਘ ਸਮੁੰਦਰੀ ਟੁਟ ਗਿਆ। ਜੇਹਲੋਂ ਬਾਹਰ ਆਕੇ ਇੰਨਾਂ ਪਦਰਾਂ ਮੁਖੀਆਂ ਨੇ ਜੋ ਤਸਵੀਰਲੁਹਾਈ, ਉਹ ਸਾਡੇ ਰੀਕਾਰਡ ਵਿਚ ਮੌਜੂਦ ਹੈ। ਉਸ ਵਿਚ ਸ੍ਰ: ਤੇਜਾ ਸਿੰਘ ਜੀ ਦੀ ਫੋਟੋ ਇਕ ਕੁਰਸੀ ਉਤੇ ਰਖੀ ਹੋਈ ਦਿਖਾਈ ਗਈ ਹੈ।

ਸਰਦਾਰ ਜੀ ਬੜੇ ਆਦਰਸ਼ਕ ਗ੍ਰਿਹਸਤੀ ਸਨ। ਆਪ ਦੀ ਧਰਮ ਪਤਨੀ ਮਾਤਾ ਰਾਮ ਕੌਰ ਜੀ, ਨਗਰ ਢੋਟੀਆਂ ਜ਼ਿਲਾ ਅੰਮ੍ਰਿਤਸਰ ਦੇ ਸਨ। ਆਪ ਦੇ ਚਾਰ ਸਪੁਤ੍ਰ ਹਨ–ਸ. ਸਾਹਿਬ ਸਿੰਘ, ਸ. ਮਾਨ ਸਿੰਘ, ਸ. ਬਿਸ਼ਨ ਸਿੰਘ ਤੇ ਸ. ਹਰਿਚਰਨ ਸਿੰਘ, ਸ੍ਰ: ਮਾਨ ਸਿੰਘ ਤੇ ਸ੍ਰ: ਹਰਿਚਰਨ ਸਿੰਘ ਸ੍ਰਕਾਰੀ ਸਰਵਿਸ ਵਿਚ ਹਨ। ਸ੍ਰ: ਬਿਸ਼ਨ ਸਿੰਘ ਸਮੁੰਦਰੀ ਪਹਿਲੇ ਐਗਰੀਕਲਚਰ ਕਾਲਜ ਲੁਧਿਆਣਾ ਦੇ ਪ੍ਰਿੰਸੀਪਲ ਸਨ। ਸ੍ਰਦਾਰ ਪ੍ਰਤਾਪ ਸਿੰਘ ਕਰੋਂ ਦੇ ਸਮੇਂ ਖਾਲਸਾ ਅੰਮ੍ਰਿਤਸਰ ਦੇ ਪ੍ਰਿੰਸੀਪਲ ਬਣੇ। ੧੯੬੯ ਵਿਚ ਜਦ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪੰਜ ਸੌ ਸਾਲਾ .ਵਰ੍ਹੇ ਗੰਢ ਦੀ ਯਾਦ ਵਿਚ ਗੁਰੂ ਨਾਨਕ ਯੂਨੀਵਰਸਿਟੀ ਕਾਇਮ ਹੋਈ, ਉਸਦੇ ਵਾਈਸ ਚਾਂਸਲਰ ਨੀਯਤ ਕੀਤੇ ਗਏ। ਆਪ ਇਕ ਚੰਗੇ ਗੁਰਸਿੱਖ ਅਤੇ ਤਜਰਬੇਕਾਰ ਐਜੂਕੇਸ਼ਨਿਸਟ ਹਨ।

ਸਨ ੧੯੩੭ ਵਿਚ ਇਕ ਲੱਖ ਰੁਪਏ ਦੀ ਲਾਗਤ ਨਾਲ ਸ਼ਰੋਮਣੀ ਗੁਰਦਵਾਰਾ ਪ੍ਰਬਧਕ ਕਮੇਟੀ ਦਾ ਦਫਤਰ ਬਣਾਇਆ ਗਿਆ। ਜਿਸ ਦਾ ਨਾਮ ਸ੍ਰ. ਤੇਜਾ ਸਿੰਘ ਸਮੁੰਦਰੀ ਹਾਲ ਰਖਿਆ ਗਿਆ। ਗੁਰਦਵਾਰਾ ਸੁਧਾਰ ਦੇ ਇਤਿਹਾਸ ਵਿਚ ਸ੍ਰ. ਤੇਜਾ ਸਿੰਘ ਸਮੁੰਦਰੀ ਦਾ ਨਾਮ ਸਦਾ ਚਮਕਦਾ ਰਹੇਗਾ।

—o—



Digitized by Panjab Digital Library | www.panjabdigilib.org

## 4.

# ਗੁਰਸਿਖੀ ਜੀਵਨ ਤੇ ਕੁਰਬਾਨੀ ਦੀ ਮੂਰਤਿ

# ਸ੍ਰ: ਸੇਵਾ ਸਿੰਘ ਠੀਕਰੀਵਾਲਾ

ਸਿੰਘ ਸਭਾ ਲਹਿਰ ਵਿਚ ਜਿੰਨਾਂ ਦੇ ਲੋਕ ਜੀਵਨ ਦਾ ਆਰੰਭ ਹੋਇਆ, ਗੁਰਦਵਾਰਾ ਸੁਧਾਰ ਲਹਿਰ ਵਿਚ ਕੁਰਬਾਨੀ ਦੀ ਕੁਠਾਲੀ ਵਿਚ ਪੈ ਕੇ ਕੁੰਦਨ ਦੀ ਤਰਾਂ ਚਮਕੇ, ਰਿਆਸਤੀ ਪਰਜਾ ਦੀ ਸੁਤੰਤ੍ਰਤਾ ਲਈ ਅਤੁਟ ਘੋਲ ਕਰਦੇ ਹੋਏ ਲੰਮੀ ਭੁਖ ਹੜਤਾਲ ਕਰਕੇ ਪਟਿਆਲਾ ਜੇਹਲ ਵਿਚ ਸ਼ਹੀਦੀ ਪ੍ਰਾਪਤ ਕੀਤੀ, ਉਹ ਮਹਾਨ ਨੇਤਾ ਸ੍ਰ: ਸੇਵਾ ਸਿੰਘ ਠੀਕਰੀਵਾਲਾ ਸਨ।

ਸ੍ਰ: ਸੇਵਾ ਸਿੰਘ ਦਾ ਜਨਮ ਅਸੂ ਵਦੀ ਤੀਜ ਸੰਮਤ ੧੯੩੯ ਮੁਤਾਬਕ ੨੪ ਅਗਸਤ ਸਨ ੧੮੮੨ ਨੂੰ ਪਿੰਡ ਠੀਕਰੀਵਾਲਾ ਰਿਆਸਤ ਪਟਿਆਲਾ ਵਿਚ ਸ੍ਰ: ਦੇਵਾ ਸਿੰਘ ਰਈਸ ਦੇ ਘਰ ਮਾਤਾ ਹਰਿ ਕੌਰ ਤੋਂ ਹੋਇਆ। ਆਪ ਦੇ ਖਾਨਦਾਨ ਵਿਚੋਂ ਕਈ ਆਦਮੀ ਰਿਆਸਤ ਵਿਚ ਕਈ ਵਡੇ ਅਹੁਦਿਆਂ ਪਰ ਸਨ। ਸ੍ਰਦਾਰ ਜੀ ਦੇ ਮਾਤਾ ਪਿਤਾ ਨੇ ਆਪਨੂੰ ਮਿਡਲ ਤੀਕ ਸਕੂਲ ਦੀ ਤਾਲੀਮ ਦਿਤੀ। ਫਿਰ ਉੱਚੀ ਵਿਦਿਆ ਲਈ ਪਟਿਆਲੇ ਇਕ ਸਕੂਲ ਵਿਚ ਪੜ੍ਹਨੇ ਪਾਇਆ। ਆਪਨੇ ਚੰਗੀ ਵਿਦਿਆ ਪ੍ਰਾਪਤ ਕੀਤੀ। ਆਪ ਬੜੇ ਉਜਲ ਦੀਦਾਰੀ, ਸੁਭਾਅ ਦੇ ਮਿਠੇ, ਸਿਦੇ ਸਾਦੇ ਅਤੇ ਨੇਕ ਪੁਰਸ਼ ਸਨ।



Digitized by Panjab Digital Library | www.panjabdigilib.org

ਇਸ ਲਈ ਮਹਾਰਾਜਾ ਰਾਜਿੰਦਰ ਸਿੰਘ ਨੇ ਆਪਨੂੰ ਆਪਣਾ ਖਾਸ ਸਲਾਹਕਾਰ ਨੀਯਤ ਕੀਤਾ। ਸਨ ੧੯੦੦ ਵਿਚ ਉਸਦਾ ਦੇਹਾਂਤ ਹੋ ਗਿਆ। ਉਸ ਤੋਂ ਬਾਅਦ ਆਪ ਮਹਾਰਾਜਾ ਭੂਪਿੰਦਰ ਸਿੰਘ ਦੇ ਅਹਿਲਕਾਰ ਵੀ ਰਹੇ। ਆਪਨੇ ਕੁਝ ਚਿਰ ਰਿਆਸਤ ਪਟਿਆਲੇ ਦੇ ਸਿਹਤ ਵਿਭਾਗ ਵਿਚ ਨੌਕਰੀ ਵੀ ਕੀਤੀ।* ਫਿਰ ਨੌਕਰੀ ਛਡਕੇ ਆਪਨੇ ਨਗਰ ਠੀਕਰੀਵਾਲਾ ਵਿਚ ਆ ਗਏ। ਉਸ ਵਕਤ ਸਿੰਘ ਸਭਾ ਲਹਿਰ ਜ਼ੋਰ ਨਾਲ ਚਲ ਰਹੀ ਸੀ। ਆਪ ਅੰਮ੍ਰਿਤ ਛਕਕੇ ਤਿਆਰ ਬਰ ਬਾਰ ਸਿੰਘ ਸਜ ਗਏ। ਚੜ੍ਹਦੀ ਜਵਾਨੀ ਵਿਚ ਸ: ਸੇਵਾ ਸਿੰਘ ਜੀ ਦੀਆਂ ਉਚੇ ਘਰਾਣਿਆਂ ਵਿਚ ਦੋ ਸ਼ਾਦੀਆਂ ਹੋਈਆਂ। ਇਕ ਧਰਮ ਪਤਨੀ ਦਾ ਨਾਂ ਕਰਤਾਰ ਕੌਰ ਸੀ, ਉਹ ਗੁਜ਼ਰ ਗਈ ਹੈ। ਦੂਜੀ ਭਾਨ ਕੌਰ ਅਜੇ ਮੌਜੂਦ ਹੈ। ਸ੍ਰਦਾਰ ਜੀ ਦੇ ਇਕੋ ਲੜਕੀ ਹੋਈ। ਲੜਕਾ ਕੋਈ ਨਹੀਂ ਹੋਇਆ। ਪਿਉ ਦਾਦੇ ਦੇ ਵਿਰਸੇ ਵਿਚੋਂ ਆਪਨੂੰ ਸ੍ਰਦਾਰੀ, ਕਾਫੀ ਜ਼ਮੀਨ ਤੇ ਜਾਇਦਾਦ ਮਿਲੀ। ਇਸ ਲਈ ਰਈਸ ਸਨ। ਧਨ ਪਦਾਰਥ ਤੇ ਕਿਸੇ ਚੀਜ਼ ਦੀ ਕਮੀ ਨਹੀਂ ਸੀ।

ਬਹੁਤ ਸਾਰੇ ਰਈਸ, ਸ੍ਰਦਾਰ ਤੇ ਧਨਾਢ ਆਦਮੀ ਧਨ ਪਦਾਰਥ ਤੇ ਮਾਣ ਐਸ਼ਵਰਜ ਪ੍ਰਾਪਤ ਕਰਕੇ ਮਾੜੇ ਕੰਮਾਂ ਵਿਚ ਪ੍ਰਵਿਰਤ ਹੋ ਜਾਂਦੇ ਹਨ। ਸ੍ਰਦਾਰ ਸੇਵਾ ਸਿੰਘ ਰਈਸ ਘਰਾਣੇ ਵਿਚ ਜੰਮ ਪਲ ਕੇ ਧਨ ਪਦਾਰਥ ਤੇ ਭੋਂ ਭਾਂਡਾ ਹੋਣ ਦੇ ਬਾਵਜੂਦ ਚੰਗੇ ਵਿਚਾਰਾਂ ਤੇ ਸੰਸਕਾਰਾਂ ਦੇ ਸਨ।

**ਲੋਕ ਜੀਵਨ ਦਾ ਆਰੰਭ—**

ਸ੍ਰਦਾਰ ਜੀ ਦੇ ਲੋਕ ਜੀਵਨ ਦਾ ਆਰੰਭ ਸਿੰਘ ਸਭਾ ਲਹਿਰ ਤੋਂ ਹੋਇਆ। ਆਪਨੇ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਪਾਨ

---

*ਗੁਰਦਵਾਰਾ ਗਜ਼ਟ ਜਨਵਰੀ ੧੯੭੪ ਪੰਨਾ ੩੮।



Digitized by Panjab Digital Library | www.panjabdigilib.org

ਕਰਨ ਪਿਛੋਂ ਧਰਮ ਪ੍ਰਚਾਰ ਤੇ ਕੌਮੀ ਸੇਵਾ ਨੂੰ ਜੀਵਨ ਉਦੇਸ਼ ਬਣਾ ਲਿਆ। ਠੀਕਰੀ ਵਾਲੇ ਵਿਚ ਸਿੰਘ ਕਾਇਮ ਕੀਤੀ ਅਤੇ ਗੁਰ ਦਵਾਰਾ ਬਣਾਇਆ।

## ਅਕਾਲੀ ਲਹਿਰ ਵਿਚ–

ਫਰਵਰੀ ੧੯੨੧ ਵਿਚ ਸ੍ਰੀ ਨਨਕਾਣੇ ਸਾਹਿਬ ਦਾ ਸਾਕਾ ਹੋਇਆ। ਉਸ ਵਕਤ ਆਪ ਅਕਾਲੀ ਲਹਿਰ ਵਿਚ ਸ਼ਾਮਲ ਹੋਏ। ਆਪ ਇਕ ਜਥਾ ਲੈਕੇ ਨਨਕਾਣੇ ਸਾਹਿਬ ਪੁਜੇ। ਸ਼ਹੀਦੀ ਸਾਕੇ ਕਾਰਨ ਕੁਰਬਾਨੀ ਦੀ ਰੰਗਤ ਚੜ੍ਹੀ। ਉਸ ਤੋਂ ਬਾਅਦ ਜਦ ਗੁਰਦਵਾਰਾ ਮੁਕਤਸਰ ਦਾ ਪ੍ਰਬੰਧ ਖਾਲਸੇ ਨੇ ਸੰਭਾਲਿਆ, ਉਸ ਵਕਤ ਵੀ ਆਪ ਇਕ ਜਥਾ ਲੈਕੇ ਮੁਕਤਸਰ ਪੁਜੇ। ਇਸ ਨਾਲ ਸਾਰੇ ਮਾਲਵੇ ਵਿਚ ਆਪਦੀ ਬੜੀ ਸੁਹਰਤ ਹੋ ਗਈ। ਉਹ ਇਕ ਅਗਾਹਾਂ ਵਧੂ ਤੇ ਸਰਗਰਮ ਅਕਾਲੀ ਲੀਡਰ ਸਮਝੇ ਜਾਣ ਲਗ ਪਏ। ਜਿਸ ਆਦਮੀ ਦਾ ਖਾਨਦਾਨ ਚੰਗਾ ਹੋਵੇ, ਘਰੋਂ ਰਜਿਆ ਪੁਜਿਆ ਤੇ ਨਾਲ ਹੀ ਕੁਰਬਾਨੀ ਲਈ ਤਿਆਰ ਹੋ ਜਾਏ, ਉਸਦੀ ਆਮ ਲੋਕਾਂ ਵਿਚ ਸ਼ੁਹਰਤ ਹੋ ਜਾਣੀ ਸੁਭਾਵਕ ਗਲ ਸੀ।

ਸ੍ਰਦਾਰ ਜੀ ਰਿਆਸਤ ਪਟਿਆਲਾ, ਨਾਭਾ, ਫਰੀਦਕੋਟ, ਜੀਂਦ, ਮਲੇਰ ਕੋਟਲਾ ਦੀ ਰਿਆਸਤੀ ਪਰਜਾ, ਫੀਰੋਜ਼ਪੁਰ ਤੇ ਲੁਧਿਆਣਾ ਆਦਿਕ ਜ਼ਿਲਿਆਂ ਦੇ ਮੁਖੀ ਸਮਝੇ ਜਾਣ ਲਗ ਪਏ।

## ਜਥੇਬੰਦੀਆਂ ਦੇ ਮੁਖੀ--

ਆਪਸ਼ਰੋਮਣੀ ਕਮੇਟੀ ਦੀ ਐਗਜ਼ੈਕਟਿਵ ਕਮੇਟੀ ਦੇ ਮੈਂਬਰ ਤੇ ਅਕਾਲੀ ਦਲ ਦੇ ਮੀਤ ਪ੍ਰਧਾਨ ਚੁਣੇ ਗਏ।

੯ ਜੁਲਾਈ ੧੯੨੩ ਨੂੰ ਜਦ ਸ੍ਰਕਾਰ ਅੰਗਰੇਜ਼ੀ ਨੇ ਮਹਾ-ਰਾਜਾ ਰਿਪੁਦਮਨ ਸਿੰਘ ਨਾਭਾ ਨੂੰ ਗਦੀਓਂ ਉਤਾਰਿਆ, ਉਸ ਵਕਤ ਸ੍ਰ: ਸੇਵਾ ਸਿੰਘ ਸ਼ਰੋਮਣੀ ਕਮੇਟੀ ਦੇ ਐਗਜ਼ੈਕਟਿਵ ਮੈਂਬਰ



Digitized by Panjab Digital Library | www.panjabdigilib.org

ਸਨ। ਨਾਭੇ ਪਟਿਆਲੇ ਦਾ ਝਗੜਾ ਦੋ ਰਾਜਿਆਂ ਦਾ ਸੀ। ਪਰ ਉਸ ਵਿਚ ਸ਼ਰੋਮਣੀ ਕਮੇਟੀ ਤੇ ਅਕਾਲੀ ਦਲ ਨੇ ਮਹਾਰਾਜਾ ਨਾਭਾ ਦੀ ਹਮੈਤ ਕੀਤੀ। ਉਸਨੂੰ ਮੁੜ ਗਦੀ ਉਤੇ ਬਿਠਾਉਣ ਦਾ ਅੰਦੋਲਨ ਕੀਤਾ ਗਿਆ। ਜੋ ਬਾਅਦ ਵਿਚ ਜੈਤੋ ਵਿਚ ਅਖੰਡ ਪਾਠ ਦੇ ਖੰਡਨ ਕਰਨ ਦੇ ਕਾਰਨ ਧਾਰਮਿਕ ਮੋਰਚੇ ਦੀ ਸ਼ਕਲ ਵਿਚ ਬਦਲ ਗਿਆ। ਸ਼ਰੋ: ਕਮੇਟੀ ਦੀ ਇਹ ਨੀਤੀ ਮਹਾਰਾਜਾ ਭੂਪਿੰਦਰ ਸਿੰਘ ਪਟਿਆਲਾ ਦੇ ਉਲਟ ਸੀ। ਇਸ ਲਈ ਉਸਨੇ ਸ੍ਰ: ਸੇਵਾ ਸਿੰਘ ਠੀਕਰੀਵਾਲਾ ਨੂੰ ਆਪਣਾ ਸਭ ਤੋਂ ਵਡਾ ਵਿਰੋਧੀ ਸਮਝ ਲਿਆ। ਪੰਜਾਬ ਵਿਚ ਮਹਾਰਾਜਾ ਪਟਿਆਲਾ ਵਿਰੁਧ ਜਹਾਦ ਕਰਨ ਵਾਲੇ ਪ੍ਰਮੁਖ ਲੀਡਰ ਮਾਸਟਰ ਤਾਰਾ ਸਿੰਘ ਸੀ। ਪਰ ਉਹ ਸ੍ਰ: ਸੇਵਾ ਸਿੰਘ ਦੇ ਰਿਆਸਤੀ ਹੋਣ ਕਰਕੇ ਔਖਾ ਸੀ। ਉਸ ਨੇ ਸ੍ਰਦਾਰ ਜੀ ਨੂੰ ਅਕਾਲੀ ਲਹਿਰ ਤੋਂ ਵਖ ਕਰਨ ਦੀ ਬਥੇਰੀ ਕਸ਼ਸ਼ ਕੀਤੀ ਪਰ ਉਹ ਸਫਲ ਨਾ ਹੋਈ।

### ਤਿੰਨ ਸਾਲ ਜੇਹਲ ਵਿਚ—

੧੨ ਅਕਤੂਬਰ ੧੯੨੩ ਨੂੰ ਜਦ ਸ੍ਰਕਾਰ ਅਗਰੇਜ਼ੀ ਨੇ ਸ਼ਰੋਮਣੀ ਕਮੇਟੀ ਤੇ ਅਕਾਲੀ ਦਲ ਨੂੰ ਕਾਨੂੰਨ ਵਿਰੁਧ ਕਰਾਰ ਦੇਕੇ ਗ੍ਰਿਫਤਾਰ ਕਰ ਲਿਆ, ਉਸ ਵਕਤ ਸ੍ਰ: ਸੇਵਾ ਸਿੰਘ ਜੀ ਸ਼ਰੋਮਣੀ ਕਮੇਟੀ ਦੇ ਮੈਂਬਰ ਤੇ ਅਕਾਲੀ ਦਲ ਦੇ ਮੀਤ ਪ੍ਰਧਾਨ ਸਨ। ਆਪ ਨੂੰ ਮੁਕਤਸਰ ਤੋਂ ਗ੍ਰਿਫਤਾਰ ਕੀਤਾ ਗਿਆ। ੧੯੨੩ ਤੋਂ ੧੯੨੬ ਤੀਕ ਅਕਾਲੀ ਲੀਡਰਾਂ ਦਾ ਕੇਸ ਲਾਹੌਰ ਕਿਲ੍ਹੇ ਤੇ ਸੰਟ੍ਰਲ ਜੇਲ੍ਹ ਵਿਚ ਚਲਿਆ। ਸ੍ਰ: ਜੀ ਵੀ ਉਸ ਕੇਸ ਵਿਚ ਸ਼ਾਮਲ ਸਨ। ਆਪ ਤਿੰਨ ਸਾਲ ਲਗਾਤਾਰ ਜੇਹਲ ਵਿਚ ਰਹੇ।

### ਪਟਿਆਲੇ ਦੀ ਕੈਦ ਵਿਚ-

੨੭ ਸਿਤੰਬਰ ੧੯੨੬ ਨੂੰ ਜਦ ਪੰਜਾਬ ਸ੍ਰਕਾਰ ਨੇ ਸ਼ਰੋਮਣੀ



Digitized by Panjab Digital Library | www.panjabdigilib.org

ਕਮੇਟੀ ਦੇ ਲੀਡਰਾਂ ਦਾ ਮੁਕਦਮਾ ਵਾਪਸ ਲੈ ਲਿਆ ਤੇ ਉਨਾਂ ਨੂੰ ਰਿਹਾ ਕਰ ਦਿਤਾ, ਉਸ ਵਕਤ ਸ੍ਰਦਾਰ ਸੇਵਾ ਸਿੰਘ ਮਹਾਰਾਜਾ ਪਟਿਆਲਾ ਦੀ ਕ੍ਰੋਧੀ ਤੋਂ ਬਚ ਨਾ ਸਕੇ। ਰਿਆਸਤੀ ਪੁਲੀਸ ਨੇ ਲਾਹੌਰ ਪੁਜ ਕੇ ਆਪ ਨੂੰ ਰਿਹਾਈ ਸਮੇਂ ਹੀ ਗ੍ਰਿਫ਼ਤਾਰ ਕਰ ਲਿਆ। ਆਪ ਵਿਰੁਧ ਡੇਰਾ ਬਾਬਾ ਗਾਂਧਾ ਸਿੰਘ ਬਰਨਾਲਾ ਵਿਚੋਂ ਇਕ ਗਡਵੀ ਚੁਕਣ ਦਾ ਬੇ-ਬੁਨਿਆਦ ਦੋਸ਼ ਲਾਕੇ ਮੁਕਦਮਾ ਚਲਾਇਆ ਗਿਆ। ਪਰ ਡੇਰੇ ਦੇ ਮਹੰਤ ਨੇ ਅਦਾਲਤ ਵਿਚ ਬਿਆਨ ਦਿਤਾ ਕਿ ਉਸ ਦੀ ਕੋਈ ਗਡਵੀ ਨਹੀਂ ਚੁਕੀ ਗਈ,ਇਸ਼ ਪਰ ਪੁਲੀਸ ਨੂੰ ਮੂੰਹ ਦੀ ਖਾਣੀ ਪਈ। ਮੁਕਦਮਾ ਖਾਰਜ ਹੋਗਿਆ। ਪਰ ਫ਼ਿਰ ਵੀ ਆਪਨੂੰ ਰਿਹਾ ਨਾ ਕੀਤਾ ਗਿਆ। ਮਹਾਰਾਜਾ ਭੂਪਿੰਦਰ ਸਿੰਘ ਦੇ ਹੁਕਮ ਨਾਲ ਰਿਆਸਤੀ ਕਾਨੂੰਨ ਦੇ ਅਧੀਨ ਆਪ ਨੂੰ ਬਿਨਾ ਮੁਕਦਮਾ ਚਲਾਏ ੧੯੨੬ ਤੋਂ ੧੯੨੯ ਤੀਕ ਪਟਿਆਲਾ ਜੇਹਲ ਵਿਚ ਬੰਦ ਰਖਿਆ ਗਿਆ।

ਸ: ਸੇਵਾ ਸਿੰਘ ਵਿਰੁਧ ਮਹਾਰਾਜਾ ਭੂਪਿੰਦਰ ਸਿੰਘ ਦੀ ਕਰੋਪੀ ਦਾ ਦੂਜਾ ਕਾਰਨ ਇਹ ਸੀ ਕਿ ਉਹ ਰਿਆਸਤੀ ਪਰਜਾ ਵਿਚ ਜਾਗ੍ਰਿਤਿ ਪੈਦਾ ਕਰਨ ਵਾਲੇ ਸਨ। ਅਗਾਹਾਂ ਵਧੂ ਸੰਸਥਾਵਾਂ ਦੇ ਮੁਖੀ ਸਨ।

## ਰਿਆਸਤੀ ਪਰਜਾ ਮੰਡਲ—

੧੯੨੧ ਵਿਚ ਜਦਕਾਂਗਰਸ ਨੇ ਅੰਗਰੇਜ਼ ਸਾਮਰਾਜ ਵਿਰੁਧ ਨਾ ਮਿਲਵਰਤਨ ਦੀ ਲਹਿਰ ਚਲਾਈ, ਉਸਨੇ ਜਨਤਾ ਵਿਚ ਬੜੀ ਰਾਜਨੀਤਕ ਜਾਗ੍ਰਿਤਿ ਪੈਦਾ ਕੀਤੀ। ਉਸਦਾ ਅਸਰ ਰਿਆ-ਸਤੀ ਪਰਜਾ ਪਰ ਵੀ ਪਿਆ। ਜਿਸ ਕਰਕੇ ਸਟੇਟਸ ਪੀਪਲਜ਼ ਕਾਨਫਰੰਸ ਕਾਇਮ ਹੋਈ। ਜੈਤੋ ਦੇ ਮੋਰਚੇ ਦੇ ਬਾਅਦ ਪੰਜਾਬ ਰਿਆਸਤੀ ਪਰਜਾ ਮੰਡਲ ਦਾ ਜਨਮ ਹੋਇਆ। ਜਿਸ ਦੇ ਹੀਰੋ ਸ: ਸੇਵਾ ਸਿੰਘ ਜੀ ਸਨ।



Digitized by Panjab Digital Library | www.panjabdigilib.org

ਸਨ ੧੯੨੮ ਵਿਚ ਮਾਨਸਾ ਦੇ ਗੁਰਦਵਾਰੇ ਵਿਚ ਰਿਆਸਤੀ ਵਰਕਰਾਂ ਦਾ ਇਕ ਇਕੱਠ ਹੋਇਆ। ਜਿਸ ਵਿਚ ਡਾਕਟਰ ਗੁਰਮੁਖ ਸਿੰਘ ਤੇ ਸ੍ਰ: ਦੀਵਾਨ ਸਿੰਘ ਮਫਤੂਨ ਐਡੀਟਰ ਰਿਆਸਤ ਦਿਲੀ ਵੀ ਸ਼ਾਮਲ ਹੋਏ। ਜ: ਜਗੀਰ ਸਿੰਘ ਫ਼ਗੂਵਾਲੀਆ ਨੇ ਦਸਿਆ ਕਿ ਉਸ ਇਕੱਠ ਵਿਚ ਪੰਜਾਬ ਰਿਆਸਤੀ ਪਰਜਾ ਮੰਡਲ ਕਾਇਮ ਕੀਤਾ ਗਿਆ।

ਉਸ ਵਕਤ ਸ: ਸੇਵਾ ਸਿੰਘ ਪਟਿਆਲਾ ਜੇਹਲ ਵਿਚ ਸਨ। ਗੈਰ ਹਾਜ਼ਰੀ ਵਿਚ ਆਪਨੂੰ ਰਿਆਸਤੀ ਪਰਜਾ ਮੰਡਲ ਦਾ ਪ੍ਰਧਾਨ ਚੁਣਿਆ ਗਿਆ। ਅਕਾਲੀ ਲਹਿਰ ਦੇ ਦੌਰਾਨ ਨਾਭਾ, ਪਟਿਆਲਾ ਤੇ ਫਰੀਦਕੋਟ ਆਦਿ'ਚੋਂ'ਢਾਈ ਤਿੰਨ ਸੌ ਪ੍ਰਵਾਰ ਬੇਘਰ ਕੀਤੇ ਗਏ ਸਨ। ਉਨ੍ਹਾਂ ਦੀਆਂ ਜਾਇਦਾਦਾਂ ਜ਼ਬਤ ਕੀਤੀਆਂ ਗਈਆਂ ਸਨ। ਉਨਾਂ ਵਿਚੋਂ ਬਹੁਤ ਸਾਰੇ ਆਦਮੀ ਪਰਜਾ ਮੰਡਲ ਵਿਚ ਸ਼ਾਮਲ ਹੋ ਗਏ। ਰਜਵਾੜਾ ਸ਼ਾਹੀ ਦੇ ਜੁਲਮ ਤੇ ਜਬਰ ਵਿਰੁਧ ਘੋਲ ਕਰਨ ਲਈ ਇਕ ਤਕੜੀ ਜਥੇਬੰਦੀ ਬਣ ਗਈ।

੬ ਫਰਵਰੀ ੧੯੨੯ ਨੂੰ ਮਹਾਰਾਜਾ ਪਟਿਆਲਾ ਨੇ ਸ: ਸੇਵਾ ਸਿੰਘ ਬਾਰੇ ਹੇਠ ਲਿਖਿਆ ਬਿਆਨ ਜਾਰੀ ਕੀਤਾ:—"ਸੇਵਾ ਸਿੰਘ ਮੇਰੀ ਰਿਆਸਤ ਦੇ ਪਿੰਡ ਠੀਕਰੀ ਵਾਲੇ ਦਾ ਇਕ ਜਿੰਮੀਦਾਰ ਹੈ, ਜੋ ਬਾਕੀ ਪਰਜਾ ਵਾਂਗ ਮੇਰੇ ਅਧੀਨ ਹੈ। ਉਹ ਮੇਰੀ ਰਿਆਸਤ ਵਿਚ ਵਿਦਰੋਹੀ ਤੇ ਕ੍ਰਾਂਤੀਕਾਰੀ ਪ੍ਰਾਪੇਗੰਡਾ ਕਰਦਾ ਰਿਹਾ ਹੈ। ਜਿਸ ਕਰਕੇ ਉਸ ਨੂੰ ਕੈਦ ਕੀਤਾ ਗਿਆ ਹੈ। ਮੈਂ ਉਸ ਨੂੰ ਆਪਣੇ ਸਾਹਮਣੇ ਬੁਲਾ ਕੇ ਉਪ੍ਰੋਕਤ ਸਰਗਰਮੀਆਂ ਲਈ ਪਸਚਾਤਾਪ ਕਰਨ ਅਤੇ ਭਵਿਖ ਵਿਚ ਆਪਣੇ ਰਵਈਏ ਵਿਚ ਸੋਧ ਕਰਨ ਲਈ ਕਈ ਮੌਕੇ ਦਿਤੇ। ਉਸ ਨੂੰ ਇਹ ਭੀ ਕਿਹਾ ਗਿਆ ਕਿ ਜੇਕਰ ਉਹ ਅਜਿਹਾ ਕਰ ਲਵੇ ਤਾਂ ਉਸ ਨੂੰ ਤੁਰੰਤ ਰਿਹਾ ਕਰ ਦਿਤਾ ਜਾਏਗਾ ਅਤੇ ਧਾਰਮਿਕ ਮੁਆਮਲਿਆਂ



Digitized by Panjab Digital Library | www.panjabdigilib.org

ਵਿਚ ਉਸ ਨੂੰ ਕਿਸੇ ਪ੍ਰਕਾਰ ਦੀ ਕੋਈ ਰੋਕ ਨਹੀਂ ਲਾਈ ਜਾਵੇਗੀ। ਪਰ ਉਸ ਨੇ ਅਜਿਹਾ ਕਰਨ ਤੋਂ ਸਾਫ ਇਨਕਾਰ ਕਰ ਦਿਤਾ। ਜੇਕਰ ਰਿਆਸਤ ਤੋਂ ਬਾਹਰਲੇ ਲੋਕ ਸੇਵਾ ਸਿੰਘ ਵਰਗੇ ਕ੍ਰਾਂਤੀਕਾਰੀ ਨੂੰ ਰਿਹਾ ਕਰਾਉਣ ਲਈ ਕੇਵਲ ਇਸ ਲਈ ਮੰਗ ਕਰਨ ਕਿ ਉਹ ਰਿਆਸਤ ਤੋਂ ਬਾਹਰ ਅਕਾਲੀ ਲਹਿਰ ਨਾਲ ਸਬੰਧਤ ਰਿਹਾ ਹੈ, ਤਾਂ ਇਹ ਗਲ ਅਨੁਚਿਤ ਹੈ ਅਤੇ ਮੈਂ ਇਸ ਨੂੰ ਬਰਦਾਸ਼ਤ ਨਹੀਂ ਕਰਾਂਗਾ।"

ਸ੍ਰਦਾਰ ਸੇਵਾ ਸਿੰਘ ਦੇ ਹੱਕ ਵਿਚ ਲੋਕ ਰਾਇ ਪ੍ਰਬਲ ਹੁੰਦੀ ਗਈ। ਇਸ ਲਈ ੨੪ ਅਗਸਤ ੧੯੨੯ ਨੂੰ ਸ: ਜੀ ਤੇ ਪੰਜਤਾਲੀ ਹੋਰ ਨਜ਼ਰ ਬੰਦਾਂ ਨੂੰ ਰਿਹਾ ਕੀਤਾ ਗਿਆ।

**ਰਿਆਸਤੀ ਪਰਜਾ ਮੰਡਲ ਦੀ ਕਾਨਫਰੰਸ—**

ਪਟਿਆਲਾ ਜੇਹਲ ਵਿਚੋਂ ਰਿਹਾ ਹੋਣ ਦੇ ਬਾਅਦ ਸਰਦਾਰ ਜੀ ਨੇ ਰਿਆਸਤੀ ਪਰਜਾ ਮੰਡਲ ਦੀ ਲਹਿਰ ਨੂੰ ਤਿਖਿਆਂ ਕਰਨ ਦਾ ਪਰੋਗਰਾਮ ਜਾਰੀ ਰਖਿਆ। ਦਸੰਬਰ ੧੯੨੯ ਵਿਚ ਸ: ਜੀ ਦੇ ਉਦਮ ਨਾਲ ਬਰੈਡਲਾ ਹਾਲ ਲਾਹੌਰ ਵਿਚ ਪੰਜਾਬ ਰਿਆਸਤੀ ਪਰਜਾ ਮੰਡਲ ਦੀ ਕਾਨਫਰੰਸ ਸ੍ਰੀ ਚੁਟਗਰ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿਚ ਨਾਭਾ, ਪਟਿਆਲਾ, ਜੀਂਦ, ਫਰੀਦਕੋਟ ਆਦਿਕ ਰਿਆਸਤਾਂ ਤੋਂ ਬਿਨਾਂ ਜੰਮੂ ਕਸ਼ਮੀਰ ਤੇ ਬਹਾਵਲਪੁਰ ਦੇ ਪ੍ਰਤੀਨਿਧਿ ਵੀ ਸ਼ਾਮਲ ਹੋਏ। ਇਸ ਕਾਨਫਰੰਸ ਵਿਚ ਰਜਵਾੜਾ ਸ਼ਾਹੀ ਤੇ ਰਿਆਸਤੀ ਪਰਜਾ ਦੀ ਹਾਲਤ ਬਾਰੇ ਵਿਚਾਰਾਂ ਹੋਈਆਂ।

ਅਕਤੂਬਰ ੧੯੩੦ ਵਿਚ ਪਰਜਾ ਮੰਡਲ ਦੀ ਦੂਜੀ ਕਾਨਫਰੰਸ ਪ੍ਰੋਫੈਸਰ ਰਵਿੰਦਰ ਰਾਉ ਪੂਨਾ ਦੀ ਪ੍ਰਧਾਨਗੀ ਹੇਠ ਲੁਧਿਆਣੇ ਵਿਚ ਹੋਈ। ਉਸ ਕਾਨਫਰੰਸ ਦੀ ਸਵਾਗਤ ਕਮੇਟੀ ਦੇ ਪ੍ਰਧਾਨ ਸ: ਸੇਵਾ ਸਿੰਘ ਸਨ। ਉਨਾਂ ਨੇ ਰਿਆਸਤਾਂ ਦੀ ਰਾਜਸੀ



Digitized by Panjab Digital Library | www.panjabdigilib.org

ਸਮਾਜਕ ਤੇ ਆਰਥਿਕ ਹਾਲਤ ਪਰ ਵਿਚਾਰ ਕਰਦੇ ਹੋਏ ਆਪਣੇ ਸੁਆਗਤੀ ਪਤਰ ਵਿਚ ਕਿਹਾ–"ਇਹੋ ਨਹੀਂ ਕਿ ਰਿਆਸਤਾਂ ਦੇ ਹੁਕਮਰਾਨ ਰਾਜਸੀ ਤਦਵਰ ਤੋਂ ਵਾਂਝੇ ਰਹੇ ਹਨ, ਬਲਕਿ ਇਸ ਨਾਲ ਉਨਾਂ ਦੇ ਇਖਲਾਕ ਤੇ ਵੀ ਅਸਰ ਪਿਆ ਹੈ। ਉਨਾਂ ਦੇ ਮਹਿਲ ਰਾਣੀਆਂ ਨਾਲ ਭਰੇ ਪਏ ਹਨ ਅਤੇ ਤਰ੍ਹਾਂ, ਦੀਆਂ ਸਾਜ਼ਸ਼ਾਂ ਦਾ ਕੇਂਦਰ ਬਣੇ ਹੋਏ ਹਨ। ਮੈਂ ਮੰਨਦਾ ਹਾਂ ਕਿ ਜਦ ਕਦੀ ਮਜ਼ਲੂਮ ਰਿਆਸਤ ਵਾਸੀਆਂ ਨੇ ਕਿਸੇ ਜੁਲਮ ਅਤੇ ਜਬਰ ਦੇ ਖਿਲਾਫ ਅਵਾਜ ਉਠਾਈ, ਉਨ੍ਹਾਂ ਨੂੰ ਬਹੁਤ ਬੁਰੀ ਤਰ੍ਹਾਂ ਸਤਾਇਆ ਅਤੇ ਤੰਗ ਕੀਤਾ ਗਿਆ ਅਤੇ ਇਸ ਤਰ੍ਹਾਂ ਉਨ੍ਹਾਂ ਦੀ ਅਵਾਜ਼ ਨੂੰ ਦਬਾ ਦਿਤਾ ਗਿਆ ਹੈ। ਪਰੰਤੂ ਇਸ ਦੇ ਨਾਲ ਹੀ ਮੇਰਾ ਇਹ ਦਾਹਵਾ ਹੈ ਕਿ ਜਦ ਕੋਈ ਕੌਮ ਜਾਂ ਲੋਕਾਂ ਦਾ ਸਮੂਹ, ਜਾਨ ਜਾਂ ਮਾਲ ਦੇ ਨੁਕਸਾਨ ਤੋਂ ਲਾ-ਪਰਵਾਹ ਹੋ ਕੇ, ਜੁਲਮਾਂ ਦਾ ਮੁਕਾਬਲਾ ਕਰਨ ਲਈ ਤਿਆਰ ਹੋ ਜਾਵੇ, ਤਾਂ ਜ਼ਾਲਮ ਤੇ ਜ਼ੁਲਮ ਖੁਦ ਬਖੁਦ ਮਿਟ ਜਾਣਗੇ।"

ਸ੍ਰਦਾਰ ਜੀ ਦਾ ਇਹ ਸੁਆਗਤੀ ਪਤ੍ਰ ਰਿਆਸਤੀ ਹੁਕਮਰਾਨਾਂ ਅਤੇ ਪਰਜਾ ਦੀ ਬੇਬਸੀ ਦੀ ਮੂੰਹ ਬਲਦੀ ਤਸਵੀਰ ਹੈ। ਉਨਾਂ ਦੇ ਇਨਕਲਾਬੀ ਨੇਤਾ ਹੋਣ ਦਾ ਸਬੂਤ ਹੈ।

ਲੁਧਿਆਣਾ ਕਾਨਫਰੰਸ ਤੋਂ ਵਾਪਸ ਮੁੜਦਿਆਂ ਹੀ ਸ੍ਰਦਾਰ ਸੇਵਾ ਸਿੰਘ ਜੀ ਨੂੰ ਰਿਆਸਤੀ ਪੁਲੀਸ ਨੇ ਫਿਰ ਗ੍ਰਿਫਤਾਰ ਕਰ ਲਿਆ ਅਤੇ ਮਹਾਰਾਜੇ ਵਿਰੁਧ ਪ੍ਰਚਾਰ ਕਰਨ ਦੇ ਜੁਰਮ ਵਿਚ ਮੁਕਦਮਾ ਚਲਾ ਕੇ ਪੰਜ ਸਾਲ ਕੈਦ ਅਤੇ ਇਕ ਹਜ਼ਾਰ ਰੁਪਏ ਜੁਰਮਾਨੇ ਦੀ ਸ਼ਜਾ ਦਿਤੀ ਗਈ। ਉਨਾਂ ਨੂੰ ਪਟਿਆਲਾ ਜੇਹਲ ਵਿਚ ਕੈਦ ਕਰ ਦਿਤਾ ਗਿਆ। ਇਸ ਦੌਰਾਨ ਮਾਸਟਰ ਤਾਰਾ ਸਿੰਘ ਜੀ ਨੇ ਮਹਾਰਾਜੇ ਵਿਰੁਧ ਕਲਮੀ ਜਹਾਦ ਕੀਤਾ। 'ਪਟਿਆਲਾ ਦਰਪਣ' ਨਾਮ ਦੀ ਪੁਸਤਕ ਪ੍ਰਕਾਸ਼ਤ ਕੀਤੀ ਗਈ।



Digitized by Panjab Digital Library | www.panjabdigilib.org

ਜਿਸ ਵਿਚ ਮਹਾਰਾਜਾ ਭੂਪਿੰਦਰ ਸਿੰਘ ਦੇ ਜਬਰ ਤੇ ਅਯਾਸ਼ੀਆਂ ਨੂੰ ਪ੍ਰਗਟ ਕੀਤਾ ਗਿਆ। ਉਸ ਦੇ ਲਈ ਮਾਸਟਰ ਜੀ ਨੂੰ ਡਰ ਤੇ ਲਾਲਚ ਵੀ ਦਿਤਾ। ਪਰ ਉਹ ਨਹੀਂ ਮੰਨੇ।

ਸ੍ਰਦਾਰ ਸੇਵਾ ਸਿੰਘ ਦੇ ਹੱਕ ਵਿਚ ਲੋਕ ਲਹਿਰ ਮਜਬੂਤ ਵੇਖ ਕੇ ੧੨ ਮਾਰਚ ੧੯੩੧ ਨੂੰ ਰਿਹਾ ਕਰ ਦਿਤਾ ਗਿਆ।

**ਸੰਗਰੂਰ ਦਾ ਮੋਰਚਾ:—**

ਸਤੰਬਰ ੧੯੩੧ 'ਚ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸੰਗਰੂਰ ਵਿਚ ਇਕ ਧਾਰਮਿਕ ਦੀਵਾਨ ਰਖਿਆ ਗਿਆ। ਜਿਸ ਵਿਚ ਸ੍ਰਦਾਰ ਸੇਵਾ ਸਿੰਘ ਜੀ ਨੇ ਸਾਥੀਆਂ ਸਮੇਤ ਪੁਜਣਾ ਸੀ। ਹਾਕਮਾਂ ਨੇ ਦਫ਼ਾ ੧੪੪ ਲਾ ਕੇ ਉਸ ਦੀਵਾਨ ਪਰ ਪਾਬੰਦੀ ਲਾ ਦਿਤੀ। ਗੁਰਦਵਾਰੇ ਨੂੰ ਜੰਦਰੇ ਮਾਰ ਕੇ ਬਾਹਰ ਪੁਲੀਸ ਦਾ ਪਹਿਰਾ ਬਿਠਾ ਦਿਤਾ। ਇਸ ਦੇ ਵਿਰੁਧ ਪਰਜਾ ਮੰਡਲ ਤੇ ਅਕਾਲੀ ਜਥੇ ਦੇ ਵਰਕਰਾਂ ਨੇ ਪ੍ਰੋਟੈਸਟ ਕੀਤਾ। ੧੧ ਸਤੰਬਰ ੧੯੩੧ ਨੂੰ ਸ਼ਾਮ ਦੇ ਛੇ ਬਜੇ ਕਈ ਮੁਖੀ ਗ੍ਰਿਫਤਾਰ ਕੀਤੇ ਗਏ। ਜਿੰਨਾਂ ਵਿਚ ਜਗੀਰ ਸਿੰਘ ਜੋਗਾ ਜਨਰਲ ਸਕਤ੍ਰ ਪਰਜਾ ਮੰਡਲ ਪਟਿਆਲਾ, ਜਥੇਦਾਰ ਜਗੀਰ ਸਿੰਘ ਫਗੂਵਾਲੀਆ, ਸਕਤ੍ਰ ਪਰਜਾ ਮੰਡਲ, ਭਾਈ ਪ੍ਰੀਤਮ ਸਿੰਘ ਗੁਜਰਾਂ ਜਥੇਦਾਰ ਅਕਾਲੀ ਜਥਾ ਸ਼ਾਮਲ ਸਨ।

ਸ: ਸੇਵਾ ਸਿੰਘ ਜੀ ੧੨ ਸਤੰਬਰ ਨੂੰ ਇਕ ਸੌ ਸਿੰਘਾਂ ਦਾ ਜਥਾ ਲੈ ਕੇ ਸੰਗਰੂਰ ਪੁਜੇ। ਪੁਲੀਸ ਨੇ ਉਨਾਂ ਨੂੰ ਗ੍ਰਿਫਤਾਰ ਕਰਕੇ ਕੋਤਵਾਲੀ ਭੇਜ ਦਿਤਾ।* ਸ੍ਰਦਾਰ ਸੇਵਾ ਸਿੰਘ ਦੇ ਨਾਲ ਪੰਜ ਸੌ ਸਿੰਘ ਗ੍ਰਿਫਤਾਰ ਹੋਏ। ਉਨਾ ਤੋਂ ਪਿਛੋਂ ਮੋਰਚਾ ਚਲਾਉਣ ਲਈ ਹੇਠ ਲਿਖੇ ਸਿਘ ਨੀਯਤ ਕੀਤੇ ਗਏ:—ਸ: ਹੀਰਾ ਸਿੰਘ ਭਠਲ

---

*ਦੇਖੋ ਅਕਾਲੀ ਪ੍ਰਦੇਸੀ ਅੰਮ੍ਰਿਤਸਰ ੧੭ ਤੇ ੨੦ ਸਤੰਬਰ ੧੯੩੧



Digitized by Panjab Digital Library | www.panjabdigilib.org

ਮੋਰਚੇ ਦਾ ਡਿਕਟੇਟਰ, ਸ: ਕਟਾਰ ਸਿੰਘ ਨੰਗਲ ਸਕਤ੍ਰ, ਸਰਦਾਰ ਉਜਾਗਰ ਸਿੰਘ ਭੌਰਾ ਮੀਤ ਸਕਤ੍ਰ, ਬਾਬੂ ਸ਼ਾਮ ਸਿੰਘ ਨਾਭਾ, ਸ. ਜਸਵੰਤ ਸਿੰਘ ਗਾਦੜ ਤੇ ਸ: ਨਿਧਾਨ ਸਿੰਘ ਮਹਿਲਾਂਵਾਲਾ।

ਸ: ਸੇਵਾ ਸਿੰਘ ਜੀ ਨੂੰ ਇਕ ਵੇਰ ਰਿਹਾ ਕਰਕੇ ੫ ਨਵੰਬਰ ੧੯੩੧ ਨੂੰ ਸੰਗਰੂਰ ਦੀ ਪੁਲੀਸ ਨੇ ਦੋਬਾਰਾ ਗ੍ਰਿਫਤਾਰ ਕਰ ਲਿਆ।

(ਅਕਾਲੀ ਪ੍ਰਦੇਸੀ ੮ ਨਵੰਬਰ ੧੯੩੧)

ਗੁਰਦਵਾਰੇ ਦੇ ਦੀਵਾਨ ਪਰ ਪਾਬੰਦੀ ਲਾਉਣੀ ਨਾ ਵਾਜਬ ਸੀ। ਸ੍ਰ: ਜੀ ਤੇ ਹੋਰ ਮੁਖੀਆਂ ਦੀ ਗ੍ਰਿਫਤਾਰੀ ਕਰਕੇ ਇਹ ਐਜੀਟੇਸ਼ਨ ਤਕਰੀਬਨ ਚਾਰ ਮਹੀਨੇ ਜਾਰੀ ਰਹੀ। ਅਖੀਰ ਜਨਵਰੀ ੧੯੩੨ ਵਿਚ ਸ੍ਰ: ਸੇਵਾ ਸਿੰਘ ਜੀ ਤੇ ਉਨਾਂ ਦੇ ਸਾਰੇ ਸਾਥੀਆਂ ਨੂੰ ਰਿਹਾ ਕਰ ਦਿਤਾ ਗਿਆ। ਇਸ ਤਰਾਂ ਸੰਗਰੂਰ ਦੇ ਮੋਰਚੇ ਦਾ ਡਰਾਪ ਸੀਨ ਹੋਇਆ।

ਰਿਆਸਤੀ ਹਾਕਮ ਸ੍ਰਦਾਰ ਸੇਵਾ ਸਿੰਘ ਪਰ ਬਹੁਤ ਔਖੇ ਸਨ। ਉਹ ਸਮਝਦੇ ਸਨ ਕਿ ਆਪ ਰਿਆਸਤੀ ਪਰਜਾ ਮੰਡਲ ਦੀ ਜਿੰਦ ਜਾਨ ਹਨ। ਉਹ ਕਿਸੇ ਤਰਾਂ ਵੀ ਆਪਨੂੰ ਬਰਦਾਸ਼ਤ ਕਰਨ ਲਈ ਤਿਆਰ ਨਹੀਂ ਸਨ।

**ਮਲੇਰਕੋਟਲੇ ਵਿਚ ਗ੍ਰਿਫ਼ਤਾਰੀ—**

੧੬ ਜੁਲਾਈ ੧੯੩੨ ਨੂੰ ਸ੍ਰਦਾਰ ਜੀ ਕੁਠਾਲੇ ਦੇ ਸ਼ਹੀਦਾਂ ਦੀ ਯਾਦ ਵਿਚ ਕੀਤੇ ਜਾ ਰਹੇ ਸ਼ਹੀਦੀ ਦੀਵਾਨ ਵਿਚ ਸ਼ਾਮਲ ਹੋਣ ਲਈ ਜਾ ਰਹੇ ਸਨ। ਮਲੇਰ ਕੋਟਲੇ ਵਿਚ ਆਪਨੂੰ ਪੁਲੀਸ ਨੇ ਗ੍ਰਿਫ਼ਤਾਰ ਕਰ ਲਿਆ। ਇਸ ਧਕੜ ਸ਼ਾਹੀ ਵਿਰੁਧ ਪਰਜਾ ਮੰਡਲ ਤੇ ਅਕਾਲੀ ਜਥੇ ਨੇ ਰੋਸ ਪ੍ਰਗਟ ਕੀਤਾ। ਸ੍ਰਦਾਰ ਜੀ ਦੀ ਰਿਹਾਈ ਦੀ ਮੰਗ ਕੀਤੀ। ਦਿਸੰਬਰ ੧੯੩੨ ਦੇ ਅੰਤ ਵਿਚ ਆਪਨੂੰ ਸਾਥੀਆਂ ਸਮੇਤ ਰਿਹਾ ਕੀਤਾ ਗਿਆ।



Digitized by Panjab Digital Library | www.panjabdigilib.org

## ਅੰਤਮ ਗ੍ਰਿਫ਼ਤਾਰੀ ਤੇ ਸਤ ਸਾਲ ਕੈਦ—

ਕਬੀਰ ਜੀ ਦਾ ਕਥਨ ਹੈ—

ਕਬੀਰ ਜ਼ੈਸੀ ਉਪਜੀ ਪੇਡ ਤੇ,
ਜਉ ਤੈਸੀ ਨਿਬਹੈ ਓੜਿ ।
ਹੀਰਾ ਕਿਸ ਕਾ ਬਾਪੁਰਾ,
ਪੂਜਹਿ ਨ ਰਤਨ ਕਰੋੜਿ । ੧੫੩ ।

ਭਾਵ—ਜਿਸ ਤਰਾਂ ਭਗਤੀ ਆਰੰਭ ਕੀਤੀ ਸੀ, ਜੇ ਉਹ ਤੋੜ ਚੜ੍ਹ ਜਾਵੇ ਤਾਂ ਇਕ ਹੀਰਾ ਕੀ ਕ੍ਰੋੜਾਂ ਰਤਨ ਉਸ ਦਾ ਮੁਕਾਬਲਾ ਨਹੀਂ ਕਰ ਸਕਦੇ ।

ਕਿਸੇ ਉੱਚੇ ਆਦਰਸ਼ ਦੀ ਪ੍ਰਾਪਤੀ ਲਈ ਪ੍ਰਤੱਗਿਆ ਕਰਨੀ ਸੌਖੀ ਹੈ, ਪਰ ਉਸਨੂੰ ਤੋੜ ਚੜ੍ਹਾਉਣਾ ਅਤਿ ਕਠਨ ਹੈ। ਸ੍ਰਦਾਰ ਸੇਵਾ ਸਿੰਘ ਠੀਕਰੀਵਾਲਾ ਉਹ ਸੂਰਬੀਰ ਤੇ ਸ਼ਹੀਦ ਹਨ, ਜਿੰਨਾਂ ਨੇ ਕੀਤੀ ਪ੍ਰਤੱਗਿਆ ਪੂਰੀ ਕਰ ਦਿਤੀ । ਰਿਆਸਤੀ ਪਰਜਾ ਦੀ ਸੁਤੰਤ੍ਰਤਾ ਲਈ ਅਤੁਟ ਘੋਲ਼ ਕਰਦੇ ਹੋਏ ਆਪਣੀ ਜਾਨ ਦੇ ਦਿਤੀ ।

ਆਪ ਦੀ ਅੰਤਮ ਗ੍ਰਿਫ਼ਤਾਰੀ, ਲੰਮੀ ਕੈਦ ਅਤੇ ਪਟਿਆਲੇ ਜੇਹਲ ਵਿਚ ਨੌ ਮਹੀਨੇ ਦੀ ਭੁਖ ਹੜਤਾਲ ਦੇ ਬਾਅਦ ਸ਼ਹੀਦੀ ਪ੍ਰਾਪਤ ਕਰਨ ਦੀ ਦਰਦਨਾਕ ਕਹਾਣੀ ਇਸ ਪ੍ਰਕਾਰ ਹੈ:—

ਅਪ੍ਰੈਲ ੧੯੩੩ ਵਿਚ ਰਿਆਸਤੀ ਪਰਜਾ ਮੰਡਲ ਦੀ ਚੌਥੀ ਕਾਨਫਰੰਸ ਦਿਲੀ ਵਿਚ ਹੋਈ। ਨਗਰ ਖੁਡਿਆਲ ਵਿਚ ਇਕ ਅਕਾਲੀ ਕਾਨਫਰੰਸ ਵੀ ਹੋਈ। ਦੋਹਾਂ ਵਿਚ ਸ੍ਰਦਾਰ ਜੀ ਸ਼ਾਮਲ ਹੋਏ। ਜਿੰਨਾਂ ਵਿਚ ਰਜਵਾੜਾਸ਼ਾਹੀ ਦੇ ਜਬਰ ਵਿਰੁਧ ਅਲੋਚਨਾ ਕੀਤੀ ਗਈ ।

੨੩-੨੪ ਅਗਸਤ ੧੯੩੩ ਨੂੰ ਠੀਕਰੀਵਾਲੇ ਵਿਚ



Digitized by Panjab Digital Library | www.panjabdigilib.org

ਦੀਵਾਨ ਸੀ। ਉਸ ਵਿਚ ਸ: ਖੜਕ ਸਿੰਘ ਜੀ ਲੀਡਰ ਦੇ ਤੌਰ ਤੇ ਲੇਖਕ (ਗਿ: ਪ੍ਰਤਾਪ ਸਿੰਘ) ਸ਼ਰੋਮਣੀ ਕਮੇਟੀ ਦੇ ਪ੍ਰਚਾਰਕ ਦੀ ਹੈਸੀਅਤ ਵਿਚ ਸ਼ਾਮਲ ਸਨ। ਹੋਰ ਵੀ ਕਈ ਰਿਆਸਤੀ ਮੁਖੀ ਸਨ। ਅਸੀਂ ਸ: ਸੇਵਾ ਸਿੰਘ ਜੀ ਦੀ ਹਵੇਲੀ ਵਿਚ ਹੀ ਠਹਿਰੇ ਹੋਏ ਸੀ। ੨੪ ਅਗਸਤ ਦੀ ਸ਼ਾਮ ਨੂੰ ਦੀਵਾਨ ਸਮਾਪਤ ਹੋਇਆ। ਅਸੀਂ ਸ੍ਰਦਾਰ ਜੀ ਦੀ ਹਵੇਲੀ ਦੀ ਡਿਉੜੀ ਵਿਚ ਬੈਠੇ ਹੋਏ ਸਾਂ ਪਤਾ ਲਗਾ ਕਿ ਪੁਲੀਸ ਸ੍ਰਦਾਰ ਸੇਵਾ ਸਿੰਘ ਜੀ ਦੀ ਗ੍ਰਿਫਤਾਰੀ ਲਈ ਆ ਗਈ ਹੈ। ਉਨਾਂ ਨੂੰ ਦਿਲੀ ਤੇ ਖੁਡਿਆਲ ਕਾਨਫਰੰਸ ਵਿਚ ਹਿੱਸਾ ਲੈਣ ਦੇ ਜੁਰਮ ਵਿਚ ਗ੍ਰਿਫਤਾਰ ਕੀਤਾ ਗਿਆ। ਮਹਾਰਾਜਾ ਪਟਿਆਲਾ ਵਿਰੁਧ ਪ੍ਰਚਾਰ ਕਰਨ ਦੇ ਦੋਸ਼ ਵਿਚ ਬਰਨਾਲੇ ਵਿਚ ਮੁਕਦਮਾ ਚਲਾਇਆ ਗਿਆ। ੧੧ ਜਨਵਰੀ ੧੯੩੪ ਨੂੰ ਸ੍ਰਦਾਰ ਜੀ ਨੂੰ ਸੱਤ ਸਾਲ ਕੈਦ ਬਾਮੁਸ਼ਕਤ ਅਤੇ ਦੋ ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਦਿਤੀ ਗਈ। ਬਰਨਾਲੇ ਤੋਂ ਸੈਂਟ੍ਰਲ ਜੇਹਲ ਪਟਿਆਲੇ ਵਿਚ ਬਦਲ ਦਿਤਾ ਗਿਆ।

**ਲੰਮੀ ਭੁਖ ਹੜਤਾਲ—**

ਰਿਆਸਤ ਦੇ ਹੁਕਮਰਾਨਾਂ ਦੀ ਨੀਤੀ ਅਨੁਸਾਰ ਜੇਹਲ ਕਰਮਚਾਰੀਆਂ ਨੇ ਸ੍ਰ:ਸੇਵਾ ਸਿੰਘ ਨਾਲ ਜੋ ਮਾੜਾ ਵਰਤਾਉ ਕੀਤਾ, ਉਸਦੇ ਵਿਰੁਧ ਰੋਸ ਵਜੋਂ ਆਪ ਨੇ ੧੮ ਅਪ੍ਰੈਲ ੧੯੩੪ ਨੂੰ ਭੁਖ ਹੜਤਾਲ ਸ਼ੁਰੂ ਕਰ ਦਿਤੀ। ਜੋ ਨੌ ਮਹੀਨੇ ਤੀਕ ਜਾਰੀ ਰਹੀ। ਉਸ ਭੁਖ ਹੜਤਾਲ ਦੇ ਦੌਰਾਨ ਸ੍ਰ: ਜੀ ਨਾਲ ਕੇਹੋ ਜੇਹਾ ਵਰਤਾਉ ਕੀਤਾ ਗਿਆ? ਉਸ ਦੀਆਂ ਦੋ ਉਦਾਹਰਨਾਂ ਪੇਸ਼ ਕਰਦੇ ਹਾਂ।

ਜਦ ਸ੍ਰਦਾਰ ਜੀ ਭੁਖ ਹੜਤਾਲ ਪਰ ਸਨ, ਅੰਮ੍ਰਿਤਸਰ ਤੋਂ ਮਾਸਟਰ ਤਾਰਾ ਸਿੰਘ, ਜਥੇਦਾਰ ਊਧਮ ਸਿੰਘ ਨਾਗੋਕੇ ਤੇ ਹੋਰ ਕਈ ਲੀਡਰਾਂ ਨੇ ਸਲਾਹ ਕਰਕੇ ਜਥੇਦਾਰ ਤੇਜਾ ਸਿੰਘ ਜੀ ਅਕਰਪੁਰੀ ਜਥੇਦਾਰ ਅਕਾਲ ਤਖਤ ਸਾਹਿਬ ਨੂੰ ਸ: ਸੇਵਾ ਸਿੰਘ



Digitized by Panjab Digital Library | www.panjabdigilib.org

ਜੀ ਨਾਲ ਮੁਲਾਕਾਤ ਲਈ ਪਟਿਆਲੇ ਭੇਜਿਆ। ਉਨਾਂ ਨੇ ਜੇਹਲ ਕਰਮਚਾਰੀਆਂ ਨੂੰ ਮੁਲਾਕਾਤ ਲਈ ਕਿਹਾ। ਉਨਾਂ ਨੇ ਇਹ ਕਹਿ ਕੇ ਟਾਲ ਦਿਤਾ ਕਿ ਸ੍ਰਦਾਰ ਸੇਵਾ ਸਿੰਘ ਜੀ ਉਨਾਂ ਨਾਲ ਮੁਲਾਕਾਤ ਕਰਨਾ ਨਹੀਂ ਚਾਹੁੰਦੇ। ਅਸਲ ਵਿਚ ਸ: ਸੇਵਾ ਸਿੰਘ ਜੀ ਨੂੰ ਦਸਿਆ ਹੀ ਨਹੀਂ ਗਿਆ ਕਿ ਜਥੇਦਾਰ ਤੇਜਾ ਸਿੰਘ ਉਨਾਂ ਨਾਲ ਮੁਲਾਕਾਤ ਕਰਨਾ ਚਾਹੁੰਦੇ ਹਨ। ਉਸ ਦਾ ਕਾਰਨ ਇਹ ਸੀ ਕਿ ਸ੍ਰਦਾਰ ਜੀ ਭੁਖਹੜਤਾਲ ਕਰਕੇ ਬਹੁਤ ਕਮਜ਼ੋਰ ਸਨ। ਜਿਸ ਨੂੰ ਹਾਕਮ ਲੁਕਾਉਣਾ ਚਾਹੁੰਦੇ ਸਨ। ਉਨਾਂ ਨੂੰ ਉਸ ਦਿਨ ਤੋਂ ਜਬਰੀ ਦੁਧ ਦੇਣਾ ਸ਼ੁਰੂ ਕੀਤਾ ਗਿਆ।

ਸਰ ਜੋਗਿੰਦਰ ਸਿੰਘ ਤੇ ਮਾਸਟਰ ਤਾਰਾ ਸਿੰਘ ਨੇ ਮਹਾਰਾਜਾ ਭੂਪਿੰਦਰ ਸਿੰਘ ਨੂੰ ਕਿਹਾ ਕਿ ਜਥੇਦਾਰ ਤੇਜਾ ਸਿੰਘ ਜੀ ਨੂੰ ਸ: ਸੇਵਾ ਸਿੰਘ ਠੀਕਰੀਵਾਲਾ ਨਾਲ ਮੁਲਾਕਾਤ ਦੀ ਆਗਿਆ ਕਿਉਂ ਨਹੀਂ ਦਿਤੀ ਗਈ? ਇਸ ਤੋਂ ਬਾਅਦ ਜਥੇਦਾਰ ਤੇਜਾ ਸਿੰਘ ਦੂਜੀ ਵੇਰ ਸ੍ਰਦਾਰ ਸੇਵਾ ਸਿੰਘ ਨੂੰ ਮਿਲਣ ਲਈ ਪਟਿਆਲੇ ਗਏ। ਮੁਲਾਕਾਤ ਦੀ ਆਗਿਆ ਦਿਤੀ ਗਈ।

ਜਥੇਦਾਰ ਤੇਜਾ ਸਿੰਘ ਜੀ ਨੇ ਸ੍ਰਦਾਰ ਸੇਵਾ ਸਿੰਘ ਨੂੰ ਪੁਛਿਆ:—"ਮੈਂ ਇਸ ਤੋਂ ਪਹਿਲੇ ਵੀ ਆਪ ਦੀ ਮੁਲਾਕਾਤ ਲਈ ਆਇਆ ਸੀ। ਤੁਸੀਂ ਮੁਲਾਕਾਤ ਤੋਂ ਕਿਉਂ ਇਨਕਾਰ ਕਰ ਦਿਤਾ ਸੀ?

ਸ: ਸੇਵਾ ਸਿੰਘ ਨੇ ਉਤਰ ਦਿਤਾ—"ਮੈਨੂੰ ਆਪ ਦੇ ਆਉਣ ਤੇ ਮੁਲਾਕਾਤ ਦਾ ਕੋਈ ਪਤਾ ਹੀ ਨਹੀਂ।"

ਦੂਜੀ ਮੁਲਾਕਾਤ ਦੀ ਪ੍ਰਵਾਨਗੀ ਦੇਣ ਦਾ ਕਾਰਨ ਇਹ ਸੀ ਕਿ ਮਜੀਠਾ ਹਾਊਸ ਅੰਮ੍ਰਿਤਸਰ ਵਿਚ ਨਵਾਬ ਲਿਆਕਤ ਹਯਾਤ ਖਾਂ ਚੀਫ਼ ਮਨਿਸਟਰ ਪਟਿਆਲਾ, ਸਰ ਜੋਗਿੰਦਰ ਸਿੰਘ ਤੇ ਸ: ਸੁੰਦਰ ਸਿੰਘ ਮਜੀਠੀਆ ਦੀ ਇਕ ਮੀਟਿੰਗ ਹੋਈ। ਜਿਸ ਵਿਚ ਜਥੇਦਾਰ ਤੇਜਾ ਸਿੰਘ ਸ਼ਾਮਲ ਸਨ। ਉਸ ਵਿਚ ਉਨ੍ਹਾਂ ਕਿਹਾ



Digitized by Panjab Digital Library | www.panjabdigilib.org

ਕਿ ਮਾਸਟਰ ਤਾਰਾ ਸਿੰਘ ਨੂੰ ਮਹਾਰਾਜਾ ਪਟਿਆਲਾ ਨਾਲ ਝਗੜਾ ਨਹੀਂ ਕਰਨਾ ਚਾਹੀਦਾ। ਕਿਉਂਕਿ ਰਿਆਸਤ ਸਿੱਖਾਂ ਦੀ ਹੈ। ਇਸ ਨਾਲ ਸਿੱਖਾਂ ਨੂੰ ਹੀ ਨੁਕਸਾਨ ਪੁਜਦਾ ਹੈ। ਮਾਸਟਰ ਤਾਰਾ ਸਿੰਘ ਅਕਾਲੀ ਦਲ ਲਈ ਤਿੰਨ ਲੱਖ ਰੁਪਿਆ ਲੈ ਲੈਣ। ਜਥੇਦਾਰ ਤੇਜਾ ਸਿੰਘ ਨੇ ਇਹ ਗਲ ਮਾਸਟਰ ਜੀ ਨਾਲ ਕੀਤੀ। ਉਨ੍ਹਾਂ ਨੇ ਕਿਹਾ—"ਇਹ ਰੁਪਿਆ ਲੈਣ ਨਾਲ ਅਕਾਲੀ ਦਲ ਮਰ ਜਾਏਗਾ ਅਤੇ ਸਾਡੇ ਵਿਚ ਲੜਾਈ ਪੈ ਜਾਵੇਗੀ। ਇਸ ਲਈ ਮੈਂ ਇਹ ਪ੍ਰਵਾਨ ਕਰਨ ਲਈ ਤਿਆਰ ਨਹੀਂ।

ਇਹ ਗਲ਼ ਜਥੇਦਾਰ ਤੇਜਾ ਸਿੰਘ ਜੀ ਨੇ ਸਾਨੂੰ ਆਪ ਦਸੀ ਹੈ।

ਜੁਲਾਈ ੧੯੩੪ ਵਿਚ ਜੇਹਲ ਕਰਮਚਾਰੀਆਂ ਨੇ ਸ੍ਰਦਾਰ ਸੇਵਾ ਸਿੰਘ ਜੀ ਦੀ ਧਰਮ ਪਤਨੀ ਨੂੰ ਮੁਲਾਕਾਤ ਦੀ ਆਗਿਆ ਦੇ ਦਿਤੀ। ਉਸ ਵਕਤ ਸ੍ਰਦਾਰ ਜੀ ਨੂੰ ਭੁਖ ਹੜਤਾਲ ਕੀਤਿਆਂ ਦੋ ਮਹੀਨੇ ਹੋ ਗਏ ਸਨ। ਉਸ ਮੁਲਾਕਾਤ ਦੀ ਰਪੋਰਟ ਇਸ ਪ੍ਰਕਾਰ ਪ੍ਰਕਾਸ਼ਤ ਹੋਈ:—

"ਅਕਾਲੀ ਪਤ੍ਰਕਾ" ਲਾਹੌਰ ੮ ਜੁਲਾਈ ੧੯੩੪ ਸਫ਼ਾ ੧ ਦੇ ਸਰ ਲੇਖ—'ਸ: ਸੇਵਾ ਸਿੰਘ ਜੀ ਦੀ ਨਾਜ਼ਕ ਹਾਲਤ। ਦੋ ਮਹੀਨਿਆਂ ਤੋਂ ਭੁਖ ਹੜਤਾਲ ਕਾਰਣ ਬੜੇ ਨਿਰਬਲ ਹੋ ਗਏ। ਆਪ ਦਾ ਵਜ਼ਨ ੧੪੫ ਪੌਂਡ ਤੋਂ ਘਟ ਕੇ ੯੫ ਪੌਂਡ ਰਹਿ ਗਿਆ ਤੇ ਆਪ ਉਠ ਬੈਠ ਵੀ ਨਹੀਂ ਸਕਦੇ।'ਲਾਹੌਰ ੬ ਜੁਲਾਈ, ਸੁਪ੍ਰਡੰਟ ਪਟਿਆਲਾ ਜੇਹਲ ਵਲੋਂ ਸ: ਸੇਵਾ ਸਿੰਘ ਜੀ ਨਾਲ ਮੁਲਾਕਾਤ ਦੀ ਮਨਜ਼ੂਰੀ ਆਉਣ ਪਰ ੪ ਜੂਨ ੧੯੩੪ ਨੂੰ ਸ੍ਰਦਾਰਨੀ ਸਾਹਿਬਾ ਅਤੇ ਸ: ਜਸਮੀਰ ਸਿੰਘ ਨੇ ਸਾਢੇ ੭ ਬਜੇ ਤੋਂ ਸਾਢੇ ੮ ਬਜੇ ਤੀਕ ਉਨ੍ਹਾਂ ਨਾਲ ਮੁਲਾਕਾਤ ਕੀਤੀ। ਉਹ ਇਕ ਤੰਗ ਕੋਠੜੀ ਵਿਚ ਜਿਸ ਦੇ ਗਿਰਦ ਵਡੀਆਂ ੨ ਕੰਧਾਂ ਹਨ, ਜਿਥੇ ਕਿ ਹਵਾ ਭੀ ਖੁਲ੍ਹੀ ਤਰ੍ਹਾਂ ਨਹੀਂ ਲਗ ਸਕਦੀ, ਰਖੇ ਜਾਂਦੇ



Digitized by Panjab Digital Library | www.panjabdigilib.org

ਹਨ, ਮੁਲਾਕਾਤ ਬਾਹਰ ਵੇਹੜੇ ਵਿਚ ਹੋਈ । ਸ੍ਰਦਾਰ ਸਾਹਿਬ ਮੰਜੇ ਪਰ ਨਿਢਾਲ ਪਏ ਸਨ । ਮੁਲਾਕਾਤ ਸਮੇਂ ਸੁਪ੍ਰੰਡੰਟ ਤੇ ਦਰੋਗਾ ਮੌਜੂਦ ਸਨ। ਸ: ਸੇਵਾ ਸਿਘ ਜੀ ਨਾ ਹੀ ਆਪਣੇ ਆਪ ਉਠ ਬੈਠ ਸਕਦੇ ਸਨ। ਨਾ ਹੀ ਚੰਗੀ ਤਰ੍ਹਾਂ ਬੋਲ ਸਕਦੇ ਸਨ। ਉਨ੍ਹਾਂ ਦਾ ਵਜ਼ਨ ੧੪੫ ਪੌਂਡ ਤੋਂ ਕੁਲ ੯੦ ਪੌਂਡ ਰਹਿ ਗਿਆ ਹੈ । ਸ: ਸੇਵਾ ਸਿੰਘ ਜੀ ਤੋਂ ਪਤਾ ਲਗਾ ਹੈ ਕਿ ਉਹ ਦੋ ਮਹੀਨਿਆਂ ਤੋਂ ਭੁਖ ਹੜਤਾਲ ਪਰ ਹਨ । ਜੇਹਲ ਵਿਚ ਤੰਗ ਥਾਂਵੇਂ ਰਖਣ ਤੇ ਭੈੜਾ ਵਰਤਾਓ ਕਰਨ ਕਰਕੇ ਪਹਿਲਾਂ ਆਪ ਨੇ ਰੋਟੀ ਘਟ ਖਾਣੀ ਸ਼ੁਰੂ ਕੀਤੀ । ਪਿਛੋਂ ਭੁਖ ਹੜਤਾਲ ਤੀਕ ਨੌਬਤ ਪੁਜੀ। ਆਪ ਦੋ ਜੂਨ ਨੂੰ ੩ ਘੰਟੇ ਬੇਸੁਰਤ ਪਏ ਰਹੇ ਅਤੇ ਤਿੰਨ ਜੂਨ ਨੂੰ ਫਿਰ ਦੋ ਘੰਟੇ ਗ਼ਸ਼ ਪਈ ਰਹੀ। ਉਹ ਆਪਣੇ ਆਪ ਉਠ ਬੈਠ ਨਹੀਂ ਸਕਦੇ । ਇਸ਼ਨਾਨ ਕਰਾਉਣ ਲਈ ਦੋ ਕੈਦੀ ਆਪ ਨੂੰ ਚੁਕ ਕੇ ਟਬ ਵਿਚ ਪਾ ਦੇਂਦੇ ਹਨ। ੧੩ ਜੂਨ ਤੋਂ ਡੇਢ ਪਾ ਦੁਧ ਸਵੇਰੇ ਤੇ ਇਕ ਪਾ ਸ਼ਾਮ ਨੂੰ ਨਾਲੀ ਰਾਹੀਂ ਤੇ ਪਾਣੀ ਦਾਖਲ ਕੀਤਾ ਜਾਂਦਾ ਹੈ । ਆਪ ਨੇ ਨਿਹਾਇਤ ਕਮਜ਼ੋਰ ਤੇ ਨਿਢਾਲ ਹੋਣ ਦੇ ਬਾਵਜੂਦ ਕਿਹਾ ਕਿ ਜਦੋਂ ਤੀਕ ਮੇਰੇ ਨਾਲ ਯੋਗ ਵਰਤਾਉ ਨਹੀਂ ਕੀਤਾ ਜਾਂਦਾ, ਉਦੋਂ ਤੀਕ ਭੁਖ ਹੜਤਾਲ ਜਾਰੀ ਰਹੇਗੀ।"

ਅਖੀਰ ਪਟਿਆਲਾ ਜੇਹਲ ਵਿਚ ਨੌ ਮਹੀਨੇ ਦੀ ਲੰਮੀ ਭੁਖ ਹੜਤਾਲ ਦੇ ਬਾਅਦ ਤਸੀਹੇ ਸਹਾਰਦੇ ਹੋਏ ਸ: ਸੇਵਾ ਸਿੰਘ ਜੀ ਠੀਕਰੀਵਾਲਾ ੨੦ ਜਨਵਰੀ ਸੰਨ ੧੯੩੫ ਦੀ ਅਧੀ ਰਾਤ ਨੂੰ ਸ਼ਹੀਦ ਹੋ ਗਏ।

ਦੂਜੇ ਦਿਨ ਸ੍ਰਕਾਰ ਪਟਿਆਲਾ ਨੇ ਜੇਹਲ ਅਤੇ ਸ਼ਹਿਰ ਦੇ ਆਲੇ-ਦੁਆਲੇ ਫੌਜ ਤੇ ਪੁਲੀਸ ਦਾ ਪਹਿਰਾ ਲਾ ਕੇ ਸ੍ਰਦਾਰ ਜੀ ਦੇ ਮ੍ਰਿਤਕ ਸਰੀਰ ਦਾ ਅੰਤਮ ਸੰਸਕਾਰ ਕਰ ਦਿਤਾ । ਇਸ ਮੌਕੇ ਉਨਾਂ ਦਾ ਕੋਈ ਸਾਕ ਸੰਬੰਧੀ ਵੀ ਨਾ ਅਪੜ ਸਕਿਆ।



Digitized by Panjab Digital Library | www.panjabdigilib.org

੨੧ ਜਨਵਰੀ ਨੂੰ ਸ੍ਰਦਾਰ ਜੀ ਦੀ ਸ਼ਹੀਦੀ ਦੀ ਖਬਰ ਅੰਮ੍ਰਿਤਸਰ ਪੁਜੀ। ਮਾਸਟਰ ਤਾਰਾ ਸਿੰਘ, ਜਥੇਦਾਰ ਊਧਮ ਸਿੰਘ ਨਾਗੋਕੇ ਨੇ ਸਲਾਹ ਕਰਕੇ ਸ਼ਰੋਮਣੀ ਕਮੇਟੀ ਅਤੇ ਅਕਾਲੀ ਦਲ ਵਲੋਂ ਲੇਖਕ (ਗਿ: ਪ੍ਰਤਾਪ ਸਿੰਘ) ਜੋ ਉਸ ਵਕਤ ਸ਼ਰੋਮਣੀ ਕਮੇਟੀ ਦੀ ਪ੍ਰਚਾਰ ਬ੍ਰਾਂਚ ਵਿਚ ਸੀ ਤੇ ਸ: ਸੋਹਣ ਸਿੰਘ ਡੋਰਾ ਗੁਰ: ਇੰਨਸਪੈਕਟਰ ਦੀ ਡੀਊਟੀ ਲਾਈ ਗਈ ਕਿ ਅਸੀਂ ਪਟਿਆਲੇ ਜਾ ਕੇ ਸ੍ਰਦਾਰ ਜੀ ਬਾਰੇ ਪੜਤਾਲ ਕਰਕੇ ਰਪੋਰਟ ਕਰੀਏ।

੨੨ ਜਨਵਰੀ ੧੯੩੫ ਨੂੰ ਅਸੀਂ ਦੋਵੇਂ ਬੰਬਈ ਐਕਸ ਪ੍ਰੈਸ ਰਾਹੀਂ ਅੰਮ੍ਰਿਤਸਰੋਂ ਰਾਜਪੁਰੇ ਤੇ ਤਿੰਨ ਚਾਰ ਬਜੇ ਦੇ ਕਰੀਬ ਪਟਿਆਲੇ ਪੁਜੇ। ਸਭ ਤੋਂ ਪਹਿਲਾਂ ਜੇਹਲ ਦੇ ਦਰੋਗੇ ਨੂੰ ਜਾ ਕੇ ਮਿਲੇ। ਫਿਰ ਸੁਪ੍ਰੰਡੈਂਟ ਨਾਲ ਮੁਲਾਕਾਤ ਕੀਤੀ। ਦੋਹਾਂ ਨੇ ਸਪਸ਼ਟ ਹਾਲਾਤ ਦਸਣ ਤੋਂ ਟਾਲ ਮਟੋਲ ਕੀਤੀ। ਅਸੀਂ ਜੇਹਲ ਦੇ ਬਾਹਰ ਕਈ ਫਿਰਦੇ ਤੇ ਕੰਮ ਕਰਦੇ ਕੈਦੀਆਂ ਨੂੰ ਪੁਛਿਆ। ਉਨਾਂ ਨੇ ਦਸਿਆ ਕਿ ਸ੍ਰਦਾਰ ਸੇਵਾ ਸਿੰਘ ਜੀ ਸ਼ਹੀਦ ਕੀਤੇ ਗਏ ਹਨ। ਫਿਰ ਅਸੀਂ ਜੇਹਲਾਂ ਦੇ ਇੰਚਾਰਜ ਵਜ਼ੀਰ ਦੀਵਾਨ ਪਿੰਡੀ ਦਾਸ ਸਭਰਵਾਲ ਨੂੰ ਉਨ੍ਹਾਂ ਦੀ ਕੋਠੀ ਤੇ ਜਾ ਕੇ ਮਿਲੇ। ਦੀਵਾਨ ਸਾਹਿਬ ਨੇ ਦਸਿਆ:—ਅਸੀਂ ਸ੍ਰਦਾਰ ਸੇਵਾ ਸਿੰਘ ਜੀ ਨੂੰ ਬਚਾਉਣ ਦੀ ਬੜੀ ਕੋਸ਼ਿਸ਼ ਕੀਤੀ। ਉਨ੍ਹਾਂ ਨੂੰ ਦੂਧ ਤੇ ਗੁਲੂਕੋਜ਼ ਦਿੰਦੇ ਰਹੇ ਹਾਂ। ਡਾਕਟਰੀ ਸਹਾਇਤਾ ਪੂਰੀ ਦਿਤੀ ਗਈ ਹੈ, ਪਰ ਅਫਸੋਸ ਕਿ ਉਹ ਬਚ ਨਹੀਂ ਸਕੇ।"

ਅਸੀਂ ਪੁਛਿਆ:-ਕੀ ਸਰਦਾਰ ਜੀ ਦੇ ਰਿਸ਼ਤੇਦਾਰਾਂ ਨੂੰ ਉਨ੍ਹਾਂ ਦੀ ਮੌਤ ਦੀ ਇਤਲਾਹ ਦਿਤੀ ਗਈ ਹੈ ?

ਦੀਵਾਨ ਸਾਹਿਬ—"ਇਤਲਾਹ ਦਿਤੀ ਗਈ ਸੀ ਪਰ ਉਹ



Digitized by Panjab Digital Library | www.panjabdigilib.org

ਦੂਰ ਹੋਣ ਕਰਕੇ ਪੁਜ ਨਹੀਂ ਸਕੇ। ਇਸ ਲਈ ਸਰਕਾਰੀ ਤੌਰ ਤੇ ਸ: ਜੀ ਦਾ ਅੰਤਮ ਸੰਸਕਾਰ ਕਰ ਦਿਤਾ ਗਿਆ।''

ਅਸੀਂ ਕਿਹਾ—ਕੀ ਸਰਕਾਰ ਇਸ ਦੀ ਨਿਰਪੱਖ ਪੜਤਾਲ ਕਰਵਾਉਣ ਲਈ ਤਿਆਰ ਹੈ?

ਦੀਵਾਨ ਸਾਹਿਬ-ਰਿਆਸਤੀ ਮਾਮਲਿਆਂ ਵਿਚ ਬਾਹਰਲਾ ਦਖਲ ਨਹੀਂ ਦਿਤਾ ਜਾ ਸਕਦਾ।

ਅਖੀਰ ਵਿਚ ਅਸੀਂ ਪੁਛਿਆ:—'ਕੀ ਸਰਦਾਰ ਸੇਵਾ ਸਿੰਘ ਦੀਆਂ ਅਸਤੀਆਂ ਸਾਨੂੰ ਜਾਂ ਉਨ੍ਹਾਂ ਦੇ ਸੰਬੰਧੀਆਂ ਨੂੰ ਦਿਤੀਆਂ ਜਾ ਸਕਦੀਆਂ ਹਨ?'

ਦੀਵਾਨ ਸਾਹਿਬ—ਤੁਸੀਂ ਲੋਕ ਅਸਤੀਆਂ ਲਿਜਾ ਕੇ ਰਿਆਸਤ ਵਿਰੁਧ ਅੰਦੋਲਨ ਕਰੋਗੇ। ਇਸ ਲਈ ਨਹੀਂ ਦਿਤੀਆਂ ਜਾ ਸਕਦੀਆਂ।

ਅਸੀਂ ਵਾਪਸ ਆ ਗਏ। ਉਸ ਵਕਤ ਪਟਿਆਲੇ ਸ਼ਹਿਰ ਵਿਚ ਬਹੁਤ ਸਹਿਮ ਛਾਇਆ ਹੋਇਆ ਸੀ। ਕੋਈ ਆਦਮੀ ਡਰਦਾ ਮਾਰਾ ਸਾਡੇ ਨਾਲ ਗਲ ਕਰਨ ਲਈ ਤਿਆਰ ਨਹੀਂ ਸੀ। ਸ: ਸੋਹਣ ਸਿੰਘ ਦਾ ਵਾਕਫ ਇਕ ਸਿਨੇਮੇ ਦਾ ਮਾਲਕ ਸੀ। ਅਸੀਂ ਉਸ ਕੋਲ ਜਾ ਕੇ ਕੁਝ ਵਕਤ ਠਹਿਰੇ। ਰਾਤ ਨੂੰ ਪਟਿਆਲੇ ਤੋਂ ਗਡੀ ਚਲਦੀ ਸੀ। ਉਸ ਉਤੇ ਸਵਾਰ ਹੋ ਕੇ ਦੂਜੇ ਦਿਨ ਸਵੇਰੇ ਅੰਮ੍ਰਿਤਸਰ ਪੁਜੇ ਤੇ ਸ: ਜੀ ਦੀ ਸ਼ਹੀਦੀ ਬਾਰੇ ਰਪੋਰਟ ਲਿਖ ਕੇ ਦਿਤੀ।*

---

*ਸ: ਸੋਹਨ ਸਿੰਘ ਡੇਰਾ ਦੂਜੀ ਮਹਾਨ ਜੰਗ ਵਿਚ ਸ਼ਰੋਮਣੀ ਕਮੇਟੀ ਦੀ ਨੌਕਰੀ ਛਡ ਕੇ ਮਿਲਟਰੀ ਵਿਚ ਚਲੇ ਗਏ। ਉਥੋਂ ਰੀਟਾਇਰ ਹੋ ਕੇ ਹੁਣ ਰਾਂਚੀ (ਬਿਹਾਰ) ਵਿਚ ਮੋਟਰ ਪਾਰਟਸ ਦੀ ਦੁਕਾਨ ਕਰਦੇ ਹਨ।



Digitized by Panjab Digital Library | www.panjabdigilib.org

ਸ: ਸੇਵਾ ਸਿੰਘ ਦੀ ਸ਼ਹੀਦੀ ਦੇ ਬਾਅਦ ਅਕਾਲੀ ਲੀਡਰਾਂ ਨੇ ਮਹਾਰਾਜਾ ਪਟਿਆਲਾ ਵਿਰੁਧ ਅੰਦੋਲਨ ਕੀਤਾ, ਪਰ ਉਹ ਸਫਲ ਨਾਂ ਹੋ ਸਕਿਆ। ਸੰਨ ੧੯੩੬ ਵਿਚ ਜਦ ਡਾਕਟਰ ਅੰਬੇਦਕਾਰ ਦੇ ਸਿਖ ਸਜਣ ਦਾ ਚਰਚਾ ਚਲਿਆ, ਸਰਬ ਹਿੰਦ ਸਿਖ ਮਿਸ਼ਨ ਤੇ ਬੰਬਈ ਵਿਚ ਖਾਲਸਾ ਕਾਲਜ ਬਣਾਇਆ ਗਿਆ, ਉਸ ਵਕਤ ਮਹਾਰਾਜੇ ਨੇ ੨੫ ਹਜਾਰ ਰੁਪਏ ਸਿਖ ਮਿਸ਼ਨ ਲਈ ਦਿਤੇ। ਕੁਝ ਅਕਾਲੀ ਲੀਡਰਾਂ ਨੇ ਉਸ ਨਾਲ ਸਮਝੌਤਾ ਕਰ ਲਿਆ।

ਸੰਨ ੧੯੩੮ ਵਿਚ ਮਹਾਰਾਜਾ ਭੂਪਿੰਦਰ ਸਿੰਘ ਚਲਾਣਾ ਕਰ ਗਿਆ। ਸਵਰਗੀ ਯੁਵਰਾਜ ਯਾਦਵਿੰਦਰ ਸਿੰਘ ਰਿਆਸਤ ਪਟਿਆਲਾ ਦੇ ਮਹਾਰਾਜਾ ਬਣੇ। ਉਨਾ ਨੇ ਸ: ਸੇਵਾ ਸਿੰਘ ਜੀ ਦੀਆਂ ਅਸਤੀਆਂ ਉਨਾਂ ਦੇ ਰਿਸ਼ਤੇਦਾਰਾਂ ਦੇ ਸਪੁਰਦ ਕਰ ਦਿਤੀਆਂ। ਸ਼ਰੋਮਣੀ ਕਮੇਟੀ ਵਲੋਂ ਲੇਖਕ ਨੂੰ ਇਕ ਦੁਸ਼ਾਲਾ ਦੇ ਕੇ ਸਤਕਾਰ ਵਜੋਂ ਅਸਤੀਆਂ ਪਰ ਪਾਉਣ ਲਈ ਭੇਜਿਆ ਗਿਆ। ਅਸਤੀਆਂ ਪਟਿਆਲੇ ਤੋਂ ਇਕ ਟਰਕ ਰਾਹੀਂ ਬਰਨਾਲੇ ਪੁਜੀਆਂ। ਅਸੀਂ ਸ਼ਰੋਮਣੀ ਕਮੇਟੀ ਵਲੋਂ ਉਹ ਦੁਸ਼ਾਲਾ ਅਸਤੀਆਂ ਪਰ ਪਾ ਦਿਤਾ। ਬਰਨਾਲੇ ਤੋਂ ਲੈ ਕੇ ਠੀਕਰੀਵਾਲੇ ਤੀਕ ਹਜ਼ਾਰਾਂ ਸੰਗਤਾਂ ਨੇ ਸ਼ਹੀਦ ਸ: ਸੇਵਾ ਸਿੰਘ ਦੀਆਂ ਅਸਤੀਆਂ ਦਾ ਸ਼ਾਨਦਾਰ ਜਲੂਸ ਕਢਿਆ, ਅਸਤੀਆਂ ਇਕ ਟਰਕ ਦੀ ਛੱਤ ਉਤੇ ਸਨ। ਉਨਾਂ ਦੇ ਨਾਲ ਸ: ਹਰਿਚੰਦ ਸਿੰਘ ਜੇਜੀ,* ਸ: ਮੰਗਲ ਸਿੰਘ ਅਕਾਲੀ ਲੁਧਿਆਣਾ, ਸ਼ਰੋਮਣੀ ਕਮੇਟੀ ਵਲੋਂ ਲੇਖਕ (ਗਿ: ਪ੍ਰਤਾਪ ਸਿੰਘ) ਅਤੇ ਕੁਝ ਰਿਆਸਤੀ ਪਰਜਾ ਮੰਡਲ ਦੇ ਮੁਖੀ ਬੈਠੇ ਹੋਏ ਸਨ। ਜਦ ਇਹ ਜਲੂਸ ਠੀਕਰੀਵਾਲੇ ਵਿਚ ਸ: ਸੇਵਾ

---

*ਸ: ਸੇਵਾ ਸਿੰਘ ਦੇ ਕੁੜਮ ਤੇ ਮਹਾਰਾਣੀ ਮਹਿੰਦਰ ਕੌਰ ਦੇ ਪਿਤਾ।



Digitized by Panjab Digital Library | www.panjabdigilib.org

ਸਿੰਘ ਜੀ ਦੇ ਮਕਾਨ ਦੇ ਸਾਹਮਣੇ ਪੁਜਾ, ਉਸ ਵਕਤ ਮੁਖੀਆਂ ਦੇ ਕਹਿਣ ਪਰ ਅਸੀਂ ਸੰਖੇਪ ਜੇਹੀ ਪਰ ਦਰਦਨਾਕ ਤਕਰੀਰ ਕੀਤੀ, ਜਿਸ ਦੇ ਕੁਝ ਸ਼ਬਦ ਸਾਨੂੰ ਅਜੇ ਤੀਕ ਯਾਦ ਹਨ। ਉਹ ਇਹ ਸਨ:—

'ਕਦੀ ਸਰਦਾਰ ਸੇਵਾ ਸਿੰਘ ਜੀ ਜੀਉਂਦੇ ਜਾਗਦੇ ਆਪਣੇ ਸੰਬੰਧੀਆਂ ਤੇ ਨਗਰ ਨਿਵਾਸੀਆਂ ਨੂੰ ਮਿਲਦੇ ਸਨ, ਅਜ ਉਹ ਅਸਤੀਆਂ ਦੇ ਰੂਪ ਵਿਚ ਆਪਣੇ ਨਗਰ ਵਿਚ ਆਏ ਹਨ। ਸ਼ਹੀਦ ਸ੍ਰਦਾਰ ਜੀ ਆਪਣੇ ਜੀਵਨ ਵਿਚ ਤੇ ਮਰ ਕੇ ਵੀ ਦੋਹਾਂ ਹਾਲਤਾਂ ਵਿਚ ਸਾਨੂੰ ਚੰਗੇ ਜੀਵਨ, ਪਵਿਤ੍ਰਤਾ ਕੁਰਬਾਨੀ ਤੇ ਦੇਸ਼ ਭਗਤੀ ਦੀ ਸਿਖਿਆ ਦਿੰਦੇ ਹਨ।" ਉਸ ਵਕਤ ਜਲੂਸ ਵਿਚ ਸ਼ਾਮਲ ਹੋਣ ਵਾਲੇ ਹਜ਼ਾਰਾਂ ਲੋਕਾਂ ਦੇ ਨੇਤਰਾਂ ਵਿਚੋਂ ਹੰਝੂਆਂ ਦੇ ਮੋਤੀ ਕਿਰ ਰਹੇ ਸਨ।

ਜਲੂਸ ਦੀ ਸਮਾਪਤੀ ਦੇ ਬਾਅਦ ਸ਼ਾਨਦਾਰ ਦੀਵਾਨ ਹੋਇਆ। ਜਿਸ ਵਿਚ ਕਈ ਲੀਡਰਾਂ ਤੇ ਸੰਗਤਾਂ ਨੇ ਸ: ਸੇਵਾ ਸਿੰਘ ਜੀ ਨੂੰ ਸ਼ਰਧਾਂਜਲੀਆਂ ਅਰਪਨ ਕੀਤੀਆਂ।

ਭਾਰਤ ਵਿਚ ਤੀਸਰਾ ਹਿੱਸਾ ਰਿਆਸਤਾਂ ਸਨ। ਜਿੰਨਾ ਦੀ ਗਿਣਤੀ ਸਤ ਸੌ ਦੇ ਕਰੀਬ ਸੀ। ਕਈ ਰਿਆਸਤਾਂ ਮੁਗਲਰਾਜ ਰਾਜ ਦੇ ਸਮੇਂ ਕਾਇਮ ਹੋਈਆ ਸਨ। ਕੁਝ ਅੰਗਰੇਜ਼ਾਂ ਨੇ ਕਾਇਮ ਕੀਤੀਆਂ ਸਨ। ਲਾਰਡ ਵੈਲਜ਼ਲੇ ਨੇ ਸਬ-ਸੀਡੀਅਰੀ ਸਿਸਟਮ ਮੁਤਾਬਕ ਰਿਆਸਤਾਂ ਨੂੰ ਆਪਣੇ ਅਧੀਨ ਕਰਕੇ ਅੰਗਰੇਜ਼ੀ ਸਾਮ-ਰਾਜ ਨੂੰ ਵਧਾਉਣ ਤੇ ਮਜ਼ਬੂਤ ਕਰਨ ਲਈ ਵਰਤਿਆ। ਰਾਜਿਆਂ ਨੂੰ 'ਹਿਜ਼ ਹਾਈਨੈਸ ਫਰਜ਼ੰਦੇ ਖਾਸ ਤੇ ਦੌਲਤੇ ਇੰਗਲਿਸ਼ੀਆ' ਦੀਆਂ ਪਦਵੀਆਂ ਦਿਤੀਆਂ ਜਾਂਦੀਆਂ ਸਨ। ਬਹੁਤ ਸਾਰੇ ਰਾਜੇ ਤੇ ਨਵਾਬ ਰੱਜ ਕੇ ਅਯਾਸ਼ੀ ਤੇ ਧਕੜ ਸ਼ਾਹੀ ਕਰਦੇ ਸਨ।† ਪੰਜਾਬ

†ਪੰਜਾਬ ਦੇ ਵਰਤਮਾਨ ਮੁਖ ਮੰਤਰੀ ਗਿ: ਜ਼ੈਲ ਸਿੰਘ ਨੂੰ ਫਰੀਦ ਕੋਟ ਵਿਚ ਪੰਜ ਸਾਲ ਕੈਦ ਦੀ ਸਜ਼ਾ ਦਿਤੀ ਗਈ ਸੀ।



Digitized by Panjab Digital Library | www.panjabdigilib.org

ਦੀ ਰਿਆਸਤੀ ਜਨਤਾ ਵਿਚੋਂ ਸ: ਸੇਵਾ ਸਿੰਘ ਇਕ ਅਜੇਹੇ ਸੂਰਬੀਰ ਸ਼ਹੀਦ ਹਨ, ਜਿੰਨਾ ਨੇ ਦ੍ਰਿੜਤਾ ਨਾਲ ਰਜਵਾੜਾ ਸ਼ਾਹੀ ਦੇ ਜਬਰ ਦਾ ਟਾਕਰਾ ਕੀਤਾ। ਇਸ ਮਨੌਤ ਨੂੰ ਬਦਲ ਦਿਤਾ ਕਿ ਰਾਜਾ ਈਸ਼ੂਰ ਦਾ ਅਵਤਾਰ ਹੁੰਦਾ ਹੈ ਜਾਂ "ਸ਼ਮਰਥ ਕੋ ਨਹੀਂ ਦੋਸ਼ ਗੁਸਾਈਂ।"

ਅੰਗਰੇਜ਼ ਸਾਮਰਾਜ ਦੀ ਗੁਲਾਮੀ ਖਤਮ ਹੋਣ ਤੇ ਅਜ਼ਾਦੀ ਦੇ ਬਾਅਦ ਹਿੰਦੁਸਤਾਨ ਵਿਚ ਰਾਜੇ ਨਹੀਂ ਰਹੇ ਰਿਆਸਤਾਂ ਵੀ ਮੁਕ ਗਈਆਂ ਹਨ। ਪਰ ਰਿਆਸਤੀ ਜਨਤਾ ਦੀ ਸੁਤੰਤ੍ਰਤਾ ਲਈ ਅਤੁਟ ਸੰਗਰਾਮ ਕਰਨ ਵਾਲੇ ਸ: ਸੇਵਾ ਸਿੰਘ ਦਾ ਨਾਮ ਅਜਾਦੀ ਦੇ ਇਤਿਹਾਸ ਵਿਚ ਸਦਾ ਚਮਕਦਾ ਰਹੇਗਾ।

ਅਜ਼ਾਦੀ ਦੇ ਬਾਹਦ ਜਨਤਾ ਤੇ ਕੌਮੀ ਸ੍ਰਕਾਰ ਨੇ ਸ਼ਹੀਦ ਸ: ਸੇਵਾ ਸਿੰਘ ਜੀ ਨੂੰ ਚੰਗਾ ਸਨਮਾਨ ਦਿਤਾ ਹੈ। ਠੀਕਰੀਵਾਲੇ ਵਿਚ ਉਨਾਂ ਦੀ ਯਾਦਗਾਰ ਬਣਾਈ ਗਈ ਹੈ। ਗੌਰਮਿੰਟ ਹਾਈ ਸਕੂਲ ਠੀਕਰੀਵਾਲਾ ਤੇ ਬਰਨਾਲੇ ਤੋਂ ਲੈ ਕੇ ਠੀਕਰੀਵਾਲੇ ਦੀ ਸੜਕ ਦਾ ਨਾਮ ਸ: ਜੀ ਦੇ ਨਾਮ ਪਰ ਰਖਿਆ ਗਿਆ ਹੈ। ਪਟਿਆਲੇ ਵਿਚ ਜੀ. ਟੀ. ਰੋਡ ਪਰ ਰਾਜਿੰਦਰਾ ਹਸਪਤਾਲ ਦੇ ਲਾਗੇ ਸ੍ਰਦਾਰ ਜੀ ਦਾ ਸੰਗ਼ਮਰਮਰ ਦਾ ਬੁਤ ਲਾਇਆ ਗਿਆ ਹੈ। ਉਨਾਂ ਦੀ ਯਾਦ ਵਿਚ ਨਗਰ ਵਿਚ ਹਰ ਸਾਲ ੧੮-੧੯-੨੦ ਜਨਵਰੀ ਨੂੰ ਭਾਰੀ ਜੋੜ ਮੇਲਾ ਹੁੰਦਾ ਹੈ। ਕਿਸੇ ਸ਼ਾਇਰ ਨੇ ਠੀਕ ਕਿਹਾ ਹੈ:-

"ਸ਼ਹੀਦੋਂ ਕੀ ਚਿਤਾਉਂ ਪਰ ਲਗੇਂਗੇ ਹਰ ਬਰਸ ਮੇਲੇ,
ਵਤਨ ਪੈ ਮਰਨੇ ਵਾਲੋਂ ਕਾ ਯਹੀ ਬਾਕੀ ਨਿਸ਼ਾਂ ਹੋਗਾ।"

—੭—



Digitized by Panjab Digital Library | www.panjabdigilib.org

ਪ.

# ਝਬਾਲੀਏ ਵੀਰ

ਜਿਥੇ ਝਬਾਲੀਏ ਵੀਰਾਂ ਸ: ਅਮਰ ਸਿੰਘ, ਸ: ਸਰਮੁਖ ਸਿੰਘ ਤੇ ਸ੍ਰਦਾਰ ਜਸਵੰਤ ਸਿੰਘ ਨੇ ਗੁਰਦਵਾਰਾ ਸੁਧਾਰ ਲਈ ਸ਼ਾਨਦਾਰ ਕੁਰਬਾਨੀ ਕੀਤੀ ਹੈ, ਉਥੇ ਦੇਸ਼ ਦੀ ਅਜ਼ਾਦੀ ਲਈ ਵੀ ਕੁਰ-ਬਾਨੀਆਂ ਕਰਨ ਵਿਚ ਵਧ ਚੜ੍ਹ ਕੇ ਹਿਸਾ ਪਾਇਆ ਹੈ। ਅਕਾਲੀ ਲਹਿਰ ਦੇ ਆਰੰਭ ਵਿਚ ਸ਼ਰੋਮਣੀ ਕਮੇਟੀ ਦੇ ਨਾਲ ਮੋਰਚਿਆਂ ਤੇ ਪ੍ਰਬੰਧ ਲਈ ਸੇਵਾਦਾਰ ਦੇਣ ਵਾਸਤੇ ਸ਼ਰੋਮਣੀ ਅਕਾਲੀ ਦਲ ਕਾਇਮ ਕੀਤਾ ਗਿਆ, ਸ: ਸਰਮੁਖ ਸਿੰਘ ਝਬਾਲ ਉਸ ਦੇ ਪਹਿਲੇ ਪ੍ਰਧਾਨ ਸਨ। ਸ: ਅਮਰ ਸਿੰਘ ਸੈਂਟ੍ਰਲ ਸਿਖ ਲੀਗ, ਜ਼ਿਲਾ ਕਾਂਗਰਸ ਕਮੇਟੀ, ਗੁਰਦਵਾਰਾ ਕਮੇਟੀ ਤਰਨ ਤਾਰਨ ਤੇ ਰਮਦਾਸ ਸ: ਜਸਵੰਤ ਸਿੰਘ ਸ੍ਰੀ ਦਰਬਾਰ ਸਾਹਿਬ ਕਮੇਟੀ ਅੰਮ੍ਰਿਤਸਰ ਦੇ ਪ੍ਰਧਾਨ ਰਹੇ ਹਨ। ਕਾਂਗਰਸ ਦੇ ਹਰ ਮੋਰਚੇ ਵਿਚ ਤਿੰਨੇ ਭਰਾ ਸ਼ਾਮਲ ਹੁੰਦੇ ਰਹੇ ਹਨ।

ਭਾਰਤ ਦੀ ਵਰਤਮਾਨ ਅਜ਼ਾਦੀ ਦੇ ਇਤਿਹਾਸ ਵਿਚ ਜਿਥੇ ਪਟੇਲ ਭਰਾਵਾਂ-ਵਿਠਲ ਭਾਈ ਤੇ ਵਲਭ ਭਾਈ ਪਟੇਲ, ਬੋਸ ਭਰਾਵਾਂ ਸਰਤ ਚੰਦ੍ਰ ਬੋਸ ਤੇ ਨੇਤਾ ਜੀ ਸੁਭਾਸ਼ ਬੋਸ, ਖਾਨ ਭਰਾਵਾਂ, ਡਾਕਟਰ ਖਾਨ ਸਾਹਿਬ ਤੇ ਖਾਨ ਅਬਦੁਲ ਗ਼ਫ਼ਾਰ ਖਾਂ ਦਾ ਨਾਂ



Digitized by Panjab Digital Library | www.panjabdigilib.org

ਸੁਨਹਿਰੀ ਅਖਰਾਂ ਵਿਚ ਲਿਖਿਆ ਜਾਵੇਗਾ, ਉਥੇ ਪੰਜਾਬ ਵਿਚੋਂ ਝਬਾਲੀਏ ਵੀਰਾਂ ਦਾ ਨਾਂ ਵੀ ਸਤਕਾਰ ਨਾਲ ਆਵੇਗਾ। ਇੰਨਾਂ ਨੇ ੧੯੨੦-੨੫ ਦੀ ਅਕਾਲੀ ਲਹਿਰ ਅਤੇ ਦੇਸ਼ ਦੀ ਅਜ਼ਾਦੀ ਦੇ ਹਰ ਮੋਰਚੇ ਵਿਚ ਜੋ ਕੁਰਬਾਨੀ ਕੀਤੀ ਹੈ, ਉਸ ਨੂੰ ਕਦੀ ਭੁਲਾਇਆ ਨਹੀਂ ਜਾ ਸਕਦਾ। ਉਨਾਂ ਨੇ ਆਪਣੀ ਕੁਰਬਾਨੀ ਤੇ ਸੇਵਾ ਨਾਲ ਆਪਣੇ ਨਗਰ ਝਬਾਲ ਦੇ ਨਾਂ ਨੂੰ ਉਜਾਗਰ ਕੀਤਾ ਹੈ।

ਸ: ਅਮਰ ਸਿੰਘ ਦਾ ਜਨਮ ਸੰਨ ੧੮੮੮ ਵਿਚ, ਸ੍ਰਦਾਰ ਸਰਮੁਖ ਸਿੰਘ ਦਾ ੧੮੯੩ ਚ' ਅਤੇ ਸ: ਜਸਵੰਤ ਸਿੰਘ ਦਾ ਜਨਮ ੧੮੯੭ ਵਿਚ ਸ: ਗੁਪਾਲ ਸਿੰਘ ਦੇ ਘਰ ਮਾਤਾ ਜਸ ਕੌਰ ਤੋਂ ਮਾਝੇ ਦੇ ਪ੍ਰਸਿਧ ਨਗਰ ਝਬਾਲ, ਜ਼ਿਲਾ ਅੰਮ੍ਰਿਤਸਰ ਵਿਚ ਹੋਇਆ।

ਝਬਾਲ ਉਹ ਇਤਿਹਾਸਕ ਨਗਰ ਹੈ, ਜਿਸ ਦੀ ਮਹਾਨਤਾ ਸਤਿਗੁਰੂਆਂ ਤੇ ਮੁਗਲ ਰਾਜ ਦੇ ਸਮੇਂ ਤੋਂ ਚਲੀ ਆਉਂਦੀ ਹੈ। ਅਕਬਰ ਦੇ ਵਕਤ ਝਬਾਲ ਦੇ ਦੋ ਭਰਾ ਸਨ--ਬਿਹਾਰੀ ਤੇ ਬਾਹਲਾ। ਬਿਹਾਰੀ ਇਲਾਕੇ ਦਾ ਚੌਧਰੀ ਤੇ ਸੂਬੇਦਾਰ ਸੀ। ਪੱਟੀ ਤੀਕ ਉਸ ਦਾ ਪਰਗਣਾ ਸੀ। ਬਾਹਲੇ ਦੀ ਸੰਤਾਨ ਚੋਂ ਪੰਜਵੀਂ ਤੇ ਛੇਵੀਂ ਪਾਤਸ਼ਾਹੀ ਦੇ ਪ੍ਰਸਿਧ ਸਿਖ ਭਾਈ ਲੰਗਾਹਾ ਢਿਲੋਂ ਗੋਤ ਦੇ ਹੋਏ ਹਨ। ਜਿੰਨਾਂ ਦਾ ਜ਼ਿਕਰ ਭਾਈ ਗੁਰਦਾਸ ਜੀ ਨੇ ਆਪਣੀ ੧੧ਵੀਂ ਵਾਰ ਵਿਚ ਕੀਤਾ ਹੈ:—

"ਪੱਟੀ ਅੰਦਰ ਚੌਧਰੀ ਢਿਲੋਂ ਲਾਲ ਲੰਗਾਹਾ ਸੁਹੰਦਾ।"
ਇਤਿਹਾਸਕਾਰ ਲਿਖਦੇ ਹਨ ਕਿ ਜਦ ਸ੍ਰੀ ਗੁਰੂ ਅਰਜਨ ਦੇਵ ਜੀ ਲਾਹੌਰ ਵਿਚ ਸ਼ਹੀਦ ਕੀਤੇ ਗਏ, ਉਸ ਵਕਤ ਭਾਈ ਲੰਗਾਹਾਂ ਨਾਲ ਸਨ। ਛੇਵੀਂ ਪਾਤਸ਼ਾਹੀ ਦੇ ਉਹ ਡੇਹਰੇ ਸਾਹਿਬ ਦੀ ਸੇਵਾ ਵੀ ਕਰਦੇ ਰਹੇ।



Digitized by Panjab Digital Library | www.panjabdigilib.org

ਕਹਿੰਦੇ ਹਨ—ਇਸ ਨਗਰ ਦਾ ਪਹਿਲਾ ਨਾ ਛੰਬਵਾਲ ਸੀ, ਜਿਸ ਤੋਂ ਝਬਾਲ ਬਣਿਆ ਹੈ। ਇਥੇ ਹੀ ਛੇਵੀਂ ਪਾਤਸ਼ਾਹੀ ਨੇ ਸ਼ਾਹਜਹਾਂ ਦੀ ਫੌਜ ਦੇ ਅੰਮ੍ਰਿਤਸਰ ਪਰ ਹਮਲਾ ਕਰਨ ਦੇ ਕਾਰਨ ਆਪਣੀ ਸਪੁਤ੍ਰੀ ਬੀਬੀ ਵੀਰੋ ਦੀ ਸ਼ਾਦੀ ਕੀਤੀ। ਜਿਸ ਦੀ ਯਾਦ ਵਿਚ ਬੀਬੀ ਵੀਰੋ ਦਾ ਇਤਿਹਾਸਕ ਗੁਰਦਵਾਰਾ ਮੌਜੂਦ ਹੈ। ਦਸਮ ਪਾਤਸ਼ਾਹ ਦੇ ਸਮੇਂ ਮੁਕਤਸਰ ਦੀ ਜੰਗ ਵਿਚ ਭਾਈ ਮਹਾਂ ਸਿੰਘ ਤੇ ਚਾਲੀ ਮੁਕਤਿਆਂ ਨੂੰ ਲਿਜਾ ਕੇ ਟੁਟੀ ਗੰਢਣ ਵਾਲੀ ਮਾਈ ਭਾਗੋ ਵੀ ਇਸੇ ਨਗਰ ਦੀ ਸੀ। ਉਹ ਝਬਾਲ ਦੇ ਸਿਖ ਕੇਦੂ ਦੀ ਪੋਤਰੀ ਤੇ ਪੀਰੋ ਸ਼ਾਹ ਦੀ ਲੜਕੀ ਸੀ। ਮਾਈ ਭਾਗੋ ਖੇਮਕਰਨ ਦੇ ਲਾਗੇ ਨਗਰ ਭੂਰੇ ਵਿਚ ਵਿਆਹੀ ਹੋਈ ਸੀ।

ਬਾਰਾਂ ਮਿਸਲਾਂ ਦੇ ਮੁਖੀ ਸ੍ਰਦਾਰ ਬਘੇਲ ਸਿੰਘ ਜੀ ਝਬਾਲ ਦੇ ਸਨ, ਜਿੰਨਾ ਨੇ ਦੂਜੇ ਸ੍ਰਦਾਰਾਂ ਨਾਲ ਮਿਲ ਕੇ ਸ਼ਾਹ ਆਲਮ-ਸਾਨੀ ਦੇ ਸਮੇਂ ਦਿਲੀ ਪਰ ਜਿਤ ਪ੍ਰਾਪਤ ਕੀਤੀ। ਮੁਗਲ ਬਾਦਸ਼ਾਹ ਪਾਸੋਂ ਗੁਰਦਵਾਰਾ ਸੀਸ ਗੰਜ, ਰਕਾਬ ਗੰਜ, ਬਾਲਾ ਸਾਹਿਬ ਤੇ ਮਾਤਾ ਸੁੰਦਰੀ ਦੇ ਨਾਂ ਪਰ ਜ਼ਮੀਨ ਦਾ ਪਟਾ ਕਰਵਾਇਆ। ਅਤੇ ਦਿਲੀ ਦੇ ਗੁਰਦਵਾਰਿਆਂ ਦੀ ਸ਼ਾਨਦਾਰ ਸੇਵਾ ਕੀਤੀ।

ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਸਿਖ ਫੌਜ ਦੇ ਪ੍ਰਸਿਧ ਜਰਨੈਲ ਕੁਮੇਦਾਨ ਜੈ ਸਿੰਘ ਝਬਾਲ ਦੇ ਸਨ।

ਭਾਈ ਲੰਗਾਹਾ ਦੇ ਵੰਸ਼ ਅਤੇ ਇਕ ਇਤਹਿਾਸਕ ਨਗਰ ਵਿਚ ਝਬਾਲੀਏ ਵੀਰਾਂ ਦਾ ਜਨਮ ਹੋਇਆ। ਇੰਨਾਂ ਦੇ ਪੜਦਾਦਾ ਸ: ਗੁਲਾਬ ਸਿੰਘ ਤੇ ਖਜਾਨ ਸਿੰਘ ਦੋ ਭਰਾ ਸਨ। ਸ: ਗੁਲਾਬ ਸਿੰਘ ਸਿਖ ਫੌਜ ਵਿਚ ਉਚੀ ਪਦਵੀ ਤੇ ਬੜੀ ਮਹਾਨਤਾ ਰਖਦੇ। ਸਨ। ਮੁਲਤਾਨ ਦੀ ਲੜਾਈ ਦੇ ਬਾਅਦ ਉਹ ਦੀਵਾਨ ਮੂਲ ਰਾਜ ਨਾਲ ਕੈਦ ਵੀ ਰਹੇ ਸਨ। ਉਨਾਂ ਦਾ ਦੂਜਾ ਭਰਾ ਖਜਾਨ ਸਿੰਘ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਸੂਬੇਦਾਰ ਸੀ।



Digitized by Panjab Digital Library | www.panjabdigilib.org

ਉਨਾਂ ਦੇ ਸਮੇਂ ਸ਼ੇਰੇ ਪੰਜਾਬ ਨੇ ਲੇਲੀ ਘੋੜੀ ਲਿਆਂਦੀ ਸੀ। ਦੀਵਾਨ ਮੂਲ ਰਾਜ ਨਾਲ ਮਤ ਭੇਦ ਹੋਣ ਪਰ ਦੋਵੇਂ ਮੁਲਤਾਨ ਦੇ ਕਿਲੇ ਚੋਂ ਘੋੜਿਆਂ ਸਮੇਤ ਨਿਕਲ ਆਏ ਸਨ।

ਸ: ਗੁਲਾਬ ਸਿੰਘ ਦੇ ਪੁਤ੍ਰ ਸ: ਭਗਤ ਸਿੰਘ ਝਬਾਲੀਏ ਵੀਰਾਂ ਦੇ ਦਾਦਾ ਜੀ ਸਨ। ਉਨਾਂ ਨੇ ਸਨ ੧੮੫੭ ਦੇ ਗ਼ਦਰ ਸਮੇਂ ਰਸਾਲਾ ਨੰਬਰ ੪ ਖੜਾ ਕੀਤਾ ਸੀ। ਜਿਸ ਵਿਚ ਪੰਜਾਹ ਸਠ ਜੁਆਨ ਸਿਰਫ਼ ਝਬਾਲ ਦੇ ਹੀ ਭਰਤੀ ਕੀਤੇ ਸਨ।

ਸ: ਭਗਤ ਸਿੰਘ ਦੇ ਪੁਤ੍ਰ ਸ: ਗੋਪਾਲ ਸਿੰਘ ਝਬਾਲੀਏ ਵੀਰਾਂ ਦੇ ਪਿਤਾ ਸਨ। ਉਹ ਵੀ ਫੌਜ ਵਿਚ ਰਸਾਲਦਾਰ ਤੇ ਸੂਬਾ ਸਰਹੱਦ ਵਿਚ ਰਹੇ ਸਨ। ਝਬਾਲ ਵਿਚ ਵੀ ਉਨਾਂ ਦੀ ਜ਼ਮੀਨ ਸੀ। ਪਿੰਡ ਡਿਆਲ ਤਸੀਲ ਅਜਨਾਲਾ ਵਿਚ ਕੁਝ ਜਮੀਨ ਖਰੀਦੀ। ਸਮੁੰਦਰੀ ਦੇ ਲਾਗੇ ਚੱਕ ੧੩੦ ਵਿਚ ਵੀ ਮੁਰਬੇ ਮਿਲੇ ਸਨ। ਸਾਰੀ ਜਮੀਨ ਪੰਜੀਹ ਛਬੀ ਮੁਰਬੇ ਅਰਥਾਤ ਇਕ ਹਜ਼ਾਰ ਏਕੜ ਜ਼ਮੀਨ ਦੇ ਮਾਲਕ ਤੇ ਚੰਗੇ ਵਡੇ ਜ਼ਿਮੀਦਾਰ ਸਨ।

ਕਹਿੰਦੇ ਹਨ, ਉਸ ਜ਼ਮਾਨੇ ਵਿਚ ਝਬਾਲੀਏ ਵੀਰਾਂ ਦੀ ਮਾਤਾ ਕੋਲ ਦੋ ਲੱਖ ਰੁਪਏ ਸਨ। ਉਹ ਪਿਛੋਂ ਮਾਲਵੇ ਦੇ ਸਨ। ਮਾਤਾ ਪਿਤਾ ਨੇ ਤਿੰਨੇ ਪੁਤਰਾਂ ਨੂੰ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਪੜ੍ਹਨੇ ਪਾਇਆ। ਸ: ਅਮਰ ਸਿੰਘ ਨੇ ਮੈਟ੍ਰਿਕ ਪਾਸ ਕਰਕੇ ਸੰਨ ੧੯੧੯ ਵਿਚ ਜਲਿਆਂ ਵਾਲੇ ਬਾਗ਼ ਦੇ ਸਾਕੇ ਸਮੇਂ ਕਾਲਜ ਛਡ ਦਿਤਾ। ਸ: ਸਰਮੁਖ ਸਿੰਘ ਨੇ ਫੋਰਥੀਅਰ ਵਿਚ ਪੜ੍ਹਾਈ ਛਡ ਦਿਤੀ। ਸ: ਜਸਵੰਤ ਸਿੰਘ ਨੇ ਐਫ. ਏ. ਪਾਸ ਕੀਤੀ।

ਤਿੰਨੇ ਭਰਾ ਬੜੇ ਉਜਲ ਦੀਦਾਰੀ, ਬਾਰੋਹਬ, ਖੂਬ ਸੂਰਤ ਜੁਆਨ, ਬੜੇ ਕਦ ਕਾਠ ਵਾਲੇ, ਪ੍ਰਭਾਵ ਸ਼ਾਲੀ ਸ਼ਖਸੀਅਤ ਤੇ ਸ਼ਾਹੀ ਠਾਠ ਵਿਚ ਰਹਿੰਦੇ ਸਨ। ਪਿਤਾ ਨੇ ਪਿੰਡ ਡਿਆਲ ਦੀ ਜ਼ਮੀਨ ਸ: ਅਮਰ ਸਿੰਘ ਨੂੰ ਦੇ ਦਿਤੀ। ਸ: ਸਰਮੁਖ ਸਿੰਘ ਤੇ ਜਸਵੰਤ



Digitized by Panjab Digital Library | www.panjabdigilib.org

ਸਿੰਘ ਨੂੰ ਸਮੁੰਦਰੀ ਜ਼ਿਲਾ ਲਾਇਲਪੁਰ ਦੇ ਚੱਕ ੧੩੦ ਦੀ ਜਮੀਨ ਦਿਤੀ। ਝਬਾਲ ਦੀ ਜ਼ਮੀਨ ਤਿੰਨਾਂ ਭਰਾਵਾਂ ਵਿਚ ਬਰਾਬਰ ਦੀ ਵੰਡ ਦਿਤੀ। ਤਿੰਨਾਂ ਭਰਾਵਾਂ ਦੀਆਂ ਸ਼ਾਦੀਆਂ ਚੰਗੇ ਘਰਾਂ ਵਿਚ ਹੋਈਆਂ।

ਜਿਸ ਵਕਤ ਝਬਾਲੀਏ ਵੀਰ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਪੜ੍ਹਦੇ ਸਨ, ਉਸ ਵਕਤ ਪੰਜਾਬ ਵਿਚ ਸਿੰਘ ਸਭਾ ਲਹਿਰ ਪੂਰੇ ਜ਼ੋਰ ਨਾਲ ਚਲ ਰਹੀ ਸੀ। ਜ਼ਿਲਾ ਅੰਮ੍ਰਿਤਸਰ ਤੇ ਲਾਹੌਰ ਵਿਚ ਸੰਟ੍ਰਲ ਮਾਝਾ ਖਾਲਸਾ ਦੀਵਾਨ ਦਾ ਪ੍ਰਚਾਰ ਸੀ। ਉਸ ਦਾ ਪ੍ਰਭਾਵ ਇੰਨਾ ਪਰ ਪਿਆ।

ਸੰਨ ੧੯੧੯ ਵਿਚ ਜਲ੍ਹਿਆਂ ਵਾਲੇ ਬਾਗ ਦਾ ਸਾਕਾ ਹੋਇਆ। ਜਿਸ ਨੇ ਦੇਸ਼ ਵਿਚ ਅਜ਼ਾਦੀ ਦੀ ਲਹਿਰ ਬਹੁਤ ਤਿੱਖੀ ਕਰ ਦਿਤੀ। ਅੰਮ੍ਰਿਤਸਰ ਵਿਚ ਕਾਂਗਰਸ ਦਾ ਇਜਲਾਸ ਹੋਇਆ। ਉਸ ਨੇ ਝਬਾਲੀਏ ਵੀਰਾਂ ਨੂੰ ਅਜ਼ਾਦੀ ਦੀ ਲਹਿਰ ਵਿਚ ਕੁਦਣ ਦੀ ਪ੍ਰੇਰਨਾ ਦਿਤੀ। ਸ੍ਰਦਾਰ ਅਮਰ ਸਿੰਘ ਪੁਲੀਸ ਵਿਚ ਇੰਸਪੈਕਟਰ ਭਰਤੀ ਹੋਏ। ਉਨਾਂ ਨੇ ਸੂਬਾ ਸਰਹੱਦ ਵਿਚ ਕੁਝ ਕਿਰ ਥਾਣੇਦਾਰੀ ਕੀਤੀ। ਕੌਮੀ ਲਹਿਰ ਵਿਚ ਥਾਣੇਦਾਰੀ ਛਡ ਕੇ ਆਏ ਸਨ।

ਅਗਸਤ ੧੯੨੦ ਵਿਚ ਡੀ. ਸੀ. ਸਿਆਲ ਕੋਟ ਨੇ ਬਾਬੇ ਦੀ ਬੇਰ ਦਾ ਸਰਬਰਾਹ ਇਕ ਪਤਿਤ ਗੰਡਾ ਸਿੰਹੁ ਨੂੰ ਨੀਯਤ ਕੀਤਾ। ਜਿਸ ਦੇ ਵਿਰੁਧ ਸਥਾਨਕ ਸੰਗਤਾਂ ਨੇ ਅੰਦੋਲਨ ਕੀਤਾ। ਤਰਨ ਤਾਰਨ ਵਿਚ ਸੰਟ੍ਰਲ ਮਾਝਾ ਖਾਲਸਾ ਦੀਵਾਨ ਵਲੋਂ ਮਸਿਆ ਤੇ ਇਕ ਦੀਵਾਨ ਕੀਤਾ ਗਿਆ। ਉਸ ਵਿਚ ਸ: ਅਮਰ ਸਿੰਘ ਸ਼ਾਮਲ ਸਨ। ਉਥੇ ਸਿਆਲ ਕੋਟ ਤੋਂ ਆਏ ਸ: ਨਾਨਕ ਸਿੰਘ ਤੇ ਇਕ ਹੋਰ ਸਿੰਘ ਨੇ ਬਾਬੇ ਦੀ ਬੇਰ ਦਾ ਜ਼ਿਕਰ ਕੀਤਾ। ਅਤੇ ਇਹ ਦਸਿਆ ਕਿ ਸ੍ਰਕਾਰ ਨੇ ਸੰਗਤ ਦੀ ਮਰਜ਼ੀ ਦੇ ਵਿਰੁਧ



Digitized by Panjab Digital Library | www.panjabdigilib.org

ਇਕ ਪਤਿਤ ਨੂੰ ਗੁਰਦਵਾਰੇ ਦਾ ਸਰਬਰਾਹ ਨੀਯਤ ਕਰ ਦਿਤਾ ਹੈ। ਉਸ ਵਕਤ ਗੁਰਦਵਾਰਾ ਸੁਧਾਰ ਲਹਿਰ ਦਾ ਜਜ਼ਬਾ ਉਭਰ ਰਿਹਾ ਸੀ। ਮਸਿਆ ਦੇ ਦੀਵਾਨ ਵਿਚ ਗੁਰਮਤਾ ਪਾਸ ਕੀਤਾ ਗਿਆ ਕਿ ਸ: ਅਮਰ ਸਿੰਘ ਝਬਾਲ ਸਿਆਲਕੋਟ ਜਾ ਕੇ ਸਾਰੇ ਹਾਲਾਤ ਦੀ ਪੜਤਾਲ ਕਰਨ। ਜਦ ਸ੍ਰਦਾਰ ਜੀ ਇਕ ਜਥਾ ਲੈ ਕੇ ਸਿਆਲ ਕੋਟ ਚਲੇ ਗਏ, ਉਥੇ ਜਾ ਕੇ ਉਨਾਂ ਨੇ ਗੁਰਦਵਾਰੇ ਦਾ ਪ੍ਰਬੰਧ ਸੰਭਾਲ ਲਿਆ। ਗੁਰਦਵਾਰੇ ਵਿਚ ਅਖੰਡ ਪਾਠ, ਦੀਵਾਨ ਤੇ ਲੰਗਰ ਜਾਰੀ ਕਰ ਦਿਤਾ। ਉਨਾਂ ਨੇ ਹੋਰ ਸਿੰਘ ਭੇਜਨ ਲਈ ਤਾਰ ਦਿਤੀ। ਸ: ਜਸਵੰਤ ਸਿੰਘ ਦੂਜਾ ਜਥਾ ਲੈ ਕੇ ਸਿਆਲ-ਕੋਟ ਪੁਜ ਗਏ। ਡੀ. ਸੀ. ਨੇ ਗੁਰਦਵਾਰੇ ਪਰ ਪੁਲੀਸ ਦਾ ਪਹਿਰਾ ਲਾ ਦਿਤਾ। ਗ੍ਰਿਫਤਾਰੀਆਂ ਹੋਣ ਦੀ ਸੰਭਾਵਨਾ ਸੀ। ਡੀ. ਸੀ. ਦੇ ਐਕਸ਼ਨ ਵਿਰੁਧ ਸਿਖ ਸੰਗਤਾਂ ਵਿਚ ਜੋਸ਼ ਵਧਦਾ ਗਿਆ। ਇਸ ਅੰਦੋਲਨ ਵਿਚ ਸ: ਖੜਕ ਸਿੰਘ ਸਿਆਲ ਕੋਟ ਵੀ ਸ਼ਾਮਲ ਹੋ ਗਏ।

ਸੁਧਾਰ ਲਹਿਰ ਪ੍ਰਵਾਨ ਹੁੰਦੀ ਵੇਖ ਕੇ ਹਾਕਮਾਂ ਨੇ ੨੦ ਅਕਤੂਬਰ ੧੯੨੦ ਨੂੰ ਸਿਖਾਂ ਦੇ ਹੱਕ ਵਿਚ ਫੈਸਲਾ ਕਰ ਦਿਤਾ ਗੁਰਦਵਾਰਾ ਬਾਬੇ ਦੀ ਬੇਰ ਦੇ ਪ੍ਰਬੰਧ ਲਈ ਇਕ ਕਮੇਟੀ ਬਣਾ ਦਿਤੀ। ਇਹ ਗੁਰਦਵਾਰਾ ਸੁਧਾਰ ਦਾ ਇਕ ਤਰ੍ਹਾਂ ਪਹਿਲਾ ਮੋਰਚਾ ਸੀ, ਜਿਸ ਵਿਚ ਸ: ਅਮਰ ਸਿੰਘ ਨੇ ਅਗਵਾਈ ਕੀਤੀ ਅਤੇ ਪੂਰੀ ਸਫਲਤਾ ਪ੍ਰਾਪਤ ਕੀਤੀ।

ਉਸ ਦੇ ਬਾਹਦ ਅਕਤੂਬਰ ੧੯੨੦ ਵਿਚ ਜਲ੍ਹਿਆਂ-ਵਾਲੇ ਬਾਗ਼ ਵਿਚ ਪਛੜੀਆਂ ਸਿਖ ਸ਼ਰੇਣੀਆਂ ਦਾ ਦੀਵਾਨ ਹੋਇਆ। ਜਿਸ ਵਿਚ ਸਿੰਘ ਸਭਾ ਦੇ ਮੁਖੀ, ਖਾਲਸਾ ਕਾਲਜ ਦੇ ਪ੍ਰੋਫੈਸਰ, ਜਥੇਦਾਰ ਤੇਜਾ ਸਿੰਘ ਭੁਚਰ ਭਾਈ ਕਰਤਾਰ ਸਿੰਘ ਝਬਰ ਤੇ ਸ: ਸਰਮੁਖ ਸਿੰਘ ਝਬਾਲ ਸ਼ਾਮਲ ਸਨ। ਉਹ ਜਥਾ ਸ੍ਰੀ ਦਰਬਾਰ ਸਾਹਿਬ ਕੜਾਹ ਪ੍ਰਸ਼ਾਦ ਲੈ ਕੇ ਗਿਆ। ਪੁਜਾਰੀਆਂ



Digitized by Panjab Digital Library | www.panjabdigilib.org

ਨੇ ਪਹਿਲੇ ਪ੍ਰਸ਼ਾਦ ਲੈਣ ਤੋਂ ਇਨਕਾਰ ਕੀਤਾ। ਫਿਰ ਅਰਦਾਸ ਕਰ ਦਿਤੀ। ਸ੍ਰੀ ਦਰਬਾਰ ਸਾਹਿਬ ਪ੍ਰਸ਼ਾਦ ਵਰਤਾ ਕੇ ਸਾਰੀ ਸੰਗਤ ਅਕਾਲ ਤਖਤ ਸਾਹਿਬ ਪੁਜੀ। ਉਥੋਂ ਦੇ ਪੁਜਾਰੀ ਨਠ ਗਏ। ਉਥੇ ਜ: ਤੇਜਾ ਸਿੰਘ ਭੁਚਰ ਨੂੰ ਜਥੇਦਾਰ ਨੀਯਤ ਕਰਕੇ ਤਖਤ ਸਾਹਿਬ ਦਾ ਪ੍ਰਬੰਧ ਉਨ੍ਹਾਂ ਦੇ ਸਪੁਰਦ ਕੀਤਾ ਗਿਆ। ਬਾਬੇ ਅਟਲ ਪਰ ਵੀ ਕਬਜ਼ਾ ਹੋ ਗਿਆ। ਇਸ ਦੇ ਨਾਲ ਹੀ ਸ੍ਰੀ ਅਕਾਲ ਤਖਤ ਸਾਹਿਬ ਪਰ ਪੰਥਕ ਪ੍ਰਤੀਨਿਧਾਂ ਦਾ ਇਕਠ ਕਰਕੇ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਕਾਇਮ ਕੀਤੀ ਗਈ। ਉਸ ਨੂੰ ਸੇਵਾਦਾਰ ਦੇਣ ਲਈ ਸ਼ਰੋਮਣੀ ਅਕਾਲੀ ਦਲ ਕਾਇਮ ਕੀਤਾ ਗਿਆ। ਜਿਸ ਦਾ ਪਹਿਲਾ ਪ੍ਰਧਾਨ ਸ: ਸਰਮੁਖ ਸਿੰਘ ਝਬਾਲ ਨੂੰ ਬਣਾਇਆ ਗਿਆ।

ਸ: ਅਮਰ ਸਿੰਘ ਨੇ ਬਾਬੇ ਦੀ ਬੇਰ ਸਿਆਲ ਕੋਟ ਦਾ ਪ੍ਰਬੰਧ ਸੰਭਾਲਨ ਦੇ ਨਾਲ ਗੁਰਦਵਾਰਾ ਤੇਜਾ ਵਹੀਲਾ ਜ਼ਿਲਾ ਗੁਰਦਾਸ ਪੁਰ ਦਾ ਪ੍ਰਬੰਧ ਵੀ ਸੰਭਾਲਿਆ। ਇਸ ਤਰ੍ਹਾਂ ਅਕਾਲੀ ਲਹਿਰ ਵਿਚ ਝਬਾਲੀਏ ਵੀਰਾਂ ਦੀ ਸ਼ੁਹਰਤ ਬਹੁਤ ਫੈਲ ਗਈ।

ਕਹਿੰਦੇ ਹਨ ਜਦ ਝਬਾਲੀਏ ਵੀਰ ਅਕਾਲੀ ਲਹਿਰ ਕਾਂਗਰਸ ਵਿਚ ਸ਼ਾਮਲ ਹੋਏ, ਉਸ ਵਕਤ ਮਾਤਾ ਨੇ ਤਿੰਨਾਂ ਭਰਾਵਾਂ ਨੂੰ ਕਿਹਾ:—"ਪੁਤਰ ! ਹੁਣ ਤੁਸੀਂ ਕੌਮੀ ਤੇ ਦੇਸ਼ ਸੇਵਾ ਦੇ ਮੈਦਾਨ ਵਿਚ ਕੁਰਬਾਨੀ ਲਈ ਨਿਤਰੇ ਹੋ। ਇਸ ਵਿਚ ਪਿਛੇ ਨਹੀਂ ਮੁੜਨਾ। ਕਮਜ਼ੋਰੀ ਨਹੀਂ ਵਿਖਾਉਣੀ। ਅਗੇ ਵਧਦੇ ਚਲੇ ਜਾਣਾ।" ਤਿੰਨਾਂ ਭਰਾਵਾਂ ਨੇ ਮਾਤਾ ਦੇ ਇਸ ਬਚਨ ਨੂੰ ਪਾਲ ਕੇ ਵਿਖਾ ਦਿਤਾ। ਜਦ ਸ੍ਰਦਾਰ ਅਮਰ ਸਿੰਘ ਸਿਆਲ-ਕੋਟ ਜਥਾ ਲੈ ਕੇ ਗਏ ਮਾਸਟਰ ਤਾਰਾ ਸਿੰਘ ਨੇ ਉਨ੍ਹਾਂ ਨੂੰ ਚਿਠੀ ਲਿਖੀ ਕਿ ਅਜੇ ਲਹਿਰ ਆਰੰਭਕ ਹਾਲਤ ਵਿਚ ਹੈ। ਤੁਹਾਨੂੰ ਅਗੇ ਹੋ ਕੇ ਜਹਲ ਨਹੀਂ ਜਾਣਾ ਚਾਹੀਦਾ। ਪਿਛੇ ਰਹਿ ਕੇ ਕੰਮ ਕਰਨ ਦੀ ਲੋੜ ਹੈ।"



Digitized by Panjab Digital Library | www.panjabdigilib.org

ਸ੍ਰਦਾਰ ਜੀ ਨੇ ਉਤਰ ਦਿਤਾ "ਜਦ ਤੀਕ ਕਿਸੇ ਲਹਿਰ ਵਿਚ ਲੀਡਰ ਅਗੇ ਹੋ ਕੇ ਨਹੀਂ ਤੁਰਦੇ, ਤੱਦ ਤੀਕ ਉਹ ਸਫਲ ਨਹੀਂ ਹੋ ਸਕਦੀ।

੧੯੨੧ ਵਿਚ ਚਾਬੀਆਂ ਦੇ ਮੋਰਚੇ ਵਿਚ ਤਿੰਨੇ ਭਰਾ ਗ੍ਰਿਫਤਾਰ ਤੇ ਕੈਦ ਹੋਏ। ਸ: ਸਰਮੁਖ ਸਿੰਘ ਝਬਾਲ ਸ਼ਰੋਮਣੀ ਕਮੇਟੀ ਦੇ ਲੀਡਰਾਂ ਨਾਲ ਸਨ। ਸ: ਅਮਰ ਸਿੰਘ ਤੇ ਜਸਵੰਤ ਸਿੰਘ ਨੂੰ ਪੁਲੀਸ ਨੇ ਪਿੰਡੋ ਗ੍ਰਿਫਤਾਰ ਕੀਤਾ। ਉਸ ਮੌਕੇ ਸਰਦਾਰ ਉਜਾਗਰ ਸਿੰਘ ਤੇ ਭਾਈ ਮਿਸ਼ਰਾ ਸਿੰਘ ਗੁੰਥੀ ਝਬਾਲ ਵੀ ਫੜੇ ਗਏ। ਇੰਨਾਂ ਨੂੰ ਕੈਦ ਕਰਕੇ ਮੀਆਂਵਾਲੀ ਜੇਹਲ ਵਿਚ ਭੇਜਿਆ ਗਿਆ। ਜਿਥੇ ਸ: ਖੜਕ ਸਿੰਘ ਤੇ ਮੌਲਾਨਾ ਅਬੁਲ ਕਲਾਮ ਅਜ਼ਾਦ ਵੀ ਸਨ।

ਚਾਬੀਆਂ ਦਾ ਮੋਰਚਾ ਖਤਮ ਹੋਣ ਪਰ ਤਿੰਨੇ ਭਰਾ ਰਿਹਾ ਹੋਏ। ਅਗਸਤ ੧੯੨੨ ਵਿਚ ਜਦ ਗੁਰੂ ਕੇ ਬਾਗ ਦਾ ਮੋਰਚਾ ਲਗਾ, ਉਸ ਵਿਚ ਸ: ਸਰਮੁਖ ਸਿੰਘ ਪ੍ਰਧਾਨ ਅਕਾਲੀ ਦਲ ਦੇ ਸ਼ਰੋਮਣੀ ਕਮੇਟੀ ਦੇ ਵਰਕਿੰਗ ਮੈਂਬਰ ਲੀਡਰਾਂ ਨਾਲ ਗ੍ਰਿਫਤਾਰ ਕੀਤੇ ਗਏ। ਸ: ਅਮਰ ਸਿੰਘ ਤੇ ਜਸਵੰਤ ਸਿੰਘ ਵੀ ਸ਼ਾਮਲ ਹੋਏ।

ਉਸ ਵਕਤ ਇੰਨਾ ਦੇ ਪ੍ਰਵਾਰ ਵਿਚ ਜੇਹੜੀ ਖਾਸ ਗਲ ਹੋਈ, ਉਹ ਇਹ ਸੀ ਕਿ ਝਬਾਲੀਆਂ ਦੇ ਪਿਤਾ ਸ: ਗੁਪਾਲ ਸਿੰਘ ਬੜੇ ਸ਼ਿਕਾਰੀ ਸਨ। ਉਨ੍ਹਾਂ ਦੇ ਘਰ ਸ਼ਾਮਿਆਨੇ, ਤੰਬੂ ਕਾਨਾਤਾਂ ਆਦਿਕ ਸ਼ਾਹੀ ਸਮਾਨ ਸੀ। ਗੁਰੂ ਕੇ ਬਾਗ ਵਿਚ ਜਦ ਬੀਟੀ ਸਿੰਘਾਂ ਨੂੰ ਮਾਰਦਾ ਸੀ, ਉਸ ਵਕਤ ਜ਼ਖਮੀਂ ਦੇ ਥਾਵਾਂ ਤੇ ਲਿਆ ਕੇ ਰਖੇ ਜਾਂਦੇ ਸਨ। ਇਕ ਗੁਰੂ ਕਾ ਬਾਗ ਮੰਜੀ ਸਾਹਿਬ ਦੇ ਲਾਗੇ। ਦੂਸਰੇ ਅਕਾਲੀ ਮਾਰਕੀਟ (ਪਾਪੜਾਂ ਵਾਲੇ ਬਜ਼ਾਰ ਦੇ ਲਾਗੇ) ਵਿਚ। ਕਿਸੇ ਝਬਾਲੀਆਂ ਦੀ ਮਾਤਾ ਜੀ ਨੂੰ ਦਸਿਆ ਕਿ ਜ਼ਖਮੀ ਸਿੰਘਾਂ ਲਈ ਛਾਂ ਦਾ ਕਾਫੀ ਪ੍ਰਬੰਧ ਨਹੀਂ। ਮਾਤਾ ਨੇ



Digitized by Panjab Digital Library | www.panjabdigilib.org

ਘਰ ਵਿਚ ਜਿੰਨੇ ਤੰਬੂ ਤੇ ਕਨਾਤਾਂ ਸਨ, ਉਹ ਸਾਰਾ ਸਾਮਾਨ ਗੱਡਿਆਂ ਉਤੇ ਲਦਵਾਕੇ ਅੰਮ੍ਰਿਤਸਰ ਭੇਜ ਦਿਤਾ ਤੇ ਕਿਹਾ ਇਸ ਨੂੰ ਜਖਮੀ ਸਿੰਘਾਂ ਦੀ ਸੇਵਾ ਲਈ ਵਰਤਿਆ ਜਾਵੇ।

੧੯੨੧ ਵਿਚ ਮਹਾਤਮਾ ਗਾਂਧੀ ਦੀ ਅਗਵਾਈ ਹੇਠ ਕਾਂਗਰਸ ਨੇ ਪਹਿਲੀ ਵੇਰ ਸਿਵਲ ਨਾ ਫ਼ਰਮਾਨੀ ਤੇ ਬਦੇਸ਼ੀ ਬਾਈਕਾਟ ਦਾ ਪ੍ਰੋਗਰਾਮ ਚਾਲੂ ਕੀਤਾ। ੧੯੨੨ ਵਿਚ ਸਰਦਾਰ ਅਮਰ ਸਿੰਘ ਝਬਾਲ ਦੀ ਪ੍ਰਧਾਨਗੀ ਹੇਠ ਸੈਂਟਰਲ ਸਿਖ ਲੀਗ ਦਾ ਇਜਲਾਸ ਲਾਇਲਪੁਰ ਵਿਚ ਹੋਇਆ। ਜਿਸ ਵਿਚ ਸੂਕਾਰ ਅੰਗਰੇਜ਼ੀ ਨਾਲ ਨਾ ਮਿਲ ਵਰਤਨ ਕਰਨ ਦਾ ਮਤਾ ਪਾਸ ਕੀਤਾ ਗਿਆ। ਗਿਆਨੀ ਸ਼ੇਰ ਸਿੰਘ ਉਹ ਮਤਾ ਪੇਸ਼ ਕਰਨ ਵਾਲੇ ਸਨ। ਭਾਈ ਜੋਧ ਸਿੰਘ ਤੇ ਸ: ਸੰਪੂਰਨ ਸਿੰਘ ਬੈਰਿਸਟਰ ਲਾਇਲਪੁਰ ਉਸ ਦੀ ਵਿਰੋਧਤਾ ਕਰਨ ਵਾਲੇ ਸਨ। ਲੇਖਕ ਉਸ ਸਮਾਗਮ ਵਿਚ ਮੌਜੂਦ ਸੀ।

ਸਾਨੂੰ ਯਾਦ ਹੈ ਕਿ ਗਿ: ਸ਼ੇਰ ਸਿੰਘ ਨੇ ਕਬੀਰ ਜੀ ਦਾ ਇਹ ਸ਼ਲੋਕ "ਸਾਕਤ ਸੰਗ ਨ ਕੀਜੀਐ ਦੂਰਹੁ ਜਾਈਐ ਭਾਗ" ਪੜ੍ਹ ਕੇ ਨਾ ਮਿਲ ਵਰਤਨ ਦੇ ਮਤੇ ਦੀ ਪੁਸ਼ਟੀ ਕੀਤੀ ਸੀ। ਭਾਈ ਜੋਧ ਸਿੰਘ ਤੇ ਸ: ਸੰਪੂਰਨ ਸਿੰਘ ਨੇ ਕਿਹਾ ਕਿ ਸਾਨੂੰ ਸੂਕਾਰ ਅੰਗਰੇਜ਼ੀ ਨਾਲ ਨਾ ਮਿਲਵਰਤਨ ਨਹੀਂ ਕਰਨਾ ਚਾਹੀਦਾ। ਸਾਡਾ ਹਿਤ ਇਸ ਵਿਚ ਹੈ। ਪਰ ਸੰਗਤਾਂ ਨੇ ਉਹ ਮਤਾ ਬੜੇ ਜੋਸ਼ ਜਜ਼ਬੇ ਨਾਲ ਪਾਸ ਕਰ ਦਿਤਾ। ਵਲੈਤ ਤੀਕ ਉਸ ਦੀ ਚਰਚਾ ਹੋਈ। ਅੰਗਰੇਜ ਸਮਝਦੇ ਸਨ ਕਿ ਭਾਰਤ ਵਿਚ ਉਨ੍ਹਾਂ ਦੀ ਇਕ ਬਾਹਾਂ ਟੁਟ ਗਈ ਹੈ।

ਇਹ ਪੁਰਾਣੀ ਲੀਡਰ ਸ਼ਿਪ ਅਤੇ ਸਿਖ ਰਾਜਨੀਤੀ ਵਿਚ ਨਵਾਂ ਮੋੜ ਸੀ। ਝਬਾਲੀਏ ਵੀਰ ਕੌਮ ਪ੍ਰਸਤੀ ਤੇ ਦੇਸ ਭਗਤੀ



Digitized by Panjab Digital Library | www.panjabdigilib.org

ਦੇ ਮੁਰੈਲੀ ਸਨ। ਗੁਰੂ ਕੇ ਬਾਗ਼ ਦੇ ਮੋਰਚੇ ਵਿਚ ਵੀ ਸ: ਸੁਰਮੁਖ ਸਿੰਘ ਗ੍ਰਿਫਤਾਰ ਤੇ ਕੈਦ ਹੋਏ।

ਸ: ਅਮਰ ਸਿੰਘ ਅਕਾਲੀ ਲਹਿਰ ਵਿਚ ਦੋ ਵੇਰ ਕੈਦ ਹੋਏ ਹਨ, ਇਕ ੧੯੨੧ ਵਿਚ ਚਾਬੀਆਂ ਦੇ ਮੋਰਚੇ ਵਿਚ। ਦੂਜੀ ਵੇਰ ੧੯੨੩ ਵਿਚ ਸ਼ਰੋਮਣੀ ਕਮੇਟੀ ਤੇ ਅਕਾਲੀ ਦਲ ਕਾਨੂੰਨ ਵਿਰੁਧ ਕਰਾਰ ਦਿਤੇ ਜਾਣ ਪਰ। ਇਹ ਕੈਦ ਮਹਿਜ਼ ਸੀ। ਉਨ੍ਹਾਂ ਨੇ ਸੰਟ੍ਰਲ ਜੇਹਲ ਮੁਲਤਾਨ ਵਿਚ ਕਟੀ। ਜਿਥੇ ਜ: ਉਧਮ ਸਿੰਘ ਨਾਗੋਕੇ, ਸ: ਦਰਸ਼ਨ ਸਿੰਘ ਫੇਰੂਮਾਨ, ਗਿਆਨੀ ਹੀਰਾ ਸਿੰਘ ਦਰਦ, ਗਿਆਨੀ ਗੁਰਮੁਖ ਸਿੰਘ ਮੁਸਾਫਰ, ਬਾਬਾ ਈਸ਼ਰ ਸਿੰਘ ਮਰਹਾਣਾ ਤੇ ਲੇਖਕ ਆਦਿਕ ਸਨ। ਗੁਰਦਵਾਰਾ ਐਕਟ ੧੯੨੫ ਬਣਨ ਪਰ ਰਿਹਾ ਹੋਏ।

ਸ: ਸਰਮੁਖ ਸਿੰਘ ੧੯੨੩ ਵਿਚ ਸ਼ਰੋਮਣੀ ਕਮੇਟੀ ਦੇ ਪਹਿਲੇ ਜਥੇ ਨਾਲ ਗ੍ਰਿਫਤਾਰ ਹੋਏ। ਅਕਾਲੀ ਲੀਡਰ ਕੇਸ ਵਿਚ ਸ਼ਾਮਲ ਸਨ। ਜੋ ਲਾਹੌਰ ਕਿਲੇ ਤੇ ਸੰਟ੍ਰਲ ਜੇਹਲ ਲਾਹੌਰ ਵਿਚ ਤਿੰਨ ਸਾਲ ਚਲਦਾ ਰਿਹਾ। ਉਹ ਤਿੰਨ ਸਾਲ ਜੇਹਲ ਵਿਚ ਬੰਦ ਰਹੇ। ਆਪ ਉਨ੍ਹਾਂ ਲੀਡਰਾਂ ਵਿਚੋਂ ਸਨ, ਜਿੰਨ੍ਹਾਂ ਨੇ ਸਰ ਮੈਲਕਮ ਹੇਲੀ ਦੀਆਂ ਸ਼ਰਤਾਂ ਮੰਨ ਕੇ ਰਿਹਾ ਹੋਣ ਤੋਂ ਇਨਕਾਰ ਕੀਤਾ ਸੀ।

ਜਿਸ ਵਕਤ ਗੁਰਦਵਾਰਾ ਬਿਲ ਪੰਜਾਬ ਕੌਂਸਲ ਵਿਚ ਪੇਸ਼ ਹੋਇਆ, ਉਸ ਵਕਤ ਸ: ਸਰਮੁਖ ਸਿੰਘ ਤੇ ਸ: ਅਮਰ ਸਿੰਘ ਜੇਹਲ ਵਿਚ ਸਨ। ਸ: ਜਸਵੰਤ ਸਿੰਘ ਬਾਹਰ ਸਨ। ਗੁਰਦਵਾਰਾ ਬਿਲ ਪਰ ਵਿਚਾਰ ਕਰਨ ਲਈ ੨੭ ਅਪ੍ਰੈਲ ੧੯੨੫ ਨੂੰ ਸ਼ਰੋਮਣੀ ਕਮੇਟੀ ਦੀ ਮੀਟਿੰਗ ਸ: ਮੰਗਲ ਸਿੰਘ ਦੀ ਪ੍ਰਧਾਨਗੀ ਹੇਠ ਸ੍ਰੀ ਅਕਾਲ ਤਖਤ ਪਰ ਹੋਈ। ਉਸ ਵਿਚ ਸ: ਜਸਵੰਤ ਸਿੰਘ ਠੇ ਗੁਰਦਵਾਰਾ ਬਿਲ ਨਾਲ ਅਸੰਮਤੀ ਪ੍ਰਗਟ ਕੀਤੀ। ਪਰ



Digitized by Panjab Digital Library | www.panjabdigilib.org

ਨਾਲ ਹੀ ਕਿਹਾ "ਹਾਲਾਤ ਨੇ ਲੋੜ ਨੂੰ ਮੁਖ ਰਖ ਕੇ ਮੈਂ ਇਸ ਦੀ ਵਿਰੋਧਤਾ ਨਹੀਂ ਕਰਾਂਗਾ।" ਇਸ ਪਰ ਸ਼ਰੋਮਣੀ ਕਮੇਟੀ ਨੇ ਇਹ ਮਤਾ ਪਾਸ ਕਰ ਦਿਤਾ:-"ਇਹ ਬਿਲ ਗੁਰਦਵਾਰਾ ਸੁਧਾਰ ਦੀਆਂ ਬਹੁਤ ਸਾਰੀਆਂ ਲੋੜਾਂ ਨੂੰ ਪੂਰਾ ਕਰਦਾ ਹੈ। ਕੁਝ ਤਰਮੀਮਾਂ ਕਰਕੇ ਇਸ ਨੂੰ ਪ੍ਰਵਾਨ ਕੀਤਾ ਜਾਂਦਾ ਹੈ।"

ਜਦ ਗੁਰਦਵਾਰਾ ਐਕਟ ਪਾਸ ਹੋ ਗਿਆ, ਸਰ ਮੈਲਕਮ ਹੇਲੀ ਨੇ ਐਕਟ ਮੰਨਣ ਲਈ ਸ਼ਰਤਾਂ ਪੇਸ਼ ਕੀਤੀਆਂ, ਉਸ ਵਕਤ ਸ: ਅਮਰ ਸਿੰਘ ਮੁਲਤਾਨ ਸੰਟ੍ਰਲ ਜੇਹਲ ਵਿਚੋਂ ਰਿਹਾ ਹੋ ਕੇ ਆਏ ਸਨ। ਉਨਾਂ ਨੇ ੧੫ ਜੁਲਾਈ ੧੯੨੫ ਨੂੰ ਇਕ ਧੜਲੇਦਾਰ ਬਿਆਨ ਦਿਤਾ। ਜਿਸ ਵਿਚ ਕਿਹਾ:-'ਮੈਂ ਸਰ ਮੈਲਕਮ ਹੇਲੀ ਵਲੋਂ ਅਕਾਲੀ ਕੈਦੀਆਂ ਦੀ ਰਿਹਾਈ ਲਈ ਲਾਈ ਗਈ ਸ਼ਰਤ ਬਾਰੇ ਕਹਿਣਾ ਚਾਹੁੰਦਾ ਹਾਂ ਕਿ ਕੋਈ ਸਵੈਮਾਨੀ ਸਿਖ ਇਸ ਨਿਰਾਦਰੀ ਨੂੰ ਬਰਦਾਸ਼ਤ ਨਹੀਂ ਕਰ ਸਕਦਾ।*

ਝਬਾਲੀਏ ਵੀਰਾਂ ਨੂੰ ਗੁਰੂ ਘਰ ਦੀ ਸੇਵਾ ਵਿਰਸੇ ਵਿਚੋਂ ਮਿਲੀ ਸੀ। ਝਬਾਲ ਦੇ ਪੁਰਾਣੇ ਸਜਣ ਦਸਦੇ ਹਨ ਕਿ ਬੀਬੀ ਵੀਰੋ ਜੀ ਦੇ ਅਸਥਾਨ ਦੀ ਸੇਵਾ ਇੰਨਾਂ ਦੇ ਦਾਦਾ ਸ੍ਰਦਾਰ ਭਗਤ ਸਿੰਘ ਨੇ ਸੰਗਤ ਨੂੰ ਪ੍ਰੇਰ ਕੇ ਕਰਹਾਈ ਸੀ। ਜਦ ਉਹ ਗੁਰਦਵਾਰਾ ਬਣ ਰਿਹਾ ਸੀ, ਸੰਗਤ ਸੇਵਾ ਕਰ ਰਹੀ ਸੀ, ਸ੍ਰਦਾਰ ਭਗਤ ਨੇ ਆਪਣੇ ਇਕ ਕੀਮਤੀ ਦੁਸ਼ਾਲੇ ਵਿਚ ਇੱਟਾਂ ਰਖ ਲਈਆਂ।

ਸੰਗਤ ਚੋਂ ਕਈਆਂ ਨੇ ਕਿਹਾ "ਸ੍ਰਦਾਰ ਜੀ! ਕੀਮਤੀ ਦੁਸ਼ਾਲਾ ਕਾਹਦੇ ਲਈ ਖਰਾਬ ਕਰਦੇ ਹੋ? ਉਨਾਂ ਨੇ ਉਤਰ

---

*ਪਬਲਕ ਓਪੀਨੀਅਨ ਆਨ ਰੀਲੀਜ਼ ਆਫ਼ ਦੀ ਅਕਾਲੀ ਪ੍ਰਿਜ਼ਨਰ। ਪੰਨਾ ੨੪.



Digitized by Panjab Digital Library | www.panjabdigilib.org

ਦਿਤਾ—"ਗੁਰੂ ਘਰ ਦੀ ਸੇਵਾ ਤੋਂ ਵਧ ਕੇ ਦੁਸ਼ਾਲਾ ਕੀਮਤੀ ਨਹੀਂ ਹੈ। ਇਹ ਇਕ ਤੁਛ ਚੀਜ਼ ਹੈ। ਇਸ ਲਈ ਅਕਾਲੀ ਲਹਿਰ ਤੇ ਉਸ ਦੇ ਪਿਛੋਂ ਵੀ ਝਬਾਲੀਆਂ ਨੇ ਗੁਰਦਵਾਰਿਆਂ ਦੀ ਚੰਗੀ ਸੇਵਾ ਕੀਤੀ। ੧੯੨੫ ਵਿਚ ਗੁਰਦਵਾਰਾ ਐਕਟ ਪਾਸ ਹੋਣ ਤੇ ਜੈਤੋ ਦਾ ਮੋਰਚਾ ਖਤਮ ਹੋ ਜਾਣ ਪਰ ਅਕਾਲੀ ਲਹਿਰ ਦਾ ਅੰਤ ਹੋ ਗਿਆ। ਉਸ ਤੋਂ ਬਾਅਦ ਝਬਾਲੀਆਂ ਨੇ ਦੇਸ਼ ਸੇਵਾ ਦਾ ਬੜਾ ਸ਼ਾਨਦਾਰ ਕੰਮ ਕੀਤਾ ਹੈ। ਕਾਂਗਰਸ ਦੇ ਹਰ ਮੋਰਚੇ ਵਿਚ ਸ਼ਾਮਲ ਹੋ ਕੇ ਕੁਰਬਾਨੀ ਕੀਤੀ।

੧੯੩੦ ਵਿਚ ਕਾਂਗਰਸ ਵਲੋਂ ਦੂਜੀ ਵੇਰ ਕੀਤੀ ਗਈ ਸਿਵਲ ਨਾਫੁਰਮਾਨੀ ਵਿਚ ਤਿੰਨਾਂ ਭਰਾਵਾਂ ਨੇ ਜੇਹਲ ਕਟੀ। ਅੰਮ੍ਰਿਤਸਰ ਵਿਚ ਸਿਵਲ ਨਾਫੁਰਮਾਨੀ ਦਾ ਕੇਂਦਰ ਜਲ੍ਹਿਆਂ ਵਾਲਾ ਬਾਗ਼ ਸੀ। ਉਸ ਦੇ ਪਹਿਲੇ ਡਿਕਟੇਟਰ ਡਾਕਟਰ ਕਿਚਲੂ, ਦੂਸਰੇ ਡਾਕਟਰ ਸਤਪਾਲ ਅਤੇ ਤੀਸਰੇ ਸਰਦਾਰ ਅਮਰ ਸਿੰਘ ਝਬਾਲ ਸਨ।

ਸ: ਅਮਰ ਸਿੰਘ ਤੇ ਸ: ਸਰਮੁਖ ਸਿੰਘ ਨੂੰ ਜਲ੍ਹਿਆਂ ਵਾਲੇ ਬਾਗ਼ ਵਿਚੋਂ ਗ੍ਰਿਫਤਾਰ ਕੀਤਾ ਗਿਆ। ਸ: ਜਸਵੰਤ ਸਿੰਘ ਨੂੰ ਸਮੁੰਦਰੀ ਤੋਂ ਫੜ ਕੇ ਲਿਆਂਦਾ ਗਿਆ। ਤਿੰਨਾਂ ਭਰਾਵਾਂ ਨੂੰ ਇਕ ਇਕ ਸਾਲ ਕੈਦ ਤੇ ਜੁਰਮਾਨੇ ਦੀ ਸਜ਼ਾ ਦਿਤੀ ਗਈ। ਜਦ ਪੁਲੀਸ ਜੁਰਮਾਨਾ ਵਸੂਲ ਕਰਨ ਲਈ ਤਿੰਨਾਂ ਭਰਾਵਾਂ ਦੇ ਘਰ ਦਾ ਸਮਾਨ ਕੁੜਕ ਕਰਨ ਲਈ ਝਬਾਲ ਗਈ, ਉਸ ਨੇ ਘਰਾਂ ਚੋਂ ਸਾਮਾਨ ਕਢਿਆ। ਨੀਲਾਮ ਕਰਨ ਦੀ ਕੋਸ਼ਸ਼ ਵੀ ਕੀਤੀ। ਪਰ ਕਿਸੇ ਨੇ ਉਸ ਦੀ ਬੋਲੀ ਨਾ ਦਿਤਾ। ਉਹ ਸਾਮਾਨ ਅੰਮ੍ਰਿਤਸਰ ਤਸੀਲ ਵਿਚ ਲਿਆ ਕੇ ਨੀਲਾਮ ਕੀਤਾ ਗਿਆ। ਉਸ ਵਕਤ ਲੋਕਾਂ ਵਿਚ ਬੜਾ ਹਿਤ ਸੀ। ਕਈ ਆਦਮੀਆਂ ਨੇ ਝਬਾਲੀਏ ਵੀਰਾਂ ਦੀ ਖੇਤੀ ਬਾੜੀ ਦੀ ਸੰਭਾਲ ਕੀਤੀ। ਇਕ ਬਾਬਾ ਕਾਲਾ ਸਿੰਘ ਸੋਢੀਆਂ ਨੇ ੫੦੦) ਰੁਪਏ ਮਾਮਲਾ ਤਾਰ ਦਿਤਾ।



Digitized by Panjab Digital Library | www.panjabdigilib.org

ਇਕ ਵੇਰ ਅੰਮ੍ਰਿਤਸਰ ਦੇ ਅੰਗਰੇਜ਼ ਡਿਪਟੀ ਕਮਿਸ਼ਨਰ ਨੇ ਫਜ਼ਲ ਇਲਾਹੀ ਤਸੀਲਦਾਰ ਨੂੰ ਸ: ਅਮਰ ਸਿੰਘ ਤੇ ਸ੍ਰਦਾਰ ਜਸਵੰਤ ਸਿੰਘ ਪਾਸ ਭੇਜਿਆ। ਉਸ ਨੇ ਦੋਹਾਂ ਨੂੰ ਕਿਹਾ-''ਜੇ ਤੁਸੀਂ ਕਾਂਗਰਸ ਤੇ ਆਜ਼ਾਦੀ ਦੀ ਲਹਿਰ ਵਿਚ ਹਿੱਸਾ ਲੈਣਾ ਛਡ ਦਿਉ, ਤਾਂ ਸ੍ਰਕਾਰ ਅੰਗਰੇਜ਼ੀ ਤੁਹਾਨੂੰ ਆਨਰੇਰੀ ਮਜਸਟਰੇਟੀ ਜਾਂ ਹੋਰ ਕੋਈ ਪਦਵੀ ਤੇ ਤੁਹਾਡੀ ਸੰਤਾਨ ਨੂੰ ਨੌਕਰੀਆਂ ਦੇਣ ਲਈ ਤਿਆਰ ਹੈ।''

ਝਬਾਲੀਏ ਵੀਰਾਂ ਨੇ ਇਹ ਗਲ ਮੰਨਣ ਤੋਂ ਇਨਕਾਰ ਕਰ ਦਿਤਾ। ਆਖਰੀ ਦਮ ਤੀਕ ਇਕ ਰਸ ਆਜ਼ਾਦੀ ਦੀ ਲੜਾਈ ਲੜਦੇ ਰਹੇ। ਕਿਸੇ ਪੁਤਰ ਨੂੰ ਉਨਾਂ ਨੇ ਅੰਗਰੇਜ ਦਾ ਨੌਕਰ ਨਹੀਂ ਕਰਵਾਇਆ। ਦੂਜੀ ਸਿਵਲ ਨਾ ਫੁਰਮਾਨੀ ਦੀ ਘਟਨਾ ਹੈ। ਪਿੰਡ ਡਰੂ, ਤਸੀਲ ਤਰਨ ਤਾਰਨ ਵਿਚ ਮਾਮਲਾ ਨਾ ਦੇਣ ਦਾ ਮੋਰਚਾ ਜਾਰੀ ਕੀਤਾ ਗਿਆ। ਅੰਗਰੇਜ਼ ਨੇ ਉਸ ਨੂੰ ਦਬਾਉਣ ਲਈ ਪੂਰੀ ਤਾਕਤ ਵਰਤਣੀ ਸੀ। ਸ: ਅਮਰ ਸਿੰਘ ਪਿੰਡ ਠਰੂ ਦਾ ਸਤਿਆਗ੍ਰਹਿ ਵੇਖਣ ਲਈ ਗਏ। ਪੁਲੀਸ ਨੂੰ ਇਸ ਦਾ ਪਤਾ ਲਗ ਗਿਆ।

ਸ: ਜੀ ਕੁਝ ਸਾਥੀਆਂ ਸਮੇਤ ਟਾਂਗੇ ਵਿਚ ਜਾ ਰਹੇ ਸਨ। ਨੂਰਦੀ ਸਰਾਂ ਦੇ ਲਾਗੇ ਅੰਗਰੇਜ਼ ਐਸ. ਪੀ. ਨੇ ਪੁਲੀਸ ਦਾ ਇਕ ਜਥਾ ਲੈ ਕੇ ਜਾ ਰੋਕਿਆ। ਸ੍ਰਦਾਰ ਜੀ ਨੇ ਟਾਂਗਾ ਖੜਾ ਕਰ ਲਿਆ। ਐਸ. ਪੀ. ਨੇ ਗੁਸੇ ਵਿਚ ਹੰਟਰ ਕਢ ਲਿਆ। ਕੋਲੋਂ ਥਾਣੇਦਾਰ ਨੇ ਕਿਹਾ:-''ਇਹ ਬਹੁਤ ਵੱਡੇ ਖਾਨਦਾਨ ਦੇ ਅਤੇ ਇਸ ਲਹਿਰ ਦੇ ਆਗੂ ਹਨ। ਇੰਨਾ ਨਾਲ ਚੰਗਾ ਵਰਤਾਉ ਕਰਨਾ ਚਾਹੀਦਾ ਹੈ।'' ਇਹ ਗਲ ਸੁਣ ਕੇ ਐਸ. ਪੀ. ਨੇ ਆਪਣਾ ਵਤੀਰਾ ਬਦਲ ਲਿਆ। ਕਹਿਣ ਲਗਾ ''ਸ੍ਰਦਾਰ ਜੀ ਮੈਨੂੰ ਕਦੀ ਕਦੀ ਕੋਠੀ ਆ ਕੇ ਮਿਲਿਆ ਕਰੋ।''



Digitized by Panjab Digital Library | www.panjabdigilib.org

ਉਨਾਂ ਉਤਰ ਦਿਤਾ–"ਸਾਡੇ ਕੋਠੀ ਆਉਣ ਦਾ ਕੀ ਕੰਮ ਹੈ। ਸਾਡੀ ਤੁਹਾਡੀ ਮੁਲਾਕਾਤ ਇਸੇ ਸੰਘਰਸ਼ ਵਿਚ ਹੋਣੀ ਹੈ। ਤੇਰਾ ਹੰਟਰ ਹੋਵੇ ਤੇ ਸਾਡੀ ਪਿਠ ਹੋਣੀ ਚਾਹੀਦੀ ਹੈ।" ਇਹ ਸੁਣ ਕੇ ਅੰਗਰੇਜ਼ ਐਸ. ਪੀ. ਸ਼ਰਮਿੰਦਾ ਹੋ ਕੇ ਚਲਾ ਗਿਆ।

ਅੰਮ੍ਰਿਤਸਰ ਵਿਚ ਵਧਾਊ ਵਾਲੀ ਗਲੀ (ਸਰਾਂ ਗੁਰੂ ਰਾਮਦਾਸ ਦੇ ਲਾਗੇ।) ਝਬਾਲੀਆਂ ਦਾ ਇਕ ਚੰਗਾ ਵਡਾ ਮਕਾਨ ਸੀ। ਇਕ ਵੇਰ ਸ: ਅਮਰ ਸਿੰਘ ਤੇ ਬਾਬੂ ਦਾਨ ਸਿੰਘ ਵਛੋਆ ਉਥੇ ਬੈਠੇ ਸਨ। ਅੰਗਰੇਜ਼ ਡੀ. ਐਸ. ਪੀ. ਪੁਲੀਸ ਲੈ ਕੇ ਉਥੇ ਪੁਜ ਗਿਆ। ਸ੍ਰਦਾਰ ਜੀ ਨੂੰ ਗ੍ਰਿਫਤਾਰ ਕਰਨਾਂ ਚਾਹੁੰਦੇ ਸਨ। ਉਸ ਨੇ ਇਕ ਸਿਪਾਹੀ ਭੇਜ ਕੇ ਉਨਾਂ ਨੂੰ ਕਿਹਾ ਕਿ ਤੁਹਾਡੇ ਵਾਰੰਟ ਗ੍ਰਿਫਤਾਰੀ ਹਨ। ਸ: ਅਮਰ ਸਿੰਘ ਨੇ ਬਾਰੀ ਵਿਚੋਂ ਥਲੇ ਵੇਖਿਆ ਤੇ ਬੜੇ ਰੋਹਬ ਨਾਲ ਕਿਹਾ:–"ਠਹਿਰੋ! ਗ੍ਰਿਫਤਾਰੀ ਲਈ ਆ ਜਾਂਦੇ ਹਾਂ। ਆਪਣਾ ਕੰਮ ਕਾਜ ਸੰਭਾਲ ਲਵੀਏ, ਕਹਿੰਦੇ ਹਨ ਡੀ. ਐਸ. ਪੀ. ਦੇ ਹਥੋਂ ਵਾਰੰਟ ਡਿਗ ਪਏ। ਸ੍ਰਦਾਰ ਜੀ ਨੇ ਸਾਰਾ ਕੰਮ ਕਾਜ ਸਮੇਟ ਕੇ ਥਲੇ ਆ ਗਏ। ਉਸ ਨਾਲ ਕੋਤਵਾਲੀ ਪੁਜ ਕੇ ਗ੍ਰਿਫਤਾਰੀ ਦਿਤੀ।

ਇਕ ਵੇਰ ਸ: ਜੀ ਪਿੰਡ ਡਿਆਲ ਭੜਿੰਗ ਤਸੀਲ ਅਜਨਾਲਾ ਵਿਚ ਆਪਣੀ ਜ਼ਮੀਨ ਵਿਚ ਖੇਤੀ ਬਾੜੀ ਦਾ ਕੰਮ ਕਰਵਾ ਰਹੇ ਸਨ। ਪੁਲੀਸ ਗ੍ਰਿਫਤਾਰੀ ਲਈ ਆ ਗਈ, ਅੰਗਰੇਜ਼ ਐਸ. ਪੀ. ਨੂੰ ਕਹਿਣ ਲਗੇ "ਅਸੀਂ ਭਗੌੜੇ ਨਹੀਂ ਹੋਣਾਂ। ਹਵੇਲੀ ਵਿਚ ਚਲੋ ਬੈਠੋ ਅਸੀਂ ਆ ਜਾਂਦੇ ਹਾਂ। ਕੰਮ ਤੋਂ ਵੇਹਲੇ ਹੋ ਕੇ ਇਸ਼ਨਾਨ ਕਰਕੇ ਭੋਜਨ ਕੀਤਾ ਤੇ ਗ੍ਰਿਫਤਾਰੀ ਦਿਤੀ।

ਕਹਿੰਦੇ ਹਨ ਥਾਣਾ ਰਮਦਾਸ ਦੇ ਥਾਣੇਦਾਰ ਨੇ ਡਿਆਲ ਭੜਿੰਗ ਦੇ ਇਕ ਘੁਮਿਆਰ ਕੋਲੋਂ ੪੦) ਵਢੀ ਲਈ। ਘੁਮਿਆਰ ਨੇ ਸ੍ਰਦਾਰ ਜੀ ਨੂੰ ਦਸਿਆ। ਉਸ ਨੂੰ ਨਾਲ ਲੈ ਕੇ ਥਾਣੇ ਗਏ ਤੇ



Digitized by Panjab Digital Library | www.panjabdigilib.org

ਚਾਲੀ ਰੁਪਏ ਥਾਣੇਦਾਰ ਤੋਂ ਵਾਪਸ ਕਰਵਾਏ।

ਸ: ਅਮਰ ਸਿੰਘ, ਸ਼ਰੋਮਣੀ ਕਮੇਟੀ, ਅਕਾਲੀ ਦਲ, ਸੰਟ੍ਰਲ ਸਿਖ ਲੀਗ ਦੇ ਮੁਖੀ ਹੋਣ ਦੇ ਨਾਲ ਪੰਜਾਬ ਕਾਂਗਰਸ ਵਿਚ ਵੀ ਬੜੀ ਪੋਜੀਸ਼ਨ ਰਖਦੇ ਸਨ। ੧੦ ਦਸੰਬਰ ੧੯੩੧ ਨੂੰ ਜ਼ਿਲਾ ਕਾਂਗਰਸ ਕਮੇਟੀ ਦੀ ਮੀਟਿੰਗ ਜਥੇਦਾਰ ਸੋਹਣ ਸਿੰਘ ਜਲਾਲ ਉਸਮਾ ਦੀ ਪ੍ਰਧਾਨਗੀ ਹੇਠ ਹੋਈ। ਉਸ ਵਿਚ ਸ੍ਰਦਾਰ ਜੀ ਜ਼ਿਲਾ ਕਾਂਗਰਸ ਕਮੇਟੀ ਦੇ ਪ੍ਰਧਾਨ ਚੁਣੇ ਗਏ। ਆਪ ਨੇ ਹੇਠ ਲਿਖੇ ਸਜਨਾਂ ਦੀ ਐਗਜ਼ੈਕਟਿਵ ਕਮੇਟੀ ਚੁਣੀ-ਪ੍ਰੋਫੈਸਰ ਛਬੀਲਦਾਸ, ਡਾ: ਸੈਫ਼ੁਦੀਨ ਕਿਚਲੂ, ਸਰਮੁਖ ਸਿੰਘ, ਦਲਜੀਤ ਸਿੰਘ ਭਾਗੋਵਾਲੀਆ, ਡਾ: ਬਾਵਾ ਦਤ, ਹਕੀਮ ਸਿਕੰਦਰ ਖਿਜ਼ਰ ਡਾਕਟਰ ਸੰਤ ਰਾਮ ਸੇਠ, ਸ: ਭਗਤ ਸਿੰਘ ਜਾਮਕੇ, ਮਾਸਟਰ ਪੂਰਨਾ ਨੰਦ, ਸੇਠ ਰਾਧਾ ਕਿਸ਼ਨ। ਉਸ ਵਕਤ ਮਾਸਟਰ ਤਾਰਾ ਸਿੰਘ ਜੀ ਵੀ ਕਾਂਗਰਸ ਵਿਚ ਸਨ। ਜ਼ਿਲਾ ਕਾਂਗਰਸ ਕਮੇਟੀ ਵਲੋਂ ਮਾਸਟਰ ਤਾਰਾ ਸਿੰਘ ਗਿ: ਗੁਰਮੁਖ ਸਿੰਘ ਮੁਸਾਫਰ, ਜਥੇਦਾਰ ਸੋਹਣ ਸਿੰਘ ਜਲਾਲ ਉਸਮਾ ਤੇ ਡਾਕਟਰ ਬਾਵਾ ਦਤ ਨੂੰ ਸੂਬਾ ਕਾਂਗਰਸ ਦਾ ਡੈਲੀਗੇਟ ਚੁਣ ਕੇ ਭੇਜਿਆ ਗਿਆ।

(ਅਕਾਲੀ ਪ੍ਰਦੇਸੀ ੧੩ ਦਸੰਬਰ ੧੯੩੧ ਪੰਨਾ ੭)

ਤਿੰਨੇ ਭਰਾ ਬੜੇ ਦੇਸ਼ ਭਗਤ ਤੇ ਦਿਲੋਂ ਕਾਂਗਰਸੀ ਸਨ। ਸ: ਸਰਮੁਖ ਸਿੰਘ ਨੇ ਸ: ਸਜਨ ਸਿੰਘ ਮਰਗਿੰਦ ਪੁਰੀ ਨਾਲ ਆਪਣੇ ਅੰਮ੍ਰਿਤਸਰ ਦੇ ਮਕਾਨ ਵਿਚ ਸਡਟੀ ਸਰਕਲ ਲਾਂਦੇ ਰਹੇ।

ਸ੍ਰਦਾਰ ਅਮਰ ਸਿੰਘ ੧੯੩੩-੩੬ ਵਿਚ ਗੁਰਦਵਾਰਾ ਕਮੇਟੀ ਤਰਨ ਤਾਰਨ ਦੇ ਪ੍ਰਧਾਨ ਰਹੇ। ਉਸ ਤੋਂ ਬਾਹਦ ਗੁਰਦਵਾਰਾ ਕਮੇਟੀ ਰਮਦਾਸ ਦੇ ਪ੍ਰਧਾਨ ਦੇ ਤੌਰ ਤੇ ਵੀ ਸੇਵ ਕੀਤੀ।

ਸ: ਜਸਵੰਤ ਸਿੰਘ ੧੯੩੩-੩੬ ਵਿਚ ਸ੍ਰੀ ਦਰਬਾਰ



Digitized by Panjab Digital Library | www.panjabdigilib.org

ਸਾਹਿਬ ਕਮੇਟੀ ਦੇ ਪ੍ਰਧਾਨ ਰਹੇ ਹਨ। ਤਿੰਨਾਂ ਭਰਾਵਾਂ ਚੋਂ ਸ੍ਰਦਾਰ ਅਮਰ ਸਿੰਘ ਬੜੇ ਸਿਧੇ ਸਾਦੇ, ਖਦਰ ਦਾ ਇਕ ਕੁੜਤਾ ਕਛਹਿਰਾ ਤੇ ਦਸਤਾਰ ਰਖਦੇ ਸਨ। ਮਨ ਤੇ ਬਚਨ ਦੇ ਬੜੇ ਸਪਸ਼ਟ ਸਨ। ਸ: ਸਰਮੁਖ ਸਿੰਘ ਬੜੇ ਸੰਜੀਦਾ ਤੇ ਅਸੂਲ ਪ੍ਰਸਤ ਸਨ। ਨਮੂਨੇ ਦੇ ਕਾਂਗਰਸੀ ਸਨ। ਬੋਲ ਤੋਲ ਦੇ ਬਹੁਤ ਪਕੇ ਸਨ। ਸ: ਜਸਵੰਤ ਸਿੰਘ ਰਾਜਸੀ ਠਾਟ ਦੇ ਸਨ। ਐਚਕਨ ਤੇ ਚੂੜੀਦਾਰ ਪਜਾਮਾਂ ਪਹਿਨਦੇ ਸਨ। ਗਲ ਬਾਤ ਬੜੀ ਬਾਰੋਹਬ ਕਰਦੇ ਸਨ। ਜਦ ਉਹ ਦਰਬਾਰ ਸਾਹਿਬ ਕਮੇਟੀ ਦੇ ਪ੍ਰਧਾਨ ਸਨ, ਸਟਾਫ ਦਾ ਕੋਈ ਆਦਮੀ ਕਿਸੇ ਨਿਯਮ, ਆਰਡਰ ਦੀ ਉਲੰਘਣਾ ਜਾਂ ਖਰਾਬੀ ਕਰਨ ਦੀ ਜੁਰਅਤ ਨਹੀਂ ਸੀ ਕਰ ਸਕਦਾ।

ਕਹਿੰਦੇ ਹਨ ਇਕ ਵੇਰ ਕਿਸੇ ਬਾਹਰਲੇ ਦੇਸ਼ ਵਿਚੋਂ ਕਿਸੇ ਚੰਗੇ ਸ੍ਰਦਾਰ ਦੀ ਲੜਕੀ ਸ੍ਰੀ ਦਰਬਾਰ ਸਾਹਿਬ ਆਈ। ਉਸ ਦੇ ਦਿਮਾਗ਼ ਵਿਚ ਕੁਝ ਖਰਾਬੀ ਸੀ। ਸ੍ਰਦਾਰ ਜੀ ਨੇ ਸੇਵਾਦਾਰ ਭੇਜ ਕੇ ਉਸ ਨੂੰ ਦਫਤ੍ਰ ਸਦਿਆ। ਮੈਂਟਲ ਹਸਪਤਾਲ ਭੇਜ ਕੇ ਉਸ ਦਾ ਇਲਾਜ ਕਰਵਾਇਆ। ਰਾਜ਼ੀ ਹੋਣ ਪਰ ਉਸ ਨੂੰ ਆਪਣੇ ਘਰ ਭੇਜ ਦਿਤਾ। ਸ੍ਰਦਾਰ ਜੀ ਦੇ ਇਕ ਸਾਥੀ ਨੇ ਦਸਿਆ ਹੈ ਕਿ ਉਹ ਕਿਸੇ ਨੂੰ ਗਾਹਲ ਨਹੀਂ ਕਢਦੇ ਸਨ। ਸਾਥੀਆਂ ਨੂੰ ਕਹਿੰਦੇ ਸਨ–"ਜੇ ਮੈਂ ਕਿਸੇ ਨੂੰ ਗਾਹਲ ਕਢਾਂ ਤੁਸੀਂ ਮੈਨੂੰ ਦੰਡ ਲਾਉਣਾ।"

੧੯੩੨ ਵਿਚ ਜਦ ਸ੍ਰਦਾਰ ਖੜਕ ਸਿੰਘ ਜੀ ਨੇ ਮਾਸਟਰ ਤਾਰਾ ਸਿੰਘ ਜੀ ਨਾਲ ਨਾਰਾਜ਼ ਹੋ ਕੇ ਸੰਟ੍ਰਲ ਅਕਾਲੀ ਦਲ ਕਾਇਮ ਕੀਤਾ, ਉਸ ਵਕਤ ਸ੍ਰਦਾਰ ਅਮਰ ਸਿਘ ਮਾਸਟਰ ਤਾਰਾ ਸਿੰਘ ਨਾਲ ਤੇ ਸ: ਜਸਵੰਤ ਸਿੰਘ ਸ: ਖੜਕ ਸਿੰਘ ਨਾਲ ਸਨ। ਸਰਦਾਰ ਖੜਕ ਸਿੰਘ ਜੀ ਨੇ ਸ੍ਰੀ ਨਨਕਾਣੇ ਸਾਹਿਬ ਵਿਚ ਸੰਟ੍ਰਲ ਅਕਾਲੀ ਦਲ ਦੀ ਇਕ ਕਾਨਫਰੰਸ ਕੀਤੀ। ਉਸ ਵਿਚ ਸ:



Digitized by Panjab Digital Library | www.panjabdigilib.org

ਜੀ ਸ੍ਰੀ ਦਰਬਾਰ ਸਾਹਿਬ ਕਮੇਟੀ ਦੇ ਕੁਝ ਆਦਮੀ ਲੈ ਕੇ ਗਏ। ਉਨ੍ਹਾਂ ਦੇ ਵਿਰੁਧ ਗੁਰਦਵਾਰਾ ਜੁਡੀਸ਼ਲ ਕਮੀਸ਼ਨ ਵਿਚ ਮੁਕਦਮਾ ਕੀਤਾ ਗਿਆ। ਜਿਸ ਪਰ ਉਹ ਪ੍ਰਧਾਨਗੀ ਤੋਂ ਹਟਾਏ ਗਏ। ਲੇਕਿਨ ਉਹਨਾਂ ਨੇ ਬੜੇ ਰੋਹਬ ਤੋਂ ਦਿਆਨਤਦਾਰੀ ਨਾਲ ਗੁਰਦਵਾਰਿਆਂ ਦੀ ਸੇਵਾ ਕੀਤੀ।

ਜੁਲਾਈ ੧੯੨੨ ਵਿਚ ਜਦ ਸ੍ਰਦਾਰ ਖੜਕ ਸਿੰਘ ਜੀ ਪ੍ਰਧਾਨ ਸ਼ਰੋਮਣੀ ਕਮੇਟੀ ਗ੍ਰਿਫਤਾਰ ਕੀਤੇ ਗਏ, ਉਹਨਾਂ ਨੂੰ ਪੰਜ ਸਾਲ ਲਈ ਕੈਦ ਕੀਤਾ ਗਿਆ। ਉਹਨਾਂ ਦੇ ਬਾਅਦ ਸ੍ਰ: ਬ: ਮਹਿਤਾਬ ਸਿੰਘ ਜੀ ਸ਼ਰੋਮਣੀ ਕਮੇਟੀ ਦੇ ਪ੍ਰਧਾਨ ਅਤੇ ਸ੍ਰ: ਅਮਰ ਸਿੰਘ ਝਬਾਲ ਮੀਤ ਪ੍ਰਧਾਨ ਚੁਣੇ ਗਏ। ਉਹਨਾਂ ਨੇ ਬੜੇ ਨਾਜ਼ਕ ਵਕਤ ਵਿਚ ਸ਼ਰੋਮਣੀ ਕਮੇਟੀ ਦੀ ਬੜੀ ਸਿਆਣਪ ਤੇ ਦ੍ਰਿੜ੍ਹਤਾ ਨਾਲ ਸੇਵਾ ਕੀਤੀ।

ਪਿਛੇ ਦਸ ਆਏ ਹਾਂ ਕਿ ਗੁਰਦਵਾਰਾ ਐਕਟ ਦੇ ਬਾਹਦ ਸ੍ਰ: ਜੀ ਗੁ: ਕਮੇਟੀ ਤਰਨ ਤਾਰਨ ਤੇ ਰਮਦਾਸ ਦੇ ਵੀ ਪ੍ਰਧਾਨ ਰਹੇ। ਉਹ ਕਹਿੰਦੇ ਸਨ :–

"ਅਸੀਂ ਗੁਰਦਵਾਰੇ ਤਾਂ ਮਹੰਤਾ ਕੋਲੋਂ ਅਜ਼ਾਦ ਕਰਵਾ ਲਏ ਹਨ। ਹੁਣ ਵਡਾ ਗੁਰਦਵਾਰਾ ਦੇਸ਼ ਵਿਦੇਸ਼ੀ ਗੁਲਾਮੀ ਤੋਂ ਸੁਤੰਤਰ ਕਰਵਾਉਣਾ ਹੈ।" ਇਸ ਕੰਮ ਲਈ ਉਹਨਾਂ ਨੇ ਬੜੀ ਲਗਨ ਨਾਲ ਕੰਮ ਕੀਤਾ।

ਇਕ ਵੇਰ ਰਮਦਾਸ ਵਿਚ ਤਲਾ ਦੇ ਕੰਢੇ ਡੇਰਾ ਪਾਉਣ ਤੇ ਜੰਤਰ ਮੰਤਰ ਕਰਨ ਵਾਲੇ ਸਾਧ ਜਸਵੰਤ ਸਿੰਘ ਨੇ ਸ੍ਰ: ਅਮਰ ਸਿੰਘ ਨੂੰ ਕਿਹਾ–"ਮੈਨੂੰ ਡੇਰੇ ਲਈ ਗੁਰਦੁਵਾਰੇ ਦੀ ਕੁਝ ਜਮੀਨ ਦੇ ਦਿਉ।" ਉਸ ਨੇ ਇਲਾਕੇ ਦੇ ਇਕ ਦੋ ਮੁਖੀਆਂ ਦੀਆਂ ਸਿਫਾਰਸ਼ਾਂ ਵੀ ਪੁਆਈਆਂ।

ਸ੍ਰ: ਅਮਰ ਸਿੰਘ ਨੇ ਉਤਰ ਦਿਤਾ—'ਮੈਂ ਗੁਰਦਵਾਰਾ ਕਮੇਟੀ ਰਮਦਾਸ ਦੇ ਪ੍ਰਧਾਨ ਦੀ ਹੈਸੀਅਤ ਗੁਰਦਵਾਰੇ ਦੀ ਕੋਈ



Digitized by Panjab Digital Library | www.panjabdigilib.org

ਜ਼ਮੀਨ ਕਿਸੇ ਵਿਅਕਤੀ ਨੂੰ ਨਹੀਂ ਦੇ ਸਕਦਾ।"

੧੯੪੫ ਵਿਚ ਸ: ਅਮਰ ਸਿੰਘ ਲਾਇਲਪੁਰ ਦੇ ਇਲਾਕੇ ਚੋਂ ਕਾਂਗਰਸ ਟਿਕਟ ਪਰ ਪੰਜਾਬ ਅਸੈਂਬਲੀ ਲਈ ਗਿਆਨੀ ਕਰਤਾਰ ਸਿੰਘ ਦੇ ਮੁਕਾਬਲੇ ਪਰ ਖੜੇ ਹੋਏ। ਪਰ ਗਿਆਨੀ ਜੀ ਬਹੁਤ ਨੀਤੀਵਾਨ ਤੇ ਹੁਸ਼ਿਆਰ ਸਨ। ਇਸ ਲਈ ਉਹ ਚੋਣ ਵਿਚ ਜਿੱਤ ਗਏ।

ਸ: ਅਮਰ ਸਿੰਘ ਦੇ ਇਕ ਮਿਤਰ ਸ: ਉਜਾਗਰ ਸਿੰਘ ਝਬਾਲ ਨੇ ਦਸਿਆ ਕਿ ਉਹਨਾਂ ਨੇ ਚੋਣ ਲਈ ਕੁਝ ਰੁਪਿਆ ਸ: ਅਮਰ ਸਿੰਘ ਨੂੰ ਦਿਤਾ। ਕੁਝ ਚਿਰ ਬਾਅਦ ਉਹਨਾਂ ਨੇ ਰੁਪਿਆ ਮੋੜ ਦਿਤਾ। ਸ: ਉਜਾਗਰ ਸਿੰਘ ਨੇ ਕਿਹਾ—"ਸ: ਜੀ ਮੈਂ ਆਪ ਨੂੰ ਇਹ ਰੁਪਿਆ ਮੋੜਨ ਵਾਸਤੇ ਨਹੀਂ ਸੀ ਦਿਤਾ," ਸ: ਅਮਰ ਸਿੰਘ ਨੇਕਿਹਾ—"ਜਦ ਮੇਰੇ ਪਾਸ ਮੋੜਨ ਲਈ ਰੁਪਿਆਹੈ,ਤਾਂ ਕਿਉਂ ਨਾ ਮੋੜਾਂ ? ਧੰਨਵਾਦ ਸਹਿਤ ਵਾਪਸ ਕਰਦਾ ਹਾਂ।

ਝਬਾਲੀਏ ਵੀਰ ਸਮਾਜ ਸੁਧਾਰਕ ਵਿਚਾਰਾਂ ਦੇ ਸਨ। ਸ: ਅਮਰ ਸਿੰਘ ਨੇ ਆਪਣੀ ਲੜਕੀ ਦੀ ਸ਼ਾਦੀ ਬੜੀ ਸਾਦਗੀ ਤੇ ਗੁਰਮਤਿ ਅਨੁਸਾਰ ਕੀਤੀ। ਆਪਣੇ ਪ੍ਰਾਹੁਣੇਨੂੰ ਕਿਹਾ ਕਿਸਾਡੇ ਘਰ ਆਕੇ ਸ਼ਰਾਬ ਨਹੀਂ ਪੀਣੀ। ਜਿਸ ਪਰ ਉਹ ਕੁਝ ਨਰਾਜ਼ ਵੀ ਹੋਇਆ। ਲੇਕਨ ਸ੍ਰਦਾਰ ਜੀ ਨੇ ਉਸ ਦੀ ਪਾਬੰਦੀ ਕੀਤੀ।

ਸ੍ਰਦਾਰ ਅਮਰ ਸਿੰਘ ਇਕ ਵੇਰ ਆਪਨੇ ਮਿਤਰ ਸ: ਉਜਾਗਰ ਸਿੰਘਝਬਾਲ ਦੇ ਪੁਤਰ ਦੀ ਜੰਞ ਨਾਲ ਗਏ। ਉਹਨਾਂ ਨੇ ਸੇਟ ਕਰਨ ਦੀ ਕੋਸ਼ਸ਼ ਕੀਤੀ। ਸ: ਅਮਰ ਸਿਘ ਨੇ ਕਿਹਾ ਜੇ ਮੇਰੇ ਹੁੰਦਿਆਂ ਤੁਸੀਂ ਇਹ ਗਲ ਕਰਨੀਹੈ ਤਾਂ ਮੈਂ ਨਹੀਂ ਸ਼ਾਮਲ ਹੋਣਾ।

ਸ: ਸਰਮੁਖ ਸਿੰਘ ਬਹੁਤ ਹੀ ਸਾਦੇ ਤੇ ਦਿਆਨਤਦਾਰ ਸਨ। ਖਦਰ ਪਹਿਨਦੇ ਸਨ। ਸ: ਅਮਰ ਸਿੰਘ ਵੀ ਬੜੇ ਸਾਦੇ ਸਨ। ਸ: ਸਰਮੁਖ ਸਿੰਘ ਦੇ ਪੁਤਰ ਸ: ਪ੍ਰਤਾਪ ਸਿੰਘ ਕਰਨਾਲ ਵਿਚ ਫਾਰਮਰ ਹਨ। ਸ: ਅਮਰ ਸਿੰਘ ਦੇ ਸਪੁਤਰ ਡਾਕਟਰ



Digitized by Panjab Digital Library | www.panjabdigilib.org

ਉਪਕਾਰ ਸਿੰਘ ਐਮ. ਬੀ.ਬੀ.ਐਸ. ਹਨ। ਪਰਉਹਨਾਂ ਨੇ ਡਾਕਟਰੀ ਦੀ ਪਰੈਕਟਸ ਨਹੀ ਕੀਤੀ।ਸ:ਉਪਕਾਰ ਸਿੰਘ ਦੇ ਘਰੋਂ ਡਾਕਟਰ ਪ੍ਰਕਾਸ ਕੌਰ ਵੀ ਐਮ. ਬੀ. ਬੀ. ਐਸ. ਹਨ। ਅਜ਼ਾਦੀ ਦੇ ਬਾਹਦ ਝਬਾਲੀਏ ਵੀਰਾਂ ਦੇ ਸਤਕਾਰ ਕਰਕੇ ਡਾਕਟਰ ਪ੍ਰਕਾਸ਼ ਕੌਰ ਆਪਣੇ ਇਲਾਕੇ ਚੋਂ ਦੋ ਵੈਰ ੧੯੫੨-੫੬ ਵਿਚ ਕਾਂਗਰਸ ਟਿਕਟ ਪਰ ਐਮ. ਐਲ. ਏ. ਚੁਣੇ ਗਏ। ਸ: ਪ੍ਰਤਾਪ ਸਿੰਘ ਕੈਰੋਂ ਦੇ ਸਮੇਂ ਮਨਿਸਟਰ ਵੀ ਰਹੇ ਹਨ।

ਸ: ਜਸਵੰਤ ਸਿੰਘ ਦੇ ਲੜਕੇ ਸ: ਗੁਰਦੀਪ ਸਿੰਘ ਇਥੇ ਹੀ ਹਨ। ਦੋ ਲੜਕੇ ਕੈਨੇਡਾ ਵਿਚ ਹਨ।

ਸ: ਸਰਮੁਖ ਸਿੰਘ ਦੇ ਦੇਹਾਂਤ ੧੯੫੬ ਵਿਚ ਹੋਇਆ ਸ: ਅਮਰ ਸਿੰਘਦਾ ੨੮ ਮਾਰਚ ੧੯੬੨ਨੂੰ ਹੋਇਆ। ਸ:ਜਸਵੰਤ ਸ਼ਿੰਘ ਉਹਨਾਂ ਤੋਂ ਪਿਛੋਂ ਗੁਜ਼ਰੇ ਹਨ। ਪਰ ਇਹ ਵੀਰ ਆਪਣੇ ਪਿਛੇ ਕੌਮੀ ਤੇ ਦੇਸ਼ ਸੇਵਾ ਦਾ ਸ਼ਾਨਦਾਰ ਰੀਕਾਰਡ ਛਡ ਗਏ ਹਨ। ਉਹਨਾਂ ਦਾ ਨਾਮ ਗੁਰਦਵਾਰਾ ਸੁਧਾਰ ਲਹਿਰ ਤੇ ਆਜ਼ਾਦੀ ਦੇ ਇਤਿਹਾਸ ਵਿਚ ਸਦੀਵ ਚਮਕਦਾ ਰਹੇਗਾ। ਇਨਸਾਨ ਕਦੀ ਜ਼ਿੰਦਾ ਨਹੀਂ ਰਹਿੰਦੇ। ਉਹਨਾਂ ਦੇ ਕੰਮ ਚੇਤੇ ਰਹਿ ਜਾਂਦੇ ਹਨ।



Digitized by Panjab Digital Library | www.panjabdigilib.org

# ੬

# ਭਾਈ ਕਰਤਾਰ ਸਿੰਘ ਝਬਰ

ਅੰਗਰੇਜ਼ ਤੋਂ ਸ੍ਰੀ ਨਨਕਾਣੇ ਸਾਹਿਬ ਦੀਆਂ ਚਾਬੀਆਂ ਲੈਣ ਵਾਲਾ

ਜਿਸਨੇ ਵਿਰਕ ਤਪੇ ਅਤੇ ਸ਼ੇਖੂਪੁਰੇ ਦੀ ਬਾਰ ਵਿਚ ਸਿੰਘ ਸਭਾ ਲਹਿਰ ਦੇ ਪ੍ਰਸਿਧ ਪ੍ਰਚਾਰਕ ਭਾਈ ਮੂਲ ਸਿੰਘ ਗਰਮੂਲੇ ਤੋਂ ਅੰਮ੍ਰਿਤਪਾਨ ਕੀਤਾ, ਖ਼ਾਲਸਾ ਉਪਦੇਸ਼ਕ ਵਿਦਿਆਲਾ ਗੁਜਰਾਂ ਵਾਲੇ ਵਿਚ ਵਿਦਿਆ ਪ੍ਰਾਪਤ ਕੀਤੀ ਤੇ ਪ੍ਰਚਾਰ ਦਾ ਕੰਮ ਕੀਤਾ ੧੯੧੯ ਵਿਚ ਜਿਸ ਨੂੰ ਮਾਰਸ਼ਲ ਲਾਅ ਦੇ ਸਮੇਂ ਕਾਲੇ ਪਾਣੀ ਦੀ ਸਜ਼ਾ ਹੋਈ, ਸ੍ਰੀ ਨਨਕਾਣੇ ਦੇ ਸਾਕੇ ਸਮੇਂ ਜਿਸ ਨੇ ਮਿ: ਕਿੰਗ ਕਮਿਸ਼ਨਰ ਲਾਹੌਰ ਤੋਂ ਗੁਰਦਵਾਰੇ ਦੀਆਂ ਚਾਬੀਆਂ ਸ਼ਰੋਮਣੀ ਕਮੇਟੀ ਨੂੰ ਦੇਣ ਲਈ ਮਜ਼ਬੂਰ ਕੀਤਾ, ਹੋਰ ਕਈ ਗੁਰਦਵਾਰਿਆਂ ਨੂੰ ਪੰਥਕ ਪ੍ਰਬੰਧ ਵਿਚ ਲਿਆਂਦਾ, ਗੁਰਦਵਾਰਾ ਸੁਧਾਰ ਲਹਿਰ ਵਿਚ ਜਿਸ ਦਾ ਬਹੁਤ ਰੋਹਬ ਸੀ, ਗੁਰਦਵਾਰਿਆਂ ਦੇ ਪੁਜਾਰੀ ਤੇ ਸਰਕਾਰੀ ਅਫਸਰ ਜਿਸ ਤੋਂ ਤ੍ਰਬਕਦੇ ਸਨ, ਉਸ ਆਗੂ ਦਾ ਨਾਂ ਭਾਈ ਕਰਤਾਰ ਸਿੰਘ ਝਬਰ ਹੈ । ਉਸ ਦਾ ਜੀਵਨ ਅਸੀਂ ਪਾਠਕਾਂ ਦੀ ਸੇਵਾ ਵਿਚ ਪੇਸ਼ ਕਰਦੇ ਹਾਂ ।

ਸਨ ੧੮੭੪ 'ਚ ਭਾਈ ਕਰਤਾਰ ਸਿੰਘਦਾ ਜਨਮ ਪਿੰਡ ਝਬਰ ਜ਼ਿਲਾਸ਼ੇਖੂਪੁਰਾ ਵਿਚ ਸ: ਤੇਜਾ ਸਿੰਘ ਦੇ ਘਰ ਹੋਇਆ । ਬਚਪਨ ਵਿਚ ਗੁਰਦਵਾਰੇ ਵਿਚਗੁਰਮੁਖੀ ਪੜ੍ਹੀ। ਪ੍ਰਾਇਮਰੀ ਤੀਕ ਵਿਦਿਆ ਪ੍ਰਾਪਤ ਕੀਤੀ ।

ਝਬਰ ਦੇ ਦਾਦਾ ਸ: ਮੰਗਲ ਸਿੰਘ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਵਿਚ ਸਰਦਾਰ ਸਨ ।



Digitized by Panjab Digital Library | www.panjabdigilib.org

ਭਾਈ ਕਰਤਾਰ ਸਿੰਘ ਬਹੁਤ ਸੁੰਦਰ ਤੇ ਸਡੌਲ ਜੁਆਨ ਨਿਕਲੇ। ਉਹਨਾਂ ਦੀ ਸ਼ਾਦੀ ਪਿੰਡ ਬੁਟਰ ਜ਼ਿਲਾ ਸ਼ਖੂਪੂਰਾ ਵਿਚ ਹੋਈ। ਤਿੰਨ ਲੜਕੇ ਤੇ ਇਕ ਲੜਕੀ ਹੋਈ। ਸ਼ੁਰੂ ਵਿਚ ਪਿਤਾ ਪੁਰਖੀ ਕੰਮ ਖੇਤੀ ਬਾੜੀ ਕਰਦੇ ਸਨ। ਕਬੱਡੀ, ਰੱਸਾ ਕਸੀ ਤੇ ਹੋਰ ਖੇਡਾਂ ਦੇ ਸ਼ੌਕੀਨ ਸਨ। ਤੀਹ ਸਾਲ ਦੀ ਉਮਰਵਿਚ ਭਾਈ ਮੂਲ ਸਿੰਘ ਗਰਮੂਲਾ ਦਾ ਪ੍ਰਚਾਰ ਸੁਣ ਕੇ ਅੰਮ੍ਰਿਤ ਛਕਣ ਨੂੰ ਤਿਆਰ ਹੋਏ। ਉਸ ਵਕਤ ਘਟਨਾ ਇਹ ਹੋਈ ਕਿ ਪਿੰਡ ਕੋਟਲੀ ਦਾਸੂ ਵਿਚ ਇਕ ਦੀਵਾਨ ਹੋਇਆ। ਉਸ ਵਿਚ ਭਾਈ ਮੂਲ ਸਿੰਘ ਨੇ ਇਕ ਸ: ਗੰਡਾ ਸਿੰਘ ਦੀ ਮੁਸਲਮਾਨ ਪਤਨੀ ਨੂੰ ਅੰਮ੍ਰਿਤ ਛਕਾ ਕੇ ਸਿੰਘਣੀ ਸਜਾਉਣਾ ਸੀ। ਦੀਵਾਨ ਵਿਚ ਭਾਈ ਸਾਹਿਬ ਪ੍ਰਚਾਰ ਕਰ ਰਹੇ ਸਨ। ਭਾਈ ਮੂਲ ਸਿੰਘ ਗੁਜਰਾਂ ਵਾਲਾ ਤੇ ਭਾਈ ਤਖਤ ਸਿੰਘਫ਼ੀਰੋਜ਼ਪੁਰ ਵੀ ਮੌਜੂਦ ਸਨ। ਪੰਜਾਹ ਸਠ ਮੁਸਲਮਾਨ ਦੀਵਾਨ ਵਿਚ ਆ ਗਏ। ਉਹ ਮੁਸਲਮਾਨੀ ਨੂੰ ਸਿੰਘਣੀ ਸਜਾਉਣ ਵਿਚ ਰੋਕ ਪਾਉਣੀ ਚਾਹੁੰਦੇ ਸਨ।

ਦੀਵਾਨਵਿਚੋਂ ਭਾਈ ਕਰਤਾਰ ਸਿੰਘ ਨੇ ਉਠਕੇ ਡਾਂਗ ਨਾਲ ਪੰਦਰਾਂ ਸੋਲਾਂ ਮੁਸਲਮਾਨਾਂ ਨੂੰ ਕੁਟ ਸੁਟਿਆ। ਬਾਕੀ ਡਰਦੇ ਮਾਰੇ ਨਠ ਗਏ। ਭਾਈ ਮੂਲ ਸਿੰਘ ਝਬਰ ਦੀ ਇਹ ਸਪਿਰਟ ਵੇਖ ਕੇ ਬੜੇ ਪ੍ਰਸੰਨ ਹੋਏ। ਉਹਨਾਂ ਨੇ ਆਪੂ ਨੂੰ ਅੰਮ੍ਰਿਤ ਛਕਾਇਆ ਤੇ ਪ੍ਰਚਾਰਕ ਬਣਨ ਦੀ ਪ੍ਰੇਰਨਾ ਕੀਤੀ।

---

ਭਾਈ ਮੂਲ ਸਿੰਘ ਸਭਾ ਦੇ ਮਹਾਨ ਪ੍ਰਚਾਰਕ, ਮੁਬਾਹਿਸਤੇ ਕਵੀ ਸਨ। ਹਿਕਮਤ ਵੀ ਕਰਦੇ ਸਨ। ਗਰਮੂਲਾ ਜ਼ਿਲਾ ਸ਼ੇਖੂ ਪੂਰਾ ਦੇ ਜ਼ੈਲਦਾਰ ਸਨ। ਉਹਨਾਂ ਨੇ ਕਵਿਤਾ ਵਿਚ ਕਈ ਗਰੰਥ ਲਿਖੇ ਹਨ। 'ਤਿਬ ਮੂਲ' ਹਿਕਮਤ ਦਾ ਗਰੰਥਲਿਖਿਆ ਹੈ।ਅਸੀਂ ਉਹਨਾਂ ਦੇ ਦਰਸ਼ਨ ਕੀਤੇ ਹਨ। ਪ੍ਰਚਾਰ ਵੀ ਸੁਣਿਆ ਹੈ। ਭਾਈ ਸਾਹਿਬ ੧੦੧ ਸਾਲ ਦੀ ਉਮਰ ਵਿਚ ੧੯੩੫ ਵਿਚਗੁਜ਼ਰੇ ਹਨ।



Digitized by Panjab Digital Library | www.panjabdigilib.org

ਭਾਈ ਕਰਤਾਰ ਸਿੰਘ ਵਿਦਿਆ ਪੜ੍ਹਨ ਲਈ ਖਾਲਸਾ ਉਪਦੇਸ਼ਕ ਵਿਦਿਆਲਾ ਘਰਜਾਖ (ਗੁਜਰਾਂ ਵਾਲਾ) ਵਿਚ ਦਾਖਲ ਹੋ ਗਏ। ਉਥੇ ਤਿੰਨ ਸਾਲ ਵਿਦਿਆ ਪ੍ਰਾਪਤ ਕੀਤੀ। ਚੰਗੇ ਪ੍ਰਚਾਰਕ ਤੇ ਮੁਬਾਹਿਸ ਬਣ ਗਏ।

ਲਾਹੌਰ ਵਿਚ ਪ੍ਰਚਾਰ—

ਵਿਦਿਆ ਪ੍ਰਾਪਤ ਕਰਨ ਦੇ ਬਾਹਦ ੧੯੧੦ ਵਿਚ ਭਾਈ ਕਰਤਾਰ ਸਿੰਘ ਨੇ ਲਾਹੌਰ ਵਿਚ ਰਿਹਾਇਸ਼ ਕਰ ਲਈ। ਜਿਲੇ ਦੇ ਪਿੰਡਾਂ ਵਿਚ ਪ੍ਰਚਾਰ ਸ਼ੁਰੂ ਕਰ ਦਿਤਾ। ਸ਼ਹਿਰ ਵਿਚ ਵੀ ਲੈਕਚਰ ਦਿੰਦੇ ਸਨ। ਗੁਰਦਵਾਰਿਆਂ ਦੇ ਸੁਧਾਰ ਲਈ ਸੰਗਤਾਂ ਨੂੰ ਪ੍ਰੇਰਨਾ ਕਰਦੇ ਸਨ। ਸਿੰਘ ਸਭਾ ਲਾਹੌਰ ਆਪ ਦੀ ਮਦਦ ਕਰਦੀ ਸੀ। ਜਿਸ ਦੇ ਮੁਖੀ ਸ: ਬਲਦੇਵ ਸਿੰਘ ਸਨ।

ਸੱਚਾ ਸੌਦਾ ਸਕੂਲ—

ਸਿੰਘ ਸਭਾ ਦੇ ਪ੍ਰਚਾਰ ਦਾ ਇਕ ਅੰਗ ਵਿਦਿਅਕ ਉਨਤੀ ਵੀ ਸੀ। ਭਾਈ ਮੂਲ ਸਿੰਘ ਗਰਮੂਲਾ ਦੇ ਉਦਮ ਨਾਲ ਸਨ ੧੯੧੩ ਵਿਚ ਗੁਰਦਵਾਰਾ ਸਚਾ ਸੌਦਾ ਚੂਹੜਕਾਣਾ ਵਿਚ ਪ੍ਰਾਇਮਰੀ ਸਕੂਲ ਜਾਰੀ ਕੀਤਾ ਗਿਆ ਸੀ।

੧੯੧੭ ਵਿਚ ਭਾਈ ਕਰਤਾਰ ਸਿੰਘ ਦੇ ਜਤਨ ਸਾਲ ਉਹ ਮਿਡਲ ਬਣ ਗਿਆ। ਬਾਹਦ ਵਿਚ ਹਾਈ ਹੋਇਆ।

ਅਜ਼ਾਦੀ ਦੀ ਲਹਿਰ ਵਿਚ—

੧੯੧੮ ਵਿਚ ਪਹਿਲੀ ਜੰਗ ਖਤਮ ਹੋਈ। ਉਸ ਦੇ ਬਾਅਦ ਲੋਕਾਂ ਨੂੰ ਆਸ ਸੀ ਕਿ ਸਾਨੂੰ ਕੁਝ ਅਜ਼ਾਦੀ ਮਿਲੇਗੀ। ਪਰ ਅੰਗਰੇਜ਼ਾਂ ਨੇ ਸ਼ਿਕੰਜਾ ਕਸਣ ਲਈ ੧੯੧੯ ਵਿਚ ਰੋਲਟ ਐਕਟ ਪਾਸ ਕਰਨਾ ਚਾਹਿਆ। ਜਿਸ ਦੇ ਵਿਰੁਧ ਮਹਾਤਮਾਂ ਗਾਂਧੀ ਤੇ ਇੰਡੀਅਨ ਨੈਸ਼ਨਲ ਕਾਂਗਰਸ ਨੇ ਜ਼ੋਰ ਦਾਰ ਅੰਦੋਲਨ



Digitized by Panjab Digital Library | www.panjabdigilib.org

ਕੀਤਾ। ੯ ਅਪਰੈਲ ਨੂੰ ਰਾਮ ਨੌਮੀ ਸੀ।

ਉਸ ਦਿਨ ਤੇ ੧੧ ਅਪਰੈਲ ੧੯੧੯ ਨੂੰ ਲਾਹੌਰ ਵਿਚੀ ਸ਼ਾਹੀ ਮਸਜਿਦ ਵਿਚ ਰੌਲਟ ਐਕਟ ਵਿਰੁਧ ਜਲਸਾ ਤੇ ਹੜਤਾਲ ਹੋਈ। ਉਸ ਵਿਚ ਲਾਲਾ ਹਰਿ ਕਿਸ਼ਨ ਲਾਲ, ਚੌਧਰੀ ਰਾਮ ਭਜ ਦਤ, ਡਾਕਟਰ ਕਿਚਲੂ ਤੇ ਗੋਕਲ ਚੰਦ ਨਰੰਗ ਤੇ ਮਾਸਟਰ ਮੋਤਾ ਸਿੰਘ ਨੇ ਜਬਰਦਸਤ ਤਕਰੀਰਾਂ ਕੀਤੀਆਂ। ਲੋਕਾਂ ਨੂੰ ਹੜਤਾਲ ਦੀ ਪ੍ਰੇਰਨਾ ਕੀਤੀ।

ਭਾਈ ਕਰਤਾਰ ਸਿੰਘ ਉਸ ਲਹਿਰ ਵਿਚ ਸ਼ਾਮਲ ਹੋ ਗਏ। ਕਿਸੇ ਨੇ ਅੰਗਰੇਜ ਡਿਪਟੀ ਕਮਿਸ਼ਨਰ ਨੂੰ ਪੱਥਰ ਮਾਰਿਆ। ਇਕ ਮੁਸਲਮਾਨ ਮਜਿਸਟਰੇਟ ਨੇ ਉਸ ਦੀ ਰਖਿਆ ਲਈ ਗੋਲੀ ਚਲਾਈ। ਇਕ ਵਿਦਿਆਰਥੀ ਖੁਸ਼ੀ ਰਾਮ ਗੋਲੀ ਨਾਲ ਮਾਰਿਆ ਗਿਆ। ਹਜਾਰਾਂ ਲੋਕਾਂ ਨੇ ਉਸ ਦੀ ਅਰਥੀ ਦਾ ਜਲੂਸ ਕਢਿਆ। ਭਾਈ ਕਰਤਾਰ ਸਿੰਘ ਨੇ ਉਸ ਵਿਚ ਸਰਕਾਰ ਵਿਰੁਧ ਧੜਲੇਦਾਰ ਤਕਰੀਰ ਕੀਤੀ।

੧੩ ਅਪਰੈਲ ਨੂੰ ਵਿਸਾਖੀ ਵਾਲੇ ਦਿਨ ਜਲ੍ਹਿਆਂ ਵਾਲੇ ਬਾਗ ਦਾ ਸਾਕਾ ਹੋਇਆ। ਜਨਰਲ ਡਾਇਰ ਨੇ ਗੋਲੀ ਚਲਾਕੇ ਸੈਂਕੜੇ ਆਦਮੀਆਂ ਨੂੰ ਮਾਰ ਦਿਤਾ। ਲਾਹੌਰ ਗੁਜਰਾਂ ਵਾਲਾ ਸ਼ੇਖੂਪੁਰਾ ਤੇ ਚੂਹੜਕਾਣੇ ਵਿਚ ਵੀ ਗੜ ਬੜ ਹੋਈ। ਕਈ ਲੋਕਾਂ ਨੇ ਲੁਟਮਾਰ ਤੇ ਸਾੜ ਫੂਕ ਕੀਤੀ।

ਸਰਕਾਰ ਨੇ ਮਾਰਸ਼ਲ ਲਾਅ ਲਾ ਦਿਤਾ। ਬੜੀ ਸਖਤੀ ਕੀਤੀ। ਭਾਈ ਕਰਤਾਰ ਸਿੰਘ ਨ ਚੂਹੜਕਾਣੇ ਵਿਚ ਮੀਟਿੰਗ ਕਰ ਕੇ ਲੈਕਚਰ ਦਿਤਾ ਸੀ। ਉਹਨਾਂ ਨੂੰ ਸ: ਤੇਜਾ ਸਿੰਘ ਚੂਹੜ-ਕਾਣੇ ਸਮੇਤ ਗ੍ਰਿਫਤਾਰ ਕਰਕੇ ਲਹੌਰ ਲਿਆਂਦਾ ਗਿਆ। ਉਥੇ ਯੂਨੀਵਰਸਿਟੀ ਹਾਲ ਵਿਚ ਇਕ ਟ੍ਰਿਬੂਨਲ ਦੇ ਸਾਹਮਣੇ ਮਾਰਸ਼ਲ ਗ੍ਰਿਫਤਾਰ ਹੋਇਆਂ ਨੂੰ ਪੇਸ਼ ਕੀਤਾ ਗਿਆ। ਬੋਰਸਟ ਤੇ ਸੰਟ੍ਰਲ ਜੇਹਲ ਵਿਚ ਕਾਲ ਕੋਠੜੀਆਂ ਵਿਚ ਰਖਿਆ ਗਿਆ।



Digitized by Panjab Digital Library | www.panjabdigilib.org

ਅਖੀਰ ਟ੍ਰਿਬੂਨਲ ਨੇ ੧੭ ਆਦਮੀਆਂ ਨੂੰ ਫਾਂਸੀ ਦੀ ਸਜ਼ਾ ਦਿਤੀ। ਜਿਸ ਨੂੰ ਸੁਣ ਕੇ ਝਬਰ ਤੇ ਉਸਦੇ ਸਾਥੀਆਂ ਨੇ ਜੈਕਾਰੇ ਗਜਾਏ।

੨੫ ਮਈ ੧੯੧੯ ਨੂੰ ਦਾਰੋਗਾ ਜੇਹਲ ਨੇ ਕੈਦੀਆਂ ਨੂੰ ਦਸਿਆ ਕਿ ਚੂਹੜਕਾਣੇ ਦੇ ਛੇ ਕੈਦੀਆਂ ਦੀ ਸਜ਼ਾ ਫ਼ਾਂਸੀ ਤੋਂ ਕਾਲੇ ਪਾਣੀ ਵਿਚ ਬਦਲ ਗਈ ਹੈ।

ਇਹਨਾਂ ਕੈਦੀਆਂ ਨੂੰ ਲਾਹੌਰ ਤੋਂ ਕਲਕਤੇ ਭੇਜਿਆ ਗਿਆ। ਕੁਝ ਦਿਨ ਅਲੀਪੁਰ ਜੇਹਲ ਵਿਚ ਰਖਿਆ ਗਿਆ। ਅਖੀਰ ਭਾਈ ਕਰਤਾਰ ਸਿੰਘ ਝਬਰ ਭਾਈ ਤੇਜਾ ਸਿੰਘ ਚੂਹੜ-ਕਾਣਾ, ਭਾਈ ਪਰਮਾਨੰਦ ਤੇ ੧੨੫ ਕੈਦੀਆਂ ਨੂੰ ਕਲਕਤੇ ਤੋਂ ਰਾਜਾ ਕੰਪਨੀ ਦੇ ਇਕ ਜਹਾਜ਼ ਵਿਚ ਪੋਰਟ ਬਲੇਅਰ (ਕਾਲੇ ਪਾਣੀ) ਭੇਜਿਆ ਗਿਆ। ਇਹਨਾਂ ਵਿਚੋਂ ੮੦ ਕੈਦੀ ਹਿੰਦੂ ਸਿਖ ਤੇ ੪੫ ਮੁਸਲਮਾਨ ਸਨ। ਕਲਕਤੇ ਤੋਂ ਚਲ ਕੇ ਇਹ ਜਹਾਜ਼ ਛੇ ਦਿਨਾਂ ਵਿਚ ਕਾਲੇ ਪਾਣੀ ਪੁਜ ਗਿਆ।

ਜਲਿਆਂ ਵਾਲੇ ਬਾਗ ਵਿਚ ਦੀਵਾਨ—

ਦੇਸ਼ ਵਿਚ ਰਾਜਨੀਤਕ ਜਾਗ੍ਰਤੀ ਤੇ ਆਜ਼ਾਦੀ ਦੀ ਲਹਿਰ ਪ੍ਰਬਲ ਹੋਣ ਦੇ ਨਾਲ ਗੁਰਦਵਾਰਾ ਸੁਧਾਰ ਲਹਿਰ ਵੀ ਜਾਰੀ ਹੋ ਗਈ। ਜਿਸ ਦਾ ਆਰੰਭ ਜਲ੍ਹਿਆਂ ਵਾਲੇ ਬਾਗ ਦੇ ਇਕ ਦੀਵਾਨ ਤੇ ਹੋਇਆ।

੧੦-੧੧-੧੨ ਅਕਤੂਬਰ ੧੯੨੦ ਨੂੰ ਖਾਲਸਾ ਬਰਾਦਰੀ ਵਲੋਂ ਜਲਿਆਂ ਵਾਲੇ ਬਾਗ ਅੰਮ੍ਰਿਤਸਰ ਵਿਚ ਇਕ ਦੀਵਾਨ ਕੀਤਾ ਗਿਆ।



Digitized by Panjab Digital Library | www.panjabdigilib.org

ਭਾਈ ਮਹਿਤਾਬ ਸਿੰਘ ਬੀਰ ਦੀਵਾਨ ਦੇ ਮੋਢੀ ਆਪਣੇ ਟਰੈਕਟ 'ਸਾਂਝੀ ਢਾਲ' ਵਿਚ ਲਿਖਦੇ ਹਨ ਕਿ ਦੀਵਾਨ ਵਿਚ ਪਹਿਲੇ ਦਿਨ ਕੋਈ ਹਿੰਦੂ ਸਿੱਖ ਸ਼ਾਮਲ ਨਹੀਂ ਹੋਇਆ। ਲੋਕਾਂ ਨੇ ਚਾਨਣੀਆਂ ਨੂੰ ਅੱਗ ਲਾਉਣ ਦਾ ਤੇ ਗੈਸ ਤੋੜਨ ਦਾ ਜਤਨ ਕੀਤਾ। ਲੰਗਰ ਲਈ ਬਰਤਨ ਤੀਕ ਨਹੀਂ ਦਿਤੇ। ਦੂਸਰੇ ਦਿਨ ਚੀਫ ਖਾਲਸਾ ਦੀਵਾਨ ਤੇ ਸਿੰਘ ਸਭਾ ਦੇ ਮੁਖੀ ਦੀਵਾਨ ਵਿਚ ਸ਼ਾਮਲ ਹੋਏ। ਉਨ੍ਹਾਂ ਵਿਚ ਸ੍ਰ: ਸੁੰਦਰ ਸਿੰਘ ਮਜੀਠਾ, ਸ੍ਰ: ਮੰਗਲ ਸਿੰਘ ਮਾਨ, ਸ੍ਰ: ਮਾਨ ਸਿੰਘ ਵਕੀਲ ਅੰਬਾਲਾ, ਭਾਈ ਕਰਤਾਰ ਸਿੰਘ ਝੱਬਰ, ਭਾਈ ਤੇਜਾ ਸਿੰਘ ਭੁਚਰ, ਬਹਾਦਰ ਸਿੰਘ ਹਕੀਮ ਆਦਿ ਸ਼ਾਮਲ ਸਨ। ਰਾਤ ਨੂੰ ਖਾਲਸਾ ਬਰਾਦਰੀ ਦੀ ਮੀਟਿੰਗ ਹੋਈ, ਜਿਸ ਵਿਚ ਫੈਸਲਾ ਕੀਤਾ ਗਿਆ ਕਿ ਸਵੇਰੇ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਤੇ ਕੜਾਹ ਪ੍ਰਸ਼ਾਦ ਭੇਟ ਕਰਨ ਲਈ ਜਥਾ ਜਾਵੇ, ਕਿਉਂਕਿ ਦਰਬਾਰ ਸਾਹਿਬ ਵਿਚ ਮਜ਼੍ਹਬੀ ਤੇ ਰਵਿਦਾਸੀਆਂ ਦੀ ਅਰਦਾਸ ਨਹੀਂ ਕੀਤੀ ਜਾਂਦੀ ਸੀ। ਪ੍ਰਸ਼ਾਦ ਨਹੀਂ ਲੈਂਦੇ ਸਨ।

੧੨ ਅਕਤੂਬਰ ਨੂੰ ਆਸਾ ਦੀ ਵਾਰ ਦੀ ਸਮਾਪਤੀ ਬਾਅਦ ਜਥਾ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਤੇ ਕੜਾਹ ਪ੍ਰਸ਼ਾਦ ਭੇਟਾ ਕਰਨ ਲਈ ਤੁਰਿਆ। ਉਸ ਵਿਚ ਖਾਲਸਾ ਕਾਲਜ ਦੇ ਪ੍ਰੋਫੈਸਰ ਬਾਵਾ ਹਰਿਕਿਸ਼ਨ ਸਿੰਘ ਤੇ ਕਈ ਹੋਰ ਸੱਜਣ ਸ਼ਾਮਲ ਸਨ। ਆਮ ਲੋਕ ਵੀ ਜਥੇ 'ਚ ਸ਼ਾਮਲ ਹੋ ਗਏ, ਜਦ ਜਥਾ ਸ੍ਰੀ ਦਰਬਾਰ ਸਾਹਿਬ ਦੇ ਅੰਦਰ ਪੁਜਿਆ, ਉਸ ਵਕਤ ਬਹੁਤ ਸਾਰੀ ਸੰਗਤ ਨਾਲ ਸੀ। ਜਥੇ ਨੇ ਪੁਜਾਰੀਆਂ ਨੂੰ ਅਰਦਾਸ ਕਰਨ ਲਈ ਕਿਹਾ ਪਰ ਉਹ ਨਹੀਂ ਮੰਨੇ। ਬਾਵਾ ਹਰਿਕਿਸ਼ਨ ਸਿੰਘ ਨੇ ਗੱਲ ਵਿਚ ਪੱਲਾ ਪਾਕੇ ਤਿੰਨ ਵੇਰ ਕਿਹਾ ਪਰ ਫਿਰ ਵੀ ਨਹੀਂ ਮੰਨੇ। ਇਸ ਪਰ ਸੰਗਤ ਚੋਂ ਗਿਆਨੀ ਗੁਰਨਾਮ ਸਿੰਘ ਨੇ ਆਨੰਦ ਸਾਹਿਬ ਦਾ ਪਾਠ ਕਰਕੇ ਅਰਦਾਸਾ ਸੋਧਿਆ ਤੇ ਕੜਾਹ ਪ੍ਰਸ਼ਾਦ ਵਰਤਾਉਣਾ ਆਰੰਭ ਕਰ ਦਿਤਾ :



Digitized by Panjab Digital Library | www.panjabdigilib.org

ਇਸ ਦੌਰਾਨ ਭਾਈ ਕਰਤਾਰ ਸਿੰਘ ਝੱਬਰ ਤੇ ਭਾਈ ਤੇਜਾ ਸਿੰਘ ਭੁਚਰ ਵੀ ਪੁਜ ਗਏ। ਝੱਬਰ ਨੇ ਪੁਜਾਰੀਆਂ ਨੂੰ ਕਿਹਾ:— 'ਤੁਹਾਡਾ ਕੰਮ ਹੈ ਸੰਗਤ ਦੀ ਭੇਟਾ ਅਤੇ ਪ੍ਰਸ਼ਾਦ ਦੀ ਅਰਦਾਸ ਕਰਨੀ।'

ਪੁਜਾਰੀਆਂ ਨੇ ਕਿਹਾ:—'ਹੁਣ ਅਰਦਾਸ ਹੋ ਚੁਕੀ ਹੈ। ਦੋਬਾਰਾ ਨਹੀਂ ਹੋ ਸਕਦੀ।' ਗ੍ਰੰਥੀ ਗੁਰਬਚਨ ਸਿੰਘ ਨੂੰ ਪੁਛਿਆ ਗਿਆ। ਉਸਨੇ ਉੱਤਰ ਦਿਤਾ—'ਮੈਂ ਕੁਝ ਨਹੀਂ ਕਰ ਸਕਦਾ।' ਇਸ ਪਰ ਦੋਬਾਰਾ ਕੜਾਹ ਪ੍ਰਸ਼ਾਦ ਮੰਗਵਾਇਆ ਗਿਆ। ਸੰਗਤ ਨੇ ਕਿਹਾ ਅਰਦਾਸ ਕਰਕੇ ਵਾਕ ਲਉ। ਜੋ ਹੁਕਮ ਆਵੇ ਉਸ ਅਨੁਸਾਰ ਅਮਲ ਕੀਤਾ ਜਾਵੇ। ਜਦ ਅਰਦਾਸ ਕਰਕੇ ਗੁਰਬਾਣੀ ਦਾ ਵਾਕ ਲੀਤਾ ਗਿਆ, ਤਾਂ ਇਹ ਹੁਕਮ ਆਇਆ:—

ਸੋਰਠ ਮਹਲਾ ੩

ਨਿਰਗੁਣਿਆਂ ਨੇ ਆਪੇ ਬਖਸ ਲਏ ਭਾਈ,
ਸਤਿਗੁਰ ਕੀ ਸੇਵਾ ਲਾਇ।

ਇਸ ਪਰ ਸੰਗਤ ਨੇ ਜੈਕਾਰਾ ਗਜਾ ਦਿਤਾ। ਪੁਜਾਰੀਆਂ ਨੇ ਕੜਾਹ ਪ੍ਰਸ਼ਾਦ ਵਰਤਾ ਦਿਤਾ। ਭਾਈ ਕਰਤਾਰ ਸਿੰਘ ਝੱਬਰ ਦੇ ਕਹਿਣ ਤੇ ਪਹਿਲੇ ਗਰੰਥੀ ਤੇ ਫੇਰ ਪੁਜਾਰੀਆਂ ਨੂੰ ਕੜਾਹ ਪ੍ਰਸ਼ਾਦ ਛਕਾਇਆ ਗਿਆ। ਇਸ ਖੁਸ਼ੀ ਵਿਚ ੨੫) ਰੁਪਏ ਗ੍ਰੰਥੀ ਨੂੰ ਅਰਦਾਸ ਕਰਾਏ ਗਏ।

ਇਸ ਤੋਂ ਉਪ੍ਰੰਤ ਸਾਰੀ ਸੰਗਤ ਤੇ ਜਥਾ ਸ੍ਰੀ ਅਕਾਲ ਤਖਤ ਸਾਹਿਬ ਹਾਜ਼ਰ ਹੋਏ। ਅਗੇ ਪੁਜਾਰੀ ਤਖਤ ਖਾਲੀ ਛਡਕੇ ਨਠ ਗਏ। ਤਖਤ ਸਾਹਿਬ ਦੇ ਹਜ਼ੂਰ ਭਾਈ ਕਰਤਾਰ ਸਿੰਘ ਝੱਬਰ, ਭਾਈ ਅਮਰ ਸਿੰਘ, ਹਕੀਮ ਬਹਾਦਰ ਸਿੰਘ, ਸੂ: ਚੰਦਾ ਸਿੰਘ ਤੇ ਡਾਕਟਰ ਗੁਰਬਖਸ਼ ਸਿੰਘ ਦੇ ਲੈਕਚਰ ਹੋਏ।

ਸੰਗਤਾਂ ਨੇ ੨੫ ਸਿੰਘਾਂ ਦਾ ਜਥਾ ਸ੍ਰੀ ਅਕਾਲ ਤਖਤ ਦੇ



Digitized by Panjab Digital Library | www.panjabdigilib.org

ਪ੍ਰਬੰਧ ਲਈ ਨੀਯਤ ਕੀਤਾ। ਭਾਈ ਤੇਜਾ ਸਿੰਘ ਭੁਚਰ ਨੂੰ ਸ੍ਰੀ ਅਕਾਲ ਤਖਤ ਦਾ ਜਥੇਦਾਰ ਨੀਯਤ ਕੀਤਾ ਗਿਆ।

ਭਾਈ ਢੇਰਾ ਸਿੰਘ ਜਥੇਦਾਰ ਅਜੀਤ ਅਕਾਲੀ ਜਥਾ ਨੂੰ ਸੇਵਾਦਾਰਾਂ ਦੇ ਲੰਗਰ ਦਾ ਪ੍ਰਬੰਧਕ ਥਾਪਿਆ ਗਿਆ।

ਉਸ ਤੋਂ ਬਾਹਦ ਸ਼ਰੋਮਣੀ ਗੁਰਦਵਾਰਾ ਕਮੇਟੀ ਤੇ ਅਕਾਲੀ ਦਲ ਕਾਇਮ ਹੋਏ। ਜਿਸਦਾ ਪ੍ਰਸੰਗ ਅਗੋ ਦੇਵਾਂਗੇ।

ਇਸ ਤੋਂ ਪਹਿਲੇ ਬਾਬੇ ਦੀ ਬੇਰ ਸਿਆਲਕੋਟ ਦੇ ਪ੍ਰਬੰਧ ਬਾਰੇ ਜੋ ਅੰਦੋਲਨ ਹੋਇਆ ਤੇ ਡਿਪਟੀ ਕਮਿਸ਼ਨਰ ਨੇ ਗੁਰਦਵਾਰੇ ਦਾ ਫੈਸਲਾ ਸਿੱਖਾਂ ਦੇ ਹੱਕ ਵਿਚ ਦਿਤਾ, ਉਸਦਾ ਜ਼ਿਕਰ ਸਰਦਾਰ ਖੜਕ ਸਿੰਘ ਜੀ ਦੇ ਜੀਵਨ ਵਿਚ ਕਰ ਆਏ ਹਾਂ। ਉਸ ਤੋਂ ਬਾਹਦ ਪੰਜਾ ਸਾਹਿਬ ਵਿਖੇ ਭਾਈ ਕਰਤਾਰ ਸਿੰਘ ਝਬਰ ਪੰਜਾਹਾਂ ਸਿੰਘਾਂ ਦਾ ਜਥਾ ਲੈਕੇ ਪੁਜੇ। ਤੇ ਗੁਰਦਵਾਰਾ ਭਾਈ ਜੋਗਾ ਸਿੰਘ ਦਾ ਪ੍ਰਬੰਧ ਪੰਥ ਦੇ ਅਧਿਕਾਰ ਵਿਚ ਹੋਇਆ। ਸਰਦਾਰ ਖੜਕ ਸਿੰਘ ਸ਼ਰੋਮਣੀ ਕਮੇਟੀ ਦੇ ਪ੍ਰਧਾਨ ਚੁਣੇ ਗਏ। ੨੫ ਜਨਵਰੀ ੧੯੨੧ ਨੂੰ ਤਰਨ ਤਾਰਨ ਦਾ ਸਾਕਾ ਹੋਇਆ। ਜਿਸ ਵਿਚ ਪੁਜਾਰੀਆਂ ਦੇ ਹੱਥੋਂ ਦੋ ਸਿੰਘ ਸ਼ਹੀਦ ਹੋ ਗਏ। ਇਸ ਲਹਿਰ ਦੀਆਂ ਇੰਨਾਂ ਘਟਨਾਵਾਂ ਵਿਚ ਭਾਈ ਕਰਤਾਰ ਸਿੰਘ ਝੱਬਰ ਨੇ ਵੱਧ ਚੜ੍ਹਕੇ ਹਿਸਾ ਲਿਆ।

## ਸ੍ਰੀ ਨਨਕਾਣੇ ਸਾਹਿਬ ਦਾ ਸਾਕਾ

ਗੁਰਦਵਾਰਾ ਸੁਧਾਰ ਲਹਿਰ ਦਾ ਸਭ ਤੋ ਵਡਾ ਸਾਕਾ ਸ੍ਰੀ ਨਨਕਾਣੇ ਸਾਹਿਬ ਦਾ ਹੈ। ਜਿਸ ਵਿਚ ਦੋ ਸੌ ਸਿੰਘ ਸ਼ਹੀਦ ਹੋਏ। ਉਸਨੇ ਸਿੱਖ ਪੰਥ ਨੂੰ ਇਕ ਹਲੂਣਾ ਦੇ ਦਿਤਾ। ਭਾਈ ਕਰਤਾਰ ਸਿੰਘ ਨੂੰ ਜਿਸ ਗੱਲ ਨੇ ਸਿੱਖ ਜਨਤਾ ਵਿਚ ਬਹੁਤ ਪ੍ਰਸਿਧ ਤੇ ਪ੍ਰਭਾਵਸ਼ਾਲੀ ਨੇਤਾ ਬਣਾਇਆ, ਉਹ ਮਿ: ਕਿੰਗ ਕਮਿਸ਼ਨਰ ਲਾਹੌਰ ਤੋਂ ਸ੍ਰੀ ਨਨਕਾਣੇ ਸਾਹਿਬ ਦੀਆਂ ਚਾਬੀਆਂ ਲੈਣੀਆਂ ਸਨ।



Digitized by Panjab Digital Library | www.panjabdigilib.org

ਇਥੇ ਟੂਕ ਮਾਤਰ ਸ੍ਰੀ ਨਨਕਾਣੇ ਸਾਹਿਬ ਦੇ ਮਹੰਤਾਂ ਦੀ ਪੋਜੀਸ਼ਨ ਤੇ ਸਾਕੇ ਤੋਂ ਪਹਿਲੇ ਦੇ ਕੁਝ ਹਾਲਾਤ ਬਿਆਨ ਕਰਨਾ ਮੁਨਾਸਬ ਸਮਝਦੇ ਹਾਂ।

ਗੁਰਦਵਾਰਾ ਸੁਧਾਰ ਲਹਿਰ ਦਾ ਮੂਲ ਕਾਰਨ ਤਾਂ ਗੁਰਦਵਾਰਿਆਂ ਤੇ ਮਹੰਤਾਂ ਦੀ ਇਖਲਾਕੀ ਗਿਰਾਵਟ ਤੇ ਕੁਰੀਤੀਆਂ ਸਨ।

ਸ੍ਰੀ ਨਨਕਾਣਾ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਅਸਥਾਨ ਹੈ। ਮਹਾਰਾਜਾ ਰਣਜੀਤ ਸਿੰਘ ਨੇ ਬਾਬਾ ਸਾਹਿਬ ਸਿੰਘ ਬੇਦੀ ਦੀ ਪ੍ਰੇਰਨਾ ਨਾਲ ਨਨਕਾਣੇ ਸਾਹਿਬ ਦੇ ਲੰਗਰ ਇਮਾਰਤ, ਤੇ ਸੇਵਾਦਾਰਾਂ ਦੇ ਨਿਰਬਾਹ ਲਈ ਕਾਫ਼ੀ ਜ਼ਮੀਨ ਜਗੀਰ ਲਾਈ। ਉਹ ਜ਼ਮੀਨ ੭੫੦ ਮੁਰੱਬੇ ਸੀ। ਉਦਾਸੀ ਸਾਧੂ ਸੇਵਾਦਾਰ ਸਨ।

ਅੰਗਰੇਜ਼ਾਂ ਦੇ ਸਮੇਂ ਨਹਿਰ ਪੈਣ, ਮੰਡੀ ਤੇ ਰੇਲਵੇ ਸਟੇਸ਼ਨ ਬਣਨ ਕਰਕੇ ਜ਼ਮੀਨ ਦੀ ਕੀਮਤ ਤੇ ਆਮਦਨੀ ਬਹੁਤ ਵਧ ਗਈ। ਕਾਫੀ ਰੁਪਿਆ ਆ ਜਾਣ ਕਰਕੇ ਮਹੰਤਾਂ ਦਾ ਆਚਰਣ ਵੀ ਖਰਾਬ ਹੋ ਗਿਆ। ਸ੍ਰੀ ਨਨਕਾਣੇ ਸਾਹਿਬ ਦਾ ਮਹੰਤ ਸਾਧੂ ਰਾਮ ਚੰਗੇ ਆਚਰਨ ਦਾ ਨਹੀਂ ਸੀ। ਉਸ ਤੋਂ ਬਾਅਦ ਕਿਸ਼ਨ ਦਾਸ ਵੀ ਸ਼ਰਾਬੀ ਕਬਾਬੀ ਨਿਕਲਿਆ ਉਸਨੇ ਇਕ ਵੇਸਵਾ ਨਾਲ ਸ਼ਾਦੀ ਕਰ ਲਈ ਜਿਸ ਤੋਂ ਇਕ ਪੁਤਰ ਹੋਇਆ। ਮਹੰਤ ਕਿਸ਼ਨ ਦਾਸ ਦੇ ਭਰਾ ਲਧਾ ਰਾਮ ਦੇ ਲੜਕੇ ਰਲੀਆ ਰਾਮ ਦੀ ਸ਼ਾਦੀ ਸੀ। ਉਸ ਮੌਕੇ ਮਹੰਤ ਕਿਸ਼ਨ ਦਾਸ ਨੇ ੩ ਕੰਜਰੀਆਂ ਤੇ ਭੰਡ ਮੰਗਵਾਏ ਉਨ੍ਹਾਂ ਨੇ ਜਨਮ ਅਸਥਾਨ ਦੇ ਸਾਹਮਣੇ ਨਾਚ ਮੁਜਰਾ ਕੀਤਾ। ਉਸ ਦਿਨ ਸਿੰਘ ਸਭਾ ਗੁਜਰਾਂਵਾਲੇ ਦੇ ਮੁਖੀ ਭਾਈ ਅਮਰੀਕ ਸਿੰਘ ਚੂਨੇ ਵਾਲੇ ਅਤੇ ਡਾਕਟਰ ਮਹਾਂ ਸਿੰਘ ਨਨਕਾਣੇ ਸਾਹਿਬ ਡਿਪਟੀ ਕਮਿ-ਸ਼ਨਰ ਨੂੰ ਕਿਸੇ ਕੰਮ ਲਈ ਮਿਲਣ ਲਈ ਗਏ ਸਨ। ਉਨ੍ਹਾਂ ਨੂੰ ਜਨਮ ਅਸਥਾਨ ਦੇ ਸਾਹਮਣੇ ਕੰਜਰੀਆਂ ਦਾ ਨਾਚ ਵੇਖਕੇ ਬੜਾ



Digitized by Panjab Digital Library | www.panjabdigilib.org

ਦੁਖ ਹੋਇਆ।

ਅਗਲੀ ਕਤਕ ਪੂਰਨਮਾਸ਼ੀ ਦੇ ਮੇਲੇ ਪਰ 'ਰਾਇ ਬੁਲਾਰ ਦੀ ਪੁਕਾਰ' ਦੇ ਸਿਰਲੇਖ ਹੇਠਾਂ ਕਵਿਤਾ ਵਿਚ ਇਕ ਇਸ਼ਤਿਹਾਰ ਮਹੰਤ ਕਿਸ਼ਨ ਦੀਆਂ ਕੁਰੀਤੀਆਂ ਦੇ ਵਿਰੁਧ ਵੰਡਿਆ ਗਿਆ। ਜਿਸਨੇ ਸੰਗਤਾਂ ਵਿਚ ਗੁਸੇ ਦੀ ਇਕ ਲਹਿਰ ਪੈਦਾ ਕੀਤੀ।

ਮਹੰਤ ਕਿਸ਼ਨ ਦਾਸ ਦੇ ਉਪ੍ਰੰਤ ਨਰਾਇਣ ਦਾਸ ਮਹੰਤ ਬਣਿਆ। ਉਸ ਨੇ ਮੇਜਿਸਟਰੇਟ ਨੂੰ ਲਿਖਕੇ ਦਿਤਾ ਕਿ ਉਹ ਮਹੰਤ ਕਿਸ਼ਨ ਦਾਸ ਵਾਲੀਆਂ ਗੱਲਾਂ ਨਹੀਂ ਕਰੇਗਾ। ਪਰ ਉਸਨੇ ਵੀ ਇਕ ਮਿਰਾਸਣ ਰਖ ਲਈ। ਜਿਸ ਤੋਂ ਮੁੰਡੇ ਕੁੜੀਆਂ ਹੋਏ ਮਿਰਾਸਣ ਦੀ ਰਿਹਾਇਸ਼ ਲਈ ਇਕ ਮਕਾਨ ਨਨਕਾਣੇ ਵਿਚ ਸੀ, ਦੂਜਾ ਰਾਮ ਗਲੀ ਲਾਹੌਰ ਵਿਚ ਸੀ। ਇਸਦੇ ਨਾਲ ਨਨਕਾਣੇ ਸਾਹਿਬ ਦੀਆਂ ਕਈ ਯਾਤਰੀ ਇਸਤਰੀਆਂ ਤੇ ਲੜਕੀਆਂ ਨਾਲ ਦੁਰਾਚਾਰ ਕੀਤਾ ਗਿਆ*।

ਭਾਈ ਕਰਤਾਰ ਸਿੰਘ ਝੱਬਰ ਉਸ ਇਲਾਕੇ ਦੇ ਸਨ। ਮਹੰਤਾਂ ਦੀਆਂ ਕੁਰੀਤੀਆਂ ਤੋਂ ਜਾਣੂ ਸਨ। ਗੁਰਦਵਾਰਾ ਸੁਧਾਰ ਲਹਿਰ ਜਾਰੀ ਹੋਣ ਤੇ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮਟੀ ਤੇ ਅਕਾਲੀ ਦਲ ਕਾਇਮ ਕੀਤੇ ਗਏ। ੨੩ ਜਨਵਰੀ ਤੇ ੬ ਫਰਵਰੀ ੧੯੨੧ ਨੂੰ ਸ੍ਰੀ ਨਨਕਾਣੇ ਸਾਹਿਬ ਬਾਰੇ ਵਿਚਾਰ ਕਰਨ ਲਈ ਸਰੋਮਣੀ ਕਮੇਟੀ ਦੀਆਂ ਸ੍ਰੀ ਅਕਾਲ ਤਖਤ ਪਰ ਦੋ ਮੀਟਿੰਗਾਂ ਹੋਈਆਂ। ਜਿੰਨਾਂ ਵਿਚ ਭਾਈ ਕਰਤਾਰ ਸਿੰਘ ਝੱਬਰ ਨੇ ਸਾਰੇ ਹਾਲਾਤ ਬਿਆਨ ਕੀਤੇ।

ਉਸ ਵਕਤ ਸ੍ਰ: ਸੁੰਦਰ ਸਿੰਘ ਰਾਮਗੜੀਆ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤੇ ਸ੍ਰ: ਹਰਬੰਸ ਸਿੰਘ ਅਟਾਰੀ ਮੀਤ ਪ੍ਰਧਾਨ

---

*ਦੇਖੋ ਇਸੇ ਕਾਲਮ ਲਿਖਤ ਅਕਾਲੀ ਲਹਿਰ ਦਾ ਇਤਿਹਾਸ ੧੧੨-੧੨੬.



Digitized by Panjab Digital Library | www.panjabdigilib.org

ਸਨ। ਕਮੇਟੀ ਨੇ ਨਨਕਾਣੇ ਸਾਹਿਬ ਵਿਚ ਦੀਵਾਨ ਤੇ ਲੰਗਰ ਕਰਨ ਦਾ ਫੈਸਲਾ ਕੀਤਾ।

ਮਹੰਤ ਨੂੰ ਲਿਖਿਆ ਕਿ ਉਹ ਆਪਣਾ ਸੁਧਾਰ ਕਰ ਲਵੇ। ਉਸਨੇ ਟਾਕਰਾ ਕਰਨ ਲਈ ਲਾਹੌਰ ਤੇ ਸ਼ੇਖੂਪੁਰੇ ਵਿਚ ਮੀਟਿੰਗਾਂ ਕੀਤੀਆਂ।

ਦੂਜੇ ਪਾਸੇ ਸਿੰਘ ਸਭਾ ਲਾਇਲ ਪੁਰ ਤੇ ਸ਼ੇਖੂਪੁਰੇ ਵਿਚ ਸ: ਤੇਜਾ ਸਿੰਘ ਸਮੁੰਦਰੀ, ਮਾਸਟਰ ਤਾਰਾ, ਸਿੰਘ ਭਾਈ ਕਰਤਾਰ ਝਬਰ, ਸ੍ਰ: ਰਾਜਾ ਸਿੰਘ ਜੜ੍ਹਾਂ ਵਾਲਾ ਨੇ ਸਿੱਖ ਸੰਗਤਾਂ ਨੂੰ ਨਨਕਾਣੇ ਸਾਹਿਬ ਦੇ ਸੁਧਾਰ ਲਈ ਤਿਆਰ ਕੀਤਾ। ੧੯ ਫਰਵਰੀ ੧੯੨੧ ਨੂੰ ਸ੍ਰੀ ਨਨਕਾਣੇ ਸਾਹਿਬ ਭਾਈ ਲਛਮਨ ਸਿੰਘ ਧਾਰੋਵਾਲੀ ਤੇ ਭਾਈ ਕਰਤਾਰ ਸਿੰਘ ਝਬਰ ਨੇ ਦੋ ਜਥੇ ਭੇਜਨ ਦਾ ਫ਼ੈਸਲਾ ਕੀਤਾ।

੧੯ ਫਰਵਰੀ ਦੀ ਸ਼ਾਮ ਨੂੰ ਭਾਈ ਲਛਮਨ ਸਿੰਘ ਦੇ ਨਾਲ ਦੇ ਸੌ ਸਿੰਘਾਂ ਦਾ ਜੱਥਾ ਪਿੰਡੋਂ ਚਲਕੇ ੨੦ ਫਰਵਰੀ ਨੂੰ ਸਵੇਰੇ ਨਨਕਾਣੇ ਸਾਹਿਬ ਪੁਜ ਗਿਆ। ਇਸ ਦੌਰਾਨ ਲਾਹੌਰ ਵਿਚ ਕੁਝ ਅਕਾਲੀ ਲੀਡਰਾਂ ਦੀ ਮੀਟਿੰਗ ਹੋਈ ਕਿ ਜਥੇ ਨੂੰ ਰੋਕਿਆ ਜਾਵੇ। ਪਰ ਭਾਈ ਲਛਮਨ ਸਿੰਘ ਨਹੀਂ ਰੁਕੇ। ਝਬਰ ਦਾ ਜਥਾ ਚੰਦ੍ਰ ਕੋਟ ਦੀ ਝਾਲ ਉਤੇ ਪੁਜ ਗਿਆ।

ਭਾਈ ਲਛਮਨ ਸਿੰਘ ਦੇ ਜਥੇ ਨੇ ਜਨਮ ਅਸਥਾਨ ਵਿਚ ਪ੍ਰਵੇਸ਼ ਕੀਤਾ। ਮਹੰਤ ਦੇ ਕਾਤਲਾਂ ਨੇ ਦਰਵਾਜੇ ਬੰਦ ਕਰਕੇ ਗੋਲੀਆਂ, ਛਵੀਆਂ ਤੇ ਗੰਡਾਸਿਆਂ ਨਾਲ ਸਿੰਘਾਂ ਦੀ ਕਤਲਾਮ ਕੀਤੀ।

ਸ੍ਰ: ਦਲੀਪ ਸਿੰਘ ਮਹੰਤ ਨੂੰ ਸਮਝਾਉਣ ਲਈ ਗਏ। ਉਨ੍ਹਾਂ ਨੂੰ ਵੀ ਸ਼ਹੀਦ ਕੀਤਾ ਗਿਆ। ਸ੍ਰੀ ਕਬੀਰ ਜੀ ਕਥਨ ਹੈ:—

ਕਬੀਰ ਮੁਹਿ ਮਰਨੇ ਕਾ ਚਾਉ ਹੈ, ਮਰਉ ਤਾ ਹਰਿਕੇ ਦੁਆਰ।
ਮਤਿ ਹਰਿ ਪੂਛੈ ਕਉਨ ਹੈ ਪਰਾ ਹਮਾਰੇ ਬਾਰ।



Digitized by Panjab Digital Library | www.panjabdigilib.org

ਨਨਕਾਣੇ ਸਾਹਿਬ ਦੇ ਸ਼ਹੀਦਾਂ ਨੇ ਸਤ ਕਰਕੇ ਵਿਖਾ ਦਿਤਾ।

ਸ੍ਰ: ਉਤਮ ਸਿੰਘ ਕਾਰਖਾਨੇ ਵਾਲੇ ਨੇ ਸਾਕੇ ਦੀ ਇਤਲਾਹ ਤਾਰਾਂ ਰਾਹੀਂ ਸ਼ਰੋਮਣੀ ਕਮੇਟੀ ਤੇ ਕਈ ਜਥਿਆਂ ਨੂੰ ਦਿਤੀ। ਸਿੱਖ ਜਗਤ ਵਿਚ ਹਾਹਾਕਾਰ ਮਚ ਗਈ। ਮਿ: ਕਿੰਗ ਕਮਿਸ਼ਨਰ ਲਾਹੌਰ ਨੇ ਨਨਕਾਣੇ ਸਾਹਿਬ ਪੁਜਕੇ ਗੁਰਦਵਾਰੇ ਦੁਆਲੇ ਗੋਰਾ ਫੌਜ ਦਾ ਪਹਿਰਾ ਲਾ ਦਿਤਾ। ਮਹੰਤ ਤੇ ਉਸਦੇ ਸਾਥੀਆਂ ਨੂੰ ਗ੍ਰਿਫਤਾਰ ਕਰ ਲਿਆ।

ਸ੍ਰ: ਹਰਬੰਸ ਸਿੰਘ ਅਟਾਰੀ ਤੇ ਸ੍ਰ: ਮਹਿਤਾਬ ਸਿੰਘ ਵੀ ਉਥੇ ਪੁਜ ਗਏ। ਉਸ ਵਕਤ ਝਬਰ ਨੇ ਬੜੀ ਦਲੇਰੀ ਨਾਲ ਮਿ: ਕਿੰਗ ਨੂੰ ਕਿਹਾ ਕਿ ਉਹ ਗੁਰਦਵਾਰੇ ਦੀਆਂ ਚਾਬੀਆਂ ਸ਼ਰੋਮਣੀ ਕਮੇਟੀ ਦੇ ਹਵਾਲੇ ਕਰੇ। ਗੋਰਾ ਫੌਜ ਹਟਾ ਦੇਵੇ। ਕਿੰਗ ਨੇ ਇਹ ਗਲ ਮੰਨ ਲਈ। ਜਿਸ ਕਰਕੇ ਝਬਰ ਦਾ ਵਕਾਰ ਬਹੁਤ ਵਧ ਗਿਆ।

੨੩ ਫਰਵਰੀ ਨੂੰ ਸਰ ਮੈਕਲਗਨ ਗਵਰਨਰ ਪੰਜਾਬ ਐਗਜ਼ੈਕਟਿਵ ਮੈਂਬਰਾਂ ਸ੍ਰ: ਸੁੰਦਰ ਸਿੰਘ, ਲਾਲਾ ਹਰਿਕਿਸ਼ਨ ਲਾਲ ਤੇ ਮੀਆਂ ਫਜਲ ਹੁਸੈਨ ਸਮੇਤ ਨਨਕਾਣੇ ਸਾਹਿਬ ਪੁਜਾ। ਉਸਨੇ ਵੀ ਸ਼ਰੋਮਣੀ ਕਮੇਟੀ ਦੇ ਮੁਖੀਆਂ ਤੇ ਝਬਰ ਨਾਲ ਗਲ ਬਾਤ ਕੀਤੀ। ਮਿ: ਬੀਰੋ ਐਸ. ਪੀ. ਸੀ. ਆਈ. ਡੀ. ਨੇ ਨਾਲ ਦੇ ਅਫਸਰਾਂ ਨੂੰ ਕਿਹਾ ਕਿ ਝਬਰ ਨੇ ਗਵਰਨਰ ਨੂੰ ਧਮਕੀ ਦਿਤੀ ਹੈ।

੩ ਮਾਰਚ ਨੂੰ ਮਹਾਤਮਾਂ ਗਾਂਧੀ ਲਾਹੌਰ ਤੋਂ ਗੱਡੀ ਰਾਹੀਂ ਨਨਕਾਣੇ ਸਾਹਿਬ ਪੁਜੇ। ਉਨਾਂ ਦੇ ਨਾਲ ਕਈ ਲੀਡਰ ਸਨ। ਲੇਖਕ (ਗਿਆਨੀ ਪ੍ਰਤਾਪ ਸਿੰਘ) ਤੇ ਭਾਈ ਅਮਰ ਸਿੰਘ ਪਿੰਡ ਨਧੀਰ ਜ਼ਿਲਾ ਗੁਜਰਾਤ ਵੀ ਉਸੇ ਡਬੇ ਵਿਚ ਸਨ। ਨਨਕਾਣੇ ਸਾਹਿਬ ਗੱਡੀ ਪੁਜਣ ਪਰ ਸ੍ਰ: ਹਰਬੰਸ ਸਿੰਘ ਅਟਾਰੀ ਤੇ ਭਾਈ ਕਰਤਾਰ ਸਿੰਘ ਦੇ ਜਥੇ ਨੇ ਗਾਂਧੀ ਜੀ ਦਾ ਸੁਆਗਤ ਕੀਤਾ। ਕਾਲੇ



Digitized by Panjab Digital Library | www.panjabdigilib.org

ਲਿਬਾਸ ਵਿਚ ਚਮਕਰਹੀਆਂ ਕ੍ਰਿਪਾਨਾਂ ਤੇ ਛਵੀਆਂ ਇਉਂ ਚਮ-ਕਦੀਆਂ ਸਨ, ਜਿਵੇਂ ਕਾਲੇ ਬੱਦਲਾਂ ਵਿਚ ਬਿਜਲੀ ਚਮਕਦੀ ਹੈ। ਗਾਂਧੀ ਜੀ ਨੇ ਜਨਮ ਅਸਥਾਨ ਵਿਚ ਤਕਰੀਰ ਕਰਦੇ ਹੋਏ ਕਿਹਾ ਇਹ ਕਾਰਾ ਇਕਲੇ ਮਹੰਤ ਦਾ ਨਹੀਂ। ਇਸਦੇ ਪਿਛੇ ਸਰਕਾਰੀ ਅਫਸਰਾਂ ਦਾ ਵੀ ਹੱਥ ਹੈ।

ਭਾਈ ਕਰਤਾਰ ਸਿੰਘ ਦੇ ਜਥੇ ਨੇ ਨਨਕਾਣੇ ਸਾਹਿਬ ਦੇ ਹੋਰ ਕਈ ਗੁਰਦਵਾਰਿਆਂ ਕਿਆਰਾ ਸਾਹਿਬ ਤੇ ਮਾਲਜੀ ਆਦਿਕ ਪਰ ਕਬਜਾ ਕਰ ਲਿਆ ਇਸ ਦੋਸ਼ ਵਿਚ ੧੨ ਮਾਰਚ ੧੯੨੧ ਨੂੰ ਮਿ:ਕਿੰਗ ਕਮਿਸ਼ਨਰ ਲਾਹੌਰ ਨੇ ਗੋਰਾ ਫੌਜ ਭੇਜਕੇ ਝਬਰ ਤੇ ਉਸਦੇ ਸਾਥੀਆਂ ਨੂੰ ਗ੍ਰਿਫਤਾਰ ਕਰ ਲਿਆ।

ਮਿ: ਕੀਉ ਸੈਸ਼ਨ ਜੱਜ ਲਾਹੌਰ ਦੀ ਅਦਾਲਤ ਵਿਚ ਮੁਕਦਮਾ ਚਲਾਕੇ ਕਿਸੇ ਨੂੰ ਪੰਜ ਸਾਲ ਕਿਸੇ ਨੂੰ ਸੱਤ ਸਾਲ ਤੇ ਝਬਰ ੩੩ ਜੁਰਮਾਂ ਦੀ ਚਾਰਜ ਸ਼ੀਟ ਦੇਕੇ ੧੪ ਸਾਲ ਕੈਦ ਲੰਮੀ ਸਜ਼ਾ ਦਿਤੀ। ਜ: ਤੇਜਾ ਸਿੰਘ ਭੁਚਰ ਨੂੰ ਵੀ ਕੀਉ ਨੇ ਸਜਾ ਦਿਤੀ।

ਸ੍ਰੀ ਐਮ. ਐਲ. ਪੀਸ ਨੇ ਆਪਣੀ ਅੰਗਰੇਜੀ ਦੀ ਪੁਸਤਕ 'ਸ੍ਰ: ਕਰਤਾਰ ਸਿੰਘ ਝਬਰ' ਵਿਚ ਲਿਖਿਆ ਹੈ ਕਿ ਸ੍ਰ: ਸੁੰਦਰ ਸਿੰਘ ਮਜੀਠਾ ਤੇ ਸ: ਜੋਗਿੰਦਰ ਸਿੰਘ ਨੇ ਅਗੋਂ ਮੋਰਚਾ ਨਾ ਲਾਣ ਦੀ ਗਲ ਮਨਵਾਕੇ ਉਨ੍ਹਾਂ ਨੂੰ ਰਿਹਾ ਕਰਵਾਇਆ।

(ਕਰਤਾਰ ਸਿੰਘ ਝਬਰ ਪੰਨਾ ੮੭-੮੮)

ਉਸ ਵਕਤ ਇਹ ਚਰਚਾ ਚਲਿਆ ਕਿ ਉਹ ਮਾਫੀ ਮੰਗ ਕੇ ਰਿਹਾ ਹੋਏ ਹਨ। ਪਰ ੨੬ ਨਵੰਬਰ ੧੯੨੧ ਨੂੰ ਚਾਬੀਆਂ ਦਾ ਮੋਰਚਾ ਲਗਾ। ਜਿਸ ਵਿਚ ਝਬਰ ਨੇ ਅਜਨਾਲੇ ਜਾਕੇ ਤਕਰੀਰ ਕੀਤੀ। ਜ: ਤੇਜਾ ਸਿੰਘ ਭੁਚਰ ਨੇ ਗੁਰਦਵਾਰਾ ਜੇਬਰ ਕਲਾਂ ਜਿਲਾ ਲਾਹੌਰ ਦੇ ਗੁਰਦਵਾਰੇ ਪਰ ਕਬਜ਼ਾ ਕਰਨ ਦੇ ਜੁਰਮ ਵਿਚ ਸਤ ਸਾਲ ਕੈਦ ਕਟੀ।

ਸ਼ਰੋਮਣੀ ਕਮੇਟੀ ਦੇ ਐਲਾਨ ਨੰਬਰ ੧੭੫੪ ਵਿਚ ਦਰਜ



Digitized by Panjab Digital Library | www.panjabdigilib.org

ਹੈ ਕਿ ਭਾਈ ਕਰਤਾਰ ਸਿੰਘ ਝਬਰ ਮੈਂਬਰ ਸ਼ਰੋਮਣੀ ਕਮੇਟੀ ਨੂੰ ੨੪ ਜੂਨ ੧੯੨੪ ਨੂੰ ਆਪਣੇ ਪਿੰਡ ਗ੍ਰਿਫਤਾਰ ਕਰਕੇ ਕੈਂਬਲ ਪੁਰ ਜੇਹਲ ਵਿਚ ਭੇਜ ਦਿਤਾ ਗਿਆ। ਤਾਂਕਿ ਆਪਣੀ ੧੩ ਸਾਲ ਦੀ ਪਹਿਲੀ ਸਜ਼ਾ ਭੁਗਤਣ। ਉਸ ਵਕਤ ਆਪਦੇ ਪਿਤਾ ਸ: ਤੇਜਾ ਸਿੰਘ ਮੌਜੂਦ ਸਨ। ਦੋ ਸਾਲ ਕੈਦ ਝਬਰ ਨੇ ਮੁਲਤਾਨ ਸੈਂਟਰਲ ਜੇਹਲ ਵਿਚ ਕਟੀ। ਛਾਤੀ ਵਿਚ ਤਕਲੀਫ ਹੋ ਜਾਣ ਕਰਕੇ ਆਪ ਨੂੰ ਅਪਰੈਲ ੧੯੨੬ ਵਿਚ ਰਾਵਲਪਿੰਡੀ ਬਦਲ ਦਿਤਾ ਗਿਆ। ਅਖੀਰ ਗੁਰਦਵਾਰਾ ਐਕਟ ਬਣ ਜਾਣ ਪਰ ਸਾਰੇ ਕੈਦੀ ਛਡੇ ਗਏ। ਪਰ ੧੬ ਜੁਲਾਈ ੧੯੨੭ ਨੂੰ ਸਰਕਾਰ ਨੇ ਐਲਾਨ ਕੀਤਾ ਕਿ ਭਾਈ ਕਰਤਾਰ ਸਿੰਘ ਝਬਰ ਤੇ ਤੇਜਾ ਸਿੰਘ ਭੁਚਰ ਤਸ਼ੱਦਦ ਦੇ ਕੈਦੀ ਹਨ। ਇਨ੍ਹਾਂ ਨੂੰ ਰਿਹਾ ਨਹੀਂ ਕੀਤਾ ਜਾਵੇਗਾ। ਅਖੀਰ ਦਿਸੰਬਰ ੧੯੨੮ ਵਿਚ ਰਿਹਾ ਕੀਤਾ ਗਿਆ। ਭਾਈ ਸਾਹਿਬ ਸ਼ਰੋਮਣੀ ਕਮੇਟੀ ਤੇ ਨਨਕਾਣਾ ਸਾਹਿਬ ਕਮੇਟੀ ਦੇ ਕਈ ਸਾਲ ਮੈਂਬਰ ਰਹੇ। ੧੯੩੩ ਵਿਚ ਨਨਕਾਣੇ ਸਾਹਿਬ ਦੇ ਇਕ ਕਤਲ ਕੇਸ ਵਿਚ ਫੜੇ ਗਏ। ਸਵਾ ਤਿੰਨ ਮਹੀਨੇ ਜਹਲ ਵਿਚ ਰਹੇ। ੧੯੩੫ ਵਿਚ ਜੰਡਿਆਲਾ ਸ਼ੇਰ ਖਾਂ ਜ਼ਿਲਾ ਸ਼ੇਖੂ ਪੁਰਾ ਵਿਚ ਸਿਖਾਂ ਤੇ ਮੁਸਲਮਾਨਾਂ ਦਾ ਝਟਕੇ ਤੋਂ ਝਗੜਾ ਹੋਇਆ। ਉਥੇ ਕਾਨਫ੍ਰੰਸ ਹੋਈ। ਜਿਸਦੇ ਪ੍ਰਧਾਨ ਸ: ਖੜਕ ਸਿੰਘ ਸਨ। ਮਾਸਟਰ ਤਾਰਾ ਸਿੰਘ, ਜ: ਮੋਹਨ ਸਿੰਘ ਨਾਗੋਕੇ, ਸ: ਈਸ਼ਰ ਸਿੰਘ ਮਝੈਲ, ਭਾਈ ਕਰਤਾਰ ਸਿੰਘ ਝਬਰ, ਸ: ਬੂਟਾ ਸਿੰਘ, ਜਥੇਦਾਰ ਅਛਰ ਸਿੰਘ ਤੇ ਲੇਖਕ (ਗਿ: ਪ੍ਰਤਾਪ ਸਿੰਘ) ਉਸ ਵਿਚ ਸ਼ਾਮਲ ਸਨ। ੧ ਅਪਰੈਲ ੧੯੩੭ ਨੂੰ ਕਟ ਭਾਈ ਥਾਨ ਸਿੰਘ ਕੇਸ ਵਿਚ ਗਏ। ਭਾਈ ਕਰਤਾਰ ਸਿੰਘ ਆਪਣੀ ਜੀਵਨ ਯਾਤਰਾ ਸਫ਼ਲ ਕਰਦੇ ਹੋਏ ੨੦ ਨਵੰਬਰ ੧੯੬੨ ਨੂੰ ਗੁਰੂ ਚਰਨਾਂ ਵਿਚ ਜਾ ਬਿਰਾਜੇ। ਉਨ੍ਹਾਂ ਦੇ ਸਪੁਤਰ ਸ: ਬਲਦੇਵ ਸਿੰਘ ਦੇ ਲੜਕੇ ਮੇਜਰ ਐਮ. ਐਸ. ਵਿਰਕ ਤੇ ਕੈਪਟਨ ਏ. ਐਸ. ਵਿਰਕ ਪਟਿਆਲੇ ਰਹਿੰਦੇ ਹਨ।



Digitized by Panjab Digital Library | www.panjabdigilib.org

੭,

# ਜਥੇਦਾਰ ਤੇਜਾ ਸਿੰਘ ਭੁਚਰ

ਗੁਰਦਵਾਰਾ ਸੁਧਾਰ ਲਹਿਰ ਵਿਚ ਜਿੰਨਾਂ ਦਾ ਜ਼ਥੇਦਾਰ ਦੇ ਤੌਰ ਤੇ ਬਹੁਤ ਪ੍ਰਭ ਵ ਪਿਆ, ਉਨ੍ਹਾਂ ਵਿਚੋਂ ਭਾਈ ਕਰਤਾਰ ਸਿੰਘ ਝੱਬਰ ਦਾ ਜ਼ਿਕਰ ਅਸੀਂ ਪਿਛਲੇ ਕਾਂਡ ਵਿਚ ਕਰ ਆਏ ਹਾਂ। ਹੁਣ ਉਨ੍ਹਾਂ ਦੇ ਸਾਥੀ ਜਥੇਦਾਰ ਤੇਜਾ ਸਿੰਘ ਭੁਚਰ ਦਾ ਜੀਵਨ ਤੇ ਉਸ ਲਹਿਰ ਵਿਚ ਕੀਤੇ ਕੰਮਾਂ ਦਾ ਵਰਣਨ ਕਰਨਾ ਚਾਹੁੰਦੇ ਹਾਂ। ਆਪ ਨੇ ਕਈ ਗੁਰਦਵਾਰੇ ਸ਼ਰੋਮਨੀ ਕਮੇਟੀ ਦੇ ਪ੍ਰਬੰਧ ਵਿਚ ਲਿਆਂਦੇ। ਆਪ ਬੜੇ ਸੁੰਦਰ ਤੇ ਸਜੀਲੇ ਜੁਆਨ ਸਨ। ਖਾਲਸਾ ਸੰਟ੍ਰਲ ਦੀਵਾਨ ਮਾਝਾ ਦੇ ਮੁਖੀ, ਅਕਾਲ ਤਖਤ ਦੇ ਪਹਿਲੇ ਜਥਦਾਰ, ਸ਼ਰੋਮਣੀ ਗੁ: ਪ੍ਰ: ਕਮੇਟੀ, ਅਕਾਲੀ ਦਲ ਦੇ ਮੁਖੀ, ਗੜਗਜ ਅਕਾਲੀ ਦੀਵਾਨ ਦੇ ਬਾਨੀ, ਗੜਗਜ ਅਕਾਲੀ ਅਖਬਾਰ ਤੇ ਬਬਰ ਸ਼ੇਰ ਦੇ ਸੰਚਾਲਕ ਸਨ। ਆਪ ਨੇ ਜੇਹਲ ਵੀ ਕਟੀ । ਅਖਬਾਰਾਂ ਦੀਆਂ ਜ਼ਮਾਨਤਾਂ ਵਿਚ ਅਪਨੀ ਜਾਇਦਾਦ ਵੀ ਜ਼ਬਤ ਕਰਵਾਈ ਹੈ। ਗੁਰਦਵਾਰਾ ਐਕਟ ਦੇ ਵਿਰੋਧੀ ਸਨ। ਬੜੇ ਹਠੀਲੇ ਖਾੜਕੂ ਤੇ ਪ੍ਰਭਾਵਸ਼ਾਲੀ ਨੇਤਾ ਹੋਏ ਹਨ। ਆਪ ਛੋਟੇ ਭੁਚਰ ਤਸੀਲ ਤਰਨ ਤਾਰਨ ਦੇ ਸਨ। ਇਸ ਲਈ ਆਪ ਨੂੰ ਲੋਕੀਂ ਜਥੇਦਾਰ ਭੁਚਰ ਵੀ ਕਹਿੰਦੇ ਸਨ।



Digitized by Panjab Digital Library | www.panjabdigilib.org

ਆਪ ਦਾ ਜਨਮ ੨੮ ਅਕਤੂਬਰ ਸੰਨ ੧੮੮੭ (੧੩ ਕਤਕ ਸੰਮਤ ੧੯੪੪) ਨੂੰ ਨਾਨਕੇ ਪਿੰਡ ਭਾਈ ਫੇਰੂ ਜ਼ਿਲ੍ਹਾ ਲਾਹੌਰ ਵਿਚ ਹੋਇਆ। ਆਪਦੇ ਪਿਤਾ ਦਾ ਨਾਂ ਸ: ਮਈਆ ਸਿੰਘ ਤੇ ਮਾਤਾ ਦਾ ਨਾਂ ਮਤਾਬ ਕੌਰ ਸੀ। ਸ: ਵੀਰ ਸਿੰਘ ਤੇ ਬੰਤਾ ਸਿੰਘ ਦੋ ਭਰਾ ਸਨ। ਜਥੇਦਾਰ ਤੇਜਾ ਸਿੰਘ ਆਰੰਭਕ ਵਿਦਿਆ ਤੇ ਗੁਰਬਾਣੀ ਦੀ ਸਿਖਿਆ ਪ੍ਰਾਪਤ ਕਰਨ ਦੇ ਬਾਅਦ ਖਾਲਸਾ ਸੈਂਟ੍ਰਲ ਦੀਵਾਨ ਮਾਝਾ ਵਿਚ ਸ਼ਾਮਲ ਹੋਏ ਜੋ ੧੯੧੮ ਵਿਚ ਕਾਇਮ ਕੀਤਾ ਗਿਆ। ਫਿਰ ਫ਼ੌਜ ਵਿਚ ਭਰਤੀ ਹੋ ਗਏ। ੧੯੨੦ ਵਿਚ ਅਕਾਲੀ ਲਹਿਰ ਤੇ ਆਜ਼ਾਦੀ ਦੀ ਲਹਿਰ ਚਲਣ ਪਰ ਫ਼ੌਜ ਚੋਂ ਨਾਂ ਕਟਾਕੇ ਆ ਗਏ ਉਨ੍ਹਾਂ ਨੇ ਬੜੇ ਜੋਸ਼ ਜਜ਼ਬੇ ਨਾਲ਼ ਅਕਾਲੀ ਲਹਿਰ ਵਿਚ ਹਿੱਸਾ ਲੈਣਾ ਸ਼ੁਰੂ ਕਰ ਦਿਤਾ। ਸੈਂਟ੍ਰਲ ਮਾਝਾ ਦੀਵਾਨ ਦੇ ਮੁਖੀ ਹੋਣ ਕਰਕੇ ਤਿਖ ਸੁਧਾਰਕ ਵਿਚਾਰਾਂ ਦੇ ਸਨ।

ਆਪਦੇ ਪਿਤਾ ਸ: ਮਈਆ ਸਿੰਘ ਚੰਗੇ ਭੌਂ ਭਾਂਡੇਵਾਲੇ ਸਨ। ਉਠਦੀ ਜੁਆਨੀ ਵਿਚ ਜਥੇਦਾਰ ਜੀ ਦੀ ਸ਼ਾਦੀ ਸ੍ਰੀ ਮਤੀ ਕਰਤਾਰ ਕੌਰ ਨਾਲ ਹੋਈ। ਜਿਸ ਚੋਂ ਦੋ ਲੜਕੇ ਹੋਏ।

ਅਗਸਤ ੧੯੨੦ ਵਿਚ ਡਾਇਰ ਨੂੰ ਸਰੋਪਾ ਦੇਣ ਵਾਲੇ ਸ: ਅਰੂੜ ਸਿੰਘ ਸਰਬਰਾਹ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਨੂੰ ਹਟਾਉਣ ਲਈ ਅੰਦੋਲਨ ਹੋਇਆ। ਉਸ ਬਾਰੇ ਇਕ ਜਲਸੇ ਦੀ ਆਪਨੇ ਪ੍ਰਧਾਨਗੀ ਕੀਤੀ।

ਅਕਤੂਬਰ ੧੯੨੦ ਵਿਚ ਗੁਰਦਵਾਰਾ ਬਾਬੇ ਦੀ ਬੇਰ ਸਿਆਲਕੋਟ ਪੰਥਕ ਪ੍ਰਬੰਧ'ਚ ਆਇਆ ਉਸ ਬਾਰੇ ਸਰਦਾਰ ਅਮਰ ਸਿੰਘ ਝਬਾਲ ਦੀ ਤਾਰ ਆਉਣ ਪਰ ਸੈਂਟਰਲ ਮਾਝਾ ਦੀਵਾਨ ਨੇ ੧੦੫ ਸਿੰਘਾਂ ਦਾ ਜਥਾ ਭੇਜਿਆ। ਉਸ ਵਿਚ ਭਾਈ ਤੇਜਾ ਸਿੰਘ ਸ਼ਾਮਲ ਸਨ। ੧੧-੧੨ ਅਕਤੂਬਰ ੧੯੨੦ ਨੂੰ ਜਲਿਆਂਵਾਲੇ ਬਾਗ ਵਿਚ ਖਾਲਸਾ ਬਰਾਦਰੀ ਤੇ ਪਛੜੀਆਂ ਸ਼੍ਰੇਣੀਆਂ ਵਲੋਂ ਜੋ



Digitized by Panjab Digital Library | www.panjabdigilib.org

ਦੀਵਾਨ ਕੀਤਾ ਗਿਆ, ਉਸ ਵਿਚ ਆਪ ਸ਼ਾਮਲ ਸਨ। ਪਿਛੇ ਦਸ ਆਏ ਹਾਂ ਕਿ ਸੰਗਤ ਦੇ ਕਹਿਣ ਪਰ ਸ੍ਰੀ ਦਰਬਾਰ ਸਾਹਿਬ ਦੇ ਪੁਜਾਰੀਆਂ ਨੇ ਖਾਲਸਾ ਬਰਾਦਰੀ ਦੀ ਅਰਦਾਸ ਕਰ ਦਿਤੀ, ਪਰ ਸ੍ਰੀ ਅਕਾਲ ਤਖਤ ਦੇ ਪੁਜਾਰੀ ਤਖਤ ਖਾਲੀ ਛਡਕੇ ਦੌੜ ਗਏ। ਇਸ ਪਰ ਸੰਗਤ ਨੇ ਭਾਈ ਤੇਜਾ ਸਿੰਘ ਨੂੰ ਸ੍ਰੀ ਅਕਾਲ ਤਖਤ ਦਾ ਪਹਿਲਾ ਜਥੇਦਾਰ ਨੀਯਤ ਕੀਤਾ। ਆਪ ਦੇ ਨਾਲ ਖਾਲਸਾ ਬਰਾਦਰੀ ਤੇ ਸੈਂਟਰਲ ਮਾਝਾ ਦੀਵਾਨ ਦੇ ਸੇਵਾਦਾਰ ਸ਼ਾਮਲ ਸਨ।

ਭਾਈ ਮਹਿਤਾਬ ਸਿੰਘ ਬੀਰ ਮੋਢੀ ਖਾਲਸਾ ਬਰਾਦਰੀ ਨੇ ਆਪਣੇ ਟਰੈਕਟ 'ਸਾਂਝੀ ਵਾਲ' ਵਿਚ ਲਿਖਿਆ ਹੈ ਕਿ ਪੁਜਾਰੀਆਂ ਦੀ ਚੁਕ ਪਰ ਨਿਹੰਗ ਸਿੰਘਾਂ ਨੇ ਕੁਝ ਝਗੜਾ ਕਰਨਾ ਚਾਹਿਆ। ਪਰ ਬਾਬਾਕੇ ਹਰ ਸਿੰਘ ਪਟੀ ਦੇ ਸਮਝਾਣ ਪਰ ਸਮਝੌਤਾ ਹੋ ਗਿਆ ਅਤੇ ਇਹ ਫੈਸਲਾ ਹੋਇਆ ਕਿ ਦੀਵਾਲੀ ਤੀਕ ਸ੍ਰੀ ਅਕਾਲ ਤਖਤ ਦਾ ਪਰਬੰਧ ਸੈਂਟ੍ਰਲ ਮਾਝਾ ਦੀਵਾਨ ਦੇ ਸਪੁਰਦ ਰਹੇ। (ਪੰਨਾ ੨੧)

ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਸ੍ਰੀ ਦਰਬਾਰ ਸਾਹਿਬ ਤੇ ਅਕਾਲ ਤਖਤ ਦੇ ਪ੍ਰਬੰਧ ਲਈ ਇਕ ਕਮੇਟੀ ਕਾਇਮ ਕੀਤੀ। ਸ੍ਰ: ਸੁੰਦਰ ਸਿੰਘ ਰਾਮਗੜੀਆ ਨੂੰ ਉਸਦਾ ਪ੍ਰਧਾਨ ਨੀਯਤ ਕੀਤਾ ਗਿਆ। ਭਾਈ ਤੇਜਾ ਸਿੰਘ ਉਸ ਵਿਚ ਸ਼ਾਮਲ ਕੀਤੇ ਗਏ।

ਜਥੇਦਾਰ ਅਕਾਲ ਤਖਤ ਵਲੋਂ ਸਮੂਹ ਪੰਥਕ ਜਥਿਆਂ ਦੇ ਨਾਮ ਇਕ ਵਡੀ ਗੁਰਦ੍ਵਾਰਾ ਕਮੇਟੀ ਬਨਾਉਣ ਲਈ ਐਲਾਨ ਜਾਰੀ ਕੀਤਾ ਗਿਆ।

੧੫ ਨਵੰਬਰ ੧੯੨੦ ਨੂੰ ਸ੍ਰੀ ਅਕਾਲ ਤਖਤ ਪਰ ਪ੍ਰਤੀ-ਨਿਧਾਂ ਦੀ ਇਕ ਮੀਟਿੰਗ ਹੋਈ। ਜਿਸ ਵਿਚ ੧੭੫ ਮੇਂਬਰਾਂ ਦੀ ਇਕ ਕਮੇਟੀ ਬਣਾਈ ਗਈ, ਜਿਸਦਾ ਨਾਮ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਰਖਿਆ ਗਿਆ।



Digitized by Panjab Digital Library | www.panjabdigilib.org

ਇਸ ਤੋਂ ਦੋ ਦਿਨ ਪਹਿਲੇ ਸਰਕਾਰ ਨੇ ੩੬ ਮੈ ਬਰਾਂ ਦੀ ਇਕ ਕਮੇਟੀ ਬਨਾਉਣ ਦਾ ਐਲਾਨ ਕਰ ਦਿਤਾ ਜਿਸ ਦੇ ਪ੍ਰਧਾਨ ਸ੍ਰ: ਖੜਕ ਸਿੰਘ, ਸਕਤਰ ਸ੍ਰ: ਹਰਬੰਸ ਸਿੰਘ ਅਟਾਰੀ ਤੇ ਮੀਤ ਸਕਤਰ ਭਾਈ ਜੋਧ ਸਿੰਘ ਸਨ। ਸ਼ਰੋਮਨੀ ਕਮੇਟੀ ਵਿਚ ਉਨ੍ਹਾਂ ੩੬ ਮੈਂਬਰਾਂ ਨੂੰ ਵੀ ਸ਼ਾਮਲ ਕੀਤਾ ਗਿਆ* :

੧੪ ਦਸੰਬਰ ੧੯੨੦ ਨੂੰ ਸ਼ਰੋਮਣੀ ਅਕਾਲੀ ਦਲ ਕਾਇਮ ਕੀਤਾ ਗਿਆ। ਜਿਸ ਦੇ ਪਹਿਲੇ ਪ੍ਰਧਾਨ ਸ੍ਰ: ਸਰਮੁਖ ਸਿੰਘ ਝਬਾਲ ਸਨ। ਭਾਈ ਤੇਜਾ ਸਿੰਘ ਸ਼ਰੋਮਨੀ ਕਮੇਟੀ ਤੇ ਅਕਾਲੀ ਦਲ ਦੋਹਾਂ ਵਿਚ ਸ਼ਾਮਲ ਸਨ।

ਸੰਟ੍ਰਲ ਮਾਝਾ ਦੀਵਾਨ ਦੀ ਰਪੋਰਟ ਸੰਮਤ ੧੯੭੭-੭੮ ਵਿਚ ਲਿਖਿਆ ਹੈ ਕਿ ਪਸ਼ੌਰ ਤੇ ਪੰਜੇ ਸਾਹਿਬ ਤੋਂ ਵਾਪਸ ਆਉਣ ਪਰ ਭਾਈ ਤੇਜਾ ਸਿੰਘ ਭੁਚਰ ਤੋਂ ਹਿਸਾਬ ਕਿਤਾਬ ਦੇਣ ਦੀ ਮੰਗ ਕੀਤੀ ਗਈ ਉਨ੍ਹਾਂ ਨੇ ੬੨੪ ਰੁਪਏ ਨਕਦ ਦੇਕੇ ਸਕ੍ਰਤਰੀ ਤੋਂ ਅਸਤੀਫ਼ਾ ਦੇ ਦਿਤਾ।

੨੪ ਜਨਵਰੀ ੧੯੨੧ ਨੂੰ ਭਾਈ ਸਾਹਿਬ ੪੦ ਸਿੰਘਾਂ ਦਾ ਜਥਾ ਲੈਕੇ ਤਰਨ ਤਾਰਨ ਗਏ। ਪਹਿਲੇ ਪੁਜਾਰੀਆਂ ਨੇ ਪ੍ਰਤੀਨਿਧਾਂ ਨਾਲ ਗਲਬਾਤ ਕਰਕੇ ਫੈਸਲਾ ਕਰਨਾ ਪ੍ਰਵਾਨ ਕੀਤਾ। ਪਿਛੋਂ ਮੁਕਰ ਗਏ। ਉਨ੍ਹਾਂ ਨੇ ਸ਼ਾਮ ਦੇ ਦੀਵਾਨ ਵਿਚ ਹਮਲਾ ਕਰ ਦਿਤਾ। ਜਿਸ ਵਿਚ ਭਾਈ ਹਜਾਰਾ ਸਿੰਘ ਅਲਦੀਨ ਪੁਰ ਤੇ ਇਕ ਹੋਰ ਸਿੰਘ ਸ਼ਹੀਦ ਹੋ ਗਏ। ੧੭ ਸਿੰਘ ਜਖਮੀ ਹੋਏ।

ਪਰ ੨੬ ਜਨਵਰੀ ਨੂੰ ਤਰਨ ਤਾਰਨ ਦਾ ਪ੍ਰਬੰਧ ਸ਼ਰੋਮਨੀ ਕਮੇਟੀ ਦੇ ਸਪੁਰਦ ਹੋ ਗਿਆ।

ਅਪਰੈਲ ੧੯੨੧ ਵਿਚ ਭੁਚਰ ਨੇ ਸੰਟਰਲ ਦੀਵਾਨ ਮਾਝਾ

---

*ਦੇਖੋ ਇਸੇ ਕਲਮ ਲਿਖਤ ਅਕਾਲੀ ਲਹਿਰ ਦਾ ਇਤਿਹਾਸ ਪੰਨਾ ੧੦੧।



Digitized by Panjab Digital Library | www.panjabdigilib.org

ਤੋਂ ਵਖ ਹੋ ਕੇ ਗੜਗਜ ਅਕਾਲੀ' ਦੀਵਾਨ ਕਾਇਮ ਕੀਤਾ। ਫਰਵਰੀ ੧੯੨੨ ਵਿਚ 'ਗੜਗਜ ਅਕਾਲੀ' ਅਖਬਾਰ ਜਾਰੀ ਕੀਤਾ। ਜਿਸ ਦੀ ਪੰਦਰਾਂ ਦਿਨਾਂ ਬਾਅਦ ਦੋ ਹਜ਼ਾਰ ਦੀ ਜਮਾਨਤ ਜ਼ਬਤ ਹੋ ਗਈ। ਦਸਿਆ ਜਾਂਦਾ ਹੈ ਕਿ ਇਸ ਲਈ ਮਹਾਰਾਜਾ ਪਟਿਆਲਾ ਨੇ ਵੀ ਰੁਪਿਆ ਦਿਤਾ।

ਅਗਸਤ ੧੯੨੨ ਵਿਚ ਗੁਰੂ ਕੇ ਬਾਗ ਦੇ ਮੋਰਚੇ ਦੇ ਬਾਅਦ ਦੁਆਬੇ ਵਿਚ ਬਬਰ ਲਹਿਰ ਜਾਰੀ ਹੋਈ। ੭ ਮਾਰਚ ੧੯੨੧ ਨੂੰ ਜਥੇਦਾਰ ਤੇਜਾ ਸਿੰਘ ਨੇ ਗੁਰਦਵਾਰਾ ਜੰਬਰ ਕਲਾਂ ਜ਼ਿਲਾ ਲਾਹੌਰ ਪਰ ਕਬਜ਼ਾ ਕੀਤਾ। ਉਸ ਕਸ ਵਿਚ ਆਪ ਨੂੰ ਸਤ ਸਾਲ ਕੈਦ ਦੀ ਸਜ਼ਾ ਦਿਤੀ ਗਈ। ਝਬਰ ਤੇ ਭੁਚਰ ਨੂੰ ਮਿ: ਕੀਓ ਸੈਸ਼ਨ ਜੱਜ ਲਾਹੌਰ ਨੇ ਕਈ ਮੁਕਦਮਿਆਂ ਵਿਚ ਸਜਾ ਸੁਣਾਈ।

ਪਿਛੇ ਦਸ ਆਏ ਹਾਂ ਕਿ ਸ੍ਰ: ਸੁੰਦਰ ਸਿੰਘ ਮਜੀਠੀਆ ਤੇ ਸ੍ਰ: ਜੋਗਿੰਦਰ ਸਿੰਘ ਦੇ ਜਤਨ ਨਾਲ ਦੋਹਾਂ ਨੂੰ ਰਿਹਾ ਕੀਤਾ ਗਿਆ ਜਿਸ ਪਰ ਚਰਚਾ ਹੋਇਆ ਕਿ ਉਨ੍ਹਾਂ ਨੇ ਮਾਫੀ ਮੰਗੀ ਹੈ, ਜਾਂ ਸ਼ਰਤਾਂ ਪਰਵਾਨ ਕੀਤੀਆਂ ਹਨ। ਪਰ ਇਹਨਾਂ ਕੰਮ ਨਹੀਂ ਛਡਿਆ।

ਬਬਰ ਅਕਾਲੀ ਕੇਸ ਦੇ ਗੁਆਹ ਨੰਬਰ ੧੫ ਦਾ ਬਿਆਨ ਹੈ ਕਿ ਜਥੇਦਾਰ ਭੁਚਰ ਨਾਲ ਸ੍ਰ: ਕਿਸ਼ਨ ਸਿੰਘ ਗੜਗਜ ਜਿਨ੍ਹਾਂ ਨੂੰ ਫ਼ਾਂਸੀ ਹੋਈ ਤੇ ਕਰਮ ਸਿੰਘ ਝਿਗੜ ਦੇ ਸਬੰਧ ਸਨ।

੧੫ ਜੂਨ ੧੯੨੩ ਨੂੰ ਭੁਚਰ ਨੇ 'ਬਬਰ ਸ਼ੇਰ' ਅਖਬਾਰ ਜਾਰੀ ਕੀਤਾ। ਜਿਸ ਵਿਚ ਸ੍ਰੀ ਦਰਬਾਰ ਸਾਹਿਬ ਦੀ ਕਾਰਸ਼ੇਵਾ ਲਈ ਸੋਨੇ ਦੀਆਂ ਕਹੀਆਂ ਤੇ ਬਾਟੀਆਂ ਵਰਤਣ ਦੀ ਵਿਰੋਧਤਾ ਕੀਤੀ ਗਈ। ਉਸ ਵਕਤ ਸ਼ਰੋਮਣੀ ਕਮੇਟੀ ਦੇ ਪਰਧਾਨ ਸਰਦਾਰ ਬ: ਮਹਿਤਾਬ ਸਿੰਘ ਤੇ ਸਕਤਰ ਭਗਤ ਜਸਵੰਤ ਸਿੰਘ ਸਨ। ਕਾਰਸੇਵਾ ਲਈ ਪੰਜਾਂ ਪਿਆਰਿਆਂ ਦੇ ਜਥੇਦਾਰ ਸੰਤ ਬਾਬਾ



Digitized by Panjab Digital Library | www.panjabdigilib.org

ਸ਼ਾਮ ਸਿੰਘ ਸਨ। ਭੁਚਰ ਦੇ ਜਥੇ ਨੇ ਉਨਾਂ ਤੋਂ ਪਹਿਲੇ ਹੀ ਕਾਰ ਸੇਵਾ ਸ਼ੁਰੂ ਕਰ ਦਿਤੀ।

ਅਕਤੂਬਰ ੧੯੨੩ ਵਿਚ ਸ਼ਰੋਮਣੀ ਕਮੇਟੀ ਤੇ ਅਕਾਲੀ ਦਲ ਕਾਨੂੰਨ ਵਿਰੁਧ ਕਰਾਰ ਦਿਤੇ ਗਏ। ਸ਼ਰੋਮਣੀ ਕਮੇਟੀ ਦਾ ਪਹਿਲਾ ਜਥਾ ਫੜਿਆ ਗਿਆ ਉਸ ਵਿਰੁਧ ਸੰਟ੍ਰਲ ਜੇਹਲ ਲਾਹੌਰ ਤੇ ਫਿਰ ਕਿਲੇ ਵਿਚ ਸਾਜਸ਼ ਕੇਸ ਚਲਾਇਆ ਗਿਆ।

੧੦ ਦਸੰਬਰ ੧੯੨੩ ਨੂੰ ਜਥੇਦਾਰ ਤੇਜਾ ਸਿੰਘ ਭੁਚਰ ਨੂੰ ਪੁਰਾਣੇ ਕੇਸ ਵਿਚ ਫਿਰ ਗ੍ਰਿਫਤਾਰ ਕਰਕੇ ਜੇਹਲ ਵਿਚ ਬੰਦ ਕੀਤਾ ਗਿਆ।

ਮਿ: ਸਮਿਥ ਅਕਾਲੀ ਲੀਡਰ ਕੇਸ ਦੇ ਇੰਚਾਰਜ ਨੇ ਭੁਚਰ ਨੂੰ ਅਕਾਲੀ ਲੀਡਰਾਂ ਵਿਰੁਧ ਗਵਾਹੀ ਦੇਣ ਲਈ ਜ਼ਮੀਨ ਤੇ ਰੁਪਏ ਦਾ ਲਾਲਚ ਦਿਤਾ। ਪਰ ਆਪਨੇ ਠੁਕਰਾ ਦਿਤਾ।ਸਤ ਸਾਲ ਰਾਵਲਪਿੰਡੀ ਤੇ ਹੋਰ ਕਈ ਜੇਹਲਾਂ ਵਿਚ ਕੈਦ ਕੱਟੀ। ਗੁਰਦਵਾਰਾ ਐਕਟ ਬਣਨ ਤੇ ਅਕਾਲੀ ਲਹਿਰ ਖਤਮ ਹੋ ਜਾਣ ਪਰ ਵੀ ਪੰਜਾਬ ਸਰਕਾਰ ਨੇ ਐਲਾਨ ਕੀਤਾ ਕਿ ਭਾਈ ਕਰਤਾਰ ਸਿੰਘ ਝਬਰ ਤੇ ਭਾਈ ਤੇਜਾ ਸਿੰਘ ਭੁਚਰ ਤਸ਼ਦਦ ਦੇ ਕੈਦੀ ਹਨ। ਇਨਾਂ ਨੂੰ ਰਿਹਾ ਨਹੀਂ ਕੀਤਾ ਜਾ ਸਕਦਾ।

੨੦ਅਕਤੂਬਰ ੧੯੨੯ ਨੂੰ ਕੈਦ ਪੂਰੀ ਹੋਜਾਣ ਪਰ ਆਪ ਨੂੰ ਰਿਹਾ ਕੀਤਾ ਜਾਣਾ ਸੀ। ਪਰ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਫਿਰ ਕੁਝ ਸ਼ਰਤਾਂ ਪੇਸ਼ ਕੀਤੀਆਂ। ਜਿਨਾਂ ਨੂੰ ਭੁਚਰ ਨੇ ਮੰਨਣ ਤੋਂ ਇਨਕਾਰ ਕਰ ਦਿਤਾ। ਉਸਨੂੰ ਫਿਰ ਜੇਹਲ ਭੇਜ ਦਿਤਾ ਗਿਆ। ਪਰ ਪੰਜ ਨਵੰਬਰ ਨੂੰ ਰਿਹਾ ਕਰ ਦਿਤਾ।

ਅੰਮ੍ਰਿਤਸਰ ਪੁਜਣ ਪਰ ੬ ਨਵੰਬਰ ਨੂੰ ਸ਼ਰੋਮਣ ਅਕਾਲੀ ਦਲ ਤੇ ਅਕਾਲੀ ਜਥਾ ਲਹਿਰ ਅੰਮ੍ਰਿਤਸਰ ਵਲੋਂ ਮਾਨ ਪੱਤਰ ਭੇਟ ਕੀਤੇ ਗਏ।



Digitized by Panjab Digital Library | www.panjabdigilib.org

ਅਕਾਲੀ ਦਲ ਦੇ ਮਾਂਨ ਪੱਤਰ ਵਿਚ ਕਵਿਤਾ ਦੇ ਇਹ ਬੰਦ ਦਰਜ ਸਨ:—

ਪੰਥ ਦੇ ਦੂਲਿਆ ਸ਼ੇਰ ਮਰਦਾ,
ਦਸਮ ਪਿਤਾ ਦੇ ਬੀਰ ਦੁਲਾਰਿਆ ਵੇ।
ਪੈ ਕੇ ਜਬਰ ਕੁਠਾਲੀ ਦੇ ਵਿਚ ਵੀਰਾ
ਸੱਤ ਸਾਲ ਤੂੰ ਕਸ਼ਟ ਸਹਾਰਿਆ ਵੇ।
ਅੰਤ ਤੂੰ ਜਿਤਿਉਂ ਤੂੰ ਤੇਰਾ ਸਿਦਕ ਨਿਭਿਆ,
ਜਬਰ ਜ਼ੁਲਮ ਤੇਰੇ ਅਗੇ ਹਾਰਿਆ ਵੇ*।

ਭੁਚਰ ਨੇ ੧੯੨੯ ਵਿਚ ਲਾਹੌਰ ਵਿਚ ਹੋਈ ਕਾਂਗਰਸ ਦੀ ਹਮੈਤ ਕੀਤੀ। ਉਹ ਗੁਰਦਵਾਰਾ ਐਕਟ ਮੰਨਣ ਦੇ ਵਿਰੁਧ ਸਨ।ਉਨ੍ਹਾਂ ਦੀ ਸ਼ਰੋਮਣੀ ਕਮੇਟੀ ਤੇ ਅਕਾਲੀ ਦਲ ਦੇ ਲੀਡਰਾਂ ਨਾਲ ਨਹੀਂ ਬਣੀ।

੧੯੩੧ ਵਿਚ ਸਰਦਾਰ ਅਮਰ ਸਿੰਘ ਝੱਬਾਲ, ਤਰਨ ਤਾਰਨ ਕਮੇਟੀ ਦੇ ਪ੍ਰਧਾਨ ਸਨ। ਭੁਚਰ ਤੇ ਉਨ੍ਹਾਂ ਦੀ ਅਣਬਣ ਹੋ ਗਈ। ਉਸ ਨੂੰ ਖਤਮ ਕਰਨ ਲਈ ਬਾਬਾ ਵਸਾਖਾ ਸਿੰਘ, ਸੋਹਨ ਸਿੰਘ ਭਕਨਾ ਆਦਿਕ ਦੀ ਇਕ ਕਮੇਟੀ ਬਣਾਈ ਗਈ। ਜਿਸਨੇ ਭੁਚਰ ਦੇ ਵਿਰੁਧ ਫੈਸਲਾ ਦਿਤਾ।

ਜਥੇਦਾਰ ਭੁਚਰ ਵਲੋਂ ਤਾਜਵਰ ਦਾ ਲਿਖਿਆ ਇਕ ਟਰੇਕਟ 'ਮਸਿਆ ਦਾ ਪ੍ਰਸ਼ਾਦ' ਵੰਡਿਆ ਗਿਆ। ਉਸਦੇ ਉਤਰ ਵਿਚ ਭਾਈ ਨਰਿੰਜਨ ਸਿੰਘ ਸਰਲ ਦਾ ਟਰੈਕਟ 'ਭੁਚਰ ਪ੍ਰਕਾਸ਼' ਤਕਸੀਮ ਕੀਤਾ ਗਿਆ।

---

*ਕੌਮੀ ਬਬਰ ਸ਼ੇਰ ੯ ਨਵੰਬਰ ੧੯੨੯।



Digitized by Panjab Digital Library | www.panjabdigilib.org

ਜਥੇਦਾਰ ਤੇਜਾ ਸਿੰਘ ਦੇ ਮੋਰਚਿਆਂ ਵਿਚ ਰੁਝੇ ਰਹਿਣ ਤੇ ਸੱਤ ਸਾਲ ਦੀ ਕੈਦ ਕਟਣ ਦੇ ਕਾਰਨ ਅਪਦੇ ਘਰ ਦੀ ਮਾਲੀ ਹਾਲਤ ਖਰਾਬ ਹੋ ਗਈ। ਉਸਦਾ ਦੂਜਾ ਕਾਰਨ ਇਹ ਸੀ ਕਿ ਆਪਦੇ ਅਖਬਾਰ 'ਗੜਗੜ ਅਕਾਲੀ' ਤੇ ਬੱਬਰ ਸ਼ੇਰ ਦੇ ਇਕ ਦਰਜ਼ਨ ਐਡੀਟਰ ਕੈਦ ਹੋਏ। ਦੋਹਾਂ ਅਖਬਾਰਾਂ ਦੀਆਂ ਤੇਰਾਂ ਹਜ਼ਾਰ ਰੁਪਏ ਦੀਆਂ ਜਮਾਨਤਾਂ ਜ਼ਬਤ ਹੋਈਆਂ। ਪਰੈਸ ਵਿਕ ਗਿਆ। ਇਕ ਮਸ਼ੀਨ ਅਠ ਹਜਾਰ ਦੀ ਸ੍ਰ: ਮੋਹਨ ਸਿੰਘ ਸੁਲਤਾਨ ਵਿੰਡ ਗੁਰੂ ਰਾਮਦਾਸ ਪ੍ਰੈਸ ਨੂੰ ਦਿਤੀ ਗਈ।

ਜਦ ਆਪ ਜੇਹਲ ਵਿਚ ਸਨ, ਆਪਦੀ ਪਤਨੀ ਸ੍ਰੀ ਮਤੀ ਕਰਤਾਰ ਕੌਰ ਨੇ ਪੰਜਾਬ ਸਰਕਾਰ ਨੂੰ ਦਰਖਾਸਤ ਦਿਤੀ ਕਿ ਉਨਾਂ ਨੂੰ ਪ੍ਰੀਵਾਰ ਦੇ ਗੁਜ਼ਾਰੇ ਲਈ ਚਾਰ ਵਿਘੇ ਜ਼ਮੀਨ ਤੇ ੧੦੦) ਰੁਪਏ ਮਹੀਨਾ ਦਿਤਾ ਜਾਵੇ ਪਰ ਅੰਗਰੇਜ ਨੇ ਉਸਦੀ ਕੋਈ ਪ੍ਰਵਾਹ ਨਹੀਂ ਕੀਤੀ। ਕੁੜਕੀਆਂ ਨੀਲਾਮੀਆਂ ਦਾ ਸਿਲਸਿਲਾ ੧੯੩੫ ਤੀਕ ਜਾਰੀ ਰਿਹਾ। ਰਿਹਾਈ ਦੇ ਬਾਅਦ ਆਪਦਾ ਅਕਾਲੀ ਲੀਡਰਾਂ ਨਾਲ ਸੰਘਰਸ਼ ਹੀ ਹੁੰਦਾ ਰਿਹਾ। ਸੈਂਟ੍ਰਲ ਮਾਝਾ ਦੀਵਾਨ ਤੇ ਗੜਗਜ ਅਕਾਲੀ ਜਥੇ ਨੇ ਅਕਾਲੀ ਦਲ ਵਿਚ ਲੀਨ ਹੋਣ ਤੋ ਇਨਕਾਰ ਕਰ ਦਿਤਾ। ਅਖੀਰ ੩ ਅਕਤੂਬਰ ੧੯੩੯ ਨੂੰ ਘਰੋਗੀ ਕਲਾਹ ਕਰਕੇ ਆਪ ਆਪਣੇ ਭਰਾ ਵੀਰ ਸਿੰਘ ਦੇ ਹੱਥੋਂ ਮਾਰੇ ਗਏ ਉਹ ਵੀ ਕਤਲ ਹੋ ਗਿਆ। ਸ੍ਰਦਾਰ ਪ੍ਰਤਾਪ ਸਿੰਘ ਕੈਰੋਂ ਦੇ ਅਹਿਦ ਵਿਚ ਜਥੇਦਾਰ ਜੀ ਦੀ ਪਤਨੀ ਕਰਤਾਰ ਕੌਰ ਦੀ ੩੦) ਰੁਪਏ ਮਾਸਕ ਪਿਨਸ਼ਨ ਲਾਈ ਗਈ। ਉਹ ਵੀ ਗੁਜਰ ਗਏ ਹਨ। ਆਪ ਦੇ ਦੋ ਲੜਕੇ ਹਨ ਵਡੇ ਸ੍ਰ: ਨਰਿੰਦਰ ਸਿੰਘ ਭੁਚਰ ਖੁਰਦ ਦੇ ਸਰਪੰਚ ਤੇ ਛੋਟੇ ਸਰਕਾਰੀ ਨੌਕਰੀ ਵਿਚ ਹਨ।



Digitized by Panjab Digital Library | www.panjabdigilib.org

# ਸ: ਮੰਗਲ ਸਿੰਘ ਅਕਾਲੀ

## ਗੁਰਦਵਾਰਾ ਸੁਧਾਰ ਤੇ ਅਜ਼ਾਦੀ ਲਹਿਰ ਦੇ ਮਹਾਨ ਨੇਤਾ

ਹੁਣ ਅਸੀਂ ਗੁਰਦਵਾਰਾ ਸੁਧਾਰ ਤੇ ਆਜ਼ਾਦੀ ਦੀ ਲਹਿਰ ਸਮੇਂ ੧੯੨੦ ਵਿਚ ਸਰਕਾਰੀ ਨੌਕਰੀ ਛਡਕੇ ਲੋਕ ਸੇਵਾ ਦੇ ਮੈਦਾਨ ਵਿਚ ਪ੍ਰਵੇਸ਼ ਕਰਨ ਵਾਲੇ, 'ਅਕਾਲੀ' ਅਖਬਾਰ ਦੇ ਪਹਿਲੇ ਐਡੀਟਰ ਹਿੰਦੁਸਤਾਨ ਟਾਈਮਜ਼ ਦੇ ਸਚਾਲਕ, ੧੯੨੫ ਵਿਚ ਗੁਰਦਵਾਰਾ ਐਕਟ ਬਣਨ ਸਮੇਂ ਬਹੁਤ ਅਹਿਮ ਰੋਲ ਅਦਾ ਕਰਨ ਵਾਲੇ, ਸ਼ਰੋਮਣੀ ਕਮੇਟੀ, ਸੰਟ੍ਰਲ ਸਿਖਲੀਗ, ਖਾਲਸਾ ਦਰਬਾਰ ਦੇ ਪ੍ਰਧਾਨ, ਅੰਗਰੇਜ਼ ਦੀ ਜੇਹਲ ਵਿਚ ਜਾਕੇ ਤੇ ਫਿਰ ਸੰਟ੍ਰਲ ਅਸੈਂਬਲੀ ਵਿਚ ਉਸਦੇ ਵਿਰੁਧ ਗਜਨ ਵਾਲੇ, ਰਿਆਸਤੀ ਪਾਲੇਟੈਕਸ ਵਿਚ ਮਹਾਨਤਾ ਰਖਣ ਤੇ ਕਾਂਗਰਸ ਦੇ ਸਮਰਥਕ ਨੇਤਾ ਦਾ ਜੀਵਨ ਪੇਸ਼ ਕਰਦੇ ਹਾਂ, ਜਿਨ੍ਹਾਂ ਦਾ ਨਾਂ ਸ੍ਰਦਾਰ ਮੰਗਲ ਸਿੰਘ ਹੈ। ਪ੍ਰਸੰਨਤਾ ਦੀ ਗਲ ਹੈ ਕਿ ਆਪ ਇਸ ਵਕਤ ਮੌਜੂਦ ਹਨ।

ਸ: ਮੰਗਲ ਸਿੰਘ ਦਾ ਜਨਮ ੧੫ ਮਾਰਚ ਸਨ ੧੮੯੨ ਨੂੰ ਪਿੰਡ ਗਿੱਲ ਜ਼ਿਲਾ ਲੁਧਿਆਣਾ ਵਿਚ ਸ੍ਰਦਾਰ ਕਪੂਰ ਸਿੰਘ ਦੇ ਘਰ ਮਾਤਾ ਕਿਸ਼ਨ ਕੌਰ ਤੋਂ ਹੋਇਆ। ਆਪ ਚਾਰ ਭਰਾ ਸਨ। ਸ੍ਰਦਾਰ ਮੰਗਲ ਸਿੰਘ ਸਭ ਤੋਂ ਛੋਟੇ ਹਨ। ਆਪ ਦੀ ਇਕ ਭੈਣ ਸੀ।

ਉਸ ਵਕਤ ਲਾਇਲ ਪੁਰ ਦੀਆਂ ਨਹਿਰਾਂ ਨਿਕਲੀਆਂ। ਬਾਰ ਆਬਾਦ ਹੋਈ। ਸ: ਮੰਗਲ ਸਿੰਘ ਦੇ ਪਿਤਾ ਨੇ ਪਿੰਡ ਦੇ ਕੁਝ ਹੋਰ ਆਦਮੀ ਨਾਲ ਲੈਕ ਚੱਕ ੨੦੮ ਰੱਖ ਬ੍ਰਾਂਚ'ਚ ਜਮੀਨ ਲੈਕੇ ਵਸੋਂ ਕਰ ਲਈ। ਗੁਰਦਵਾਰਾ ਬਣਵਾਇਆ। ਜਿਸ ਵਿਚ ਇਕ



Digitized by Panjab Digital Library | www.panjabdigilib.org

ਚੰਗੇ ਵਿਦਵਾਨ ਉਦਾਸੀ ਸਾਧੂ ਗਰੰਥੀ ਸਨ। ਉਨਾਂ ਤੋਂ ਸਰਦਾਰ ਜੀ ਨੇ ਗੁਰਮੁਖੀ ਪੜੀ। ਫ਼ਿਰ ਉਸ ਗੁਰਦਵਾਰੇ ਵਿਚ ਪ੍ਰਾਇਮਰੀ ਸਕੂਲ ਬਣ ਗਿਆ। ਉਸ ਵਿਚੋਂ ਪ੍ਰਾਇਮਰੀ ਪਾਸ ਕੀਤੀ।

੧੯੧੪ ਵਿਚ ਖਾਲਸਾ ਹਾਈ ਸਕੂਲ ਲਾਇਲ ਪੁਰ ਚੋਂ ਦਸਵੀਂ ਜਮਾਤ ਪਾਸ ਕੀਤੀ, ਜਿਸ ਦੇ ਹੈਡਮਾਸਟਰ ਮਾਸਟਰ ਤਾਰਾ ਸਿੰਘ ਜੀ ਸਨ, ਅਤੇ ਕਾਇਮ ਕਰਨ ਵਾਲੇ ਸ੍ਰਦਾਰ ਹਰਿਚੰਦ ਸਿੰਘ ਲਾਇਲਪੁਰ ਤੇ ਸ੍ਰ: ਤੇਜਾ ਸਿੰਘ ਸਮੁੰਦਰੀ ਸਨ। ਸ੍ਰ: ਮੰਗਲ ਸਿੰਘ ਤੇ ਸ੍ਰ: ਗੋਪਾਲ ਸਿੰਘ ਕੌਮੀ ਮਾਸਟਰ ਤਾਰਾ ਸਿੰਘ ਦੇ ਸ਼ਗਿਰਦ ਸਨ।

ਮੈਟਰਕ ਵਿਚ ਚੰਗੇ ਨੰਬਰ ਅਉਣ ਕਰਕੇ ਆਪ ਨੂੰ ਯੂਨੀ ਵਰਸਟੀ ਦਾ ਵਜੀਫਾ ਮਿਲ ਗਿਆ। ਉਚੀ ਵਿਦਿਆ ਲਈ ਗੌਰਮਿੰਟ ਕਾਲਜ ਲਾਹੌਰ ਵਿਚ ਦਾਖਲ ਹੋ ਗਏ। ਜਿਥੇ ਦਾਖਲਾ ਮਿਲਨਾ ਕਾਫ਼ੀ ਮੁਸ਼ਕਲ ਸੀ। ਗੌਰਮਿੰਟ ਕਾਲਜ ਲਾਹੌਰ ਵਿਚੋਂ ਆਪ ਨੇ ਐਫ. ਏ. ਪਾਸ ਕੀਤੀ।

ਮਿਸਟਰ ਵਾਦਨ ਪ੍ਰਿੰਸੀਪਲ ਖਾਲਸਾ ਕਾਲਜ ਆਪ ਨੂੰ ਤੇ ਕੁਝ ਹੋਰ ਸਿੱਖ ਮੁੰਡਿਆਂ ਨੂੰ ਅੰਮ੍ਰਿਤਸਰ ਲੈ ਆਇਆ। ਆਪ ਚੰਗੇ ਖਿਡਾਰੀ ਤੇ ਦੌੜਨ ਵਾਲੇ ਸਨ।

੧੯੧੮ ਵਿਚ ਆਪ ਨੇ ਖਾਲਸਾ ਕਾਲਜ ਅੰਮ੍ਰਿਤਸਰ ਚੋਂ ਬੀ. ਏ. ਪਾਸ ਕੀਤੀ। ਮਿਸਟਰ ਵਾਦਨ ਨੇ ੧੨੫ ਮੁੰਡੇ ਫੌਜ ਵਿਚ ਭਰਤੀ ਕਰਵਾਏ, ਜਿੰਨਾਂ 'ਚੋਂ ਸਰਦਾਰ ਜੀ ਇਕ ਸਨ।

੧੯੧੮ ਵਿਚ ਪਹਿਲੀ ਮਹਾਨ ਜੰਗ ਖਤਮ ਹੋ ਗਈ। ਭਰਤੀ ਹੋਏ ਨੌਜਵਾਨਾਂ ਨੂੰ ਸਿਵਲ ਦੀ ਨੌਕਰੀ ਪੇਸ਼ ਕੀਤੀ ਗਈ। ਸ੍ਰ: ਮੰਗਲ ਸਿੰਘ ਤਸੀਲਦਾਰ ਭਰਤੀ ਹੋ ਗਏ। ਦੋ ਸਾਲ ਨਾਇਬ ਤਸੀਲਦਾਰੀ ਦੀ ਟਰੇਨਿੰਗ ਸੀ। ਇਸ ਦੌਰਾਨ ੧੯੧੯ ਵਿਚ ਜਲਿਆਂ ਵਾਲੇ ਬਾਗ ਦਾ ਸਾਕਾ ਹੋ ਗਿਆ। ਅਜਾਦੀ ਦੀ ਲਹਿਰ ਦੇ ਨਾਲ ਗੁਰਦਵਾਰਾ ਸੁਧਾਰ ਲਹਿਰ ਸ਼ੁਰੂ ਹੋ ਗਈ। ਗਦਰ



Digitized by Panjab Digital Library | www.panjabdigilib.org

ਪਾਰਟੀ ਦੇ ਨੇਤਾ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ "ਗਦਰ ਦੀ ਗੂੰਜ" ਚੋਂ ਨੌਜਵਾਨ ਇਹ ਗੀਤ ਗਾਉਣ ਲਗ ਪਏ:-

ਇਕੋ ਵੇਰ ਖਾਲਸਾ ਜੀ ਪੈ ਜਾਉ ਟੁਟਕੇ ।
ਜਾਏ ਨਾ ਫਰੰਗੀ ਸਾਡਾ ਦੇਸ਼ ਲੁਟਕੇ ।

ਇਸ ਵਾਤਾਵਰਨ ਦਾ ਪ੍ਰਭਾਵ ਸ: ਮੰਗਲ ਸਿੰਘ ਪਰ ਪਿਆ । ਆਪ ਨੇ ਸਰਕਾਰੀ ਨੌਕਰੀ ਛਡਕੇ ਲੋਕ ਸੇਵਾ ਦੇ ਮੈਦਾਨ ਵਿਚ ਕਦਮ ਰਖਿਆ ।

ਜੇਠ ਸੁਦੀ ਚੋਥ ਮਿਤੀ ੧੫ ਮਈ ੧੯੨੦ ਨੂੰ ਲਾਹੌਰ ਤੋਂ ਅਕਾਲੀ ਅਖਬਾਰ ਜਾਰੀ ਕੀਤਾ ਗਿਆ । ਸਰਦਾਰ ਜੀ ਨੂੰ ਉਸਦਾ ਐਡੀਟਰ ਬਣਾਇਆ ਗਿਆ । ਅਕਾਲੀ ਨੇ ਉਸ ਲਹਿਰ ਨੂੰ ਤਿਖਿਆ ਕਰਨ ਦਾ ਮਹਾਨ ਕੰਮ ਕੀਤਾ ।

## ਪਹਿਲੀ ਕੈਦ

ਨਵੰਬਰ ੧੯੨੦ ਵਿਚ ਅੰਗਰੇਜੀ ਸਰਕਾਰ ਨੇ ਅਕਾਲੀ ਅਖਬਾਰ ਵਿਚ ਵਿਰੋਧੀ ਲਿਖਤਾਂ ਕਾਰਨ ਜ਼ੇਰ ਦਫਾ ੧੨੪-੧੫੩ ਸਡੀਸ਼ਨ ਦਾ ਮੁਕਦਮਾ ਚਲਾਇਆ । ਡਿਪਟੀ ਕਮਿਸ਼ਨਰ ਲਾਹੌਰ ਨੇ ਆਪ ਨੂ ਤਿੰਨ ਸਾਲ ਕੈਦ ਤੇ ੧੦੦੦) ਰੁਪਏ ਜੁਰਮਾਨੇ ਦੀ ਸਜ਼ਾ ਦਿਤੀ । ਪਰ ਸਪੈਸ਼ਲ ਕਲਾਸ ਦਿਤੀ ਗਈ ।

ਇਹ ਕੈਦ ਆਪ ਨੇ ਸੈਂਟ੍ਰਲ ਜੇਹਲ ਲਾਹੌਰ ਤੇ ਮੀਆਂ ਵਾਲੀ ਵਿਚ ਸ: ਸਰਦੂਲ ਸਿੰਘ ਕਵੀਸ਼ਰ, ਮੌਲਾਨਾ ਜ਼ਫਰਅਲੀ ਤੇ ਉਨਾਂ ਦੇ ਲੜਕੇ ਅਖਤਰ ਅਲੀ ਤੇ ਹੋਰ ਕਾਂਗਰਸੀ ਨੇਤਾਵਾਂ ਨਾਲ ਕੱਟੀ ।

੧੯੨੩ ਦੇ ਅਖੀਰ ਵਿਚ ਰਿਹਾ ਹੋਏ । ਉਸ ਵਕਤ ਨਾਭੇ ਦੀ ਐਜੀਟੇਸ਼ਨ ਚਲ ਰਹੀ ਸੀ । ਸ਼ਰਮਣੀ ਕਮੇਟੀ ਤੇ ਅਕਾਲੀ ਦਲ ਕਾਨੂੰਨ ਵਿਰੁਧ ਕਰਾਰ ਦੇਕੇ ਸਾਰੇ ਲੀਡਰ ਫੜੇ ਜਾ ਚੁਕੇ ਸਨ । ੨੧ ਫਰਵਰੀ ੧੯੨੪ ਨੂੰ ਜੈਤੋ ਦੇ ਪਹਿਲੇ ਜਥੇ ਪਰ ਗੋਲੀ ਚਲਾਈ



Digitized by Panjab Digital Library | www.panjabdigilib.org

ਗਈ। ਉਸ ਵਕਤ ਸਰਦਾਰ ਮੰਗਲ ਸਿੰਘ ਨੇ ਬੜੀ ਸਿਆਣਪ ਤੇ ਦਲੇਰੀ ਨਾਲ ਕੰਮ ਕੀਤਾ। ਹੋਰ ਕੋਈ ਲੀਡਰ ਬਾਹਰ ਨਹੀਂ ਸੀ। ਆਪ ਸੈਂਟ੍ਰਲ ਸਿਖ ਲੀਗ ਦੇ ਪ੍ਰਧਾਨ ਸਨ। ਉਸਦਾ ਇਜਲਾਸ ਲਾਇਲ ਪੁਰ ਵਿਚ ਰਖਿਆ ਗਿਆ। ਸ੍ਰ: ਹਰਿਚੰਦ ਸਿੰਘ ਦੀ ਕੋਠੀ ਪ੍ਰਧਾਨਗੀ ਪੱਤਰ ਲਿਖ ਰਹੇ ਸਨ ਕਿ ਪੁਲੀਸ ਨੇ ਕੋਠੀ ਨੂੰ ਘੇਰਾ ਪਾ ਲਿਆ।

ਸ੍ਰ: ਹਰਿਚੰਦ ਸਿੰਘ ਨਾਲ ਸਲਾਹ ਕਰਕੇ ਉਨਾਂ ਤੋਂ ੧੦੦) ਰੁਪਏ ਲੈਕੇ ਖੇਤਕਾਮੇ ਦਾ ਰੂਪ ਵਟਾਕੇ ਕੋਠੀ ਚੋਂ ਨਿਕਲ ਗਏ। ਰਸਾਲੇ ਵਾਲੇ ਸਟੇਸ਼ਨ ਤੋਂ ਗੱਡੀ ਚੜਕੇ ਹੈਦਰਾਬਾਦ (ਸਿੰਧ) ਪੁਜ ਗਏ। ਉਥੇ ਆਪ ਨੇ ਕਾਂਗਰਸੀ ਨੇਤਾ ਡਾਕਟਰ ਚੋਇਥ ਰਾਮ ਗਿਡਵਾਨੀ ਨਾਲ ਮੁਲਾਕਾਤ ਕੀਤੀ। ਉਸਨੂੰ ਸ਼ਰੋਮਣੀ ਕਮੇਟੀ ਦੀ ਮਦਦ ਕਰਨ ਲਈ ਕਿਹਾ। ਉਸਨੇ ਆਪਨੂੰ ਚਿਠੀ ਦੇ ਮਹਾਤਮਾ ਗਾਂਧੀ ਵਲ ਸਾਬਰਮਤੀ ਭੇਜਿਆ। ਸ਼ਾਰੀ ਗਲ ਬਾਤ ਸੁਣਕੇ ਗਾਂਧੀ ਜੀ ਨੇ ਡਾਕਟਰ ਚੋਇਥ ਰਾਮ ਨੂੰ ਲਿਖਿਆ ਕਿ ਉਹ ਅੰਮ੍ਰਿਤਸਰ ਜਾਕੇ 'ਅਕਾਲੀ ਇਨਫਾਰਮੇਸ਼ਨ ਬਿਊਰੋ' ਕਾਇਮ ਕਰਨ ਤੇ ਪਰੈਸ ਨੂੰ ਖਬਰਾਂ ਭੇਜਨ। ਗਿਡਵਾਨੀ ਨੇ ਅੰਮ੍ਰਿਤਸਰ ਪੁਜਕੇ ਕੰਮ ਸ਼ੁਰੂ ਕਰ ਦਿਤਾ। ਸ੍ਰ: ਮੰਗਲ ਸਿੰਘ ਨੂੰ ਤਾਰ ਦਿਤੀ ਕਿ ਉਹ ਵੀ ਆ ਜਾਣ ਆਪ ਅੰਮ੍ਰਿਤਸਰ ਪੁਜ ਗਏ।

ਅਕਾਲੀ ਲੀਡਰਜ਼ ਕੇਸ ਵਿਚ ਸ੍ਰ: ਮੰਗਲ ਸਿੰਘ ਦਾ ਵੀ ਨਾਂ ਸੀ, ਆਪਨੇ ਪੁਲੀਸ ਨੂੰ ਇਤਲਾਹ ਦਿਤੀ। ਪੁਲੀਸ ਨੇ ਆਪ ਨੂੰ ਗ੍ਰਿਫਤਾਰ ਕਰਕੇ ਲਾਹੌਰ ਪੁਚਾ ਦਿਤਾ। ਅਕਾਲੀ ਲੀਡਰ ਸ੍ਰਦਾਰ ਬ: ਮਹਿਤਾਬ ਸਿੰਘ ਨੇ ਮਿਸਟਰ ਪਿਟ ਮੈਨ ਸਰਕਾਰੀ ਵਕੀਲ ਨੂੰ ਕਿਹਾ ਕਿ ਸ੍ਰ: ਮੰਗਲ ਸਿੰਘ ਵਿਰੁਧ ਤਾਂ ਕੋਈ ਕੇਸ ਨਹੀਂ ਬਣਦਾ। ਪਿਟ ਮੈਨ ਦੇ ਕਹਿਣ ਪਰ ਸਰਕਾਰ ਨੇ ਤਿੰਨ ਚਾਰ ਮਹੀਨੇ ਬਾਅਦ ਆਪ ਨੂੰ ਰਿਹਾ ਕਰ ਦਿਤਾ।

ਬਾਹਰ ਆਕੇ ਆਪ ਨੇ ਸ਼ਰੋਮਣੀ ਕਮੇਟੀ ਦਾ ਕੰਮ ਸੰਭਾਲ



Digitized by Panjab Digital Library | www.panjabdigilib.org

ਲਿਆ। ਅਕਾਲੀ ਅਖਬਾਰ ਚਲਾਇਆਂ। ਸਰਕਾਰੀ ਪ੍ਰਾਪੇਗੰਡੇ ਦਾ ਟਾਕਰਾ ਕੀਤਾ। ਸਰਦਾਰ ਦਇਆ ਸਿੰਘ ਲੰਗੇਰੀ ਅਕਾਲੀ ਦੇ ਮੈਨੇਜਰ ਸਨ।

## ਹਿੰਦੁਸਤਾਨ ਟਾਈਮਜ਼ ਦਾ ਆਰੰਭ

ਅਕਾਲੀ ਲਹਿਰ ਦੇ ਪ੍ਰਾਪੇਗੰਡੇ ਲਈ ਸ੍ਰ: ਮੰਗਲ ਸਿੰਘ ਨੇ ਜੁਲਾਈ ੧੯੨੪ ਵਿਚ ਅੰਗਰੇਜੀ ਦਾ ਅਖਬਾਰ ਹਿੰਦੁਸਤਾਨ ਟਾਈਮਜ਼ ਜਾਰੀ ਕਰਨ ਦੀ ਅਪੀਲ ਕੀਤੀ (ਅਕਾਲੀ ਪ੍ਰਦੇਸੀ ੨੮ ਜੁਲਾਈ ੧੯੨੪) ਉਸ ਲਈ ਅਮਰੀਕਾ, ਕੈਨੇਡਾ ਦੇ ਸਿਖਾਂ ਨੇ ਸਵਾ ਲੱਖ ਰੁਪਿਆ ਭੇਜਿਆ। ਜਿਸ ਨਾਲ ਅਖਬਾਰ ਜਾਰੀ ਕੀਤਾ ਗਿਆ। ਹਿੰਦੁਸਤਾਨ ਟਾਈਮਜ਼ ਦਾ ਪਹਿਲਾ ਪਰਚਾ ੮ ਸਿਤੰਬਰ ੧੯੨੪ ਨੂੰ ਪ੍ਰਕਾਸ਼ਤ ਹੋਇਆ। ਮਿ: ਪਾਨੀਕਰ ਇਸ ਦੇ ਐਡੀਟਰ ਸਨ। ਸਾਲ ਭਰ ਇਹ ਚੰਗੀ ਤਰਾਂ ਚਲਦਾ ਰਿਹਾ। ਇਕ ਤੇ ਗੁਰ ਐਕਟ ਬਣਨ ਨਾਲ ਲਹਿਰ ਖਤਮ ਹੋ ਗਈ। ਦੂਸਰੇ ਨਾ ਤਜਰਬਾ ਕਾਰੀ ਕਰਕੇ ਘਾਟਾ ਪੈਣ ਪਰ ੧੯੨੬ ਵਿਚ ਅਖਬਾਰ ਪੰਡਤ ਮਾਲਵੀ ਕੋਲ ਵੇਚ ਦਿਤਾ। ਉਨਾਂ ਨੇ ਸੇਠ ਬਿਰਲੇ ਨੂੰ ਦੇ ਦਿਤਾ। ਇਸ ਵਕਤ ਹਿੰਦੁਸਤਾਨ ਟਾਈਮਜ਼ ਦਿਲੀ ਚੋਟੀ ਦੇ ਅਖਬਾਰਾਂ ਚੋਂ ਹੈ।

## ਸ਼ਰੋਮਨੀ ਕਮੇਟੀ ਦੇ ਪ੍ਰਧਾਨ

੧੯੨੪ ਦੇ ਅਖੀਰ ਵਿਚ ਸ੍ਰਦਾਰ ਜੀ ਨੂੰ ਸ਼ਰੋਮਨੀ ਕਮੇਟੀ ਦਾ ਪ੍ਰਧਾਨ ਚੁਣਿਆ ਗਿਆ। ਸ੍ਰ: ਬਹਾਦਰ ਮਹਿਤਾਬ ਸਿੰਘ ਦੇ ਭਤੀਜੇ ਸ੍ਰ: ਅਰਜਨ ਸਿੰਘ ਜਨਰਲ ਸਕਤਰ ਤੇ ਮਾਸਟਰ ਦੌਲਤ ਸਿੰਘ ਮੀਤ ਸਕਤਰ ਚੁਣੇ ਗਏ। ਇੰਨਾਂ ਨੇ ਸੰਕਟ ਕਾਲ ਵਿਚ ਬੜੀ ਦਿਆਨਤ ਦਾਰੀ ਤੇ ਸਿਆਣਪ ਨਾਲ ਸੇਵਾ ਕੀਤੀ।

## ਹੇਲੀ ਦਾ ਹੱਲਾ

ਸਰ ਮੈਲਕਮ ਹੇਲੀ ਪੰਜਾਬ ਦਾ ਗਵਰਨਰ ਬਣਕੇ



Digitized by Panjab Digital Library | www.panjabdigilib.org

ਆਇਆ। ਉਸਨੇ ਜੇਹਲਾਂ ਦੇ ਅੰਦਰ ਤੇ ਬਾਹਰ ਸਖਤੀ ਦਾ ਬੜਾ ਚਕਰ ਚਲਾਇਆ।

ਸ੍ਰ: ਬਹਾਦਰ ਗਜਨ ਸਿੰਘ ਲੁਧਿਆਨਾ ਨੂੰ ਚੁਕਕੇ ਸਿੱਖ ਸੁਧਾਰ ਕਮੇਟੀ ਬਣਾਈ। ਉਹ ਅਕਾਲ ਤਖਤੋਂ ਜਥਾ ਲੈਕੇ ਜੈਤੋ ਅਖੰਡ ਪਾਠ ਕਰਨ ਗਏ।

ਜਨਰਲ ਬਰਡਵੁਡ ਨੇ ਸਿਖ ਫੌਜੀਆਂ ਨੂੰ ਪਰੇਰਨਾ ਕੀਤੀ ਕਿ ਮੋਰਚੇ ਦਾ ਟਾਕਰਾ ਕਰਨ। ਲੋਕਾਂ ਨੇ ਕਿਹਾ—ਸ਼ਰੋਮਨੀ ਕਮੇਟੀ ਨੂੰ ਮਨਾਓ।

ਗੁਰਦਵਾਰਾ ਐਕਟ

੧੯੨੫ ਵਿਚ ਸਰਕਾਰ ਤੇ ਅਕਾਲੀ ਲੀਡਰ ਦੋਵੇਂ ਮੋਰਚੇ ਨੂੰ ਖਤਮ ਕਰਨਾ ਚਾਹੁੰਦੇ ਸਨ। ਇਸ ਲਈ ਸਰਕਾਰ ਨੇ ਭਾਈ ਜੋਧ ਸਿੰਘ, ਸ੍ਰ: ਤਾਰਾ ਸਿੰਘ ਮੋਗਾ, ਸ੍ਰ: ਗੁਰਬਖਸ਼ ਸਿੰਘ ਅੰਬਾਲਾ ਐਮ. ਐਲ. ਸੀ ਤੇ ਕੇਂਦਰੀ ਅਸੈਂਬਲੀ ਦੇ ਮੈਂਬਰ ਸਰਦਾਰ ਕਰਤਾਰ ਸਿੰਘ ਨਾਲ ਗੁਰਦਵਾਰਾ ਐਕਟ ਬਾਰੇ ਗਲ ਬਾਤ ਕੀਤੀ। ਸਰਦਾਰ ਮੰਗਲ ਸਿੰਘ ਲਾਹੌਰ ਕਿਲੇ ਦੇ ਲੀਡਰਾਂ ਨੂੰ ਮਿਲੇ। ਉਨਾ ਨੇ ਗੁਰ ਐਕਟ ਬਨਾਉਣ ਪਰ ਰਜ਼ਾ ਮੰਦੀ ਪ੍ਰਗਟ ਕੀਤੀ।

੨੭ ਅਪਰੈਲ ੧੯੨੫ ਨੂੰ ਸ੍ਰ: ਮੰਗਲ ਸਿੰਘ ਦੀ ਪ੍ਰਧਾਨਗੀ ਹੇਠ ਸ਼੍ਰੋ: ਕਮੇਟੀ ਨੇ ਮਤਾ ਪਾਸ ਕੀਤਾ ਕਿ ਗੁਰ ਐਕਟ ਸੁਧਾਰ ਦੇ ਮੰਤਵਾਂ ਨੂੰ ਪੂਰਾ ਕਰਦਾ ਹੈ। ਦੋ ਤਰਮੀਮਾਂ ਪ੍ਰਵਾਨ ਕਰਨ ਦੀ ਮਗ ਕੀਤੀ। ਇਕ ਇਸਤ੍ਰੀਆਂ ਨੂੰ ਵੋਟ ਦੇਣ ਦਾ ਅਧਿਕਾਰ ਹੋਵੇ ਦੂਸਰੇ ਗੁਰਦਵਾਰਾਂ ਸੰਟ੍ਰਲ ਬੋਰਡ ਦਾ ਨਾਂ ਸ਼ਰੋਮਨੀ ਗੁਰਦਵਾਰਾ ਪ੍ਰਬੰਧਕ ਕਮੇਟੀ ਰਹਿਣ ਦਿਤਾ ਜਾਵੇ। ਸ੍ਰਕਾਰ ਨੇ ਇਹ ਗਲਾਂ ਮੰਨ ਲਈਆਂ।

੯ ਜੁਲਾਈ ੧੯੨੫ ਨੂੰ ਪੰਜਾਬ ਕੌਂਸਲ ਵਿਚ ਗੁਰਦਵਾਰਾ ਬਿੱਲ ਪਾਸ ਕੀਤਾ ਗਿਆ। ੨੧ ਜੁਲਾਈ ਨੂੰ ਸਾਰੇ ਜਥੇ ਰਿਹਾ ਹੋਕੇ ਜੈਤੋ ਪੁਜੇ। ੧੦੧ ਅਖੰਡ ਪਾਠ ਹੋਏ। ਉਸ ਮੌਕੇ ਸ੍ਰ: ਮੰਗਲ ਸਿੰਘ



Digitized by Panjab Digital Library | www.panjabdigilib.org

ਨੇ ਬੜੀ ਸਿਆਣਪ ਤੇ ਦ੍ਰਿੜਤਾ ਨਾਲ ਗੁਰੂ ਐਕਟ ਪ੍ਰਵਾਨ ਕਰਨ ਤੇ ਜੈਤੋ ਦੇ ਮੋਰਚੇ ਦੀ ਸਮਾਪਤੀ ਬਾਰੇ ਵਿਚਾਰ ਪ੍ਰਗਟ ਕੀਤੇ।

ਦੇਸ਼ ਸੇਵਾ

ਸ੍ਰ: ਜੀ ਨੇ ਜਿਥੇ ਅਕਾਲੀ ਲਹਿਰ ਵਿਚ ਬੜਾ ਕੰਮ ਕੀਤਾ ਹੈ, ਉਥੇ ਕਾਂਗਰਸ ਵਿਚ ਦੇਸ਼ ਸੇਵਾ ਵੀ ਕੀਤੀ ਹੈ। ਸੰਨ ੧੯੨੪-੨੫ ਵਿਚ ਆਪ ਸਰਬਹਿੰਦ ਕਾਂਗਰਸ ਦੀ ਵਰਕਿੰਗ ਕਮੇਟੀ ਦੇ ਮੈਂਬਰ ਸਨ।

੧੯੨੯ ਵਿਚ ਲਾਹੌਰ ਕਾਂਗਰਸ ਦੇ ਇਜਲਾਸ ਵਿਚ ਵਾਲੰਟੀਅਰ ਕੋਰ ਦੇ ਜੀ. ਓ. ਸੀ. ਸਨ। ੧੯੩੦ ਦੀ ਸਿਵਲ ਨਾਫੁਰਮਾਨੀ ਵਿਚ ਗ੍ਰਿਫਤਾਰ ਤੇ ਕੈਦ ਹੋਏ। ਦੂਜੀ ਵੇਰ ਸ੍ਰ: ਸ੍ਰਦੂਲ ਸਿੰਘ ਕਵੀਸ਼ਰ ਦੇ ਬਾਅਦ ਵਰਕਿੰਗ ਕਮੇਟੀ ਵਿਚ ਲੀਤੇ ਗਏ। ੨ ਜੁਲਾਈ ੧੯੩੩ ਨੂੰ ਮਾਸਟਰ ਤਾਰਾ ਸਿੰਘ ਤੇ ਆਪ ਨੂੰ ਸਟੇਟਸ ਪੀਪਲਜ਼ ਕਾਨਫਰੰਸ ਬੰਬਈ ਵਿਚ ਸਦਿਆ ਗਿਆ।

ਮਾਸਟਰ ਤਾਰਾ ਸਿੰਘ ਅਤੇ ਆਪ ਨੇ ਇਕ ਵੇਰ ਮਹਾਰਾਜਾ ਭੂਪਿੰਦਰ ਸਿੰਘ ਪਟਿਆਲਾ ਨਾਲ ਮੁਲਾਕਾਤ ਵੀ ਕੀਤੀ। ਸਰਦਾਰ ਸੇਵਾ ਸਿੰਘ ਠੀਕਰੀ ਵਾਲਾ ਦੀ ਭੁਖ ਹੜਤਾਲ ਖਤਮ ਕਰਾਉਣ ਦੀ ਕੋਸਸ਼ ਕੀਤੀ।

ਸੰਨ ੧੯੩੪ ਤੋਂ ਲੈਕੇ ੧੯੪੫ ਤੀਕ ਸੈਂਟ੍ਰਲ ਅਸੈਂਬਲੀ ਦੇ ਮੈਂਬਰ ਰਹੇ ਹਨ। ਅਸੈਂਬਲੀ'ਚਸ੍ਰ: ਸੰਤ ਸਿੰਘ ਲਾਇਲ ਪੁਰ ਤੇ ਸ੍ਰ: ਮੰਗਲ ਸਿੰਘ ਪ੍ਰਭਾਵਸ਼ਾਲੀ ਬੁਲਾਰੇ ਸਨ। ਆਪ ਨੇ ਸਦਾ ਕੌਮੀਂ ਤੇ ਦੇਸ਼ ਦੇ ਹਿਤਾਂ ਨੂੰ ਮੁਖ ਰਖਕੇ ਕੋਮਪ੍ਰਸਤ ਨੇਤਾ ਦੇ ਰੂਪ ਵਿਚ ਕਾਂਗਰਸ ਦਾ ਸਾਥ ਦਿਤਾ ਹੈ:

ਸਰਦਾਰ ਮੰਗਲ ਸਿੰਘ ਜੀ ਦੇ ਦੋ ਲੜਕੇ ਚੰਗੀਆਂ ਸ੍ਰਕਾਰੀ ਨੌਕਰੀਆਂ ਤੇ ਹਨ। ਇਸ ਵਕਤ ਆਪ ਚੰਡੀਗੜ 'ਚ ਨਿਵਾਸ ਰਖਦੇ ਹਨ।



Digitized by Panjab Digital Library | www.panjabdigilib.org

੯

# ਮਾ: ਸੁੰਦਰ ਸਿੰਘ ਲਾਇਲ ਪੁਰੀ

ਮਹਾਨ ਤਿਆਗੀ ਕੁਰਬਾਨੀ ਵਾਲੇ ਦੇਸ ਭਗਤ ਆਗੂ

ਸਨ ੧੯੨੦ ਜਿੰਨਾਂ ਮੁਖੀਆਂ ਨੇ ਗੁਰਦਵਾਰਾ ਸੁਧਾਰ ਲਹਿਰ ਨੂੰ ਜਨਮ ਦਿਤਾ, ਆਜ਼ਾਦੀ ਹਿਤ ਕੁਰਬਾਨੀਆਂ ਕੀਤੀਆਂ, ਉਹਨਾਂ ਚੋਂ ਮਾਸਟਰ ਸੁੰਦਰ ਸਿੰਘ ਲਾਇਲ ਪੁਰੀ ਇਕ ਸਨ। ਆਪ ਵਰਗਾ ਪਰਮ ਤਿਆਗੀ ਤੇ ਨਿਸ਼ਕਾਮ ਸੇਵਕ ਕੋਈ ਵਿਰਲਾ ਹੀ ਹੋ ਸਕਦਾ ਹੈ। ਆਕਾਲੀ ਅਖਬਾਰ ਦੇ ਮੋਢੀਆਂ ਚੋ ਸਨ। ਖਾਲਸਾ ਕਾਲਜ ਅੰਮ੍ਰਿਤਸਰ ਵਿਚ ਪੜ੍ਹਦਿਆਂ ਜਿੰਨਾਂ ਨੇ ਕੌਮੀ ਸੇਵਾ ਲਈ ਜੀਵਨ ਅਰਪਨ ਕਰਨ ਦਾ ਪ੍ਰਣ ਲਿਆ ਸੀ, ਉਹਨਾਂ ਵਿਚੋਂ ਇਕ ਸਨ।

ਮਾਸਟਰ ਸੁੰਦਰ ਸਿੰਘ ਦਾ ਜਨਮ ਸੰਨ ੧੮੮੫ ਵਿਚ ਪਿੰਡ ਬਹੋੜੂ ਜਿਲਾ ਅੰਮ੍ਰਿਤਸਰ ਵਿਚ ਸ੍ਰ: ਲਖਮੀਰ ਸਿੰਘ ਕੰਬੋਜ ਦੇ ਘਰ ਹੋਇਆ। ਇਹ ਚਾਰ ਭਰਾ ਸਨ:-ਮਾਸਟਰ ਸੁੰਦਰ ਸਿੰਘ, ਹੁਕਮ ਸਿੰਘ, ਹਾਕਮ ਸਿੰਘ ਅਤੇ ਨੰਦ ਸਿੰਘ। ਸਾਰੇ ਭਰਾਵਾਂ ਵਿਚੋਂ ਆਪ ਪੜ੍ਹੇ ਲਿਖੇ ਤੇ ਸਕੂਲ ਵਿਚ ਟੀਚਰ ਰਹੇ। ਕੌਮੀ ਸੇਵਾ ਵਿਚ ਵਧ ਚੜ੍ਹ ਕੇ ਹਿਸਾ ਲੈਣ ਵਾਲੇ ਸਨ

ਜਦ ਅੰਗਰੇਜਾਂ ਨੇ ਲਾਇਲ ਪੁਰ ਤੇ ਸ਼ੇਖੂ ਪੁਰੇ ਦੀਆਂ ਬਾਰਾਂ ਆਬਾਦ ਕੀਤੀਆਂ, ਉਸ ਵਕਤ ਆਪ ਦੇ ਪਿਤਾ ਪਿਤਾਮਾ ਨੇ ਸ਼ੇਖੂ ਪੁਰੇ ਦੇ ਜਿਲੇ ਵਿਚ ਜਮੀਨ ਲਈ। ਚੱਕ ੧੮ ਬਹੋੜੂ ਆਬਾਦ ਕੀਤਾ। ਉਥੇ ਖੇਤੀ ਬਾੜੀ ਕਰਕੇ ਬੜੀ ਸਫਲਤਾ ਪ੍ਰਾਪਤ ਕੀਤੀ



Digitized by Panjab Digital Library | www.panjabdigilib.org

ਸ੍ਰ: ਲਖਮੀਰ ਸਿੰਘ ਨੇ ਮਾਸਟਰ ਜੀ ਨੂੰ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਪੜ੍ਹਨੇ ਪਾਇਆ। ਉਦੋ ਆਪ ਨੇ ਐਫ. ਏ. ਪਾਸ ਕੀਤੀ। ਮਾਸਟਰ ਤਾਰਾ ਸਿੰਘ ਦੇ ਸਹਿਪਾਠੀ ਸਨ। ਚੱਕ ੪੧ ਲਾਇਲ ਪੁਰ ਵਿਚ ਖਾਲਸਾ ਹਾਈ ਸਕੂਲ ਕਾਇਮ ਕੀਤਾ ਗਿਆ। ਉਥੇ ਮਾਸਟਰ ਤਾਰਾ ਸਿੰਘ ਹੈਡਮਾਸਟਰ ਤੇ ਮਾਸਟਰ ਸੁੰਦਰ ਸਿੰਘ ਸੈਂਕਡ ਮਾਸਟ੍ਰ ਲਗੇ। ਇਸ ਲਈ ਲਾਇਲਪੁਰੀ ਦੇ ਨਾਮ ਤੋਂ ਪ੍ਰਸਿਧ ਹੋਏ। ਖਾਲਸਾ ਹਾਈ ਸਕੂਲ ਲਾਇਲ ਪੁਰ ਦੇ ਬਨਾਉਣ ਤੇ ਚਲਾਉਣ ਵਿਗ ਦੋਹਾਂ ਦਾ ਭਾਰੀ ਹਿਸਾ ਸੀ। ੧੫ ਰੁਪਏ ਮਹੀਨਾ ਤਨਖਾਹ ਲੈ ਕੇ ਦੋਹਾਂ ਨੇ ਸਕੂਲਾਂ ਵਿਚ ਬੜੀ ਸ਼ਾਨਦਾਰ ਸੇਵਾ ਕੀਤੀ।

ਮਾਸਟਰ ਸੁੰਦਰ ਸਿੰਘ ਸਿੰਘ ਸਭਾ ਲਹਿਰ ਦੀ ਉਪਜ ਸਨ। ਇਸ ਲਈ ਧਾਰਮਿਕ ਤੇ ਸੁਧਾਰਕ ਵਿਚਾਰਾਂ ਦੇ ਸਨ। ਆਪ ਅੰਗਰੇਜੀ ਉਰਦੂ ਤੇ ਪੰਜਾਬੀ ਬਹੁਤ ਚੰਗੀ ਤਰ੍ਹਾਂ ਜਾਣਦੇ ਸਨ। ਆਪਨੇ ਸਿੰਘ ਸਭਾ ਲਹਿਰ ਵਿਚ ਸ਼ਰਾਬ ਦੇ ਵਿਰੁਧ ਇਕ ਟ੍ਰੈਕਟ ਲਿਖਿਆ। ਜਿਸਦਾ ਸਿਰਲੇਖ ਸੀ:– ਹਾਥੀ, ਸ਼ੇਰ, ਤੋਤਾ ਤੇ ਖੋਤਾ। ਇਸ ਵਿਚ ਸ਼ਰਾਬੀ ਦੀਆਂ ਚਾਰ ਹਾਲਤਾਂ ਦਰਸਾਈਆਂ ਸਨ। ਪਹਿਲੇ ਉਹ ਹਾਥੀ ਵਾਂਗ ਝੂਮਦਾ ਹੈ, ਫਿਰ ਸ਼ੇਰ ਵਾਂਗ ਗੱਜਦਾ ਹੈ, ਫਿਰ ਤੋਤੇ ਵਾਂਗ ਬੋਲਦਾ ਤੇ ਅਖੀਰ ਖੋਤੇ ਵਾਲੀਆਂ ਹਰਕਤਾਂ ਕਰਦਾ ਹੈ।

ਮਾਸਟਰ ਜੀ ਪੰਜਾਬੀ ਦੀ ਬੜੀ ਸੁੰਦਰ ਤੇ ਰਸਦਾਇਕ ਕਵਿਤਾ ਲਿਖਦੇ ਸਨ। ਜਿਸ ਨੂੰ ਪੜ੍ਹ ਸੁਣਕੇ ਲੋਕੀ ਝੂਮ ਉਠਦੇ ਸਨ। ਉਨ੍ਹਾਂ ਨੇ ਇਕ ਟ੍ਰੈਕਟ "ਦਸ ਅਨਮੋਲ ਮੋਤੀ ਲਿਖਿਆ ਜਿਸ ਵਿਚ ਝੋਕਦੀ ਸ਼ਕਲ ਵਿਚ ਦਸ ਸਤਿਗੁਰੂਆਂ ਦਾ ਸੰਖੇਪ ਜੀਵਨ ਤੇ ਉਪਮਾ ਲਿਖੀ ਹੈ। ਉਸ ਵਿਚੋਂ ਕੁਝ ਨਮੂਨੇ ਇਸ ਪ੍ਰਕਾਰ ਹਨ:–

੧. ਜਦ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਗੁਰੂ ਅਮਰ ਦਾਸ ਜੀ ਨੂੰ ਗੁਰੂ ਗੱਦੀ ਦਿਤੀ, ਉਸ ਵਕਤ ਗੁਰੂ ਪੁਤ੍ਰ ਦਾਤੂ ਨੇ



Digitized by Panjab Digital Library | www.panjabdigilib.org

ਗੁਰੂ ਅਮਰ ਦਾਸ ਜੀ ਨੂੰ ਲੱਤ ਮਾਰੀ। ਉਸ ਪ੍ਰਸੰਗ ਨੂੰ ਇਉ. ਪੇਸ਼ ਕਰਦੇ ਹਨ:-

ਦਾਤੂ ਨੇ ਲੱਤ ਮਾਰੀ ਕਸ ਮਰੋੜ ਕੇ।
ਸਤਿਗੁਰੂ ਨੇ ਸਹਿ ਲਈ ਬੋਲੇ ਹੱਥ ਜੋੜ ਕੇ।
ਬੁਢੜਾ ਸਰੀਰ ਕਰੜਾ ਜਿਉਂ ਲਕੜੀ।
ਕੋਮਲ ਜਿਹੇ ਚਰਨਾਂ ਤਾਈ ਕਿਧਰੇ ਸੱਟ ਤਾਂ ਨਹੀਂ ਅਪੜੀ।
ਮੰਗਦਾ ਹਾਂ ਮਾਫੀ ਹੱਥ ਜੋੜ ਸਤਿਕਾਰ ਓਇ।
ਸੁਤਿਆ ਤੂੰ ਜਾਗ ਸ਼ੇਰਾ ਝਾਤੀ ਤੂੰ ਮਾਰ ਓਇ।

੨. ਅਨਮੋਲ ਮੋਤੀ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਬਾਰੇ ਲਿਖਦੇ ਹਨ:-

ਤਪਦੀਆਂ ਤਵੀਆਂ ਉਤੇ ਉਬਲਦੇ ਵਿਚ ਪਾਣੀਆਂ।
ਬੈਠਾ ਗੁਰੂ ਅਰਜਨ ਜੋਗੀ ਪੜ੍ਹਦਾ ਹੈ ਬਾਣੀਆਂ।
ਹਾਇ ਉਹ ਕਿਦਾਂ ਹੋਸੀ ਕਹਿਰ ਕਹਾਰ ਓਇ।
ਸੁਤਿਆ ਤੂੰ ਜਾਗ ਸ਼ੇਰਾ ਝਾਤੀ ਤੂੰ ਮਾਰ ਓਇ।

ਅਕਾਲੀ ਲਹਿਰ ਤੋਂ ਪਹਿਲਾ ਖਾਲਸਾ ਕਾਲਜ ਅੰਮ੍ਰਿਤਸਰ ਤੇ ਅੰਗਰੇਜ਼ਾਂ ਦਾ ਪੂਰਾ ਕਬਜਾ ਸੀ। ਉਸ ਨੂੰ ਹਟਾਉਣ ਲਈ ਅੰਦੋਲਨ ਹੋਇਆ। ਉਸ ਮੌਕੇ ਮਾਸਟਰ ਜੀ ਨੇ ਟਿਕ ਟ੍ਰੈਕਟ ਲਿਖਿਆ "ਕੀ ਖਾਲਸਾ ਕਾਲਜ ਸਿਖਾਂ ਦਾ ਹੈ?" ਉਸ ਵਿਚ ਲਿਖਦੇ ਹਨ:-

ਲੋਕੀ ਠੀਕ ਕਹਿੰਦੇ ਕਾਲਜ ਸਿਖਾਂ ਗੁਆ ਲਿਆ।
ਸ਼ੇਰਾਂ ਦੀ ਅੰਸ਼ ਹੋਕੇ ਵੱਟਾ ਲੁਆ ਲਿਆ।
ਸਮਝੀਂ ਤੂੰ ਰਾਗ ਕੇਹੜਾ ਵਜਦੀ ਪਈ ਤਾਰ ਓਇ।
ਸੁਤਿਆ ਤੂੰ ਜਾਗ ਸ਼ੇਰਾ ਪਾਸਾ ਤਾਂ ਮਾਰ ਓਇ।
ਉਤੋਂ ਗੋਰੇ ਵਿਚੋਂ ਦਿਲ ਦੇ ਕਾਲੇ ਇਹ।
ਕਰ ਲਈ ਏ ਨਾਰ ਵਿਚੋਂ ਨਿਕਲੀ ਬਦਕਾਰ ਇਹ।
ਸੁਤਿਆ ਤੂੰ ਜਾਗ ਸ਼ੇਰਾ ਝਾਤੀ ਤਾਂ ਮਾਰ ਓਇ।



Digitized by Panjab Digital Library | www.panjabdigilib.org

ਖਾਲਸਾ ਹਾਈ ਸਕੂਲ ਲਾਇਲ ਪੁਰ ਤੇ ਕਾਲਜ ਬਨਾਉਣ ਵਿਚ ਮਾਸਟਰ ਤਾਰਾ ਸਿੰਘ ਤੇ ਮਾਸਟਰ ਸੁੰਦਰ ਸਿੰਘ ਜੀ ਨੇ ਹੱਥੀਂ ਸੇਵਾ ਕੀਤੀ ਹੈ। ਦਿਨੇ ਸਕੂਲ ਵਿਚ ਪੜ੍ਹਾਉਂਦੇ ਸਨ। ਰਾਤ ਨੂੰ ਚੱਕਾਂ ਵਿਚ ਜਾ ਕੇ ਦਾਣਿਆਂ ਤੇ ਪੈਸਿਆਂ ਦੀ ਉਗਰਾਹੀ ਕਰਦੇ ਸਨ। ਸ੍ਰ: ਹਰਿਚੰਦ ਸਿੰਘ ਦੀ ਕੋਠੀ ਇਹਨਾਂ ਦਾ ਦਫਤਰ ਹੁੰਦਾ ਸੀ। ਉਥੇ ਬੈਠਕੇ ਸੇਵਾ ਦੀ ਵਿਉਂਤ ਬੰਦੀ ਕਰਦੇ ਸਨ।

੧੯੨੦ ਵਿਚ ਅਕਾਲੀ ਅਖਬਾਰ ਜਾਰੀ ਹੋਇਆ। ਜਿਸ ਨੇ ਸਿਖਾਂ ਵਿਚ ਗੁਰਦਵਾਰਾ ਸੁਧਾਰ ਤੇ ਅਜ਼ਾਦੀ ਦੀ ਇਕ ਨਵੀਂ ਰੂਹ ਫੂਕੀ, ਮਾਸਟਰ ਸੁੰਦਰ ਸਿੰਘ ਉਸਦੇ ਮੋਢੀ ਸਨ। 'ਆਪਨੇ ਸ਼ੇਖੂ ਪੁਰ ਦੇ ਚੱਕਾਂ ਵਿਚ ਫਿਰਕੇ ਇਕ ਸੌ ਰੁਪਏ ਮੁਰੱਬੇ ਦੇ ਹਿਸਾਬ ਅਕਾਲੀ ਅਖਬਾਰ ਲਈ ਉਗਰਾਹੀ ਕੀਤੀ। ਆਪ ਨੇ ੮੫੦੦ ਰੁਪਏ ਅਕਾਲੀ ਦੇ ਸਟਾਫ ਪਰ ਖਰਚ ਦਿਤੇ। ਉਹ ਰਕਮ ਬਹੋੜੂ ਦੀ ਜਮੀਨ ਤੇ ਪਤਨੀ ਦੇ ਗਹਿਣੇ ਵੇਚ ਕੇ ਪੂਰੀ ਕੀਤੀ।

ਸ੍ਰ: ਮੰਗਲ ਸਿੰਘ ਨੂੰ ਸਰਕਾਰੀ ਨੌਕਰੀ ਛੱਡਕੇ ਅਕਾਲੀ ਅਖਬਾਰ ਵਿਚ ਲਿਆਉਣ ਵਾਲੇ ਪ੍ਰੇਰਕ ਸਨ।

ਮਾਸਟਰ ਸੁੰਦਰ ਸਿੰਘ ਬੜੇ ਦੇਸ਼ ਭਗਤ ਅਜ਼ਾਦੀ ਦੇ ਪ੍ਰਵਾਨੇ ਅਤੇ ਕਾਂਗਰਸ ਦੇ ਹਾਮੀ ਸਨ। ਆਪਨੂੰ ਦੋ ਵੇਰ ਡੇਢ ੨ ਸਾਲ ਕੈਦ ਹੋਈ। ਇਕ ਵੇਰ ਜਦ ਰਿਹਾ ਹੋਕੇ ਆਏ ਤਾਂ ਢਾਬਾਂ ਵਾਲਾ (ਸ਼ੇਖੂ ਪੁਰਾ) ਸਟੇਸ਼ਨ ਤੋਂ ਆਪ ਦਾ ਜਲੂਸ ਨਿਕਲਿਆ ਜੋ ਛੇ ਮੀਲ ਲੰਮਾ ਸੀ। ਆਪ ਸਰਬ ਹਿੰਦ ਕਾਂਗਰਸ ਦੇ ਮੈਂਬਰ ਸਨ। ਹਿੰਦੂ ਮੁਸਲਿਮ ਸਿਖ ਏਕਤਾ ਦੇ ਬੜੇ ਹਾਮੀ ਸਨ। ਇਕ ਕਵਿਤਾ ਵਿਚ ਲਿਖਦੇ ਹਨ:–

ਮੇਲ ਬਿਨਾ ਸਵਰਾਜ ਕਿਵੇਂ ਕੀ ਬਚਿਆਂ ਖੇਡ ਰਚਾਈ ਏ।
ਹਿੰਦੂ ਮੁਸਲਿਮ ਸਿਖ ਈਸਾਈ ਆਪਸ ਵਿਚ ਸਭ ਭਾਈ ਭਾਈ।
ਮੇਲ ਬਿਨਾ ਸਵਰਾਜ ਕਿਵੇਂ ਕੀ ਬਚਿਆਂ ਖੇਡ ਰਚਾਈ ਏ।

੧੯੩੦ ਵਿਚ ਆਪ ਨੇ ਅੰਗਰੇਜ਼ੀ ਵਿਚ ਇਕ ਟ੍ਰੈਕਟ



Digitized by Panjab Digital Library | www.panjabdigilib.org

ਲਿਖਿਆ:-"ਅੰਧਕਾਰ ਵਿਚ ਰੋਸ਼ਨੀ" ਉਸ ਵਿਚ ਲਿਖਦੇ ਹਨ:-

ਧਾਰੋ ਧਰਮ ਇਕਲਾ ਇਕਲਾ ਮੌਜ ਜਿਵੇਂ ਮਨ ਆਈ ਏ।
ਕੌਮ ਬਣੋ ਸਾਰੇ ਇਕ ਹਿੰਦੀ ਸਾਂਝੀ ਵਤਨ ਭਲਾਈ ਏ।

ਇਹ ਉਹਨਾਂ ਦੇ ਸਚੇ ਕੌਮ ਪ੍ਰਸਤ ਅਤੇ ਦੇਸ਼ ਭਗਤ ਹੋਣ ਦਾ ਸਬੂਤ ਹੈ।

ਸ੍ਰ: ਮੰਗਲ ਸਿੰਘ, ਸ੍ਰ: ਗੋਪਾਲ ਸਿੰਘ ਕੌਮੀ ਤੇ ਗਿਆਨੀ ਕਰਤਾਰ ਸਿੰਘ ਲਾਇਲ ਪੁਰੀ ਆਪਦੇ ਸ਼ਗਿਰਦ ਸਨ।

੧੯੨੫ ਵਿਚ ਗੁਰਦਵਾਰਾ ਐਕਟ ਬਣਨ ਪਰ ਮਾਸਟਰ ਤਾਰਾ ਸਿੰਘ ਸ੍ਰੋਮਣੀ ਕਮੇਟੀ ਤੇ ਅਕਾਲੀ ਦਲ ਦੇ ਪ੍ਰਮੁਖ ਬਣ ਗਏ। ਮਾਸਟਰ ਸੁੰਦਰ ਸਿੰਘ ਦੇਸ਼ ਦੀ ਅਜ਼ਾਦੀ ਵਲ ਜੁਟ ਗਏ। ੧੯੩੦ ਵਿਚ ਆਪਨੇ ਲਾਹੌਰ ਤੋਂ ਇਕ ਅਖਬਾਰ 'ਗੁਰੂ ਖਾਲਸਾ' ਕਢਿਆ। ਫਿਰ ਦਲੇਰ ਖਾਲਸਾ ਤੇ ਕੁੰਦਨ ਆਦਿਕ ਅਧੀ ਦਰਜਨ ਅਖਬਾਰ ਕਢੇ। ਪਰ ਉਹ ਚਲ ਨਾ ਸਕੇ। ਦੋ ਸਾਲ ਬੰਬਈ ਵਿਚ ਘਿਉ ਦੀ ਦੁਕਾਨ ਕੀਤੀ। ਉਹ ਵੀ ਨਾ ਚੱਲ ਸਕੀ। ਮਾਇਕ ਤੰਗੀ ਦਾ ਸ਼ਿਕਾਰ ਹੋਏ। ਆਪ ਦਾ ਦਿਮਾਗ ਅਤੇ ਸਿਹਤ ਵਿਗੜ ਗਈ। ਕੌਮੀ ਫਕੀਰ ਦੀ ਕਿਸੇ ਮਦਦ ਨਹੀਂ ਕੀਤੀ। ੧੯੪੭ ਦੀ ਵੰਡ ਦੇ ਬਾਅਦ ਆਪਦੀ ਚੱਕ ੧੮ ਬਹੋੜੂ ਜ਼ਿਲਾ ਸੇਖੂ ਪੁਰਾ ਦੀ ਜਮੀਨ ਪਾਕਿਸਤਾਨ ਵਿਚ ਰਹਿ ਗਈ। ਜਿਸਦੇ ਬਦਲੇ ਜ਼ਿਲਾ ਹਿਸਾਰ ਵਿਚ ਕੁਝ ਜਮੀਨ ਮਿਲੀ। ਸ੍ਰ: ਪ੍ਰਤਾਪ ਸਿੰਘ ਕੈਰੋਂ ਦੇ ਅਹਿਦ ਵਿਚ ਮਾਸਟਰ ਜੀ ਦੀ ਸ਼ਾਨਦਾਰ ਸੇਵਾ, ਅਤੁਟ ਦੇਸ਼ ਭਗਤੀ ਤੇ ਕੁਰਬਾਨੀ ਨੂੰ ਮੁਖ ਰੱਖਕੇ ਸਰਕਾਰ ਵਲੋਂ ਆਪਦੀ ਪਿਨਸ਼ਨ ਲਾਈ ਗਈ। ਜੋ ਕਈ ਸਾਲ ਮਿਲਦੀ ਰਹੀ।

ਮਾਸਟਰ ਜੀ ਦੇ ਤਿੰਨ ਲੜਕੇ ਹਨ:- ਦਿਆਲ ਸਿੰਘ, ਹਿੰਦ ਪਾਲ ਸਿੰਘ ਤੇ ਮਾਸਟਰ ਜਗਤਾਰ ਸਿੰਘ। ਉਹ ਜ਼ਿਲਾ ਹਿਸਾਰ ਵਿਚ ਹੀ ਰਹਿੰਦੇ ਹਨ। ਜਗਤਾਰ ਸਿੰਘ ਹਰਿਆਣੇ ਦੇ ਇਕ ਸਕੂਲ ਵਿਚ ਟੀਚਰ ਹਨ।



Digitized by Panjab Digital Library | www.panjabdigilib.org

ਸਾਡੇ ਦੇਸ਼ ਵਿਚ ਬਹੁਤ ਸਾਰੇ ਕੌਮੀ ਸੇਵਕ, ਲੇਖਕ ਕਵੀ ਤੇ ਪ੍ਰਚਾਰਕ ਬੁਢੇਪੇ ਵਿਚ ਗਰੀਬੀ ਦੇ ਕਾਰਨ ਰੁਲਕੇ ਮਰਦੇ ਹਨ। ਉਹਨਾਂ ਦੀ ਕੋਈ ਸੇਵਾ ਸੰਭਾਲ ਨਹੀਂ ਕਰਦਾ। ਸਿਖਾਂ ਚੋਂ ਪ੍ਰਸਿਧ ਇਤਿਹਾਸਕਾਰ ਗਿਆਨੀ ਗਿਆਨ ਸਿੰਘ, ਭਾਈ ਕਰਮ ਸਿੰਘ ਹਿਸਟੋਰੀਅਨ. ਮਾਸਟਰ ਈਸ਼ਰ ਸਿੰਘ, ਅਕਾਲੀ ਪਾਰਟੀ ਦਾ ਦਿਮਾਗ ਗਿਆਨੀ ਕਰਤਾਰ ਸਿੰਘ ਤੰਗੀ ਵਿਚ ਮਰੇ ਹਨ। ਕਿਸੇ ਜਮਾਤ ਨੇ ਇਹਨਾਂ ਦੀ ਸੇਵਾ ਸੰਭਾਲ ਘਟ ਹੀ ਕੀਤੀ ਹੈ। ਇਹ ਵੇਖਕੇ ਆਉਣ ਵਾਲੇ ਕੌਮੀ ਸੇਵਕਾਂ ਦਾ ਦਿਲ ਟੁਟਦਾ ਹੈ।

ਮਾਸਟਰ ਜੀ ਦੀ ਜਿੰਦਗੀ ਦੇ ਅੰਤਮ ਸਾਲਾਂ ਵਿਚ ਬਿਰਧ ਅਵਸਥਾ ਕਰਕੇ ਆਪਦੀ ਸਿਹਤ ਬਹੁਤ ਖਰਾਬ ਹੋ ਗਈ। ਮਾਇਕ ਤੰਗੀ ਨੇ ਬੜਾ ਪਰੇਸ਼ਾਨ ਕੀਤਾ। ਆਪ ਦਾ ਚੂਲਾ ਟੁਟ ਗਿਆ। ਬੁਢੇ ਵਾਰੇ ਹੱਢੀ ਜੁੜਨੀ ਕਾਫ਼ੀ ਮੁਸ਼ਕਲ ਹੁੰਦੀ ਹੈ। ਆਪਨੇ ਕੁਝ ਚਿਰ ਗੁਰੂ ਰਾਮਦਾਸ ਸਰਾਂ ਅੰਮ੍ਰਿਤਸਰ ਵਿਚ ਰਹਿਕੇ ਚੂਲੇ ਦਾ ਇਲਾਜ ਕਰਵਾਇਆ। ਪਰ ਬਿਰਧ ਹੋਣ ਕਰਕੇ ਰਾਜੀ ਨਾ ਹੋਏ।

ਅਖੀਰ ਅਕਾਲੀ ਲਹਿਰ ਦੇ ਇਹ ਮੋਢੀ ਦੇਸ਼ ਦੀ ਅਜਾਦੀ ਲਈ ਤਨ-ਮਨ ਵਾਰਨ ਵਾਲੇ ਮਹਾਨ ਸੰਗਰਾਮੀਏ ਮਾਸਟਰ ਸੁੰਦਰ ਸਿੰਘ ਲਾਇਲ ਪੁਰੀ ੫ ਜਨਵਰੀ ੧੯੬੯ ਨੂੰ ਅਪਣੇ ਸਪੁਤਰ ਸ੍ਰ: ਜਗਤਾਰ ਸਿੰਘ ਪਾਸ ਜ਼ਿਲਾ ਹਿਸਾਰ ਵਿਚ ਹੁਕਮ ਸੱਤ ਹੋਏ। ਉਹਨਾਂ ਦਾ ਤਪ ਤਿਆਗ ਤੇ ਕੁਰਬਾਨੀ ਸਦਾ ਇਤਿਹਾਸ ਵਿਚ ਚਮਕਦੀ ਰਹੇਗੀ।



Digitized by Panjab Digital Library | www.panjabdigilib.org

## ੧੦

# ਬਾਬੂ ਦਾਨ ਸਿੰਘ ਵਛੋਆ

ਇਕ ਰਈਸ ਤੇ ਧਨ ਸੰਪਤੀ ਦਾ ਮਾਲਕ ਕੁਰਬਾਨੀ ਦੇ ਮੈਦਾਨ ਵਿਚ

ਪੰਜਾਬ ਵਿਚੋਂ ਜੇਹੜੇ ਕੁਝ ਰਈਸ, ਧੰਨ ਸੰਪਤੀ ਦੇ ਮਾਲਕ ਤੇ ਚੰਗੇ ਖਾਨਦਾਨ ਦੇ ਸਜਨ ਅਕਾਲੀ ਲਹਿਰ ਜਾਂ ਦੇਸ਼ ਦੀ ਅਜਾਦੀ ਲਈ ਕੁਰਬਾਨੀ ਦੇ ਮੈਦਾਨ ਵਿਚ ਨਿਤਰੇ ਹਨ, ਉਹਨਾਂ ਵਿਚੋਂ ਬਾਬੂ ਦਾਨ ਸਿੰਘ ਵਛੋਆ ਇਕ ਸਨ। ਆਪ ਚਾਬੀਆਂ ਦੇ ਮੋਰਚੇ ਚੋਂ ਗ੍ਰਿਫਤਾਰ ਤੇ ਕੈਦ ਹੋਏ। ਗੁਰੂ ਕੇ ਬਾਗ ਦੇ ਮੋਰਚੇ ਵਿਚ ਆਪਨੇ ਬੜਾ ਅਹਿਮ ਪਾਰਟ ਅਦਾ ਕੀਤਾ। ਅਕਾਲੀ ਲੀਡਰਜ ਕੇਸ ਵਿਚ ੧੯੨੩–੨੬ ਤੀਕ ਸੈਂਟ੍ਰਲ ਜੇਹਲ ਲਾਹੌਰ ਤੇ ਕਿਲੇ ਵਿਚ ਰਹੇ ਹਨ।

ਆਪਨੇ ਦੇਸ਼ ਦੀ ਅਜ਼ਾਦੀ ਲਈ ਵੀ ਸ਼ਾਨਦਾਰ ਕੁਰਬਾਨੀ ਕੀਤੀ। ਪੰਡਤ ਮੋਤੀ ਲਾਲ ਨਹਿਰੂ ਦੇ ਸਾਥੀਆਂ ਚੋਂ ਇਕ ਸਨ। ਆਪ ਕਈ ਸਾਲ ਸ਼ਰਬ ਹਿੰਦ ਕਾਂਗਰਸ ਕਮੇਟੀ ਦੇ ਮੈਂਬਰ, ਜਿਲਾ ਕਾਂਗਰਸ ਕਮੇਟੀ ਦੇ ਮੀਤ ਪ੍ਰਧਾਨ, ਪੰਜਾਬ ਕੌਂਸਲ ਦੇ ਮੈਂਬਰ, ਡਿਸਟ੍ਰਿਕ ਬੋਰਡ ਦੇ ਮੈਂਬਰ, ਫਤੇਵਾਲ ਕੇਸ ਦੇ ਮੁਖੀਆਂ ਚੋਂ, ਕਈ ਵਾਰ ਜੇਹਲ ਯਾਤਰਾ ਕਰਨ ਵਾਲੇ ਤੇ ਕੌਮੀ ਵਰਕਰਾਂ ਦੇ ਮਦਦ-ਗਾਰ ਸਨ।

ਸ੍ਰ: ਜੀ ਨੇ ਆਪਣੇ ਨਗਰ ਤੋਂ ਇਲਾਕੇ ਦੀ ਉਸਾਰੀ ਦੇ ਕਈ ਕੰਮ ਕੀਤੇ ਹਨ। ਜੋ ਉਹਨਾਂ ਦੀ ਸਦੀਵੀ ਯਾਦਗਾਰ ਹਨ।

ਸ੍ਰ: ਦਾਨ ਸਿੰਘ ਦਾ ਜਨਮ ਸੰਨ ੧੮੯੫ ਵਿਚ ਨਗਰ ਵਛੋਆ, ਤੁਸੀਲ ਅਜਨਾਲਾ ਜਿਲਾ ਅੰਮ੍ਰਿਤਸਰ ਵਿਚ ਹਇ



Digitized by Panjab Digital Library | www.panjabdigilib.org

ਬਹਾਦਰ ਡਾਕਟਰ ਗੰਗਾ ਸਿੰਘ ਭੰਡਾਰੀ (ਖਤ੍ਰੀ) ਦੇ ਘਰ ਹੋਇਆ ਆਪ ਚਾਰ ਭਰਾਂ ਸਨ:– ਸ੍ਰ: ਜੀਵਨ ਸਿੰਘ, ਬਾਬੂ ਦਾਨ ਸਿੰਘ, ਸ੍ਰ: ਗੋਪਾਲ ਸਿੰਘ ਤੇ ਲਾਲ ਸਿੰਘ। ਚਾਰੇ ਗੁਜਰ ਗਏ ਹਨ।

ਸ੍ਰ: ਦਾਨ ਸਿੰਘ ਦੇ ਪਿਤਾ ਡਾਕਟਰ ਗੰਗਾ ਸਿੰਘ ਯੂ. ਪੀ. ਦੇ ਵਡੇ ਲੈਂਡਲਾਰਡ ਤੇ ਬਨਾਰਸ ਵਿਚ ਰਹਿੰਦੇ ਸਨ। ਬਾਦਸ਼ਾਹ ਜਾਰਜ ਪੰਚਮ ਦੇ ਡਾਕਟਰਾਂ ਚੋਂ ਸਨ।

ਉਸ ਜਮਾਨੇ ਵਿਚ ਦੋ ਹਜਾਰ ਰੁਪਏ ਸਲਾਨਾ ਮਾਲੀਆ ਜਮੀਨ ਦਿੰਦੇ ਸਨ। ਉਹਨਾਂ ਦੀ ਅਠ ਸੌ ਵਿਘਾ ਜਮੀਨ ਵਛੋਏ ਅਤੇ ਨਾਲ ਲਗਦੇ ਪਿੰਡਾਂ ਵਿਚ ਸੀ।

ਡਾਕਟਰ ਗੰਗਾ ਸਿੰਘ ਨੇ ਆਪਣੇ ਪੁਤਰਾਂ ਨੂੰ ਚੰਗੀ ਤਾਲੀਮ ਦੇਣ ਦੀ ਕੋਸ਼ਿਸ਼ ਕੀਤੀ। ਬਾਬੂ ਦਾਨ ਸਿੰਘ ਚੰਗੇ ਪੜ੍ਹੇ ਲਿਖੇ, ਧਾਰਮਿਕ ਤੇ ਰਾਜਸੀ ਤੌਰ ਤੇ ਬੜੇ ਸੂਝਵਾਨ ਚੰਗੇ ਕੱਦ ਕਾਠ ਦੇ ਬਹੁਤ ਖੂਬਸੂਰਤ ਜ਼ਵਾਨ ਸਨ। ਅਸੀਂ ਉਹਨਾਂ ਨੂੰ ਪਹਿਲੀ ਵਾਰ ਗੁਜਰਾਤ ਦੇ ਇਕ ਦੀਵਾਨ ਵਿਚ ਵੇਖਿਆ। ਉਹ ਸਭਾ ਦਾ ਸ਼ਿੰਗਾਰ ਸਨ।

ਵਿਦਿਆ ਪ੍ਰਾਪਤੀ ਦੇ ਬਾਅਦ ਸਭ ਤੋਂ ਪਹਿਲੇ ਆਪਨੇ ਇਲਾਕੇ ਵਿਚ ਧਰਮ ਪ੍ਰਚਾਰ ਤੇ ਸਮਾਜ ਸੁਧਾਰ ਦਾ ਕੰਮ ਸ਼ੁਰੂ ਕੀਤਾ। ੧੯੧੯ ਵਿਚ ਜਲਿਆਂ ਵਾਲੇ ਬਾਗ ਦੇ ਸਾਕੇ ਨੇ ਆਪਨੂੰ ਦੇਸ ਸੇਵਾ ਦੀ ਪ੍ਰੇਰਨਾ ਕੀਤੀ। ਉਸਦੇ ਨਾਲ ਹੀ ਗੁਰਦਵਾਰਾ ਸੁਧਾਰ ਲਹਿਰ ਸ਼ੁਰੂ ਹੋ ਗਈ। ਉਸ ਵਿਚ ਵੀ ਆਪਨੇ ਵਧ ਚੜ੍ਹਕੇ ਹਿਸਾ ਲਿਆ। ਝਬਾਲੀਏ ਵੀਰਾਂ ਨਾਲ ਆਪਦਾ ਬੜਾ ਜੋੜ ਸੀ।

ਬਨਾਰਸ ਵਿਚ ਆਪਦੇ ਪਿਤਾ ਦੀ ਬੜੀ ਜਾਇਦਾਦ ਤੇ ਜਮੀਨ ਸੀ। ਇਸ ਲਈ ਕਈ ਵੇਰ ਉਥੇ ਜਾਕੇ ਵੀ ਰਹਿੰਦੇ ਸਨ। ੧੯੨੦ ਵਿਚ ਬਨਾਰਸ ਵਿਚ ਕਾਂਗਰਸ ਦਾ ਇਕ ਇਕੱਠ ਹੋਇਆ। ਜਿਸ਼ ਵਿਚ ਪੰਡਤ ਮੋਤੀ ਲਾਲ, ਜਵਾਹਰ ਲਾਲ ਤੇ



Digitized by Panjab Digital Library | www.panjabdigilib.org

ਹੋਰ ਬਹੁਤ ਸਾਰੇ ਨੇਤਾ ਸ਼ਾਮਲ ਸਨ । ਬਾਬੂ ਦਾਨ ਸਿੰਘ ਉਸ ਮੌਕੇ ਕਾਂਗਰਸ ਵਿਚ ਸ਼ਾਮਲ ਹੋਏ । ਸਰਬ ਹਿੰਦ ਕਾਂਗਰਸ ਦੇ ਵਰਕਿੰਗ ਚੁਣੇ ਗਏ ।

ਪੁਲੀਟੀਕਲ ਕਾਨਫਰੰਸ– ਸ: ਦਾਨ ਸਿੰਘ ਨੇ ੧੯੨੧ ਵਿਚ ਆਪਣੇ ਨਗਰ ਵਛੋਏ ਵਿਚ ਡਾਕਟਰ ਕਿਚਲੂ ਦੀ ਪ੍ਰਧਾਨਗੀ ਹੇਠ ਭਾਰੀ ਰਾਜਸੀ ਕਾਨਫਰੰਸ ਕੀਤੀ । ਜਿਸ ਵਿਚ ਡਾਕਟਰ ਸਤਪਾਲ ਤੇ ਚੌਧਰੀ ਰਾਮਭਜ ਦਤ ਆਦਿਕ ਮੁਖੀ ਸ਼ਾਮਲ ਹੋਏ ੨੧ ਜੋੜੀਆਂ ਬੌਲਦਾਂ ਦੇ ਗਡਿਆਂ ਦਾ ਜਲੂਸ ਕਢਿਆ ਗਿਆ । ਉਸ ਕਾਨਫਰੰਸ ਦਾ ਤਸੀਲ ਅਜਨਾਲੇ ਤੇ ਬਹੁਤ ਪ੍ਰਭਾਵ ਪਿਆ ।

ਚਾਬੀਆਂ ਦਾ ਮੋਰਚਾ– ੭ ਨਵੰਬਰ ੧੯੨੧ ਨੂੰ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਸ਼ਰੋਮਣੀ ਕਮੇਟੀ ਨੂੰ ਗੈਰ ਕਾਨੂੰਨੀ ਦਸਕੇ ਸ੍ਰੀ ਦਰਬਾਰ ਸਾਹਿਬ ਦੀਆਂ ਚਾਬੀਆਂ ਸ: ਸੁੰਦਰ ਸਿੰਘ ਰਾਮਗੜੀਆ ਸਰਬਰਾਹ ਤੋਂ ਲੈ ਲਈਆਂ । ਇਸਦੇ ਵਿਰੁਧ ਬੜਾ ਅੰਦੋਲਨ ਹੋਇਆ । ਡਿਪਟੀ ਕਮਿਸ਼ਨਰ ਨੇ ਗੌਰਮਿੰਟ ਸਕੂਲ ਅਜਨਾਲਾ ਵਿਚ ਚਾਬੀਆਂ ਬਾਰੇ ਲੈਕਚਰ ਦਿਤਾ । ਸ: ਦਾਨ ਸਿੰਘ ਤੇ ਸ: ਸਰਮੁਖ ਸਿੰਘ ਝਬਾਲ ਨੇ ਉਸਦਾ ਉਤਰ ਦੇਣਾ ਚਾਹਿਆ ਉਹਨਾਂ ਨੂੰ ਬੋਲਣ ਦੀ ਆਗਿਆ ਨਾ ਦਿਤੀ ਗਈ । ਦੋਹਾਂ ਨੇ ਕਾਲਿਆਂ ਵਾਲੇ ਖੂਹ ਦੇ ਲਾਗੇ ਜਲਸਾ ਕਰਕੇ ਜਨਤਾ ਦੇ ਸਾਹਮਣੇ ਸਹੀ ਪੋਜੀਸ਼ਨ ਬਿਆਨ ਕੀਤੀ ।

ਸ਼ਰੋਮਣੀ ਕਮੇਟੀ ਵਲੋਂ ਅਜਨਾਲੇ ਵਿਚ ਦੀਵਾਨ ਕੀਤਾ ਗਿਆ ਉਸ ਸਿਲਸਿਲੇ ਵਿਚ ੧੭ ਜਨਵਰੀ ੧੯੨੨ ਨੂੰ ਸ: ਖੜਕ ਸਿੰਘ, ਸ: ਮਹਿਤਾਬ ਸਿੰਘ, ਸ: ਤੇਜਾ ਸਿੰਘ ਸਮੁੰਦਰੀ, ਸ: ਸਰਮੁਖ ਸਿੰਘ ਝਬਾਲ ਤੇ ਸ: ਦਾਨ ਸਿੰਘ ਫੜੇ ਗਏ । ਇਹਨਾਂ ਵਿਰੁਧ ਮੁਕਦਮਾ ਚਲਾਇਆ ਗਿਆ । ਹੋਰ ਵੀ ਬਹੁਤ ਸਾਰੇ ਸਿੰਘ ਚਾਬੀਆਂ ਦੇ ਮੋਰਚੇ ਵਿਚ ਗ੍ਰਿਫਤਾਰ ਹੋਏ ।

ਅਖੀਰ ਸਰਕਾਰ ਨੇ ਸ੍ਰੀ ਦਰਬਾਰ ਸਾਹਿਬ ਦੀਆਂ ਚਾਬੀਆਂ



Digitized by Panjab Digital Library | www.panjabdigilib.org

ਸ੍ਰ: ਖੜਕ ਸਿੰਘ ਪ੍ਰਧਾਨ ਸ਼੍ਰੋਮਣੀ ਕਮੇਟੀ ਦੇ ਸਪੁਰਦ ਕੀਤੀਆਂ। ਚਾਬੀਆਂ ਦੇ ਮੋਰਚੇ ਵਿਚ ਫੜੇ ਗਏ ਲੀਡਰਾਂ ਨੂੰ ਰਿਹਾ ਕੀਤਾ ਗਿਆ।

ਗੁਰੂ ਕੇ ਬਾਗ ਦੇ ਮੋਰਚੇ ਵਿਚ—ਗੁਰੂ ਕੇ ਬਾਗ ਦੇ ਮੋਰਚੇ ਵਿਚ ਸ੍ਰ: ਦਾਨ ਸਿੰਘ ਦਾ ਰੋਲ ਬੜਾ ਅਹਿਮ ਹੈ। ਗੁਰੂ ਕੇ ਬਾਗ ਦੇ ਮਹੰਤ ਸੁੰਦਰ ਦਾਸ ਦੇ ਵਿਰੁਧ ਇਲਾਕੇ ਵਲੋਂ ਸ੍ਰੋ:ਕਮੇਟੀ ਨੂੰ ਕਈ ਸ਼ਿਕਾਇਤਾਂ ਪੁਜੀਆਂ। ਜਨਵਰੀ ੧੯੨੧ ਵਿਚ ਕਮੇਟੀ ਨੇ ਬਾਬੂ ਜੀ ਦੀ ਡੀਊਟੀ ਲਾਈ ਕਿ ਉਹ ਮਹੰਤ ਨਾਲ ਗਲ ਬਾਤ ਕਰਕੇ ਉਸਨੂੰ ਚਾਲ ਚਲਨ ਸੁਧਾਰਨ ਦੀ ਪ੍ਰੇਰਨਾ ਕਰਨ। ਸ੍ਰ: ਦਾਨ ਸਿੰਘ ਗੁਰੂ ਕੇ ਬਾਗ ਗਏ। ਮਹੰਤ ਨੇ ਆਪਣੀ ਕਰਨੀ ਦਾ ਪਸਚਾਤਾਪ ਕੀਤਾ ਤੇ ਖਿਮਾ ਮੰਗੀ। ਸ਼੍ਰੋਮਣੀ ਕਮੇਟੀ ਦੀ ਅਧੀਨਗੀ ਕਬੂਲ ਕਰ ਲਈ ਗੁਰਦਵਾਰੇ ਦੇ ਪ੍ਰਬੰਧ ਲਈ ੧੧ ਮੈਂਬਰਾਂ ਦੀ ਇਕ ਕਮੇਟੀ ਬਣਾਈ ਗਈ। ੩੧ ਜਨਵਰੀ ਨੂੰ ਮਹੰਤ ਨੂੰ ੫੦ ਰੂਪਏ ਮਾਸਕ ਦੇਣ ਦਾ ਫੈਸਲਾ ਹੋਇਆ। ਉਸ ਨੇ ਅਕਾਲ ਤਖਤ ਜਾਕੇ ਅੰਮ੍ਰਿਤ ਛਕਿਆ ਤੇ ਸਿੰਘ ਸਜ ਗਿਆ। ੨੦ ਫਰਵਰੀ ੧੯੨੧ ਨੂੰ ਨਨਕਾਣੇ ਸਾਹਿਬ ਦਾ ਸਾਕਾ ਹੋਇਆ। ਜਿਸ ਕਰਕੇ ਗੁਰੂ ਕੇ ਬਾਗ ਦਾ ਮਹੰਤ ਆਪਣੇ ਕੀਤੇ ਫ਼ੈਸਲਿਆਂ ਤੋਂ ਮੁਕਰ ਗਿਆ। ਸਰਕਾਰੀ ਅਫਸਰ ਉਸ ਦੀ ਪਿਠ ਪਰ ਹੋ ਗਏ।

ਸਰਦਾਰ ਦਾਨ ਸਿੰਘ ਦੇ ਜਤਨ ਨਾਲ ਜਦ ਗੁਰੂ ਕੇ ਬਾਗ ਦੇ ਮਹੰਤ ਨੇ ਸ਼੍ਰੋਮਣੀ ਕਮੇਟੀ ਨਾਲ ਫੈਸਲਾ ਕੀਤਾ, ਉਸ ਬਾਰੇ ਮਿ: ਮੈਕਫਰਸਨ ਨੇ ਸਕਤਰ ਸ਼੍ਰੋਮਣੀ ਕਮੇਟੀ ਨੂੰ ਚਿਠੀ ਨੰਬਰ ੧੯੩੩ ਮਿਤੀ ੪–੪–੨੧ ਨੂੰ ਲਿਖੀ, ਜਿਸ ਵਿਚ ਦਰਜ ਸੀ 'ਪਿਆਰੇ ਸਰਦਾਰ ਜੀ, ਮੈਂ ਆਪ ਨੂੰ ਇਤਲਾਹ ਦਿੰਦਾ ਹਾਂ ਕਿ ਗੁਰੂ ਕੇ ਬਾਗ ਵਿਚ ਪੁਲੀਸ ਦੀ ਜੋ ਗਾਰਦ ਹੈ, ਉਹ ਉਠਾ ਲਈ ਜਾਵੇਗੀ ਜੇ ਆਪਨੂੰ ਕੁਝ ਪੁਲੀਸ ਦੀ ਲੋੜ ਹੋਵੇ ਤਾਂ ਇਤਲਾਹ ਦੇਣੀ ਤਾਂ ਕਿ ਉਸਨੂੰ ਉਥੇ ਰਹਿਣ ਦਿਤਾ ਜਾਏ।'

ਇਹ ਸਬੂਤ ਹੈ ਕਿ ਸਰਕਾਰੀ ਅਫਸਰਾਂ ਨੇ ਫੈਸਲੇ ਨੂੰ



Digitized by Panjab Digital Library | www.panjabdigilib.org

ਪ੍ਰਵਾਨ ਕੀਤਾ। ਇਸ ਚਿਠੀ ਦੇ ਉਤਰ ਵਿਚ ਪ੍ਰੋ: ਸਾਹਿਬ ਸਿੰਘ ਸਕਤਰ ਸ਼੍ਰੋਮਣੀ ਕਮੇਟੀ ਨੇ ਮਿ: ਮੈਕਫਰਸਨ ਨੂੰ ਲਿਖਿਆ ਕਿ ਸਾਨੂੰ ਆਪ ਤੇ ਗੁਰੂ ਕੇ ਬਾਗ ਵਿਚੋਂ ਪੁਲੀਸ ਹਟਾ ਲੈਣ ਪਰ ਕੋਈ ਇਤਰਾਜ ਨਹੀਂ। ਜਦ ਸਾਨੂੰ ਪੁਲੀਸ ਦੀ ਲੋੜ ਹੋਈ, ਆਪ ਨੂੰ ਲਿਖ ਦਿਤਾ ਜਾਏਗਾ। (ਅਕਾਲੀ ਲਹਿਰ ਦਾ ਇਤਿਹਾਸ ਪੰਨਾ ੨੭।

ਜਦ ਮਹੰਤ ਫੈਸਲੇ ਤੋਂ ਮੁਕਰ ਗਿਆ ਉਸ ਵਕਤ ਸ਼੍ਰੋਮਣੀ ਕਮੇਟੀ ਨੇ ੨੩ ਅਗਸਤ ੧੯੨੨ ਨੂੰ ਸ੍ਰ: ਦਾਨ ਸਿੰਘ ਦੀ ਜਥੇਦਾਰੀ ਹੇਠ ਗੁਰੂ ਕੇ ਬਾਗ ਜਥਾ ਭੇਜਿਆ। ਜਿਸ ਨੇ ਪੁਜ ਕੇ ਮਹੰਤ ਨੂੰ ਪ੍ਰਬੰਧ ਤੋਂ ਵਖਰਾ ਕਰ ਦਿਤਾ।

ਗੁਰਦਵਾਰੇ ਦੇ ਕਬਜੇ ਦੀ ਖਬਰ ਸੁਣਕੇ ਮੈਕਫਰਸਨ ਐਸ. ਪੀ.ਗੁਰੂ ਕੇ ਬਾਗ ਪੁਜਾ।ਉਸਨੇਸਿੰਘਾਂ ਨੂੰ ਲੰਗਰ ਲਈ ਲਕੜਾਂ ਕਟਣ ਤੋਂ ਰੋਕਿਆ ਤੇ ਗ੍ਰਿਫਤਾਰ ਕੀਤਾ। ਜਿਸ ਤੋਂ ਗੁਰੂ ਕੇ ਬਾਗ ਵਿਚ ਮੋਰਚਾ ਲਗਾ ਉਸ ਦੇ ਵਿਸਥਾਰ ਵਿਚ ਜਾਣ ਦੀ ਲੋੜ ਨਹੀਂ।

ਅਕਾਲੀ ਲੀਡਰਾਂ ਦੇ ਨਾਲ ਹੀ ਸ੍ਰ: ਦਾਨ ਸਿੰਘ ਨੂੰ ਅਸਲਮ ਹਯਾਤ ਖਾਂ ਮਜਿਸਟਰੇਟ ਦੀ ਅਦਾਲਤ ਵਿਚੋਂ ਕੈਦ ਤੇ ਜੁਰਮਾਨੇ ਦੀ ਸਜਾ ਦਿਤੀ ਗਈ। ਸਰਕਾਰ ਨੇ ਸਰ ਗੰਗਾ ਰਾਮ ਨੂੰ ਵਿਚ ਪਾਕੇ ਮੋਰਚੇ ਦਾ ਡਰਾਪ ਸੀਨ ਕੀਤਾ। ੧੯੨੩ ਦੇ ਹਿੰਦੂ ਮੁਸਲਮਾਨ ਫਸਾਦ ਵਿਚ ਅਕਾਲੀਆਂ ਵਲੋਂ ਮਦਦ ਕਰਨ ਦੀ ਆੜ ਵਿਚ ਗੁਰੂ ਕੇ ਬਾਗ ਦੇ ਕੈਦੀਆਂ ਨੂੰ ਰਿਹਾ ਕੀਤਾ ਗਿਆ।

੧੯੨੩ ਤੋਂ ੨੬ ਤੀਕ ਆਪ ਜੈਤੋ ਦੇ ਮੋਰਚੇ ਸਮੇਂ ਸ਼੍ਰੋਮਣੀ ਕਮੇਟੀ ਦੇ ਪਹਿਲੇ ਜਥੇ ਨਾਲ ਸੰਟ੍ਰਲ ਜੇਹਲ ਤੇ ਲਾਹੌਰ ਕਿਲੇ ਵਿਚ ਰਹੇ।

ਅਕਾਲੀ ਲਹਿਰ ਦੇ ਬਾਅਦ ਆਪ ਐਮ.ਐਲ.ਸ੍ਰੀ.ਬਣੇ। ੧੯੩੦ ਦੀ ਸਿਵਲ ਨਾ-ਫੁਰਮਾਨੀ ਵਿਚ ਇਕ ਸਾਲਜੇਲ੍ਹ ਯਾਤਰਾ ਵੀ ਕੀਤੀ।



Digitized by Panjab Digital Library | www.panjabdigilib.org

੨੬ ਜਨਵਰੀ ੧੯੩੮ ਨੂੰ ਫਤੇਹਵਾਲ ਵਿਚ ਕਾਂਗਰਸ ਜਲਸੇ ਦੇ ਪ੍ਰਧਾਨ ਸਨ। ਜਿਸ ਪਰ ਮਿ: ਮੈਕਡਾਨਲਡ ਡੀ. ਸੀ. ਦੀ ਚੁਕ ਪਰ ਕੁਝ ਮੁਸਲਮਾਨਾਂ ਨੇ ਹਮਲਾ ਕੀਤਾ। ਫਿਰਕੂ ਫਸਾਦ ਕਰਨ ਦੀ ਕੋਸ਼ਿਸ਼ ਕੀਤੀ ਕੌਮੀ ਝੰਡਾ ਫਾੜ ਦਿਤਾ। ਉਸ ਹਮਲੇ ਵਿਚ ਦੋ ਮੁਸਲਮਾਨ ਮਾਰੇ ਗਏ।

ਉਸ ਕਤਲ ਕੇਸ ਵਿਚ ਸ੍ਰ: ਦਾਨਸਿੰਘ, ਭਾਈ ਫਤਹਿ ਸਿੰਘ ਸੂਰਤ ਸਿੰਘ ਫਤੇਹਵਾਲ ਸਮੇਤ ੪੨ ਆਦਮੀ ਫੜੇ ਗਏ। ਸ਼ੇਸ਼ਨ ਜਜ ਨੇ ਬਾਬੂ ਜੀ ਨੂੰ ਮੁਕਦਮੇ ਚੋਂ ਛਡ ਦਿਤਾ। ਬਾਕੀ ਦੇ ਬਾਅਦ ਵਿਚ ਬਰੀ ਹੋਏ।

ਸ੍ਰ: ਦਾਨ ਸਿੰਘ ੧੯੩੬ ਵਿਚ ਡਿ. ਬੋਰਡ ਦੇ ਮੈਂਬਰ ਬਣੇ ਕਈ ਸਾਲ ਮੀਤ ਪ੍ਰਧਾਨ ਰਹੇ। ਯੂਨੀਅਨ ਕੋਓਪਰੇਟਿਵ ਬੈਂਕ ਦੇ ਚੇਅਰਮੈਨ ਸਨ। ਆਪ ਨੇ ਵਛੋਏ ਵਿਚ ਮਿਡਲ ਸਕੂਲ ਤੇ ਹਸਪਤਾਲ ਬਣਵਾਇਆ, ੫੦ ਹਜਾਰ ਦੀ ਲਾਗਤ ਨਾਲ ਬੈਂਕ ਦੀ ਇਮਾਰਤ ਬਣਵਾਈ। ਸਕੂਲ ਇਸ ਵਕਤ ਹਾਈ ਹੈ। ਆਪ ਸ੍ਰ: ਸੋਹਨ ਸਿੰਘ ਜੋਸ਼ ਤੇ ਹੋਰ ਕਈ ਦੇਸ਼ ਭਗਤਾਂ ਦੀ ਮਾਲੀ ਸਹਾਇਤਾ ਕਰਦੇ ਰਹੇ ਹਨ। ਆਪਦੇ ਕੋਈ ਸੰਤਾਨ ਨਹੀਂ ਸੀ। ਇਕ ਲੜਕੀ ਗੋਦ ਲੈ ਕੇ ਪਾਲੀ। ਉਸ ਦੀ ਸ਼ਾਦੀ ਸਟੇਟ ਬੈਂਕ ਦੇ ਇਕ ਵਰਕਰ ਨਾਲ ਕੀਤੀ। ਆਪਦੇ ਭਤੀਜੇ ਹਨ।

ਸ੍ਰ: ਦਾਨ ਸਿੰਘ ਜੀਵਨ ਯਾਤਰਾ ਸਫਲ ਕਰਦੇ ਹੋਏ ੨੯ ਜੂਨ ੧੯੭੩ ਨੂੰ ਸੁਰਗਵਾਸ ਹੋਏ। ਉਹਨਾਂ ਦੀ ਪਤਨੀ ਪ੍ਰੀਤਮ ਕੌਰ ੧੯੭੪ ਵਿਚ ਗੁਜਰ ਗਈ।



Digitized by Panjab Digital Library | www.panjabdigilib.org

## ੧੧

# ਮਹਾਨ ਅਕਾਲੀ ਨੇਤਾ

# ਮਾਸਟਰ ਤਾਰਾ ਸਿੰਘ

ਮਾਸਟਰ ਤਾਰਾ ਸਿੰਘ,ਸਿੰਘ ਸਭਾ ਲਹਿਰ ਦੀ ਉਪਜ ਸਨ । ਕਾਲਜ ਵਿਚੋਂ ਪੜ੍ਹਾਈ ਖਤਮ ਕਰਨ ਦੇ ਉਪਰੰਤ ਆਪ ਨੇ ਕਈ ਸਕੂਲਾਂ ਵਿਚ ਸੇਵਾ ਕੀਤੀ । ਅਕਾਲੀ ਲਹਿਰ ਦੇ ਇਕ ਤਜਰਬੇ-ਕਾਰ, ਪੜ੍ਹੇ ਲਿਖੇ ਤੇ ਸੂਝਵਾਨ ਨੇਤਾ ਸਨ । ਉਸ ਲਹਿਰ ਦੇ ਹਰ ਮੋਰਚੇ ਵਿਚ ਆਪ ਨੇ ਕੁਰਬਾਨੀ ਵੀ ਕੀਤੀ ਹੈ । ਅਕਾਲੀ ਲਹਿਰ ਤੀਕ ਆਪ ਬੈਕ ਗਰਾਊਂਡ ਦੇ ਵਰਕਰ ਸਨ । ੧੯੨੫ ਦੇ ਗੁਰਦਵਾਰਾ ਐਕਟ ਬਾਅਦ ਆਪ ਸ਼ਰੋਮਣੀ ਕਮੇਟੀ ਤੇ ਅਕਾਲੀ ਦਲ ਪਰ ਛਾ ਗਏ ਤੇ ਸਭ ਤੋਂ ਪ੍ਰਮੁਖ ਨੇਤਾ ਬਣੇ ।

ਰਾਜਨੀਤਕ ਖੇਤਰ ਵਿਚ ਆਪ ਕਾਫ਼ੀ ਚਿਰ ਕਾਂਗਰਸ ਵਿਚ ਰਹੇ ਹਨ । ੧੯੩੦ ਦੀ ਸਿਵਲ ਨਾ-ਫ਼ੁਰਮਾਨੀ ਵਿਚ ੧੦੦ ਸਿੰਘ ਦਾ ਜਥਾ ਲੈ ਕੇ ਪਸ਼ੌਰ ਗਏ । ਬਾਅਦ ਵਿਚ ਕਾਂਗਰਸ ਦੇ ਵਿਰੋਧੀ ਵੀ ਰਹੇ ਹਨ ।

ਅਜਾਦੀ ਦੇ ਬਾਅਦ ਆਪਨੇ ਦੋ ਵੇਰ ਕਾਂਗਰਸ ਨਾਲ ਸਮਝੋਤਾ ਵੀ ਕੀਤਾ । ਪਾਕਿਸਤਾਨ ਦੀ ਆਪ ਨੇ ਡਟਕੇ ਵਿਰੋਧਤਾ ਕੀਤੀ ।

ਤਕਸੀਮ ਪੰਜਾਬ ਸਮੇਂ ਮੁਸਲਿਮ ਲੀਗ ਦਾ ਟਾਕਰਾ ਕਰਨ ਦਾ ਜਤਨ ਕੀਤਾ । ਮਾਸਟਰ ਜੀ ਦੀ ਆਵਾਜ਼ ਸਿਖ ਲੀਡਰ ਦੇ



Digitized by Panjab Digital Library | www.panjabdigilib.org

ਤੌਰ ਤੇ ਹਰ ਕਿਸੇ ਨੇ ਸੁਣੀ ਆਪ ਲਚਕਦਾਰ ਵੀ ਸਨ। ਜਿਸ ਨਾਲ ਲੜਦੇ ਸਨ, ਉਸ ਨਾਲ ਸੁਲਾਹ ਵੀ ਕਰ ਲੈਂਦੇ ਸਨ। ਮਹਾਰਾਜੇ ਪਟਿਆਲੇ ਤੇ ਸਰ ਸਿਕੰਦਰ ਦੇ ਵਿਰੁਧ ਸਖਤ ਲੜੇ ਪਰ ਉਹਨਾਂ ਨਾਲ ਸੁਲਾਹ ਵੀ ਕੀਤੀ।

ਧਾਰਮਿਕ ਤੇ ਇਖਲਾਕੀ ਲਿਹਾਜ ਨਾਲ ਬਹੁਤ ਉਚੇ ਜੀਵਨ ਦੇ ਸਨ। ਰਾਜਸੀ ਤੌਰ ਤੇ ਕਈ ਗਲਾਂ ਵਿਚ ਜਜ਼ਬਾਤੀ ਲੀਡਰ ਸਾਬਤ ਹੋਏ। ਪਰ ਉਹਨਾਂ ਨੇ ਸ਼ਰੋਮਣੀ ਕਮੇਟੀ ਤੇ ਅਕਾਲੀ ਦਲ ਨੂੰ ਮਿਲਾਕੇ ਕਈ ਸਾਲ ਚਲਾਇਆ।

ਸਿਖ ਪੰਥ ਦਾ ਵਕਾਰ ਕਾਇਮ ਕਰਨ ਦਾ ਜਤਨ ਕੀਤਾ ਹੈ ਅਸੀਂ ਸਿਖ ਮਿਸ਼ਨਰੀ ਕਾਲਜ ਵਿਚ ਤੇ ਸ਼ਰੋਮਣੀ ਕਮੇਟੀ ਦੀ ਸਰਵਿਸ ਵਿਚ ਕਈ ਸਾਲ ਰਹਿਕੇ ਮਾਸਟਰ ਜੀ ਨੂੰ ਬਹੁਤ ਨੇੜਿਉਂ ਹੋਕੇ ਤਕਿਆ ਹੈ। ਉਹ ਸਦਾ ਚਾਰਕ ਤੌਰ ਤੇ ਉਚੇ ਲੀਡਰ ਸਨ। ਆਪਦੀ ਕਲਮ ਵਿਚ ਜ਼ੋਰ ਸੀ। ਕਥਨੀ ਨਿਰਬਲ ਸੀ। ਜੀਵਨ ਸੰਘਰਸ਼ ਮਈ ਹੈ ਉਸ ਵਿਚ ਬੜੇ ਉਤਾਰ ਚੜ੍ਹਾ, ਸਫਲਤਾ ਤੇ ਨਾਕਾਮੀਆਂ ਹਨ। ਪਰ ਆਪ ਪੰਜਾਬੀ ਸੂਬੇ ਦੇ ਬਾਨੀ ਸਨ। ਪਰ ਮਰਨ ਵਰਤ ਰੱਖਕੇ ਤੋੜਨ ਨੇ ਆਪਦੇ ਅਸਰ ਨੂੰ ਘਟਾਇਆ। ਵਿਰੋਧੀਆਂ ਨੇ ਸ਼ਰੋਮਣੀ ਕਮੇਟੀ ਤੇ ਅਕਾਲੀ ਦਲ ਪਰ ਕਬਜਾ ਕਰਕੇ ਆਪ ਨੂੰ ਸ਼ੰਟ ਕਰਨ ਦੀ ਕੋਸ਼ਿਸ਼ ਕੀਤੀ। ਪਰ ਜੀਵਨ ਹੈ ਸਿਖਿਆ ਦਾਇਕ ਆਪਦਾ ਇਸ ਲਈ ਅਸੀਂ ਪੁਸਤਕ ਦੇ ਮੱਧਵਿਚ ਪੇਸ਼ ਕਰਦੇ ਹਾਂ।

ਮਾਸਟਰ ਤਾਰਾ ਸਿੰਘ ਦਾ ਜਨਮ ੨੪ ਜੂਨ ਸਨ ੧੮੮੫ ਨੂੰ ਪਿੰਡ ਹਰਿਆਲ ਤਹਿਸੀਲ ਗੁਜਰ ਖਾਂ ਜ਼ਿਲਾ ਰਾਵਲ ਪਿੰਡੀ ਵਿਚ ਸ੍ਰੀ ਗੋਪੀ ਚੰਦ ਸਹਿਜਧਾਰੀ ਦੇ ਘਰ ਮਾਤਾ ਮੂਲਾ ਦੇਵੀ ਤੋਂ ਹੋਇਆ। ਆਪ ਮਲਹੋਤਰੇ ਖਤਰੀ ਸਨ। ਆਪ ਦਾ ਬਚਪਨ ਦਾ ਨਾਂ ਨਾਨਕ ਚੰਦ ਸੀ। ਆਪ ਚਾਰ ਭਰਾ ਸਨ: ਸ੍ਰ: ਗੰਗਾ ਸਿੰਘ, ਸੰਤ ਸਿੰਘ, ਮਾਸਟਰ ਤਾਰਾ ਸਿੰਘ ਤੇ ਪ੍ਰਿੰਸੀਪਲ ਨਰਿੰਜਨ ਸਿੰਘ



Digitized by Panjab Digital Library | www.panjabdigilib.org

ਪਹਿਲੇ ਤਿੰਨ ਭਰਾ ਗੁਜਰ ਗਏ ਹਨ। ਪ੍ਰਿੰਸੀਪਲ ਨਰਿੰਜਨ ਸਿੰਘ ਮੌਜੂਦ ਹਨ।

ਆਰੰਭਕ ਜੀਵਨ

ਮਾਸਟਰ ਜੀ ਨੇ ਪ੍ਰੈਮਰੀ ਪਿੰਡ ਦੇ ਸਕੂਲ ਵਿਚ ਪਾਸ ਕੀਤੀ। ੧੯੦੨ ਵਿਚ ਸੰਤ ਅਤਰ ਸਿੰਘ ਜੀ ਤੋਂ ਡੇਰਾ ਖਾਲਸਾ ਜ਼ਿਲ੍ਹਾ ਰਾਵਲ ਪਿੰਡੀ ਵਿਚ ਅੰਮ੍ਰਿਤ ਪਾਨ ਕੀਤਾ। ਆਪ ਦਾ ਨਾਮ ਨਾਨਕ ਚੰਦ ਬਦਲਕੇ ਤਾਰਾ ਸਿੰਘ ਰਖਿਆ ਗਿਆ। ੧੯੦੩ ਵਿਚ ਆਪ ਨੇ ਮਿਸ਼ਨ ਸਕੂਲ ਰਾਵਲ ਪਿੰਡੀ ਚੋਂ ਮੈਟ੍ਰਿਕ ਪਾਸ ਕੀਤੀ। ਕਹਿੰਦੇ ਹਨ ਕਿ ਪੰਜਵੀਂ ਜਮਾਤ ਵਿਚ ਸਨ ਕਿ ਪਿਤਾ ਨੇ ਆਪਦੇ ਜਬਰਨ ਕੇਸ ਕਟਵਾ ਦਿਤੇ। ਪਰ ਅਠਵੀਂ ਜਮਾਤ ਵਿਚ ਆਪਨੇ ਫਿਰ ਰੱਖ ਲਏ ਆਪਦੇ ਪ੍ਰਭਾਵ ਕਰਕੇ ਸਾਰੇ ਭਰਾ ਤੇ ਪ੍ਰਵਾਰ ਸਿੰਘ ਸਜ ਗਿਆ। (ਅਕਾਲੀ ਪ੍ਰਦੇਸੀ ੨ ਨਵੰਬਰ ੧੯੩੧)

ਖਾਲਸਾ ਕਾਲਜ ਅੰਮ੍ਰਿਤਸਰ ਚੋਂ ਬੀ.ਏ. ਤੇ ਟਰੇਨਿੰਗ ਕਾਲਜ ਚੋਂ ਬੀ.ਟੀ.ਪਾਸਕੀਤੀ। ਸਕੂਲ ਤੇ ਕਾਲਜ ਵਿਚ ਹਾਕੀ ਦੇ ਕੈਪਟਨ ਰਹੇ। ਫ਼ੁਟਬਾਲ ਦੇ ਚੰਗੇ ਖਿਲਾੜੀ ਸਨ। ਜਿਸਮ ਦੇ ਸਖਤ ਹੋਣ ਕਰਕੇ, ਸਾਥੀ ਆਪ ਨੂੰ 'ਪੱਥਰ' ਉਪ ਨਾਮ ਨਾਲ ਬੁਲਾਉਂਦੇ ਸਨ। ਪਰ ਆਚਰਨ ਦੇ ਉਚੇ ਸਨ। ਖਾਲਸਾ ਕਾਲਜ ਦੀ ਪੜ੍ਹਾਈ ਸਮੇਂ ਪ੍ਰਬੰਧ ਵਿਚ ਅੰਗਰੇਜ਼ਾਂ ਦੇ ਦਖਲ ਵਿਰੁਧ ਸਨ। ਪ੍ਰਸਿਧ ਦੇਸ਼ ਭਗਤ ਗੋਖਲੇ ਇਕ ਵੇਰ ਅੰਮ੍ਰਿਤਸਰ ਆਇਆ, ਖਾਲਸਾ ਕਾਲਜ ਦੇ ਮੁੰਡਿਆਂ ਨੇ ਉਸ ਦੀ ਗੱਡੀ ਖਿਚੀ। ਮਾਸਟਰ ਜੀ ਉਹਨਾਂ ਵਿਚੋਂ ਸਨ।

ਸ਼ਾਦੀ

੧੯੦੪ ਵਿਚ ਆਪਦੀ ਸ਼ਾਦੀ ਸ੍ਰੀ ਮਤੀ ਤੇਜ ਕੌਰ ਸਪੁਤ੍ਰੀ ਸ: ਮੰਗਤ ਸਿੰਘ ਧਮਿਆਲ ਜਿਲਾ ਰਾਵਲ ਪਿੰਡੀ ਨਾਲ ਹੋਈ। ਉਹ ਵੀ ਬਹੁਤ ਨੇਕ ਸਨ।



Digitized by Panjab Digital Library | www.panjabdigilib.org

## ਵਿਦਿਅਕ ਸੇਵਾ

ਕਾਲਜ ਚੋਂ ਨਿਕਲਣ ਦੇ ਬਾਅਦ ਆਪਨੇ ਸਕੂਲ ਸਰਵਿਸ ਕਰਨ ਦਾ ਮਨ ਬਣਾ ਲਿਆ । ਮਾਸਟਰ ਤਾਰਾ ਸਿੰਘ, ਸ: ਬਿਸ਼ਨ ਸਿੰਘ ਤੇ ਮਾਸਟਰ ਸੁੰਦਰ ਸਿੰਘ ਨੇ ਖਾਲਸਾ ਦੀਵਾਨ ਬਾਰ ਨੂੰ ਲਿਖਕੇ ਦਿਤਾ ਕਿ ਜੇ ਲਾਇਲ ਪੁਰ ਵਿਚ ਖਾਲਸਾ ਹਾਈ ਸਕੂਲ ਜਾਰੀ ਕੀਤਾ ਜਾਵੇ ਤਾਂਅਸੀਂ ਤਿੰਨੇ ੧੫ਰੁਪਏ ਮਾਸਕ ਤਨਖਾਹ ਤੇ ਸੇਵਾ ਕਰਨ ਲਈ ਤਿਆਰ ਹਾਂ । ਸਕੂਲ ਜਾਰੀ ਹੋਗਿਆ ੧੫ ਮਈ ੧੯੦੮ ਨੂੰ ਆਪ ਉਸ ਦੇ ਹੈਡਮਾਸਟਰ ਨਿਯੁਕਤ ਹੋਏ ।

ਸਕੂਲ ਦੀ ਇਮਾਰਤ ਬਨਾਉਣ ਤੇ ਪੜ੍ਹਾਈ ਦੇ ਪ੍ਰਬੰਧ ਚਲਾਉਣ ਵਿਚ ਆਪਨੇ ਸ਼ਾਨਦਾਰ ਸੇਵਾ ਕੀਤੀ । ਜਿਸ ਦਾ ਲੋਕਾਂ ਤੇ ਬਹੁਤ ਚੰਗਾ ਪ੍ਰਭਾਵ ਪਿਆ । ਚੱਕ ੪੧ ਤੇ ਖਾਲਸਾ ਹਾਈ ਸਕੂਲ ਕੱਲਰ ਜਿਲਾ ਰਾਵਲਪਿੰਡੀ ਚ' ਕੁਝ ਚਿਰ ਹੈਡਮਾਸਟਰ ਰਹੇ ਜਦ ਲਾਇਲ ਪੁਰ ਵਿਚ ਸਨ ਤਾਂ ਆਪ ਸ: ਭਗਤ ਸਿੰਘ ਦੇ ਚਾਚੇ ਸ: ਅਜੀਤ ਸਿੰਘ ਨੂੰ ਮਿਲੇ । ੧੯੧੩ ਵਿਚ ਕੈਨੇਡਾ ਚ' ਹਿੰਦੀਆਂ ਦੇ ਪ੍ਰਵੇਸ ਪਰ ਬੰਦਸ਼ ਲਾਈ ਗਈ । ਉਥੋਂ ਇਕ ਡੇਪੂਟੇਸ਼ਨ ਆਇਆ । ਉਸ ਦਾ ਸਕੂਲ ਵਿਚ ਦੀਵਾਨ ਕਰਵਾਇਆ ਸਕੂਲ ਕਮੇਟੀ ਵਿਚ ਸ: ਹਰਿਚੰਦ ਸਿੰਘ, ਸ: ਤੇਜਾ ਸਿੰਘ ਸਮੁੰਦਰੀ ਜਮਾਦਾਰ ਸਾਧੂ ਸਿੰਘ ਸਨ । ਉਹ ਮਾਸਟਰ ਤਾਰਾ ਸਿੰਘ ਦਾ ਬੜਾ ਸਤਿਕਾਰ ਕਰਦੇ ਸਨ ।

ਗੁਰਦਵਾਰਾ ਰਕਾਬ ਗੰਜ ਦੀ ਕੰਧ ਦਾ ਅੰਦੋਲਨ ਹੋਇਆ ਉਸ ਵਿਚ ਆਪਨੇ ਹਮਦਰਦੀ ਪ੍ਰਗਟ ਕੀਤੀ । ਅੰਗਰੇਜ ਅਫਸਰ ਇਸ ਦੇ ਵਿਰੁਧ ਸਨ ।

## ਅਕਾਲੀ ਲਹਿਰ ਵਿਚ

੧੯੨੦ ਵਿਚ ਗੁਰਦਵਾਰਾ ਸੁਧਾਰ ਲਹਿਰ ਚਲੀ । ੨੦ ਫਰਵਰੀ ੧੯੨੧ ਨੂੰ ਨਨਕਾਣੇ ਸਾਹਿਬ ਦਾ ਸਾਕਾ ਹੋਇਆ : ਉਸ ਵਕਤ ਸਕੂਲ ਤੋਂ ਛੁਟੀ ਲੈ ਕੇ ਮਾਰਚ ੧੯੨੧ ਵਿਚ



Digitized by Panjab Digital Library | www.panjabdigilib.org

ਸ਼੍ਰੋਮਣੀ ਕਮੇਟੀ ਦੇ ਸਕੱਤਰ ਲੱਗੇ।

ਮਾਸਟਰ ਜੀ ਪਹਿਲੀ ਵੇਰ ੧੯੨੧ ਵਿਚ ਚਾਬੀਆਂ ਦੇ ਮੋਰਚੇ ਵਿਚ ਫੜੇ ਗਏ। ਜਦ ਸਰਕਾਰ ਨੇ ਬਾਕੀ ਲੀਡਰਾਂ ਨੂੰ ਛਡਿਆ, ਆਪ ਵੀ ਰਿਹਾ ਹੋਏ। ਦੂਜੀ ਵੇਰ ਅਗਸਤ ੧੯੨੨ ਵਿਚ ਗੁਰੂ ਕੇ ਬਾਗ ਦੇ ਮੋਰਚੇ ਸਮੇਂ ਅਕਾਲੀ ਲੀਡਰਾਂ ਨਾਲ ਗ੍ਰਿਫਤਾਰ ਹੋਏ ਤੇ ਕੁਝ ਚਿਰ ਬਾਅਦ ਰਿਹਾ ਹੋਏ।

ਅਕਾਲੀ ਲੀਡਰ ਕੇਸ

ਜੁਲਾਈ ੧੯੨੩ ਵਿਚ ਸਰਕਾਰ ਅੰਗਰੇਜੀ ਨੇ ਮਹਾਰਾਜਾ ਰਿਪੁਦਮਨਸਿੰਘ ਨਾਭਾ ਨੂੰ ਗਦੀਉਂ ਲਾਹ ਦਿਤਾ। ਉਸ ਦੇ ਵਿਰੁਧ ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ ਨੇ ਅੰਦੋਲਨ ਕੀਤਾ। ਉਸ ਮੌਕੇ ਮਾਸਟਰ ਜੀ ਨੇ ਅਕਾਲੀ ਪ੍ਰਦੇਸੀ ਵਿਚ ਸਭ ਤੋਂ ਵਧੀਕ ਲਿਖਿਆ ਤੇ ਜੈਤੋ ਦੇ ਮੋਰਚੇ ਲਈ ਲੋਕਾਂ ਨੂੰ ਤਿਆਰ ਕੀਤਾ। ਅਕਤੂਬਰ ੧੯੨੩ ਵਿਚ ਸਰਕਾਰ ਨੇ ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ ਨੂੰ ਕਾਨੂੰਨ ਵਿਰੁਧ ਕਰਾਰ ਦੇ ਕੇ ਸਾਰੇ ਅਕਾਲੀ ਲੀਡਰਾਂ ਨੂੰ ਗ੍ਰਿਫਤਾਰ ਕਰ ਲਿਆ। ਉਹਨਾਂ ਵਿਰੁਧ ਜ਼ੇਰ ਦਫਾ ੧੨੧-੧੨੪ ਸੈਂਟ੍ਰਲ ਜੇਹਲ ਤੇ ਫਿਰ ਲਾਹੌਰ ਕਿਲੇ ਵਿਚ ਕੇਸ ਚਲਾਇਆ ਗਿਆ।ਉਸ ਕੇਸ ਵਿਚ ਮਾਸਟਰ ਜੀ ਛੇਵੇਂ ਨੰਬਰ ਤੇ ਸਨ।

੧੯੨੫ ਵਿਚ ਗੁਰਦਵਾਰਾ ਐਕਟ ਸ਼੍ਰੋਮਣੀ ਕਮੇਟੀ, ਕਿਲੇ ਦੇ ਆਗੂਆਂ ਤੇ ਕੌਂਸਲ ਦੇ ਸਿਖ ਮੈਂਬਰਾਂ ਦੀ ਮਰਜ਼ੀ ਨਾਲ ਪਾਸ ਕੀਤਾ ਗਿਆ। ਪਰ ਸਰ ਮੈਲਕਮ ਹੇਲੀ ਗਵਰਨਰ ਪੰਜਾਬ ਨੇ ਕੈਦੀਆਂ ਦੀ ਰਿਹਾਈ ਲਈ ਗੁਰਦਵਾਰਾ ਐਕਟ ਮੰਨਣ ਦੀ ਸ਼ਰਤ ਰੱਖ ਦਿਤੀ। ਜਿਸ ਨੂੰ ਮੰਨਣ ਨਾ ਮੰਨਣ ਬਾਰੇ ਮਤ ਭੇਦ ਹੋਗਿਆ। ਹੇਲੀ ਫੁਟ ਪਾਉਣ ਵਿਚ ਸਫਲ ਰਿਹਾ। ਲਾਹੌਰ ਕਿਲੇ ਵਿਚ ੪੦ ਲੀਡਰ ਸਨ। ਉਹਨਾਂ ਚੋਂ ੨੩ ਸ਼ਰਤਾਂ ਮੰਨਕੇ ਆ ਗਏ। ੧੫ ਲੀਡਰ ਅੰਦਰ ਰਹਿ ਗਏ ਸ੍ਰ: ਤੇਜਾ ਸਿੰਘ ਤੇ ਮਾਸਟਰ ਜੀ ਸ਼ਰਤ।



Digitized by Panjab Digital Library | www.panjabdigilib.org

ਨਾ ਮੰਨਣ ਵਾਲਿਆ ਚੋਂ ਸਨ।

ਗੁਰਦਵਾਰਾ ਐਕਟ ਬਣਨ ਨਾਲ ਜੈਤੋ ਦਾ ਮੋਰਚਾ ਤਾਂ ਖਤਮ ਹੋਗਿਆ। ਪਰ ਸ਼ਰੋਮਣੀ ਕਮੇਟੀ ਵਿਚ ਪਾਰਟੀ ਬਾਜ਼ੀ ਸ਼ੁਰੂ ਹੋ ਗਈ।

ਜੁਲਾਈ ੧੯੨੬ ਵਿਚ ਸ੍ਰ: ਤੇਜਾ ਸਿੰਘ ਸਮੁੰਦਰੀ ਕਿਲੇ ਵਿਚ ਚੜ੍ਹਾਈ ਕਰ ਗਏ। ਬਾਕੀ ਦੇ ਆਗੂਆਂ ਨੇ ਮਾਸਟਰ ਤਾਰਾ ਸਿੰਘ ਨੂੰ ਆਪਣਾ ਲੀਡਰ ਮੰਨ ਲਿਆ। ਅਕਾਲੀਆਂ ਵਿਚ ਦੋ ਪਾਰਟੀਆਂ ਬਣ ਗਈਆਂ–ਇਕ ਅਕਾਲੀ ਪਾਰਟੀ ਦੂਜੀ ਸ੍ਰਦਾਰ ਬਹਾਦਰ ਪਾਰਟੀ। ਇਹਨਾਂ ਦਾ ਜ਼ਿਕਰ ਵੀ ਪਿਛੇ ਕਰ ਆਏ ਹਾਂ। ੧੯੨੬ ਵਿਚ ਗਰਦਵਾਰਾ ਐਕਟ ਅਨੁਸਾਰ ਸ਼ਰੋਮਣੀ ਕਮੇਟੀ ਦੀਆਂ ਚੋਣਾਂ ਹੋਈਆਂ। ਪਾਰਟੀ ਬਾਜੀ ਦੇ ਆਧਾਰ ਪਰ ਲੜੀਆਂ ਗਈਆਂ। ਉਸ ਵਕਤ ਸ੍ਰ: ਖੜਕ ਸਿੰਘ ਜੇਹਲ ਵਿਚ ਸਨ। ਉਹ ਸ਼ਰੋਮਣੀ ਕਮਟੀ ਦੇ ਪ੍ਰਧਾਨ ਅਤੇ ਮਾਸਟਰ ਤਾਰਾ ਸਿੰਘ ਮੀਤ ਪ੍ਰਧਾਨ ਚੁਣੇ ਗਏ। ਇਥੋਂ ਆਪ ਦੀ ਜਨਤਕ ਲੀਡਰੀ ਕਾਇਮ ਹੋਈ। ਸਰਕਾਰ ਨੇ ਕਿਲੇ ਦੇ ਆਗੂ ਵੀ ਰਿਹਾ ਕਰ ਦਿਤੇ। ਸ੍ਰ: ਖੜਕਸਿੰਘ ਜੇਲ੍ਹ ਵਿਚ ਸਨ। ਮਾਸਟਰ ਜੀ ਸ਼੍ਰੋ:ਕਮੇਟੀ ਦਾ ਸਾਰਾ ਕੰਮ ਕਰਦੇ ਸਨ। ਉਹਨਾਂ ਦਾ ਅਕਾਲੀਆਂ ਵਿਚ ਪ੍ਰਭਾਵ ਬਹੁਤ ਵਧ ਗਿਆ।

### ਪਟਿਆਲੇ ਨਾਲ ਵਿਰੋਧ

ਜੈਤੋ ਦੇ ਮੋਰਚੇ ਕਾਰਨ ਮਹਾਰਾਜਾ ਪਟਿਆਲਾ ਨਾਲ ਸ਼ਰੋਮਣੀ ਕਮੇਟੀ ਤੇ ਅਕਾਲੀ ਦਲ ਦਾ ਵਿਰੋਧ ਪਹਿਲੇ ਹੀ ਵਧ ਚੁਕਾ ਸੀ। ਉਸਨੇ ਰਿਆਸਤ ਵਿਚੋਂ ਕਈ ਪ੍ਰਵਾਰ ਬਦਰ ਕੀਤੇ ਸਨ। ਪਰ ਕਿਲੇ ਦੇ ਲੀਡਰਾਂ ਦੀ ਰਿਹਾਈ ਸਮੇਂ ਸ੍ਰ: ਸੇਵਾ ਸਿੰਘ ਠੀਕਰੀ ਵਾਲਾ ਨੂੰ ਮੁੜ ਗ੍ਰਿਫਤਾਰ ਕਰਕੇ ਜੇਹਲ ਵਿਚ ਬੰਦ ਕਰ ਦਿਤਾ। ਮਾਸਟਰ ਜੀ ਤੇ ਸ੍ਰ: ਮੰਗਲ ਸਿੰਘ, ਸ੍ਰ: ਸੇਵਾ ਸਿੰਘ ਦੀ ਰਿਹਾਈ ਲਈ ਮਹਾਰਾਜੇ ਨੂੰ ਮਿਲੇ, ਪਰ ਉਹ ਨਹੀਂ ਮੰਨਿਆ।



Digitized by Panjab Digital Library | www.panjabdigilib.org

ਜਿਸ ਕਰਕੇ ਮਾਸਟਰ ਜੀ ਨੇ ਉਸਦੇ ਵਿਰੁਧ ਸਖਤ ਜਹਾਦ ਕੀਤਾ। ਉਸ ਦਾ ਅਸਰ ਸ਼ਰੋਮਣੀ ਕਮੇਟੀ ਤੇ ਸਿਖ ਰਾਜਨੀਤੀ ਪਰ ਵੀ ਪਿਆ। ਮਹਾਰਾਜਾ ਭੁਪਿੰਦਰਸਿੰਘ ਸ੍ਰ: ਬਹਾਦਰ ਪਾਰਟੀ ਦੀ ਮਦਦ ਕਰਦਾਸੀ ਉਸਨੇ ਮਾਸਟਰਜੀ ਨੂੰ ਡਰਤੇ ਲਾਲਚਵੀ ਦਿਤਾ ਪਰ ਉਹ ਨਹੀਂ ਟਲੇ ਅਖੀਰ ਸ੍ਰ: ਸੇਵਾ ਸਿੰਘ ਦੀ ਸ਼ਹੀਦੀ ਦੇ ਬਾਅਦ ਮਾਸਟਰ ਜੀ ਨੇ ਉਸ ਨਾਲ ਸੁਲਾਹ ਕੀਤੀ।

ਰਾਜਨੀਤਕ ਖੇਤ੍ਰ ਵਿਚ, ਨਹਿਰੂ ਰਿਪੋਰਟ—

੧੯੨੮ ਵਿਚ ਸਾਈਮਨ ਕਮਿਸ਼ਨ ਆਇਆ, ਜਿਸ ਦਾ ਕਾਂਗਰਸ ਤੇ ਸਿਖ ਲੀਗ ਨੇ ਬਾਈਕਾਟ ਕੀਤਾ। ੧੯੨੯ ਵਿਚ ਨਹਿਰੂ ਰਿਪੋਰਟ ਪ੍ਰਕਾਸ਼ਤ ਹੋਈ। ਉਸ ਪਰ ਸ੍ਰ: ਮੰਗਲ ਸਿੰਘ ਨੇ ਦਸਤਖਤ ਕੀਤੇ ਸਨ। ਉਸ ਰਿਪੋਰਟ ਵਿਚ ਸਿਖਾਂ ਦਾ ਕੋਈ ਜ਼ਿਕਰ ਨਹੀਂ ਸੀ। ਸ੍ਰ: ਖੜਕ ਸਿੰਘ ਨੇ ਉਸ ਦੀ ਵਿਰੋਧਤਾ ਕੀਤੀ ਮਾਸਟਰ ਜੀ ਵੀ ਨਾਲ ਸ਼ਾਮਲ ਸਨ।

੧੯੨੯ ਵਿਚ ਲਾਹੌਰ ਕਾਂਗਰਸ ਦੇ ਮੌਕੇ ਅਕਾਲੀ ਕਾਨਫਰੰਸ ਕੀਤੀ ਗਈ। ਕਾਂਗਰਸੀ ਨੇਤਾਵਾਂ ਨੇ ਅਕਾਲੀ ਲੀਡਰਾਂ ਨਾਲ ਮੁਲਾਕਾਤ ਕਰਕੇ ਯਕੀਨ ਦੁਆਇਆ ਕਿ ਨਹਿਰੂ ਰਿਪੋਰਟ ਵਾਪਸ ਲੀਤੀ ਗਈ ਹੈ। ਪੰਜਾਬ ਬਾਰੇ ਕੋਈ ਫੈਸਲਾ ਕਰਨ ਸਮੇਂ ਸਿਖਾਂ ਦੀ ਰਾਇ ਲੀਤੀ ਜਾਵੇਗੀ। ਮਾਸਟਰ ਜੀ ਮੰਨ ਗਏ। ਸ੍ਰ: ਖੜਕ ਸਿੰਘ ਨੇ ਝੰਡੇ ਵਿਚ ਰੰਗ ਪਾਣ ਦੀ ਮੰਗ ਕਰ ਦਿਤੀ।

ਦੂਜੀ ਸਿਵਲ ਨਾ-ਫੁਰਮਾਨੀ ਵਿਚ—

੧੯੩੦ ਵਿਚ ਕਾਂਗਰਸ ਨੇ ਦੂਜੀ ਵੇਰ ਸਿਵਲ ਨਾ-ਫੁਰਮਾਨੀ ਕੀਤੀ। ਉਸ ਮੌਕੇ ਸ੍ਰਕਾਰ ਅੰਗਰੇਜੀ ਨੇ ਪਸ਼ੌਰ ਵਿਚ ਸਰਹੱਦੀ ਗਾਂਧੀ ਦੀ ਪਾਰਟੀ ਪਰ ਬੜੀ ਸਖਤੀ ਕੀਤੀ ਕਿਸਾਖਾਨੀ ਬਜਾਰ ਵਿਚ ਗੋਲੀ ਚਲਾਈ। ਗੁ: ਸ਼ਹੀਦ ਗੰਜ ਦਿਲੀ ਪਰ ਵੀ ਗੋਲੀ ਚਲੀ।

ਮਾਸ਼ਟਰ ਜੀ ਪਠਾਣਾਂ ਨਾਲ ਹਮਦਰਦੀ ਪ੍ਰਗਟ ਕਰਨ



Digitized by Panjab Digital Library | www.panjabdigilib.org

ਲਈ ਇਕ ਸੌ ਸਿੰਘਾਂ ਦਾ ਜਥਾ ਲੈ ਕੇ ੧੦ ਮਈ ੧੯੩੦ ਨੂੰ ਕੌਮੀ ਝੰਡੇ ਫੜਕੇ ਪਸ਼ੌਰ ਗਏ, ਆਪ ਨੂੰ ਗਿਫਤਾਰ ਕੀਤਾ ਗਿਆ। ਜਥੇ ਨੂੰ ਜੇਹਲਮ ਦੇ ਲਾਗੇ ਮਾਰ ਕੁਟਾਈ ਕਰਕੇ ਫੜ ਲੀਤਾ।

ਮਾਸਟਰ ਜੀ ਗੁਜਰਾਤ ਜੇਹਲ ਵਿਚ ਕੌਮੀ ਲੀਡਰਾਂ ਨਾਲ ਰਹੇ। ਗਾਂਧੀ ਇਰਵਨ ਪੈਕਟ ਹੋਣ ਪਰ ੧੯੩੧ ਵਿਚ ਰਿਹਾ ਹੋਏ।

ਸਿਖ ਲੀਗ ਦੀ ਪ੍ਰਧਾਨਗੀ–

੮ ਅਪ੍ਰੈਲ ੧੯੩੧ ਨੂੰ ਮਾਸਟਰ ਜੀ ਦੀ ਪ੍ਰਧਾਨਗੀ ਹੇਠ ਸੰਟ੍ਰਲ ਸਿਖ ਲੀਗ ਦਾ ਨੌਵਾਂ ਇਜਲਾਸ ਬਾਗ ਅਕਾਲੀਆਂ ਅੰਮ੍ਰਿਤਸਰ ਵਿਚ ਹੋਇਆ। ਉਸ ਵਿਚ ਗਾਂਧੀ ਜੀ ਨੂੰ ਵੀ ਸਦਿਆ ਗਿਆ। ਮਾਸਟਰ ਜੀ ਨੇ ਪ੍ਰਿੰਟਡ ਪ੍ਰਧਾਨਗੀ ਭਾਸ਼ਨ ਵਿਚ ਗਾਂਧੀ ਜੀ ਬਾਰੇ ਕਿਹਾ: "ਇਹ ਖੁਸ਼ ਕਿਸਮਤੀ ਸਮਝੋ ਕਿ ਮੁਲਕ ਇਸ ਵਕਤ ਮਹਾਤਮਾ ਗਾਂਧੀ ਜੀ ਜੋ ਇਸ ਵੇਲੇ ਸਭ ਤੋਂ ਚੰਗੀ ਦਾਨਸ਼ ਮੰਦ ਤੇ ਆਤਮ ਤਿਆਗੀ ਹਸਤੀ ਹੈ, ਦੀ ਅਗਵਾਈ ਵਿਚ ਚਲ ਰਿਹਾ ਹੈ। ਜਿਹਾ ਕਿ ਮਹਾਨ ਉਚਤਾ ਵਾਲਾ ਸਾਡਾ ਦੇਸ਼ ਹੈ, ਤਿਹਾ ਹੀ ਮਹਾਤਮਾ ਗਾਂਧੀ ਜਿਹਾ ਮਹਾ ਪੁਰਖ ਉਸਨੇ ਪੈਦਾ ਕੀਤਾ ਹੈ। (ਪ੍ਰਧਾਨਗੀ ਪਤ੍ਰ ਪੰਨਾ ੩)

ਕਾਂਗਰਸ ਬਾਰੇ ਆਪਨੇ ਕਿਹਾ: 'ਮੈਂ ਸਦਾ ਸਿਖ ਕੌਮ ਨੂੰ ਹਿੰਦੀ ਕੌਮ ਦਾ ਹਿਸਾ ਸਮਝਿਆ ਹੈ ਤੇ ਹਿਸਾ ਵੀ ਜਰੂਰੀ। ਪਰ ਫੇਰ ਵੀ ਹਿਸਾ ਹੀ ਹੈ। ਏਸੇ ਵਾਸਤੇ ਮੈਂ ਲਗਾਤਾਰ ਇਸ ਗਲ ਦੇ ਹੱਕ ਵਿਚ ਰਿਹਾ ਹਾਂ ਕਿ ਪੰਥ ਦੀ ਨੀਤੀ ਐਸੀ ਢਾਲੀ ਜਾਏ ਜੋ ਸਰਬ ਹਿੰਦ ਕੌਮੀ ਨੀਤੀ ਨਾਲ ਢੁਕ ਜਾਏ। ਸੰਟ੍ਰਲ ਸਿਖ ਲੀਗ ਇੰਡੀਅਨ ਨੈਸ਼ਨਲ ਕਾਂਗਰਸ ਦੀ ਕੋਈ ਮੁਕਾਬਲੇ ਦੀ ਜਮਾਤ ਨਹੀਂ ਹੈ ਬਲਕਿ ਉਸ ਦਾ ਇਕ ਜ਼ਮੀਮਾ ਹੈ"

ਅਜਾਦੀ ਦੇ ਜੰਗ ਵਿਚ ਹਮੇਸ਼ਾ ਇਸਨੇ ਇੰਡੀਅਨ ਨੈਸ਼ਨਲ ਕਾਂਗਰਸ ਦੀ ਹਮਾਇਤ ਤੇ ਸਹਾਇਤਾ ਕੀਤੀ ਹੈ। (ਪੰਨਾ ੫)



Digitized by Panjab Digital Library | www.panjabdigilib.org

ਇਸ ਸਮਾਗਮ ਵਿਚ ਸ੍ਰ: ਸਜਨ ਸਿੰਘ ਲਾਹੌਰ ਦੇ ਹਕ ਵਿਚ ਮਤਾ ਪਾਸ ਕੀਤਾ ਗਿਆ। ਜਿਸਨੇ ਇਕ ਅੰਗਰੇਜ ਔਰਤ ਕਰਟਸ ਨੂੰ ਮਾਰਿਆ ਸੀ। ਪਰ ਬਾਅਦ ਵਿਚ ਗਵਰਨਰ ਦੇ ਇਸ਼ਾਰੇ ਪਰ ਐਗਜੈਕਟਵ ਕਮੇਟੀ ਵਿਚ ਵਾਪਸ ਲੀਤਾ ਗਿਆ।

ਫਿਰਕੂ ਫੈਸਲਾ—

੧੯੩੧ ਵਿਚ ਲੰਡਨ ਵਿਚ ਗੋਲ ਮੇਜ਼ ਕਾਨਫ੍ਰੰਸ ਹੋਈ। ਜਿਸ਼ ਵਿਚ ਗਾਂਧੀ ਜੀ ਸ਼ਾਮਲ ਹੋਏ। ੧੯੩੨ ਵਿਚ ਮਿ: ਰੇਮਜੇ ਮੈਕਡਾਨਲਡ ਪ੍ਰਧਾਨ ਮੰਤਰੀ ਨੇ ਫਿਰਕੂ ਫੈਸਲਾ ਦਿਤਾ। ਜਿਸ ਵਿਚ ਪੰਜਾਬ ਅੰਦਰ ਮੁਸਲਮਾਨਾਂ ਦੀ ਬਹੁ ਸੰਮਤੀ ਮੰਨੀ ਗਈ।

ਉਸ ਦੇ ਵਿਰੁਧ ਰੋਸ ਪ੍ਰਗਟ ਕਰਨ ਲਈ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਪਰ ਪੰਥਕ ਇਕਠ ਹੋਇਆ। ਉਥੇ ਮਾਸਟਰ ਜੀ ਨੇ ਕਿਹਾ: "ਹੇ ਸਤਿਗੁਰੂ ਜੇ ਅਸੀਂ ਫਿਰਕੂ ਫ਼ੈਸਲਾ ਮੰਨੀਏ ਤਾਂ ਸਿਖ ਨਹੀਂ। ਜੇ ਤੂੰ ਸਫਲਤਾ ਨਾ ਬਖਸ਼ੇਂ ਤਾਂ ਗੁਰੂ ਨਹੀਂ ਫ਼ਿਰਕੂ ਫੈਸਲੈ ਨੂੰ ਹਿੰਦੂ ਮੁਸਲਮਾਨਾਂ ਨੇ ਮੰਨ ਲਿਆ। ਇਸ ਲਈ ਸਾਨੂੰ ਵੀ ਮੰਨਣਾ ਪਿਆ।

ਸ਼ਹੀਦ ਗੰਜ ਮੋਰਚਾ:—

੧੯੩੫ ਵਿਚ ਮੁਸਲਮਾਨਾਂ ਨੇ ਸ਼ਹੀਦ ਗੰਜ ਐਜੀਟੇਸ਼ਨ ਕੀਤੀ। ਉਸਦਾ ਮਾਸਟਰ ਜੀ ਤੇ ਅਕਾਲੀ ਲੀਡਰਾਂ ਨੇ ਡਟਕੇ ਟਾਕਰਾ ਕੀਤਾ।

ਚੋਣਾਂ—

੧੯੩੭ ਵਿਚ ਪੰਜਾਬ ਕੌਂਸਲ ਦੀਆਂ ਚੋਣਾਂ ਹੋਈਆਂ। ਉਹਨਾਂ ਵਿਚ ਕਾਂਗਰਸ ਤੇ ਅਕਾਲੀ ਇਕਠੇ ਸਨ। ਪਰ ਚੋਣਾਂ ਵਿਚ ਸ੍ਰ: ਸੁੰਦਰ ਸਿੰਘ ਮਜੀਠੀਏ ਦੀ ਖਾਲਸਾ ਨੈਸ਼ਨਲ ਪਾਰਟੀ ਨੇ ਕਈ ਪ੍ਰਮੁਖ ਅਕਾਲੀਆਂ ਨੂੰ ਹਰਾ ਦਿਤਾ।

ਸਿਕੰਦਰ ਬਲਦੇਵ ਪੈਕਟ—

ਇਸ ਲਈ ਮਾਸਟਰ ਜੀ ਮਰਜ਼ੀ ਨਾਲ ਅਕਾਲੀ ਪਾਰਟੀਨੇ



Digitized by Panjab Digital Library | www.panjabdigilib.org

ਇਕ ਧਨਾਢ ਸ੍ਰ: ਬਲਦੇਵ ਸਿੰਘ ਨੂੰ ਅਗੇ ਲਿਆਂਦਾ। ਉਸ ਨੇ ਸਿਖ ਨੈਸ਼ਨਲ ਕਾਲਜ ਲਈ ਦੋ ਲੱਖ ਰੁਪਏ ਵੀ ਦਿਤੇ। ੧੯੪੨ ਵਿਚ ਵਜ਼ਾਰਤ ਚ' ਸ਼ਾਮਲ ਹੋਕੇ ਸਿਕੰਦਰ ਨਾਲ ਪੈਕਟ ਕੀਤਾ।

**ਦੂਜੀ ਮਹਾਨ ਜੰਗ—**

ਅਕਾਲੀ ਨੀਤੀ ਵਿਚ ਨਵਾਂ ਮੋੜ—

੩ ਸਤੰਬਰ ੧੯੩੯ ਨੂੰ ਦੂਜੀ ਮਹਾਨ ਜੰਗ ਸ਼ੁਰੂ ਹੋਈ। ੧ ਅਕਤੂਬਰ ਨੂੰ ਉਸ ਪਰ ਵਿਚਾਰ ਕਰਨ ਲਈ ਤੇਜਾ ਸਿੰਘ ਹਾਲ ਵਿਚ ਅਕਾਲੀ ਕਾਨਫਰੰਸ ਹੋਈ। ਉਸ ਵਕਤ ਸ੍ਰ: ਪ੍ਰਤਾਪ ਸਿੰਘ ਕੈਰੋਂ, ਮੁਸਾਫਰ, ਜਥੇਦਾਰ ਨਾਗੋ ਕੀ ਪਾਰਟੀ ਅਕਾਲੀਦਲ ਵਿਚ ਸਨ। ਸ੍ਰ: ਦਰਸ਼ਨ ਸਿੰਘ ਫੇਰੂ ਮਾਨ ਦਲ ਦੇ ਜਨਰਲ ਸਕਤਰ ਸਨ। ਉਸ ਕਾਨਫਰੰਸ ਵਿਚ ਜੰਗ ਬਾਰੇ ਕਾਂਗਰਸ ਨੀਤੀ ਦਾ ਸਮਰਥਨ ਕੀਤਾ ਗਿਆ। ਦੇਖੋ ਅਕਾਲੀਦਲ ਰਿਪੋਰਟ੧੯੩੯-੪੦

੧੬ ਅਕਤੂਬ੍ਰ ਨੂੰ ਮਾਸਟ੍ਰ ਜੀ ਲਾਰਡ ਲਿਨ ਲਿਥਗੋ ਵਾਇਸਰਾਏ ਨੂੰ ਮਿਲੇ। ਉਸਦੇ ਬਾਅਦ ਆਪਦੀ ਤੇ ਗਿਆਨੀ ਕਰਤਾਰ ਸਿੰਘ ਦੀ ਰਾਇ ਬਣ ਗਈ ਕਿ ਜੰਗ ਵਿਚ ਫੌਜੀ ਭਰਤੀ ਦਿਤੀ ਜਾਵੇ। ਮਹਾਰਾਜਾ ਪੱਟਿਆਲਾ ਤੇ ਕੁਝ ਮਾਡਰੇਟਾਂ ਨੇ ਭਰਤੀ ਦੇਣ ਲਈ ਖਾਲਸਾ ਡੀਫੈਂਸ ਲੀਗ ਬਣਾਈ। ਅਕਾਲੀ ਲੀਡਰਾਂ ਦਾ ਕੌਮ ਪੂਜ ਧੜਾ ਕਾਂਗਰਸ ਦੇ ਨਾਲ ਸੀ। ਉਸਦੇ ਸਾਰੇ ਲੀਡਰ ਫੜੇ ਗਏ। ਮਾਸਟਰ ਜੀ ਪਰ ਅੰਗਰੇਜ਼ ਅਫਸਰ ਮੇਜਰ ਕਿਲ ਰਾਏ, ਸ਼ਾਰਟ ਤੇ ਮੇਜਰ ਸੁਜਾਨ ਸਿੰਘ ਨੇ ਫੌਜੀ ਭਰਤੀ ਦੇਣ ਦਾ ਪ੍ਰਭਾਵ ਪਾਇਆ। ਆਪਨੂੰ ਫੌਜੀ ਭਰਤੀ ਲਈ ਰਜ਼ਾਮੰਦ ਕਰ ਲਿਆ। ਆਪ ਇਸ ਵਿਚ ਸਿਖਾਂ ਦੀ ਤਾਕਤ ਸਮਝਦੇ ਸਨ। ੧੯੪੦ ਵਿਚ ਅਟਾਰੀ ਕਾਨਫਰੰਸ ਹੋਈ, ਜਿਸ ਵਿਚ ਅਕਾਲ ਸੈਨਾ ਬਣਾਈ ਗਈ। ਉਸ ਦਾ ਬਹੁਤ ਅਸਰ ਪਿਆ।

੧੯੪੨ ਵਿਚ ਵਹੀਲਾ (ਲਾਇਲ ਪੁਰ) ਕਾਨਫਰੰਸ ਵਿਚ ਅੰਗਰੇਜ ਨਾਲ ਮਿਲਵਰਤਨ ਦੀ ਵਿਰੋਧਤਾ ਕੀਤੀ ਗਈ।



Digitized by Panjab Digital Library | www.panjabdigilib.org

ਜੁਲਾਈ ੧੯੪੨ ,ਵਿਚ ੨੧ ਨੰਬਰ ਰਸਾਲੇ ਦੇ ਸਿਖਾਂ ਨੇ ਸਮੁੰਦਰੋਂ ਪਾਰ ਜਾਣ ਤੋਂ ਇਨਕਾਰ ਕੀਤਾ। ਗੋਰੇ ਅਫ਼ਸਰਾਂ ਨੇ ਮਾਸਟਰ ਜੀ ਦੀ ਚਿਠੀ ਲੈ ਕੇ ਉਸਨੂੰ ਫੌਜੀਆਂ ਵਿਰੁਧ ਵਰਤਿਆ। ਸੂ: ਬਿਸ਼ਨ ਸਿੰਘ, ਸਾਧੂ ਸਿੰਘ, ਅਜੈਬ ਸਿੰਘ, ਤੇ ਗੁਰਚਰਨ ਸਿੰਘ ਨੂੰ ਫਾਂਸੀ ਤੇ ੯੬ ਸਿੰਘਾਂ ਨੂੰ ਕਾਲੇ ਪਾਣੀ ਤੇ ਲੰਮੀ ਕੈਦ ਦੀ ਸਜ਼ਾ ਦਿਤੀ।

੧੯੪੨ ਸਿਕੰਦਰ ਬਲਦੇਵ ਪੈਕਟ, ਅਜਾਦ ਪੰਜਾਬ ਦੀ ਮੰਗ ਤੇ ਸੂਬਾ ਸਰਹੰਦ ਵਿਚ ਮੁਸਲਿਮ ਲੀਗ ਨਾਲ ਸਮਝੌਤਾ ਕੀਤਾ ਮਾਸਟ੍ਰ ਜੀ ਨੇ ਦੋ ਵੇਰ ਅਗਯਾਤ ਵਾਸ ਵੀ ਕੀਤਾ ਹੈ। ਪਹਿਲੀ ਵੇਰ ਫਿਰਕੂ ਫੈਸਲੇ ਪਿਛੋਂ ਗਿਆਨੀ ਸ਼ੇਰ ਸਿੰਘ ਦੀ ਵਿਰੋਧਤਾ ਕਰਕੇ ਦੂਜੀ ਵੇਰ ੧੯੪੪ ਵਿਚ। ਰਾਜਾ ਗਾਂਧੀ ਫਾਰਮੂਲੇ ਕਰਕੇ ਪ੍ਰਗਟ ਹੋ ਗਏ। ੧੯੪੫ ਦੀ ਵੇਵਲ ਕਾਨਫਰੰਸ ਵਿਚ ਆਪਨੇ ਅਹਿਮਰੋਲ ਅਦਾ ਕੀਤਾ। ੧੯੪੬ ਵਿਚ ਪਾਰਲੀਮੇਂਟਰੀ ਡੈਲੀਗੇਸ਼ਨ ਆਇਆ ਫਿਰ ਕੈਬੀਨਿਟ ਮਿਸ਼ਨ। ਉਸ ਵਕਤ ਸਿਖ ਸਟੇਟ ਦੀ ਮੰਗ ਕੀਤੀ ਗਈ।

੧੭ ਮਈ ੧੯੪੬ ਨੂੰ ਕ੍ਰਿਪਸ ਦੇ ਵਜਾਰਤੀ ਮਿਸ਼ਨ ਨੇ ਸਿਖਾਂ ਵਿਰੁਧ ਫੈਸਲਾ ਦਿਤਾ। ਜਿਸਦਾ ਆਪ ਨੂੰ ਬਹੁਤ ਦਖ ਹੋਇਆ। ੩ ਜੂਨ ੧੯੪੩ ਨੂੰ ਮਾਊਂਟ ਬੈਟਨ ਦੇ ਫੈਸਲੇ ਅਨੁਸਾਰ ਦੇਸ਼ ਦੀ ਵੰਡ ਹੋ ਗਈ। ਉਸ ਮੌਕੇ ਹੋਈ ਗੜਬੜ ਵਿਚ ਹਿੰਦੂ ਸਿਖਾਂ ਨੂੰ ਬਚਾਉਣ ਦਾ ਬੇਹੱਦ ਜਤਨ ਕੀਤਾ।

ਪਾਕਿਸਤਾਨ ਦੀ ਆਪ ਨੇ ਡਟਕੇ ਵਿਰੋਧਤਾ ਕੀਤੀ। ਲੀਗੀਆਂ ਦੇ ਜਬਰ ਦਾ ਟਾਕਰਾ ਕੀਤਾ। ਲਾਹੌਰ ਵਿਚ ਪਾਕ ਦਾ ਝੰਡਾ ਫਾੜਿਆ ਨਹੀਂ, ਤਲਵਾਰ ਕਢਕੇ ਅਸੈਂਬਲੀ ਹਾਲ ਉਤੇ ਗਡਣ ਤੋਂ ਲੀਗੀਆਂ ਨੂੰ ਰੋਕਿਆ। ਪਰ ਦੇਸ਼ ਦੀ ਵੰਡ ਹੋ ਗਈ

੧੭ ਮਾਰਚ ੧੯੪੮ ਨੂੰ ਗਿਆਨੀ ਕਰਤਾਰ ਸਿੰਘ ਦੀ ਪ੍ਰਧਾਨਗੀ ਹੇਠ ਅਕਾਲੀ ਦਲ ਨੇ ਕਾਂਗਰਸ ਨਾਲ ਸਮਝੌਤਾ ਕੀਤਾ



Digitized by Panjab Digital Library | www.panjabdigilib.org

ਜਿਸਦੀ ਪ੍ਰਵਾਨਗੀ ਮਾਸਟਰ ਜੀ ਨੇ ਦਿਤੀ। ਜਥੇਦਾਰ ਊਧਮ ਸਿੰਘ ਤੇ ਊਹਨਾਂ ਦੇ ਸਾਥੀਆਂ ਨੇ ਆਪਨੂੰ ਕਿਹਾ ਕਿ ਵਿਧਾਨ ਸੈਕੂਲਰ ਤੇ ਚੋਣਾਂ ਸਾਂਝੀਆਂ ਹੋ ਗਈਆਂ ਹਨ। ਹੁਣ ਫਿਰਕੂ ਨੀਤੀ ਨਹੀਂ ਚਲ ਸਕਦੀ। ਇਸ ਪਰ ਮਤਭੇਦ ਹੋਗਿਆ। ੨੮ ਮਈ ੧੯੪੮ ਨੂੰ ਸ਼ਰੋਮਣੀ ਕਮੇਟੀ ਦੀ ਪ੍ਰਧਾਨਗੀ ਚੋਣ ਵਿਚ ਜਥੇਦਾਰ ਊਧਮ ਸਿਘ ਦੇ ਮੁਕਾਬਲੇ ਪਰ ਮਾਸਟਰ ਜੀ ੧੦੫ ਵੋਟਾਂ ਨਾਲ ਹਾਰ ਗਏ। ਨਾਗੋ ਕੀ ਪਾਰਟੀ ਨੇ ਅਕਾਲੀ ਦਲ ਨਹੀਂ ਲਿਆ।

੨੭ ਦਸੰਬਰ ੧੯੫੩ ਨੂੰ ਮਾਸਟਰ ਜੀ ਨੇ ਫਤਹਿਗੜ੍ਹ ਦੇ ਮੇਲੇ ਪਰ ਪੰਡਤ ਨਹਿਰੂ ਨੂੰ ਬੋਲਣ ਨਹੀਂ ਦਿਤਾ।

ਪੰਜਾਬੀ ਸੂਬੇ ਦਾ ਮੋਰਚਾ-

ਮਾਸਟਰ ਜੀ ਦੀ ਅਗਵਾਈ ਹੇਠ ੨੮ ਮਈ ੧੯੪੮ ਨੂੰ ਪੰਜਾਬੀ ਸੂਬੇ ਦੀ ਮੰਗ ਕੀਤੀ ਗਈ। ਜਨ ਸੰਘ ਨੇ ਉਸਦੀ ਵਿਰੋਧਤਾ ਕੀਤੀ। ੧੦ ਮਈ ੧੯੫੫ ਨੂੰ ਪੰਜਾਬੀ ਸੂਬੇ ਦੀ ਨਾਹਰੇ ਬਾਜੀ ਦਾ ਮੋਰਚਾ ਲਗਾ:ਜਿਸ ਵਿਚ ੧੩ ਹਜਾਰ ਸਿੰਘ ਗ੍ਰਿਫਤਾਰ ਜਾਂ ਕੈਦ ਹੋਏ। ਪਰ ਉਹ ਛੇਤੀ ਮੁਕ ਗਿਆ। ਨਵੰਬਰ ੧੯੫੫ ਵਿਚ ਪੰਡਤ ਨਹਿਰੂ ਨੂੰ ਅਕਾਲ ਤਖ਼ਤ ਸਦਕੇ ਸਤਕਾਰ ਕੀਤਾ ਗਿਆ ੧੧ ਅਪ੍ਰੈਲ ੧੯੫੬ ਨੂੰ ਰੀਜਨਲ ਫਾਰਮੂਲਾ ਪ੍ਰਵਾਨ ਕਰਕੇ ਦੂਜੀ ਵਾਰ ਕਾਂਗਰਸ ਨਾਲ ਸਮਝੌਤਾ ਕੀਤਾ ਗਿਆ।

ਮਾਸਟਰ ਜੀ ਨੇ ਦੂਜੀ ਵਾਰ ੨੯ ਮਈ ੧੯੬੦ ਨੂੰ ਪੰਜਾਬੀ ਸੂਬੇ ਦਾ ਫਿਰ ਮੋਰਚਾ ਲਾਇਆ,ਜਿਸ ਵਿਚ ੫੦ ਹਜਾਰ ਸਿਖ ਕੈਦ ਹੋਏ ਪਰ ਉਹ ਸਫਲ ਨਾ ਹੋਇਆ ੧੫ ਅਗਸਤ ੧੯੬੧ ਨੂੰ ਮਰਨ ਵਰਤ ਰਖਕੇ ੪੮ ਦਿਨਾਂ ਬਾਅਦ ਖੋਹਲਿਆ,ਪੰਜਾਂ ਪਿਆਰਿਆ ਤੋਂ ਮਾਫੀ ਮੰਗੀ। ਸੰਤ ਫਤਹਿ ਸਿੰਘ ਪਾਰਟੀ ਨੇ ੧੯੬੫ ਦੀ ਗੁ: ਚੋਣ ਵਿਚ ਆਪਨੂੰ ਹਾਰ ਦਿਤੀ। ਰਾਜਨੀਤੀ ਵਿਚ ਵੀ ਨੀਵਾਂ ਕੀਤਾ।ਸੰਤ ਜੀ ਨੇ ਆਪ ਵੀ ਵਰਤ ਰਖੇ ਪਰ ਤੋੜ ਨਹੀਂ ਚੜ੍ਹੇ। ਮਾਸਟਰ ਜੀ ੨੨ ਨਵੰਬਰ ੧੯੬੭ ਨੂੰ ਹੁਕਮ ਸਤ ਹੋਏ।



Digitized by Panjab Digital Library | www.panjabdigilib.org

# ੧੨

# ਅਕਾਲੀ ਲਹਿਰ ਤੇ ਅਜ਼ਾਦੀ ਦੇ ਜਰਨੈਲ

# ਜ: ਊਧਮ ਸਿੰਘ ਜੀ ਨਾਗੋਕੇ

ਜਥੇਦਾਰ ਊਧਮ ਸਿੰਘ ਨਾਗੋਕੇ ਵੀਹਵੀਂ ਸਦੀ ਦੇ ਉਹ ਮਹਾਨ ਆਗੂ ਤੇ ਸੂਰਬੀਰ ਜਰਨੈਲ ਸਨ, ਜਿਹਨਾਂ ਨੇ ਅਕਾਲੀ ਲਹਿਰ ਦੇ ਹਰ ਮੋਰਚੇ ਅਤੇ ਦੇਸ਼ ਦੀ ਆਜ਼ਾਦੀ ਦੀ ਹਰ ਲਹਿਰ ਵਿਚ ਵਧ ਚੜ੍ਹ ਕੇ ਕੁਰਬਾਨੀ ਕੀਤੀ। ਆਪ ਬੜੇ ਉਜਲ ਦੀਦਾਰੀ, ਪ੍ਰਭਾਵਸ਼ਾਲੀ ਸ਼ਖਸੀਅਤ, ਸਿਖੀ ਸਿਦਕ ਤੇ ਧਰਮ ਵਿਚ ਪ੍ਰਪੱਕ, ਦੇਸ਼ ਦੀ ਆਜ਼ਾਦੀ ਲਈ ਆਪਾ ਵਾਰਨ ਵਾਲੇ, ਕਿਸਾਨਾਂ ਦੇ ਹਮਦਰਦ, ਪੰਥ ਅਤੇ ਦੇਸ਼ ਲਈ ਨਿਗਰ ਤੇ ਮਹਾਨ ਕੰਮ ਕਰਨ ਵਾਲੇ ਆਗੂ ਸਨ। ਅਕਾਲੀ ਕਾਨਫਰੰਸਾਂ, ਕਿਸਾਨਾਂ ਦੇ ਇਕੱਠਾਂ ਅਤੇ ਰਾਜਸੀ ਸਮਾਗਮਾਂ ਵਿਚ ਉਸ ਨਿਰਭੈ ਜਰਨੈਲ ਦੀਆਂ ਕੀਤੀਆਂ ਪੁਰ ਜੋਸ਼ ਪਰ ਗੰਭੀਰ ਤਕਰੀਰਾਂ ਅਜ ਵੀ ਲਖਾਂ ਪੰਜਾਬੀਆਂ ਦੇ ਕੰਨਾਂ ਵਿਚ ਗੂੰਜ ਰਹੀਆਂ ਹਨ। ਉਹਨਾਂ ਦੀ ਦ੍ਰਿੜ੍ਹਤਾ, ਦਲੇਰੀ, ਸ਼ਾਨਦਾਰ ਕੁਰਬਾਨੀ ਤੇ ਕੀਤੇ ਹੋਏ ਮਹਾਨ ਕੰਮਾਂ ਨੂੰ ਸਾਡੀਆਂ ਆਉਣ ਵਾਲੀਆਂ ਪੀਹੜੀਆਂ ਬੜੇ ਮਾਣ ਤੇ ਸਤਕਾਰ ਨਾਲ ਚੇਤੇ ਕਰਨਗੀਆਂ। ਉਹਨਾਂ ਤੋਂ ਜੀਵਨ ਦੇ ਘੋਲ ਵਿਚ ਸਫਲ ਹੋਣ ਦੀ ਪਰੇਰਨਾ ਲੈਣਗੀਆਂ।

ਬਚਪਨ ਤੇ ਸਿਖਿਆ—

ਜਥੇਦਾਰ ਊਧਮ ਸਿੰਘ ਜੀ ਦਾ ਜਨਮ ਸੰਨ ੧੮੯੪ ਈ:



Digitized by Panjab Digital Library | www.panjabdigilib.org

ਵਿਚ ਜ਼ਿਲਾ ਅੰਮ੍ਰਿਤਸਰ ਦੇ ਪ੍ਰਸਿਧ ਨਗਰ ਨਾਗੋਕੇ ਵਿਚ ਸ: ਬੇਲਾ ਸਿੰਘ ਜੀ ਦੇ ਘਰ ਮਾਤਾ ਅਤਰ ਕੌਰ ਤੋਂ ਹੋਇਆ । ਆਪ ਦੇ ਬਜ਼ੁਰਗ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਰਸਾਲਦਾਰ ਸਨ। ਮਾਤਾ ਪਿਤਾ ਚੰਗੇ ਗੁਰਸਿਖ ਤੇ ਉਘੇ ਜ਼ਿਮੀਦਾਰ ਘਰਾਣੇ ਦੇ ਸਨ। ਉਹਨਾਂ ਦੇ ਵਿਚਾਰਾਂ ਤੇ ਸੰਸਕਾਰਾਂ ਦਾ ਬਚਪਨ ਵਿਚ ਆਪ ਤੇ ਡੂੰਘਾ ਪ੍ਰਭਾਵ ਪਿਆ । ਜਥੇਦਾਰ ਜੀ ਨੇ ਬਚਪਨ ਵਿਚ ਧਾਰਮਿਕ ਸਿਖਿਆ ਪ੍ਰਾਪਤ ਕੀਤੀ। ਗੁਰਬਾਣੀ ਅਤੇ ਇਤਿਹਾਸ ਦਾ ਅਧੈਨ ਕੀਤਾ। ਕੁਝ ਚਿਰ ਸਕੂਲ ਦੀ ਵਿਦਿਆ ਵੀ ਹਾਸਲ ਕੀਤੀ ।

ਉਸ ਵਕਤ ਸਿੰਘ ਸਭਾ ਲਹਿਰ ਪੂਰੇ ਜ਼ੋਰ ਨਾਲ ਚਲ ਰਹੀ ਸੀ, ਜਿਸ ਵਿਚ ਧਰਮ ਪ੍ਰਚਾਰ, ਸਮਾਜਕ ਸੁਧਾਰ ਤੇ ਵਿਦਿਅਕ ਤਰੱਕੀ ਦਾ ਉਤਸ਼ਾਹ ਤੇ ਜੋਸ਼ ਠਾਠਾਂ ਮਾਰ ਰਿਹਾ ਸੀ। ਜਥੇਦਾਰ ਜੀ ਦੇ ਆਰੰਭਕ ਜੀਵਨ ਪਰ ਸਿੰਘ ਸਭਾ ਲਹਿਰ ਦਾ ਡੂੰਘਾ ਪ੍ਰਭਾਵ ਪਿਆ। ਯੁਵਕ ਊਧਮ ਸਿੰਘ ਆਪਣੇ ਪ੍ਰਸਿਧ ਨਗਰ ਤੇ ਇਲਾਕੇ ਦੇ ਸਿੰਘ ਸਭੀਆਂ ਦਾ ਆਗੂ ਸੀ। ਆਪ ਨੂੰ ਪ੍ਰਚਾਰ ਤੇ ਕੀਰਤਨ ਦਾ ਬੜਾ ਸ਼ੌਕ ਸੀ। ਉਠਦੀ ਜੁਆਨੀ ਵਿਚ ਆਪ ਬੜਾ ਸੁੰਦਰ ਕੀਰਤਨ ਕਰਦੇ ਸਨ।

### ਫੌਜ ਦੀ ਨੌਕਰੀ—

ਜਥੇਦਾਰ ਜੀ ਚੜ੍ਹਦੀ ਜੁਆਨੀ ਵਿਚ ਬਹੁਤ ਸੁੰਦਰ ਤੇ ਸਜੀਲੇ ਜੁਆਨ ਸਨ, ਇਸ ਲਈ ਨਗਰ ਦੇ ਕਈ ਸਜਣਾਂ ਨੇ ਆਪ ਨੂੰ ਫੌਜ ਵਿਚ ਭਰਤੀ ਹੋਣ ਦੀ ਪਰੇਰਨਾ ਕੀਤੀ। ਆਪ ਫੌਜ ਵਿਚ ਭਰਤੀ ਹੋ ਗਏ। ਪਰ ਕੁਦਰਤ ਨੂੰ ਇਹ ਮਨਜ਼ੂਰ ਨਹੀਂ ਸੀ ਕਿ ਉਹ ਵਧੇਰਾ ਸਮਾਂ ਫੌਜ ਵਿਚ ਨੌਕਰੀ ਕਰਦੇ, ਕਿਉਂਕਿ ਆਪ ਨੇ ਪੰਥ ਅਤੇ ਦੇਸ਼ ਦਾ ਆਗੂ ਬਣ ਕੇ ਸੇਵਾ ਤੇ ਮਹਾਨ ਕੁਰਬਾਨੀ ਕਰਨੀ ਸੀ। ਉਸ ਵਕਤ ਅਜੇਹਾ ਮੌਕਾ ਬਣ ਗਿਆ, ਜਿਸ ਵਿਚ



Digitized by Panjab Digital Library | www.panjabdigilib.org

ਆਪ ਲਈ ਨੌਕਰੀ ਕਰਨੀ ਕਠਨ ਹੋ ਗਈ। ਨੌਕਰੀ ਛਡਣ ਦੀ ਇਕ ਬਿਧ ਬਣ ਗਈ। ਆਪ ਨੂੰ ਫੌਜ ਵਿਚ ਹੁੰਦਿਆਂ ਅੰਗਰੇਜ਼ ਅਫਸਰਾਂ ਨੇ ਦਾਹੜੀ ਬੰਨ੍ਹਣ ਲਈ ਕਿਹਾ। ਆਪਨੇ ਉਨ੍ਹਾਂਦਾ ਹੁਕਮ ਮੰਨਣ ਤੋਂ ਇਨਕਾਰ ਕਰ ਦਿਤਾ। ੧੯੨੦ ਵਿਚ ਫੌਜ ਦੀ ਨੌਕਰੀ ਛਡ ਕੇ ਸੇਵਾ ਦੇ ਮੈਦਾਨ ਵਿਚ ਆ ਗਏ।

ਕੁਰਬਾਨੀ ਦੇ ਮੈਦਾਨ ਵਿਚ—

ਜਲ੍ਹਿਆਂ ਵਾਲੇ ਬਾਗ ਦੇ ਸਾਕੇ ਦੇ ਬਾਹਦ ਦੇਸ਼ ਵਿਚ ਆਜ਼ਾਦੀ ਦੀ ਲਹਿਰ ਬਹੁਤ ਤੇਜ਼ ਹੋ ਗਈ ਸੀ। ਉਸ ਦੇ ਨਾਲ ਹੀ ੧੯੨੦ ਵਿਚ ਗੁਰਦਵਾਰਾ ਸੁਧਾਰ ਅਰਥਾਤ ਅਕਾਲੀ ਲਹਿਰ ਦਾ ਆਰੰਭ ਹੋ ਗਿਆ। ਸਰਕਾਰ ਅੰਗਰੇਜ਼ੀ ਮਹੰਤਾਂ ਦੀ ਪਿਠ ਤੇ ਹੋ ਗਈ। ਫਰਵਰੀ ੧੯੨੧ ਵਿਚ ਸ੍ਰੀ ਨਨਕਾਣਾ ਸਾਹਿਬ ਦਾ ਸਾਕਾ ਹੋਇਆ। ਉਸ ਮੌਕੇ ਜਥੇਦਾਰ ਜੀ ਨੇ ਆਪਣੇ ਇਲਾਕੇ ਵਿਚ ਅਕਾਲੀ ਲਹਿਰ ਦਾ ਡਟ ਕੇ ਪ੍ਰਚਾਰ ਕੀਤਾ। ਲੋਕਾਂ ਨੂੰ ਗੁਰਦਵਾਰਾ ਸੁਧਾਰ ਹਿਤ ਕੁਰਬਾਨੀ ਕਰਨ ਦੀ ਪਰੇਰਨਾ ਕੀਤੀ। ਅਕਾਲੀ ਲੀਡਰਾਂ ਨਾਲ ਆਪ ਦਾ ਮੇਲ ਜੋਲ ਵਧ ਗਿਆ।

ਅਸੀਂ ਸ਼ਰੋਮਣੀ ਕਮੇਟੀ ਦੇ ਪੁਰਾਣੇ ਰੀਕਾਰਡ ਵਿਚ ਸ: ਤੇਜਾ ਸਿੰਘ ਜੀ ਸਮੁੰਦਰੀ ਦੀ ਇਕ ਚਿਠੀ ਵੇਖੀ ਹੈ, ਜਿਸ ਵਿਚ ਦਰਜ ਸੀ ਕਿ ਜਥੇਦਾਰ ਊਧਮ ਸਿੰਘ ਆਪਣੇ ਇਲਾਕੇ ਦੇ ਮੁਖੀ ਅਕਾਲੀ ਹਨ, ਇਸ ਲਈ ਆਪਨੂੰਖਡੂਰ ਸਾਹਿਬਦੇ ਗੁਰਦਵਾਰਿਆਂ ਦਾ ਪ੍ਰਬੰਧਕ ਨੀਯਤ ਕੀਤਾ ਜਾਂਦਾ ਹੈ।

੭ ਨਵੰਬਰ ੧੯੨੧ ਨੂੰ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਸਰਕਾਰ ਪੰਜਾਬ ਦੇ ਇਸ਼ਾਰੇ ਪਰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀਆਂ ਚਾਬੀਆਂ ਸ਼ਰੋਮਣੀ ਕਮੇਟੀ ਤੋਂ ਲੈ ਲਈਆਂ, ਜਿਸ ਦੇ ਵਿਰੁਧ ਸਿਖ ਪੰਥ ਨੇ ਸਖਤ ਐਜੀਟੇਸ਼ਨ ਕੀਤੀ। ਸਰਕਾਰ ਨੇ ਬਹੁਤ ਸਾਰੇ ਅਕਾਲੀ ਲੀਡਰਾਂ ਨੂੰ ਗ੍ਰਿਫਤਾਰ ਕਰ ਲਿਆ।



Digitized by Panjab Digital Library | www.panjabdigilib.org

ਚਾਬੀਆਂ ਦੇ ਮੋਰਚੇ ਵਿਚ ਜਥੇਦਾਰ ਊਧਮ ਸਿੰਘ ਜੀ ਨੂੰ ਪਹਿਲੀ ਵੇਰ ੬ ਮਹੀਨੇ ਕੈਦ ਸਖਤ ਤੇ ਜੁਰਮਾਨੇ ਦੀ ਸਜ਼ਾ ਹੋਈ। ਸਰਕਾਰ ਨੇ ਕੁਝ ਚਿਰ ਬਾਅਦ ਸ੍ਰੀ ਦਰਬਾਰ ਸਾਹਿਬ ਦੀਆਂ ਚਾਬੀਆਂ ਸ: ਖੜਕ ਸਿੰਘ ਜੀ ਪ੍ਰਧਾਨ ਸ਼੍ਰੋਮਣੀ ਕਮੇਟੀ ਨੂੰ ਵਾਪਸ ਕਰ ਦਿਤੀਆਂ ਤੇ ਗ੍ਰਿਫਤਾਰ ਕੀਤੇ ਹੋਏ ਸਿੰਘਾਂ ਨੂੰ ਰਿਹਾ ਕਰ ਦਿਤਾ। ਪਰ ਜਥੇਦਾਰ ਜੀ ਦੇ ਕੇਸ ਦਾ ਫੈਸਲਾ ਸਿੰਘਾਂ ਦੀ ਰਿਹਾਈ ਪਿਛੋਂ ਹੋਇਆ। ਇਸ ਲਈ ਆਪ ਨੂੰ ਅੰਬਾਲਾ ਜੇਲ੍ਹ ਵਿਚ ਪੂਰੀ ਕੈਦ ਕਟਣੀ ਪਈ।

ਗੁਰੂ ਕੇ ਬਾਗ ਦੇ ਮੋਰਚੇ ਵਿਚ—

ਜਥੇਦਾਰ ਜੀ ਚਾਬੀਆਂ ਦੇ ਮੋਰਚੇ ਦੀ ਕੈਦ ਕਟ ਕੇ ਅਜੇ ਰਿਹਾ ਹੋਏ ਸਨ ਕਿ ਅਗਸਤ ੧੯੨੨ ਵਿਚ ਗੁਰੂ ਕੇ ਬਾਗ ਦਾ ਮੋਰਚਾ ਸ਼ੁਰੂ ਹੋ ਗਿਆ। ਇਹ ਮੋਰਚਾ ਸਾਡੇ ਦੇਸ਼ ਦੇ ਨਵੀਨ ਇਤਿਹਾਸ ਵਿਚ ਸ਼ਾਂਤਮਈ ਸਤਿਆਗ੍ਰਹਿ ਦਾ ਇਕ ਸ਼ਾਨਦਾਰ ਕਾਂਡ ਹੈ। ਮਾਰਸ਼ਲ ਲਾਅ ਦੇ ਲੂੰਅ ਕੰਡੇ ਖੜੇ ਕਰ ਦੇਣ ਵਾਲੇ ਜ਼ੁਲਮਾਂ ਤੋਂ ਪਿਛੋਂ ਗੁਰੂ ਕੇ ਬਾਗ ਦੇ ਮੋਰਚੇ ਵਿਚ ਹੋਏ ਅਤਿਆ-ਚਾਰਾਂ ਨੇ ਸਰਕਾਰ ਅੰਗਰੇਜ਼ੀ ਦੇ ਰਾਜਸੀ ਸਰੂਪ ਨੂੰ ਸੰਸਾਰ ਅੰਦਰ ਨੰਗਾ ਕਰ ਦਿਤਾ।

ਇਸ ਮੋਰਚੇ ਵਿਚ ਜਥੇਦਾਰ ਊਧਮ ਸਿੰਘ ਜੀ ਪੰਥ ਸੇਵਕਾਂ ਦੀ ਮੋਹਰਲੀ ਕਤਾਰ ਵਿਚ ਸਨ। ਆਪ ਸਤਿਆ ਗ੍ਰਹੀ ਜਥੇ ਨਾਲ ਗੁਰੂ ਕੇ ਬਾਗ ਗਏ। ਬੋਟੀ ਦੀਆਂ ਡਾਂਗਾਂ ਖਾਧੀਆਂ। ਪੁਲੀਸ ਨੇ ਆਪ ਨੂੰ ਗ੍ਰਿਫਤਾਰ ਕਰ ਕੇ ਮੁਕੱਦਮਾ ਚਲਾਇਆ। ਉਸ ਮੁਕੱਦਮੇ ਵਿਚ ਆਪ ਨੂੰ ਦੋ ਸਾਲ ਕੈਦ ਤੇ ੨੦੦) ਜੁਰਮਾਨੇ ਦੀ ਸਜ਼ਾ ਦਿਤੀ ਗਈ। ਇਸ ਕੈਦ ਵਿਚ ਆਪ ਅਟਕ ਜੇਲ੍ਹ ਵਿਚ ਰਹੇ।



Digitized by Panjab Digital Library | www.panjabdigilib.org

## ਜੈਤੋ ਦਾ ਮੋਰਚਾ–

ਦੇਸ ਦੀ ਅਜ਼ਾਦੀ ਦੇ ਪਿਛੋਂ ਭਾਰਤ ਵਿਚ ਕੋਈ ਰਿਆਸਤ ਨਹੀਂ ਰਹੀ। ਪਰ ਮੌਜੂਦਾ ਸਦੀ ਦੇ ਦੂਜੇ ਦਹਾਕੇ ਵਿਚ ਏਥੇ ਛੋਟੀਆਂ ਵਡੀਆਂ ਸੈਂਕੜੇ ਰਿਆਸਤਾਂ ਸਨ। ਜੇ ਕੋਈ ਰਾਜਾ ਮਹਾ-ਰਾਜਾ ਥੋੜਾ ਜਿਹਾ ਉਭਰਦਾ ਸੀ ਤਾਂ ਅੰਗਰੇਜ਼ੀ ਸਰਕਾਰ ਦੀਆਂ ਨਜ਼ਰਾਂ ਵਿਚ ਉਹ ਸ਼ੱਕੀ ਹੋ ਜਾਂਦਾ। ਉਸ ਨੂੰ ਰਾਜ ਸਿੰਘਾਸਨ ਤੋਂ ਜਬਰੀ ਤੌਰ ਤੇ ਲਾਹ ਦਿਤਾ ਜਾਂਦਾ ਸੀ।

੯ ਜੁਲਾਈ ੧੯੨੩ ਨੂੰ ਮਹਾਰਾਜਾ ਰਿਪੁਦਮਨ ਸਿੰਘ ਨਾਭਾ ਨਾਲ ਸਰਕਾਰ ਅੰਗਰੇਜ਼ੀ ਨੇ ਇਹੀ ਸਲੂਕ ਕੀਤਾ। ਉਸ ਨੂੰ ਗਦੀਓਂ ਲਾਹ ਦਿਤਾ। ਸਿਖ ਰਿਆਸਤ ਹੋਣ ਕਰਕੇ ਸਾਰੇ ਸਿਖ ਜਗਤ ਵਿਚ ਇਸ ਦੇ ਵਿਰੁਧ ਰੋਸ ਪੈਦਾ ਹੋ ਗਿਆ। ਸਰਕਾਰ ਅੰਗਰੇਜੀ ਵੀ ਅਕਾਲੀਆਂ ਨੂੰ ਸਦਾ ਲਈ ਖਤਮ ਕਰਨਾ ਚਾਹੁੰਦੀ ਸੀ। ਮਹਾਰਾਜਾ ਨਾਭਾ ਦੇ ਪੱਖ ਲੈਣ ਦੇ ਦੋਸ਼ ਵਿਚ ਸਰਕਾਰ ਅੰਗਰੇਜ਼ੀ ਨੇ ਅਕਤੂਬਰ ੧੯੨੩ ਵਿਚ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਅਤੇ ਸ਼ਰੋਮਣੀ ਅਕਾਲੀ ਦਲ ਨੂੰ ਕਾਨੂੰਨ ਵਿਰੁਧ ਕਰਾਰ ਦੇ ਕੇ ਸਾਰੇ ਅਕਾਲੀ ਲੀਡਰਾਂ ਨੂੰ ਗ੍ਰਿਫਤਾਰ ਕਰ ਲਿਆ। ਜਾਬਰ ਹਾਕਮਾਂ ਨੇ ਗੁਰਦਵਾਰਾ ਗੰਗ ਸਰ ਜੈਤੋ ਵਿਚ ਅਖੰਡ ਪਾਠ ਦਾ ਖੰਡਨ ਕਰ ਦਿਤਾ। ਸ਼ਰੋਮਣੀ ਕਮੇਟੀ ਨੇ ਅਖੰਡ ਪਾਠ ਜਾਰੀ ਕਰਨ ਲਈ ਪੰਜ ਪੰਜ ਸੌ ਦੇ ਸ਼ਹੀਦੀ ਜਥੇ ਜੈਤੋ ਭੇਜਣ ਦਾ ਫੈਸਲਾ ਕੀਤਾ।

## ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ–

ਉਸ ਨਾਜ਼ਕ ਵਕਤ ਵਿਚ ਸ਼ਰੋਮਣੀ ਕਮੇਟੀ ਵਲੋਂ ਜਥੇਦਾਰ ਊਧਮ ਸਿੰਘ ਜੀ ਨੂੰ ਸ੍ਰੀ ਅਕਾਲ ਤਖਤ ਸਾਹਿਬ ਦਾ ਜਥੇਦਾਰ ਨੀਯਤ ਕੀਤਾ ਗਿਆ। ੯ ਫਰਵਰੀ ੧੯੨੪ ਨੂੰ ਸ੍ਰੀ ਅਕਾਲ ਤਖਤ ਸਾਹਿਬ ਤੋਂ ਜੈਤੋ ਨੂੰ ਪਹਿਲੇ ਸ਼ਹੀਦੀ ਜਥੇ ਨੇ ਜਾਣਾ ਸੀ।



Digitized by Panjab Digital Library | www.panjabdigilib.org

ਜਥੇਦਾਰ ਜੀ ਨੇ ਉਸ ਜੱਥੇ ਨੂੰ ਸ਼ਾਂਤਮਈ ਰਹਿ ਕੇ ਸ਼ਹੀਦੀਆਂ ਦੇਣ ਦਾ ਤਖਤ ਸਾਹਿਬ ਵਲੋਂ ਹੁਕਮ ਦੇਣ ਦੇ ਨਾਲ ਆਪ ਵੀ ਜਥੇ ਦੇ ਨਾਲ ਜਾਣਾ ਸੀ।

ਜੈਤੋਂ ਦੇ ਮੋਰਚੇ ਵਿਚ ਕੈਦ—

ਪੁਲੀਸ ਨੇ ਉਸ ਦੇ ਇਕ ਦਿਨ ਪਹਿਲੇ ੮ ਫਰਵਰੀ ੧੯੨੪ ਨੂੰ ਆਪ ਨੂੰ ਜ਼ੇਰ ਦਫਾ ੧੭ ਬੀ. ਗ੍ਰਿਫਤਾਰ ਕਰ ਲਿਆ। ਆਪ ਵਿਰੁਧ ਅੰਮ੍ਰਿਤਸਰ ਦੀ ਇਕ ਅਦਾਲਤ ਵਿਚ ਮੁਕੱਦਮਾ ਚਲਾ ਕੇ ਦੋ ਸਾਲ ਕੈਦ ਸਖਤ ਤੇ ਜੁਰਮਾਨੇ ਦੀ ਸਜ਼ਾ ਦਿਤੀ। ਇਹ ਦੋ ਸਾਲ ਕੈਦ ਜਥੇਦਾਰ ਜੀ ਨੇ ਮੁਲਤਾਨ ਸੰਟਰਲ ਜੇਲ੍ਹ ਵਿਚ ਕਟੀ। ਉਸ ਕੈਦ ਵਿਚ ਇਹਨਾਂ ਸਤਰਾਂ ਦਾ ਲੇਖਕ (ਗਿ: ਪ੍ਰਤਾਪ ਸਿੰਘ) ਮੁਲਤਾਨ ਸੰਟਰਲ ਜੇਲ੍ਹ ਵਿਚ ਆਪ ਦੇ ਨਾਲ ਸੀ।

ਮੁਲਤਾਨ ਜੇਲ੍ਹ ਵਿਚ ਅਕਾਲੀ ਤੇ ਰਾਜਸੀ ਕੈਦੀਆਂ ਤੇ ਬੇਹੱਦ ਸਖਤੀ ਕੀਤੀ ਜਾਂਦੀ ਸੀ। ਉਹਨਾਂ ਪਾਸੋਂ ਕੋਹਲੂ ਤੇ ਬੰਬਾ ਗੇੜਨ, ਵੀਹ ਸੇਰ ਦਾਣੇ ਚੱਕੀ ਵਿਚ ਪੀਹਣ ਤੇ ਮੁੰਜ ਕੁਟਣ ਦੀ ਕਰੜੀ ਮੁਸ਼ੱਕਤ ਲਈ ਜਾਂਦੀ ਸੀ। ਪਰ ਜਥੇਦਾਰ ਜੀ ਨੇ ਜੇਲ੍ਹ ਦੀ ਸਖਤੀ ਤੇ ਕਰੜੀਆਂ ਮੁਜ਼ੱਕਤਾਂ ਨੂੰ ਖਿੜੇ ਮਥੇ ਸਹਾਰਿਆ। ਜੇਲ੍ਹ ਵਿਚ ਅੰਮ੍ਰਿਤ ਵੇਲੇ ਜਾਗਣਾ, ਇਸ਼ਨਾਨ ਕਰਕੇ ਬਾਣੀ ਦਾ ਪਾਠ ਕਰਨਾ ਕਮਜ਼ੋਰ ਸਾਥੀਆਂ ਦੀ ਮੁਸ਼ੱਕਤ ਕਰ ਦੇਣੀ, ਵੇਹਲੇ ਵਕਤ ਵਿਚ ਦੇਸ਼ ਦੀ ਆਜ਼ਾਦੀ ਲਈ ਵਿਚਾਰਾਂ ਕਰਨੀਆਂ ਆਪ ਦਾ ਨਿਤ ਕਰਮ ਸੀ। ਜੇਲ੍ਹ ਦੀ ਕੁਠਾਲੀ ਵਿਚ ਆਪ ਕੁੰਦਨ ਸਾਬਤ ਹੋਏ। ਸਾਰੇ ਅਕਾਲੀ ਤੇ ਰਾਜਸੀ ਕੈਦੀ ਆਪ ਦਾ ਬੜਾ ਸਤਕਾਰ ਕਰਦੇ ਸਨ।

ਜੈਤੋਂਦੇ ਮੋਰਚੇ ਕਾਰਨ ਸਰਕਾਰ ਸਿਖਾਂ ਦੀਆਂ ਕੁਰਬਾਨੀਆਂ ਅਗੇ ਝੁਕਣ ਲਈ ਮਜਬੂਰ ਹੋ ਗਈ। ਉਸ ਨੇ ੧੯੨੫ ਵਿਚ



Digitized by Panjab Digital Library | www.panjabdigilib.org

ਗੁਰਦੁਵਾਰਾ ਐਕਟ ਪਾਸ ਕਰਕੇ ਗੁਰਦਵਾਰਿਆਂ ਦਾ ਪ੍ਰਬੰਧ ਪੰਥ ਦੇ ਹਵਾਲੇ ਕਰਨ ਦਾ ਫੈਸਲਾ ਕਰ ਲਿਆ । ਗ੍ਰਿਫਤਾਰ ਕੀਤੇ ਗਏ ਸਿੰਘਾਂ ਨੂੰ ਰਿਹਾ ਕੀਤਾ ਗਿਆ । ਗੁਰਦਵਾਰਾ ਗੰਗ ਸਰ ਜੈਤੋ ਵਿਖੇ ਖੰਡਤ ਅਖੰਡ ਪਾਠ ਜਾਰੀ ਕਰਨ ਦੀ ਖੁਲ੍ਹ ਕੀਤੀ ਗਈ ।

ਮੁੜ ਸ੍ਰੀ ਅਕਾਲ ਤਖਤ ਦੇ ਜਥੇਦਾਰ—

ਜਥੇਦਾਰ ਦੀ ਕੈਦ ਕਟ ਕੇ ਮੁਲਤਾਨ ਸੰਟਰਲ ਵਿਚੋਂ ਰਿਹਾ ਹੋਏ । ਸ਼ਰੋਮਣੀ ਕਮੇਟੀ ਨੇ ਆਪ ਨੂੰ ੧੯੨੬ ਵਿਚ ਦੋਬਾਰਾ ਸ੍ਰੀ ਅਕਾਲ ਤਖਤ ਸਾਹਿਬ ਦਾ ਜਥੇਦਾਰ ਨੀਯਤ ਕੀਤਾ ।

ਸ਼ਰੋਮਣੀ ਕਮੇਟੀ ਦੇ ਮੈਂਬਰ–

੧੯੨੬ ਵਿਚ ਹੀ ਗੁਰਦਵਾਰਾ ਐਕਟ ਅਨੁਸਾਰ ਪਹਿਲੀ ਗੁਰਦਵਾਰਾ ਚੋਣ ਹੋਈ । ਇਸ ਵਿਚ ਜਥੇਦਾਰ ਜੀ ਆਪਣੇ ਇਲਾਕੇ ਵਲੋਂ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਚੁਣੇ ਗਏ । ਆਪ ੧੯੨੬ ਤੋਂ ਲੈ ਕੇ ੧੯੫੪ ਤੀਕ ਲਗਾਤਾਰ ਅਠਾਈ ਸਾਲ ਸ਼ਰੋਮਣੀ ਕਮੇਟੀ ਦੇ ਮੈਂਬਰ ਤੇ ਦੋ ਵੇਰ ਪ੍ਰਧਾਨ ਰਹੇ ਹਨ ।

ਗੁਰਦੁਆਰਾ ਪ੍ਰਬੰਧ ਸੁਧਾਰ ਨੇਪਰੇ ਚੜ੍ਹਨ ਨਾਲ ਆਪ ਦਾ ਕੰਮ ਖਤਮ ਨਹੀਂ ਹੋ ਗਿਆ ਸੀ । ਜਥੇਦਾਰ ਜੀ ਨੇ ਅਕਾਲ ਤਖਤ ਸਾਹਿਬ ਦੇ ਜਥੇਦਾਰ, ਸ਼ਰੋਮਣੀ ਕਮੇਟੀ ਤੇ ਸ੍ਰੀ ਦਰਬਾਰ ਸਾਹਿਬ ਕਮੇਟੀ ਦੇ ਮੈਂਬਰ ਬਣ ਕੇ ਜਿਥੇ ਧਾਰਮਿਕ ਸੇਵਾ ਕੀਤੀ, ਉਥੇ ਆਪ ਨੇ ਪੰਜਾਬ ਦੇ ਕਿਸਾਨਾਂ ਦੀ ਹਾਲਤ ਚੰਗੀ ਬਨਾਉਣ ਅਤੇ ਦੇਸ਼ ਦੀ ਸੁਤੰਤ੍ਰਤਾ ਲਈ ਬੜੀ ਸ਼ਾਨਦਾਰ ਕੁਰਬਾਨੀ ਕੀਤੀ ਹੈ ।

ਕਿਸਾਨਾਂ ਲਈ ਕੈਦ–

੧੯੨੯ ਵਿਚ ਆਪ ਦੇ ਜਤਨ ਨਾਲ ਜ਼ਿਲਾ ਅੰਮ੍ਰਿਤਸਰ



Digitized by Panjab Digital Library | www.panjabdigilib.org

ਤੇ ਪੰਜਾਬ ਦੇ ਕਿਸਾਨਾਂ ਦਾ ਬੰਦੋਬਸਤ ਵਿਚ ਵਧਾਏ ਜਾਣ ਵਾਲਾ ਮਾਮਲਾ ਰੋਕਣ ਲਈ ਇਕ ਬੰਦੋਬਸਤ ਕਮੇਟੀ ਬਣਾਈ ਗਈ। ਜਿਸ ਨੇ ਬੰਦੋਬਸਤ ਵਿਚ ਵਧਾਏ ਜਾਣ ਵਾਲੇ ਮਾਮਲੇ ਵਿਰੁਧ ਅੰਦੋਲਨ ਕੀਤਾ। ਉਸ ਵਿਚ ਆਪ ਨੂੰ ਇਕ ਸਾਲ ਕੈਦ ਦੀ ਸਜ਼ਾ ਹੋਈ, ਜਿਸ ਨੂੰ ਆਪ ਨੇ ਹਸੂੰ ਹਸੂੰ ਕਰਕੇ ਕਟਿਆ। ਇਸ ਅੰਦੋਲਨ ਨਾਲ ਜ਼ਿਲੇ ਦੇ ਕਿਸਾਨਾਂ ਵਿਚ ਭਾਰੀ ਜਾਗਰਤੀ ਪੈਦਾ ਹੋ ਗਈ। ਸਰਕਾਰ ਨੂੰ ਬੰਦੋਬਸਤ ਮੁਲਤਵੀ ਕਰਨਾ ਪਿਆ।

ਸ੍ਰੀ ਦਰਬਾਰ ਸਾਹਿਬ ਕਮੇਟੀ ਦੇ ਮੈ ਬਰ—

੧੯੩੦ ਦੀ ਦੂਜੀ ਗੁਰਦੁਆਰਾ ਚੋਣ ਵਿਚ ਆਪ ਸ਼ਰੋਮਣੀ ਕਮੇਟੀ ਦੇ ਮੈਂਬਰ ਚੁਣੇ ਜਾਣ ਦੇ ਨਾਲ ਸ੍ਰੀ ਦਰਬਾਰ ਸਾਹਿਬ ਕਮੇਟੀ ਅੰਮ੍ਰਿਤਸਰ ਦੇ ਮੈਂਬਰ ਵੀ ਚੁਣੇ ਗਏ। ੪ ਜੁਲਾਈ ੧੯੩੦ ਤੋਂ ੧੫ ਜੁਲਾਈ ੧੯੩੨ ਤੀਕ ਤਿੰਨ ਸਾਲ ਆਪ ਸ੍ਰੀ ਦਰਬਾਰ ਕਮੇਟੀ ਦੇ ਮੈਂਬਰ ਰਹੇ। ਇਸ ਸਮੇਂ ਵਿਚ ਉਕਤ ਕਮੇਟੀ ਵਲੋਂ ਯਾਤਰੂਆਂ ਦੇ ਸੁਖ ਆਰਾਮ ਲਈ ਸ੍ਰੀ ਗੁਰੂ ਰਾਮ ਦਾਸ ਨਿਵਾਸ (ਸਰਾਂ) ਦੀ ਸ਼ਾਨਦਾਰ ਇਮਾਰਤ ਤਿਆਰ ਹੋਈ, ਜੋ ਉਸ ਵਕਤ ਦੇ ਚੰਗੇ ਪ੍ਰਬੰਧ ਦੀ ਇਕ ਅਮਰ ਯਾਦਗਾਰ ਹੈ।

ਦੂਜੀ ਸਿਵਲ ਨਾਫੁਰਮਾਨੀ ਵਿਚ ਕੈਦ—

ਜਥੇਦਾਰ ਜੀ ਦੇ ਮਨ ਵਿਚ ਜਿਥੇ ਸਿਖ ਧਰਮ ਲਈ ਅਪਾਰ ਸ਼ਰਧਾ ਤੇ ਪਰੇਮ ਸੀ, ਉਥੇ ਦੇਸ ਦੀ ਆਜ਼ਾਦੀ ਲਈ ਬੇਹੱਦ ਲਗਨ ਤੇ ਤੜਪ ਸੀ। ਦੇਸ਼ ਦੀ ਆਜ਼ਾਦੀ ਲਈ ਆਪ ਦੀਆਂ ਕੁਰਬਾਨੀਆਂ ਦਾ ਰੀਕਾਰਡ ਵੀ ਬਹੁਤ ਸ਼ਾਨਦਾਰ ਹੈ। ੧੯੩੦ ਵਿਚ ਜਦ ਮਹਾਤਮਾ ਗਾਂਧੀ ਨੇ ਦੂਜੀ ਵੇਰ ਸਿਵਲ ਨਾਫੁਰਮਾਨੀ ਕੀਤੀ, ਉਸ ਵਿਚ ਜਥੇਦਾਰ ਜੀ ਨੇ ਵਧ ਚੜ੍ਹ ਕੇ ਹਿਸਾ ਲਿਆ। ਲੋਕਾਂ ਨੂੰ ਅਤਿ ਜੋਸ਼ੀਲੀਆਂ ਤਕਰੀਰਾਂ ਰਾਹੀਂ



Digitized by Panjab Digital Library | www.panjabdigilib.org

ਆਜ਼ਾਦੀ ਦੇ ਸੰਗਰਾਮ ਵਿਚ ਸ਼ਾਮਲ ਹੋਣ ਦੀ ਪਰੇਰਨਾ ਕੀਤੀ, ਜਿਸ ਕਰਕੇ ਸਰਕਾਰ ਨੇ ਆਪ ਨੂੰ ਗ੍ਰਿਫਤਾਰ ਕਰਕੇ ਇਕ ਸਾਲ ਲਈ ਜੇਲ੍ਹ ਵਿਚ ਬਦ ਕਰ ਦਿਤਾ। ਆਪ ਨੇ ਇਹ ਕੈਦ ਵੀ ਬੜੀ ਦ੍ਰਿੜ੍ਹਤਾ ਨਾਲ ਕੱਟੀ।

## ਡਿਸਟ੍ਰਿਕਟ ਬੋਰਡ ਦੇ ਮੈਂਬਰ—

੧੯੩੩ ਵਿਚ ਜਥੇਦਾਰ ਜੀ ਡਿਸਟ੍ਰਿਕਟ ਬੋਰਡ ਦੇ ਮੈਂਬਰ ਚੁਣੇ ਗਏ। ਆਪ ਨੇ ੧੯੩੬ ਤੀਕ ਲਗਾਤਾਰ ੩ ਸਾਲ ਡਿਸਟ੍ਰਿਕਟ ਬੋਰਡ ਵਿਚ ਪੇਂਡੂ ਜਨਤਾ ਦੀ ਸਹੀ ਪ੍ਰਤੀਨਿਧਤਾ ਕੀਤੀ। ਪਿੰਡਾਂ ਵਿਚ ਸੜਕਾਂ ਬਨਾਉਣ, ਸਕੂਲ ਖੋਲ੍ਹਣ ਅਤੇ ਨਵੇਂ ਟੈਕਸ ਘਟ ਕਰਨ ਦਾ ਜਤਨ ਕੀਤਾ।

## ਸ਼ਰੋਮਣੀ ਅਕਾਲੀ ਦਲ ਦੇ ਜਥੇਦਾਰ—

ਜਥੇਦਾਰ ਜੀ ਦੀਆਂ ਕੁਰਬਾਨੀਆਂ ਨੂੰ ਮੁਖ ਰਖ ਕੇ ੧੯੩੫ ਵਿਚ ਆਪ ਨੂੰ ਸ਼ਰੋਮਣੀ ਅਕਾਲੀ ਦਲ ਦਾ ਜਥੇਦਾਰ ਚੁਣਿਆ ਗਿਆ। ਆਪ ਨੇ ਅਕਾਲੀ ਦਲ ਦੀ ਬੜੀ ਸੁਚੱਜੀ ਅਗਵਾਈ ਕੀਤੀ। ਜਨਵਰੀ ੧੯੩੫ ਵਿਚ ਸ: ਸੇਵਾ ਸਿੰਘ ਜੀ ਠੀਕਰੀ ਵਾਲਾ ਪਟਿਆਲਾ ਜੇਲ੍ਹ ਵਿਚ ਸ਼ਹੀਦ ਹੋਏ। ਅਕਾਲੀ ਦਲ ਵਲੋਂ ਉਹਨਾਂ ਬਾਰੇ ਆਵਾਜ਼ ਉਠਾਈ ਗਈ। ਦੇਸ਼ ਦੇ ਸਿਆਸੀ ਕੈਦੀਆਂ ਦੀ ਰਿਹਾਈ ਲਈ ਵੀ ਇਕ ਕਮੇਟੀ ਬਣਾਈ ਗਈ, ਜਿਸ ਵਿਚ ਜਥੇਦਾਰ ਜੀ ਨੇ ਕਾਫੀ ਕੰਮ ਕੀਤਾ।

## ਫਿਰ ਕੈਦ ਤੇ ਨਜ਼ਰਬੰਦੀ—

ਆਪ ਦੀਆਂ ਰਾਜਸੀ ਸਰਗਰਮੀਆਂ ਨੂੰ ਮੁਖ ਰਖ ਕੇ ਸਰਕਾਰ ਨੇ ੧੯੩੬ ਵਿਚ ਜ਼ੇਰ ਦਫ਼ਾ ੧੦੮ ਨਾਗੋਕੇ ਤੋਂ ਗ੍ਰਿਫਤਾਰ ਕਰ ਕੇ ਇਕ ਸਾਲ ਲਈ ਬੰਦੀਖਾਨੇ ਭੇਜ ਦਿਤਾ।



Digitized by Panjab Digital Library | www.panjabdigilib.org

੧੯੩੭ ਵਿਚ ਫਿਰ ਇਕ ਸਾਲ ਲਈ ਆਪ ਨੂੰ ਨਜ਼ਰਬੰਦ ਰਖਿਆ ਗਿਆ।

ਅੰਮ੍ਰਿਤਸਰ ਦਾ ਕਿਸਾਨ ਮੁਜ਼ਾਹਰਾ–

੧੯੩੮ ਵਿਚ ਸਰ ਸਕੰਦਰ ਦੀ ਯੂਨੀਨਿਸਟ ਸਰਕਾਰ ਨੇ ਨਵੇਂ ਬੰਦੋਬਸਤ ਰਾਹੀਂ ਜ਼ਿਲਾ ਅੰਮ੍ਰਿਤਸਰ ਦੇ ਕਿਸਾਨਾਂ ਦਾ ਮਾਮਲਾ ਵਧਾਉਣ ਦਾ ਇਰਾਦਾ ਕੀਤਾ। ਜਿਸ ਦੇ ਵਿਰੁਧ ਬੰਦੋਬਸਤ ਕਮੇਟੀ ਦੇ ਨਾਂ ਪਰ ਜਥੇਦਾਰ ਜੀ ਨੇ ੨੦ ਜੁਲਾਈ ੧੯੩੮ ਨੂੰ ਅੰਮ੍ਰਿਤਸਰ ਵਿਕ ਇਕ ਲੱਖ ਤੋਂ ਵਧੀਕ ਕਿਸਾਨਾਂ ਦਾ ਸ਼ਾਨਦਾਰ ਮੁਜ਼ਾਹਰਾ ਕੀਤਾ। ਰੇਲਵੇ ਪੁਲ ਤੇ ਸੀਨਾ ਤਾਣ ਕੇ ਸਰਕਾਰ ਅੰਗਰੇਜ਼ੀ ਦੀ ਪੁਲਸ ਦੀਆਂ ਲਾਠੀਆਂ ਖਾਧੀਆਂ। ਉਸ ਮੁਜ਼ਾਹਰੇ ਵਿਚ ਸਵਰਗੀ ਸ: ਪ੍ਰਤਾਪ ਸਿੰਘ ਕੈਰੋਂ, ਜਥੇਦਾਰ ਸੋਹਨ ਸਿੰਘ ਜਲਾਲ ਉਸਮਾਂ, ਸ: ਦਰਸ਼ਨ ਸਿੰਘ ਫੇਰੂਮਾਨ, ਸ: ਈਸ਼ਰਸਿੰਘਮਝੈਲ ਆਪਦੇ ਨਾਲ ਸਨ। ਉਸਮੁਜ਼ਾਹਰੇ ਕਾਰਨ ਆਪ ਨੂੰ ਇਕ ਸਾਲ ਕੈਦ ਸਖਤ ਦੀ ਸਜ਼ਾ ਦਿਤੀ ਗਈ। ਕਈ ਹੋਰ ਸਜਨਾਂ ਨੂੰ ਵੀ ਕੈਦ ਕੀਤਾ ਗਿਆ। ਪਰ ਉਸ ਨਾਲ ਯੂਨੀਨਿਸਟ ਸਰਕਾਰ ਦੀਆਂ ਜੜ੍ਹਾਂ ਹਿਲ ਗਈਆਂ। ਪੰਜਾਬ ਦੇ ਕਿਸਾਨਾਂ ਵਿਚ ਅਸਚਰਜ ਜਾਗਰਤੀ ਪੈਦਾ ਹੋ ਗਈ। ੧੯੩੬-੩੭ ਦੀਆਂ ਜਨਰਲ ਚੋਣਾਂ ਦੇ ਨਤੀਜੇ ਦੇ ਤੌਰ ਤੇ ਅਕਾਲੀ ਦਲ ਵਿਚ ਜੋ ਸਿਥਲਤਾ ਆਈ ਸੀ, ਉਹ ਦੂਰ ਹੋ ਗਈ। ਜ਼ਿਲਾ ਅੰਮ੍ਰਿਤਸਰ ਦੇ ਕਿਸਾਨਾਂ ਦਾ ਕਈ ਲਖ ਵਧਣ ਵਾਲਾ ਮਾਮਲਾ ਰੁਕ ਗਿਆ। ਅਕਾਲੀ ਦਲ ਦੀ ਗੁਰਦਵਾਰਾ ਚੋਣਾਂ ਵਿਚ ਜਿੱਤ ਹੋਈ।

੧੯੪੨ ਵਿਚ ਤਿੰਨ ਸਾਲ ਜੇਲ੍ਹ–

ਸਤੰਬਰ ੧੯੩੯ ਵਿਚ ਦੂਜੀ ਮਹਾਨ ਜੰਗ ਸ਼ੁਰੂ ਹੋ ਗਈ। ਜ: ਊਧਮ ਸਿੰਘ ਦੇਸ਼ ਦੇ ਉਹਨਾਂ ਸਰਗਰਮ ਅਤੇ ਅਗਾਂਹ ਵਧੂ



Digitized by Panjab Digital Library | www.panjabdigilib.org

ਆਗੂਆਂ ਵਿਚੋਂ ਸਨ, ਜਿਹਨਾਂ ਦਾ ਨਿਸਚਾ ਇਹ ਸੀ, ਕਿ ਅੰਗਰੇਜ਼ ਚੂੰਕਿ ਆਜ਼ਾਦੀ ਦੇਣ ਲਈ ਤਿਆਰ ਨਹੀਂ, ਇਸ ਲਈ ਸਰਕਾਰ ਨੂੰ ਜੰਗ ਵਿਚ ਭਰਤੀ ਜਾਂ ਕਿਸੇ ਤਰ੍ਹਾਂ ਦੀ ਸਹਾਇਤਾ ਨਹੀਂ ਦੇਣੀ ਚਾਹੀਦੀ। ਸਗੋਂ ਆਜ਼ਾਦੀ ਦੇ ਸੰਗਰਾਮ ਨੂੰ ਤਿਖਿਆਂ ਕਰਕੇ ਵਿਦੇਸ਼ੀ ਰਾਜ ਨੂੰ ਕਰੜੀ ਸਟ ਮਾਰ ਕੇ ਸੁਤੰਤ੍ਰਤਾ ਹਾਸਲ ਕਰਨੀ ਚਾਹੀਦੀ ਹੈ। ਇਸ ਕਾਰਨ ਸਰਕਾਰ ਅੰਗਰੇਜ਼ੀ ਆਪ ਪਰ ਕਰੜੀ ਨਿਗਰਾਨੀ ਰਖਦੀ ਸੀ।

੧੯੪੧ ਵਿਚ ਮਹਾਤਮਾ ਗਾਂਧੀ ਤੇ ਕਾਂਗਰਸ ਨੇ ਸ਼ਖਸੀ ਸਿਵਲ ਨਾ ਫੁਰਮਾਨੀ ਕੀਤੀ। ਪਰ ਨੇਤਾ ਜੀ ਸੁਭਾਸ਼ ਚੰਦਰ ਬੋਸ ਸ਼ਾਂਤਮਈ ਦੀ ਨੀਤੀ ਨੂੰ ਛਡ ਕੇ ਸਰਕਾਰ ਅੰਗਰੇਜ਼ੀ ਨੂੰ ਇੱਟ ਦਾ ਜਵਾਬ ਪੱਥਰ ਨਾਲ ਦੇਣ ਲਈ ਤਿਆਰ ਹੋ ਗਏ। ਸਰਕਾਰ ਨੇ ਉਹਨਾਂ ਨੂੰ ਉਹਨਾਂ ਦੇ ਘਰ ਕਲਕਤੇ ਵਿਚ ਨਜ਼ਰਬੰਦ ਕਰਕੇ ਕਰੜਾ ਪਹਿਰਾ ਲਾ ਦਿਤਾ। ਨੇਤਾ ਜੀ ਪੁਲੀਸ ਦੀ ਨਿਗਰਾਨੀ ਦੇ ਬਾਵਜੂਦ ਕਲਕਤਿਓਂ ਨਿਕਲ ਕੇ ਭੇਸ ਵਟਾ ਕੇ ਪੰਜਾਬ ਦੇ ਰਸਤੇ ਕਾਬਲ ਪੁਜਣ ਵਿਕ ਸਫਲ ਹੋ ਗਏ। ਸਰਕਾਰ ਅੰਗਰੇਜ਼ੀ ਨੇ ਨੇਤਾ ਜੀ ਨੂੰ ਪੰਜਾਬ ਦੇ ਰਸਤੇ ਕਾਬਲ ਭੇਜਣ ਦੇ ਦੋਸ਼ ਵਿਚ ਜ: ਊਧਮ ਸਿਘ ਜੀ ਨੂੰ ਮਾਰਚ ੧੯੪੨ ਵਿਚ ਤੇ ਕਈ ਹੋਰ ਸਜਣਾਂ ਨੂੰ ਡੀਫੈਂਸ ਆਫ ਇੰਡੀਆ ਰੂਲਜ਼ ਦੇ ਅਧੀਨ ਗ੍ਰਿਫਤਾਰ ਕਰ ਲਿਆ। ਆਪ ਨੂੰ ਤਿੰਨ ਮਹੀਨੇ ਲਾਹੌਰ ਕਿਲੇ ਵਿਚ ਰਖ ਕੇ ਤਸੀਹੇ ਦਿਤੇ ਗਏ। ਫਿਰ ਜੇਲ੍ਹ ਵਿਚ ਭੇਜ ਦਿਤਾ। ਅਗਸਤ ੧੯੪੨ ਵਿਚ ਮ: ਗਾਂਧੀ ਤੇ ਕਾਂਗਰਸ ਨੇ 'ਅੰਗਰੇਜ਼ੋ ਨਿਕਲ ਜਾਓ' ਦੀ ਮੁਹਿੰਮ ਸ਼ੁਰੂ ਕੀਤੀ। ਉਸ ਵਿਚ ਸਰਕਾਰ ਨੇ ਜਥੇਦਾਰ ਜੀ ਦੇ ਸਾਰੇ ਸਾਥੀਆਂ ਨੂੰ ਇਕ ਇਕ ਕਰ ਕੇ ਗ੍ਰਿਫਤਾਰ ਤੇ ਨਜ਼ਰਬੰਦ ਕੀਤਾ।

ਆਜ਼ਾਦੀ ਦੀ ਇਸ ਲੜਾਈ ਵਿਚ ਜਥੇਦਾਰਜੀ ਤਕਰੀਬਨ ਤਿੰਨ ਸਾਲ ਜੇਲ੍ਹ ਵਿਚ ਰਹੇ। ਇਹ ਕੈਦ ਆਪ ਨੇ ਰਾਵਲਪਿੰਡੀ



Digitized by Panjab Digital Library | www.panjabdigilib.org

ਜੇਲ੍ਹ ਵਿਚ ਕਟੀ। ੧੯੪੫ ਦੇ ਆਰੰਭ ਵਿਚ ਆਪ ਰਿਹਾ ਹੋਏ, ਜਦ ਕਿ ਸਰਕਾਰ ਨੇ ਸਾਰੇ ਦੇਸ਼ ਭਗਤਾਂ ਨੂੰ ਰਿਹਾ ਕੀਤਾ।

ਪੰਜਾਬ ਅਸੈਂਬਲੀ ਦੇ ਮੈਂਬਰ—

੧੯੪੬ ਦੀ ਚੋਣ ਵਿਚ ਜਥੇਦਾਰ ਜੀ ਪੰਜਾਬ ਅਸੈਂਬਲੀ ਦੇ ਮੈਂਬਰ ਚੁਣੇ ਗਏ। ੧੯੫੨ ਤੀਕ ਆਪ ਨੇ ਇਹ ਸੇਵਾ ਕੀਤੀ। ਪੰਜਾਬ ਦੀ ਵਜ਼ਾਰਤ ਬਨਾਣ ਵਿਚ ਆਪ ਦਾ ਪ੍ਰਭਾਵ ਸੀ।

੧੯੪੭ ਦੀ ਗੜਬੜ 'ਚ ਸੂਰਬੀਰਤਾ—

੧੯੪੭ ਦਾ ਸਾਲ ਪੰਜਾਬ ਨਿਵਾਸੀਆਂ ਲਈ ਜਿਥੇ ਦੇਸ਼ ਆਜ਼ਾਦ ਹੋਣ ਦੇ ਕਾਰਨ ਇਕ ਸੁਨਹਿਰੀ ਸਾਲ ਸਮਝਿਆ ਜਾਂਦਾ ਹੈ, ਉਥੇ ਪੰਜਾਬ ਦੇ ਦੋ ਹਿਸਿਆਂ ਵਿਚ ਵੰਡੇ ਜਾਣ ਅਤੇ ਪੱਛਮੀ ਪੰਜਾਬ ਵਿਚੋਂ ਸਿਖਾਂ ਤੇ ਹਿੰਦੂਆਂ ਦੇ ਸਮੁਚੇ ਨਿਕਾਸ ਤੇ ਉਸ ਨਾਲ ਸੰਬੰਧਤ ਦੂਰ ਘਟਨਾਵਾਂ ਦੇ ਕਾਰਨ ਸਦਾ ਲਈ ਦੁਖਿਆਰਾ ਸਾਲ ਗਿਣਿਆ ਜਾਂਦਾ ਰਹੇਗਾ। ਇਸ ਭਿਆਨਕ ਸਮੇਂ ਵਿਚ ਜਥੇਦਾਰ ਜੀ ਨੇ ਸਿਖ ਤੇ ਹਿੰਦੂ ਸ਼ਰਨਾਰਥੀਆਂ ਨੂੰ ਬੜੀ ਢਾਰਸ ਦਿਤੀ। ਅੰਮ੍ਰਿਤਸਰ ਸ਼ਹਿਰ ਵਿਚ ਜਿਸ ਗਲੀ ਮਹੱਲੇ ਵਿਚ ਮੁਸਲਿਮ ਲੀਗੀਆਂ ਵਲੋਂ ਵਧੀਕੀ ਹੁੰਦੀ, ਜਃ ਊਧਮ ਸਿੰਘ ਜੀ ਉਥੇ ਹੀ ਅਪੜਦੇ। ਲੀਗੀ ਆਪ ਦਾ ਨਾਂ ਸੁਣ ਕੇ ਹੀ ਨਠ ਜਾਂਦੇ ਸਨ।

ਜਥੇਦਾਰ ਜੀ ਨੇ ਉਸ ਸਮੇਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤ-ਸਰ ਤੇ ਸ਼ਹਿਰ ਦੇ ਹਿੰਦੂਆਂ ਸਿਖਾਂਦੀ ਰਾਖੀ ਲਈ ਬਹੁਤ ਸ਼ਾਨਦਾਰ ਕੰਮ ਕੀਤਾ। ਚੌਂਕ ਫਰੀਦ ਅੰਮ੍ਰਿਤਸਰ ਵਿਚ ਮੁਸਲਿਮ ਲੀਗੀ ਹਮਲਾਵਰਾਂ ਦੇ ਘੇਰੇ ਵਿਚੋਂ ਜਿਸ ਦਲੇਰੀ ਨਾਲ ਹਿੰਦੂ ਸਿਖ ਪ੍ਰਵਾਰਾਂ, ਇਸਤ੍ਰੀਆਂ ਅਤੇ ਬਚਿਆਂ ਨੂੰ ਆਪ ਨੇ ਕਢ ਕੇ ਲਿਆਂਦਾ,



Digitized by Panjab Digital Library | www.panjabdigilib.org

ਉਸ ਸੂਰਬੀਰਤਾ ਨੂੰ ਕੋਈ ਅੰਮ੍ਰਿਤਸਰ ਨਿਵਾਸੀ ਭੁਲ ਨਹੀਂ ਸਕਦਾ ।

ਸ਼ਰੋਮਣੀ ਕਮੇਟੀ ਦੇ ਪ੍ਰਧਾਨ–

ਅਸੀਂ ਪਿਛੇ ਦਸ ਆਏ ਹਾਂ ਕਿ ਆਪਣੀ ਕਾਬਲੀਅਤ ਅਤੇ ਕੁਰਬਾਨੀਆਂ ਦਾ ਸਦਕਾ ਜ: ਊਧਮ ਸਿੰਘ ਜੀ ੨੮ ਸਾਲ ਲਗਾਤਾਰ ਸ਼ਰੋਮਣੀ ਕਮੇਟੀ ਦੇ ਮੈਂਬਰ ਰਹੇ ਹਨ। ੨੮ ਮਈ ੧੯੪੮ ਨੂੰ ਪਹਿਲੀ ਵੇਰ ਸ਼ਰੋਮਣੀ ਕਮੇਟੀ ਦੇ ਪ੍ਰਧਾਨ ਚੁਣੇ ਗਏ। ੧੮ ਮਾਰਚ ੧੯੫੦ ਤੀਕ ਇਸ ਪਦਵੀ ਤੇ ਕੰਮ ਕਰਦੇ ਰਹੇ। ਉਸ ਤੋਂ ਬਾਹਦ ੨੬ ਨਵੰਬਰ ੧੯੫੦ ਨੂੰ ਦੋਬਾਰਾ ਸ਼ਰੋਮਣੀ ਕਮੇਟੀ ਦੇ ਪ੍ਰਧਾਨ ਬਣੇ। ੨੮ ਜੂਨ ੧੯੫੨ ਤੀਕ ਪ੍ਰਧਾਨਗੀ ਦੀ ਪਦਵੀ ਤੇ ਰਹੇ ।

੧੯੪੮ ਤੋਂ ੧੯੫੨ ਤੀਕ ਤਿੰਨ ਸਾਲ ਜਥੇਦਾਰ ਜੀ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਹੇ ਹਨ । ਇਸ ਸਮੇਂ ਵਿਚ ਆਪ ਨੇ ਗੁਰਦਵਾਰਾ ਪ੍ਰਬੰਧ ਨੂੰ ਬਿਹਤਰ ਬਨਾਉਣ ਦਾ ਜਤਨ ਕੀਤਾ। ਗੁਰਦਵਾਰਾ ਫੰਡਜ਼ ਨੂੰ ਬੜੀ ਦਿਆਨਤਦਾਰੀ ਨਾਲ ਵਰਤਿਆ। ਧਰਮ ਪ੍ਰਚਾਰ ਅਤੇ ਕੌਮੀ ਉਸਾਰੀ ਦੇ ਕਈ ਠੋਸ ਨਿਗਰ ਅਤੇ ਸਦੀਵ ਰਹਿਣ ਵਾਲੇ ਕੰਮ ਕੀਤੇ ਹਨ। ਅਜ ਲੋਕੀਂ ਜਥੇਦਾਰ ਜੀ ਦੇ ਸਮੇਂ ਵਿਚ ਕੀਤੇ ਗਏ ਸ਼ਾਨਦਾਰ ਗੁਰਦਵਾਰਾ ਪਬੰਧ ਤੇ ਕੰਮਾਂ ਨੂੰ ਚੇਤੇ ਕਰਦੇ ਹਨ ।

ਗੁਰੂ ਨਾਨਕ ਇੰਜੀਨੀਅਰਿੰਗ ਕਾਲਜ–

ਜਥੇਦਾਰ ਜੀ ਦੀ ਪ੍ਰਧਾਨਗੀ ਸਮੇਂ ਸ਼ਰੋਮਣੀ ਕਮੇਟੀ ਵਲੋਂ ਕੌਮੀ ਤਰੱਕੀ ਲਈ ਇਕ ਮਹਾਨ ਨਿੱਗਰ ਕੰਮ ਹੋਇਆ, ਉਹ ਹੈ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਲੁਧਿਆਣਾ ਦਾ ਬਣਨਾ ।

ਸ਼ਰੋਮਣੀ ਕਮੇਟੀ ਨੂੰ ਪੰਜਾਬ ਦੀ ਵੰਡ ਦੇ ਕਾਰਨ ਪਾਕਿ-



Digitized by Panjab Digital Library | www.panjabdigilib.org

ਸਤਾਨ ਵਿਚ ਰਹਿ ਗਏ ਸ੍ਰੀ ਨਨਕਾਣਾ ਸਾਹਿਬ ਤੇ ਪੰਜਾ ਸਾਹਿਬ ਦਾ ਦਸ ਲਖ ਰੁਪਿਆ ਮਿਲਿਆ। ਆਪ ਨੇ ੧੯੫੧ ਵਿਚ ਉਸ ਰੁਪਏ ਨਾਲ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਲੁਧਿਆਣਾ ਬਣਵਾ ਦਿਤਾ। ਇਹ ਕਾਲਜ ਪੰਜਾਬ ਦੇ ਉਘੇ ਕਾਲਜਾਂ ਵਿਚੋਂ ਇਕ ਹੈ। ਸੈਂਕੜੇ ਸਿਖ ਬਚਿਆਂ ਨੂੰ ਇੰਜੀਨੀਅਰੀ ਦੀ ਉਚੀ ਵਿਦਿਆ ਦੇ ਕੇ ਦੇਸ਼ ਦੀ ਉਸਾਰੀ ਲਈ ਤਿਆਰ ਕਰ ਰਿਹਾ ਹੈ।

ਜਥੇਦਾਰ ਜੀ ਦੀ ਪ੍ਰਧਾਨਗੀ ਸਮੇਂ ਹੀ ਗੁਰਦਵਾਰਾ ਪ੍ਰਿੰਟਿੰਗ ਪਰੈਸ ਨੂੰ ਵਿਸ਼ਾਲ ਬਣਾਇਆ ਗਿਆ। ਗੁਰਬਾਣੀ ਅਤੇ ਇਤਿਹਾਸ ਦੇ ਪ੍ਰਕਾਸ਼ਨ, ਧਰਮ ਪ੍ਰਚਾਰ ਤੇ ਸਮਾਜਕ ਸੁਧਾਰ ਦੇ ਕੰਮਾਂ ਨੂੰ ਕਾਫੀ ਵਿਕਸਤ ਕੀਤਾ ਗਿਆ।

ਭਾਰਤ ਸੇਵਕ ਸਮਾਜ ਦਾ ਕੰਮ—

ਆਜ਼ਾਦੀ ਦੇ ਬਾਹਦ ੧੯੫੨ ਵਿਚ ਸਵਰਗੀ ਪੰਡਤ ਜਵਾਹਰ ਲਾਲ ਜੀ ਨੇ ਦੇਸ਼ ਦੀ ਉਸਾਰੀ ਲਈ ਭਾਰਤ ਸੇਵਕ ਸਮਾਜ ਕਾਇਮ ਕੀਤੀ। ਪੰਜਾਬ ਵਿਚ ਜ: ਊਧਮ ਸਿੰਘ ਜੀ ਨੂੰ ਇਸ ਦਾ ਮੁਖੀ ਬਣਾਇਆ ਗਿਆ। ਆਪ ਨੇ ਭਾਰਤ ਸੇਵਕ ਸਮਾਜ ਰਾਹੀਂ ਲੋਕ ਸੇਵਾ ਕਰਨ ਦਾ ਜਤਨ ਕੀਤਾ।

ਰਾਜ ਸਭਾ ਦੇ ਮੈਂਬਰ—

ਜਥੇਦਾਰ ਜੀ ਦੀਆਂ ਮਹਾਨ ਕੁਰਬਾਨੀਆਂ ਨੂੰ ਮੁਖ ਰਖ ਕੇ ੧੯੫੩ ਵਿਚ ਆਪ ਨੂੰ ਕਾਂਗਰਸ ਵਲੋਂ ਰਾਜ ਸਭਾ ਦਾ ਮੈਂਬਰ ਅਰਥਾਤ ਐਮ. ਪੀ. ਚੁਣਿਆ ਗਿਆ। ੧੯੬੦ ਤੀਕ ਆਪ ਰਾਜ ਸਭਾ ਦੇ ਮੈਂਬਰ ਅਤੇ ਪੰਜਾਬ ਪ੍ਰਦੇਸ ਕਾਂਗਰਸ ਦੀ ਐਗਜ਼ੈਕਟਿਵ ਦੇ ਨੌਂ ਸਾਲ ਮੈਂਬਰ ਰਹੇ ਹਨ।

ਨਾਗੋਕੇ ਪਾਰਟੀ ਦਾ. ਧਾਰਮਿਕ ਤੇ ਰਾਜਸੀ ਦੋਹਾਂ ਖੇਤਰਾਂ ਵਿਚ ਪ੍ਰਭਾਵ ਸੀ। ਸ: ਪਟੇਲ ਜਥੇਦਾਰ ਜੀ ਦੀ ਮੰਨਦੇ ਸਨ।



Digitized by Panjab Digital Library | www.panjabdigilib.org

੧੯੫੧ ਵਿਚ ਹਜ਼ੂਰ ਸਾਹਿਬ ਨਦੇੜ ਦੇ ਪ੍ਰਬੰਧ ਬਾਰੇ ਜੋ ਕਮੇਟੀ ਬਣਾਈ ਗਈ, ਉਹ ਜਥੇਦਾਰ ਜੀ ਦੇ ਜਤਨ ਦਾ ਨਤੀਜਾ ਸੀ। ਸ: ਪ੍ਰਤਾਪ ਸਿੰਘ ਕੈਰੋਂ ਨੂੰ ੧੯੩੦ ਵਿਚ ਰਾਜਨੀਤਕ ਖੇਤਰ ਵਿਚ ਲਿਆਉਣ ਵਾਲੇ ਜਥੇਦਾਰ ਊਧਮ ਸਿੰਘ ਜੀ ਤੇ ਸ: ਦਰਸ਼ਨ ਸਿੰਘ ਫੇਰੂਮਾਨ ਸਨ।

੧੯੩੬-੩੭ ਦੀਆਂ ਚੋਣਾਂ ਵਿਚ ਜਥੇਦਾਰ ਜੀ ਦੇ ਉਨ੍ਹਾਂ ਦੇ ਸਾਥੀਆਂ ਨੇ ਸ੍ਰਦਾਰ ਕੈਰੋਂ ਨੂੰ ਬਾਬਾ ਗੁਰਦਿਤ ਸਿੰਘ ਦੇ ਮੁਕਾਬਲੇ ਪਰ ਪੰਜਾਬ ਕੌਂਸਲ ਦਾ ਮੈਂਬਰ ਬਣਵਾਇਆ। ਆਜ਼ਾਦੀ ਦੇ ਬਾਅਦ ਪੰਜਾਬ ਵਿਚ ਡਾਕਟਰ ਗੋਪੀ ਚੰਦ ਦੀ ਵਜ਼ਾਰਤ ਕਾਇਮ ਹੋਈ। ਉਸ ਪਰ ਨਾਗੋਕੀ ਪਾਰਟੀ ਦਾ ਕਾਫ਼ੀ ਪ੍ਰਭਾਵ ਸੀ।

੧੪ ਜਨਵਰੀ ੧੯੫੬ ਨੂੰ ਸ੍ਰੀ ਭੀਮਸੈਨ ਸੱਚਰ ਨੇ ਮੁਖ ਮੰਤਰੀ ਪਦ ਤੋਂ ਅਸਤੀਫ਼ਾ ਦਿਤਾ। ਪੰਡਤ ਨਹਿਰੂ ਸ੍ਰਦਾਰ ਪ੍ਰਤਾਪ ਸਿੰਘ ਕੈਰੋਂ ਨੂੰ ਮੁਖ ਮੰਤਰੀ ਬਣਾਉਣਾ ਚਾਹੁੰਦੇ ਸਨ। ਉਸ ਬਾਰੇ ਪੰਡਤ ਨਹਿਰੂ ਤੇ ਕੇਂਦਰੀ ਲੀਡਰਾਂ ਨਾਲ ਗਲ ਬਾਤ ਕਰਨ ਲਈ ੧੯ ਜਨਵਰੀ ਨੂੰ ਜ: ਊਧਮ ਸਿੰਘ, ਸ: ਪ੍ਰਤਾਪ ਸਿੰਘ ਕੈਰੋਂ ਤੇ ਗਿਆਨੀ ਗੁਰਮੁਖ ਸਿੰਘਮੁਸਾਫਰ ਦਿਲੀ ਗਏ।

ਉਸ ਤੋਂ ਪਿਛੋਂ ੨੧ ਜਨਵਰੀ ੧੯੫੬ ਨੂੰ ਸ: ਪ੍ਰਤਾਪ ਸਿੰਘ ਕੈਰੋਂ ਚੰਡੀਗੜ੍ਹ ਵਿਚ ਕਾਂਗਰਸ ਅਸੈਂਬਲੀ ਪਾਰਟੀ ਦੇ ਲੀਡਰ ਤੇ ਮੁਖ ਮਤਰੀ ਚੁਣੇ ਗਏ। ਸ: ਕੈਰੋਂ ਨੇ ੧੯੫੬ ਤੋਂ ਲੈਕੇ ੧੯੬੪ ਤੀਕ ਸਾਢੇ ਅਠ ਸਾਲ ਲਗਾਤਾਰ ਪੰਜਾਬ ਦੇ ਨਵ ਨਿਰਮਾਣ ਲਈ ਜੋ ਕੁਝ ਕੀਤਾ ਹੈ, ਉਸ ਨੂੰ ਪੰਜਾਬੀ ਕਦੀ ਭੁਲ ਨਹੀਂ ਸਕਦੇ।

ਇਸ ਦਾ ਕ੍ਰੈਡਿਟ ਜਥੇਦਾਰ ਜੀ ਨੂੰ ਹੈ। ਭਾਵੇਂ ਬਾਹਦ ਵਿਚ ਕੈਰੋਂ ਤੇ ਉਹਨਾਂ ਦਾ ਕਈ ਗਲਾਂ ਵਿਚ ਮਤ ਭੇਦ ਵੀ ਹੋਇਆ ਪਰ ਸ: ਕੈਰੋਂ ਜਥੇਦਾਰ ਜੀ ਦਾ ਮਾਣ ਸਤਕਾਰ ਕਰਦੇ ਸਨ।

ਸ: ਬਲਦੇਵ ਸਿੰਘ, ਸ: ਸਵਰਨ ਸਿੰਘ ਦੇ ਪੰਜਾਬ



Digitized by Panjab Digital Library | www.panjabdigilib.org

ਵਜ਼ਾਰਤ ਵਿਚ ਸ਼ਾਮਲ ਹੋਣ ਤੇ ਕੇਂਦਰਵਿਚ ਜਾਣ ਤੇ ਉਹਨਾਂ ਨੂੰ ਆਪਦੀ ਹਮੈਤ ਹਾਸਲ ਸੀ। ਪੈਪਸੂ ਵਿਚ ਕਰਨਲ ਰਘਬੀਰ ਸਿੰਘ ਮਨਿਸਟਰੀ ਦੇ ਸਮਰਥਕ ਸਨ।

ਸ: ਗੁਰਦਿਆਲ ਸਿੰਘ ਸਪੀਕਰ ਲੋਕ ਸਭਾਨੂੰ ਰਾਜਨੀਤਕ ਖੇਤਰ ਵਿਚ ਲਿਆਉਣ ਵਾਲਿਆਂ ਚੋਂ ਸਨ। ਸ: ਗੁਰਦਿਆਲ ਸਿੰਘ ਢਿਲੋਂ ਨਾਗੋਕੀ ਪਾਰਟੀ ਦੇ ਅਖਬਾਰ 'ਸ਼ੇਰੇ ਭਾਰਤ' ਦੇ ਮੈਨੇਜਰ ਰਹੇ ਹਨ।

ਫਰਵਰੀ ੧੯੫੬ ਵਿਚ ਸਰਬ ਹਿੰਦ ਕਾਂਗਰਸ ਦਾ ਇਜਲਾਸ ਅੰਮ੍ਰਿਤਸਰ ਵਿਚ ਹੋਇਆ। ਉਸ ਦੀ ਸਰਵਿਸ ਕੋਰ ਦੇ ਕਮਾਂਡਰ ਤੇ ਪ੍ਰਮੁਖ ਪ੍ਰਬੰਧਕ ਸਨ।

ਨਵੰਬਰ ੧੯੫੬ ਵਿਚ ਜਥੇਦਾਰ ਜੀ ਨੇ ਇਕ ਪੁਸਤਕ "ਸਿਖ ਧਰਮ ਤੇ ਮੌਜੂਦਾ ਰਾਜਨੀਤੀ" ਪ੍ਰਕਾਸ਼ਤ ਕਰਵਾਈ। ਜਿਸ ਵਿਚ ਲਿਖਿਆ ਕਿ ਆਜ਼ਾਦੀ ਦੇ ਬਾਹਦ ਭਾਰਤ ਦੀ ਰਾਜ ਬਣਤਰ ਸੈਕੂਲਰ ਬਣਾਈ ਗਈ ਹੈ। ਚੋਣਾਂ ਸਾਂਝੀਆਂ ਕਰ ਦਿਤੀਆਂ ਗਈਆਂ ਹਨ। ਇਸ ਲਈ ਫਿਰਕੂ ਰਾਜਨੀਤੀ ਨਹੀਂ ਚਲ ਸਕਦੀ। ਧਰਮ ਮੰਦਰਾਂ ਜਾਂ ਗੁਰਦਵਾਰਿਆਂ ਨੂੰ ਸਿਆਸੀ ਪਾਰਟੀ ਬਾਜ਼ੀ ਦਾ ਅਖਾੜਾ ਨਹੀਂ ਬਨਾਉਣਾ ਚਾਹੀਦਾ। ਇਹ ਉਹਨਾਂ ਦੀ ਰਾਜਨੀਤਕ ਸੂਝ ਤੇ ਦੂਰ ਅੰਦੇਸ਼ੀ ਦਾ ਸਬੂਤ ਹੈ।

### ਸਾਧੂ ਸਮਾਜ ਨਾਲ ਪਰੇਮ—

ਜਥੇਦਾਰ ਜੀ ਇਕ ਮਹਾਨ ਰਾਜਨੀਤਕ ਆਗੂ ਹੋਣ ਦੇ ਬਾਵਜੂਦ ਧਾਰਮਿਕ ਜੀਵਨ ਤੇ ਰੁਚੀਆਂ ਵਾਲੇ ਸਨ। ਆਪ ਉਦਾਸੀਨ ਤੇ ਨਿਰਮਲੇ ਸੰਤਾਂ ਸਾਧੂਆਂ ਅਤੇ ਸਿਖ ਸੰਪਦਾਵਾਂ ਨਾਲ ਖਾਸ ਤੌਰ ਤੇ ਮੇਲ ਜੋਲ ਰਖਦੇ ਸਨ। ਇਸ ਲਈ ਸਾਧੂ ਸਮਾਜ ਵਿਚ ਵੀ ਬੜੇ ਸਤਕਾਰੇ ਜਾਂਦੇ ਸਨ।



Digitized by Panjab Digital Library | www.panjabdigilib.org

ਸੁਤੰਤਰ ਪਾਰਟੀ ਵਿਚ—

੧੯੬੦ ਵਿਚ ਆਪ ਦੇ ਰਾਜਸੀ ਖਿਆਲਾਂ ਵਿਚ ਕੁਝ ਤਬਦੀਲੀ ਆਈ। ਆਪ ਸ੍ਰੀ ਰਾਜਾ ਗੋਪਾਲਾ ਚਾਰੀਯਾਦੀ ਸੁਤੰਤਰ ਪਾਰਟੀ ਵਿਚ ਸ਼ਾਮਲ ਹੋ ਗਏ। ੧੯੬੦ ਤੋਂ ੧੧-੧-੬੧ ਤੀਕ ਪੰਜਾਬ ਸੁਤੰਤਰ ਪਾਰਟੀ ਦੇ ਪ੍ਰਧਾਨ ਤੇ ੧੯੬੫ ਤੋਂ ਆਲ ਇੰਡੀਆ ਸੁਤੰਤਰ ਪਾਰਟੀ ਦੇ ਮੀਤ ਪ੍ਰਧਾਨ ਰਹੇ।

ਜਥੇਦਾਰ ਜੀ ਜਦ ਸੁਤੰਤਰ ਪਾਰਟੀ ਵਿਚ ਸ਼ਾਮਲ ਹੋਣ ਲਗੇ, ਸਾਰੇ ਸਾਥੀਆਂਨੇ ਕਪੂਰਥਲੇ 'ਚ ਇਕ ਮੀਟਿੰਗਕਰਕੇ ਉਹਨਾਂ ਨੂੰ ਰੋਕਿਆ। ਲੇਖਕ ੧੯੨੩-੨੫ ਵਿਚ ਉਹਨਾਂ ਨਾਲ ਮੁਲਤਾਨ ਸੈਂਟ੍ਰਲ ਜੇਲ੍ਹ ਵਿਚ ਰਿਹਾ ਸੀ। ਉਹ ਸਾਡੇ ਨਾਲ ਬੇਹੱਦ ਪ੍ਰੇਮ ਤੇ ਵਿਸਵਾਸ਼ ਕਰਦੇ ਸਨ। ੧੯੪੮ ਵਿਚ ਉਹਨਾਂ ਨੇ ਸ਼ਰੋਮਣੀ ਕਮੇਟੀ ਵਲੋਂ ਤਖਤ ਕੇਸਗੜ੍ਹ ਦਾ ਜਥੇਦਾਰ ਬਣਾਕੇ ਭੇਜਿਆ। ੧੯੫੨ ਵਿਚ ਵੋਟਾਂ ਪਾ ਕੇ ਸ੍ਰੀ ਅਕਾਲ ਤਖਤ ਦਾ.ਜਥੇਦਾਰ ਚੁਣਿਆ।

ਅਸੀਂ ਉਹਨਾਂ ਨੂੰ ਕਿਹਾ—"ਆਪਨੇ ਸਾਰੀ ਉਮਰ ਕਾਂਗਰਸ ਵਿਚ ਰਹਿ ਕੇ ਦੇਸ਼ ਦੀ ਸੇਵਾ ਤੇ ਕੁਰਬਾਨੀ ਕੀਤੀ ਹੈ। ਹੁਣ ਕਬੀਰ ਜੀ ਦੇ ਕਥਨ—

ਸਗਲ ਜਨਮੁ ਸ਼ਿਵ ਪੁਰੀ ਗਵਾਇਆ।
ਮਰਤੀ ਬਾਰ ਮਹਰਿ ਉਠ ਆਇਆ।

ਅਨੁਸਾਰ ਸੁਤੰਤਰ ਪਾਰਟੀ ਵਿਚ ਕਿਉਂ ਸ਼ਾਮਲ ਹੋ ਰਹੇ ਹੋ ?

ਉਹ ਕਹਿਣ ਲਗੇ-ਅਮਰੀਕਾ ਵਾਲੇ ਆਖਦੇ ਹਨ:— 'ਪੰਡਤਨਹਿਰੂ ਖਾਣ ਲਈ ਅਨਾਜ ਤੇ ਪੰਜ ਸਾਲਾਂ ਪਲਾਨਾਂ ਲਈ ਡਾਲਰ ਸਾਥੋਂ ਲੈਂਦਾ ਹੈ। ਪਰ ਗਲਾਂ ਸਮਾਜਵਾਦ ਦੀਆਂ ਕਰਦਾ ਹੈ। ਜੇ ਸਾਥੋਂ ਕੁਝ ਲੈਣਾ ਜੇ ਤਾਂ ਨੈਸ਼ਨਲ ਅਪੋਜ਼ੀਸ਼ਨ ਪਾਰਟੀ ਬਣਾਉ।'

੧੯੬੦ ਵਿਚ ਪੰਜਾਬੀ ਸੂਬੇ ਦੇ ਮੋਰਚੇ ਵਿਚ ਕੁਝ ਚਿਰ



Digitized by Panjab Digital Library | www.panjabdigilib.org

ਧਰਮਸਾਲਾ ਜੇਲ੍ਹ ਵਿਚ ਨਜ਼ਰਬੰਦ ਵੀ ਰਹੇ ।

ਅਤੁਟ ਦੇਸ਼ ਭਗਤੀ—

ਜਥੇਦਾਰ ਜੀ ਦੀ ਅਤੁਟ ਦੇਸ਼ ਭਗਤੀ ਦੀ ਇਕ ਮਿਸਾਲ ਪੇਸ਼ ਕਰਨੀ ਮੁਨਾਸਬ ਸਮਝਦੇ ਹਾਂ । ਜੂਨ ੧੯੬੫ ਵਿਚ ਜਦ ਪਾਕਿਸਤਾਨੀ ਫੌਜਾਂ ਨੇ ਰਣ ਕਛ ਦੇ ਇਲਾਕੇ ਪਰ ਹਮਲਾ ਕੀਤਾ, ਅਸੀਂ ਜਥੇਦਾਰ ਜੀ ਨੂੰ ਕਿਹਾ—' ਪੰਜਾਬ ਸਰਹੱਦੀ ਸੂਬਾ ਹੈ । ਸੰਭਵ ਹੈ ਪਾਕਿਸਤਾਨੀ ਇਥੇ ਵੀ ਹਮਲਾ ਕਰ ਦੇਣ, ਇਸ ਲਈ ਜਿਸ ਤਰ੍ਹਾਂ ਆਪ ਨੇ ੧੯੪੭ ਵਿਚ ਪੰਜਾਬ ਨੂੰ ਮੁਸਲਿਮ ਲੀਗੀ ਗੜਬੜ ਦਾ ਟਾਕਰਾ ਕਰਨ ਲਈ ਤਿਆਰ ਕੀਤਾ ਸੀ, ਹੁਣ ਵੀ ਆਪ ਨੂੰ ਜ਼ਿਲਾ ਅੰਮ੍ਰਿਤਸਰ, ਗੁਰਦਾਸਪੁਰ ਤੇ ਫੀਰੋਜ਼ਪੁਰ ਦੇ ਸਰਹਦੀ ਇਲਾਕਿਆਂ ਵਿਚ ਫਿਰ ਕੇ ਲੋਕਾਂ ਨੂੰ ਪਾਕਿਸਤਾਨੀ ਹਮਲੇ ਦਾ ਟਾਕਰਾ ਕਰਨ ਲਈ ਤਿਆਰ ਕਰਨਾ ਚਾਹੀਦਾ ਹੈ ।'

ਉਹਨਾਂ ਨੇ ਉਤਰ ਦਿਤਾ—'ਮੇਰੀ ਸਿਹਤ ਕੁਝ ਢਿਲੀ ਹੋ ਗਈ ਹੈ । ਨਾ ਹੀ ਹੁਣ ਸਿਖ ਲੀਡਰਾਂ ਵਿਚ ਉਹ ਏਕਤਾ ਹੈ, ਜਿਹੜੀ ੧੯੪੭ ਵਿਚ ਸੀ । ਪਰ ਮੈਂ ਇਕ ਗੱਲ ਤੁਹਾਨੂੰ ਦਸਣੀ ਚਾਹੁੰਦਾ ਹਾਂ ਕਿ ਰਣ ਕਛ ਦੇ ਹਮਲੇ ਤੋਂ ਕੁਝ ਦਿਨ ਪਹਿਲੇ ਜ਼ਿਲਾ ਅੰਮ੍ਰਿਤਸਰ ਦਾ ਇਕ ਪਾਕਿਸਤਾਨੀ ਮੈਨੂੰ ਮਿਲਿਆ ਸੀ ਤੇ ਕਹਿਣ ਲਗਾ 'ਜਥੇਦਾਰ ਜੀ, ਸਾਡੇ ਨਾਲ ਕੁਝ ਗਲ ਕਰੋ ।' ਮੈਂ ਉਸ ਨੂੰ ਉਤਰ ਦਿਤਾ, 'ਮੈਂ ਆਪਣੇ ਦੇਸ਼ ਦੇ ਕਿਸੇ ਵਿਰੋਧੀ ਨਾਲ ਕੋਈ ਗਲ ਨਹੀਂ ਕਰ ਸਕਦਾ ।'

ਪਰਵਾਰ—

ਜਥੇਦਾਰ ਜੀ ਦੇ ਦੋ ਭਰਾ ਸਨ, ਸ: ਫੌਜਾ ਸਿੰਘ ਤੇ ਸ: ਸੋਹਣ ਸਿੰਘ । ਸ: ਫੌਜਾ ਸਿੰਘ ਗੁਜ਼ਰ ਗਏ ਹਨ ।

ਜਥੇਦਾਰ ਜੀ ਦੀ ਸ਼ਾਦੀ ਢਿਲਵਾਂ ਜ਼ਿਲਾ ਕਪੂਰਥਲਾ ਵਿਚ ਹੋਈ ਸੀ, ਪਰ ਧਰਮ ਪਤਨੀ ਗੁਜ਼ਰ ਗਈ । ਸੇਵਾ ਤੇ ਕੁਰਬਾਨੀ



Digitized by Panjab Digital Library | www.panjabdigilib.org

ਦੇ ਮੈਦਾਨ ਵਿਚ ਆਉਣ ਕਰਕੇ ਆਪ ਨੇ ਦੁਬਾਰਾ ਸ਼ਾਦੀ ਨਹੀਂ ਕਰਵਾਈ।

ਬੀਮਾਰੀ ਤੇ ਅੰਤ–

੧੯੬੪-੬੫ ਵਿਚ ਆਪ ਦੀ ਸਿਹਤ ਵਿਗੜ ਗਈ। ਪਹਿਲਾਂ ਆਪ ਆਯੁਰਵੈਦਿਕ ਹਸਪਤਾਲ ਪਟਿਆਲਾ ਵਿਚ ਦਾਖਲ ਹੋਏ ਤੇ ੨੮ ਦਿਨ ਉਥੇ ਰਹੇ। ਫੇਰ ਸ: ਕਰਮ ਸਿੰਘ ਕਿਰਤੀ ਐਮ. ਐਲ. ਏ. ਜਲੰਧਰ, ਜ: ਸੋਹਨ ਸਿੰਘ ਜਲਾਲ ਉਸਮਾ ਐਮ. ਐਲ. ਏ ਤੇ ਜ: ਗੁਰਮੇਜ ਸਿੰਘ ਬਟਾਲਾ ਦੀ ਪਰੇਰਨਾ ਨਾਲ ਕਾਮਰੇਡ ਰਾਮ ਕਿਸ਼ਨ ਮੁਖ ਮੰਤਰੀ ਪੰਜਾਬ ਦੇ ਜਤਨ ਨਾਲ ਆਪ ੧੦-੧੨-੧੯੬੫ ਨੂੰ ਮੈਡੀਕਲ ਰੀਸਰਚ ਇਨਸਟੀਚੀਊਟ ਚੰਡੀਗੜ ਵਿਚ ਦਾਖਲ ਹੋਏ।

ਇਸ ਬੀਮਾਰੀ ਦੇ ਸਮੇਂ ਸਮੂਹ ਪਰਵਾਰ, ਖਾਸ ਕਰ ਭਤੀਜੇ ਸ: ਚਰਨ ਸਿੰਘ ਡੀ. ਐਸ. ਪੀ., ਸ: ਬਸੰਤ ਸਿੰਘ ਪਟਿਆਲਾ ਅਤੇ ਸ: ਜਗਜੀਤ ਸਿੰਘ ਮਾਨ ਨੇ ਆਪ ਦੀ ਬੜੀ ਸੇਵਾ ਕੀਤੀ। ਪਰ 'ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ' ਦੇ ਵਾਕ ਅਨੁਸਾਰ ਚੰਡੀਗੜ੍ਹ ਵਿਚ ਚੰਗੇ ਇਲਾਜ ਦੇ ਬਾਵਜੂਦ ਆਪ ੧੧ ਜਨਵਰੀ ੧੯੬੬ ਨੂੰ ਸਵੇਰੇ ਇਕ ਵਜੇ 'ਸੂਰਜ ਕਿਰਣ ਮਿਲੇ ਜਲ ਕਾ ਜਲ ਹੂਆ ਰਾਮ' ਅਨੁਸਾਰ ਇਕ ਬੂੰਦ ਤੋਂ ਸਾਗਰ ਦਾ ਰੂਪ ਹੋ ਗਏ। ਉਸੇ ਦਿਨ ਸ੍ਰੀ ਲਾਲ ਬਹਾਦਰ ਸ਼ਾਸਤਰੀ ਦਾ ਦੇਹਾਂਤ ਹੋਇਆ। ਇਕੋ ਦਿਨ ਦੋ ਮਹਾਨ ਨੇਤਾ ਸਦੀਵੀ ਵਿਛੋੜਾ ਦੇ ਗਏ।

ਜਥੇਦਾਰ ਜੀ ਆਪਣੇ ਪਿਛੇ ਕੌਮ ਅਤੇ ਦੇਸ਼ ਦੀ ਮਹਾਨ ਸੇਵਾ ਤੇ ਸ਼ਾਨਦਾਰ ਕੁਰਬਾਨੀਆਂ ਦਾ ਵਿਰਸਾ ਛਡ ਗਏ ਹਨ। ਨਾਗੋਕੀ ਵਿਚ ਆਪਦੀ ਯਾਦਗਾਰ ਬਣਾਈ ਗਈ ਹੈ।

ਉਨ੍ਹਾਂਦੀ ਯਾਦ ਵਿਚ ਹਰ ਸਾਲਪਾਠ ਤੇ ਦੀਵਾਨਹੁੰਦਾ ਹੈ।

*



Digitized by Panjab Digital Library | www.panjabdigilib.org

## ੧੩

## ਅਮਰ ਸ਼ਹੀਦ

# ਸ: ਦਰਸ਼ਨ ਸਿੰਘ ਫੇਰੂਮਾਨ

ਕਿਸੇ ਸ਼ਾਇਰ ਨੇ ਕਿਹਾ ਹੈ—

ਸਭ ਕੁਝ ਹਮ ਭੂਲ ਗਏ ਜੋਸ਼ੇ ਜਨੂੰ ਮੇਂ ਲੇਕਨ
ਇਕ ਤੇਰੀ ਯਾਦ ਥੀ ਐਸੀ ਜੋ ਭੁਲਾਈ ਨਾ ਗਈ।

ਜਥੇਦਾਰ ਊਧਮ ਸਿੰਘ ਦੇ ਸਾਥੀ, ਗੁਰਦਵਾਰਾ ਸੁਧਾਰ ਲਹਿਰ ਵਿਚ ਕੁਰਬਾਨੀ ਕਰਨ ਵਾਲੇ, ਦੇਸ਼ ਦੀ ਆਜ਼ਾਦੀ ਲਈ ਕਈ ਵੇਰ ਜੇਹਲਾਂ ਦੇ ਤਸੀਹੇ ਸਹਾਰਨ ਵਾਲੇ. ਮਹਾਨ ਦੇਸ਼ ਭਗਤ ਪੰਜਾਬ ਵਿਚ ਕਿਸਾਨ ਲਹਿਰ ਦੇ ਸੰਚਾਲਕ ਸ: ਦਰਸ਼ਨ ਸਿੰਘ ਫੇਰੂਮਾਨ ਜਿੰਨਾ ਨੇ ੮੫ ਸਾਲ ਦੀ ਉਮਰ ਵਿਚ ਕੌਮੀ ਸਵੈਮਾਨ ਤੇ ਅਰਦਾਸ ਦੀ ਮਹਾਨਤਾ ਕਾਇਮ ਰਖਣ ਖਾਤਰ ੭੪ ਦਿਨਾਂ ਦਾ ਮਰਨ ਵਰਤ ਰਖਕੇ ਆਪਾ ਵਾਰਕੇ ਸ਼ਹੀਦੀ ਪ੍ਰਾਪਤ ਕੀਤੀ, ਉਸ ਦਾ ਜੀਵਨ ਪੇਸ਼ ਕਰਦੇ ਹਾਂ।

ਸ: ਦਰਸ਼ਨ ਸਿੰਘ ਦਾ ਜਨਮ ੧ ਅਗਸਤ ਸੰਨ ੧੮੮੬ ਨੂੰ ਪਿੰਡ ਫੇਰੂਮਾਨ ਜ਼ਿਲਾ ਅੰਮ੍ਰਿਤਸਰ ਵਿਚ ਸ: ਚੰਦਾ ਸਿੰਘ ਦੇ ਘਰ ਮਾਤਾ ਰਾਜ ਕੌਰ ਤੋਂ ਹੋਇਆ। ਉਹ ਮਾਤਾ ਪਿਤਾ ਦੇ ਇਕਲੌਤੇ ਪੁਤਰ ਸਨ। ਸ: ਚੰਦਾ ਸਿੰਘ ਮਲਾਇਆ ਵਿਚ ਕਾਰੋ-ਬਾਰ ਕਰਦੇ ਸਨ। ਉਹਨਾਂ ਦੀ ਪਿੰਡ ਵੀ ਜ਼ਮੀਨ ਸੀ। ਇਸ ਲਈ ਚੰਗੇ ਭੌਂ ਭਾਂਡੇ ਵਾਲੇ ਸਨ। ਉਹਨੇ ਆਪਣੇ ਇਕਲੌਤੇ



Digitized by Panjab Digital Library | www.panjabdigilib.org

ਪੁਤਰ ਦੀ ਬੜੀ ਰੀਝ ਨਾਲ ਪਾਲਣਾ ਕੀਤੀ। ਪਹਿਲੇ ਪਿੰਡ ਦੇ ਸਕੂਲ ਤੇ ਫਿਰ ਬਾਬੇ ਬਕਾਲੇ ਪੜ੍ਹਾਈ ਕਰਵਾਈ। ਉਪਰੰਤ ੧੯੧੧ ਵਿਚ ਦੁਆਬਾ ਹਾਈ ਸਕੂਲ ਜਲੰਧਰ ਵਿਚ ਤਾਲੀਮ ਦੁਆਈ।

ਉਠਦੀ ਜਵਾਨੀ ਵਿਚ ਸ: ਦਰਸ਼ਨ ਸਿੰਘ ੧੧ ਨੰਬਰ ਰਸਾਲੇ ਵਿਚ ਭਰਤੀ ਹੋਏ। ਜਿਸ ਨੂੰ ਸਿੰਧ ਹਾਰਸ ਕਹਿੰਦੇ ਸਨ। ਜ: ਊਧਮ ਸਿੰਘ ਨਾਗੋਕੀ ਵੀ ਇਸੇ ਵਿਚ ਰਹੇ। ਇਹ ਰਸਾਲਾ ਸਰ ਚਾਰਲਸ ਨੈਪੀਅਰ ਨੇ ਖੜਾ ਕੀਤਾ ਸੀ। ਸ: ਫੇਰੂਮਾਨ ਨੇ ਇਸ ਵਿਚ ਤਿੰਨ ਸਾਲ ਨੌਕਰੀ ਕੀਤੀ। ੧੯੧੪ ਵਿਚ ਨਾਂ ਕਟਾ ਕੇ ਘਰ ਆ ਗਏ।

ਉਹਨਾਂ ਦਿਨਾਂ ਵਿਚ ਸ: ਦਰਸ਼ਨ ਸਿੰਘ ਦੀ ਪਹਿਲੀ ਸ਼ਾਦੀ ਛਿਡਣ ਜ਼ਿਲਾ ਅੰਮ੍ਰਿਤਸਰ ਵਿਚ ਹੋਈ। ਲੇਕਨ ਧਰਮ ਪਤਨੀ ਗੁਜ਼ਰ ਗਈ।

ਅਪਰੈਲ ੧੯੧੯ ਨੂੰ ਜਲਿਆਂ ਵਾਲੇ ਬਾਗ ਦਾ ਸਾਕਾ ਹੋਇਆ। ਉਸ ਨੇ ਸਾਰੇ ਦੇਸ਼ ਵਿਚ ਆਜ਼ਾਦੀ ਦੇ ਸੰਗਰਾਮ ਨੂੰ ਤਿਖਿਆਂ ਕਰ ਦਿਤਾ। ਉਸ ਤੋਂ ਫੇਰੂਮਾਨ ਦੇ ਮਨ ਵਿਚ ਆਜ਼ਾਦੀ ਦੀ ਤੜਫ ਪੈਦਾ ਹੋਈ। ੧੯੨੦ ਵਿਚ ਗੁਰਦਵਾਰਾ ਸੁਧਾਰ ਲਹਿਰ ਦਾ ਆਰੰਭ ਹੋਇਆ। ਉਸ ਦਾ ਪ੍ਰਭਾਵ ਵੀ ਪਿਆ। ਉਸ ਵਕਤ ਮਾਤਾ ਪਿਤਾ ਦਾ ਇਕਲਤਾ ਪੁਤਰ ਚੰਗੇ ਠਾਠ ਵਿਚ ਆਪਣੀ ਜ਼ਿੰਦਗੀ ਗੁਜ਼ਾਰ ਰਿਹਾ ਸੀ। ਉਸ ਦੇ ਮਨ ਵਿਚ ਇਕ ਦਮ ਪ੍ਰੀਵਰਤਨ ਆ ਗਿਆ।

ਜਥੇਦਾਰ ਊਧਮ ਸਿੰਘ ਨਾਗੋਕੇ ਅਤੇ ਉਹਨਾਂ ਦੇ ਕੁਝ ਸਾਥੀ ਸਰਦਾਰ ਦੀ ਮਾਤਾ ਪਾਸ ਗਏ ਅਤੇ ਕਹਿਣ ਲਗੇ ਕਿ ਅਸੀਂ ਤੇਰੇ ਪੁਤਰ ਨੂੰ ਆਪਣੇ ਨਾਲ ਸ਼ਾਮਲ ਕਰਨਾ ਚਾਹੁੰਦੇ ਹਾਂ।

ਮਾਤਾ ਰਾਜ ਕੌਰ ਨੇ ਕਿਹਾ—"ਮੈਨੂੰ ਬੜੀ ਖੁਸ਼ੀ ਹੋਵੇਗੀ ਕਿ ਮੇਰਾ ਪੁਤਰ ਕੌਮ ਅਤੇ ਦੇਸ ਦੀ ਸੇਵਾ ਵਿਚ ਲਗ ਜਾਏ। ਪਰ ਇਕ ਗਲ ਕਰੋ, ਸਾਡੇ ਪਿੰਡ ਅਖੰਡ ਪਾਠ ਕਰਕੇ ਦੀਵਾਨ ਕਰੋ।



Digitized by Panjab Digital Library | www.panjabdigilib.org

ਉਸਦਾ ਖਰਚ ਮੈਂ ਦੇਵਾਂਗੀ। ਉਸ ਦੀਵਾਨ ਵਿਚ ਮੇਰੇ ਪੁਤਰ ਨੂੰ ਅੰਮ੍ਰਿਤ ਛਕਾ ਕੇ ਆਪਣੇ ਨਾਲ ਸ਼ਾਮਲ ਕਰੋ।" ਜਦ ਇਹ ਗੱਲ ਫੇਰੂਮਾਨ ਨੂੰ ਦੱਸੀ ਗਈ ਉਹਨਾਂਨੇ ਕਿਹਾ—

"ਜੇ ਮੇਰੀ ਮਾਤਾ ਇਸ ਗੱਲ ਲਈ ਤਿਆਰ ਹੈ ਤਾਂ ਮੈਂ ਆਪਣਾ ਸਾਰਾ ਜੀਵਨ ਦੇਸ਼ ਦੀ ਸੇਵਾ ਹਿਤ ਅਰਪਨ ਕਰਨ ਲਈ ਤਿਆਰ ਹਾਂ।"

ਮਾਤਾ ਜੀ ਦੇ ਕਹਿਣ ਅਨੁਸਾਰ ਫੇਰੂਮਾਨ ਵਿਚ ਅਖੰਡ ਪਾਠ ਤੇ ਦੀਵਾਨ ਕੀਤਾ ਗਿਆ। ਸ: ਦਰਸ਼ਨ ਸਿੰਘ ਨੂੰ ਅੰਮ੍ਰਿਤ ਛਕਾਇਆ ਗਿਆ। ਉਹਨਾਂ ਦਾ ਪਹਿਲਾਂ ਨਾਂ ਭਗਤ ਸਿੰਘ ਸੀ। ਅੰਮ੍ਰਿਤਛਕਣ ਦੇ ਬਾਹਦ ਦਰਸ਼ਨ ਸਿੰਘ ਨਾਂ ਰਖਿਆ ਗਿਆ।

ਜ:ਊਧਮ ਸਿੰਘ ਤੇ ਸ: ਫੇਰੂਮਾਨਨੇ ਇਲਾਕਾ ਬਿਆਸ ਵਿਚ ਗੁਰੂ ਤੇਗ ਬਹਾਦਰ ਅਕਾਲੀ ਜਥਾ ਬਣਾਕੇ ਕੰਮ ਸ਼ੁਰੂ ਕੀਤਾ। ਉਹਨਾਂ ਦੇ ਮਨ ਵਿਚ ਸਿਖੀ ਲਈ ਸ਼ਰਧਾ ਤੇ ਦੇਸ਼ ਦੀ ਆਜ਼ਾਦੀ ਲਈ ਅਤੁਟ ਲਗਨ ਸੀ।

ਅਕਤੂਬਰ ੧੯੨੦ ਵਿਚ ਗੁਰਦਵਾਰਾ ਬਾਬੇ ਦੀ ਬੇਰ ਸਿਆਲਕੋਟ ਦਾ ਸੁਧਾਰ ਕਰਨ ਲਈ ਸ: ਅਮਰ ਸਿੰਘ ਝਬਾਲ ਦੀ ਜਥੇਦਾਰੀ ਹੇਠ ਤਰਨ ਤਾਰਨ ਤੋਂ ਜਥਾ ਗਿਆ, ਉਸ ਵਿਚ ਸੈਂਟਰਲ ਖਾਲਸਾ ਦੀਵਾਨ ਮਾਝਾ ਦੇ ਬਹੁਤ ਸਾਰੇ ਸਿੰਘ, ਸ: ਰਵੇਲ ਸਿੰਘ ਭੁਚਰ ਤੇ ਸ: ਦਰਸ਼ਨ ਸਿੰਘ ਫੇਰੂਮਾਨ ਵੀ ਸ਼ਾਮਲ ਸਨ।

ਨਵੰਬਰ ੧੯੨੦ ਵਿਚ ਸ਼ਰੋਮਣੀ ਕਮੇਟੀ ਤੇ ਅਕਾਲੀ ਦਲ ਕਾਇਮ ਕੀਤੇ ਗਏ। ਜ਼ਿਲਾ ਅੰਮ੍ਰਿਤਸਰ ਵਿਚੋਂ ਝਬਾਲੀਏ ਵੀਰ, ਜਥੇਦਾਰ ਊਧਮ ਸਿੰਘ ਤੇ ਸ: ਦਰਸ਼ਨ ਸਿੰਘ ਫੇਰੂਮਾਨ ਸ਼ਰੋਮਣੀ ਕਮੇਟੀ ਤੇ ਅਕਾਲੀ ਦਲ ਵਿਚ ਸ਼ਾਮਲ ਸਨ।

ਨਵੰਬਰ ੧੯੨੧ ਵਿਚ ਚਾਬੀਆਂ ਦੇ ਮੋਰਚੇ ਵਿਚ ਪਹਿਲੀ ਵੇਰ ਸ: ਫੇਰੂਮਾਨ ਗ੍ਰਿਫਤਾਰ ਹੋਏ। ਉਹਨਾਂ ਨੂੰ ਇਕ ਸਾਲ ਦੀ



Digitized by Panjab Digital Library | www.panjabdigilib.org

ਸਜ਼ਾਂ ਦਿਤੀ। ੧੯੨੨ ਵਿਚ ਰਿਹਾ ਹੋਏ। ੧੯੨੩ ਵਿਚ ਸੁਲਤਾਨ ਵਿੰਡ ਜ਼ਿਲਾ ਅੰਮ੍ਰਿਤਸਰ ਵਿਚ ਕਾਂਗਰਸ ਵਲੋਂ ਇਕ ਰਾਜਸੀ ਜਲਸਾ ਹੋਇਆ। ਬਾਬਾ ਇੰਦਰ ਸਿੰਘ ਵੇਰਕਾ ਅਤੇ ਸ: ਫੇਰੂਮਾਨ ਉਸ ਦੇ ਪ੍ਰਬੰਧਕ ਸਨ। ਕਾਂਗਰਸ ਵਲੋਂ ਵਿਦੇਸ਼ੀ ਵਿਰੁਧ ਪਿਕਟਿੰਗ ਦਾ ਪਰੋਗਰਾਮ ਚਲ ਰਿਹਾ ਸੀ। ਬਾਬਾ ਇੰਦਰ ਸਿੰਘ ਤੇ ਫੇਰੂਮਾਨ ਉਸ ਵਿਚ ਗ੍ਰਿਫਤਾਰ ਕੀਤੇ ਗਏ। ਦੋਹਾਂ ਨੂੰ ਸਵਾ ਸਵਾ ਸਾਲ ਦੀ ਕੈਦ ਹੋਈ। ਇਹ ਕੈਦ ਉਹਨਾਂ ਨੇ ਮੁਲਤਾਨ ਸੰਟਰਲ ਜੇਲ੍ਹ ਵਿਚ ਕਟੀ। ਨਵੰਬਰ ੧੯੨੩ ਵਿਚ ਲੇਖਕ (ਗਿਆਨੀ ਪ੍ਰਤਾਪ ਸਿੰਘ) ਵੀ ਸਰਗੋਧੇ ਤੋਂ ਕੈਦ ਹੋ ਕੇ ਮੁਲਤਾਨ ਸੰਟਰਲ ਜੇਲ੍ਹ ਵਿਚ ਆਇਆ। ਉਥੇ ਪਹਿਲੀ ਵੇਰ ਜਥੇਦਾਰ ਊਧਮ ਸਿੰਘ, ਸ: ਦਰਸ਼ਨ ਸਿੰਘ ਫੇਰੂਮਾਨ, ਸ: ਅਮਰ ਸਿੰਘ ਝਬਾਲ, ਬਾਬਾ ਈਸ਼ਰ ਸਿੰਘ ਮਰਹਾਣਾ ਅਤੇ ਕੌਮੀ ਲੀਡਰਾਂ ਨਾਲ ਰਹਿਣ ਦਾ ਅਵਸਰ ਮਿਲਿਆ।

ਫਰਵਰੀ ੧੯੨੪ ਵਿਚ ਜੈਤੋ ਦਾ ਮੋਰਚਾ ਲਗ ਗਿਆ। ਜਿਸ ਵਿਚ ਪੰਡਤ ਨਹਿਰੂ, ਕੇ: ਸੰਤਾਨਮ ਡਾ: ਕਿਚਲੂ ਤੇ ਪ੍ਰੋਫੈਸਰ ਗਿਡਵਾਨੀ ਵੀ ਸ਼ਾਮਲ ਹੋਏ। ੧੯੨੫ ਵਿਚ ਸ. ਫੇਰੂਮਾਨ ਰਿਹਾ ਹੋ ਕੇ ਆ ਗਏ। ਉਸ ਵਕਤ ਜੈਤੋ ਨੂੰ ਜਥੇ ਜਾ ਰਹੇ ਸਨ। ਸ: ਫੇਰੂਮਾਨ ੧੪ਵੇਂ ਸ਼ਹੀਦੀ ਜਥੇ ਦੇ ਜਥੇਦਾਰ ਬਣਕੇ ਨਾਭੇ ਨੂੰ ਗਏ। ਛੇ ਸਤ ਮਹੀਨੇ ਜੇਲ੍ਹ ਵਿਚ ਰਹੇ। ਮੁਲਤਾਨ ਜੇਲ੍ਹ ਅਤੇ ਨਾਭੇ ਵਿਚ ਉਹਨਾਂ ਨੇ ਸਾਰੀਆਂ ਮੁਸੀਬਤਾਂ ਖਿੜੇ ਮਥੇ ਸਹਾਰੀਆਂ। ਚੱਕੀ, ਮੁੰਜ ਕੋਹਲੂ ਤੇ ਬੰਬਾ ਗੇੜਨ ਦੀਆਂ ਕਠਨ ਮੁਸ਼ਕਤਾਂ ਕੀਤੀਆਂ। ਜੁਲਾਈ ੧੯੨੫ ਵਿਚ ਗੁਰਦਵਾਰਾ ਐਕਟ ਬਣ ਜਾਣ ਪਰ ਸਰਕਾਰ ਨੇ ਅਕਾਲੀ ਕੈਦੀ ਛਡ ਦਿਤੇ। ਸ: ਦਰਸ਼ਨ ਸਿੰਘ ਵੀ ਰਿਹਾ ਹੋਕੇ ਆ ਗਏ।

ਏਨੀ ਸੇਵਾ ਤਾਂ ਉਹਨਾਂ ਦੀ ਗੁਰਦਵਾਰਾ ਸੁਧਾਰ ਲਹਿਰ ਵਿਚ ਹੈ। ਇਸ ਤੋਂ ਉਪਰੰਤ ਉਹਨਾਂ ਨੇ ਦੇਸ਼ ਦੀ ਆਜ਼ਾਦੀ



Digitized by Panjab Digital Library | www.panjabdigilib.org

ਲਈ ਸ਼ਾਨਦਾਰ ਕੁਰਬਾਨੀਆਂ ਕੀਤੀਆਂ। ਪੰਜਾਬ ਵਿਚ ਕਿਸਾਨ ਲਹਿਰ ਨੂੰ ਚਲਾਇਆ।

ਅਕਾਲੀ ਲਹਿਰ ਸਮੇਂ ਹੀ ਸ: ਦਰਸ਼ਨ ਸਿੰਘ ਦੀ ਦੂਜੀ ਸ਼ਾਦੀ ਬੀਬੀ ਕਰਤਾਰ ਕੌਰ ਪਿੰਡ ਧੰਦੋਈ, ਜ਼ਿਲਾ ਗੁਰਦਾਸ ਪੁਰ ਨਾਲ ਹੋਈ। ਜਿੰਨਾਂ ਚੋਂ ਦੋ ਪੁਤਰ ਤੇ ਇਕ ਲੜਕੀ ਹੋਈ। ਬੀਬੀ ਕਰਤਾਰ ਕੌਰ ਮੌਜੂਦ ਹਨ।

## ਮਲਾਇਆ ਵਿਚ

੧੯੨੬ ਵਿਚ ਸ: ਫੇਰੂਮਾਨ ਮਲਾਇਆ ਗਏ, ਜਿਥੇ ਉਹਨਾਂ ਦੇ ਪਿਤਾ ਕੰਮ ਕਰਦੇ ਸਨ। ਮਲਾਇਆ ਵਿਚ ਬਾਬੂ ਬੁਧ ਸਿੰਘ ਸਠਿਆਲਾ ਨਾਲ ਮਿਲਕੇ ਦੇਸ਼ ਦੀ ਆਜ਼ਾਦੀ ਲਈ ਭਾਰਤੀਆਂ ਵਿਚ ਪ੍ਰਚਾਰ ਕਰਨ ਲਗ ਪਏ। ਜਿਸ ਕਰਕੇ ਸ੍ਰਕਾਰ ਅੰਗਰੇਜ਼ੀ ਨੇ ਆਪ ਨੂੰ ਗ੍ਰਿਫਤਾਰ ਕਰਕੇ ਜੇਲ੍ਹ ਵਿਚ ਬੰਦ ਕਰ ਦਿਤਾ। ਉਥੇ ਆਪਨੇ ਪਹਿਲੀ ਵੇਰ ੨੧ ਦਿਨਾਂ ਦੀ ਭੁਖ ਹੜਤਾਲ ਕੀਤੀ। ੧੯੨੯ ਵਿਚ ਮਲਾਇਆ ਤੋਂ ਵਾਪਸ ਆਏ।

## ਦੂਜੀ ਸਿਵਲ ਨਾ-ਫੁਰਮਾਨੀ ਵਿਚ

ਮਾਰਚ ੧੯੩੦ ਵਿਚ ਮਹਾਤਮਾ ਗਾਂਧੀਦੀ ਅਗਵਾਈ ਹੇਠ ਦੂਜੀ ਸਿਵਲਨਾਫੁਰਮਾਨੀ ਕੀਤੀ ਗਈ। ਫੇਰੂਮਾਨਉਸਵਿਚ ਸ਼ਾਮਲ ਹੋਏ। ਸਰਕਾਰ ਅੰਗਰੇਜ਼ੀ ਨੇ ਆਪ ਨੂੰ ਇਕ ਸਾਲ ਕੈਦ ਦੀ ਸਜ਼ਾ ਦਿਤੀ। ਉਹ ਕੈਦ ਕਟਕੇ ੧੯੩੧ ਵਿਚ ਰਿਹਾ ਹੋਏ।

ਉਨਾਂ ਦਿਨਾਂ ਵਿਚ ਸ੍ਰਦਾਰ ਪ੍ਰਤਾਪ ਸਿੰਘ ਕੈਰੋਂ ਅਮਰੀਕਾ ਤੋਂ ਆਕੇ ਦਿਲੀ ਵਿਚ ਹੋਟਲ ਕਰਦੇ ਸਨ। ਜ: ਊਧਮ ਸਿੰਘ ਤੇ ਸ: ਦਰਸ਼ਨ ਸਿੰਘ ਫੇਰੂਮਾਨ ਦਿਲੀ ਜਾਕੇ ਸ੍ਰਦਾਰ ਕੈਰੋਂ ਨੂੰ ਪ੍ਰੇਰਨਾ ਕਰਕੇ ਜ਼ਿਲਾ ਅੰਮ੍ਰਿਤਸਰ ਵਿਚ ਕੰਮ ਕਰਨ ਲਈ ਲਿਆਏ। ਦੋਹਾਂ ਨੂੰ ਇਕ ਯੋਗ ਦੇਸ਼ ਭਗਤ, ਪੜ੍ਹਿਆ ਲਿਖਿਆ ਤੇ ਅਨਥਕ



Digitized by Panjab Digital Library | www.panjabdigilib.org

ਵਰਕਰ ਸਾਥੀ ਮਿਲ ਗਿਆ। ਉਹਨਾਂ ਦੇ ਨਾਲ ਜ: ਸੋਹਣ ਸਿੰਘ ਸ: ਈਸ਼ਰ ਸਿੰਘ ਮਝੈਲ, ਜ: ਮੋਹਨ ਸਿੰਘ, ਬਾਬੂ ਲਾਭ ਸਿੰਘ ਜਲੰਧਰ, ਸ: ਬਸੰਤ ਸਿੰਘ ਮੋਗਾ, ਸ: ਜੋਗਿੰਦਰ ਸਿੰਘ ਸ਼ਾਂਤ ਆਦਿਕ ਕੌਮੀ ਸੇਵਕਾਂ ਤੇ ਦੇਸ਼ ਭਗਤਾਂ ਦੀ ਇਕ ਤਕੜੀ ਟੀਮ ਬਣ ਗਈ। ਜਿਸ ਨੇ ਅਕਾਲੀ ਅਤੇ ਪੰਜਾਬ ਦੀ ਰਾਜਨੀਤੀ ਪਰ ਬਹੁਤ ਡੂੰਘਾ ਅਸਰ ਪਾਇਆ।

ਦੂਜੀ ਸਿਵਲ ਨਾ-ਫੁਰਮਾਨੀ ਵਿਚ ਸ: ਪ੍ਰਤਾਪ ਸਿੰਘ ਕੈਰੋਂ ਨੂੰ ਵੀ ਪੰਜ ਸਾਲ ਕੈਦ ਦੀ ਸਜ਼ਾ ਹੋਈ। ਗਾਂਧੀ ਇਰਵਨ ਪੈਕਟ ਹੋਣ ਪਰ ਸਾਰੇ ਰਿਹਾ ਹੋਏ।

੧੯੩੦-੩੧ ਦੀ ਕੈਦ ਸ੍ਰਦਾਰ ਫੇਰੂਮਾਨ ਨੇ ਗੁਜਰਾਤ ਜੇਲ੍ਹ ਵਿਚ ਕਟੀ। ੧੯੩੨ ਵਿਚ ਫਿਰ ਸਰਕਾਰ ਅੰਗਰੇਜ਼ੀ ਵਿਰੁਧ ਸਰਗਰਮੀਆਂ ਦੇ ਕਾਰਨ ਡੇਢ ਸਾਲ ਕੈਦ ਹੋਈ। ਇਹ ਕੈਦ ਕਟ ਕੇ ੧੯੩੪ ਵਿਚ ਰਿਹਾ ਹੋਏ।

੧੯੩੪-੩੫ ਵਿਚ ਜ: ਊਧਮ ਸਿੰਘ, ਸ: ਦਰਸ਼ਨ ਸਿੰਘ ਫੇਰੂਮਾਨ ਤੇ ਸ੍ਰਦਾਰ ਕੈਰੋਂ ਨੇ ਜ਼ਿਲਾ ਅੰਮ੍ਰਿਤਸਰ ਵਿਚ ਕਿਸਾਨ ਲਹਿਰ ਜਾਰੀ ਕੀਤੀ।

੧੯੩੬ ਵਿਚ ਪੰਜਾਬ ਕੌਂਸਲ ਦੀਆਂ ਚੋਣਾਂ ਹੋਈਆਂ। ਉਹਨਾਂ ਵਿਚ ਸਾਰੇ ਸਜਣਾਂ ਨੇ ਰਲ ਕੇ ਸ: ਪ੍ਰਤਾਪ ਸਿੰਘ ਨੂੰ ਸਫਲ ਬਣਾਇਆ।

## ਕਿਸਾਨ ਮੋਰਚਾ

ਚੋਣਾਂ ਦੇ ਬਾਹਦ ਪੰਜਾਬ ਵਿਚ ਸਰ ਸਿਕੰਦਰ ਦੀ ਯੂਨੀ-ਨਿਸਟ ਪਾਰਟੀ ਦੀ ਹਕੂਮਤ ਕਾਇਮ ਹੋਈ। ਉਸ ਨੇ ਨਵਾਂ ਬੰਦੋਬਸਤ ਕਰਕੇ ਜ਼ਿਲਾ ਅੰਮ੍ਰਿਤਸਰ ਦੇ ਕਿਸਾਨਾਂ ਦਾ ਨੌ ਲਖ ਸਾਲਾਨਾ ਮਾਲੀਆ ਵਧਾਉਣ ਦੀ ਵਿਉਂਤ ਕੀਤੀ। ਉਸ ਦੇ ਵਿਰੁਧ ਉਪਰੋਕਤ ਮੁਖੀਆਂ ਨੇ ਬੰਦੋਬਸਤ ਕਮੇਟੀ ਬਣਾਕੇ ਜਦੋ-



Digitized by Panjab Digital Library | www.panjabdigilib.org

ਜਹਿਦ ਸ਼ੁਰੂ ਕੀਤੀ। ਉਸ ਦੇ ਨਾਲ ਮਲਬਾ ਟੈਕਸ ਅਤੇ ਠੀਕਰੀ ਪਹਿਰਾ ਹਟਾਉਣ ਦੀ ਮੰਗ ਵੀ ਸ਼ਾਮਲ ਸੀ।

੨੦ ਜੁਲਾਈ ੧੯੩੮ ਨੂੰ ਜ: ਊਧਮ ਸਿੰਘ ਦੀ ਅਗਵਾਈ ਹੇਠ ਅੰਮ੍ਰਿਤਸਰ ਵਿਚ ਇਕ ਲੱਖ ਕਿਸਾਨਾਂ ਦਾ ਮੁਜ਼ਾਹਰਾ ਕੀਤਾ ਗਿਆ। ਜਥੇ ਪਰ ਲਾਠੀਚਾਰਜ ਵੀ ਕੀਤਾ ਗਿਆ। ਗ੍ਰਿਫ਼ਤਾਰੀਆਂ ਕੀਤੀਆਂ ਗਈਆਂ। ੨੭ ਜੁਲਾਈ ਨੂੰ ਸ: ਦਰਸ਼ਨ ਸਿੰਘ ਫੇਰੂਮਾਨ ਸਤਿਆ ਗ੍ਰਹਿ ਕਰਦੇ ਹੋਏ ਸਾਥੀਆਂ ਸਮੇਤ ਗ੍ਰਿਫ਼ਤਾਰ ਹੋਏ। ਉਸ ਲਹਿਰ ਵਿਚ ਬਾਬਾ ਸੋਹਨ ਸਿੰਘ ਭਕਨਾ ਵੀ ਗ੍ਰਿਫ਼ਤਾਰ ਹੋਏ। ਜ: ਸੋਹਨ ਸਿੰਘ ਜਲਾਲ ਉਸਮਾ ਸ: ਜੋਗਿੰਦਰ ਸਿੰਘ ਸ਼ਾਂਤ ਵੀ ਗ੍ਰਿਫ਼ਤਾਰ ਤੇ ਕੈਦ ਹੋਏ। ਇਹ ਸਾਰੇ ਲੀਡਰ ਸ਼ਾਹਪੁਰ ਜੇਲ੍ਹ ਵਿਚ ਸਨ 'ਕਿ ਲੇਖਕ ਤੇ ਸਵਰਗੀ ਜ: ਮੋਹਨ ਸਿੰਘ ਨਾਗੋਕੇ ਉਹਨਾਂ ਨੂੰ ਮਿਲਣ ਲਈ ਗਏ।

ਸ੍ਰਦਾਰ ਪ੍ਰਤਾਪ ਸਿੰਘ ਕੈਰੋਂ ਤੇ ਸਰ ਸਕੰਦਰ ਦੀ ਗਲ ਬਾਤ ਹੋਈ। ਜਿਸ ਕਰਕੇ ਕਿਸਾਨ ਮੋਰਚੇ ਦੇ ਸਾਰੇ ਆਦਮੀ ਰਿਹਾ ਕੀਤੇ ਗਏ, ਪਰ ਜ: ਊਧਮ ਸਿੰਘ, ਬਾਬਾ ਸੋਹਨ ਸਿੰਘ ਭਕਨਾ ਆਦਿਕ ਪੰਜ ਮੁਖੀ ਰਿਹਾ ਨਾ ਕੀਤੇ ਗਏ।

੧੯੩੯ ਵਿਚ ਗੁਰਦਵਾਰਾ ਚੋਣਾਂ ਹੋਈਆਂ, ਜਿੰਨਾਂ ਵਿਚ ਸ੍ਰਦਾਰ ਫੇਰੂਮਾਨ ਸ਼ਰੋਮਣੀ ਕਮੇਟੀ ਦੇ ਮੈਂਬਰ ਚੁਣੇ ਗਏ। ਉਹ ਦੋ ਵੇਰ ਸ਼ਰੋਮਣੀ ਕਮੇਟੀ ਤੇ ਦਰਬਾਰ ਸਾਹਿਬ ਕਮੇਟੀ ਦੇ ਮੈਂਬਰ ਰਹੇ। ੧੦ ਫਰਵਰੀ ੧੯੪੦ ਨੂੰ ਅਟਾਰੀ ਵਿਚ ਅਕਾਲੀ ਕਾਨਫਰੰਸ ਹੋਈ। ਉਸ ਵਿਚ ਅਕਾਲ ਰੈਜਮੈਂਟਾਂ ਦੇ ਕਮਾਂਡਰ ਸਨ।

ਅਗਸਤ ੧੯੪੨ ਵਿਚ ਕਾਂਗਰਸ ਨੇ 'ਅੰਗਰੇਜ਼ੋ ਨਿਕਲ ਜਾਉ' ਦੀ ਲਹਿਰ ਜਾਰੀ ਕੀਤੀ, ਉਸ ਵਿਚ ਸਾਰੇ ਕੌਮੀ ਲੀਡਰਾਂ ਦੇ ਨਾਲ ਸ੍ਰਦਾਰ ਫੇਰੂਮਾਨ ਵੀ ਡੀਫੈਂਸ ਆਫ ਇੰਡੀਆ ਐਕਟ ਹੇਠ ਤਿੰਨ ਸਾਲ ਜੇਲ੍ਹ ਵਿਚ ਰਹੇ।



Digitized by Panjab Digital Library | www.panjabdigilib.org

ਸਰਦਾਰ ਜੀ ਦਾ ਤੇਹਰਾ ਪ੍ਰਭਾਵ ਸੀ। ਅਕਾਲੀ ਲਹਿਰ ਵਿਚ ਕੁਰਬਾਨੀ ਕਰਕੇ ਅਕਾਲੀਆਂ ਵਿਚ ਦੇਸ਼ ਦੀ ਖਾਤਰ ਕੁਰਬਾਨੀ ਕਰਕੇ ਕਾਂਗਰਸ ਵਿਚ ਅਤੇ ਕਿਸਾਨ ਮੋਰਚਿਆਂ ਦੇ ਕਾਰਨ ਕਿਸਾਨਾਂ ਵਿਚ ਸਤਕਾਰੇ ਜਾਂਦੇ ਸਨ। ਸ: ਜੀ ਜ਼ਿਲਾ ਕਾਂਗਰਸ ਦੇ ਪ੍ਰਧਾਨ, ਸੂਬਕ ਤੇ ਸਰਬ ਹਿੰਦ ਕਾਂਗਰਸ ਦੇ ਮੈਂਬਰ ਰਹੇ ਸਨ।

ਆਜ਼ਾਦੀ ਤੋਂ ਬਾਹਦ ੧੯੫੨ ਤੋਂ ੧੯੬੪ ਤੀਕ ਕਾਂਗਰਸ ਟਿਕਟ ਪਰ ਰਾਜ ਸਭਾ ਦੇ ਮੈਂਬਰ ਰਹੇ। ਪਿਛੋਂ ਸੁਤੰਤ੍ਰ ਪਾਰਟੀ ਵਿਚ ਸ਼ਾਮਲ ਹੋਏ।

## ਅਮਰ ਸ਼ਹੀਦੀ

ਸ: ਦਰਸ਼ਨ ਸਿੰਘਨੇ ਜਿਥੇ ਕੌਮ ਅਤੇ ਦੇਸ਼ ਲਈ ਸ਼ਾਨਦਾਰ ਕੁਰਬਾਨੀ ਕੀਤੀ, ਉਥੇ ਅਰਦਾਸ ਦੀ ਮਹਾਨਤਾ ਕਾਇਮ ਰਖਣ ਤੇ ਕੌਮੀ ਸਵੈਮਾਨ ਲਈ ੭੪ ਦਿਨਾਂ ਦਾ ਮਰਨ ਵਰਤ ਰਖਕੇ ਅਤੇ ਸ਼ਹੀਦੀ ਪ੍ਰਾਪਤ ਕਰਕੇ ਮਹਾਨ ਬਲੀਦਾਨ ਕੀਤਾ ਹੈ। ਸਿਖ ਕੌਮ ਤੇ ਪੰਜਾਬ ਦਾ ਮਾਣ ਨਾਲ ਸਿਰ ਉਚਾ ਕਰ ਦਿਤਾ ਹੈ।

## ਮਰਨ ਵਰਤ ਕਿਉਂ ਰਖਿਆ?

੧੯੪੮ ਤੋਂ ਮਾਸਟਰ ਤਾਰਾ ਸਿੰਘ ਦੀ ਅਗਵਾਈ ਹੇਠ ਪੰਜਾਬੀ ਸੂਬੇ ਦਾ ਅੰਦੋਲਨ ਚਲ ਰਿਹਾ ਸੀ। ੧੯੬੦ ਵਿਚ ਸੰਤ ਫਤਹਿ ਸਿੰਘ ਨੇ ਅਕਾਲ ਤਖਤ ਤੇ ਅਰਦਾਸਾ ਸੋਧ ਕੇ ਮਰਨ ਵਰਤ ਰਖਿਆ। ਪਰ ਮਾਸਟਰ ਤਾਰਾ ਸਿੰਘ ਤੇ ਅਕਾਲੀ ਦਲ ਦੀ ਆੜ ਵਿਚ ਵਰਤ ਤੋੜ ਦਿਤਾ। ਮਾਸਟਰ ਜੀ ਨੇ ੪੮ ਦਿਨਾਂ ਦੇ ਬਾਹਦ ਆਪਣਾ ਮਰਨ ਵਰਤ ਖੋਲ੍ਹ ਦਿਤਾ। ਪਰ ਉਹਨਾਂ ਨੇ ਪੰਜਾਂ ਪਿਆਰਿਆਂ ਤੋਂ ਭੁਲ ਬਖਸ਼ਾਈ। ਦੂਜੀ ਵੇਰ ਸੰਤ ਫਤਹਿ ਸਿੰਘ ਨੇ ਸਤੰਬਰ ੧੯੬੫ ਵਿਚ ਅਕਾਲ ਤਖਤ ਪਰ ਬੈਠ ਕੇ ਤੇ



Digitized by Panjab Digital Library | www.panjabdigilib.org

ਕੁੰਡ ਬਣਵਾਕੇ ਸੜ ਮਰਨ ਦਾ ਐਲਾਨ ਕੀਤਾ। ਪਰ ਹਿੰਦੁਸਤਾਨ ਪਾਕਿਸਤਾਨ ਦੀ ਜੰਗ ਦੀ ਆੜ ਵਿਚ ਪ੍ਰਣ ਭੰਗ ਕਰ ਦਿਤਾ।

ਤੀਜੀ ਵੇਰ ਦਸੰਬਰ ੧੯੬੬ ਵਿਚ ਚੰਡੀਗੜ੍ਹ ਭਾਖੜਾ ਨੰਗਲ ਅਤੇ ਹਰਿਆਣੇ ਦੇ ਪੰਜਾਬੀ ਬੋਲਦੇ ਪਿੰਡ ਪ੍ਰਾਪਤ ਕਰਨ ਲਈ ਅਕਾਲ ਤਖਤ ਪਰ ਸੜ ਮਰਨ ਦਾ ਪ੍ਰਣ ਕੀਤਾ। ਇਸ ਵੇਰ ਪੰਜ ਸਾਥੀ ਸੰਤ ਚੰਨਣ ਸਿੰਘ, ਜੀਵਨ ਸਿੰਘ ਉਮਰਾ ਨੰਗਲ ਦਲੀਪ ਸਿੰਘ ਤਲਵੰਡੀ, ਮਿਤ ਸਿੰਘ ਚੜਿਕ ਆਦਿਕ ਪੀਲੇ ਚੋਲੇ ਪਾਕੇ ਅਕਾਲ ਤਖਤ ਪਰ ਚੜ੍ਹ ਬੈਠੇ। ਤਖ਼ਤ ਸਾਹਿਬ ਦੀ ਉਤਲੀ ਮੰਜ਼ਲ ਤੇ ਖੜੇ ਕਰ ਕੇ ਉਹਨਾਂ ਦੇ ਦਰਸ਼ਨ ਕਰਾਏ ਗਏ। ਉਹਨਾਂ ਦੇ ਸੜਨ ਲਈ ਦੂਜਾ ਅਗਨਿ ਕੁੰਡ ਵੀ ਬਣਵਾ-ਇਆ ਗਿਆ।

ਪਰ ਇਸ ਵੇਰ ਸੰਤ ਹੁਰੀ ਸ: ਹੁਕਮ ਸਿੰਘ ਨੂੰਸੱਦ ਕੇ ਖਿਸ਼ਕ ਗਏ। ਜਿਸ ਨਾਲ ਕੌਮ ਦੀ ਬਹੁਤ ਨਿਰਾਦਰੀ ਹੋਈ। ਗੁਰਦਵਾ-ਰਿਆਂ ਦੇ ਸਤਕਾਰ ਨੂੰ ਸੱਟ ਵੱਜੀ। ਇਸ ਤੋਂ ਫੇਰੂਮਾਨ ਨੂੰ ਸਖਤ ਤਮਕ ਲਗੀ।

੧੩ ਅਪਰੈਲ ੧੯੬੭ ਨੂੰ ਇਕ ਅਣਖੀ ਸਿੰਘ ਭਾਈ ਨੰਦ ਸਿੰਘ ਬਹਾਦਰ ਪੁਰ ਜ਼ਿਲਾ ਅੰਮ੍ਰਿਤਸਰ ਅਗਨਿ ਭੇਟ ਹੋ ਗਿਆ।

੧੯੬੭ ਦੇ ਅਖੀਰ ਵਿਚ ਸ: ਗੁਰਨਾਮ ਸਿੰਘ ਦੀ ਪਹਿਲੀ ਵਜ਼ਾਰਤ ਟੁਟ ਗਈ। ਸ: ਲਛਮਨ ਸਿੰਘ ਗਿਲ ਦੀ ਜਨਤਾ ਪਾਰਟੀ ਦੀ ਵਜ਼ਾਰਤ ਕਾਇਮ ਹੋਈ। ਸਾਲ ਬਾਹਦ ਉਹ ਵੀ ਟੁਟ ਗਈ। ਡਾ: ਜਗਜੀਤ ਸਿੰਘ ਉਸ ਵਜ਼ਾਰਤ ਵਿਚ ਫਾਈਨੈਂਸ ਮਨਿਸਟਰ ਸੀ, ਉਸ ਨੇ ਸੰਤ ਫਤਹਿ ਸਿੰਘ ਦੇ ਵਿਰੁਧ ਇਕ ਹਰਬੰਸ ਸਿੰਘ ਬਾਗਲੇ ਤੋਂ ਚੰਡੀਗੜ੍ਹ ਦੇ ਗੁਰਦਵਾਰੇ ਵਿਚ ਸੜ ਮਰਨ ਦਾ ਡਰਾਮਾ ਕਰਵਾਇਆ। ਉਹ ਫੇਲ੍ਹ ਹੋ ਗਿਆ ਫਿਰ ਇਕ ਚੂਹੇ ਨੂੰ ਕਾਬੂ ਕੀਤਾ, ਉਹ ਵੀ ਖਿਸਕ ਗਿਆ।



Digitized by Panjab Digital Library | www.panjabdigilib.org

ਅਖੀਰ ਸ: ਦਰਸ਼ਨ ਸਿੰਘ ਪਾਸ ਜੁਲਾਈ ੧੯੬੯ ਦੇ ਆਰੰਭ ਵਿਚ ਡਾ: ਜਗਜੀਤ ਸਿੰਘ ਤੇ ਕਰਨੈਲ ਸਿੰਘ ਮਰੜ੍ਹੀ ਪੁਜੇ ਤੇ ਕਿਹਾ ਕਿ ਸੰਤ ਨੇ ਕੌਮ ਦੀ ਬਹੁਤ ਹੇਠੀ ਕਰਵਾਈ ਹੈ। ਤੁਸੀਂ ਲਾਜ ਰਖ ਲਉ।

ਫੇਰੂਮਾਨ ਦਾ ਮਨ ਪਹਿਲੇ ਹੀ ਬਣਿਆ ਹੋਇਆ ਸੀ। ਉਸ ਨੇ ਸੰਤ ਫਤਹਿ ਸਿੰਘ ਨੂੰ ਇਕ ਮਹੀਨੇ ਦਾ ਨੋਟਸ ਦੇ ਕੇ ਸ਼ਹੀਦੀ ਪ੍ਰਾਪਤ ਕਰਨ ਦਾ ਐਲਾਨ ਕਰ ਦਿਤਾ।

ਅਕਾਲੀ ਸਰਕਾਰ ਨੇ ੧੧-੧੨ ਅਗਸਤ ਦੀ ਵਿਚ-ਕਾਰਲੀ ਰਾਤ ਨੂੰ ਸ੍ਰਦਾਰ ਫੇਰੂਮਾਨ ਨੂੰ ਪਿੰਡੋਂ ਗ੍ਰਿਫਤਾਰ ਕਰਕੇ ਅੰਮ੍ਰਿਤਸਰ ਜੇਲ੍ਹ ਵਿਚ ਬੰਦ ਕਰ ਦਿਤਾ।

੧੫ ਅਗਸਤ ਨੂੰ ਸ੍ਰਦਾਰ ਜੀ ਨੇ ਜੇਲ੍ਹ ਵਿਚ ਆਪ ਅਰਦਾਸ ਕਰਕੇ 'ਦੇਹ ਸ਼ਿਵਾ ਬਰ ਮੋਹਿ ਇਹੈ' ਦਾ ਸਵਈਆ ਪੜ੍ਹਕੇ ਮਰਨ ਵਰਤ ਰਖਿਆ। ਅਫਸਰਾਂ ਨੂੰ ਕਿਹਾ ਕਿ ਮੈਨੂੰ ਜਬਰੀ ਖੁਰਾਕ ਨਹੀਂ ਦੇਣੀ। ਬਾਰ੍ਹਾਂ ਦਿਨਾਂ ਦੇ ਬਾਹਦ ਉਹਨਾਂ ਨੂੰ ਸਿਵਲ ਹਸਪਤਾਲ ਵਿਚ ਲਿਆਂਦਾ ਗਿਆ।

ਸੰਤ ਪਾਰਟੀ ਤੇ ਅਕਾਲੀ ਸ੍ਰਕਾਰ ਦੇ ਕਈ ਵਜ਼ੀਰਾਂ ਨੇ ਪੱਬਾਂ ਭਾਰ ਹੋਕੇ ਫੇਰੂਮਾਨ ਦੀ ਵਿਰੋਧਤਾ ਕੀਤੀ। ਸੰਤ ਫਤਹਿ ਸਿੰਘ ਨੇ ੨੭ ਅਗਸਤ ੧੯੬੯ ਨੂੰ ਪਟਿਆਲੇ ਵਿਚ ਕਿਹਾ—

"ਫੇਰੂਮਾਨ ਸਾਡੀ ਲੀਡਰੀ ਨੂੰ ਹਥ ਪਾਉਣਾ ਚਾਹੁੰਦਾ ਏ। ਅਸੀਂ ਉਸਨੂੰ ਅਤੇ ਉਸ ਦੇ ਸਾਥੀਆਂ ਨੂੰ ਰਗੜ ਕੇ ਰਖ ਦਿਆਂਗੇ" ਜ: ਮੋਹਨ ਸਿੰਘ ਤੁੜ ਨੇ ਅੰਮ੍ਰਿਤਸਰ ਦੇ ਹਸਪਤਾਲ ਵਿਚ ਸ: ਹਰਨਾਮ ਸਿੰਘ ਖੋਜਕੀ ਪੁਰ ਨੂੰ ਕਿਹਾ ਕਿ ਫੇਰੂਮਾਨ ਕੁਤੇ ਦੀ ਮੌਤ ਮਰੇਗਾ। ਪਰ ਇੰਨਾ ਦੀ ਸੁਰਤ ਛੇਤੀ ਟਿਕਾਣੇ ਆ ਗਈ, ਜਦ ਜਨਤਾ ਨੇ ਫੇਰੂਮਾਨ ਦੀ ਹਮਾਇਤ ਕੀਤੀ।

ਗਿ: ਜ਼ੈਲ ਸਿੰਘ ਪ੍ਰਧਾਨ ਕਾਂਗਰਸ ਤੇ ਸਮੂਹ ਪਾਰਟੀਆਂ ਨੇ ਉਸਦੀ ਸਪੋਰਟ ਕੀਤੀ। ਅਖੀਰ ਸੰਤ ਪਾਰਟੀ ਨੂੰ ਵੀ ਉਸਦੀ



Digitized by Panjab Digital Library | www.panjabdigilib.org

ਹਮੈਤ ਕਰਨੀ ਪਈ। ਬਹੁਤ ਸਾਰੇ ਕੌਮੀ ਲੀਡਰਾਂ ਨੇ ਉਸ ਨਾਲ ਮੁਲਾਕਾਤਾਂ ਕੀਤੀਆਂ। ਪ੍ਰਧਾਨ ਮੰਤਰੀ ਨੇ ਵਰਤ ਛਡਣ ਲਈ ਅਪੀਲਾਂ ਕੀਤੀਆਂ ਤੇ ਚਿਠੀਆਂ ਲਿਖੀਆਂ। ਜਦ ਗਿਆਨੀ ਭੁਪਿੰਦਰ ਸਿੰਘ ਸਾਬਕ ਹੈਡ ਗਰੰਥੀ ਦਰਬਾਰ ਸਾਹਿਬ ਨੇ ਉਸ'ਨੂੰ ਕਿਹਾ—"ਵਰਤ ਛਡ ਦਿਉ", ਤਾਂ ਸ਼ਹੀਦ ਨੇ ਉਤਰ ਦਿਤਾ। ਕੀ ਤੁਸੀਂ ਸਿਖ ਦੀ ਅਰਦਾਸ ਦੀ ਮਹਾਨਤਾ ਨਹੀਂ ਸਮਝਦੇ?

ਫੇਰੂਮਾਨ ਦੇ ਕੇਸ ਵਿਚ ਹੇਠ ਲਿਖੇ ਸਜਣਾਂ ਨੂੰ ੭ ਸਤੰਬਰ ਨੂੰ ਗ੍ਰਿਫਤਾਰ ਕੀਤਾ ਗਿਆ—'ਲੇਖਕ (ਗਿ: ਪ੍ਰਤਾਪ ਸਿੰਘ), ਸ: ਕਰਤਾਰ ਸਿੰਘ ਦੋਲੋ' ਨੰਗਲ, ਡਾ: ਜਗਜੀਤ ਸਿੰਘ ਟੂੰਡਾ, ਸ: ਨਥਾ ਸਿੰਘ ਦਾਲਮ ਨੰਗਲ, ਮਨਜੀਤ ਸਿੰਘ ਵੇਰਕਾ, ਨਰਿੰਦਰ ਸਿੰਘ ਭਲੇਰ, ਕਰਨੈਲ ਸਿੰਘ ਮਰੜੀ, ਦੇਸ ਰਾਜ ਭਾਟੀਆ ਰੀਪੋਰਟ ਅਖਬਾਰਾਂ, ਫੜੇ ਗਏ। ਸ: ਪ੍ਰਕਾਸ਼ ਸਿੰਘ ਜੀਰਾ ਤੇ ਸ: ਮਹਿੰਦਰ ਸਿੰਘ ਖੰਨਾ ਤੇ ਪਟਿਆਲੇ ਦੇ ਇਕ ਬੇਦੀ ਬਾਹਦ ਵਿਚ ਫੜੇ ਹੋਏ ਆਏ। ਅਸੀਂ ਸਾਰੇ ਅੰਮ੍ਰਿਤਸਰ ਜੇਲ੍ਹ ਵਿਚ ਸੀ।

ਸ: ਫੇਰੂਮਾਨ ਦੇ ਵਿਰੁਧ ਸੰਤ ਪਾਰਟੀ ਨੇ ਸ਼ਰੋਮਣੀ ਕਮੇਟੀ ਵਲੋਂ ਇਕ ਲੱਖ ਇਸ਼ਤਿਹਾਰ ਕਢ ਕੇ ਵੰਡਿਆ। ਕਈ ਮਨਿਸਟਰਾਂ ਨੇ ਵਿਰੋਧੀ ਪ੍ਰਾਪੇਗੰਡਾ ਕੀਤਾ ਤੇ ਬਿਆਨ ਦਿਤੇ। ਪਰ ਜਿਉਂ ਜਿਉਂ ਵਕਤ ਬੀਤਦਾ ਗਿਆ, ਜਨਤਾ ਦੀ ਹਮਦਰਦੀ ਸ: ਫੇਰੂਮਾਨ ਨਾਲ ਵਧਦੀ ਗਈ। ਅੰਮ੍ਰਿਤਸਰ ਵਿਚ ਉਸ ਦੇ ਹੱਕ ਵਿਚ ਇਕ ਮੋਰਚਾ ਬਣ ਗਿਆ। ਗ੍ਰਿਫਤਾਰੀਆਂ ਸ਼ੁਰੂ ਹੋ ਗਈਆਂ। ਲੁਧਿਆਣੇ ਤੇ ਹੋਰ ਕਈ ਥਾਵਾਂ ਤੇ ਸੰਤ ਫਤਹਿ ਸਿੰਘ ਵਿਰੁਧ ਵਿਖਾਵੇ ਹੋਏ।

੪੦ ਦਿਨ ਬਾਅਦ ਸਾਨੂੰ ਜ਼ਮਾਨਤ ਤੇ ਛਡਿਆ ਗਿਆ। ਅਸੀਂ ਸਿਧੇ ਸ: ਦਰਸ਼ਨ ਸਿੰਘ ਫੇਰੂਮਾਨ ਨੂੰ ਮਿਲਣ ਲਈ ਹਸਪਤਾਲ ਪੁਜੇ। ਉਸ ਨੂੰ ਇਕ ਇਕ ਕਰਕੇ ਮਿਲੇ, ਜਦ ਲੇਖਕ ਉਸਨੂੰ ਮਿਲਿਆ,ਫੇਰੂਮਾਨ ਨੇ ਉਂਗਲੀਹਿਲਾਈ। ਇਸਦਾ ਮਤਲਬ



Digitized by Panjab Digital Library | www.panjabdigilib.org

ਸੀ ਕਿ ਹੱਥ ਮਿਲਾਉ। ਅਸੀਂ ਉਸ ਨਾਲ ਹੱਥ ਮਿਲਾਏ। ਉਸਦਾ ਸਰੀਰ ਬਿਲਕੁਲ ਠੰਢਾ ਸੀ। ਪਰ ਹੈਰਾਨੀ ਦੀ ਗਲ ਹੈ ਕਿ ਉਸਦਾ ਚਿਹਰਾ ਬਿਲਕੁਲ ਠੀਕ ਸੀ। ਕੋਈ ਮੁਰਝਾਨ ਨਹੀਂ ਸੀ। ਜਿਸ ਵਕਤ ਲੇਖਕ ਨੇ ਉਸ ਨਾਲ ਹੱਥ ਮਿਲਾਇਆ, ਉਸ ਵਕਤ ਉਹ ਮੁਸਕਰਾਇਆ। ਨੌਂ ਡਾਕਟਰਾਂ ਦਾ ਬੋਰਡ ਫੇਰੂਮਾਨ ਦੀ ਦੇਖ ਭਾਲ ਕਰਦਾ ਸੀ। ਉਹਨਾਂ ਚੋਂ ਇਕ ਡਾਕਟਰ ਮਲਹੋਤਰਾ ਦਿਲ ਦੇ ਰੋਗਾਂ ਦੇ ਸਪੈਸ਼ਲਿਸਟ ਸਨ। ਉਹਨਾਂ ਨੇ ਦਸਿਆ ਕਿ ਮੇਰੇ ਪਾਸ ਸੈਂਕੜੇ ਦਿਲ ਦੇ ਰੋਗੀ ਆਏ ਹਨ। ਹਰ ਰੋਗੀ ਆਪਣੀ ਕੋਈ ਨਾ ਕੋਈ ਤਕਲੀਫ਼ ਦਸਦਾ ਰਿਹਾ ਹੈ। ਸ: ਫ਼ੇਰੂਮਾਨ ਇਕ ਅਜੇਹਾ ਪੁਰਸ਼ ਹੈ,ਜਿਸਨੇ ਲੰਮੀ ਭੁਖ ਹੜਤਾਲ ਹੁੰਦਿਆਂ ਮੈਨੂੰ ਅਪਣੀ ਕੋਈ ਤਕਲੀਫ ਨਹੀਂ ਦਸੀ। ਇਹ ਸ: ਫ਼ੇਰੂਮਾਨ ਦੀ ਮਾਨਸਿਕ ਸ਼ਕਤੀ ਦਾ ਇਕ ਸਬੂਤ ਹੈ। ਗਿਆਨੀ ਗੁਰਮੁਖ ਸਿੰਘ ਮੁਸਾਫਰ ਕਈ ਦਿਨ ਉਸਦੇ ਪਾਸ ਰਹੇ।

ਸ੍ਰਕਾਰ ਨੇ ਉਸ ਦੀ ਨਿਗਰਾਨੀ ਲਈ ਕੁਝ ਦਿਨ ਪਹਿਲੇ ਇਕ ਬਾਬੂ ਜਸਵੰਤ ਸਿੰਘ ਧੂਲਕਾ ਨੂੰ ਨੀਯਤ ਕੀਤਾ ਸੀ। ਉਹ ਦੇਖ ਭਾਲ ਕਰਦਾ ਰਿਹਾ। ਕਈ ਲੀਡਰ ਉਸ ਨੂੰ ਮਿਲਦੇ ਰਹੇ ਹਨ। ਪਰ ਉਸ ਨੇ ਚੜ੍ਹਦੀ ਕਲਾ ਵਿਚ ਆਪਣੀ ਕੁਰਬਾਨੀ ਦਿਤੀ।

੮੫ ਸਾਲਾ ਦੀ ਉਮਰ ਵਿਚ ੭੪ ਦਿਨਾਂ ਦੀ ਭੁਖ ਹੜਤਾਲ ਦੇ ਬਾਅਦ ਸ: ਦਰਸ਼ਨ ਸਿੰਘ ਫ਼ੇਰੂਮਾਨ ਆਪਣੀ ਕੀਤੀ ਹੋਈ ਅਰਦਾਸ ਤੇ ਆਪਣੇ ਪ੍ਰਣ ਨੂੰ ਪਾਲਦਾ ਹੋਇਆ ਅੰਮ੍ਰਿਤਸਰ ਦੇ ਸਿਰਜਨਹਾਰ ਗੁਰੂ ਰਾਮਦਾਸ ਜੀ ਦੀ ਨਗਰੀ ਵਿਚ ਉਹਨਾਂ ਦੇ ਜਨਮ ਦਿਨ ਪਰ ੨੭ ਅਕਤੂਬਰ ੧੯੬੯ ਨੂੰ ਗੁਰੂ ਚਰਨਾਂ ਵਿਚ ਲੀਨ ਹੋ ਗਿਆ।

ਸ: ਫੇਰੂਮਾਨ ਨੇ ਮਹਾਨ ਬਲੀਦਾਨ ਦੇਕੇ ਸਿਖੀ ਦੀ ਲਾਜ ਰਖ ਲਈ ਤੇ ਪੰਜਾਬ ਦਾ ਮਾਣ ਵਧਾ ਦਿਤਾ।



Digitized by Panjab Digital Library | www.panjabdigilib.org

ਸ: ਫੇਰੂਮਾਨ ਦੀ ਸ਼ਹੀਦੀ ਦੀ ਖਬਰ ਸਾਰੇ ਅੱਗ ਵਾਂਗ ਫੈਲ ਗਈ ਜਦ ਉਸ ਦੀ ਲਾਸ਼ ਹਸਪਤਾਲ ਚੋਂ ਉਠਾਈ ਗਈ ਪੁਲੀਸ ਨੇ ਕਈ ਸਜਣਾਂ ਤੇ ਪ੍ਰਵਾਰ ਨੂੰ ਰੋਕਿਆ। ਇਕ ਵੇਰ ਉਹਨਾਂ ਦੇ ਹੱਥੋਂ ਲਾਸ਼ ਡਿਗੀ ਵੀ, ਪਰ ਪੁਲੀਸ ਆਪਣੀ ਜੀਪ ਵਿਚ ਰਖਕੇ ਗਾਰਦ ਦੇ ਪਹਿਰੇ ਹੇਠ ਫੇਰੂਮਾਨ ਤੁਰ ਪਈ। ਰਈਆ ਮੰਡੀ ਵਿਚ ਲੋਕਾਂ ਨੇ ਦਰਸ਼ਨ ਕਰਨ ਲਈ ਰੋਕਿਆ। ਉਥੇ ਵੀ ਕਾਫ਼ੀ ਟਕਰ ਹੋਈ। ਅਖੀਰ ਲਾਸ਼ ਫੇਰੂਮਾਨ ਪੁਜ ਗਈ ਸਕਾਰੀ ਤੌਰ ਤੇ ੨੯ ਅਕਤੂਬਰ ਨੂੰ ਉਸ ਦਾ ਅੰਤਮ ਸੰਸਕਾਰ ਕਰਨ ਦਾ ਐਲਾਨ ਕੀਤਾ ਗਿਆ।

ਫ਼ੇਰੂਮਾਨ ਕੇਸ ਵਿਚ ਫੜੇ ਹੋਏ ਕੁਝ ਸੱਜਨ ਪਹਿਲੇ ਹੀ ਛਡ ਦਿਤੇਗਏ ਸਨ। ਉਸ ਦੇ ਬਾਹਦ ਜ: ਸੋਹਣ ਸਿੰਘ ਜਲਾਲ ਉਸਮਾ ਤੇ ਕੁਝ ਹੋਰ ਸਿੰਘ ਵੀ ਫੜੇ ਗਏ ਸਨ, ਉਹਨਾਂ ਨੂੰ ਵੀ ਰਿਹਾ ਕੀਤਾ ਗਿਆ। ਫੇਰੂਮਾਨ ਵਿਚ ਹਜ਼ਾਰਾਂ ਸੰਗਤਾਂ ਦਾ ਇਕਠ ਹੋਇਆ। ਭਾਰੀ ਦੀਵਾਨ ਵਿਚ ਕਈ ਲੀਡਰਾਂ ਦੇ ਲੈਕਚਰ ਹੋਏ। ਅੰਤਮ ਸੰਸਕਾਰ ਸਮੇਂ ਸ: ਗੁਰਨਾਮ ਸਿੰਘ, ਸੰਤ ਚੰਨਣ ਸਿੰਘ ਤੇ ਹੋਰ ਕਈ ਅਕਾਲੀ ਮਨਿਸਟਰ ਵੀ ਪੁਜੇ। ਹਜ਼ਾਰਾਂ ਸਗਤਾਂ ਨੇ ਬੜੇ ਪਰੇਮ ਤੇ ਉਤਸ਼ਾਹ ਨਾਲ ਸ਼ਹੀਦ ਦਾ ਅੰਤਮ ਸੰਸਕਾਰ ਕੀਤਾ। ਸਾਰੇ ਪੰਜਾਬ ਤੇ ਦੇਸ਼ ਨੇ ਉਸ ਦਾ ਸ਼ੋਕ ਮਨਾਇਆ। ਪ੍ਰਧਾਨ ਮੰਤਰੀ ਤੋਂ ਲੈਕੇ ਸਾਰੇ ਲੀਡਰਾਂ ਤੇ ਪਾਰਟੀਆਂ ਨੇ ਉਸ ਨੂੰ ਸਰਧਾਂਜਲੀ ਅਰਪਨ ਕੀਤੀ।

੧੨ ਨਵੰਬਰ ਨੂੰ ਸ: ਦਰਸਨ ਸਿੰਘ ਦੀ ਆਤਮਿਕ ਸ਼ਾਂਤੀ ਲਈ ਗੁਰਬਾਣੀ ਦੇ ਪਾਠ ਦਾ ਭੋਗ ਪਾਇਆ ਗਿਆ। ਉਸ ਸਮਾਗਮ ਵਿਚ ਵੀ ਬਹੁਤ ਸਾਰੇ ਮੁਖੀ ਅਤੇ ਹਜ਼ਾਰਾਂ ਸੰਗਤਾਂ ਸ਼ਾਮਲ ਹੋਈਆਂ।

ਸ਼ੈਕਸ ਪੀਅਰ ਦਾ ਕਥਨ ਹੈ :–

'ਕਾਇਰ ਆਦਮੀ ਮਰਨ ਤੋਂ ਪਹਿਲੇ ਕਈ ਵੇਰ ਮਰਦੇ



Digitized by Panjab Digital Library | www.panjabdigilib.org

ਹਨ। ਸੂਰਬੀਰ ਬਹਾਦਰ ਇਕ ਵੇਰ ਹੀ ਮਰਦੇ ਹਨ। ਪਰ ਉਹ ਸੰਸਾਰ ਚੋਂ ਜੱਸ ਖਟ ਕੇ ਜਾਂਦੇ ਹਨ।

ਸ: ਦਰਸ਼ਨ ਸਿੰਘ ਫੇਰੂਮਾਨ ਅਰਦਾਸ ਦੀ ਮਹਾਨਤਾ ਕੌਮੀ ਸਵੈਮਾਨ ਲਈ ਸ਼ਹੀਦੀ ਦੇ ਕੇ ਅਮਰ ਹੋਗਿਆ। ਚੰਡੀਗੜ੍ਹ ਉਸ ਲਈ ਇਕ ਛੋਟਾ ਇਸ਼ੂ ਸੀ। ਉਹ ਵੀ ਪੰਜਾਬ ਨੂੰ ਮਿਲ ਗਿਆ ਹੈ। ਫ਼ੇਰੂਮਾਨ ਦੀ ਸ਼ਹੀਦੀ ਦੇ ਫ਼ਲ ਸਰੂਪ ਕਾਫ਼ੀ ਰਾਜਨੀਤਕ ਤਬਦੀਲੀ ਹੋਈ।

ਸ: ਦਰਸ਼ਨ ਸਿੰਘ ਫ਼ੇਰੂਮਾਨ ਦੀ ਯਾਦ ਵਿਚ ਇਕ ਟ੍ਰਸਟ ਕਾਇਮ ਕੀਤਾ ਗਿਆ ਹੈ, ਜਿਸ ਦੇ ਚੇਅਰਮੈਨ ਜਥੇਦਾਰ ਸੋਹਨ ਸਿੰਘ ਜਲਾਲ ਉਸਮਾ ਹਨ। ਟ੍ਰਸਟ ਵਲੋਂ ਫ਼ੇਰੂਮਾਨ ਨਗਰ ਵਿਚ ਵੀ ਸ਼ਹੀਦ ਦੀ ਸਮਾਧੀ ਬਣਾਈ ਗਈ ਹੈ। ਰਈਆ ਮੰਡੀ ਵਿਚ ਜ: ਸੋਹਨ ਸਿੰਘ ਦੇ ਉਦਮ ਸ: ਸਵਰਨ ਸਿੰਘ ਕੇਂਦਰੀ ਵਜ਼ੀਰ ਤੇ ਸ: ਗੁਰਦਿਆਲ ਸਿੰਘ ਢਿਲੋਂ ਸਪੀਕਰ ਲੋਕ ਸਭਾ ਦੇ ਜਤਨ ਨਾਲ ਪੜਾਅ ਵਿਚ ਕੇਂਦਰੀ ਸਰਕਾਰ ਪਾਸੋਂ ਇਕ ਲੱਖ ਉਨੱਤਰ ਹਜ਼ਾਰ ਰੁਪਏ ਘਟ ਕੀਮਤ ਤੇ ੧੦ ਏਕੜ ਜ਼ਮੀਨ ਜੀ. ਟੀ. ਰੋਡ ਤੇ ਪ੍ਰਾਪਤ ਕਰਕੇ ਸ਼ਹੀਦ ਦਰਸ਼ਨ ਸਿੰਘ ਫੇਰੂਮਾਨ ਵੂਮਨ ਕਾਲਜ ਕਾਇਮ ਕੀਤਾ ਗਿਆ ਹੈ। ੧੯੭੪ ਵਿਚ ਉਸ ਦੀ ਇਮਾਰਤ ਬਣੀ ਹੈ। ਲੜਕੀਆਂ ਦੀ ਪੜ੍ਹਾਈ ਸ਼ੁਰੂ ਹੋ ਗਈ ਹੈ।

ਪਿਛਲੇ ਸਾਲ ਇਸ ਮਕਸਦ ਲਈ ਜ. ਸੋਹਨ ਸਿੰਘ ਜਲਾਲ ਉਸਮਾ ਸਟੇਟ ਮਨਿਸਟਰ ਚੇਅਰਮੈਨ ਫ਼ੇਰੂਮਾਨ ਟ੍ਰਸਟ ਤੇ ਲੇਖਕ ਗਿਆਨੀ ਪ੍ਰਤਾਪ ਸਿੰਘ ਇੰਗਲੈਂਡ ਗਏ ਸਾਂ। ਉਥੋਂ ਸਜਣਾਂ ਮਿਤਰਾਂ ਤੇ ਸੰਗਤਾਂ ਨੇ ਇਕ ਲੱਖ ਰੁਪਿਆ ਫ਼ੇਰੂਮਾਨ ਕਾਲਜ ਲਈ ਦਿਤਾ ਹੈ।

ਅਜੇ ਕਾਲਜ ਦਾ ਬੋਰਡਿੰਗ, ਲਾਇਬਰੇਰੀ ਤੇ ਹੋਰ ਕਈ ਚੀਜ਼ਾਂ ਬਣਨ ਵਾਲੀਆਂ ਹਨ। ਰਈਆ ਮੰਡੀ ਤੋਂ ਬਿਨਾ ਹੋਰ ਵੀ ਕਈ ਥਾਵਾਂ ਤੇ ਫ਼ੇਰੂਮਾਨ ਦੀਆਂ ਯਾਦਗਾਰਾਂ ਬਣੀਆਂ ਹਨ।



Digitized by Panjab Digital Library | www.panjabdigilib.org

ਸ੍ਰਦਾਰ ਦਰਸ਼ਨ ਸਿੰਘ ਫ਼ੇਰੂਮਾਨ ਵੀਹਵੀਂ ਸਦੀ ਦੇ ਇਤਿਹਾਸ ਦਾ ਇਕ ਸੂਰਬੀਰ, ਬਚਨ ਕਾ ਬਲੀ ਤੇ ਸ਼ਹੀਦ ਬਣ ਗਿਆ ਹੈ।

ਕਬੀਰ ਸਾਹਿਬ ਦਾ ਕਥਨ ਹੈ–

ਕਬੀਰ ਮਰਤਾ ਮਰਤਾ ਜਗੁ ਮੂਆ।
ਮਰ ਭੀ ਨਾ ਜਾਨਿਆ ਕੋਇ।
ਐਸੇ ਮਰਨੇ ਜੋ ਮਰੈ।
ਬਹੁਰਿ ਨਾ ਮਰਨਾ ਹੋਇ।(੨੯)

*



Digitized by Panjab Digital Library | www.panjabdigilib.org

## ੧੪

# ਜ: ਤੇਜਾ ਸਿੰਘ ਅਕਰਪੁਰੀ

### ਇਕ ਦੂਰਅੰਦੇਸ਼ ਤੇ ਮਿਲਨਸਾਰ ਆਗੂ

ਅਕਾਲੀ ਲਹਿਰ ਤੇ ਉਸ ਤੋਂ ਬਾਹਦ ਜਿਹਨਾਂ ਨੇਤਾਵਾਂ ਨੇ ਕਈ ਵਡੀਆਂ ਪਦਵੀਆਂ ਤੇ ਬੜਾ ਕੰਮ ਕੀਤਾ ਹੈ, ਉਹਨਾਂ ਵਿਚੋਂ ਜਥੇਦਾਰ ਤੇਜਾ ਸਿੰਘ ਜੀ ਅਕਰਪੁਰੀ ਇਕ ਹਨ।

ਜਥੇਦਾਰ ਜੀ ਬੜੇ ਉਜਲ ਦੀਦਾਰੀ ਗੁਰਸਿਖ, ਮਿਲਨਸਾਰ, ਸੁਭਾਅ ਦੇ ਠੰਡੇ ਮਿਠੇ, ਦੂਰ ਅੰਦੇਸ਼, ਸਿਆਣੇ ਅਤੇ ਪਿਛਲੇ ਚਾਲੀ ਪੰਜਾਹ ਸਾਲਾਂ ਵਿਚ ਚੰਗੀਆਂ ਵਡੀਆਂ ਪਦਵੀਆਂ ਤੇ ਕੰਮ ਕਰਨ ਵਾਲੇ ਮੁਖੀ ਹਨ । ਆਪ ਦੀ ਉਮਰ ਇਸ ਵਕਤ ਤ੍ਰਿਆਸੀ ਸਾਲ ਹੈ।

ਆਪ ਦਾ ਜਨਮ ਸੰਨ ੧੮੯੨ ਈ. ਵਿਚ ਪਿੰਡ ਅਕਰਪੁਰਾ ਤਸੀਲ ਬਟਾਲਾ ਜ਼ਿਲ੍ਹਾ ਗੁਰਦਾਸ ਪੁਰ ਵਿਚ ਸ੍ਰਦਾਰ ਪਾਲਾ ਸਿੰਘ ਦੇ ਘਰ ਮਾਤਾ ਪ੍ਰਤਾਪ ਕੌਰ ਤੋਂ ਹੋਇਆ। ਲੈਫਟੀਨੈਂਟ ਕਰਨਲ ਸ੍ਰਦਾਰ ਆਤਮਾ ਸਿੰਘ ਆਪ ਦੇ ਛੋਟੇ ਭਰਾ ਹਨ।

ਜ. ਤੇਜਾ ਸਿੰਘ ਜੀ ਨੇ ਆਰੰਭਕ ਤਾਲੀਮ ਪਿੰਡ ਵਿਚ ਹੀ ਹਾਸਲ ਕੀਤੀ। ਪਹਿਲੀ ਮਹਾਨ ਜੰਗ ਸਮੇਂ ੧੯੧੪ ਵਿਚ ਦਸਵੀਂ ਜਮਾਤ ਖਾਲਸਾ ਕਾਲਜ ਅੰਮ੍ਰਿਤਸਰ ਵਿਚੋਂ ਪਾਸ ਕੀਤੀ। ਆਪ ਕ੍ਰਿਕਟ ਦੇ ਚੰਗੇ ਖਿਡਾਰੀ ਸਨ। ਸੰਨ ੧੯੧੫ ਵਿਚ ੨੪ ਨੰਬਰ ਪਲਟਨ ਵਿਚ ਭਰਤੀ ਹੋਏ। ਉਸ ਪਲਟਨ ਦਾ ਕਰਨਲ ਟਰੈਵਲ ਕ੍ਰਿਕਟ ਦਾ ਖਿਡਾਰੀ ਹੋਣ ਕਰਕੇ ਜਥੇਦਾਰ ਜੀ ਨਾਲ



Digitized by Panjab Digital Library | www.panjabdigilib.org

ਬੜਾ ਹਿਤ ਕਰਦਾ ਸੀ। ਉਹ ਆਪ ਨੂੰ ਜਮਾਂਦਾਰੀ ਰੈਂਕ ਦੇਣਾ ਚਾਹੁੰਦਾ ਸੀ। ਪਰ ਉਹ ਛੇਤੀ ਹੀ ਮਹਾਨ ਜੰਗ ਵਿਚ ਚਲਾ ਗਿਆ, ਇਸ ਲਈ ਜਥੇਦਾਰ ਜੀ ਨੇ ਪਲਟਨ ਦੀ ਨੌਕਰੀ ਛਡ ਦਿਤੀ।

ਇਸ ਤੋਂ ਬਾਹਦ ਆਪ ਨੇ ਸਾਗਰ ਛਾਵਣੀ ਵਿਚ ਪੁਲੀਸ ਦਾ ਸਬ ਇਨਸਪੈਕਟਰ ਲਗਣ ਲਈ ਦਰਖਾਸਤ ਦਿਤੀ, ਉਸ ਲਈ ਇੰਟਰਵੀਊ ਦੀ ਚਿਠੀ ਵੀ ਆ ਗਈ। ਪਰ ਉਸ ਪੋਸਟ ਤੇ ਇਕ ਸਰਦਾਰ ਨੇ ਸਫ਼ਾਰਸ਼ ਪਾ ਕੇ ਆਪਣੇ ਲੜਕੇ ਨੂੰ ਭੇਜਣ ਦਾ ਜਤਨ ਕੀਤਾ, ਜਿਸ ਕਰਕੇ ਜਥੇਦਾਰ ਜੀ ਦੀ ਨਿਯੁਕਤੀ ਇਕ ਸਾਲ ਤੇ ਪਾ ਦਿਤੀ ਗਈ।

੧੯੧੮ ਵਿਚ ਆਪ ਦਾ ਨਾਮ ਜ਼ਿਲੇਦਾਰੀ ਲਈ ਦਰਜ ਹੋਇਆ। ੧੯੧੯ ਵਿਚ ਆਪ ਨੇ ਕੁਝ ਚਿਰ ਪਟਵਾਰ ਤੇ ਜ਼ਿਲੇਦਾਰੀ ਦੀ ਟਰੇਨਿੰਗ ਵੀ ਲਈ। ਐਸ. ਡੀ. ਓ. ਨਾਲ ਕੰਮ ਵੀ ਕੀਤਾ, ਪਰ ਕੁਦਰਤ ਨੂੰ ਇਹ ਮਨਜ਼ੂਰ ਨਹੀਂ ਸੀ ਕਿ ਉਹ ਸਰਕਾਰੀ ਨੌਕਰੀ ਕਰਦੇ। ੧੯੨੧ ਵਿਚ ਜਦ ਸ੍ਰੀ ਨਨਕਾਣੇ ਸਾਹਿਬ ਦਾ ਸ਼ਹੀਦੀ ਸਾਕਾ ਹੋਇਆ, ਜਥੇਦਾਰ ਜੀ ਸਰਕਾਰੀ ਨੌਕਰੀ ਛਡ ਕੇ ਅਕਾਲੀ ਲਹਿਰ ਤੇ ਪੰਥ ਸੇਵਾ ਦੇ ਮੈਦਾਨ ਵਿਚ ਕੁਦ ਪਏ। ਉਨ੍ਹੀਂ ਦਿਨੀਂ ਸ਼ਰੋਮਣੀ ਕਮੇਟੀ ਵਲੋਂ ਕਮਾਲੀਏ ਦੇ ਗੁਰਦਵਾਰਿਆਂ ਦੇ ਪ੍ਰਬੰਧਲਈ ਇਕ ਜਥਾ ਆਪ ਦੀ ਅਗਵਾਈ ਹੇਠ ਭੇਜਿਆ ਗਿਆ।

ਸੰਨ ੧੯੨੧ ਵਿਚ ਹੀ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੇ ਆਪ ਨੂੰ ਸ੍ਰੀ ਅਕਾਲ ਤਖਤ ਸਾਹਿਬ ਦਾ ਜਥੇਦਾਰ ਨੀਯਤ ਕੀਤਾ। ਚਾਬੀਆਂ ਤੇ ਗੁਰੂ ਕੇ ਬਾਗ ਦੇ ਮੋਰਚੇ ਆਪ ਦੀ ਜਥੇਦਾਰੀ ਸਮੇਂ ਹੀ ਲਗੇ। ਉਨ੍ਹਾਂ ਵਿਚ ਆਪ ਨੇ ਬੜੀ ਚੰਗੀ ਅਗਵਾਈ ਕੀਤੀ।

ਜੈਤੋਂ ਦੇ ਮੋਰਚੇ ਸਮੇਂ ਅਕਤੂਬਰ ੧੯੨੩ ਵਿਚ ਸਰਕਾਰ

ਅੰਗਰੇਜ਼ੀ ਨੇ ਸ਼ਰੋਮਣੀ ਕਮੇਟੀ ਅਤੇ ਅਕਾਲੀ ਦਲ ਨੂੰ ਕਾਨੂੰਨ ਵਿਰੁਧ ਕਰਾਰ ਦਿਤਾ। ਉਸ ਵਕਤ ਜ: ਤੇਜਾ ਸਿੰਘ ਜੀ ਨੂੰ ਅਕਾਲੀ ਲਹਿਰ ਦਾ ਮੁਖੀ, ਸ੍ਰੀ ਅਕਾਲ ਤਖਤ ਸਾਹਿਬ ਦਾ ਜਥੇਦਾਰ ਤੇ ਸ਼ਰੋਮਣੀ ਕਮੇਟੀ ਦਾ ਮੈਂਬਰਹੋਣਕਰਕੇ ਪਹਿਲੇ ਜਥੇ ਨਾਲ ਗ੍ਰਿਫਤਾਰ ਕੀਤਾ ਗਿਆ। ਆਪਅਕਾਲੀ ਲੀਡਰਜ਼ਕੇਸਵਿਚ ੧੯੨੬ ਤੀਕ ਸੰਟਰਲ ਜੇਹਲ ਤੇ ਲਾਹੌਰਕਿਲੇ ਵਿਚਰਹੇਹਨ।

ਗੁਰਦਵਾਰਾ ਐਕਟ ੧੯੨੫ ਬਣ ਜਾਣ ਦੇ ਬਾਹਦ ਸਰਕਾਰ ਨੇ ਕੁਝ ਅਕਾਲੀ ਲੀਡਰਾਂ ਨੂੰ ਰਿਹਾ ਕਰ ਦਿਤਾ, ਪਰ ਜ: ਤੇਜਾ ਸਿੰਘ ਜੀ ਰਿਹਾ ਨਾ ਹੋਣਵਾਲ ਲੀਡਰਾਂ ਵਿਚੋਂ ਸਨ।

੧੯੨੬ ਵਿਚ ਜਦ ਸ: ਤੇਜਾ ਸਿੰਘ ਜੀ ਸਮੁੰਦਰੀ ਨੇ ਸੰਟਰਲ ਜੇਹਲ ਲਹੌਰ ਵਿਚ ਅਕਾਲ ਚਲਾਣਾ ਕੀਤਾ, ਉਸ ਵਕਤ ਮਾਸਟਰ ਤਾਰਾ ਸਿੰਘ,ਜ: ਤੇਜਾ ਸਿੰਘ ਜੀ, ਸਵਰਗੀ ਸ: ਭਾਗ ਸਿੰਘ ਵਕੀਲ ਉਹਨਾਂ ਦੇ ਕੋਲ ਸਨ। ਇਹਨਾਂ ਨੇ ਸ: ਤੇਜਾ ਸਿੰਘ ਸਮੁੰਦਰੀ ਨੂੰ ਦਿਲ ਦਾ ਦੌਰਾ ਪੈਣ ਪਰ ਉਹਨਾਂ ਨੂੰ ਬਚਾਉਣ ਲਈ ਪੂਰੀ ਸੇਵਾ ਤੇ ਸੰਭਾਲ ਕੀਤੀ, ਪਰ ਉਹ ਬਚ ਨਾ ਸਕੇ।

੧੯੨੬ ਵਿਚ ਅਕਾਲੀ ਲੀਡਰਾਂ ਦੇ ਨਾਲ ਆਪ ਰਿਹਾ ਹੋਏ। ਰਿਹਾਈ ਦੇ ਬਾਹਦ ਆਪ ਫਿਰ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਲਗ ਗਏ। ਗੁਰਦਵਾਰਾ ਕਮੇਟੀ ਤੇਜਾ ਕਲਾਂ ਤੇ ਡੇਰਾ ਬਾਬਾ ਨਾਨਕ ਦੇ ਪ੍ਰਧਾਨ ਵੀ ਰਹੇ ਹਨ।

੧੯੨੭ ਵਿਚ ਆਪ ਸ਼ਰੋਮਣੀ ਕਮੇਟੀ ਦੇ ਮੈਂਬਰ ਚੁਣੇ ਗਏ। ੧੯੨੯ ਤੀਕ ਆਪ ਨੇ ਸ੍ਰੀ ਅਕਾਲ ਤਖਤ ਸਾਹਿਬ ਦੀ ਜਥੇਦਾਰੀ ਦੀ ਸੇਵਾ ਵੀ ਕੀਤੀ।

ਆਪ ਅਕਾਲੀ ਜਥਾ ਜ਼ਿਲਾ ਗੁਰਦਾਸ ਪੁਰ ਦੇ ਜਥੇਦਾਰ, ਸ਼ਰੋਮਣੀ ਕਮੇਟੀ ਦੇ ਕਈ ਸਾਲ ਮੈਂਬਰ ਤੇ ਮੀਤ ਪ੍ਰਧਾਨ ਰਹੇ ਹਨ। ਸਨ ੧੯੩੫ ਤੋਂ ੧੯੩੮ ਤੀਕ ਸ੍ਰੀ ਨਨਕਾਣਾ ਸਾਹਿਬ ਕਮੇਟੀ ਦੇ ਪ੍ਰਧਾਨ ਰਹੇ ਹਨ।



Digitized by Panjab Digital Library | www.panjabdigilib.org

੧੯੩੬-੩੭ ਵਿਚ ਆਪ ਬਟਾਲੇ ਦੇ ਹਲਕੇ ਚੋਂ ਪੰਜਾਬ ਕੌਂਸਲ ਦੀ ਚੋਣ ਵਿਚ ਅਕਾਲੀ ਟਿਕਟ ਤੇ ਸ:ਸੁੰਦਰ ਸਿੰਘ ਮਜੀਠੀਏ ਦੇ ਮੁਕਾਬਲੇ ਪਰ ਖੜੇ ਹੋਏ, ਪਰ ਸਫਲ ਨਾ ਹੋ ਸਕੇ।

ਜਥੇਦਾਰ ਜੀ ਨੇ ਅਕਾਲੀ ਲਹਿਰ ਵਿਚ ਸੇਵਾ ਕਰਨ ਤੋਂ ਬਿਨਾਂ ਆਪਣੇ ਇਲਾਕੇ ਵਿਚ ਵਿਦਿਅਕ ਸੇਵਾ ਕਰਨ ਦਾ ਵੀ ਸ਼ਾਨਦਾਰ ਜਤਨ ਕੀਤਾ ਹੈ। ੧੯੩੮ ਵਿਚ ਆਪ ਦੇ ਜਤਨ ਨਾਲ ਜ਼ਿਲਾ ਗੁਰਦਾਸ ਪੁਰ ਵਿਚ ਕਈ ਹਾਈ ਸਕੂਲ ਕਾਇਮ ਹੋਏ। ਜੇਹਾ ਕਿ ਤੁਗਲ ਵਾਲਾ. ਹਾਈ ਸਕੂਲ ਖਾਲਸਾ ਹਾਈ ਸਕੂਲ ਬਟਾਲਾ ਅਤੇ ਤੇਜਾ ਕਲਾਂ।

ਜਥੇਦਾਰ ਜੀ ਅਕਾਲੀ ਲੀਡਰਾਂ ਚੋਂ ਨਰਮ ਦਿਲ, ਸਮਾਜਕ ਤੌਰ ਤੇ ਹਰ ਕਿਸੇ ਨਾਲ ਮੇਲ ਜੋਲ ਰਖਣ ਵਾਲੇ ਮਾਡਰੇਟ ਸਮਝੇ ਜਾਂਦੇ ਹਨ। ਪਿਛੇ ਦਸ ਆਏ ਹਾਂ ਕਿ ਸ: ਸੇਵਾ ਸਿੰਘ ਠੀਕਰੀ ਵਾਲਾ ਦੀ ਭੁਖ ਹੜਤਾਲ ਸਮੇਂ ਮਹਾਰਾਜਾ ਭੂਪਿੰਦਰ ਸਿੰਘ ਪਟਿਆਲਾ ਨੇ ਜਥੇਦਾਰ ਤੇਜਾ ਸਿੰਘ ਨੂੰ ਸ੍ਰਦਾਰ ਠੀਕਰੀ ਵਾਲਾ ਨਾਲ ਮੁਲਾਕਾਤ ਦੀ ਆਗਿਆ ਦਿਤੀ। ਨਵਾਬ ਲਿਆਕਤ ਹਯਾਤ ਸ: ਸੁੰਦਰ ਸਿੰਘ ਮਜੀਠਾ ਤੇ ਸਰ ਜੋਗਿੰਦਰ ਸਿੰਘ ਨੇ ਆਪ ਨੂੰ ਕਿਹਾ ਕਿ ਮਾਸਟਰ ਤਾਰਾ ਸਿੰਘ ਨਾਲ ਮਹਾ-ਰਾਜੇ ਦੀ ਸੁਲਾਹ ਕਰਵਾ ਦਿਉ। ੧੯੩੬-੩੭ ਵਿਚ ਸਰਬ ਹਿੰਦ ਸਿਖ ਮਿਸ਼ਨ ਲਈ ਮਹਾਰਾਜੇ ਨੇ ਪੰਜੀ ਹਜ਼ਾਰ ਰੁਪਏ ਦਿਤੇ ਤੇ ਅਕਾਲੀ ਪਾਰਟੀ ਨੂੰ ਨਰਮ ਕੀਤਾ। ਉਸ ਵਿਚ ਜਥੇਦਾਰ ਜੀ ਦਾ ਵੀ ਹੱਥ ਸੀ।

ਆਪ ਅਕਾਲੀ ਦਲ ਦੇ ਪ੍ਰਧਾਨ ਰਹੇ ਹਨ। ੯-੧੦ ਫਰਵਰੀ ੧੯੪੦ ਨੂੰ ਅਟਾਰੀ ਵਿਚ ਪਹਿਲੀ ਸ਼ਾਨਦਾਰ ਅਕਾਲੀ ਕਾਨਫਰੰਸ ਹੋਈ। ਉਸ ਦੇ ਆਪ ਪ੍ਰਧਾਨ ਸਨ। ਉਸ ਵਕਤ ਪੰਜਾਬ ਵਿਚ ਅਲਾਮਾ ਮਸ਼ਰਕੀ ਵਲੋਂ ਨਾਜ਼ੀ ਢੰਗ ਦੀ ਬੇਲਦਾ ਪਾਰਟੀ ਦੀ ਲਹਿਰ ਚਲ ਰਹੀ ਸੀ। ਜਿਸਦਾ ਮਕਸਦ ਪੰਜਾਬੀ



Digitized by Panjab Digital Library | www.panjabdigilib.org

ਮੁਸਲਮਾਨਾਂ ਦੇ ਫਿਰਕੂਪੁਣੇ ਨੂੰ ਭੜਕਾ ਕੇ ਤਾਕਤ ਹਾਸਲ ਕਰਨਾ ਸੀ। ਉਸਦੇ ਮੁਕਾਬਲੇ ਪਰ ਅਟਾਰੀ ਕਾਨਫਰੰਸ ਵਿਚ ਅਕਾਲ ਸੈਨਾ ਤੇ ਰਜਮੈਂਟਾਂ ਦਾ ਵਿਖਾਵਾ ਕੀਤਾ ਗਿਆ। ਜਿਸਦਾ ਸਰ ਸਿਕੰਦਰ ਦੀ ਯੂਨੀਨਿਸਟ ਸਰਕਾਰ ਪਰ ਬਹੁਤ ਪ੍ਰਭਾਵ ਪਿਆ।

ਉਸ ਕਾਨਫਰੰਸ ਵਿਚ ਗਿਆਨੀ ਕਰਤਾਰ ਸਿੰਘ ਨੇ ਕੁਝ ਆਦਮੀਆਂ ਨੂੰ ਲੈਕੇ ਨਾਗੋਕੀ ਪਾਰਟੀ ਵਿਰੁਧ ਖੜੇ ਕਰਨ ਦਾ ਜਤਨ ਕੀਤਾ। ਪਰ ਮਾਸਟਰ ਤਾਰਾ ਸਿੰਘ ਤੇ ਜਥੇਦਾਰ ਤੇਜਾ ਸਿੰਘ ਨੇ ਸਿਆਣਪ ਨਾਲ ਉਸ ਨੂੰ ਦਬਾ ਦਿਤਾ। ਸ਼ਰੋਮਣੀ ਕਮੇਟੀ ਤੇ ਅਕਾਲੀ ਦਲ ਦੀ ਏਕਤਾ ਬਣੀ ਰਹੀ। ਪਰ ਉਸਦੇ ਬਾਹਦ ਜੰਗ ਵਿਚ ਅੰਗਰੇਜ਼ਾਂ ਤੇ ਫੌਜੀ ਭਰਤੀ ਦੇਣ ਪਰ ਮਤ ਭੇਦ ਹੋਇਆ।

ਆਜ਼ਾਦੀ ਦੇ ਬਾਹਦ ਆਪ ੧੯੫੨ ਵਿਚ ਆਪਣੇ ਇਲਾਕੇ ਚੋਂ ਕਾਂਗਰਸ ਟਿਕਟ ਪਰ ਸ: ਗੁਰਭਜਨ ਸਿੰਘ ਦੇ ਮੁਕਾਬਲੇ ਪਰ ਲੋਕ ਸਭਾ ਦੇ ਮੈਂਬਰ ਚੁਣੇ ਗਏ। ੧੯੫੭ ਤੀਕ ਐਮ. ਪੀ ਰਹੇ ਹਨ।

ਆਪ ਸੈਂਟ੍ਰਲ ਕੋਓਪਰੇਟਿਵ ਬੈਂਕ ਬਟਾਲੇ ਦੇ ਡਾਰੈਕਟਰ ਰਹੇ ਹਨ। ਖਾਲਸਾ ਕਾਲਜ ਕਾਂਦੀਆਂ ਤੇ ਹੋਰ ਕਈ ਸਕੂਲ ਕਮੇਟੀਆਂ ਦੇ ਮੈਂਬਰ ਹਨ।

ਆਪ ਬੜੇ ਸਫਲ ਗ੍ਰਿਹਸਤੀ ਤੇ ਵਡ ਪ੍ਰਵਾਰੀ ਹਨ। ਆਪ ਦੇ ਦੋ ਲੜਕੇ ਤੇ ਇਕ ਲੜਕੀ ਹੈ। ਉਹ ਘਰ ਬਾਰੀ ਹਨ।

ਆਪ ਦੇ ਛੋਟੇ ਲੜਕੇ ਸ: ਕੁੰਦਨ ਸਿੰਘ ਰੁੜਕਲ਼ਾ (ਉੜੀਸਾ) ਵਿਚ ਟ੍ਰਾਂਸਪੋਰਟ ਦਾ ਕੰਮ ਕਰਦੇ ਹਨ।

ਜਥੇਦਾਰ ਜੀ ਨੂੰ ਫ੍ਰੀਡਮ-ਫ਼ਾਈਟਰ ਦੇ ਤੌਰ ਨੇ ਸ੍ਰਕਾਰ ਵਲੋਂ ੨੫੦) ਮਾਸਕ ਪਿਲਸ਼ਨ ਮਿਲਦੀ ਹੈ। ਆਪ ਪਿਛਲੇ ਸਾਲ ਕੁਝ ਬੀਮਾਰ ਹੋ ਗਏ ਸਨ। ਹੁਣ ਠੀਕ ਹਨ ਜ਼ਿਲਾ ਗੁਰਦਾਸਪੁਰ ਤੇ ਪੰਜਾਬ ਦੇ ਪੁਰਾਣੇ ਲੀਡਰਾਂ ਵਿਚੋਂ ਇਕ ਹਨ।



Digitized by Panjab Digital Library | www.panjabdigilib.org

## ੧੫

# ਸ: ਭਾਗ ਸਿੰਘ ਐਡਵੋਕੇਟ

### ਇਕ ਯੋਗ, ਦਿਆਨਤਦਾਰ ਅਤੇ ਕੁਰਬਾਨੀ ਵਾਲਾ ਆਗੂ

ਅਕਾਲੀ ਲਹਿਰ ਦੇ ਆਗੂਆਂ ਵਿਚੋਂ ਸ: ਖੜਕ ਸਿੰਘ ਸ: ਮਹਿਤਾਬ ਸਿੰਘ, ਸ: ਸੇਵਾ ਸਿੰਘ ਠੀਕਰੀ ਵਾਲਾ, ਸ: ਤੇਜਾ ਸਿੰਘ ਸਮੁੰਦਰੀ. ਦਾ ਦਰਜਾ ਬਹੁਤ ਉਚਾ ਹੈ। ਉਥੇ ਸ: ਭਾਗ ਸਿੰਘ ਐਡਵੋਕੇਟ ਗੁਰਦਾਸ ਪੁਰ ਦਿਆਨਤਦਾਰੀ, ਯੋਗਤਾ ਕੁਰਬਾਨੀ ਅਤੇ ਸਚੇ ਸੁਚੇ ਗੁਰਸਿਖੀ ਜੀਵਨ ਦੇ ਲਿਹਾਜ਼ ਨਾਲ ਬਹੁਤ ਉਚੇ ਆਗੂ ਸਨ। ਆਪ ਨੇ ਸਿੱਖ ਪੰਥ ਦੇ ਹਰ ਮੋਰਚੇ ਤੇ ਦੇਸ਼ ਦੀ ਅਜ਼ਾਦੀ ਲਈ ਕੁਰਬਾਨੀ ਕੀਤੀ ਹੈ। ਸ਼ਖਸੀ ਜੀਵਨ ਵਿਚ ਉਹ ਬਹੁਤ ਨੇਕ ਅਤੇ ਚੰਗੇ ਇਨਸਾਨ ਸਨ। ਅਕਾਲੀ ਲਹਿਰ ਵਿਚ ਉਹਨਾ ਨੇ ਬੜਾ ਯੋਗ ਹਿਸਾ ਪਾਇਆ ਹੈ। ਇਸ ਲਈ ਅਸੀਂ ਸਵਰਗੀ ਸ਼:ਭਾਗ ਸ਼ਿੰਘ ਜੀ ਦਾ ਸ਼ਾਨਦਾਰ ਜੀਵਨ ਪੇਸ਼ ਕਰਦੇ ਹਾਂ।

ਸ: ਭਾਗ ਸਿੰਘ ਜੀ ਦਾ ਜਨਮ ਸੰਨ ੧੮੬੯ ਈ: ਵਿਚ ਸ: ਸੁੰਦਰ ਸਿੰਘ ਰਾਮਗੜ੍ਹੀਏ, ਇੰਜੀਨੀਅਰ ਡਿਸਟ੍ਰਿਕਟ ਬੋਰਡ ਗੁਰਦਾਸਪੁਰ ਦੇ ਘਰ ਹੋਇਆ। ਸ: ਸੁੰਦਰ ਸਿੰਘ ਖਿਛੋਂ ਪਿੰਡ ਸਿੰਘ ਪੁਰਾ,ਜ਼ਿਲਾ ਹੁਸ਼ਿਆਰਪੁਰ ਦੇ ਵਸਨੀਕ ਸਨ। ਪਰ ਸੰਨ ੧੮੮੦ ਵਿਚ ਡਿ: ਬੋਰਡ ਗੁਰਦਾਸ ਪੁਰ ਦੀ ਸਰਵਿਸ਼ ਵਿਚ ਆਏ ਸਨ। ਉਥੇ ਹੀ ਵਸ ਗਏ ਸਨ।



Digitized by Panjab Digital Library | www.panjabdigilib.org

ਸ: ਭਾਗ ਸਿੰਘ ਜੀ ਪੰਜ ਭਰਾ ਸਨ। ਆਪ ਬਚਪਨ ਤੋਂ ਬੜੇ ਤੀਖਣ ਬੁਧੀ ਵਾਲੇ ਤੇ ਚੰਗੇ ਸੁਭਾਵ ਦੇ ਸਨ। ਆਪ ਨੇ ਗੌਰਮਿੰਟ ਹਾਈ ਸਕੂਲ ਗੁਰਦਾਸ ਪੁਰ ਵਿਚ ਦਸਵੀਂ ਜਮਾਤ ਪਾਸ ਕੀਤੀ। ਸੰਨ ੧੯੧੭-੧੮ ਵਿਚ ਲਾਅ ਕਾਲਜ ਲਾਹੌਰ ਵਿਚੋਂ ਵਕਾਲਤ ਪਾਸ ਕੀਤੀ। ੧੯੧੯ ਵਿਚ ਗੁਰਦਾਸ ਪੁਰ ਪ੍ਰੈਕਟਿਸ ਸ਼ੁਰੂ ਕੀਤੀ।

੧੯੧੯ ਵਿਚ ਜਲ੍ਹਿਆਂ ਵਾਲੇ ਬਾਗ ਦੇ ਸਾਕੇ ਦੇ ਬਾਹਦ ਮਹਾਤਮਾ ਗਾਂਧੀ ਦੀ ਅਗਵਾਈ ਹੇਠ ਕਾਂਗਰਸ ਨੇ ਦੇਸ਼ ਦੀ ਆਜ਼ਾਦੀ ਦੀ ਲਹਿਰ ਤੇਜ਼ੀ ਨਾਲ ਸ਼ੁਰੂ ਕੀਤੀ, ਉਸ ਵਿਚ ਅੰਗਰੇਜ਼ੀ ਤਾਲੀਮ ਵਿਦੇਸ਼ੀ ਚੀਜ਼ਾਂ ਤੇ ਸਰਕਾਰੀ ਅਦਾਲਤਾਂ ਆਦਿਕ ਦਾ ਬਾਈਕਾਟ ਕੀਤਾ ਗਿਆ। ਸ: ਭਾਗ ਸਿੰਘ ਨੇ ਉਸ ਲਹਿਰ ਵਿਚ ਵਕਾਲਤ ਛਡ ਦਿਤੀ।

ਉਸ ਵਕਤ ਨਾਲ ਹੀ ਗੁਰਦਵਾਰਾ ਸੁਧਾਰ ਅਰਥਾਤ ਅਕਾਲੀ ਲਹਿਰ ਵੀ ਚਲ ਰਹੀ ਸ਼ੀ। ਸ: ਜੀ ਦੇ ਦਿਲ ਵਿਚ ਸਿਖੀ ਤੇ ਪੰਥ ਦਾ ਬੇਹਦ ਪਿਆਰ ਸੀ, ਉਹਨਾਂ ਨੇ ਅਕਾਲੀ ਲਹਿਰ ਵਿਚ ਵੀ ਵਧ ਚੜ ਕੇ ਹਿਸਾ ਲੈਣਾ ਸ਼ੁਰੂ ਕਰ ਦਿਤਾ। ਜ਼ਿਲਾ ਗੁਰਦਾਸ ਪੁਰ ਦੇ ਮੁਖੀ ਅਕਾਲੀ ਤੇ ਕਾਂਗਰਸੀ ਦੇਸ਼ ਭਗਤ ਗਿਣੇ ਜਾਣ ਲਗ ਪਏ। ਸ਼ਰੋਮਣੀ ਕਮੇਟੀ ਦੇ ਮੈਂਬਰ ਅਤੇ ਅਕਾਲੀ ਦਲ ਦੇ ਮੁਖੀ ਮੈਂਬਰ ਬਣ ਗਏ।

੭ ਨਵੰਬਰ ੧੯੨੧ ਨੂੰ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਸ੍ਰੀ ਅਮਰ ਨਾਥ ਈ ਏ. ਸੀ. ਨੂੰ ਪੁਲੀਸ ਸਮੇਤ ਭੇਜ ਕੇ ਸ: ਸੁੰਦਰ ਸਿੰਘ ਰਾਮਗੜ੍ਹੀਆਂ ਪ੍ਰਧਾਨ ਦਰਬਾਰ ਸਾਹਿਬ ਕਮੇਟੀ ਪਾਸੋਂ ਸ੍ਰੀ ਦਰਬਾਰ ਸਾਹਿਬ ਦੀਆਂ ਚਾਬੀਆਂ ਲੈ ਲਈਆਂ। ਉਸ ਵਕਤ ਸ਼ਰੋਮਣੀ ਕਮੇਟੀ ਦੇ ਪ੍ਰਧਾਨ ਸ: ਖੜਕ ਸਿੰਘ ਤੇ ਸਕਤਰ ਸ: ਬ: ਮਹਿਤਾਬ ਸਿੰਘ ਸਨ। ਸ਼ਰੋਮਣੀ ਕਮੇਟੀ ਨੇ ਫੈਸਲਾ ਕੀਤਾ ਸੀ ਕਿ ਦਰਬਾਰ ਦੀਆਂ ਚਾਬੀਆਂ ਸ: ਖੜਕ ਸਿੰਘ ਪ੍ਰਧਾਨ ਸ਼ਰੋਮਣੀ



Digitized by Panjab Digital Library | www.panjabdigilib.org

ਕਮੇਟੀ ਪਾਸ ਰਹਿਣ। ਸਰਕਾਰ ਦੇ ਚਾਬੀਆਂ ਖੋਹਣ ਪਰ ਸਖਤ ਅੰਦੋਲਨ ਹੋਇਆ। ਮੋਰਚਾ ਲਗ ਗਿਆ। ਉਸ ਮੌਕੇ ਸ: ਭਾਗ ਸਿੰਘ ਵੀ ਗ੍ਰਿਫਤਾਰ ਹੋਏ। ਆਪ ਪਹਿਲੇ ਦਰਜੇ ਦੇ ਅਕਾਲੀ ਲੀਡਰਾਂ ਵਿਚੋਂ ਸਨ। ਆਪ ਦੀ ਕਾਬਲੀਅਤ ਸਾਦਗੀ, ਦਿਆਨਤਦਾਰੀ ਤੇ ਚੰਗੇ ਗੁਣਾਂ ਦਾ ਪ੍ਰਭਾਵ ਪਿਆ। ਸ਼ਰੋਮਣੀ ਕਮੇਟੀ ਦੇ ਹਰ ਮਾਮਲੇ ਅਤੇ ਮੋਰਚੇ ਵਿਚ ਆਪ ਦੀ ਰਾਇ ਬਹੁਤ ਕੀਮਤੀ ਸਮਝੀ ਜਾਣ ਲਗ ਪਈ।

ਆਪ ਚਾਬੀਆਂ ਦੇ ਮੋਰਚੇ ਵਿਚ ਅਕਾਲੀ ਲੀਡਰਾਂ ਨਾਲ ਕੁਝ ਚਿਰ ਜੇਲ੍ਹ ਵਿਚ ਰਹੇ। ਜਦ ਸਰਕਾਰ ਨੇ ਸਾਰਿਆਂ ਨੂੰ ਰਿਹਾ ਕੀਤਾ, ਤਦ ਆਪ ਵੀ ਰਿਹਾ ਹੋਏ।

੯ ਜੁਲਾਈ ੧੯੨੩ ਨੂੰ ਸਰਕਾਰ ਅੰਗਰੇਜ਼ੀ ਨੇ ਮਹਾਰਾਜ ਰਿਪੁਦਮਨ ਸਿੰਘ ਨਾਭਾ ਨੂੰ ਗੱਦੀਓਂ ਲਾਹਿਆ। ਉਸਦੀ ਹਮੈਤ ਦੇ ਕਾਰਨ ਸਰਕਾਰ ਨੇ ਸ਼ਰੋਮਣੀ ਕਮੇਟੀ ਨੂੰ ਅਕਤੂਬਰ ੧੯੨੩ ਵਿਚ ਕਾਨੂੰਨ ਵਿਰੁਧ ਕਰਾਰ ਦੇ ਕੇ ਗ੍ਰਿਫਤਾਰ ਕਰ ਲਿਆ। ਉਸ ਸਮੇਂ ਸ: ਭਾਗ ਸਿੰਘ ਜੀ ਸ਼ਰੋਮਣੀ ਕਮੇਟੀ ਦੇ ਸਕਤਰ ਸਨ। ਆਪ ਨੂੰ ਵੀ ਸਾਰੇ ਲੀਡਰਾਂ ਨਾਲ ਗ੍ਰਿਫਤਾਰ ਕੀਤਾ ਗਿਆ। ਅਕਾਲੀ ਲੀਡਰਾਂ ਵਿਰੁਧ ਸੈਂਟਰਲ ਜੇਹਲ ਅਤੇ ਫਿਰ ਲਾਹੌਰ ਕਿਲੇ ਵਿਚ ਜ਼ੇਰ ਦਫਾ ੧੨੧, ੧੨੪, ੧੭ ਬੀ ਆਦਿਕ ਸਾਜ਼ਸ਼ ਕੇਸ ਚਲਾਇਆ ਗਿਆ। ਉਸ ਅਕਾਲੀ ਲੀਡਰ ਕੇਸ ਵਿਚ ਸ: ਭਾਗ ਸਿੰਘ ਜੀ ਮੁਖੀਆਂ ਵਿਚੋਂ ਇਕ ਸਨ।

ਸੰਨ ੧੯੨੩ ਤੋਂ ੧੯੨੬ ਤੀਕ ਆਪ ਉਸ ਕੇਸ ਵਿਚ ਜੇਹਲ ਵਿਚ ਰਹੇ। ਇਸ ਦੌਰਾਨ ਆਪ ਦੀ ਧਰਮ ਪਤਨੀ ਸ੍ਰੀ ਮਤੀ ਪ੍ਰੀਤਮ ਕੌਰ ਅਕਾਲ ਚਲਾਣਾ ਕਰ ਗਈ, ਪਰ ਆਪ ਨੇ ਉਸ ਦੀ ਮੌਤ ਕਾਰਨ ਕੁਰਬਾਨੀ ਵਲੋਂ ਮੂੰਹ ਨਹੀਂ ਮੋੜਿਆ। ੧੯੨੫ ਵਿਚ ਗੁਰਦਵਾਰਾ ਐਕਟ ਬਣ ਜਾਣ ਪਰ ਅਕਾਲੀ ਲੀਡਰਾਂ ਵਿਚ ਮਤ ਭੇਦ ਹੋ ਗਿਆ। ਕੁਝ ਲੀਡਰ ਰਿਹਾ ਕਰ



Digitized by Panjab Digital Library | www.panjabdigilib.org

ਦਿਤੇ ਗਏ। ਸ: ਭਾਗ ਸਿੰਘ ਨਾ ਰਿਹਾ ਹੋਣ ਵਾਲਿਆਂ ਵਿਚੋਂ ਸਨ।

੧੭ ਜੁਲਾਈ ੧੯੨੬ ਨੂੰ ਲਹੌਰ ਕਿਲੇ ਵਿਚ ਸ: ਤੇਜਾ ਸਿੰਘ ਸਮੁੰਦਰੀ ਅਕਾਲ ਚਲਾਣਾ ਕਰ ਗਏ। ਕਹਿੰਦੇ ਹਨ ਕਿ ਜਿਸ ਦਿਨ ਉਹਨਾਂ ਨੇ ਚਲਾਣਾ ਕੀਤਾ, ਸਵੇਰੇ ਸ: ਭਾਗ ਸਿੰਘ ਨੇ ਉਹਨਾਂ ਨੂੰ ਕਿਹਾ—'ਸ: ਜੀ ਮੈਂ ਅਜ ਸੁਫਨੇ ਵਿਚ ਵੇਖਿਆ ਹੈ ਕਿ ਤੁਸੀਂ ਗੁਜ਼ਰ ਗਏ ਹੋ।'

ਅਚਾਨਕ ਉਸੇ ਦਿਨ ਸ਼ਾਮ ਨੂੰ ਸ: ਤੇਜਾ ਸਿੰਘ ਜੀ ਦਿਲ ਦੀ ਧੜਕਣ ਬੰਦ ਹੋਣ ਨਾਲ ਚਲਾਨਾ ਕਰ ਗਏ।

ਉਸ ਕੇਸ ਵਿਚ ਜਿਹੜੇ ਲੀਡਰ ਰਿਹਾ ਨਹੀਂ ਹੋਏ ਸਨ, ਉਹਨਾਂ ਵਿਚੋਂ ਮਾਸਟਰ ਤਾਰਾ ਸਿੰਘ, ਜਥੇਦਾਰ ਤੇਜਾ ਸਿੰਘ ਅਕਰਪੁਰੀ, ਸ: ਭਾਗ ਸਿੰਘ ਐਡਵੋਕੇਟ, ਸ: ਗੁਪਾਲ ਸਿੰਘ ਕੌਮੀ ਆਦਿਕ ਸਨ। ਉਹਨਾਂ ਦੀ ਇਕ ਪੁਰਾਣੀ ਤਸਵੀਰ ਸ਼ਾਡੇ ਪਾਸ ਮੌਜੂਦ ਹੈ। ਜਿਸ ਵਿਚ ਸ੍ਰਦਾਰ ਭਾਗ ਸਿੰਘ ਵਿਚਕਾਰ ਬੈਠੇ ਹੋਏ ਹਨ।

ਲਾਹੌਰ ਕਿਲੇ ਵਿਚੋਂ ਰਿਹਾਈ ਦੇ ਬਾਹਦ ਆਪ ਦੀ ਦੂਜੀ ਸ਼ਾਦੀ ਹੋਈ। ਆਪ ਸਫਲ ਗ੍ਰਿਹਸਤੀ ਸਨ।

ਸ: ਜੀ ੧੯੨੯–੩੦ ਵਿਚ ਸ਼ਰੋਮਣੀ ਕਮੇਟੀ ਦੇ ਐਕਟਿੰਗ ਪ੍ਰਧਾਨ ਵੀ ਰਹੇ। ਡਿਸਟ੍ਰਿਕਟ ਕਾਂਗਰਸ ਕਮੇਟੀ ਗੁਰਦਾਸਪੁਰ ਦੇ ਪ੍ਰਧਾਨ, ਅਕਾਲੀ ਜਥਾ ਗੁਰਦਾਸ ਪੁਰ ਦੇ ਰੂਹੇ ਰਵਾਂ, ਆਲ ਇੰਡੀਆਂ ਕਾਂਗਰਸ ਕਮੇਟੀ ਦੇ ਮੈਂਬਰ ਰਹਿ ਕੇ ਆਪ ਨੇ ਸੇਵਾ ਕੀਤੀ।

ਬੜੀ ਧਾਰਮਿਕ ਵਾਕਫੀਅਤ ਅਤੇ ਦੇਸ਼ ਦੀ ਰਾਜਨੀਤੀ ਨਾਲ ਦਿਲਚਸਪੀ ਰਖਦੇ ਸਨ।

ਆਪ ਨੇ ਕੁਝ ਸਿਖ ਹਿਸਟਰੀ ਤੇ ਗੁਰੂ ਗਰੰਥ ਸਾਹਿਬ ਅੰਗਰੇਜ਼ੀ ਵਿਚ ਲਿਖੇ ਸਨ, ਪਰ ਉਹ ਛਪ ਨਹੀਂ ਸਕੇ।



Digitized by Panjab Digital Library | www.panjabdigilib.org

੧੯੨੯ ਵਿਚ ਜਦ ਲਹੌਰ ਵਿਚ ਕਾਂਗਰਸ ਦਾ ਇਜਲਾਸ ਸਵਰਗੀ ਪੰਡਤ ਜਵਾਹਰ ਲਾਲ ਨਹਿਰੂ ਦੀ ਪ੍ਰਧਾਨਗੀ ਥਲੇ ਹੋਇਆ, ਜਿਸ ਵਿਚ ਮੁਕੰਮਲ ਆਜ਼ਾਦੀ ਦਾ ਮਤਾ ਕੀਤਾ ਗਿਆ, ਉਸ ਮੌਕੇ ਸਰਦਾਰ ਖੜਕ ਸਿੰਘ ਜੀ ਕਾਂਗਰਸ ਨਾਲ ਕੁਝ ਨਰਾਜ਼ ਸਨ। ਨਹਿਰੂ ਦੇ ਮੁਕਾਬਲੇ ਪਰ ਉਹਨਾਂ ਦਾ ਲਹੌਰ ਵਿਚ ਜਲੂਸ ਵੀ ਕਢਿਆ ਗਿਆ। ਉਸ ਵਕਤ ਸ਼ਰੋਮਣੀ ਕਮੇਟੀ ਦਾ ਦਫਤਰ ਚੌਬੁਰਜੀ ਲਹੌਰ ਵਿਚ ਸੀ। ਮਹਾਂਤਮਾਂ ਗਾਂਧੀ, ਸ. ਪਟੇਲ, ਪੰਡਤ ਮੋਤੀ ਲਾਲ ਆਦਿਕ ਕਾਂਗਰਸੀ ਨੇਤਾ ਸ. ਖੜਕ ਸਿੰਘ ਜੀ ਨਾਲ ਗਲਬਾਤ ਕਰਨ ਲਈ ਦਫਤਰ ਸ਼ਰੋਮਣੀ ਕਮੇਟੀ ਚੌਬੁਰਜੀ ਲਹੌਰ ਵਿਚ ਗਏ । ਉਸ ਮੌਕੇ ਸ. ਖੜਕ ਸਿੰਘ ਜੀ ਦੇ ਨਾਲ ਜਿੰਨਾ ਅਕਾਲੀ ਲੀਡਰਾਂ ਨੇ ਮਹਾਤਮਾ ਗਾਂਧੀ, ਸ. ਪਟੇਲ ਤੇ ਪੰਡਤ ਮੋਤੀ ਲਾਲ ਨਾਲ ਗਲਬਾਤ ਕੀਤੀ. ਉਹਨਾਂ ਵਿਚੋਂ ਸ. ਭਾਗ ਸਿੰਘ ਜੀ ਇਕ ਸਨ। ਸਿਖਾਂ ਦੀ ਰਾਜਨੀਤੀ ਅਤੇ ਦੇਸ਼ ਦੇ ਪਾਲਟੈਕਸ਼ ਬਾਰੇ ਆਪ ਦੀ ਰਾਇ ਨੂੰ ਬੜੀ ਮਹਾਨਤਾ ਦਿਤੀ ਜਾਂਦੀ ਸੀ।

ਗੋਲ ਮੇਜ਼ ਕਾਨਫਰੰਸ ਵੇਲੇ ਜੋ ਗਲਬਾਤ ਹੋਈ, ਸਰਦਾਰ ਜੀ ਉਸ ਵਿਚ ਮੁਰਹੈਲੀ ਸਨ।

੧੯੪੬ ਵਿਚ ਸਰਕਾਰ ਅੰਗਰੇਜ਼ੀ ਦਾ ਕੈਬਨਿਟ ਮਿਸ਼ਨ ਆਇਆ। ਜਿਸ ਵਿਚ ਪੈਥਿਕ ਲਾਰੰਸ ਤੇ ਸਰ ਸਟੈਫਰਡ ਕ੍ਰਿਪਸ ਸ਼ਾਮਲ ਸਨ। ਉਸ ਮਿਸ਼ਨ ਦੇ ਸਾਹਮਣੇ ਸਿਖਾਂ ਵਲੋਂ ਜੋ ਲਿਖਤੀ ਮੈਮੋਰੰਡਮ ਦਿਤਾ ਗਿਆ, ਉਸ ਦੇ ਤਿਆਰ ਕਰਨ ਵਿਚ ਸ: ਭਾਗ ਸਿੰਘ ਦਾ ਬਹੁਤ ਹਿਸਾ ਸੀ।

ਆਪ ੧੯੪੭ ਵਿਚ ਰੈਡਕਲਿਫ ਕਮੀਸ਼ਨ ਦੇ ਸਾਹਮਣੇ ਸਿਖਾਂ ਦਾ ਕੇਸ ਤਿਆਰ ਕਰ ਕੇ ਪੇਸ਼ ਕਰਨ ਵਾਲਿਆਂ ਵਿਚੋਂ ਇਕ ਸਨ।

੧੯੪੭ ਵਿਚ ਪੰਜਾਬ ਵਿਚ ਮੁਸਲਿਮ ਲੀਗੀਆਂ ਨੇ ਜੋ



Digitized by Panjab Digital Library | www.panjabdigilib.org

ਗੜ ਬੜ ਕਰਨੀ ਚਾਹੀ, ਉਸ ਨੂੰ ਰੋਕਣ ਲਈ ਅਕਾਲੀ ਲੀਡਰਾਂ ਨੇ ਜੋ ਕੁਝ ਕੀਤਾ, ਉਸਵਿਚ ਸ: ਜੀ ਦਾ ਭਾਰੀ ਹਿਸਾ ਸੀ।

ਸ: ਭਾਗ ਸਿੰਘ ਬੜੇ ਕਾਬਲ ਵਕੀਲ ਸਨ। ਬਹੁਤ ਚੰਗੀ ਬਹਿਸ ਕਰਦੇ ਸਨ। ਜੱਜ, ਮਜਿਸਟਰੇਟ ਤੇ ਵਕੀਲ ਉਹਨਾਂ ਦਾ ਸਿੜ੍ਹਾ ਮੰਨਦੇ ਸਨ। ਇਕ ਵੇਰ ਬਟਾਲੇ ਦੇ ਇਕ ਕੇਸ ਵਿਚ ਸ: ਜੀ ਨੇ ਸੈਸ਼ਨ ਜੱਜ ਗੁਰਦਾਸ ਪੁਰ ਦੇ ਪੇਸ਼ ਹੋਣਾ ਸੀ। ਸੈਸ਼ਨ ਜੱਜ ਅੰਗਰੇਜ਼ ਸੀ। ਸ: ਜੀ ਨੇ ਉਸ ਨੂੰ ਕਿਹਾ—

'ਮੈਂ ਇਸ ਕੇਸ ਵਿਚ ਅਜ ਪੇਸ਼ ਨਹੀਂ ਹੋ ਸਕਦਾ।' ਸੈਸ਼ਨ ਜੱਜ ਨੇ ਬਿਨਾ ਕਾਰਵਾਈ ਦੇ ਕੇਸ ਦੀ ਤਾਰੀਖ਼ ਪਾ ਦਿਤੀ।

ਜ਼ਿਲਾ ਗੁਰਦਾਸ ਪੁਰ ਵਿਚੋਂ ਗੁਰਦਵਾਰਾ ਬੁਰਜ ਸਾਹਿਬ ਧਾਰੀਵਾਲ ਦੇ ਨਾਲ ਲਗਦੀ ਥਾਂ ਬਾਰੇ ਮੁਸਲਮਾਨਾਂ ਨੇ ਕੁਝ ਝਗੜਾ ਕੀਤਾ। ਸ: ਭਾਗ ਸਿੰਘ ਜੀ ਨੇ ਬੜੀ ਸਫਲਤਾ ਨਾਲ ਉਹ ਕੇਸ ਲੜਿਆ ਅਤੇ ਜਿੱਤ ਪ੍ਰਾਪਤ ਕੀਤੀ। ਕਾਂਦੀਆਂ ਵਿਚ ਮਿਰਜ਼ਈਆਂ ਨੇ ਬੁਚੜਖਾਨਾ ਬਣਾਇਆ। ਇਲਾਕੇ ਦੇ ਸਿੰਘਾਂ ਨੇ ਉਹ ਰਾਤੋ ਰਾਤ ਚੁਕ ਦਿਤਾ ਉਸ ਥਾਂ ਇਕ ਬੋਹੜ ਸੀ, ਉਥੇ ਗੁਦਵਾਰਾ ਬਣਾ ਕੇ ਦੀਵਾਨ ਕੀਤਾ। ਸ: ਭਾਗ ਸਿੰਘ ਤੇ ਹੋਰ ਕਈ ਮੁਖੀਆਂ ਦੇ ਨਾਲ ਲੇਖਕ ਵੀ ਉਸ ਦੀਵਾਨ ਵਿਚ ਤਕਰੀਰ ਕਰਨ ਵਾਲਿਆਂ ਵਿਚੋਂ ਸੀ।

ਸ: ਭਾਗ ਸਿੰਘ ਅਕਾਲੀ ਲਹਿਰ ਤੋਂ ਲੈ ਕੇ ਅੰਤਮ ਸੁਆਸਾਂ ਤੀਕ ਸ਼ਰੋਮਣੀ ਕਮੇਟੀ ਦੇ ਮੈਂਬਰ, ਸ੍ਰੀ ਗੁਰੂ ਸਿੰਘ ਸਭਾ ਗੁਰਦਾਸ ਪੁਰ ਤੇ ਬਾਰ ਐਸੋਸੀਏਸ਼ਨ ਦੇ ਕਈ ਸਾਲ ਪ੍ਰਧਾਨ ਰਹੇ। ਖਾਲਸਾ ਹਾਈ ਸਕੂਲ ਦੇ ਜਨਮ ਦਾਤਾ ਸਨ। ਸਿਖ ਨੈਸ਼ਨਲ ਕਾਲਜ ਕਾਦੀਆਂ ਦੀ ਕਮੇਟੀ ਦੇ ਸਕਤਰ ਸਨ।

੧੯੩੬ ਵਿਚ ਆਪ ਅਕਾਲੀ ਪਾਰਟੀ ਵਲੋਂ ਪੰਜਾਬ ਕੌਂਸਲ ਲਈ ਖੜੇ ਹੋਏ। ਪਰ ਸਫਲ ਨਹੀਂ ਹੋ ਸਕੇ। ਪੰਜਾਬੀ ਸੂਬੇ ਦੇ ਮੋਰਚੇ ਵਿਚ ਵੀ ਆਪ ਨੇ ਹਿਸਾ ਲਿਆ। ਆਪ ਦੇ ਭਰਾ


Digitized by Panjab Digital Library | www.panjabdigilib.org

ਭਾਈ ਚੰਗੀ ਪੋਜ਼ੀਸ਼ਨ ਦੇ ਹਨ । ਸ: ਜੀ ਦੇ ਇਕ ਲੜਕੇ ਸ: ਗੁਰਬਚਨ ਸਿੰਘ ਵਕੀਲ ਹਨ । ਉਹ ਬਟਾਲੇ ਵਿਚ ਪਰੈਕਟਸ ਕਰਦੇ ਹਨ ।

ਸ: ਭਾਗ ਸਿੰਘ ਜੀ ਗੁਰਸਿਖੀ ਪਰ ਅਤੁਟ ਸ਼ਰਧਾ ਰਖਦੇ ਸਨ । ਗੁਰਬਾਣੀ ਦੇ ਪਰੇਮੀ ਤੇ ਰਹਿਤ ਵਿਚ ਬੜੇ ਪਕੇ ਸਨ । ਇਕ ਚੰਗੇ ਗੁਰਸਿਖ ਹੋਣ ਦੇ ਨਾਲ ਚੋਟੀ ਦੇ ਦੇਸ਼ ਭਗਤ ਵੀ ਸਨ ।

੧੯੪੭ ਦੀ ਗੜਬੜ ਨੂੰ ਰੋਕਣ ਤੇ ਮੁਸਲਿਮ ਲੀਗੀਆਂ ਦਾ ਟਾਕਰਾ ਕਰਨ ਲਈ ਜੋ ਪੰਜਾਹ ਲਖੀ ਅਪੀਲ ਕੀਤੀ ਗਈ, ਉਸ ਰਕਮ ਨੂੰ ਵਰਤਣ ਵਾਲੇ ਮੁਖੀਆਂ ਚੋਂ ਇਕ ਸ: ਭਾਗ ਸਿੰਘ ਸਨ । ਆਪ ਨੇ ਜਨਤਕ ਫੰਡਾਂ ਨੂੰ ਬੜੀ ਦਿਆਨਤਦਾਰੀ ਨਾਲ ਵਰਤਿਆ । ਆਪਣੇ ਨਿਜੀ ਸੁਖ ਆਰਾਮ ਤੇ ਸ਼ੁਹਰਤ ਲਈ ਕਦੀ ਨਹੀਂ ਵਰਤਿਆ । ਜਿਸ ਕਰ ਕੇ ਆਪ ਮਾਸਟਰ ਤਾਰਾ ਸਿੰਘ ਤੇ ਸਾਰੇ ਅਕਾਲੀ ਲੀਡਰਾਂ ਦਾ ਵਿਸ਼ਵਾਸ ਪਾਤਰ ਸਨ ।

ਕੌਮੀ ਸੇਵਾ ਦਾ ਲੰਮਾ ਜੀਵਨ ਬਤੀਤ ਕਰਦੇ ਹੋਏ ਸਰਦਾਰ ਜੀ ੨੧ ਸਤੰਬਰ ੧੯੫੫ ਨੂੰ ਸੁਰਗਵਾਸ ਹੋਏ । ਆਪ ਦੀ ਦਿਆਨਤ ਦਾਰੀ, ਯੋਗਤਾ ਅਤੇ ਕੁਰਬਾਨੀ ਸਦਾ ਚੇਤੇ ਰਹੇਗੀ ।



Digitized by Panjab Digital Library | www.panjabdigilib.org

## ੧੯.

# ਭਾਈ ਅਮਰ ਸਿੰਘ ਵਾਸੂ

ਸਿੰਘ ਸਭਾ ਤੇ ਅਕਾਲੀ ਲਹਿਰ ਦੇ ਆਦਰਸ਼ਕ ਆਗੂ—

ਪਿਛਲੀ ਸਦੀ ਦੇ ਅੰਤ ਤੇ ਸਿੰਘ ਸਭਾ ਲਹਿਰ ਦੇ ਅਰੰਭ ਵਿਚ ਭਾਈ ਅਮਰ ਸਿੰਘ ਦਾ ਜਨਮ ਪੱਛਮੀ ਪੰਜਾਬ ਵਿਚ ਨਗਰ ਵਾਸੂ, ਜ਼ਿਲਾ ਗੁਜਰਾਤ ਵਿਚ ਗੁਰੂ ਘਰ ਦੇ ਪ੍ਰੀਤਵਾਨ ਭਾਈ ਲੱਧਾ ਰਾਮ ਦੇ ਘਰ ਸਨ ੧੮੮੪ ਵਿਚ ਮਾਤਾ ਲਛਮੀ ਦੇਵੀ ਤੋਂ ਹੋਇਆ।

ਭਾਈ ਸਾਹਿਬ ਬਚਪਨ ਵਿਚ ਸਹਿਜਧਾਰੀ ਸਨ। ਉਨ੍ਹਾਂ ਦਾ ਨਾਂ ਗੰਗਾ ਰਾਮ ਸੀ। ਆਪ ਨੇ ਆਰੰਭਕ ਤਾਲੀਮ ਆਪਣੇ ਨਗਰ ਵਿਚ ਪ੍ਰਾਪਤ ਕੀਤੀ। ਫਿਰ ਮਿਸ਼ਨ ਸਕੂਲ ਗੁਜਰਾਂਵਾਲੇ ਵਿਚ ਜਾਕੇ ਮੈਟਰਿਕ ਪਾਸ ਕੀਤੀ।

ਭਾਈ ਸਾਹਿਬ ਨੇ ਸਿੰਘ ਸਭਾ ਲਹਿਰ ਵਿਚ ਅੰਮ੍ਰਿਤ ਪਾਨ ਕੀਤਾ। ਗੰਗਾ ਰਾਮ ਤੋਂ ਅਮਰ ਸਿੰਘ ਸਜ ਗਏ। ਜਿਸ ਤਰ੍ਹਾਂ ਚੰਦਨ ਦੀ ਛੋਹ ਨਾਲ ਸਾਰਾ ਜੰਗਲ ਮਹਿਕ ਉਠਦਾ ਹੈ, ਇਸੇ ਤਰ੍ਹਾਂ ਭਾਈ ਅਮਰ ਸਿੰਘ ਜੀ ਦੇ ਸਿੰਘ ਸਜਣ ਦਾ ਪ੍ਰਭਾਵ ਸਾਰੇ ਖਾਨਦਾਨ, ਨਗਰ ਅਤੇ ਇਲਾਕੇ ਉਤੇ ਪਿਆ।

ਭਾਈ ਸਾਹਿਬ ਦੇ ਪਿਤਾ ਲੱਧਾ ਰਾਮ ਜੀ ਤੇ ਮਾਤਾ ਲਛਮੀ ਦੇਵੀ ਨੇ ਭਾਈ ਕਾਹਨ ਸਿੰਘ ਨਾਭਾ ਦੇ ਪਿਤਾ ਭਾਈ ਨਰਾਇਣ ਸਿੰਘ ਤੋਂ ਅੰਮ੍ਰਿਤਪਾਨ ਕੀਤਾ। ਲੱਧਾ ਰਾਮ ਜੀ ਦਾ ਨਾਂ ਰਾਮ



Digitized by Panjab Digital Library | www.panjabdigilib.org

ਸਿੰਘ ਅਤੇ ਲਛਮੀ ਦੇਵੀ ਦਾ ਨਾਂ ਲਛਮਨ ਕੌਰ ਰਖਿਆ ਗਿਆ।

ਭਾਈ ਅਮਰ ਸਿੰਘ ਦੇ ਵਡੇ ਭਰਾ ਆਤਮਾ ਰਾਮ ਛੋਟੇ ਭਰਾ ਬਿਸ਼ਨ ਦਾਸ ਤੇ ਸੁੰਦਰ ਦਾਸ ਵੀ ਅੰਮ੍ਰਿਤਪਾਨ ਕਰਕੇ ਸਿੰਘ ਸਜ ਗਏ।

ਭਾਈ ਲੱਧਾ ਰਾਮ ਦੇ ਛੋਟੇ ਭਾਈ ਸੁਦਾਗਰ ਮੱਲ ਵੀ ਅੰਮ੍ਰਿਤ ਛਕ ਕੇ ਸੁਦਾਗਰ ਸਿੰਘ ਹੋਏ। ਅਗੋਂ ਉਹਨਾਂ ਦੇ ਸਪੁਤਰ ਸ: ਜੁਆਲਾ ਸਿੰਘ: ਸ: ਜਗਤ ਸਿੰਘ ਤੇ ਸ: ਹਰਨਾਮ ਸਿੰਘ ਵਾਸੂ ਹੋਏ। ਇਸ ਤਰ੍ਹਾਂ ਸਾਰਾ ਪ੍ਰਵਾਰਹੀ ਸਿੰਘ ਸਜ ਗਿਆ।

ਭਾਈ ਅਮਰ ਸਿੰਘ ਜੀ ਨੇ ਮੈਟਰਿਕ ਪਾਸ ਕਰਨ ਦੇ ਉਪਰੰਤ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਉਚੀ ਵਿਦਿਆ ਪ੍ਰਾਪ੍ਰਤ ਕੀਤੀ। ਆਪ ਸਵਰਗਵਾਸੀ ਮਾਸਟਰ ਤਾਰਾ ਸਿੰਘ ਜੀ ਦੇ ਸਾਥੀ ਸਨ। ਸਿੰਘ ਸਭਾ ਲਹਿਰ ਸਮੇਂ ਖਾਲਸਾ ਕਾਲਜ ਵਿਚ ਪੜ੍ਹਾਈ ਸਮੇਂ ਜਿੰਨਾਂ ਨੌਜਵਾਨਾਂ ਨੇ ਕੌਮੀ ਸੇਵਾ ਦਾ ਪ੍ਰਣ ਕੀਤਾ ਅਤੇ ਉਸਨੂੰ ਨਿਬਾਹਿਆ ਹੈ, ਉਹਨਾਂ ਵਿਚੋਂ ਆਪ ਇਕ ਸਨ।

ਇਕ ਪੁਸਤਕ "ਭਾਈ ਕਰਮ ਸਿੰਘ ਦੀ ਇਤਿਹਾਸਕ ਖੋਜ" ਗਿਆਨੀ ਹੀਰਾ ਸਿੰਘ ਦਰਦ ਦੀ ਐਡਿਟ ਕੀਤੀ ਹੋਈ ਪ੍ਰਕਾਸ਼ਤ ਹੋਈ ਹੈ। ਉਸ ਦੇ ਸਫ਼ਾ ੧੧-੧੨ ਪਰ ਦਰਜ ਹੈ—

ਇਹ ਸਮਾਂ ਸਿੰਘ ਸਭਾ ਲਹਿਰ ਦੇ ਉਭਰਨ ਦਾ ਸੀ। ਨੌਜਵਾਨ ਸਿੱਖਾਂ ਵਿਚ ਧਰਮ ਅਤੇ ਸਿਖ ਇਤਿਹਾਸ ਦਾ ਪਰੇਮ ਹੁਲਾਰਾ ਮਾਰ ਰਿਹਾ ਸੀ। ਇਹਨਾਂ ਦਿਨਾਂ ਵਿਚ ਖਾਲਸਾ ਕਾਲਜ ਵਿਚ ਪਰੋਫੈਸਰ ਜੋਧ ਸਿੰਘ, ਭਾਈ ਕਰਮ ਸਿੰਘ ਹਿਸਟੋਰੀਅਨ, ਮਾਸਟਰ ਤਾਰਾ ਸਿੰਘ, ਸ: ਮਾਨ ਸਿੰਘ, ਸ: ਅਮਰ ਸਿੰਘ ਵਾਸੂ, ਮਾਸਟਰ ਈਸ਼ਰ ਸਿੰਘ ਢੋਟੀਆਂ, ਤਸੀਲ ਤਰਨ ਤਾਰਨ ਆਦਿਕ ਸਜਣ ਪੜ੍ਹਦੇ ਸਨ, ਜੋ ਪਿਛੋਂ ਪੰਥਕ ਸੇਵਾ ਦੇ ਕਈ ਕਾਰਜ ਖੇਤਰਾਂ ਵਿਚ ਪ੍ਰਸਿਧ ਹੋਏ। ਕਾਲਜ ਦੇ ਨੌਜਵਾਨ



Digitized by Panjab Digital Library | www.panjabdigilib.org

ਵਿਦਿਆਰਥੀਆਂ ਵਿਚ ਨਵੀਂ ਜਾਗਰਤੀ ਆ ਰਹੀ ਸੀ। ਉਹ ਪੰਥਕ ਸੇਵਾ ਕਰਕੇ ਵਿਖਾਉਣ ਦੇ ਚਾਹਵਾਨ ਸਨ। ਸ: ਅਮਰ ਸਿੰਘ, ਮਾਸਟਰ ਈਸ਼ਰ ਸਿੰਘ ਢੇਟੀਆਂ, ਸ: ਗੁਰਮੁਖ ਸਿੰਘ ਤੇ ਸ: ਕਰਮ ਸਿੰਘ ਹਿਸਟੋਰੀਅਨ ਖਾਸ ਕਰਕੇ ਜੋਟੀਦਾਰ ਸਨ। ਕਈ ਮਹਾਨ ਪੰਥਕ ਕਾਰਜ ਕਰਨ ਦੀ ਸੋਚਦੇ ਰਹਿੰਦੇ ਸਨ। ਇਕ ਦਿਨ ਚੌਹਾਂ ਮਿਤਰਾਂ ਨੇ ਬੈਠ ਕੇ ਸਲਾਹ ਕੀਤੀ ਕਿ ਆਪੋ ਆਪਣੇ ਲਈ ਵਖੋ ਵਖ ਕੰਮ ਚੁਣ ਮਿਥ ਕੇ ਪ੍ਰਣ ਕੀਤੇ ਜਾਣ ਕਿ ਅਸੀਂ ਇਹਨਾਂ ਕਾਰਜਾਂ ਨੂੰ ਸਿਰੇ ਚੜ੍ਹਾਣ ਲਈ ਆਪਣੇ ਜੀਵਨ ਅਰਪਨ ਕਰਾਂਗੇ।

ਮਾਸਟਰ ਤਾਰਾ ਸਿੰਘ ਨੇ ਵਿਦਿਅਕ ਸੇਵਾ ਕਰਨ ਦਾ ਪ੍ਰਣ ਕੀਤਾ।

ਭਾਈ ਕਰਮ ਸਿੰਘ ਨੇ ਕਿਹਾ, "ਮੈਂ ਸਿਖ ਇਤਿਹਾਸ ਦੀ ਵਿਗਿਆਨਕ ਢੰਗ ਨਾਲ ਖੋਜ ਕਰਾਂਗਾ ਅਤੇ ਸਿਖ ਇਤਿਹਾਸ ਨੂੰ ਲਿਖਾਂਗਾ। ਕਿਉਂਕਿ ਸਹੀ ਇਤਿਹਾਸ ਤੋਂ ਬਿਨਾਂ ਨਾਂ ਕੌਮਾਂ ਜ਼ਿੰਦਾ ਰਹਿ ਸਕਦੀਆਂ ਹਨ, ਨਾ ਅਗੇ ਵਧ ਸਕਦੀਆਂ ਹਨ।"

ਮਾਸਟਰ ਈਸ਼ਰ ਸਿੰਘ ਨੇ ਕਿਹਾ—"ਮੈਂ ਧਾਰਮਿਕ ਗਰੰਥਾਂ ਦਾ ਅਧੈਨ ਕਰਾਂਗਾ ਅਤੇ ਧਾਰਮਿਕ ਵਿਦਿਆਲਾ ਅਸਥਾਪਨ ਕਰਕੇ ਸਿਖ ਨੌਜਵਾਨਾਂ ਨੂੰ ਸਿਖ ਧਰਮ ਦੀ ਸਿਖਿਆ ਦੇ ਕੇ ਸਚੇ ਧਰਮੀ ਬਨਾਉਣ ਲਈ ਆਪਣਾ ਜੀਵਨ ਲਾਵਾਂਗਾ।

ਸ: ਅਮਰ ਸਿੰਘ ਵਾਸੂ ਨੇ ਕਿਹਾ ਕਿ ਮੈਂ ਅਖਬਾਰ ਨਵੀਸ ਅਤੇ ਲੇਖਕ ਬਣਾਂਗਾ। ਸੰਪਾਦਕ ਅਤੇ ਸਾਹਿਤਕਾਰ ਬਣਨ ਲਈ ਵਧ ਤੋਂ ਵਧ ਸਿਖਿਆ ਪ੍ਰਾਪਤ ਕਰਕੇ ਪੰਜਾਬੀ ਦੀ ਅਤੇ ਸਿਖ ਪੰਥ ਦੀ ਸੇਵਾ ਕਰਾਂਗਾ।

ਇਸ ਤੋਂ ਪਾਠਕ ਅਨੁਮਾਨ ਲਾ ਸਕਦੇ ਹਨ ਕਿ ਸਿੰਘ ਸਭਾ ਲਹਿਰ ਵਿਚ ਕਿਤਨੇ ਉਤਸ਼ਾਹੀ ਨੌਜਵਾਨ ਪੈਦਾ ਹੋਏ, ਜਿੰਨਾ ਨੇ ਆਪਣੇ ਜੀਵਨ ਸੇਵਾ ਲਈ ਸਮਰਪਣ ਕਰਨ ਦਾ ਪ੍ਰਣ ਕੀਤਾ।



Digitized by Panjab Digital Library | www.panjabdigilib.org

ਅਤੇ ਉਸ ਨੂੰ ਨਿਬਾਹ ਦਿਤਾ। ਉਸ ਲਹਿਰ ਦਾ ਸਦਕਾ ਗੁਰਦਵਾਰਾ ਸੁਧਾਰ ਲਹਿਰ ਜਾਰੀ ਹੋਈ। ਜਿਸ ਵਿਚ ਸਿਖ ਪੰਥ ਨੇ ਸ਼ਾਨਦਾਰ ਕੁਰਬਾਨੀ ਕੀਤੀ।

ਭਾਈ ਅਮਰ ਸਿੰਘ ਵਾਸੂ ਖਾਲਸਾ ਕਾਲਜ ਵਿਚੋਂ ਉਚੀ ਵਿਦਿਆ ਪ੍ਰਾਪਤ ਕਰਨ ਦੇ ਉਪਰੰਤ ਆਪਣੇ ਕੀਤੇ ਹੋਏ ਪ੍ਰਣ ਅਨੁਸਾਰ ੧੯੦੬ ਵਿਚ ਸਾਹਿਤਕਾਰੀ ਅਤੇ ਪਤਰਕਾਰੀ ਦਾ ਕੋਰਸ ਪਾਸ ਕਰਨ ਲਈ ਅਮਰੀਕਾ ਗਏ। ਉਹਨਾਂ ਨੇ ਜਰਨ-ਲਿਜ਼ਮ ਦਾ ਕੋਰਸ ਪਾਸ ਕੀਤਾ। ਕੌਮ ਅਤੇ ਦੇਸ ਦੀ ਸੇਵਾ ਨੂੰ ਮੁਖ ਰਖ ਕੇ ਰੋਜ਼ੀ ਲਈ ਅਮਰੀਕਾ ਵਿਚ ਰਿਹਾਇਸ਼ ਨਹੀਂ ਕੀਤੀ। ੧੯੦੮ ਵਿਚ ਵਾਪਸ ਦੇਸ਼ ਵਿਚ ਮੁੜ ਆਏ। 'ਖਾਲਸਾ ਐਡਵੋਕੇਟ' ਦੇ ਐਡੀਟਰ ਬਣੇ। ਆਪ ਨੇ ਕਈ ਸਾਲ ਪਤਰਕਾਰੀ ਦੀ ਸ਼ਾਨਦਾਰ ਸੇਵਾ ਕੀਤੀ।

ਭਾਈ ਸਾਹਿਬ ਨੇ ਐਡੀਟਰੀ ਕਰਨ ਦੇ ਨਾਲ ਸਿੰਘ ਸਭਾ ਲਹਿਰ ਵਿਚ ਵਧ ਚੜ੍ਹ ਕੇ ਸੇਵਾ ਕੀਤੀ। ਵਿਦਿਅਕ ਪ੍ਰਚਾਰ ਕੇ ਸਮਾਜਕ ਸੁਧਾਰ ਕੀਤਾ। ਸਿੰਘ ਸਭਾ ਵਿਚ ਜਾਤ ਪਾਤ ਦਾ ਖੰਡਨ ਕੀਤਾ ਜਾਂਦਾ ਸੀ, ਇਸ ਲਈ ਭਾਈ ਅਮਰ ਸਿੰਘ ਜੀ ਨੇ ਆਪਣੇ ਨਾਂ ਨਾਲ ਜਾਤ ਬ੍ਰਾਦਰੀ ਦਾ ਨਾਂ ਨਹੀਂ ਬਲਕਿ ਨਗਰ ਦਾ ਨਾਂ ਵਾਸੂ ਵਰਤਿਆ। ਉਹ ਭਾਈ ਅਮਰ ਸਿੰਘ ਵਾਸੂ ਦੇ ਨਾਂ ਪਰ ਪ੍ਰਸਿਧ ਹੋਏ।

ਉਹਨਾਂ ਨੇ ਜਾਤ ਬ੍ਰਾਦਰੀ ਤੋੜ ਕੇ ਭਾਈ ਨਰਾਇਣ ਸਿੰਘ ਪਿੰਡ ਘੜੂੰਆਂ (ਪਟਿਆਲਾ) ਸੇਵਕ ਸੈਂਟ੍ਰਲ ਯਤੀਮ ਖਾਨਾ ਅੰਮ੍ਰਿਤਸਰ ਦੀ ਸਪੁਤਰੀ ਰਾਮ ਕੌਰ ਨਾਲ ਸ਼ਾਦੀ ਕੀਤੀ। ਭਾਈ ਸਾਹਿਬ ਗਰੈਜੂਏਟ ਸਨ। ਉਹਨਾਂ ਦੀ ਪਤਨੀ ਬੀਬੀ ਰਾਮ ਕੌਰ ਮਿਡਲ ਪਾਸ ਸੀ। ਉਦੋਂ ਲੋਕੀਂ ਲੜਕੀਆਂ ਨੂੰ ਪੜ੍ਹਾਉਣਾ ਪਾਪ ਸਮਝਦੇ ਸਨ। ਦੋਵੇਂ ਜੀਅ ਬੜੇ ਗੁਰਸਿਖੀ ਜੀਵਨ ਵਾਲੇ ਰਹਿਤਵਾਨ ਤੇ ਸੁਧਾਰਕ ਵਿਚਾਰਾਂ ਦੇ ਸਨ ਇਸ ਲਈ ਇਲਾਕੇ



Digitized by Panjab Digital Library | www.panjabdigilib.org

ਦੇ ਲੋਕ ਉਹਨਾਂ ਨੂੰ ਵੇਖਣ ਲਈ ਆਉਂਦੇ ਸਨ।

ਪਿਛੇ ਦਸ ਆਏ ਹਾਂ ਕਿ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਪੜ੍ਹਾਈ ਕਰਨ ਸਮੇਂ ਭਾਈ ਕਰਮ ਸਿੰਘ ਹਿਸਟੋਰੀਅਨ, ਮਾਸਟਰ ਤਾਰਾ ਸਿੰਘ ਤੇ ਭਾਈ ਅਮਰ ਸਿੰਘ ਦੀ ਬੜੀ ਗੂਹੜੀ ਮਿਤਰਤਾ ਸੀ।

ਕਈ ਸਾਲ 'ਖਾਲਸਾ ਐਡਵੋਕੇਟ' ਦੀ ਐਡੀਟਰੀ ਕਰਨ ਉਪਰੰਤ ਭਾਈ ਅਮਰ ਸਿੰਘ ਵਾਸੂ ਤੇ ਸ: ਕਰਮ ਸਿੰਘ ਨੇ ਸਰਗੋਧੇ ਵਿਚ ਰਿਹਾਇਸ਼ ਕਰ ਲਈ। ਉਥੇ ਜੀਵਨ ਨਿਰਬਾਹ ਲਈ ਇਕ ਸੰਨਿਆਸੀ ਆਸ਼ਰਮ ਜਾਰੀ ਕੀਤਾ। ਜਿਸ ਵਿਚ ਕਈ ਕਿਸਮ ਦੀਆਂ ਦੁਆਈਆਂ ਤਿਆਰ ਕਰਦੇ ਸਨ। ਭਾਈ ਸਾਹਿਬ ਦਾ ਛੋਟਾ ਭਰਾ ਸੁੰਦਰ ਸਿੰਘ ਵੀ ਉਹਨਾਂ ਨਾਲ ਕੰਮ ਕਰਦਾ ਸੀ। ਪਲੇਗ ਨਾਲ ਉਸ ਦਾ ਦੇਹਾਂਤ ਹੋ ਗਿਆ। ਇਸ ਲਈ ਸੰਨਿਆਸੀ ਆਸ਼ਰਮ ਸਰਗੋਧੇ ਤੋਂ ਵਾਸੂ ਵਿਚ ਮੁੰਤਕਿਲ ਕੀਤਾ ਗਿਆ।

ਭਾਈ ਅਮਰ ਸਿੰਘ ਜੀ ਨੇ ਖਾਲਸਾ ਐਡਵੋਕੇਟ ਐਡਿਟ ਕਰਨ ਤੋਂ ਬਿਨਾਂ ਗਿਆਨੀ ਦਿਤ ਸਿੰਘ ਲਿਖਤ "ਮੇਰਾ ਤੇ ਸਾਧੂ ਦਿਆ ਨੰਦ ਦਾ ਸੰਬਾਦ" ਗੁਰਮਤਿ ਏਜੰਸੀ ਦੇ ਨਾਂ ਪਰ ਪ੍ਰਕਾਸ਼ਤ ਕੀਤਾ। ਉਹ ਅੰਗਰੇਜ਼ੀ ਦੇ ਬਹੁਤ ਚੰਗੇ ਲਿਖਾਰੀ ਸਨ। ਭਾਈ ਕਰਮ ਸਿੰਘ ਨਾਲ ਮਿਲ ਕੇ ਗੁਰੂ ਅੰਗਦ ਦੇਵ ਜੀ ਦੀ ਜੀਵਨੀ ਪ੍ਰਕਾਸ਼ਤ ਕੀਤੀ।

ਭਾਈ ਅਮਰ ਸਿੰਘ ਜੀ ਦੇ ਉਦਮ ਅਤੇ ਜਤਨ ਨਾਲ ਸਿੰਘ ਸਭਾ ਲਹਿਰ ਸਮੇਂ ਜ਼ਿਲਾ ਗੁਜਰਾਤ ਵਿਚ ਖਾਲਸਾ ਦੀਵਾਨ ਫਾਲੀਆ ਕਾਇਮ ਕੀਤਾ ਗਿਆ। ਉਸ ਦੇ ਪ੍ਰਧਾਨ ਸ: ਸੁੰਦਰ ਸਿੰਘ ਮਾਝੀ ਤੇ ਸਕਤਰ ਸ: ਜਵਾਲਾ ਸਿੰਘ ਵਾਸੂ, ਸ: ਮੋਹਨ ਸਿੰਘ ਆਹਲਾ ਤੇ ਸ: ਪ੍ਰਧਾਨ ਸਿੰਘ ਬੋਹਥ (ਇੰਦੌਰ) ਵਾਲੇ ਮੁਖੀ ਸਨ।



Digitized by Panjab Digital Library | www.panjabdigilib.org

ਖਾਲਸਾ ਦੀਵਾਨ ਫਾਲੀਆ ਨੇ ਇਲਾਕੇ ਦੇ ਪਿੰਡਾਂ ਵਿਚ ਦੀਵਾਨ ਕਰ ਕੇ ਬੜਾ ਪ੍ਰਚਾਰ ਕੀਤਾ। ਹਜ਼ਾਰਾਂ ਪ੍ਰੇਮੀਆਂ ਨੂੰ ਅੰਮ੍ਰਿਤ ਛਕਾਕੇ ਸਿੰਘ ਸਜਾਇਆ। ਕਈ ਧਾਰਮਿਕ ਤੇ ਸਮਾਜਕ ਕੁਰੀਤੀਆਂ ਦੂਰ ਕੀਤੀਆਂ।

੧੯੨੧ ਵਿਚ ਖਾਲਸਾ ਹਾਈ ਸਕੂਲ ਮੰਡੀ ਬਹਾਉਦੀਨ ਕਾਇਮ ਕੀਤਾ, ਜੋ ਸਾਰੇ ਜ਼ਿਲੇ ਵਿਚ ਇਕ ਕਾਮਯਾਬ ਸਕੂਲ ਬਣ ਗਿਆ।

ਉਸੇ ਸਾਲ ਫਰਵਰੀ ਵਿਚ ਸ੍ਰੀ ਨਨਕਾਣੇ ਸਾਹਿਬ ਦਾ ਸਾਕਾ ਹੋਇਆ। ਭਾਈ ਅਮਰ ਸਿੰਘ ਉਥੇ ਪੁਜੇ। ਸ਼ਰੋਮਣੀ ਕਮੇਟੀ ਨੇ ਉਹਨਾਂ ਨੂੰ ਦਫਤਰ ਦਾ ਇੰਚਾਰਜ ਨੀਯਤ ਕੀਤਾ। ਭਾਈ ਸਾਹਿਬ ਨੇ ਬੜੀ ਮਿਹਨਤ, ਸਿਆਣਪ ਅਤੇ ਦਿਆਨਤਦਾਰੀ ਨਾਲ ਨਨਕਾਣੇ ਸਾਹਿਬ ਦੇ ਦਫਤਰ ਦੀ ਵਿਉਂਤ ਬੰਦੀ ਕੀਤੀ ਅਤੇ ਬੜੇ ਸੰਕਟ ਦੇ ਸਮੇਂ ਸੇਵਾ ਕੀਤੀ। ਇਸ ਸਮੇਂ ਵਿਚ ਉਹਨਾਂ ਦੀ ਲੜਕੀ ਆਗਿਆ ਕੌਰ ਸ੍ਰੀ ਨਨਕਾਣੇ ਸਾਹਿਬ ਦੇ ਸਰੋਵਰ ਵਿਚ ਡੁਬ ਕੇ ਗੁਜ਼ਰ ਗਈ। ਭਾਈ ਸਾਹਿਬ ਨੇ ਅਕਾਲ ਪੁਰਖ ਦੇ ਭਾਣੇ ਵਿਚ ਰਾਜ਼ੀ ਰਹਿਕੇ ਆਪਣੀ ਬੱਚੀ ਦਾ ਅੰਤਮ ਸੰਸਕਾਰ ਕੀਤਾ। ਉਹ ਦ੍ਰਿਸ਼ ਲੇਖਕ ਨੇ ਆਪ ਅੱਖੀਂ ਵੇਖਿਆ ਹੈ।

ਅਗਸਤ ੧੯੨੨ ਵਿਚ ਜਦ ਗੁਰੂ ਕੇ ਬਾਗ ਦਾ ਮੋਰਚਾ ਸ਼ੁਰੂ ਹੋਇਆ, ਉਸ ਵਕਤ ਭਾਈ ਅਮਰ ਸਿੰਘ ਜੀ ਨੂੰ ਸ੍ਰੀ ਨਨਕਾਣੇ ਸਾਹਿਬ ਤੋਂ ਅੰਮ੍ਰਿਤਸਰ ਲਿਆਂਦਾ ਗਿਆ। ਉਹ ਸ਼ਰੋਮਣੀ ਕਮੇਟੀ ਦੇ ਦਫਤਰ ਵਿਚ ਜਥੇ ਭੇਜਣ ਅਤੇ ਬੁਲੇਟੀਨ ਜਾਰੀ ਕਰਨ ਦੀ ਸੇਵਾ ਕਰਦੇ ਸਨ। ਦਿਨ ਰਾਤ ਸਖਤ ਮੇਹਨਤ ਕਰਨ ਦੇ ਕਾਰਨ ਉਹਨਾਂ ਨੂੰ ਤਪਦਿਕ ਹੋ ਗਿਆ। ਪਰ ਬੀਮਾਰੀ ਦੇ ਦੌਰਾਨ ਵੀ ਉਹਨਾਂ ਨੇ ਸੇਵਾ ਜਾਰੀ ਰਖੀ। ਸਾਰੇ ਅਕਾਲੀ ਲੀਡਰ ਉਹਨਾਂ ਦੀ ਯੋਗਤਾ, ਦਿਆਨਤਦਾਰੀ ਤੇ ਕੰਮਦਾ ਸਤਿਕਾਰ ਕਰਦੇ ਸਨ।



Digitized by Panjab Digital Library | www.panjabdigilib.org

ਸਨ ੧੯੨੫ ਵਿਚ ਜੈਤੋ ਦੇ ਮੋਰਚੇ ਬਾਹਦ ਗੁਰਦਵਾਰਾ ਐਕਟ ਬਣਿਆ। ਅਕਾਲੀ ਲਹਿਰ ਦਾ ਅੰਤ ਹੋ ਗਿਆ। ਪਰ ਉਸ ਵਿਚ ਭਾਈ ਅਮਰ ਸਿੰਘ ਨੇ ਜੋ ਨਿਗਰ ਸੇਵਾ ਕੀਤੀ ਹੈ, ਉਹ ਕਦੀ ਭੁਲਾਈ ਨਹੀਂ ਜਾ ਸਕਦੀ।

ਭਾਈ ਅਮਰ ਸਿੰਘ ਨੂੰ ਗੀਹੜ ਦੀ ਹਡੀ ਦਾ ਤਪਦਿਕ ਸੀ। ਉਹਨਾਂ ਨੂੰ ੧੯੨੭ ਦੀਆਂ ਗੁਰਦਵਾਰਾ ਚੋਣਾਂ ਵਿਚ ਅਕਾਲੀ ਪਾਰਟੀ ਵਲੋਂ ਖੜਾ ਕੀਤਾ ਗਿਆ। ਮੰਜੀ ਤੇ ਬੀਮਾਰ ਪਿਆਂ ਤਸੀਲ ਫਾਲੀਆ ਦੀਆਂ ਸੰਗਤਾਂ ਨੇ ਉਹਨਾਂ ਨੂੰ ਵੋਟ ਪਾਕੇ ਸ਼ਰੋਮਣੀ ਕਮੇਟੀ ਦਾ ਮੈਂਬਰ ਚੁਣ ਦਿਤਾ।

ਗੁਰਦਵਾਰਾ ਐਕਟ ੧੯੨੫ ਅਨੁਸਾਰ ਬਣੀ ਹੋਈ ਪਹਿਲੀ ਸ਼ਰੋਮਣੀ ਦੀ ਪਹਿਲੀ ਮੀਟਿੰਗ ਵਿਚ ਉਹਨਾਂ ਨੂੰ ਸਟਰੇਚਰ ਉਤੇ ਪਾਕੇ ਲਿਆਂਦਾ ਗਿਆ। ਉਹਨਾਂ ਨੇ ਵੋਟ ਪਾਈ। ਉਹ ੧੯੨੭ ਤੋਂ ੧੯੩੦ ਤਕ ਸ਼ਰੋਮਣੀ ਕਮੇਟੀ ਦੇ ਮੈਂਬਰ ਰਹੇ।

ਭਾਈ ਸਾਹਿਬ ਦੇ ਪ੍ਰਭਾਵ ਕਰਕੇ ਉਹਨਾਂ ਦੇ ਚਾਚੇ ਦੇ ਪੁਤ ਭਰਾ ਸ: ਜਗਤ ਸਿੰਘ ਵਾਸੂ ਚਾਰ ਵੇਰ ਸ਼ਰੋਮਣੀ ਕਮੇਟੀ ਦੇ ਮੈਂਬਰ ਬਣੇ। ਗੁਰਦਵਾਰਾ ਕਮੇਟੀ ਕੇਰ ਬਾਵਾ ਦੇ ਪ੍ਰਧਾਨ ਵੀ ਰਹੇ।

ਭਾਈ ਸਾਹਿਬ ਨੇ ਸਾਰੇ ਪ੍ਰਵਾਰ ਨੂੰ ਉਜਾਗਰ ਕੀਤਾ। ਇਸ ਵਕਤ ਉਹਨਾਂ ਦੇ ਪ੍ਰੀਵਾਰ ਵਿਚ ਪੰਜ ਐਡਵੋਕੇਟ ਹਨ।

ਸ: ਹਰਨਾਮ ਸਿੰਘ ਵਾਸੂ ਐਡਵੋਕੇਟ ਸ਼ਰੋਮਣੀ ਕਮੇਟੀ ਦੇ ਵਕੀਲ ਤੇ ਗੁਰਦਵਾਰਾ ਜੁਡੀਸ਼ਲ ਕਮੀਸ਼ਨ ਦੇ ਜੱਜ ਰਹੇ ਹਨ। ਅਜ ਕਲ੍ਹ ਚੰਡੀਗੜ੍ਹ ਹਾਈਕੋਰਟ ਵਿਚ ਪ੍ਰੈਕਟਸ ਕਰਦੇ ਹਨ। ਹੇਮ ਕੁੰਟ ਮਿਸ਼ਨ ਦੇ ਪ੍ਰਮੁਖ ਹਨ। ਵਾਸੂ ਪ੍ਰਵਾਰ ਵਿਚੋਂ ਸ: ਜੋਗਿੰਦਰ ਸਿੰਘ ਪੰਜਾਬ ਦੇ ਐਡਵੋਕੇਟ ਜਨਰਲ ਹਨ। ਸ: ਜਗਤ ਸਿੰਘ ਵਾਸੂ ਦੇ ਲੜਕੇ ਸ. ਉਜਾਗਰ ਸਿੰਘ ਸਾਗਰ (ਮੱਧ ਪ੍ਰਦੇਸ) ਵਿਚ ਵਕਾਲਤ ਕਰਦੇ ਹਨ।



Digitized by Panjab Digital Library | www.panjabdigilib.org

ਭਾਈ ਅਮਰ ਸਿੰਘ ਜੀ ਦੇ ਤਿੰਨ ਪੁਤਰ ਹੋਏ–

ਸ: ਰਘਬੀਰ ਸਿੰਘ ਜਸਬੀਰ ਸਿੰਘ ਤੇ ਠਾਕਰ ਬੀਰ ਸਿੰਘ ੧੯੪੭ ਦੀ ਵੰਡ ਦੇ ਬਾਹਦ ਸ: ਰਘਬੀਰ ਸਿੰਘ ਡੇਹਰਾਦੂਨ ਵਿਚ ਰਹਿੰਦੇ ਸਨ।

ਉਹ ਸਿੰਘ ਸਭਾ ਤੇਗੁਰਦਵਾਰਾ ਪੌਂਟਾ ਸਾਹਿਬ ਦੇ ਸਕਤਰਵੀ ਸਨ। ਥੋੜਾ ਚਿਰ ਹੋਇਆ ਅਕਾਲ ਚਲਾਣਾ ਕਰ ਗਏ ਹਨ। ਸ: ਠਾਕਰ ਬੀਰ ਸਿੰਘ ਡੇਹਰਾਦੂਨ ਵਿਚ ਰਹਿੰਦੇ ਸਨ।

ਭਾਈ ਅਮਰ ਸਿੰਘ ਜੀ ਆਪਣੀ ਜੀਵਨ ਯਾਤਰਾ ਸਫ਼ਲ ਕਰਦੇ ਹੋਏ ਲੰਮੀ ਬੀਮਾਰੀ ਦੇ ਬਾਹਦ ੨੭ ਜੂਨ ੧੯੩੨ ਨੂੰ ਗੁਰੂ ਚਰਨਾਂ ਵਿਚ ਜਾ ਬਿਰਾਜੇ। ਉਹਨਾਂ ਨੇ ਅਕਾਲੀ ਲਹਿਰ ਵਿਚ ਜੋ ਨਿਸ਼ਕਾਮ ਅਤੇ ਅਤੁਟ ਸੇਵਾ ਕੀਤੀ ਹੈ, ਆਪਣੀ ਪਵਿਤਰ ਜੀਵਨ ਛੋਹ ਨਾਲ ਸਾਰੇ ਪ੍ਰਵਾਰ ਅਤੇ ਸੈਂਕੜੇ ਮਨੁਖਾਂ ਨੂੰ ਗੁਰਸਿਖੀ ਨਾਲ ਜੋੜਿਆ ਹੈ, ਉਹ ਸੇਵਾ ਇਤਿਹਾਸ ਵਿਚ ਸੁਨਹਿਰੀ ਅਖਰਾਂ ਵਿਚ ਲਿਖੀ ਜਾਵੇਗੀ ਅਤੇ ਸਦੀਵ ਚਮਕਦੀ ਰਹੇਗੀ।



Digitized by Panjab Digital Library | www.panjabdigilib.org

## ੧੭.

# ਜ: ਮੋਹਨ ਸਿੰਘ ਨਾਗੋਕੇ

### ਇਕ ਦੂਰ ਅੰਦੇਸ਼ ਤੇ ਨਿਗਰ ਕੰਮ ਕਰਨ ਵਾਲਾ ਸੇਵਕ

ਜਥੇਦਾਰ ਮੋਹਨ ਸਿੰਘ ਨਾਗੋਕੇ ਗੁਰਮੁਖ ਸਿਖ, ਦੇਸ਼ ਭਗਤ, ਉਜਲ ਦੀਦਾਰੀ, ਦੂਰ ਅੰਦੇਸ਼ ਅਕਾਲੀ ਲਹਿਰ ਵਿਚ ਕੁਰਬਾਨੀ ਕਰਨ ਵਾਲੇ ਅਤੇ ਉਸ ਦੇ ਬਾਹਦ ਗੁਰਦਵਾਰਾ ਸਰਵਿਸ ਵਿਚ ਨਿਗਰ ਕੰਮ ਕਰਨ ਵਾਲੇ ਸੇਵਕ ਸਨ। ਆਪ ਜੀਵਨ ਦੇ ਸੰਜਮੀ ਸ਼ਰੇਸ਼ਟਾਦਾਰੀ ਸਾਥੀਆਂ ਦੇ ਵਫਾਦਾਰ, ਸੂਝਵਾਨ ਰਾਜਨੀਤਕ ਆਗੂ ਤੇ ਬਹੁਤ ਚੰਗੇ ਪ੍ਰਬੰਧਕ ਸਨ। ਕੌਮ ਤੇ ਦੇਸ਼ ਦੀ ਸਮਸਿਆਵਾਂ ਬਾਰੇ ਸੋਚਦੇ ਅਤੇ ਉਹਨਾਂ ਦਾ ਹਲ ਲਭਦੇ ਸਨ।

ਆਪ ਨੇ ਆਰੰਭਕ ਜੀਵਨ ਵਿਚ ਪਹਿਲੇ ਸਰਕਾਰੀ ਨੌਕਰੀ ਕੀਤੀ, ਫਿਰ ਅਕਾਲੀ ਲਹਿਰ ਵਿਚ ਸ਼ਾਮਲ ਹੋਏ। ਜੈਤੋ ਦੇ ਪਹਿਲੇ ਸ਼ਹੀਦੀ ਜਥੇ ਨਾਲ ਜਾਕੇ ਗੋਲੀਆਂ ਖਾਣ ਵਾਲਿਆਂ ਚੋਂ ਸਨ। ਉਸਦੇ ਬਾਹਦ ਲੰਮੀ ਗੁਰਦਵਾਰਾ ਸਰਵਿਸ ਕੀਤੀ। ਕਈ ਸਾਲ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਰਹਿ ਕੇ ਆਪ ਨੇ ਕਈ ਬੜੇ ਨਿਗਰ ਕੰਮ ਕੀਤੇ ਹਨ।

੧੯੫੨ ਤੋਂ ਪੰਜਾਬ ਅਸੈਂਬਲੀ ਤੇ ਸਬਾਰਡੀਨੇਟ ਸਰਵਿਸ ਕਮਿਸ਼ਨ ਦੇ ਮੈਂਬਰ ਰਹਿ ਕੇ ਸ਼ਾਨਦਾਰ ਲੋਕ ਸੇਵਾ ਕੀਤੀ ਹੈ।

ਜਥੇਦਾਰ ਮੋਹਨ ਸਿੰਘ ਦਾ ਜਨਮ ਜਨਵਰੀ ਸਨ ੧੮੯੮ ਵਿਚ ਨਗਰ ਨਾਗੋਕੇ ਜ਼ਿਲਾ ਅੰਮ੍ਰਿਤਸਰ ਵਿਚ ਇਕ ਚੰਗੇ ਜ਼ਿਮੀਦਾਰ ਪ੍ਰਵਾਰ ਵਿਚ ਸ: ਟਹਿਲ ਸਿੰਘ ਦੇ ਘਰ ਮਾਤਾ ਗੰਗਾ



Digitized by Panjab Digital Library | www.panjabdigilib.org

ਦੇਵੀ ਤੋਂ ਹੋਇਆ। ਆਪ ਦੇ ਦੋ ਛੋਟੇ ਭਰਾ ਵੀ ਸਨ:–ਸ: ਜੋਗਿੰਦਰ ਸਿੰਘ ਅਤੇ ਸ: ਵਰਿਆਮ ਸਿੰਘ। ਕੁਲਦੀਪਕ ਹੋਣ ਦਾ ਮਾਣ ਆਪ ਨੂੰ ਪ੍ਰਾਪਤ ਹੋਇਆ। ਆਪ ਦੇ ਪਿਤਾ ਆਪਣੇ ਨਗਰ ਤੇ ਇਲਾਕੇ ਵਿਚ ਚੰਗਾ ਮਾਣ ਸਤਕਾਰ ਰਖਣ ਵਾਲੇ ਸਨ।

ਵਿਦਿਆ–

ਜਥੇਦਾਰ ਜੀ ਨੇ ਪ੍ਰਾਇਮਰੀ ਤਕ ਆਰੰਭਕ ਵਿਦਿਆ ਖਡੂਰ ਸਾਹਿਬ ਦੇ ਸਕੂਲ ਵਿਚ ਪ੍ਰਾਪਤ ਕੀਤੀ। ਉਸ ਵਕਤ ਇਲਾਕੇ ਵਿਚ ਕੋਈ ਹਾਈ ਸਕੂਲ ਨਹੀਂ ਸੀ। ਇਸ ਲਈ ਮਾਤਾ ਪਿਤਾ ਨੇ ਆਪ ਨੂੰ ਗੁਰੂ ਤੇਗ ਬਹਾਦਰ ਹਾਈ ਸਕੂਲ ਬਾਬੇ ਬਕਾਲੇ ਵਿਚ ਪੜ੍ਹਨ ਲਈ ਭੇਜਿਆ। ਉਥੇ ਆਪ ਨੇ ੧੯੧੫ ਵਿਚ ਅਠਵੀਂ ਜਮਾਤ ਪਾਸ ਕੀਤੀ। ਉਸ ਤੋਂ ਬਾਹਦ ੧੯੧੮ ਵਿਚ ਕਾਲਜੀਏਟ ਹਾਈ ਸਕੂਲ ਅੰਮ੍ਰਿਤਸਰ ਚੋਂ ਦਸਵੀਂ ਜਮਾਤ ਪਾਸ ਕੀਤੀ। ਆਪ ਸ: ਪ੍ਰਤਾਪ ਸਿੰਘ ਕੈਰੋਂ ਦੇ ਸਹਿਪਾਠੀ ਸਨ।

ਸਰਕਾਰੀ ਨੌਕਰੀ ਵਿਚ–

ਦਸਵੀਂ ਜਮਾਤ ਪਾਸ ਕਰਨ ਦੇ ਬਾਅਦ ਜੂਨ ੧੯੧੮ ਵਿਚ ਆਪ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਦੇ ਦਫਤਰ ਵਿਚ ਕਲਰਕ (ਮੁਹੱਰਰ) ਲਗ ਗਏ। ਉਸ ਤੋਂ ਬਾਹਦ ਛੇਤੀ ਹੀ ੧੯੧੯ ਵਿਚ ਜਲਿਆਂ ਵਾਲੇ ਬਾਗ ਦਾ ਸਾਕਾ ਹੋਇਆ। ਦੇਸ਼ ਵਿਚ ਆਜ਼ਾਦੀ ਦੀ ਲਹਿਰ ਤੇ ਪੰਜਾਬ ਵਿਚ ਗੁਰਦਵਾਰਾ ਸੁਧਾਰ ਲਹਿਰ ਚਲ ਪਈ।

ਜ: ਊਧਮ ਸਿੰਘ ਨਾਗੋਕੇ ਉਸ ਲਹਿਰ ਦੇ ਪ੍ਰਭਾਵਸ਼ਾਲੀ ਪ੍ਰਚਾਰਕ ਸਨ। ਉਹਨਾਂ ਨੇ ਖਡੂਰ ਸਾਹਿਬ ਤੇ ਨਾਗੋਕੇ ਵਿਚ ਦੀਵਾਨ ਕੀਤੇ।



Digitized by Panjab Digital Library | www.panjabdigilib.org

ਸਰਕਾਰ ਅੰਗਰੇਜ਼ੀ ਨੇ ਨਾਗੋਕੇ ਵਿਚ ਪੁਲੀਸ ਚੌਕੀ ਬਿਠਾ ਦਿਤੀ।

ਜੈਤੋ ਦੇ ਮੋਰਚੇ ਵਿਚ –

ਜਥੇਦਾਰ ਮੋਹਨ ਸਿੰਘ ਜੀ ਉਸ ਪ੍ਰਚਾਰ ਤੋਂ ਪ੍ਰਭਾਵਤ ਹੋਕੇ ਸਰਕਾਰੀ ਨੌਕਰੀ ਵਿਚ ਹੁੰਦਿਆਂ ਅਕਾਲੀ ਬਣ ਗਏ। ਆਪ ਨੇ ਕਿਰਪਾਨ ਤੇ ਕਾਲੀ ਦਸਤਾਰ ਧਾਰਨ ਕਰ ਲਈ। ਦਿਲੋਂ ਅਕਾਲੀ ਲਹਿਰ ਨਾਲ ਪਰੇਮ ਰਖਦੇ ਸਨ। ਇਸ ਲਗੀ ੧੯੨੪ ਵਿਚ ਸਰਕਾਰੀ ਨੌਕਰੀ ਛੱਡ ਕੇ ਜੈਤੋ ਦੇ ਪਹਿਲੇ ਸ਼ਹੀਦੀ ਜਥੇ ਵਿਚ ਸ਼ਾਮਲ ਹੋ ਗਏ।

੯ ਫਰਵਰੀ ੧੯੨੧ ਨੂੰ ਪਹਿਲਾ ਸ਼ਹੀਦੀ ਜਥਾ ਅੰਮ੍ਰਿਤਸਰੋਂ ਚਲਿਆ। ੨੧ ਫਰਵਰੀ ੧੯੨੪ ਨੂੰ ਜੈਤੋ ਪੁਜਾ। ਜਦ ਇਹ ਜਥਾ ਗੁਰਦਵਾਰਾ ਟਿਬੀ ਸਾਹਿਬ ਦੇ ਦਰਸ਼ਨ ਕਰਨ ਲਈ ਅੱਗੇ ਵਧਿਆ, ਨਾਭੇ ਦੇ ਅੰਗਰੇਜ਼ ਹਾਕਮਾਂ ਜਾਨਸਨ ਤੇ ਉਗਲਵੀ ਦੇ ਹੁਕਮ ਨਾਲ ਜਥੇ ਪਰ ਮਸ਼ੀਨ ਗੰਨਾਂ ਰਾਹੀਂ ਗੋਲੀਆਂ ਦੀ ਵਾਛੜ ਕੀਤੀ ਗਈ। ਜਥੇ ਦੇ ਕਈ ਸਿੰਘ ਸ਼ਹੀਦ ਹੋ ਗਏ। ਮਸ਼ੀਨ ਗੰਨ ਦੀ ਇਕ ਗੋਲੀ ਆਪ ਦੇ ਸੱਜੇ ਪਟ ਵਿਚ ਲਗੀ। ਆਪ ਦੇ ਨਾਲ ਜਿਲਾ ਲੁਧਿਆਨਾ ਦਾ ਇਕ ਸਿੰਘ ਸੀ। ਉਸ ਦੇ ਪੇਟ ਵਿਚ ਗੋਲੀ ਵਜੀ। ਉਹ ਉਥੇ ਹੀ ਡਿਗ ਪਿਆ ਤੇ ਸ਼ਹੀਦ ਹੋ ਗਿਆ।

ਜ: ਮੋਹਨ ਸਿੰਘ ਗੋਲੀ ਲਗਣ ਨਾਲ ਜ਼ਖਮੀ ਹੋ ਕੇ ਡਿਗ ਪਏ। ਪੱਟ ਵਿਚ ਲਗਣ ਕਰਕੇ ਤੁਰਨਾ ਮੁਸ਼ਕਲ ਸੀ। ਇਸ ਲਈ ਆਪ ਦੇ ਸਾਥੀ ਬਾਬਾ ਧਰਮ ਸਿੰਘ ਨਾਗੋਕੇ, ਭਾਈ ਨਰਾਇਣ ਸਿੰਘ ਬਾਣੀਆਂ ਅਤੇ ਜ: ਹਰਨਾਮ ਸਿੰਘ ਫੇਰੂਮਾਨ ਜ਼ਿਲਾ ਅੰਮ੍ਰਿਤਸਰ ਨੇ ਜ਼ਖਮੀ ਹੋਣ ਦੀ ਹਾਲਤ ਵਿਚ ਆਪ ਨੂੰ ਚੁਕ ਲਿਆ ਤੇ ਅੰਮ੍ਰਿਤਸਰ ਲਿਆਂਦਾ। ਅੱਖਾਂ ਦੇ ਪ੍ਰਸਿਧ ਡਾਕਟਰ ਸੋਹਣ ਸਿੰਘ ਨੇ ਉਪਰੇਸ਼ਨ ਕਰਕੇ ਆਪ ਦੇ ਪੱਟ ਵਿਚੋਂ ਗੋਲੀ ਕਢੀ। ਆਪ



Digitized by Panjab Digital Library | www.panjabdigilib.org

ਦੀ ਮਰ੍ਹਮ ਪਟੀ ਤੇ ਚੰਗੀ ਤਰ੍ਹਾਂ ਇਲਾਜ ਕੀਤਾ । ਕੁਝ ਦਿਨਾਂ ਬਾਅਦ ਆਪ ਰਾਜ਼ੀ ਹੋ ਗਏ ।

ਬਾਬਾ ਧਰਮ ਸਿੰਘ, ਸ: ਹਰਨਾਮ ਸਿੰਘ ਫੇਰੂਮਾਨ ਅਤੇ ਜਥੇਦਾਰ ਮੋਹਨ ਸਿੰਘ ਤਿੰਨੇ ਫਿਰ ਜੈਤੋ ਗਏ । ੧੮ ਅਪਰੈਲ ੧੯੨੪ ਨੂੰ ਚੌਥੇ ਸ਼ਹੀਦੀ ਜਥੇ ਦੀ ਗ੍ਰਿਫਤਾਰੀ ਸਮੇਂ ਉਸਦੇ ਨਾਲ ਹੀ ਗ੍ਰਿਫਤਾਰ ਹੋ ਗਏ ਅਤੇ ਬਾਵਲ ਕੋਟੀ ਵਿਚ ਰਖੇ ਗਏ ਅਤੇ ਲਗਪਗ ਸਵਾ ਆਪ ਜੇਹਲ ਵਿਚ ਰਹੇ । ੨੭ ਜੁਲਾਈ ੧੯੨੫ ਨੂੰ ਰਿਹਾ ਕੀਤੇ ਗਏ ।

ਸ਼ਰੋਮਣੀ ਕਮੇਟੀ ਦੀ ਸਰਵਿਸ—

ਪਹਿਲੇ ਸ਼ਹੀਦੀ ਜਥੇਨਾਲ ਗੋਲੀ ਖਾਕੇ ਤੇ ਸਵਾ ਸਾਲ ਜੇਲ੍ਹ ਵਿਚ ਰਹਿਕੇ ਜਥੇਦ੍ਰਾਰ ਮੋਹਨ ਸਿੰਘ ਨੇ ਜੋ ਸੇਵਾ ਤੇ 'ਕੁਰਬਾਨੀ ਕੀਤੀ, ਉਸਦੇ ਕਾਰਨ ੧੯੨੬ ਵਿਚ ਆਪ ਨੂੰ ਸ਼ਰੋਮਣੀ ਕਮੇਟੀ ਦੀ ਸਰਵਿਸ ਵਿਚ ਲੀਤਾ ਗਿਆ । ਪਹਿਲਾਂ ਆਪ ਕਲਰਕ ਭਰਤੀ ਹੋਏ । ਫਿਰ ਆਪਣੀ ਯੋਗਤਾ, ਸਿਆਣਪ ਤੇ ਚੰਗੇ ਕੰਮ ਕਰ ਕੇ ਸੁਪ੍ਰੰਡੰਟ ਅਤੇ ਮੁਖਤਾਰੇ ਆਮ ਬਣਾਏ ਗਏ ।

ਦੇਸ਼ ਸੇਵਾ ਲਈ ਜੇਹਲ ਵਿਚ—

੧੨ ਮਾਰਚ ੧੯੩੦ ਨੂੰ ਮਹਾਤਮਾ ਗਾਂਧੀ ਤੇ ਕਾਂਗਰਸ ਨੇ ਦੂਜੀ ਵੇਰ ਸਿਵਲ ਨਾ ਫ਼ੁਰਮਾਨੀ ਤੇ ਵਿਦੇਸ਼ੀ ਚੀਜ਼ਾਂਦਾ ਬਾਈ-ਕਾਟ ਕੀਤਾ । ਉਸ ਵਿਚ ਅਕਾਲੀ ਵੀ ਸ਼ਾਮਲ ਸਨ । ਜਥੇਦਾਰ ਜੀ ਸ਼ਰੋਮਣੀ ਕਮੇਟੀ ਦੀ ਨੌਕਰੀ ਛਡ ਕੇ ਕਾਂਗਰਸ ਸਤਿਆਗ੍ਰਹਿ ਵਿਚ ਸ਼ਾਮਲ ਹੋਏ । ਆਪ ਮੁਸਲਿਮ ਕਲਾਬ ਹਾਊਸ ਲਾਹੌਰ ਤੇ ਵਿਦੇਸ਼ੀ ਵਿਰੁਧ ਪਿਕਟਿੰਗ ਕਰਦੇ ਹੋਏ ਗ੍ਰਿਫਤਾਰ ਕੀਤੇ ਗਏ । ਤਿੰਨ ਮਹੀਨੇ ਕੈਦ ਦੀ ਸਜ਼ਾ ਹੋਈ । ਇਹ ਕੈਦ ਆਪ ਨੇ ਅਟਕ ਅਤੇ ਬੋਰਸਟਲ ਜੇਹਲ ਲਾਹੌਰ ਵਿਚ ਕਟੀ ।



Digitized by Panjab Digital Library | www.panjabdigilib.org

ਅਕਾਲ ਤਖਤ ਦੇ ਜਥੇਦਾਰ–

੧੯੩੧ ਵਿਚ ਆਪ ਨੂੰ ਸ਼ਰੋਮਣੀ ਕਮੇਟੀ ਨੇ ਸ੍ਰੀ ਅਕਾਲ ਤਖਤ ਸਾਹਿਬ ਦਾ ਮੀਤ ਜਥੇਦਾਰ ਲਾਇਆ। ੧੯੩੫ ਵਿਚ ਆਪ ਨੂੰ ਜਨਰਲ ਕਮੇਟੀ ਨੇ ਸਰਬ ਸੰਮਤੀ ਨਾਲ ਤਖਤ ਸਾਹਿਬ ਦਾ ਜਥੇਦਾਰ ਚੁਣ ਦਿਤਾ। ੧੭ ਸਾਲ ਆਪ ਨੇ ਇਸ ਪਦਵੀ ਪਰ ਸ਼ਾਨਦਾਰ ਸੇਵਾ ਕੀਤੀ ਹੈ। ਆਪ ਬਹੁਤ ਚੰਗੇ ਪਰਬੰਧਕ ਸਨ।

ਮੀਰ ਪੁਰ ਦੇ ਪੀੜਤਾਂ ਦੀ ਸੇਵਾ–

੧੯੩੧ ਵਿਚ ਜਦ ਆਪ ਸ੍ਰੀ ਅਕਾਲ ਤਖਤ ਸਾਹਿਬ ਦੇ ਮੀਤ ਜਥੇਦਾਰ ਲਗੇ, ਉਸ ਸਾਲ ਰਿਆਸਤ ਪੁਨਛ ਤੇ ਕਸ਼ਮੀਰ ਦੇ ਇਲਾਕੇ ਵਿਚ ਫਿਰਕੂ ਮੁਸਲਮਾਨਾਂ ਨੇ ਗੜ ਬੜ ਕੀਤੀ। ਉਸ ਦੇ ਪਿਛੇ ਅੰਗਰੇਜ਼ਾਂ ਦਾ ਹੱਥ ਸੀ। ਕਿਉਂਕਿ ਉਹ ਗੋਲ ਮੇਜ ਕਾਨਫਰੰਸ ਦੇ ਮੌਕੇ ਰਾਜਿਆਂ ਨੂੰ ਡਰਾਉਣਾ ਚਾਹੁੰਦੇ ਸਨ। ਉਸ ਗੜ ਬੜ ਵਿਚ ਸੰਤ ਸੁੰਦਰ ਸਿੰਘ ਅਲੀਬੇਗ ਦਾ ਗੁਰਦਵਾਰਾ ਸਾੜਿਆ ਗਿਆ।

ਮੀਰ ਪੁਰ ਦੇ ਇਲਾਕੇ ਵਿਚ ਕਈ ਪਿੰਡਾਂ ਦੇ ਹਿੰਦੂ ਸਿਖ਼ਾਂ ਨੂੰ ਲੁਟਿਆ ਮਾਰਿਆ ਗਿਆ। ਉਸ ਵਕਤ ਸ਼ਰੋਮਣੀ ਕਮੇਟੀ ਵਲੋਂ ਪੀੜਤਾਂ ਦੀ ਸਹਾਇਤਾ ਲਈ ਜ: ਮੋਹਨ ਸਿੰਘ ਤੇ ਗਿਆਨੀ ਕਰਤਾਰ ਸਿੰਘ ਪੁਜੇ ਅਤੇ ਉਹਨਾਂ ਨੇ ਸੇਵਾ ਸੰਭਾਲ ਕੀਤੀ।

ਅਕਾਲੀ ਮਾਰਕੀਟ–

ਜਥੇਦਾਰ ਜੀ ਬਹੁਤ ਦੂਰ ਅੰਦੇਸ਼ ਤੇ ਨਿਗਰ ਕੌਮੀ ਸੇਵਾ ਕਰਨ ਵਾਲੇ ਸਨ। ਬਜ਼ਾਰ ਪਾਪੜਾਂ ਵਾਲਾ ਤੇ ਮਿਸ਼ਰੀ ਬਜ਼ਾਰ ਦੇ ਲਾਗੇ ਸ੍ਰੀ ਅਕਾਲ ਤਖਤ ਦੀ ਮਲਕੀਅਤ ਬਾਗ ਅਕਾਲੀਆਂ ਹੈ। ਉਸ ਦੀ ਹਾਲਤ ਚੰਗੀ ਨਹੀਂ ਸੀ। ਲੋਕੀਂ ਗੰਦ ਮੰਦ ਤੇ



Digitized by Panjab Digital Library | www.panjabdigilib.org

ਕੂੜਾ ਕਰਕਟ ਸੁਟਦੇ ਸਨ।

ਜਥੇਦਾਰ ਮੋਹਨ ਸਿੰਘ ਜੀ ਨੇ ਅਕਾਲ ਤਖਤ ਦਾ ਜਥੇਦਾਰ ਬਣਕੇ ਬਾਗ ਅਕਾਲੀਆਂ ਵਿਚ ਮਾਰਕੀਟ ਬਨਾਉਣ ਦੀ ਵਿਉਂਤ ਕੀਤੀ। ਸ਼ਰੋਮਣੀ ਕਮਟੀ ਪਾਸੋਂ ਪਾਸ ਕਰਵਾਈ। ੩੦ ਦਿਸੰਬਰ ੧੯੩੨ ਨੂੰ ਬਾਗ ਅਕਾਲੀਆਂ ਵਿਚ ਅਕਾਲੀ ਮਾਰਕੀਟ ਦੀ ਨੀਂਹ ਰਖੀ ਗਈ। ਇਸ ਵਿਚ ੬੪ ਦੁਕਾਨਾਂ ਤੇ ਉਹਨਾਂ ਪਰ ਰਿਹਾਇਸ਼ੀ ਚੁਬਾਰੇ ਬਣਵਾਏ ਗਏ। ਇਸ ਤਰ੍ਹਾਂ ਗੰਦ ਮੰਦ ਹੂੰਜਕੇ ਮਾਰਕੀਟ ਦੇ ਵਿਚਕਾਰ ਸੁੰਦਰ ਬਗੀਚਾ ਲਾਇਆ। ਕੁਝ ਸੇਵਾਦਾਰਾਂ ਦੇ ਕੁਆਰਟਰ ਵੀ ਬਣਵਾਏ। ਬਜ਼ਾਰ ਪਾਪੜਾਂ ਵਾਲਾ, ਮਿਸ਼ਰੀ ਬਜ਼ਾਰ, ਮਜੀਠ ਮੰਡੀ, ਆਟਾ ਮੰਡੀ, ਤੇ ਚਾਵਲ ਮੰਡੀ ਦੇ ਲਾਗੇ ਹੋਣ ਕਰ ਕੇ ਅਕਾਲੀ ਮਾਰਕੀਟ ਦੀ ਮਹਾਨਤਾ ਬਹੁਤ ਵਧ ਗਈ ਹੈ।

ਅਕਾਲੀ ਮਾਰਕੀਟ ਬਣਨ ਨਾਲ ਇਥੋਂ ਦੀ ਰੌਣਕ ਅਤੇ ਕਿਰਾਏ ਦੇ ਕਾਰਨ ਸ੍ਰੀ ਅਕਾਲ ਤਖਤ ਦੀ ਆਮਦਨ ਵਿਚ ਬਹੁਤ ਵਾਧਾ ਹੋਇਆ। ਅੰਮ੍ਰਿਤਸਰ ਵਿਚ ਇਹ ਮਾਰਕੀਟ ਲੋਹੇ, ਦੁਆਈਆਂ ਤੇ ਫਾਰਮੇਸੀਆਂ ਦਾ ਕੇਂਦਰ ਬਣ ਗਈ ਹੈ। ਵਪਾਰਕ ਤੌਰ ਤੇ ਬੜੀ ਮਹਾਨਤਾ ਰਖਦੀ ਹੈ।

### ਸ਼ਹੀਦ ਮਾਰਕੀਟ—

ਜਥੇਦਾਰ ਜੀ ਨੇ ਸ੍ਰੀ ਅਕਾਲ ਤਖਤ ਦੀ ਆਮਦਨੀ ਚੋਂ ਬਚਤ ਕਰ ਕੇ ਤਖਤ ਦੇ ਆਲੇ ਦੁਆਲੇ ਦੀਆਂ ਪ੍ਰਾਈਵੇਟ ਦੁਕਾਨਾਂ ਲੈਕੇ ਕੁਝ ਆਪਣੀਆਂ ਨਾਲ ਮਿਲਾਕੇ ੧੯੩੮-੪੦ ਵਿਚ ਸ਼ਹੀਦ ਮਾਰਕੀਟ ਬਣਵਾਈ। ਜਿਸ ਨਾਲ ਤਖਤ ਸਾਹਿਬ ਦੀ ਆਮਦਨ ਵਿਚ ਬਹੁਤ ਵਾਧਾ ਹੋ ਗਿਆ। ਇਸ ਦੇ ਨਾਲ ਹੀ ਸੇਵਾਦਾਰਾਂ ਦੇ ਕੁਆਰਟਰ ਵੀ ਤਿਆਰ ਕਰਵਾਏ।

ਅਕਾਲੀ ਮਾਰਕੀਟ ਤੇ ਸ਼ਹੀਦ ਮਾਰਕੀਟ ਜਥੇਦਾਰ ਜੀ



Digitized by Panjab Digital Library | www.panjabdigilib.org

ਦੀਆਂ ਸਦੀਵੀ ਯਾਦਗਾਰਾਂ ਹਨ। ਪਕੀ ਆਮਦਨੀ ਦਾ ਵਸੀਲਾ ਹਨ।

ਜਦ ਆਪ ਨੇ ਅਕਾਲ ਤਖਤ ਦੀ ਜਥੇਦਾਰੀ ਦਾ ਚਾਰਜ ਲਿਆ ਸੀ, ਉਸ ਵਕਤ ਤਖਤ ਦੀ ਕਿਰਾਏ ਦੀ ਆਮਦਨੀ ਕੇਵਲ ਚਾਰ ਹਜ਼ਾਰ ਰੁਪਏ ਮਾਸਕ ਸੀ। ੧੯੫੨ ਵਿਚ ਜਦ ਚਾਰਜ ਦਿਤਾ ਹੈ, ਉਸ ਵਕਤ ਕਿਰਾਏ ਦੀ ਆਮਦਨੀ ਅਠਤਾਲੀ ਹਜ਼ਾਰ ਰੁਪਏ ਮਾਸਕ ਸੀ।

ਸ਼ਰੋਮਣੀ ਕਮੇਟੀ ਦੀ ਰਹਿਤ ਮਰਯਾਦਾ—

ਸ਼ਰੋਮਣੀ ਕਮੇਟੀ ਦੀ ਰਹਿਤ ਮਰਜ਼ਾਦਾ ਦਾ ਖਰੜਾ ਤਿਆਰ ਕਰਨ ਤੇ ਪਾਸ ਕਰਵਾਉਣ ਵਿਚ ਜਥੇਦਾਰ ਮੋਹਨ ਸਿੰਘ ਜੀ ਦਾ ਭਾਰੀ ਹਿਸਾ ਹੈ। ਲੇਖਕ (ਗਿ: ਪ੍ਰਤਾਪ ਸਿੰਘ) ਤੇ ਜਥੇਦਾਰ ਜੀ ਉਹ ਖਰੜਾ ਲੈ ਕੇ ਭਾਈ ਕਾਹਨ ਸਿੰਘ ਨਾਭਾ ਤੇ ਭਾਈ ਸਾਹਿਬ ਅਰਜਨ ਸਿੰਘ ਬਾਗੜੀਆਂ ਪਾਸ ਸ਼ਿਮਲੇ ਗਏ। ਭਾਈ ਕਾਹਨ ਸਿੰਘ ਸ਼ਿਮਲੇ ਵਿਚ ਸ: ਮੁਕੰਦ ਸਿੰਘ ਦੀ ਕੋਠੀ ਠਹਿਰੇ ਹੋਏ ਸਨ। ਉਸ ਖਰੜੇ ਪਰ ਦੋਹਾਂ ਦੀ ਰਾਇ ਪ੍ਰਾਪਤ ਕੀਤੀ ਗਈ। ਉਸ ਤੋਂ ਬਾਹਦ ੧੯੩੪ ਵਿਚ ਸ਼ਰੋਮਣੀ ਕਮੇਟੀ ਨੇ ਪਾਸ ਕਰ ਦਿਤਾ।

ਸ਼ਹੀਦ ਗੰਜ ਦੀ ਸੇਵਾ—

ਸਨ ੧੯੩੬ ਵਿਚ ਸ਼ਹੀਦ ਗੰਜ ਐਜ਼ੀਟੇਸ਼ਨ ਸਮੇਂ ਆਪ ਲਗਾਤਾਰ ਦੋ ਮਹੀਨੇ ਸ਼ਹੀਦ ਗੰਜ ਲਾਹੌਰ ਦੇ ਅੰਦਰ ਰਹਿਕੇ ਪ੍ਰਬੰਧ ਨੂੰ ਚਲਾਉਣ ਵਿਚ ਸਹਾਇਤਾ ਕਰਦੇ ਰਹੇ। ਜੰਡਿਆਲਾ ਸ਼ੇਰ ਖਾਂ ਜ਼ਿਲਾ ਸ਼ੇਖੂ ਪੁਰਾ ਵਿਚ ਮੁਸਲਮਾਨਾਂ ਵਲੋਂ ਸਿੰਘਾਂ ਪਰ ਕੀਤੇ ਹਮਲੇ ਸਮੇਂ ਆਪ ਨੇ ਤੇ ਸ: ਈਸ਼ਰ ਸਿੰਘ ਮਝੈਲ ਨੇ ਸਿੰਘਾਂ ਦੀ ਅਗਵਾਈ ਕੀਤੀ। ਲਹੌਰ ਵਿਚ ਕ੍ਰਿਪਾਨ ਮੋਰਚਾ ਲਗਾ।



Digitized by Panjab Digital Library | www.panjabdigilib.org

ਉਸ ਵਿਚ ਆਪ ਗ੍ਰਿਫਤਾਰ ਹੋਏ।

ਸ਼ਰੋਮਣੀ ਕਮੇਟੀ ਦੇ ਪ੍ਰਧਾਨ–

੧੯੪੩ ਵਿਚ ਜਥੇਦਾਰ ਜੀ ਨੂੰ ਸਰਬ ਸੰਮਤੀ ਨਾਲ ਸ਼ਰੋਮਣੀ ਕਮੇਟੀ ਦਾ ਪ੍ਰਧਾਨ ਚੁਣਿਆ ਗਿਆ। ੧੯੪੮ ਤੀਕਆਪ ਨੇ ਜਥੇਦਾਰ ਅਕਾਲ ਤਖਤ ਅਤੇ ਪ੍ਰਧਾਨ ਸ਼ਰੋਮਣੀ ਕਮੇਟੀ ਦੀ ਮਿਲਵੀਂ ਸੇਵਾ ਕੀਤੀ।

ਇਸ ਸਮੇਂ ਵਿਚ ਉਹਨਾਂ ਨੇ ਸ੍ਰੀ ਦਸਮੇਸ਼ ਜੀ ਦਾ ਖੰਡਾ ਅਨੰਦਪੁਰ ਤੋਂ ਲਿਆ ਕੇ ਅੰਮ੍ਰਿਤ ਪ੍ਰਚਾਰ ਦੀ ਲਹਿਰ ਚਲਾਈ। ੧੯੪੪ ਵਿਚ ਹੀ ਮਾਸਟਰ ਤਾਰਾ ਸਿੰਘ ਦੀ ਪ੍ਰੇਰਨਾ ਨਾਲ ਮਹਾ-ਰਾਜਾ ਜਗਜੀਤ ਸਿੰਘ ਕਪੂਰਥਲਾ ਨੇ ਆਪਣੇ ਪੋਤਰੇ ਨੂੰ ਅੰਮ੍ਰਿਤ ਛਕਾਉਣ ਦੀ ਇਛਾ ਪ੍ਰਗਟ ਕੀਤੀ। ਜਥੇਦਾਰ ਮੋਹਨ ਸਿੰਘ ਜੀ ਜਥਾ ਲੈਕੇ ਕਪੂਰਥਲੇ ਗਏ। ਲੇਖਕ ਵੀ ਉਹਨਾਂ ਨਾਲ ਸੀ। ਮਾਸਟਰ ਤਾਰਾ ਸਿੰਘ ਜ: ਊਧਮ ਸਿੰਘ ਭਾਈ ਬੁਧ ਸਿੰਘ ਪ੍ਰਚਾਰਕ ਪ੍ਰੋ: ਗੰਗਾ ਸਿੰਘ ਉਸ ਸਮਾਗਮ ਵਿਚ ਸ਼ਾਮਲ ਸਨ। ਮਹਾਰਾਜੇ ਦੇ ਪੋਤਰੇ ਨੂੰ ਅੰਮ੍ਰਿਤ ਛਕਾਇਆ ਗਿਆ। ਉਹ ਅਜ ਕਲ ਮਿਲਟਰੀ ਵਿਚ ਵੱਡੀ ਪਦਵੀ ਤੇ ਹੈ। ਉਸ ਮੌਕੇ ਦੀ ਤਸਵੀਰ ਸਾਡੇ ਰੀਕਾਰਡ ਵਿਚ ਮੌਜੂਦ ਹੈ।

ਬੁੰਗਿਆਂ ਤੇ ਪ੍ਰਕਰਮਾ ਦੀ ਸੇਵਾ–

ਸ੍ਰੀ ਦਰਬਾਰ ਸਾਹਿਬ ਦੀ ਪ੍ਰਕਰਮਾ ਨੂੰ ਖੁਲ੍ਹਾ ਕਰਨ ਤੇ ਨਵੇਂ ਬੁੰਗੇ ਬਨਾਉਣ ਦੀ ਵਿਉਂਤ ਪਹਿਲੇ ੧੯੨੩ ਵਿਚ ਕਾਰ ਸੇਵਾ ਸਮੇਂ ਸ: ਬ: ਮਹਿਤਾਬ ਸਿੰਘ ਦੀ ਪ੍ਰਧਾਨਗੀ ਸਮੇਂ ਕੀਤੀ ਗਈ ਸੀ। ਪਰ ਉਸਨੂੰ ਮੂਰਤੀ ਮਾਨ ਜਥੇਦਾਰ ਮੋਹਨ ਸਿੰਘਦੇ ਸਮੇਂ ਵਿਚ ਕੀਤਾ ਗਿਆ।

੧੯੪੪ ਵਿਚ ਜਦ ਆਪ ਜਥੇਦਾਰ ਤੇ ਪ੍ਰਧਾਨ ਸਨ,



Digitized by Panjab Digital Library | www.panjabdigilib.org

ਪ੍ਰਕਰਮਾ ਖੁਲ੍ਹੀ ਕਰਨ ਤੇ ਨਵੇਂ ਬੁੰਗੇ ਤਿਆਰ ਕਰਨ ਦੀ ਸੇਵਾ ਸੰਤ ਗੁਰਮੁਖ ਸਿੰਘ ਤੇ ਸਾਧੂ ਸਿੰਘ ਜੀ ਨੇ ਸ਼ੁਰੂ ਕੀਤੀ। ਇਕ ਬਾਹੀ ਸੰਤ ਭੂਰੀ ਵਾਲਿਆਂ ਨੇ ਬਣਵਾਈ।

ਸ੍ਰੀ ਦਰਬਾਰ ਸਾਹਿਬ ਦੀ ਪ੍ਰਕਰਮਾ ਖੁਲ੍ਹੀ ਹੋਣ ਤੇ ਨਵੇਂ ਬੁੰਗੇ ਬਣਨ ਨਾਲ ਕੇਵਲ ਸੁੰਦਰਤਾ ਅਤੇ ਸਫ਼ਾਈ ਵਿਚ ਹੀ ਵਾਧਾ ਨਹੀਂ ਹੋਇਆ, ਬਲਕਿ ਸਰਦੀ ਗਰਮੀ ਵਿਚ ਤੇ ਜੋੜ ਮੇਲਿਆਂ ਦੇ ਸਮੇਂ ਸੰਗਤ ਨੂੰ ਬਹੁਤ ਸੁਖ ਹੋ ਗਿਆ ਹੈ।

### ਹੋਰ ਗੁਰਦਵਾਰਿਆਂ ਦੀ ਸੇਵਾ—

ਜਥੇਦਾਰ ਜੀ ਗੁਰਦਵਾਰਾ ਪ੍ਰਬੰਧ ਨੂੰ ਬਹੁਤ ਚੰਗੀ ਤਰ੍ਹਾਂ ਸਮਝਦੇ ਸਨ। ਉਸ ਨੂੰ ਬਿਹਤਰ ਬਨਾਉਣ ਲਈ ਸੋਚਦੇ ਤੇ ਕੰਮ ਕਰਦੇ ਸਨ।

ਆਪਦੇ ਅਹਿਦ ਵਿਚ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਜਨਮ ਅਸਥਾਨ ਗੁਰਦਵਾਰਾ ਮਤੇ ਕੀ ਸਰਾਂ ਦੀ ਇਮਾਰਤ ਬਣੀ ਹੈ। ਗੁਰਦਵਾਰਾ ਟਿਬੀ ਸਾਹਿਬ ਜੈਤੋ ਦੇ ਕੁਆਟਰ ਤਿਆਰ ਹੋਏ ਹਨ। ਸ਼ਹੀਦ ਸਿੰਘਾਂ ਦੇ ਨਾਮ ਟੋਲ ਕੇ ਉਹਨਾਂ ਦੀ ਸ਼ਿਲਾ ਲੁਆਈ ਗਈ ਤੇ ਯਾਦਗਾਰ ਬਣਾਉਣ ਦਾ ਜਤਨ ਕੀਤਾ ਗਿਆ।

ਬੁੰਗਾ ਦਮਦਮੀਆਂ ਮੁਕਤਸਰ ਦੀ ਲੱਖਾਂ ਰੁਪਏ ਦੀ ਜਾਇਦਾਦ ਸੁਲਾਹ ਸਫਾਈ ਨਾਲ ਗੁਰਦਵਾਰਾ ਕਮੇਟੀ ਮੁਕਤਸਰ ਨੂੰ ਮਿਲੀ। ਖਡੂਰ ਸਾਹਿਬ ਵਿਚ ਗੁਰੂ ਅੰਗਦ ਦੇਵ ਹਾਈ ਸਕੂਲ ਕਾਇਮ ਕੀਤਾ ਗਿਆ। ਜਿਸ ਦੀ ਕਮੇਟੀ ਦੇ ਕਈ ਸਾਲ ਪ੍ਰਧਾਨ ਰਹੇ।

### ਚੰਗੇ ਪ੍ਰਬੰਧਕ—

ਜਥੇਦਾਰ ਜੀ ਗੁਰਦਵਾਰਾ ਐਡਮਨਿਟਰੇਸ਼ਨ ਦੇ ਚੰਗੇ ਜਾਣੂ ਤੇ ਪ੍ਰਬੰਧਕ ਸਨ। ਸਟਾਫ਼ ਵਿਚ ਚੰਗੇ ਤੋਂ ਚੰਗੇ ਆਦਮੀ



Digitized by Panjab Digital Library | www.panjabdigilib.org

ਭਰਤੀ ਕਰਨ ਤੇ ਡਿਸਿਪਲਨ ਕਾਇਮ ਰਖਣ ਦੀ ਕੋਸ਼ਸ਼ ਕੀਤੀ ਜਾਂਦੀ ਸੀ। ਲੇਖਕ ਨੇ ੧੯੩੮ ਤੋਂ ਲੈਕੇ ੧੯੪੮ ਤੀਕ ਦਸ ਸਾਲ ਉਹਨਾਂ ਦੇ ਅਧੀਨ ਮੀਤ ਜਥੇਦਾਰੀ ਦੀ ਸੇਵਾ ਕੀਤੀ ਹੈ। ੧੯੫੨ ਵਿਚ ਜਦ ਉਹ ਪੰਜਾਬ ਅਸੈਂਬਲੀ ਲਈ ਮੈਂਬਰ ਖੜੇ ਹੋਏ ਉਹਨਾਂ ਤੋਂ ਜਥੇਦਾਰੀ ਦਾ ਚਾਰਜ ਲਿਆ ਹੈ। ਉਹ ਇਤਨੇ ਬਾ-ਰੋਹਬ ਸਨ ਕਿ ਸਟਾਫ ਜਾਂ ਸ਼ਰੋਮਣੀ ਕਮੇਟੀ ਦਾ ਕੋਈ ਮੁਲਾਜ਼ਮ ਕਿਸੇ ਨੇਮਦੀ ਉਲੰਘਣਾ ਕਰਨਦੀਜੁਰਅਤ ਨਹੀਂ ਕਰਦਾਸੀ।ਇਕ ਵੇਰ ਤਖਤ ਸਾਹਿਬ ਦਾ ਇਕ ਸੇਵਾਦਾਰ ਤਰਨ ਤਾਰਨ ਦੀ ਮਸਿਆ ਤੇ ਇਸ਼ਨਾਨ ਦੇ ਬਹਾਨੇ ਆਪਣੀ ਡੀਊਟੀ ਤੋਂ ਗੈਰ ਹਾਜ਼ਰ ਹੋ ਕੇ ਚਲਾਗਿਆ। ਜਥੇਦਾਰ ਜੀ ਨੇ ਉਸ ਨੂੰ ਡਿਸਮਿਸ ਕਰ ਦਿਤਾ।

ਇਕ ਵੇਰ ਮਾਸਟਰ ਤਾਰਾ ਸਿੰਘ ਤੇ ਅਕਾਲੀ ਲੀਡਰਾਂ ਨੇ ਇਕ ਮੀਟਿੰਗ ਵਿਚ ਚਾਹ ਛਡਣ ਦਾ ਫੈਸਲਾ ਕੀਤਾ। ਬਾਹਦ ਵਿਚ ਸਾਰਿਆਂ ਨੇ ਚਾਹ ਪੀ ਲਈ। ਪਰ ਜਥੇਦਾਰ ਮੋਹਣ ਸਿੰਘ ਨੇ ਅੰਤਮ ਸੁਆਸਾਂ ਤੀਕ ਨਹੀਂ ਪੀਤੀ।

ਪੰਥਕ ਪ੍ਰਤੀਨਿਧਿ ਬੋਰਡ—

ਉਹਨਾਂ ਦੀ ਰਾਇ ਧਾਰਮਿਕ ਤੇ ਰਾਜਨੀਤਕ ਕੰਮਾਂ ਵਿਚ ਬੜੀ ਮਹਾਨਤਾ ਰਖਦੀ ਸੀ। ੧੯੪੬ ਵਿਚ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਸਰਬ ਸਿਖ ਪਾਰਟੀ ਕਾਨਫਰੰਸ ਤੇ ਸ੍ਰੀ ਅਕਾਲ ਤਖਤ ਦੇ ਸਾਹਮਣੇ ਰਾਜਨੀਤਕ ਦਸ਼ਾ ਪਰ ਵਿਚਾਰ ਕਰਨ ਲਈ ਇਕੱਠ ਹੋਇਆ। ਉਸ ਨੂੰ ਆਪ ਨੇ ਸੰਬੋਧਨ ਕੀਤਾ। ਉਸ ਵਿਚ ਪੰਥਕ ਪ੍ਰਤੀਨਿਧ ਬੋਰਡ ਬਣਾਇਆ ਗਿਆ। ਜਿਸ ਦੇ ਪ੍ਰਧਾਨ ਕਰਨਲ ਨਰਿੰਜਨ ਸਿੰਘ ਗਿਲ ਸਨ।

ਲੋਕ ਸੇਵਾ—

ਸਨ ੧੯੪੬ ਵਿਚ ਹਰੀਪੁਰ ਦੇ ਇਲਾਕੇ ਵਿਚ ਫਸਾਦ



Digitized by Panjab Digital Library | www.panjabdigilib.org

ਹੋਏ । ਸ਼ਰੋਮਣੀ ਕਮੇਟੀ ਵਲੋਂ ਆਪ ਨੇ ਉਥੇ ਜਾਕੇ ਪੀੜਤ ਭਰਾਵਾਂ ਦੀ ਮਦਦ ਕੀਤੀ । ਉਸ ਤੋਂ ਬਾਅਦ ੧੯੪੭ ਵਿਚ ਹਰਹੱਦ ਤੇ ਪੱਛਮੀ ਪੰਜਾਬ ਵਿਚ ਗੜ ਬੜ ਹੋਈ, ਉਸ ਵਕਤ ਜ: ਮੋਹਨ ਸਿੰਘ ਤੇ ਗਿਆਨੀ ਕਰਤਾਰ ਸਿੰਘ ਨੇ ਪੱਛਮੀ ਪੰਜਾਬ ਦੇ ਕੈ ਪਾਂ ਕੈਂਬਲਪੁਰ ਪੰਜਾ ਸਾਹਿਬ, ਰਾਵਲਪਿੰਡੀ, ਢੁਡਿਆਲ ਆਦਿਕ ਥਾਵਾਂ ਉਤੇ ਜਾ ਕੇ ਲੋਕਾਂ ਦੀ ਸਹਾਇਤਾ ਕੀਤੀ ।

ਸ਼ੇਖੂਪੁਰਾ, ਸੱਚਾ ਸੌਦਾ, ਨਨਕਾਣਾ ਸਾਹਿਬ ਤੇ ਜੜ੍ਹਾਂ ਵਾਲੇ ਵਿਚ ਜਾ ਕੇ ਪੀੜਤਾਂ ਨੂੰ ਕਢਣ ਦਾ ਜਤਨ ਕੀਤਾ । ਸ੍ਰੀ ਨਨਕਾਣਾ ਸਾਹਿਬ ਵਿਚ ਸੇਵਾਦਾਰ ਕਾਇਮ ਰਖਣ ਦੀ ਪ੍ਰੇਰਨਾ ਆਪ ਨੇ ਕੀਤੀ ।

ਸ਼ਰੋਮਨੀ ਕਮੇਟੀ ਵਲੋਂ ਹੱਦ ਬੰਦੀ ਕਮੀਸ਼ਨ ਦੇ ਸਾਹਮਣੇ ਕੇਸ ਪੇਸ਼ ਕਰਨ ਵਿਚ ਵੀ ਆਪ ਨੇ ਕੰਮ ਕੀਤਾ ਹੈ ।

ਸ਼ਰੇਸ਼ਟਾਚਾਰ—

੧੯੪੭ ਦੀ ਵੰਡ ਸਮੇਂ ਅੰਮ੍ਰਿਤਸਰ ਵਿਚ ਵੀ ਗੜ ਬੜ ਹੋਈ । ਜਥੇਦਾਰ ਜੀ ਅਕਾਲੀ ਮਾਰਕੀਟ ਵਿਚ ਰਿਹਾਇਸ਼ ਰਖਦੇ ਸਨ । ਉਸ ਦੇ ਪਿਛਲੇ ਬੰਨੇ ਸ਼ੇਖਾਂ ਦਾ ਮਹੱਲਾ ਸੀ । ਲੋਕਾਂ ਨੇ ਉਸ ਵਿਚ ਵੀ ਸਾੜ ਫੂਕ ਤੇ ਲੁਟ ਮਾਰ ਕੀਤੀ । ਸ਼ੇਖਾਂ ਦੀਅ ਬਹੂ ਬੇਟੀਆਂ ਸ਼ਰਣਾਗਤ ਦੇ ਰੂਪ ਵਿਚ ਅਕਾਲੀ ਮਾਰਕੀਟ ਵਿਚ ਪੁਜੀਆਂ । ਜਥੇਦਾਰ ਜੀ ਨੇ ਉਹਨਾਂ ਦੀ ਰਖਿਆ, ਸੇਵਾ ਤੇ ਸੰਭਾਲ ਕੀਤੀ । ਮਿਲਟਰੀ ਆਉਣ ਪਰ ਉਹਨਾਂ ਨੂੰ ਵਾਰਸਾਂ ਦੇ ਸਪੁਰਦ ਕੀਤਾ ।

ਇਹ ਉਹਨਾਂ ਦੇ ਸ਼ਰੇਸ਼ਟਾ ਚਾਰ ਦਾ ਸਬੂਤ ਹੈ ।

ਆਪ ਬੜੇ ਵਿਸ਼ਾਲ ਹਿਰਦੇ ਦੇ ਸਨ । ਮਤਭੇਦ ਨੂੰ ਬਰਦਾਸ਼ਤ ਕਰਦੇ ਸਨ । ੧੯੪੧ ਵਿਚਗਿ:ਕਰਤਾਰ ਸਿੰਘ ਨੇਡਾਕਟਰ ਅੰਬੇਦਕਰ ਦੀ ਪੁਸਤਕ "ਥਾਟਜ਼ ਆਨ, ਪਾਕਸਤਾਨ ਪੜ੍ਹ ਕੇ



Digitized by Panjab Digital Library | www.panjabdigilib.org

ਅਜ਼ਾਦ ਪੰਜਾਬ ਦਾ ਨਾਹਰਾ ਲਾਇਆ। ਦੂਜੀ ਮਹਾਨ ਜੰਗ ਦਾ ਸਮਾਂ ਸੀ। ਗਿਆਨੀ ਜੀ ਅਕਾਲੀ ਪਾਰਟੀ ਦਾ ਦਿਮਾਗ ਸਮਝੇ ਜਾਂਦੇ ਸਨ। ਉਹਨਾਂ ਨੇ ਮਾਸਟਰ ਤਾਰਾ ਸਿੰਘ ਤੇ ਅਕਾਲੀ ਦਲ ਨੂੰ ਮੰਨਵਾ ਲਿਆ। ਜ: ਮੋਹਨ ਸਿੰਘ ਨੂੰ ਵੀ ਸਹਿਮਤ ਕਰ ਲਿਆ। ਜਥੇਦਾਰ ਉਧਮ ਸਿੰਘ ਤੇ ਅਸੀਂ ਉਸ ਨਾਲ ਸਹਿਮਤ ਨਹੀਂ ਸਾਂ। ਅਜ਼ਾਦ ਪੰਜਾਬ ਦੇ ਮਾਇਨੇ ਸਨ—ਮੁਸਲਿਮ ਬਹੁ ਗਿਣਤੀ ਦੇ ਇਲਾਕੇ ਰਾਵਲਪਿੰਡੀ ਤੇ ਮੁਲਤਾਨ ਡੀਵੀਯਨ ਕਟ ਕੇ ਸੂਬਾ ਬਨਾਉਣਾ। ਉਸ ਵਿਚ ਮੁਸਲਮਾਨ ਪਚਪੰਜਾ ਤੋਂ ਚਾਲੀ ਫੀਸਦੀ, ਹਿੰਦੂ ਤੀਹ ਤੋਂ ਚਾਲੀ, ਸਿਖ ਬਾਰਾਂ ਤੋਂ ਵੀਹ ਫ਼ੀਸਦੀ ਹੋਜਾਂਦੇ ਸਨ। ਗਿ: ਕਰਤਾਰ ਸਿੰਘ ਦੀ ਰਾਇ ਸੀ ਕਿ ਸਿਖ ਪਾਸਕੂ ਹੋਣ ਕਾਰਨ ਫਾਇਦੇ ਵਿਚ ਰਹਿਣਗੇ। ਸਾਡੀ ਰਾਇ ਸੀ ਕਿ ਜੇਹਿੰਦੂ ਮੁਸਲਮਾਨ ਦੋਵੇਂ ਮਿਲ ਜਾਣ ਤਾਂ ਨੁਕਸਾਨ ਹੋਵੇਗਾ।

ਤਰਨ ਤਾਰਨ ਦੀ ਮਸਿਆ ਤੇ ਜ: ਮੋਹਨ ਸਿੰਘ ਨੇ ਅਜ਼ਾਦ ਪੰਜਾਬ ਦੇ ਹੱਕ ਵਿਚ ਲੈਕਚਰ ਦਿਤਾ। ਅਸੀਂ ਉਸ ਦੀ ਵਿਰੋਧਤਾ ਕੀਤੀ। ਜ: ਜੀ ਨੇ ਕਿਹਾ—' ਕਿਸੇ ਕੌਮੀ ਮਸਲੇ ਬਾਰੇ ਆਪ ਨੂੰ ਸੁਤੰਤਰ ਰਾਇ ਦੇਣ ਦਾ ਪੂਰਨ ਅਧਿਕਾਰ ਹੈ।

੧੯੪੨ ਵਿਚ ਅਕਾਲ ਤਖਤ ਦੀ ਸੇਵਾ ਵਿਚ ਹੁੰਦਿਆਂ ਅਸੀਂ ਪੁਸਤਕ ਲਿਖਣੀਆਂ ਅਰੰਭ ਕੀਤੀਆਂ। ਸ਼ਰੋਮਣੀ ਕਮੇਟੀ ਦੇ ਇਕ ਮੈਂਬਰ ਨੇ ਈਰਖਾ ਕਰ ਕੇ ਇਤਰਾਜ਼ ਕੀਤਾ। ਜਥੇਦਾਰ ਜੀ ਨੇ ਕਿਹਾ—'ਮੇਰੀ ਆਗਿਆ ਨਾਲ ਲਿਖਣਾ ਸ਼ੁਰੂ ਕੀਤਾ ਹੈ। ਇਹ ਵੀ ਕੌਮ ਤੇ ਸਾਹਿਤ ਦੀ ਇਕ ਸੇਵਾ ਹੈ।'

ਲੋਕ ਸੇਵਾ—

ਆਜ਼ਾਦੀ ਦੇ ਬਾਹਦ ੧੯੪੭ ਵਿਚ ਜਥੇਦਾਰ ਜੀ ਨੇ ਪੰਜਾਬ ਸਰਕਾਰ ਨੇ ਪੱਛਮੀ ਪੰਜਾਬ ਵਿਚੋਂ ਆਏ ਰੀਫੀਊਜੀਆਂ ਦੇ 'ਮੁੜ ਵਸਾਊ ਬੋਰਡ' ਦਾ ਮੈਂਬਰ ਨੀਯਤ ਕੀਤਾ। ਆਪ ਨੇ



Digitized by Panjab Digital Library | www.panjabdigilib.org

ਉਸ ਬੋਰਡ ਵਿਚ ਜ਼ਮੀਨ ਦੀ ਵੰਡ ਬਾਰੇ ਬਹੁਤ ਕੀਮਤੀ ਰਾਵਾਂ ਦਿਤੀਆਂ, ਜਿਹਨਾਂ ਪਰ ਪੰਜਾਬ ਸਰਕਾਰ ਨੇ ਵਰਤੋਂ ਕੀਤੀ।

੧੯੪੮ ਵਿਚ ਕੇਂਦਰੀ ਸਰਕਾਰ ਦੇ ਕਹਿਣ ਪਰ ਪੰਜਾਬ ਤੇ ਬੰਗਾਲ ਸਰਕਾਰ ਨੇ ਪਾਕਿਸਤਾਨ ਵਿਚੋਂ ਆਏ ਲੋਕਾਂ ਨੂੰ ਵਸਾਉਣ ਲਈ ਜ਼ਮੀਨਾਂ ਦੀ ਪੜਤਾਲ ਲਈ ਦੋ ਕਮੀਸ਼ਨ ਨੀਯਤ ਕੀਤੇ। ਜਥੇਦਾਰ ਜੀ ਇਕ ਕਮੀਸ਼ਨ ਦੇ ਪ੍ਰਧਾਨ ਸਨ। ਉਸ ਕਮੀਸ਼ਨ ਵਿਚ ਸ: ਸਰੂਪ ਸਿੰਘ ਅਸਿਸਟੈਂਟ ਡਾਰੈਕਟਰ ਖੇਤੀ ਬਾੜੀ ਅਤੇ ਸ: ਬਿਸ਼ਨ ਸਿੰਘ ਸਿੰਘਪੁਰੀਆ ਵੀ ਸ਼ਾਮਲ ਸਨ। ਆਪ ਨੇ ਨਿਕੋ ਬਾਰ ਤੇ ਅੰਡੇਮਾਨਦੇ ਟਾਪੂਆਂ ਵਿਚ ਜਾ ਕੇ ਜ਼ਮੀਨਾਂ ਦੀ ਵੇਖ ਭਾਲ ਕੀਤੀ ਅਤੇ ਪੰਜਾਬੀਆਂ ਨੂੰ ਜ਼ਮੀਨ ਦੇ ਕੇ ਵਸਾਉਣ ਲਈ ਯੋਗ ਸਫਾਰਸ਼ਾਂ ਕੀਤੀਆਂ।

### ਇਕ ਘਟਨਾ—

੧੯੪੮ ਵਿਚ ਸ਼ਰੋਮਣੀ ਕਮੇਟੀ ਦੀ ਪ੍ਰਧਾਨਗੀ ਚੋਣ ਵਿਚ ਜਥੇਦਾਰ ਊਧਮ ਸਿੰਘ ਮਾਸਟਰ ਤਾਰਾ ਸਿੰਘ ਦੇ ਮੁਕਾਬਲੇ ਪਰ ੧੦੫ ਵੋਟਾਂ ਨਾਲ ਜਿੱਤ ਗਏ। ਇਸ ਪਰ ਮਾਸਟਰ ਪਾਰਟੀ ਤੇ ਨਾਗੋਕੇ ਪਾਰਟੀ ਵਿਚਕਾਰ ਖਿਚੋਤਾਣ ਹੋ ਗਈ। ਜ: ਮੋਹਨ ਸਿੰਘ ਨਾਗੋਕੀ ਪਾਰਟੀ ਦੇ ਥੰਮ ਸਮਝੇ ਜਾਂਦੇ ਸਨ।

ਫਰਵਰੀ ੧੯੪੯ ਵਿਚ ਦਿਲੀ ਵਿਚ ਸ਼ਹੀਦੀ ਕਾਨਫਰੰਸ ਦੇ ਕਾਰਨ ਮਾਸਟਰ ਜੀ ਫੜੇ ਗਏ। ਉਹਨਾਂ ਦੇ ਕੁਝ ਸਾਥੀਆਂ ਨੇ ੯ ਮਾਰਚ ੧੯੪੯ ਨੂੰ ਜਥੇਦਾਰ ਜ਼ੀ ਦੀ ਗੈਰ ਹਾਜ਼ਰੀ ਵਿਚ ਅਕਾਲ ਤਖਤ ਦੀਵਾਨ ਕਰਕੇ ਅਰਦਾਸ ਕਰਨੀਚਾਹੀ। ਅਰਦਾਸ ਹੋ ਗਈ। ਜਥੇਦਾਰ ਜੀ ਜ਼ਿਲਾ ਹੁਸ਼ਿਆਰ ਪੁਰ ਦੇ ਇਕ ਦੀਵਾਨ ਤੋਂ ਦੁਪਹਿਰ ਬਾਹਦ ਵਾਪਸ ਆਏ। ਕੁਝ ਆਦਮੀਆਂ ਨੇ ਪਾਰਟੀ ਬਾਜ਼ੀ ਕਰਕੇ ਉਹਨਾਂ ਪਰ ਹਮਲਾ ਕੀਤਾ। ਜਿਸ ਨੂੰ ਉਨ੍ਹਾਂ ਨੇ ਚੰਗੀ ਤਰ੍ਹਾਂ ਨਜਿਠ ਲਿਆ। ਇਸ ਤੋਂ ਬਿਨਾ ਉਹਨਾਂ ਦੇ ਸਮੇਂ



Digitized by Panjab Digital Library | www.panjabdigilib.org

ਵਿਚ ਕੋਈ ਘਟਨਾ ਨਹੀਂ ਹੋਈ।

ਦੋ ਵੇਰ ਅਸੈਂਬਲੀ ਦੇ ਮੈਂਬਰ—

ਜਥੇਦਾਰ ਜੀ ਪਹਿਲੀ ਵੇਰ ੧੯੫੨ ਵਿਚ ਪੰਜਾਬ ਅਸੈਂਬਲੀ ਦੇ ਮੈਂਬਰ ਚੁਣੇ ਗਏ। ਆਪ ਅਸੈਂਬਲੀ ਦੀ ਅਸਟੀਮੇਟ ਤੇ ਅਕਾਊਂਟਜ਼ ਕਮੇਟੀ, ਰੂਲਜ਼ ਕਮੇਟੀ ਅਤੇ ਪੁਲੀਟੀਕਲ ਸਫਰਰਸ ਕਮੇਟੀ ਦੇ ਮੈਂਬਰ ਸਨ।

੧੯੫੮ ਵਿਚ ਸਬਾਰਡੀਨੇਟ ਸਰਵਿਸ ਕਮੀਸ਼ਨ ਦੇ ਮੈਂਬਰ ਨੀਯਤ ਹੋਏ। ਉਥੇ ਪੰਜ ਸਾਲ ਆਪ ਨੇ ਸੁਚੱਜੀ ਸੇਵਾ ਕੀਤੀ। ੨੫ ਸਤੰਬਰ ੧੯੬੩ ਨੂੰ ਆਪ ਸਬਾਰਡੀਨੇਟ ਸਰਵਿਸ ਕਮਿਸ਼ਨ ਵਿਚੋਂ ਰੀਟਾਇਰ ਹੋਏ।

੧੯੬੭ ਵਿਚ ਦੁਬਾਰਾ ਆਪਣੇ ਇਲਾਕੇ ਵਿਚੋਂ ਕਾਂਗਰਸ ਟਿਕਟ ਪਰ ਪੰਜਾਬ ਅਸੈਂਬਲੀ ਦੇ ਮੈਂਬਰ ਚੁਣੇ ਗਏ।

ਆਪ ਨੇ ਪੰਜਾਬ ਅਸੈਂਬਲੀ ਤੇ ਸਬਾਰਡੀਨੇਟ ਸਰਵਿਸ ਕਮਿਸ਼ਨ ਰਾਹੀਂ ੧੬ ਸਾਲ ਪੰਜਾਬ ਦੀ ਅਤਿ ਸ਼ਾਨਦਾਰ ਸੇਵਾ ਕੀਤੀ।

ਲੰਮੀ ਗੁਰਦਵਾਰਾ ਸਰਵਿਸ ਵਿਚ ਜਥੇਦਾਰ ਜੀ ਦਾ ਸਭ ਤੋਂ ਵਡਾ ਕ੍ਰੈਡਿਟ ਇਹ ਹੈ ਕਿ ਉਹ ਅਕਾਲ ਤਖਤ ਦੇ ਜਥੇਦਾਰ ਹੋਣ ਦੇ ਨਾਲ ਪੰਜ ਸਾਲ ਸ਼ਰੋਮਣੀ ਕਮੇਟੀ ਦੇ ਪ੍ਰਧਾਨ ਰਹੇ ਹਨ। ਉਹਨਾਂ ਦੇ ਵਕਤ ਵਿਚ ਸਾਰੇ ਫੈਸਲੇ ਸਰਬ ਸੰਮਤੀ ਨਾਲ ਹੁੰਦੇ ਰਹੇ ਹਨ।

ਦੋ ਵੇਰ ਐਮ. ਐਲ. ਏ. ਤੇ ਸਬਾਰਡੀਨੇਟ ਸਰਵਿਸ ਬੋਰਡ ਦੇ ਮੈਂਬਰ ਬਣ ਕੇ ਉਹਨਾਂ ਨੇ ਬੜੀ ਦਿਆਨਤਦਾਰੀ ਨਾਲ ਲੋਕ ਸੇਵਾ ਕੀਤੀ ਹੈ।

ਆਪ ਸਵੇਰੇ ਉਠਦੇ ਸਨ। ਇਸ਼ਨਾਨ ਕਰਕੇ ਗੁਰਬਾਣੀ ਦਾ ਪਾਠ ਕਰਦੇ ਸਨ। ਸਰੀਰਕ ਕ੍ਰਿਆ ਬੜੀ ਸਵੱਛ ਸੀ। ਲੈਕਚਰ



Digitized by Panjab Digital Library | www.panjabdigilib.org

ਜਾਂ ਗਲਾਂ ਬਾਤਾਂ ਵਿਚ ਬੜੇ ਉਤਮ ਵਿਚਾਰ ਪ੍ਰਗਟ ਕਰਦੇ ਸਨ।

ਜਥੇਦਾਰ ਜੀ ਬੜੇ ਸਫਲ ਗ੍ਰਿਹਸਤੀ ਸਨ। ਆਪ ਦੇ ਦੋ ਲੜਕੇ ਤੇ ਚਾਰ ਲੜਕੀਆਂ ਹਨ। ਉਹਨਾਂ ਦੀ ਸਪੁਤਰੀ ਬੀਬੀ ਜਸਵੰਤ ਕੌਰ ਜ:ਮੋਹਨ ਸਿੰਘ ਤੁੜ ਦੇ ਮੁਕਾਬਲੇ ਪਰ ਐਮ. ਐਲ. ਏ. ਬਣੇ ਹਨ।

ਜ: ਮੋਹਨ ਸਿੰਘ ਜੀ ਜੂਨ ੧੯੬੮ ਵਿਚ ਦਿਮਾਗ ਦੀ ਰਸੌਲੀ ਜਾਂ ਨਾੜੀ ਫਟ ਜਾਣ (Brain Haemarrhage) ਨਾਲ ਬੀਮਾਰ ਹੋਏ। ਲਗਾਤਾਰ ਅਠ ਮਹੀਨੇ ਬੇਹੋਸ਼ ਰਹੇ। ਮਿਸ਼ਨ ਹਸਪਤਾਲ ਲੁਧਿਆਣੇ ਵਿਚ ਆਪ ਦਾ ਇਲਾਜ ਕੀਤਾ ਗਿਆ।

ਸ: ਲਛਮਨ ਸਿੰਘ ਗਿਲ ਮੁਖ ਮੰਤਰੀ ਪੰਜਾਬ ਨੇ ਅਂਧਰਾਂ ਚੋਂ ਦਿਮਾਗੀ ਰੋਗਾਂ ਦਾ ਇਕ ਪ੍ਰਬੀਨ ਡਾਕਟਰ ਮੰਗਵਾਕੇਇਲਾਜ ਕਰਵਾਇਆ ਪਰ "ਜਿਸਕੀ ਪੂਜੈ ਅਉਧ ਤਿਸੈ ਕਉਣੁ ਰਾਖਈ" ਦੇ ਵਾਕ ਅਨੁਸਾਰ ਘੱਟੀ ਦਾ ਕੋਈ ਇਲਾਜ ਨਹੀਂ।

ਲੁਧਿਆਣੇ ਤੇ ਆਪ ਨੂੰ ਸਿਵਲ ਹਸਪਤਾਲ ਅੰਮ੍ਰਿਤਸਰ ਵਿਚ ਲਿਆਂਦਾ ਗਿਆ। ੨ ਮਾਰਚ ੧੯੬੯ ਨੂੰ ਜੀਵਨ ਯਾਤਰਾ ਸੰਪੂਰਨ ਕਰਦੇ ਹੋਏ ਹੁਕਮ ਸਤ ਹੋ ਗਏ। ਨਾਗੋਕੀ ਵਿਚ ਆਪ ਦੀ ਯਾਦਗਾਰ ਬਣਾਈ ਗਈ ਹੈ। ਉਥੇ ਹਰ ਸਾਲ ਪਾਠ ਤੇ ਦੀਵਾਨ ਹੁੰਦਾ ਹੈ।



Digitized by Panjab Digital Library | www.panjabdigilib.org

## ੧੮.

# ਜ: ਸੋਹਣਸਿੰਘ ਜਲਾਲਉਸਮਾਂ

### ਮਹਾਨ ਦੇਸ਼ ਭਗਤ ਤੇ ਅਨਥਕ ਲੋਕ ਸੇਵਕ

ਪੰਜਾਬ ਵਿਚ ਜਿਸ ਨੇ ਅਧੀ ਸਦੀ ਲਗਾਤਾਰ ਕੌਮ ਅਤੇ ਦੇਸ਼ ਦੇ ਹਰ ਮੋਰਚੇ ਵਿਚ ਵਧ ਚੜ੍ਹ ਕੇ ਕੁਰਬਾਨੀ ਕੀਤੀ, ਅਕਾਲੀ ਦਲ, ਸ਼ਰੋਮਣੀ ਕਮੇਟੀ ਤੇ ਕਾਂਗਰਸ ਵਿਚ ਇਕ ਮਜ਼ਬੂਤ ਤੇ ਵਫਾਦਾਰ ਸਿਪਾਹੀ ਅਤੇ ਜਰਨੈਲ ਦੀ ਹੈਸੀਅਤ ਵਿਚ ਸ਼ਾਨਦਾਰ ਕੰਮ ਕੀਤਾ ਹੈ,ਜਿਸਵਿਚ ਪੇਂਡੂ ਜਨਤਾ ਨੂੰ ਜਥੇਬੰਦ ਕਰ ਕੇ ਉਸ ਨੂੰ ਦੇਸ਼ ਸੇਵਾ ਅਤੇ ਕੌਮੀ ਕੰਮਾਂ ਲਈ ਵਰਤਨ ਦੀ ਅਸਚਰਜ ਸ਼ਕਤੀ ਹੈ, ਜਿਸ ਨੇ ਸਿਰਫ ਲੋਕ-ਸੇਵਾ ਦੇ ਕਾਰਨ ਹੀ ਗ੍ਰਿਹਸਤ ਧਾਰਨ ਨਹੀਂ ਕੀਤਾ, ਆਪਣੇ ਮੋਹ ਅਤੇ ਪਿਆਰ ਨੂੰ ਕੇਵਲ ਆਪਣੇ ਪਰਵਾਰ ਤਕ ਸੀਮਤ ਕਰਨ ਦੀ ਥਾਂ ਉਸ ਨੂੰ ਲੋਕ-ਸੇਵਾ ਲਈ ਵਰਤਿਆ ਹੈ, ਜਿਸ ਨੇ ਆਜ਼ਾਦੀ ਦੇ ਬਾਹਦ ਚਾਰ ਵੇਰ ਐਮ. ਐਲ. ਏ. ਤੇ ਹੁਣ ਸਟੇਟ ਮਨਿਸਟਰ ਬਣਕੇ ਕਈ ਉਸਾਰੂ ਤੇ ਠਿਗਰ ਕੰਮ ਕੀਤੇ ਹਨ, ਜਿਹੜਾ ੭੦ ਸਾਲ ਦੀ ਉਮਰ ਵਿਚ ਲੋਕ-ਸੇਵਾ ਦਾ ਅਮੁਕ ਉਤਸ਼ਾਹ ਤੇ ਜਜ਼ਬਾ ਰਖਦਾ ਹੈ, ਉਹ ਜਥੇਦਾਰ ਸੋਹਨ ਸਿੰਘ ਜਲਾਲ ਉਸਮਾਂ ਹਨ।

ਉਹਨਾਂ ਦਾ ਸੰਖੇਪ ਜੀਵਨ-ਚਰਿਤ੍ਰ ਇਸ ਪ੍ਰਕਾਰ ਹੈ—

ਜ: ਸੋਹਣ ਸਿੰਘ ਦਾ ਜਨਮ ਸੰਨ ੧੯੦੦ ਵਿਚ ਜ਼ਿਲਾ ਅੰਮ੍ਰਿਤਸਰ ਦੇ ਪਿੰਡ ਜਲਾਲ ਉਸਮਾਂ ਵਿਚ ਸ: ਜਵਾਹਰ ਸਿੰਘ



Digitized by Panjab Digital Library | www.panjabdigilib.org

ਦੇ ਘਰ ਮਾਤਾ ਰੂੜ ਕੌਰ ਤੋਂ ਹੋਇਆ। ਆਪ ਦੇ ਇਕ ਵਡੇ ਭਰਾ ਸ: ਨੰਦ ਸਿੰਘ ਸਨ, ਜਿਹਨਾਂ ਨੂੰ ਪਿੰਡ ਤੇ ਇਲਾਕੇ ਦੇ ਲੋਕ "ਸਾਹ ਜੀ' ਕਹਿੰਦੇ ਸਨ। ਜਥੇਦਾਰ ਜੀ ਗੁਰੂ ਘਰ ਦੇ ਬਜ਼ੁਰਗ ਬਾਬਾ ਬੁਢਾ ਜੀ ਦੇ ਰੰਧਾਵਾ ਗੋਤ ਦੇ ਜਟ ਹਨ। ਆਪ ਦੇ ਪਿਤਾ ਜੀ ਖੇਤੀ ਬਾੜੀ ਦਾ ਕੰਮ ਕਰਦੇ ਸਨ।

ਆਰੰਭਕ ਜੀਵਨ—

ਬਚਪਨ ਵਿਚ ਜਥੇਦਾਰ ਜੀ ਦੀ ਪਰਵਰਿਸ਼ ਬੜੇ ਚੰਗੇ ਢੰਗ ਨਾਲ ਹੋਈ, ਇਸ ਲਈ ਆਪ ਬੜੇ ਸੁੰਦਰ, ਸਡੌਲ ਤੇ ਉਜਲ ਦੀਦਾਰੀ ਨਿਕਲੇ। ਉਹਨਾਂ ਦਿਨਾਂ ਵਿਚ ਪੰਜਾਬ ਦੇ ਪਿੰਡਾਂ ਵਿਚ ਸਕੂਲ ਨਹੀਂ ਸਨ, ਇਸ ਲਈ ਆਪ ਪਿੰਡ ਦੇ ਗਰੰਥੀ ਤੇ ਸੰਤਾਂ ਪਾਸੋਂ ਗੁਰਮੁਖੀ ਹੀ ਪੜ੍ਹ ਸਕੇ। ਬਾਣੀ ਦਾ ਪਾਠ ਕਰਨ ਦੇ ਨਾਲ ਸ਼ਬਦ ਕੀਰਤਨ ਵੀ ਕਰਨ ਲਗ ਪਏ। ੧੫-੧੬ ਸਾਲ ਦੀ ਉਮਰ ਵਿਚ ਵਾਹੀ ਦਾ ਕੰਮ ਸੰਭਾਲ ਲਿਆ।

ਫੌਜ ਦੀ ਨੌਕਰੀ—

ਚੰਗੇ ਜਵਾਨ ਹੋਣ ਕਰਕੇ ਆਪ ੧੯੧੮ ਵਿਚ ੯੩ ਨੰਬਰ ਪਲਟਨ ਵਿਚ ਭਰਤੀ ਹੋ ਗਏ। ਇਹ ਪਲਟਨ ਦਿਲੀ ਵਿਚ ਸੀ ਅਤੇ ਆਪ ਨੂੰ ਨੌਕਰੀ ਕਰਦਿਆਂ ਅਜੇ ਇਕ ਸਾਲ ਹੀ ਹੋਇਆ ਸੀ ਕਿ ੧੯੧੯ ਵਿਚ ਜਲ੍ਹਿਆਂ ਵਾਲੇ ਬਾਗ ਦਾ ਸਾਕਾ ਹੋ ਗਿਆ। ਜਿਸ ਨੇ ਦੇਸ਼ ਵਿਚ ਆਜ਼ਾਦੀ ਦੀ ਲਹਿਰ ਨੂੰ ਬਹੁਤ ਤੇਜ਼ ਕਰ ਦਿਤਾ। ਪੰਜਾਬ ਵਿਚ ਕਈ ਥਾਈਂ ਮਾਰਸ਼ਲ-ਲਾਅ ਹੋਇਆ ਅਤੇ ਅੰਗਰੇਜ਼ੀ ਹਕੂਮਤ ਨੇ ਲੋਕਾਂ ਤੇ ਕਾਫੀ ਸਖਤੀ ਕੀਤੀ। ਜਥੇਦਾਰ ਜੀ ਦੇ ਮਨ ਉਤੇ ਉਸ ਦਾ ਡੂੰਘਾ ਅਸਰ ਪਿਆ। ਆਪ ਨੇ ਪਲਟਨ ਦੇ ਕੁਝ ਨੌਜਵਾਨਾਂ ਨਾਲ ਮਿਲ ਕੇ ਵਿਦੇਸ਼ੀ ਹਕੂਮਤ ਵਿਰੁਧ ਬਗਾਵਤ ਕਰਨ ਦੀ



Digitized by Panjab Digital Library | www.panjabdigilib.org

ਵਿਉਂਤ ਕੀਤੀ, ਪਰ ਉਹ ਸਿਰੇ ਨਾ ਚੜ੍ਹ ਸਕੀ।

ਵਾਹਿਗੁਰੂ ਨੇ ਜਿਸ ਪਾਸੋਂ ਦੇਸ਼ ਦੀ ਸੇਵਾ ਲੈਣੀ ਸੀ, ਉਹ ਕਿਸ ਤਰ੍ਹਾਂ ਸਰਕਾਰੀ ਨੌਕਰੀ ਵਿਚ ਰਹਿ ਸਕਦਾ ਸੀ। ਚੁਨਾਂਚਿ ੧੯੨੦ ਵਿਚ ਪਲਟਨ ਦੇ ੩੫੦ ਨੌਜਵਾਨਾਂ ਸਮੇਤ ਫ਼ੌਜੀ ਨੌਕਰੀ ਛਡ ਦਿਤੀ ਅਤੇ ਘਰ ਨੂੰ ਆ ਗਏ।

ਸੇਵਾ ਦੇ ਮੈਦਾਨ ਵਿਚ—

੧੯੨੧ ਵਿਚ ਅਕਾਲੀ ਲਹਿਰ ਵੀ ਜ਼ੋਰ ਨਾਲ ਚਲ ਪਈ। ਆਪ ਨੇ ਉਸ ਵਿਚ ਵਧ ਚੜ੍ਹ ਕੇ ਹਿਸਾ ਲੈਣਾ ਸ਼ੁਰੂ ਕਰ ਦਿਤਾ। ਅਗਸਤ ੧੯੨੨ ਵਿਚ ਗੁਰੂ ਕੇ ਬਾਗ ਦਾ ਮੋਰਚੇ ਬਾਰ ਪਿੰਡ ਜਲਾਲ ਉਸਮੇ ਵਿਚ ਇਕ ਦੀਵਾਨ ਹੋਇਆ। ਉਸ ਦੀਵਾਨ ਵਿਚ ਆਪ ਨੇ ਅੰਮ੍ਰਿਤ ਛਕਿਆ ਅਤੇ ਅਕਾਲੀ ਸਜ ਗਏ। ਗੁਰੂ ਕੇ ਬਾਗ ਦੇ ਮੋਰਚੇ ਸਮੇਂ ਆਪ ਨੇ ਇਲਾਕਾ ਬਿਆਸ ਦੇ ਪਿੰਡਾਂ ਵਿਚ ਫਿਰ ਕੇ ਸ਼ਾਨਦਾਰ ਕੰਮ ਕੀਤਾ, ਜਿਸ ਕਰਕੇ ਇਲਾਕੇ ਵਿਚ ਆਪ ਦੀ ਚੰਗੀ ਸ਼ੁਹਰਤ ਹੋ ਗਈ।

੧੯੨੪ ਵਿਚ ਜੈਤੋਦੇ ਮੋਰਚੇ ਸਮੇਂ ਚੌਥੇ ਸ਼ਹੀਦੀ ਜਥੇ ਵਿਚ ਸ਼ਾਮਲ ਹੋ ਕੇ ਜੈਤੋ ਗਏ। ਉਥੇ ਆਪ ਨੂੰ ਗ੍ਰਿਫ਼ਤਾਰ ਕਰਕੇ ਨਾਭਾ ਬੀੜ ਵਿਚ ਭੇਜ ਦਿਤਾ ਗਿਆ। ਆਪ ਨੇ ਜਥੇ ਨਾਲ ਸਾਲ ਭਰ ਲਗਾਤਾਰ ਨਾਭਾ ਬੀੜ ਵਿਚ ਖਿੜੇ ਮਥੇ ਮੁਸੀਬਤਾਂ ਸਹਾਰੀਆਂ।

੧੯੨੫ ਵਿਚ ਗੁਰਦਵਾਰਾ ਐਕਟ ਬਣਨ ਪਰ ਜੈਤੋ ਦਾ ਮੋਰਚਾ ਖਤਮ ਹੋ ਗਿਆ। ਸਾਰੇ ਅਕਾਲੀ ਰਿਹਾ ਕੀਤੇ ਗਏ। ੧੯੨੬ ਵਿਚ ਜਥੇਦਾਰ ਜੀ ਅਕਾਲੀ ਜਥਾ ਇਲਾਕਾ ਬਿਆਸ ਦੇ ਜਥੇਦਾਰ ਚੁਣੇ ਗਏ। ਆਪ ਨੇ ਪਿੰਡਾਂ ਵਿਚ ਪ੍ਰਚਾਰ ਅਤੇ ਸੁਧਾਰ ਦਾ ਸ਼ਾਨਦਾਰ ਕੰਮ ਕੀਤਾ। ਆਪ ਅਕਾਲੀ ਹੋਣ ਦੇ ਨਾਲ ਕਾਂਗਰਸ ਦੇ ਮੈਂਬਰ ਵੀ ਸਨ। ਦੇਸ਼ ਦੀ ਆਜ਼ਾਦੀ ਲਈ ਆਪਣੇ



Digitized by Panjab Digital Library | www.panjabdigilib.org

ਮਨ ਵਿਚ ਬੜੀ ਤੜਪ ਰਖਦੇ ਸਨ ।

ਕਿਸਾਨ ਮੋਰਚੇ ਵਿਚ—

੧੯੨੯ ਵਿਚ ਪੰਜਾਬ ਸਰਕਾਰ ਨੇ ਜ਼ਿਲਾ ਅੰਮ੍ਰਿਤਸਰ ਦੇ ਕਿਸਾਨਾਂ ਦਾ ਮਾਲੀਆ ਵਧਾਉਣ ਦੀ ਤਜਵੀਜ਼ ਕੀਤੀ। ਉਸ ਦੇ ਵਿਰੁਧ ਅੰਦੋਲਨ ਕਰਨ ਲਈ ਇਕ ਕਮੇਟੀ ਬਣਾਈ ਗਈ। ਉਸ ਕਮੇਟੀ ਦੇ ਮੁਖੀ ਸਨ—ਜਥੇਦਾਰ ਊਧਮ ਸਿੰਘ ਨਾਗੋਕੇ, ਸ: ਪ੍ਰਤਾਪ ਸਿੰਘ ਕੈਰੋਂ, ਜ: ਸੋਹਣ ਸਿੰਘ ਜਲਾਲ ਉਸਮਾਂ, ਸ: ਦਰਸ਼ਨ ਸਿੰਘ ਫੇਰੂਮਾਨ ਆਦਿਕ ।

ਸਰਕਾਰ ਨੇ ਜ: ਊਧਮ ਸਿੰਘ ਤੇ ਸ: ਪ੍ਰਤਾਪ ਸਿੰਘ ਕੈਰੋਂ ਨੂੰ ਆਪੋ ਆਪਣੇ ਪਿੰਡਾਂ ਵਿਚ ਨਜ਼ਰਬੰਦ ਕਰ ਦਿਤਾ। ਪਰ ਜ: ਸੋਹਣ ਸਿੰਘ ਨੂੰ ਨੌਰੰਗਾਬਾਦ ਜ਼ਿਲਾ ਅੰਮ੍ਰਿਤਸਰ ਦੇ ਕਿਸਾਨ ਜਲਸੇ ਵਿਚ ਤਕਰੀਰ ਕਰਨ ਦੇ ਦੋਸ਼ ਵਿਚ ਗ੍ਰਿਫਤਾਰ ਕਰਕੇ ਮੁਕੱਦਮਾ ਚਲਾਇਆ ਗਿਆ । ਏ. ਡੀ. ਐਮ. ਅੰਮ੍ਰਿਤਸਰ ਦੀ ਅਦਾਲਤ ਨੇ ਆਪ ਨੂੰ ਡੇਢ ਸਾਲ ਕੈਦ ਅਤੇ ੨੦੦) ਜੁਰਮਾਨੇ ਦੀ ਸਜ਼ਾ ਦਿਤੀ। ਉਸ ਅੰਦੋਲਨ ਦਾ ਨਤੀਜਾ ਇਹ ਹੋਇਆ ਕਿ ਸਰਕਾਰ ਨੂੰ ਜ਼ਿਲਾ ਅੰਮ੍ਰਿਤਸਰ ਦਾ ਬੰਦੋਬਸਤ ਅਤੇ ਵਧਾਇਆ ਮਾਲੀਆ ਮੁਲਤਵੀ ਕਰਨਾ ਪਿਆ।

੧੯੩੦ ਵਿਚ ਆਪ ਰਿਹਾ ਹੋਏ । ਗੁਰਦਵਾਰਾ ਕਮੇਟੀ ਬਾਬਾ ਬਕਾਲਾ ਦੇ ਮੈਂਬਰ ਚੁਣੇ ਗਏ। ਉਸ ਤੋਂ ਬਾਹਦ ਗੁਰਦਵਾਰਾ ਕਮੇਟੀ ਦੇ ਪ੍ਰਧਾਨ ਵੀ ਰਹੇ । ਆਪ ਨੇ ਗੁਰਦਵਾਰੇ ਦੀ ਤਰੱਕੀ ਲਈ ਬਹੁਤ ਕੰਮ ਕੀਤਾ ਤੇ ਪ੍ਰਬੰਧ ਨੂੰ ਬਹੁਤ ਚੰਗੀ ਤਰ੍ਹਾਂ ਨਿਬਾਹਿਆ ।

ਅਜ਼ਾਦੀ ਦੇ ਘੋਲ ਵਿਚ—

੧੯੩੦ ਵਿਚ ਕਾਂਗਰਸ ਨੇ ਦੂਜੀ ਸਿਵਲ ਨਾਫੁਰਮਾਨੀ ਕੀਤੀ



Digitized by Panjab Digital Library | www.panjabdigilib.org

ਆਪ ਨੇ ਜਲ੍ਹਿਆਂ ਵਾਲੇ ਬਾਗ ਵਿਚ ਪੁਜ ਕੇ ਸਤਿਆ ਗ੍ਰਹਿ ਕੀਤਾ। ਸਰਕਾਰ ਅੰਗਰੇਜ਼ੀ ਨੇ ਆਪ ਨੂੰ ਗ੍ਰਿਫਤਾਰ ਕਰ ਲਿਆ ਤੇ ਮੁਕੱਦਮਾ ਚਲਾਇਆ। ਇਸ ਵਿਚ ਆਪ ਤਿੰਨ ਮਹੀਨੇ ਜੇਹਲ ਵਿਚ ਰਹੇ। ਗਾਂਧੀ ਇਰਵਨ ਸਮਝੌਤਾ ਹੋਣ ਕਰ ਕੇ ਆਪ ਨੂੰ ਰਿਹਾ ਕੀਤਾ ਗਿਆ।

੧੯੩੨ ਵਿਚ ਫਿਰ ਆਪ ਨੂੰ ਜ਼ੇਰ ਦਫਾ ੧੭ ਏ. ਗ੍ਰਿਫਤਾਰ ਕੀਤਾ ਗਿਆ। ਅੰਮ੍ਰਿਤਸਰ ਦੇ ਇਕ ਮਜਿਸਟਰੇਟ ਨੇ ਆਪ ਨੂੰ ਛੇ ਮਹੀਨੇ ਕੈਦ ਅਤੇ ਜ਼ੁਰਮਾਨੇ ਦੀ ਸਜ਼ਾ ਦਿਤੀ। ਇਹ ਕੈਦ ਆਪ ਨੇ ਮੁਲਤਾਨ ਸੈਂਟਰਲ ਜੇਹਲ ਵਿਚ ਕਟੀ।

੧੯੩੩-੩੪ ਵਿਚ ਦੇਸ਼ ਭਗਤ ਕੈਦੀਆਂ ਦੀ ਰਿਹਾਈ ਲਈ ਇਕ 'ਕੈਦੀ ਛੁਡਾਊ ਕਮੇਟੀ' ਬਣਾਈ ਗਈ। ਉਸ ਵਿਚ ਬਾਬਾ ਵਸਾਖਾ ਸਿੰਘ ਦਦੇਹਰ: ਬਾਬਾ ਸੋਹਣ ਸਿੰਘ ਭਕਨਾ, ਜ: ਊਧਮ ਸਿੰਘ, ਸ: ਪ੍ਰਤਾਪ ਸਿੰਘ ਕੈਰੋਂ ਆਦਿਕ ੧੨ ਮੈਂਬਰ ਸਨ। ਉਹਨਾਂ ਵਿਚੋਂ ਜਥੇਦਾਰ ਸੋਹਣ ਸਿੰਘ ਜੀ ਇਕ ਮੁਖੀ ਮੈਂਬਰ ਸਨ। ਉਸ ਵਕਤ ਆਪ ਅਕਾਲੀ ਜਥਾ ਜ਼ਿਲਾ ਅੰਮ੍ਰਿਤਸਰ ਦੇ ਜਥੇਦਾਰ ਵੀ ਸਨ। ਸਰਕਾਰ ਵਲੋਂ ਆਪ ਨੂੰ ਅੰਮ੍ਰਿਤਸਰ ਵਿਚ ਨਜ਼ਰਬੰਦ ਕਰ ਦਿਤਾ ਗਿਆ।

ਗੁਰਦਵਾਰਿਆਂ ਦੀ ਸੇਵਾ—

੧੯੩੮ ਵਿਚ ਜ: ਊਧਮ ਸਿੰਘ ਨੇ ਮੁਜ਼ਾਹਰਾ ਕੀਤਾ, ਉਸ ਨੂੰ ਜਥੇਬੰਦ ਕਰਨ ਦਾ ਕੰਮ ਆਪ ਨੇ ਕੀਤਾ। ਉਸ ਕਿਸਾਨ ਮੋਰਚੇ ਵਿਚ ੧ ਸਾਲ ਕੈਦ ਕੀਤਾ ਗਿਆ।

੧੯੩੮-੩੯ ਦੀ ਗੁਰਦਵਾਰਾ ਚੋਣ ਵਿਚ ਆਪ ਸ਼ਰੋਮਣੀ ਕਮੇਟੀ ਅਤੇ ਲੋਕਲ ਗੁਰਦਵਾਰਾ ਕਮੇਟੀ ਤਰਨ ਤਾਰਨ ਦੇ ਮੈਂਬਰ ਚੁਣੇ ਗਏ।

੧੯੩੯ ਤੋਂ ੧੯੪੨ ਤੀਕ ਤਿੰਨ ਸਾਲ ਲਗਾਤਾਰ



Digitized by Panjab Digital Library | www.panjabdigilib.org

ਗੁਰਦਵਾਰਾ ਕਮੇਟੀ ਤਰਨ ਤਾਰਨ ਦੇ ਪ੍ਰਧਾਨ ਰਹੇ। ਇਸ ਸਮੇਂ ਆਪ ਨੇ ੪੦ ਹਜ਼ਾਰ ਦੀ ਜ਼ਮੀਨ ਲੈ ਕੇ ਗੁਰਦਵਾਰਾ ਕਮੇਟੀ ਦਾ ਦਫਤਰ ਬਣਾਇਆ ਅਤੇ ਗੁਰਦਵਾਰੇ ਦੀ ਦੋ ਲੱਖ ਰੁਪਏ ਦੀ ਜਾਇਦਾਦ ਬਣਾਈ। ੧੪ ਰਿਹਾਇਸ਼ੀ ਮਕਾਨ ਬਣਾਏ।

ਚੋਣ ਕੇਸ ਵਿਚ–

੧੯੪੧ ਵਿਚ ਹਲਕਾ ਬਟਾਲਾ ਦੀ ਜ਼ਿਮਨੀ ਚੋਣ ਵਿਚ ਸ: ਗੁਰਬਖਸ਼ ਸਿੰਘ ਐਡਵੋਕੇਟ (ਅਕਾਲੀ) ਅਤੇ ਸ: ਕਿਰਪਾਲ ਸਿੰਘ ਮਜੀਠੀਆ ਦਾ ਮੁਕਾਲਾ ਸੀ। ਜਿਸ ਵਿਚ ਪਿੰਡ ਰੰਘੜ ਨੰਗਲ ਦੇ ਜਲਸੇ ਵਿਚ ਝਗੜਾ ਹੋਣ ਕਰਕੇ ਮਜੀਠਾ ਪਾਰਟੀ ਦਾ ਇਕ ਆਦਮੀ ਮਾਰਿਆ ਗਿਆ। ਉਸ ਕੇਸ ਵਿਚ ਜ: ਸੋਹਣ ਸਿੰਘ ਜਲਾਲ ਉਸਮਾਂ. ਸ: ਈਸ਼ਰ ਸਿੰਘ ਮਝੈਲ, ਜ: ਤਾਰਾ ਸਿੰਘ ਜਲਾਲ ਉਸਮਾਂ, ਸ: ਭਾਨ ਸਿੰਘ, ਸ: ਕਰਤਾਰ ਸਿੰਘ ਤੇ ਊਧ ਸਿੰਘ ਉਦੋ ਨੰਗਲ ਵਿਰੁਧ ਕਤਲ ਦਾ ਕੇਸ ਚਲਾਇਆ ਗਿਆ। ਇਹ ਸਾਰੇ ਸਜਣ ਸੈਸ਼ਨ ਸਪੁਰਦ ਕੀਤੇ ਗਏ। ਆਪ ਅਠ ਮਹੀਨੇ ਗੁਰਦਾਸਪੁਰ ਜੇਹਲ ਵਿਚ ਰਹੇ। ਕੇਸ ਵਿਚੋਂ ਆਪ ਬਰੀ ਹੋ ਗਏ। ਪਰ ਪੁਲੀਸ ਨੇ ਡੀਫੈਂਸ ਰੂਲਜ਼ ਦੇ ਅਧੀਨ ਆਪ ਨੂੰ ਜੇਲ੍ਹ ਵਿਚ ਹੀ ਰਖਿਆ ਗਿਆ। ਅਖੀਰ ੧੩ ਅਪ੍ਰੈਲ ੧੯੪੨ ਨੂੰ ਰਿਹਾ ਹੋਏ।

ਕਿਲੇ ਵਿਚ–

ਅਗਸਤ ੧੯੪੨ ਵਿਚ ਮਹਾਤਮਾ ਗਾਂਧੀ ਅਤੇ ਕਾਂਗਰਸ ਨੇ ਦੂਜੀ ਮਹਾਨ ਜੰਗ ਸਮੇਂ 'ਅੰਗਰੇਜ਼ੋ ਭਾਰਤ ਵਿਚੋਂ ਨਿਕਲ ਜਾਉ', 'ਕਰੋ ਜਾਂ ਮਰੋ' ਦੀ ਲਹਿਰ ਜਾਰੀ ਕੀਤੀ। ਸਰਕਾਰ ਅੰਗਰੇਜ਼ੀ ਨੇ ਸਾਰੇ ਕੌਮੀ ਲੀਡਰਾਂ ਨੂੰ ਗ੍ਰਿਫਤਾਰ ਕਰ ਲਿਆ। ਕਈਂ ਥਾਈਂ ਬਹੁਤ ਸਖਤੀ ਕੀਤੀ। ਉਸ ਮੌਕੇ ਜ: ਸੋਹਣ ਸਿੰਘ



Digitized by Panjab Digital Library | www.panjabdigilib.org

ਜੀ ਨੇ ਪੰਜਾਬ ਤੇ ਖਾਸ ਕਰ ਜ਼ਿਲਾ ਅੰਮ੍ਰਿਤਸਰ ਵਿਚ ਆਜ਼ਾਦੀ ਦੀ ਲਹਿਰ ਨੂੰ ਤੇਜ਼ ਕਰਨ ਦਾ ਜਤਨ ਕੀਤਾ। ਕਈ ਥਾਈਂ ਤੋੜ ਫੋੜ ਕੀਤੀ ਗਈ। ਸਰਕਾਰ ਨੇ ਆਪ ਨੂੰ ਗ੍ਰਿਫ਼ਤਾਰ ਕਰਨ ਲਈ ਵਾਰੰਟ ਜਾਰੀ ਕੀਤੇ, ਪਰ ਆਪ ਕੁਝ ਚਿਰ ਗੁਪਤ ਰਹਿ ਕੇ ਕੰਮ ਕਰਦੇ ਰਹੇ।

ਦੂਜੀ ਮਹਾਨ ਜੰਗ ਸਮੇਂ ਅਕਾਲੀ ਲੀਡਰ ਮਾਸਟਰ ਤਾਰਾ ਸਿੰਘ ਤੇ ਗਿਆਨੀ ਕਰਤਾਰ ਸਿੰਘ ਦੀ ਇਹ ਰਾਇ ਬਣੀ ਕਿ ਜੰਗ ਵਿਚ ਸਿਖਾਂ ਨੂੰ ਸਰਕਾਰ ਅੰਗਰੇਜ਼ੀ ਦੀ ਮਦਦ ਕਰਨੀ ਤੇ ਫੌਜੀ ਭਰਤੀ ਦੇਣੀ ਚਾਹੀਦੀ ਹੈ। ਜ: ਸੋਹਣ ਸਿੰਘ ਜ: ਊਧਮ ਸਿੰਘ ਸ: ਦਰਸ਼ਨ ਸਿੰਘ ਫੇਰੂਮਾਨ ਸ: ਪ੍ਰਤਾਪ ਸਿੰਘ ਕੈਰੋਂ, ਬਾਬੂ ਲਾਭ ਸਿੰਘ ਜਲੰਧਰ, ਸ: ਬਸੰਤ ਸਿੰਘ ਮੋਗਾ ਉਹਨਾਂ ਕੌਮ ਪ੍ਰਸਤ ਲੀਡਰਾਂ ਵਿਚੋਂ ਸਨ, ਜਿਨ੍ਹਾਂ ਨੇ ਉਪਰੋਕਤ ਖਿਆਲ ਦੀ ਵਿਰੋਧਤਾ ਕੀਤੀ।

ਅਖੀਰ ੧੯੪੨ ਦੀ ਦੀਵਾਲੀਦੀ ਸ਼ਾਮ ਨੂੰ ਸਿਖ ਮਿਸ਼ਨਰੀ ਕਾਲਜ ਵਿਚ ਮਾਸਟਰ ਤਾਰਾ ਸਿੰਘ ਤੇ ਜ. ਮੋਹਨ ਸਿੰਘ ਨਾਲ ਗਲ ਬਾਤ ਕਰਕੇ ਵਾਪਸ ਆਉਂਦੇ ਹੋਏ ਸਦਰ ਥਾਣੇ ਦੇ ਪਾਸ ਪੁਲੀਸ ਨੇ ਆਪਨੂੰ ਗ੍ਰਿਫ਼ਤਾਰ ਕਰ ਲਿਆ। ਇਕ ਰਾਤ ਆਪਨੂੰ ਅੰਮ੍ਰਿਤਸਰ ਦੇ ਕਿਲੇ ਵਿਚ ਤੇ ਚਾਰ ਮਹੀਨੇ ਲਹੌਰ ਦੇ ਕਿਲੇ ਵਿਚ ਰਖਿਆ ਗਿਆ। ਲਾਹੌਰ ਕਿਲੇ ਵਿਚ ਉਸ ਲਹਿਰ ਦੇ ਆਗੂਆਂ ਉਤੇ ਜੋ ਸਖਤੀ ਕੀਤੀ ਗਈ, ਉਸ ਨੂੰ ਅੰਕਤ ਕਰਨਾ ਕਠਨ ਹੈ। ਇਹਨਾਂ ਸਤਰਾਂ ਦਾ ਲੇਖਕ ਚੂੰਕਿ ਆਪ ਡੀਫੈਂਸ ਆਫ ਇੰਡੀਆ ਰੂਲਜ਼ ਦੇ ਅਧੀਨ ਕੁਝ ਚਿਰ ਲਾਹੌਰ ਕਿਲੇ ਵਿਚ ਨਜ਼ਰਬੰਦ ਰਿਹਾ ਹੈ, ਇਸ ਲਈ ਸਾਨੂੰ ਉਸ ਸਖਤੀ ਦਾ ਚੰਗੀ ਤਰ੍ਹਾਂ ਪਤਾ ਹੈ।

ਲਾਹੌਰ ਕਿਲੇ ਤੋਂ ਬਾਹਦ ਆਪ ਇਕ ਸਾਲ ਝੰਗ ਜੇਹਲ ਵਿਚ ਤੇ ੮ਮਹੀਨੇ ਸੰਟਰਲ ਜੇਹਲ ਲਾਹੌਰ ਵਿਚ ਰਹ ਅਤੇ੧੯੪੪



Digitized by Panjab Digital Library | www.panjabdigilib.org

ਦੇ ਅਖੀਰ ਵਿਚ ਆਪ ਨੂੰ ਰਿਹਾ ਕੀਤਾ ਗਿਆ।

੧੯੪੭ ਦੀ ਗੜਬੜ ਸਮੇਂ ਆਪ ਨੇ ਸ੍ਰੀ ਅੰਮ੍ਰਿਤਸਰ ਦੀ ਰਖਿਆ ਤੇ ਜਿਲੇ ਦੇ ਬਚਾਉ ਲਈ ਜੋ ਕੰਮ ਕੀਤਾ, ਉਹ ਬਹੁਤ ਹੀ ਸ਼ਾਨਦਾਰ ਹੈ। ਅੰਮ੍ਰਿਤਸਰ ਵਿਚ ਚੌਕ ਫਰੀਦ ਦੇ ਲਾਗੇ ਅਰੋੜਿਆਂ ਵਾਲੀ ਗਲੀ ਵਿਚ ਘਿਰੇ ਹੋਏ ਹਿੰਦੂ ਸਿੱਖਾਂ ਨੂੰ ਮੁਸਲਿਮ ਹਜੂਮ ਤੋਂ ਬਚਾਉਣ ਨਾਲੇ ੧੦੦ ਸਿੰਘਾਂ ਦੇ ਜਥੇ ਦੇ ਮੁਖੀ ਸਨ। ਪੰਜਾਬ ਦੀ ਵੰਡ ਦੇ ਬਾਹਦ ਪਛਮੀ ਪੰਜਾਬ ਵਿਚੋਂ ਜੋ ਵਹੀਰ ਆਏ, ਉਨ੍ਹਾਂ ਦੀ ਸ਼ਾਨਦਾਰ ਸੇਵਾ ਅਤੇ ਸੰਭਾਲ ਕੀਤੀ।

ਆਪ ਨੇ ਇਲਾਕੇ ਦੀ ਤਰੱਕੀ ਲਈ ਕਈ ਉਸਾਰੂ ਤੇ ਨਿਗਰ ਕੰਮ ਕੀਤੇ ਹਨ । ੧੯੪੫ ਵਿਚ ਆਪ ਦੇ ਉਦਮ ਨਾਲ ਬਾਬਾ ਬਕਾਲੇ ਵਿਚੱ ਮਾਤਾ ਗੰਗਾ ਗਰਲਜ਼ ਹਾਈ ਸਕੂਲ ਬਣਿਆ ।

੧੯੫੨ ਤੋਂ ਹੁਣ ਤੀਕ ਚਾਰ ਵੇਰ ਆਪਣੇ ਇਲਾਕੇ ਵਲੋਂ ਐਮ, ਐਲ. ਏ. ਚੁਣੇ ਗਏ। ਹੁਣ ਸਟੇਟ ਮਨਿਸਟਰ ਹਨ।

ਆਪ ਨੇ ਸਰਕਾਰ ਨੂੰ ਪਰੇਰਨਾ ਕਰਕੇ ਜਨਤਾ ਹਾਈ ਸਕੂਲ ਖਲਚੀਆਂ, ਮਹਿਤਾ ਨੰਗਲ ਹਾਈ ਸਕੂਲ ਬਣਵਾਏ। ਕਈ ਸਕੂਲਾਂ ਨੂੰ ਪ੍ਰਾਇਮਰੀ ਤੋਂ ਮਿਡਲ ਕਰਵਾਇਆ ਹੈ। ਸਠਿਆਲਾ ਕਾਲਜ ਦੀ ਮਦਦ ਕੀਤੀ । ਪਿਛਲੇ ਸਾਲਾਂ ਵਿਚ ਆਪ ਦੇ ਉਦਮ ਨਾਲ ਜਲਾਲ ਉਸਮੇ ਵਿਚ ਹਾਈ ਸਕੂਲ ਬਣਿਆ ਹੈ ।

ਰਈਏ ਦੇ ਲਾਗਿਉਂ ਜਰਨੈਲੀ ਸੜਕ ਤੋਂ ਮਹਿਤਾ ਚੌਂਕ ਤੇ ਬਟਾਲੇ ਤੀਕ ਜਾਣ ਵਾਲੀ ਸੜਕ ਬਨਾਉਣ ਵਿਚ ਆਪ ਦਾ ਕਾਫੀ ਹਿਸਾ ਹੈ । ਸ: ਗੁਰਬਚਨ ਸਿੰਘ ਬਾਜਵਾ ਉਸ ਵਕਤ ਪਬਲਕ ਵਰਕਸ ਦੇ ਵਜ਼ੀਰ ਸਨ, ਜਦ ਬਿਆਸ ਬਟਾਲਾ ਸੜਕ ਤਿਆਰ ਕੀਤੀ ਗਈ।

ਜਥੇਦਾਰ ਜੀ ਦੀ ਪਰੇਰਨਾ ਨਾਲ ਇਲਾਕੇ ਨੂੰ ਪਾਣੀ ਦੇਣ



Digitized by Panjab Digital Library | www.panjabdigilib.org

ਲਈ ਕਿਤਨੇ ਮਾਈਨਰ ਬਣੇ ਹਨ । ਆਜ਼ਾਦੀ ਦੇ ਬਾਹਦ ਦੋ ਵੇਰ ਹੜ੍ਹ ਆਏ ਹਨ, ਜਿਹਨਾਂ ਵਿਚ ਆਪ ਨੇ ਲੋਕਾਂ ਦੀ ਸ਼ਾਨਦਾਰ ਸੇਵਾ ਕੀਤੀ ਹੈ।

੧੯੬੮ ਵਿਚ ਪਿੰਡ ਤਖਤੂ ਚੱਕ ਜ਼ਿਲਾ ਅੰਮ੍ਰਿਤਸਰ ਦੀ ਇਕ ਸ਼ਾਦੀ ਮੌਕੇ ਸਵਰਗੀ ਸ: ਲਛਮਨ ਸਿੰਘ ਗਿਲ ਮੁਖ ਮੰਤਰੀ ਪੰਜਾਬ ਨੇ ਆਪ ਨੂੰ ਪੁਛਿਆ—

"ਜਥੇਦਾਰ ਜੀ,ਆਪਵਿਚ ਉਹਕੇਹੜੀ ਖੂਬੀ ਹੈ,ਜਿਸ ਕਰਕੇ ਇਲਾਕੇ ਦੇ ਲੋਕ ਆਪ ਨੂੰ ਅਸੈਂਬਲੀ ਦਾ ਮੈਂਬਰ ਚੁਣ ਦਿੰਦੇ ਹਨ ।

ਆਪਨੇ ਉਤਰ ਦਿਤਾ—'ਮੈਂ ਲੋਕਾਂ ਦੇ ਦੁਖ ਸੁਖ ਵਿਚ ਸ਼ਾਮਲ ਹੁੰਦਾ ਹਾਂ। ਲੋਕਾਂ ਦੇ ਕੰਮ ਕਰਦਾ ਹਾਂ। ਇਸ ਲਈ ਉਹ ਮਿਹਰਬਾਨੀ ਕਰ ਕੇ ਮੈਨੂੰ ਅਸੈਂਬਲੀ ਦਾ ਮੈਂਬਰ ਬਣਾ ਦਿੰਦੇ ਹਨ ।

ਆਪ ਪਿਛਲੇ ਕਈ ਸਾਲਾਂ ਤੋਂ ਜ਼ਿਲਾ ਕਾਂਗਰਸ ਕਮੇਟੀ ਦੇ ਪ੍ਰਧਾਨ ਰਹੇ ਹਨ।

੧੯੬੯ ਵਿਚ ਸ: ਦਰਸ਼ਨ ਸਿੰਘ ਫੇਰੂਮਾਨ ਨੇ ਅਰਦਾਸ ਦੀ ਮਹਾਨਤਾ ਤੇ ਕੌਮ ਦਾ ਸਤਕਾਰ ਕਾਇਮ ਰਖਣ ਲਈ ਚੁਰੱਤਰ ਦਿਨਾਂ ਦੀ ਭੁਖ ਹੜਤਾਲ ਕਰਕੇਸ਼ਹੀਦੀ ਪ੍ਰਾਪਤ ਕੀਤੀ। ਉਸਨੇ ਜਥੇਦਾਰ ਜੀਨੂੰ ਵਰਤ ਤੋਂ ਪਹਿਲੇ ਬੁਲਾਕੇ ਕਿਹਾ ਕਿ ਇਸ ਕਾਰਜ ਵਿਚ ਮੇਰੀ ਮਦਦ ਕਰੇ। ਆਪ ਨੇ ਸਾਥੀਆਂ ਸਮੇਤ ਉਸ ਦੀ ਪੂਰੀ ਮਦਦ ਕੀਤੀ।

ਫੇਰੂਮਾਨ ਦੇ ਪਿੰਡ ਵਿਚ ਉਸ ਦੇ ਅੰਤਮ ਸੰਸਕਾਰ ਵਾਲੀ ਥਾਂ ਤੇ ਯਾਦਗਾਰ ਬਣਵਾਈ ਹੈ।

ਰਈਆ ਮੰਡੀ ਵਿਚ ਫੇਰੂਮਾਨ ਗਰਲਜ ਕਾਲਜ ਬਣਾਇਆ ਹੈ। ਉਸ ਲਈ ਪਿਛਲੇ ਸਾਲ ਇੰਗਲੈਂਡ ਜਾਕੇ ਉਗਰਾਹੀ ਕਰਕੇ ਲਿਆਏ ਹਨ। ਜਿਸ ਦਾ ਵਰਣਨ ਫੇਰੂਮਾਨ



Digitized by Panjab Digital Library | www.panjabdigilib.org

ਦੇ ਜੀਵਨ ਵਿਚ ਕਰ ਆਏ ਹਾਂ। ਉਸ ਨੂੰ ਏਥੇ ਦੁਹਰਾਉਣ ਦੀ ਲੋੜ ਨਹੀਂ।

ਆਪ ਫੇਰੂਮਾਨ ਕਾਲਜ ਨੂੰ ਨੇਪਰੇ ਚੜ੍ਹਾਉਣ ਲਈ ਪੂਰਾ ਜਤਨ ਕਰ ਰਹੇ ਹਨ।

ਇਲਾਕਾ ਬਿਆਸ ਵਿਚ ਨੈਸ਼ਨਲ ਕਾਲਜ ਸਠਿਆਲਾ ਬਾਬੂ ਬੁਧ ਸਿੰਘ ਦੇ ਉਦਮ ਨਾਲ ਬਣਿਆ ਸੀ। ਪਰ ਉਸ ਦੀ ਪ੍ਰਬੰਧਕ ਤੇ ਆਰਥਿਕ ਹਾਲਤਚੰਗੀ ਨਹੀਂ ਸੀ। ਜਥੇਦਾਰ ਸੋਹਣ ਸਿੰਘ ਦੇ ਜਤਨ ਨਾਲ ਉਹ ਕਾਲਜ ਸਰਕਾਰੀ ਬਣ ਗਿਆ ਹੈ। ਉਸ ਦੀ ਹਾਲਤ ਚੰਗੀ ਹੋ ਜਾਣ ਦੀ ਆਸ ਹੈ।

ਜਥੇਦਾਰ ਜੀ ਇਕ ਅਣਥਕ ਲੋਕ ਸੇਵਕ ਤੇ ਦੇਸ਼ ਭਗਤ ਹਨ। ਕੋਈ ਤਾਕਤ ਆਪ ਨੂੰ ਆਪਣੇ ਨਿਸ਼ਾਨੇ ਤੋਂ ਨਹੀਂ ਡੁਲਾ ਸਕਦੀ। ਸਾਥੀਆਂ ਦੀ ਸੰਭਾਲ ਕਰਨ ਵਾਲੇ, ਇਲਾਕੇ ਵਿਚ ਹਰਮਨ ਪਿਆਰੇ ਪੰਜਾਬ ਵਿਚ ਸਾਰਾ ਜੀਵਨ ਕੁਰਬਾਨੀ ਤੇ ਲੋਕ ਸੇਵਾ ਹਿਤ ਅਰਪਨ ਕਰਨ ਵਾਲੇ ਹਨ।

ਪੇਂਡੂ ਜਨਤਾ ਦੀਆਂ ਲੋੜਾਂ ਤੇ ਸਮਸਿਆਂ ਨੂੰ ਆਪ ਬਹੁਤ ਚੰਗੀ ਤਰ੍ਹਾਂ ਸਮਝਦੇ ਹਨ। ਉਹਨਾਂ ਬਾਰੇ ਆਪ ਦਾ ਅਨੁਭਵ ਤੋਂ ਤਜਰਬਾ ਬਹੁਤ ਵਿਸ਼ਾਲ ਹੈ। ਉਹ ਹਰ ਸਮਜਿਆ ਨੂੰ ਚੰਗੇ ਢੰਗ ਨਾਲ ਸੁਲਝਾਉਣ ਦਾ ਜਤਨ ਕਰਦੇ ਹਨ।

੧੯੭੨ ਦੀ ਅਸੈਂਬਲੀ ਚੋਣ ਵਿਚ ਸਫਲ ਹੋਣ ਦੇ ਬਾਹਦ ਆਪ ਨੂੰ ਪੰਜਾਬ ਵਜ਼ਾਰਤ ਵਿਚ ਸਟੇਟ ਮਨਿਸਟਰ ਲੀਤਾ ਗਿਆ।

ਪੇਂਡੂ ਵਿਕਾਸ,ਸਨਅਤ ਬਿਜਲੀ ਤੇ ਟੈਕਨੀਕਲ ਸਕੂਲਾਂ ਦੇ ਇੰਚਾਰਜ ਹਨ। ਆਪਣੇ ਕੰਮ ਨੂੰ ਚੰਗੇ ਢੰਗ ਕਰਨ ਦੀ ਕੋਸ਼ਸ਼ ਕਰਦੇ ਹਨ।

ਬਾਬੇ ਬਕਾਲੇ ਦੇ ਸਾਲਾਨਾ ਜੋੜ ਮੇਲੇ ਪਰ ਹਰ ਸਾਲ ਕਾਨਫਰੰਸ ਕਰਦੇ ਹਨ। ਚੋਕ ਮਹਿਤੇ ਦੇ ਲਾਗੇ ਇਕ ਅਸਥਾਨ



Digitized by Panjab Digital Library | www.panjabdigilib.org

ਸਿੰਘ ਬੇਲਾ ਹੈ। ਉਥੇ ਹੋਲੇ ਮਹਲੇ ਦਾ ਦੀਵਾਨ ਕਰਦੇ ਹਨ।

ਦੋਹੀਂ ਥਾਈਂ ਜਨਤਾ ਨੂੰ ਕੌਮੀ ਪਿਆਰ, ਦੇਸ਼ ਭਗਤੀ ਤੇ ਲੋਕ ਸੇਵਾ ਦੇ ਵਿਚਾਰ ਦਿੰਦੇ ਹਨ।

ਆਪ ਦੇ ਉਦਮ ਨਾਲ ਵਡੇ ਤੋਂ ਵਡੇ ਲੀਡਰ ਇਹਨਾਂ ਦੀਵਾਨਾਂ ਵਿਚ ਪੁਜਦੇ ਤੇ ਜਨਤਾ ਦੇ ਸਾਹਮਣੇ ਆਪਣੇ ਕੀਮਤੀ ਵਿਚਾਰ ਪ੍ਰਗਟ ਕਰਦੇ ਹਨ।

ਜਥੇਦਾਰ ਜੀ ਨੇ ਆਪਣੀ ਕੋਈ ਜਾਇਦਦ, ਧਨ ਪਦਾਰਥ ਜਾਂ ਬੈਂਕ ਬੈਲੇਂਸ ਨਹੀਂ ਬਣਾਇਆ। ਸੇਵਾ ਨੂੰ ਹੀ ਮੁਖ ਰਖਿਆ ਹੈ। ਹਰ ਲੋੜਵੰਦ ਦੀ ਗਲ ਸੁਣਦੇ ਹਨ। ਵਾਹ ਲਗਦੀ ਉਸਦੀ ਮਦਦ ਕਰਦੇ ਹਨ। ਜੋ ਕੁਝ ਆਪ ਖਾਂਦੇ ਹਨ, ਪ੍ਰਸੰਨਤਾ ਨਾਲ ਸਾਥੀਆਂ ਦੇ ਪੇਸ਼ ਕਰਦੇ ਹਨ। ਕੋਈ ਚੀਜ਼ ਛੁਪਾਕੇ ਨਹੀਂ ਰਖਦੇ।

ਜ: ਸੋਹਣ ਸਿੰਘ ਆਪਣੇ ਸਾਥੀਆਂ ਅਤੇ ਇਲਾਕੇ ਵਿਚ ਬਹੁਤ ਹਰਮਨ ਪਿਆਰੇ ਹਨ। ਲੋਕਾਂ ਦੇ ਦੁਖ ਸੁਖ ਵਿਚ ਸ਼ਾਮਲ ਹੋਣ ਵਾਲੇ ਹਨ। ਆਪ ਦਾ ਸਾਰਾ ਜੀਵਨ ਕੁਰਬਾਨੀ ਅਤੇ ਲੋਕ ਸੇਵਾ ਦਾ ਹੈ।



Digitized by Panjab Digital Library | www.panjabdigilib.org

## ੧੯

# ਕੁਰਬਾਨੀ ਦਾ ਪੁੰਜ

# ਮਾਸਟਰ ਮੋਤਾ ਸਿੰਘ

੨੮ ਫਰਵਰੀ ਸਨ ੧੮੮੮ ਨੂੰ ਆਨੰਦ ਪੁਰ ਸਾਹਿਬ ਦਾ ਹੋਲਾ ਮਹੱਲਾ ਸੀ। ਉਸ ਦਿਨ ਪਤਾਰਾ ਜਿਲਾ ਜਲੰਧਰ ਦੇ ਇਕ ਪ੍ਰੇਮੀ ਸਿਖ ਸ੍ਰ: ਗੁਪਾਲ ਸਿੰਘ ਨੇ ਸਰਬੰਸ ਦਾਨੀ ਗੁਰੂ ਗੋਬਿੰਦ ਸਿੰਘ ਦਾ ਧਿਆਨ ਕਰਕੇ ਅਰਦਾਸ ਕੀਤੀ:– ਹੇ ਦਸਮੇਸ਼ ਪਿਤਾ! ਆਪ ਦੀ ਕ੍ਰਿਪਾ ਨਾਲ ਮੈਨੂੰ ਧਨ ਪਦਾਰਥ ਤੇ ਸੰਸਾਰ ਦੇ ਸਾਰੇ ਸੁਖ ਪ੍ਰਾਪਤ ਹਨ। ਪਰ ਸੰਤਾਨ ਕੋਈ ਨਹੀਂ। ਮੈਨੂੰ ਇਕ ਪੁਤ੍ਰ ਦੀ ਦਾਤ ਬਖਸ਼ੋ। ਮੇਰਾ ਕੋਈ ਵਾਰਸ ਤੇ ਦੁਨੀਆਂ ਵਿਚ ਨਿਸ਼ਾਨ ਰਹਿ ਜਾਏ।"

ਸੇਵਕ ਦੀ ਅਰਦਾਸ ਸਰਬ ਸ਼ਕਤੀ ਮਾਨ ਦਾਤਾਰ ਸ੍ਰੀ ਵਾਹਿਗੁਰੂ ਨੇ ਸੁਣ ਲਈ। ਅਗਲੇ ਸਾਲ ਸਨ ੧੮੮੯ ਵਿਚ ਉਸ ਦੇ ਘਰ ਇਕ ਲੜਕਾ ਹੋਇਆ। ਮਾਤਾ ਪਿਤਾ ਨੂੰ ਪੁਤਰ ਦੇ ਜਨਮ ਦੀ ਬੇਹੱਦ ਪ੍ਰਸ਼ੰਨਤਾ ਹੋਈ। ਜਨਮ ਸੰਸਕਾਰ ਕਰਨ ਸਮੇਂ ਗੁਰਬਾਣੀ ਦੇ ਵਾਕ ਦੇ ਆਧਾਰ ਪਰ ਬਚੇ ਦਾ ਨਾਮ ਮੋਤਾ ਸਿੰਘ ਰਖਿਆ। ਇਹ ਵੀਹਵੀਂ ਸਦੀ ਦਾ ਮਹਾਨ ਵਿਦਵਾਨ, ਮੁਬਾਹਿਸ ਜਾਦੂ ਬਿਆਨ ਬੁਲਾਰਾ, ਇਨਕਲਾਬੀ ਆਗੂ, ਦੇਸ਼ ਭਗਤ, ਅਜ਼ਾਦੀ ਘੋਲ ਦਾ ਮਹਾਨ ਸੰਗਰਾਮੀਆਂ, ਦੁਆਬੇ ਵਿਚ ਚਲੀ ਬਬਰ ਅਕਾਲੀ ਲਹਿਰ ਦਾ ਸਹਾਇਕ ਬਣਿਆ।



Digitized by Panjab Digital Library | www.panjabdigilib.org

ਸਿਖਾਂ ਵਿਚ ਦਸਮੇਸ ਪਿਤਾ ਦੇ ਮਰਦਊ ਪਨ ਕਾਰਨ ਬਹੁਤ ਸਾਰੇ ਨਾਮ ਚੜ੍ਹਦੀ ਕਲਾ ਵਾਲੇ ਰਖੇ ਜਾਂਦੇ ਹਨ। ਜਿਹਾ ਕਿ ਹੋਲੀ ਤੋਂ ਹੋਲਾ, ਝੰਡੀ ਤੋਂ ਝੰਡਾ। ਕੜਾਹੀ ਤੋਂ ਕੜਾਹਾ ਪ੍ਰਸ਼ਾਦ, ਤੇਜ ਸਿੰਘ ਤੋਂ ਤੇਜਾ ਸਿੰਘ, ਸ਼ਿੰਗਾਰ ਤੋਂ ਸ਼ਿੰਗਾਰਾ ਸਿੰਘ ਇਸੇ ਤਰ੍ਹਾਂ ਮਾਤਾ ਪਿਤਾ ਨੇ ਆਪਣੇ ਪੁਤਰ ਦਾ ਨਾ ਮੋਤੀ ਰੱਖਣ ਦੀ ਥਾਂ ਮੋਤਾ ਸਿੰਘ ਰਖਿਆ। ਉਹ ਸਚ ਮੁਚ ਮਰਦੇ ਮਜਾਹਿਦ ਸਾਬਤ ਹੋਇਆ।

ਮਾਸਟਰ ਮੋਤਾ ਸਿੰਘ ਦੇ ਦਾਦੇ ਦੇ ਤਿਨ ਪੁਤਰ ਸਨ:– ਗੋਪਾਲ ਸਿੰਘ, ਜਵਾਲਾ ਸਿੰਘ ਖੁਸ਼ਹਾਲ ਸਿੰਘ। ਗੁਪਾਲ ਸਿੰਘ ਦਾ ਪੁਤਰ ਮਾਸਟਰ ਮੋਤਾ ਸਿੰਘ ਕੁਲਦੀਪਕ ਬਣਿਆ।

ਮਾਸਟਰ ਜੀ ਦੀ ਆਰੰਭਕ ਤਾਲੀਮ ਪਿੰਡ ਦੇ ਸਕੂਲ ਵਿਚ ਹੋਈ। ਓਰੀਅੰਟਲ ਕਾਲਜ ਲਾਹੌਰ ਚੋਂ ਗਿਆਨੀ ਪਾਸ ਕੀਤੀ। ਬੁਧੀ ਬੜੀ ਤੀਖਣ ਸੀ। ਪੜ੍ਹਾਈ ਵਿਚ ਬਹੁਤ ਚੰਗੇ ਸਨ। ਇਸ ਲਈ ਕਲਾਸਾਂ ਵਿਚ ਵਜ਼ੀਫ਼ਾ ਲੈਂਦੇ ਰਹੇ। ਮੁਨਸ਼ੀ ਫਾਜ਼ਲ ਕੀਤੀ ਅੰਗਰੇਜੀ ਦੀ ਬੀ. ਏ. ਦਾ ਇਮਤਿਹਾਨ ਦਿਤਾ। ਸੰਸਕ੍ਰਿਤ ਵੀ ਪੜ੍ਹੀ।

ਅੰਗਰੇਜੀ, ਉਰਦੂ, ਫਾਰਸੀ ਬਹੁਤ ਚੰਗੀ ਤਰ੍ਹਾਂ ਜਾਣਦੇ ਸਨ। ਗੁਰਬਾਣੀ ਤੇ ਸਿਖ ਇਤਿਹਾਸ ਦੇ ਜਾਣੂ ਸਨ। ਸਿੰਘ ਸਭਾ ਲਹਿਰ ਵਿਚ ਅਨਮਤੀਆਂ ਨਾਲ ਸ਼ਾਨਦਾਰ ਬਹਿਸ ਮੁਬਾਹਿਸਾ ਕਰਦੇ ਸਨ। ਆਪਦਾ ਪਿਤਾ ਸ਼ਾਹੂਕਾਰਾ ਕਰਦਾ ਸੀ। ਉਸ ਨੇ ਇਕ ਵੇਰ ਕਿਸੇ ਕਰਜ਼ਾਈ ਵਿਰੁਧ ਮੁਕਦਮਾ ਕਰਕੇ ਡਿਗਰੀ ਪ੍ਰਾਪਤ ਕਰ ਲਈ। ਮੋਤਾ ਸਿੰਘ ਜੀ ਨੇ ਉਸ ਦਾ ਵਹੀ ਖਾਤਾ ਤੇ ਡਿਗਰੀ ਦੇ ਕਾਗਜ਼ ਫਾੜ ਦਿਤੇ ਅਤੇ ਆਪਣੇ ਪਿਤਾ ਨੂੰ ਕਿਹਾ:–"ਮੇਰੇ ਲਈ ਤੂੰ ਏਨੀ ਮਾਇਆ ਇਕਠੀ ਕਰਦਾ ਹੈਂ। ਮੈਂ ਸ਼ਾਹੂਕਾਰ ਨਹੀਂ ਬਣਨਾ। ਗਰੀਬਾਂ ਦੀ ਸੇਵਾ ਕਰਨੀ ਹੈ। ਹੁਣ ਮੈਨੂੰ ਮਾਇਆ ਦੀ ਲੋੜ



Digitized by Panjab Digital Library | www.panjabdigilib.org

ਨਹੀਂ।"§

ਵਿਦਿਅਕ ਸੇਵਾ—

ਮਾਸਟਰ ਜੀ ਨੇ ਆਪਣੇ ਲੋਕ ਜੀਵਨ ਦਾ ਆਰੰਭ ਸਕੂਲ ਮਾਸਟਰੀ ਤੋਂ ਕੀਤਾ। ਜ਼ਿਲਾ ਜਲੰਧਰ ਦੇ ਕਈ ਸਕੂਲਾਂ ਵਿਚ ਪੜ੍ਹਾਉਂਦੇ ਰਹੇ। ਇਸ ਲਈ ਆਪਦਾ ਨਾਂ ਮਾਸਟਰ ਪ੍ਰਚਲਤ ਹੋਇਆ। ਕਈ ਆਪ ਨੂੰ ਪ੍ਰੋਫੈਸਰ ਵੀ ਕਹਿੰਦੇ ਸਨ।

ਖਾਲਸਾ ਹਾਈ ਸਕੂਲ ਮਾਹਲ ਪੁਰ ਵਿਚ ਆਪਨੇ ਕੁਝ ਚਿਰ ਸਰਵਿਸ ਕੀਤੀ। ਉਥੇ ਇਕ ਇਨਸਪੈਕਟਰ ਨਾਲ ਝੜਪ ਹੋ ਗਈ। ਜਿਸ ਕਰਕੇ ਨੌਕਰੀ ਛਡ ਦਿਤੀ।

ਆਪ ਨੇ ਮਾਝੇ ਤੇ ਮਾਲਵੇ ਵਿਚ ਵੀ ਫਿਰਕੇ ਸਕੂਲ ਜਾਰੀ ਕਰਨ ਤੇ ਪੜ੍ਹਾਉਣ ਦੀ ਸੇਵਾ ਕੀਤੀ। ੧੯੧੪-੧੫ ਵਿਚ ਗੁਰੂ ਕੀ ਨਗਰੀ ਅੰਮ੍ਰਿਤਸਰ ਵਿਚ ਸੰਤ ਸਿੰਘ ਸੁਖਾ ਸਿੰਘ ਸਕੂਲ ਦੀ ਹੈਡਮਾਸਟਰੀ ਕੀਤੀ। ਜਿਸ ਇਮਾਰਤ ਵਿਚ ਪੜ੍ਹਾਂਉਦੇ ਸਨ, ਉਹ ਹੁਣ ਤੀਕ ਬਜ਼ਾਰ ਮਾਈ ਸੇਵਾਂ ਦੇ ਸਿਰੇ ਤੇ ਮੌਜੂਦ ਹੈ।

ਆਪ ਇਸਤਰੀ ਵਿਦਿਆ ਤੇ ਅਛੂਤ ਉਧਾਰ ਦੇ ਬੜੇ ਹਾਮੀ ਸਨ। ਸ੍ਰ: ਪ੍ਰਤਾਪ ਸਿੰਘ ਕੈਰੋਂ ਦੇ ਪਿਤਾ ਭਾਈ ਨਿਹਾਲ ਸਿੰਘ ਨੇ ਕੈਰੋਂ ਵਿਚ ਪਹਿਲਾ ਲੜਕੀਆਂ ਦਾ ਸਕੂਲ ਜਾਰੀ ਕੀਤਾ। ਉਸ ਦੀਆਂ ਮੀਟਿੰਗਾਂ ਵਿਚ ਮਾਸਟਰ ਜੀ ਸ਼ਾਮਲ ਹੁੰਦੇ ਸਨ। ਸਰਹਾਲੀ ਸਕੂਲ ਦੇ ਇਕਠਾਂ ਵਿਚ ਜਾਂਦੇ ਰਹੇ।

ਸੰਟ੍ਰਲ ਖਾਲਸਾ ਦੀਵਾਨ ਮਾਝਾਂ ਦੇ ਮੁਖੀਆਂ ਨਾਲ ਆਪ ਦਾ ਬੜਾ ਜੋੜ ਸੀ। ਉਸ ਦੇ ਦੀਵਾਨਾਂ ਵਿਚ ਜਾ ਕੇ ਗੁਰਮਤਿ ਦਾ ਪ੍ਰਚਾਰ ਕਰਦੇ ਸਨ। ਤਰਨ ਤਾਰਨ ਵਿਦਿਆਲੇ ਵਿਚ ਲੈਕਚਰ ਦਿੰਦੇ ਸਨ। ਆਪਨੇ ਕਈ ਟਰੈਕਟ ਲਿਖੇ।

ਮਾਲਵੇ ਵਿਚ ਆਪ ਨੇ ਖਾਲਸਾ ਹਾਈ ਸਕੂਲ ਫੀਰੋਜ਼ ਪੁਰ

---

§ ਬਿਆਨ ਸ੍ਰ: ਬਾਵਾ ਸਿੰਘ ਆਸਨ ਸੋਲ



Digitized by Panjab Digital Library | www.panjabdigilib.org

ਦਮਦਮਾ ਸਾਹਿਬ ਤੇ ਭਾਸੌੜ ਵਿਚ ਕੰਮ ਕੀਤਾ ਹੈ। ਇਕ ਵੇਰ ਨਾਭੇ ਦੇ ਗੁਰਦਵਾਰੇ ਵਿਚ ਲੈਕਚਰ ਦੇ ਰਹੇ ਸਨ। ਉਸ ਵਿਚ ਮਹਾਰਾਜਾ ਨਾਭਾ ਮੌਜੂਦ ਸਨ। ਉਹ ਲੈਕਚਰ ਸੁਣਕੇ ਬਹੁਤ ਪ੍ਰਸੰਨ ਹੋਏ। ਉਸ ਤੋਂ ਬਾਅਦ ਮਾਸਟਰ ਜੀ ਨੂੰ ਸੰਤ ਅਤਰ ਸਿੰਘ ਜੀ ਦੇ ਚਲਾਏ ਗੁਰਮਤ ਕਾਲਜ ਮਸਤੂਆਣੇ ਵਿਚ ਲਾਇਆ ਗਿਆ। ਪੰਜਾਬ ਪੁਲੀਸ ਤੇ ਅੰਗਰੇਜ ਅਫਸਰ ਆਪ ਨੂੰ ਸ਼ਕ ਦੀ ਨਜ਼ਰ ਨਾਲ ਵੇਖਦੇ ਸਨ। ਇਸ ਲਈ ਉਹਨਾਂ ਨੇ ਰਿਆਸਤ ਨਾਭਾ ਨੇ ਸੰਗਰੂਰ ਪਰ ਦਬਾ ਪਾਕੇ ਆਪਨੂੰ ਮਸਤੂਆਣੇ ਕਾਲਜ ਚੋਂ ਕਢਵਾ ਦਿਤਾ ਭਾਵੇ ਕਮੇਟੀ ਨਹੀਂ ਸੀ ਚਾਹੁੰਦੀ।

ਭਾਈ ਤੇਜਾ ਸਿੰਘ ਭਸੌੜ ਨੇ ਸ੍ਰੀ ਗੁਰੂ ਗਰੰਥ ਸਾਹਿਬ ਵਿਚੋਂ ਭਗਤਾਂ ਦੀ ਬਾਣੀ ਕਢਣ ਦਾ ਵਿਉਂਤ ਕੀਤੀ। ਮਾਸਟਰ ਮੋਤਾ ਸਿੰਘ ਨੇ ਉਸ ਦੀ ਤਕੜੀ ਵਿਰੋਧਤਾ ਕੀਤੀ। ਭਾਈ ਤੇਜਾ ਸਿੰਘ ਦੇ ਵਿਚਾਰਾਂ ਦਾ ਭਾਰੀ ਖੰਡਨ ਕੀਤਾ।

ਮਾਸਟਰ ਜੀ ਨੇ ੩੩ ਸਾਲ ਦੀ ਉਮਰ ਤੀਕ ਕੋਈ ਡੇਢ ਦਰਜਨ ਪ੍ਰੇਮਰੀ ਤੇ ਮਿਡਲ ਸਕੂਲ ਜਾਰੀ ਕੀਤੇ।

ਦੁਆਬੇ ਵਿਚ ਇਕ ਵੇਰ ਕਿਸੇ ਵਿਰੋਧੀ ਨੇ ਆਪ ਪਰ ਹਮਲਾ ਕੀਤਾ। ਜਿਸਨੂੰ ਆਪਨੇ ਕ੍ਰਿਪਾਨ ਮਾਰ ਕੇ ਨਠਾ ਦਿਤਾ। ਉਸਨੇ ਜ਼ਖਮੀ ਹੋਣ ਦਾ ਮੁਕਦਮਾ ਕੀਤਾ ਉਸ ਵਿਚ ਆਪਨੂੰ ਦੋ ਮਹੀਨੇ ਕੈਦ ਦੀ ਸਜਾ ਹੋਈ।

ਜੀਵਨ ਵਿਚ ਨਵਾਂ ਮੋੜ—

ਸਨ ੧੯੧੯ ਵਿਚ ਜਦ ਰੋਲਟ ਐਕਟ ਵਿਰੁਧ ਮਹਾਤਮਾ ਗਾਂਧੀ ਤੇ ਕਾਂਗਰਸ ਨੇ ਅੰਦੋਲਨ ਸ਼ੁਰੂ ਕੀਤਾ, ਉਸ ਵਕਤ ਮਾਸਟਰ ਜੀ ਨੇ ਸਕੂਲ ਲਾਈਨ ਛਡਕੇ ਰਾਜਨੀਤਕ ਖੇਤਰ ਵਿਚ ਪ੍ਰਵੇਸ ਕੀਤਾ। ਲਾਹੌਰ ਵਿਚ ਰੋਲਟ ਐਕਟ ਦੇ ਵਿਰੁਧ ਧੜੱਲੇਦਾਰ ਲੈਕਚਰ ਦਿਤੇ।

ਮਾਰਸ਼ਲ ਲਾਅ ਵਿਚ ਕੈਦ—੧੩ ਅਪ੍ਰੈਲ ੧੯੧੯ ਨੂੰ ਜਲਿਆਂ



Digitized by Panjab Digital Library | www.panjabdigilib.org

ਵਾਲੇ ਬਾਗ ਦਾ ਸਾਕਾ ਹੋਇਆ। ਅੰਗਰੇਜ ਨੇ ਅੰਮ੍ਰਿਤਸਰ, ਲਾਹੌਰ, ਸ਼ੇਖੂ ਪੁਰਾ ਤੇ ਗੁਜਰਾਂ ਵਾਲਾ ਆਦਿਕ ਕਈ ਥਾਵਾਂ ਤੇ ਮਾਰਸ਼ਲ ਲਾਅ ਜਾਰੀ ਕਰ ਦਿਤਾ ਤੇ ਬੜੀ ਸਖਤੀ ਕੀਤੀ। ਉਸ ਵਕਤ ਲਾਹੌਰ ਚੋਂ ਜਿਹੜੇ ਕੌਮੀ ਲੀਡਰ ਫੜੇ ਗਏ, ਉਹਨਾਂ ਵਿਚ ਲਾਲਾ ਹਰਿ ਕਿਸ਼ਨ ਲਾਲ, ਭਾਈ ਪਰਮਾ ਨੰਦ, ਡਾ: ਗੋਕਲ ਚੰਦ ਨਾਰੰਗ, ਦੁਨੀ ਚੰਦ ਬੈਰਿਸਟਰ, ਚੌਧਰੀ ਰਾਮ ਭਜ ਦਤ, ਮੌਲਵੀ ਅਲਾ ਦੀਨ ਦਸ ਲੀਡਰ ਸਨ, ਉਹਨਾਂ ਚੋਂ ਮਾਸਟਰ ਮੋਤਾ ਸਿੰਘ ਵੀ ਸਨ। ਇਹਨਾਂ ਦਸਾਂ ਲੀਡਰਾਂ ਵਿਰੁਧ ਮਿ: ਲੈਜ਼ਲੀ ਜੇਮਜ਼ ਦੀ ਅਦਾਲਤ ਵਿਚ ਮੁਕਦਮਾ ਚਲਾਇਆ ਗਿਆ। ਦੋ ਮਹੀਨੇ ਮੁਕਦਮਾ ਚਲਦਾ ਰਿਹਾ। ਇਹਨਾਂ ਨੂੰ ਉਮਰ ਕੈਦ ਤੇ ਕਾਲੇ ਪਾਣੀ ਦੀ ਸਜ਼ਾ ਹੋਈ।

ਮਾਸਟਰ ਮੋਤਾ ਸਿੰਘ ਦੇ ਮਾਤਾ ਪਿਤਾ ਗੁਜ਼ਰ ਚੁਕੇ ਸਨ। ਸ਼ਾਦੀ ਆਪ ਨੇ ਕੀਤੀ ਨਹੀਂ ਸੀ। ਇਸ ਲਈ ਕੇਸ ਦੀ ਪੈਰਵੀ ਕਰਨ ਵਾਲਾ ਕੋਈ ਨਹੀਂ ਸੀ।

ਪੰਜਾਬ ਵਿਚ ਜਿਥੇ ਜਿਥੇ ਆਪ ਨੇ ਪ੍ਰਚਾਰ ਜਾਂ ਵਿਦਿਅਕ ਸੇਵਾ ਕੀਤੀ ਸੀ, ਉਥੋਂ ਦੇ ਸਿੰਘਾਂ ਨੇ ਮਾਲੀ ਸਹਾਇਤਾ ਕਰਨ ਦੀ ਕੋਸ਼ਿਸ਼ ਕੀਤੀ।

ਲਾਹੌਰ ਜੇਹਲ ਵਿਚ ਆਪ ਰਹਿਤ ਵਿਚ ਤਿਆਰ ਬਰ ਤਿਆਰ ਸਨ। ਕੈਦੀਆਂ ਵਿਚ ਪ੍ਰਚਾਰ ਕਰਦੇ ਸਨ। ਉਸ ਵਕਤ ਜੇਹਲਾਂ ਵਿਚ ਸਿਖਾਂ ਨੂੰ ਦਸਤਾਰ ਜਾਂ ਕਛਹਿਰਾ ਆਦਿਕ ਨਹੀਂ ਮਿਲਦੇ ਸਨ। ਮਾਸਟਰ ਜੀ ਨੇ ਪਹਿਲੀ ਵੇਰ ਜੇਹਲ ਵਿਚ ਇਸ ਬਾਰੇ ਭੁਖ ਹੜਤਾਲ ਕੀਤੀ ਤੇ ਆਪਣੀਆਂ ਮੰਗਾਂ ਪੂਰੀਆਂ ਕਰਵਾਕੇ ਜਿਤ ਪ੍ਰਾਪਤ ਕੀਤੀ।

ਮਾਰਸ਼ਲ ਲਾਅ ਖਤਮ ਹੋ ਜਾਣ ਦੇ ਬਾਅਦ ਜਦ ਇੰਡੀਅਨ ਨੈਸ਼ਨਲ ਕਾਂਗਰਸ ਦਾ ਇਜਲਾਸ ਅੰਮ੍ਰਿਤਸਰ ਵਿਚ ਹੋਇਆ, ਜਿਸ਼ ਵਿਚ ਸ੍ਰੀ ਬਾਲ ਗੰਗਾ ਧਰ ਤਿਲਕ, ਮਹਾਤਮਾ ਗਾਂਧੀ, ਪੰਡਤ



Digitized by Panjab Digital Library | www.panjabdigilib.org

ਮੋਤੀ ਲਾਲ, ਮਦਨ ਮੋਹਨ ਮਾਲਵੀ ਸਾਰੇ ਲੀਡਰ ਸ਼ਾਮਲ ਹੋਏ, ਉਸ ਮੌਕੇ ਕੈਦੀ ਰਿਹਾ ਕੀਤੇ ਗਏ ।

ਮਾਸਟਰ ਜੀ ਨੇ ਕਾਂਗਰਸ ਇਜਲਾਸ ਵਿਚ ਅਜ਼ਾਦੀ ਬਾਰੇ ਧੜੱਲੇਦਾਰ ਤਕਰੀਰ ਕੀਤੀ। ਜਿਸਨੂੰ ਮਹਾਤਮਾ ਗਾਂਧੀ ਤੇ ਹੋਰ ਲੀਡਰਾਂ ਨੇ ਬਹੁਤ ਪਸੰਦ ਕੀਤਾ ।

੧੯੨੦ ਵਿਚ ਅਜ਼ਾਦੀ ਦੀ ਲਹਿਰ ਤਿਖੀ ਹੋਣ ਦੇ ਨਾਲ ਗੁਰਦਵਾਰਾ ਸੁਧਾਰ ਲਹਿਰ ਵੀ ਚਲ ਪਈ। ਸ਼ਰੋਮਣੀ ਕਮੇਟੀ ਤੇ ਅਕਾਲੀ ਦਲ ਬਨਾਉਣ ਵਿਚ ਮਾਸਟਰ ਮੋਤਾ ਦਾ ਕਾਫੀ ਹੱਥ ਸੀ। ਉਹ ਕਈ ਵੇਰ ਕਹਿੰਦੇ ਸਨ—"ਸ਼ਰੋਮਣੀ ਕਮੇਟੀ ਔਰ ਅਕਾਲੀ ਦਲ ਕਾ ਢਾਂਚਾ ਹਮਨੇ ਖੇਤੋਂ ਮੈਂ ਬੈਠ ਕਰ ਤਿਆਰ ਕੀਆ ਹੈ।" ਇਸ ਦੌਰਾਨ ਆਪ ਅਫਗਾਨਿਸਤਾਨ ਵਿਚੋਂ ਵੀ ਹੋ ਆਏ । ਆਪ ਕਿਸੇ ਜਲਸੇ ਜਾਂ ਦੀਵਾਨ ਵਿਚ ਤਕਰੀਰ ਕਰਕੇ ਪੁਲੀਸ ਦੇ ਕਾਬੂ ਨਹੀਂ ਆਉਂਦੇ ਸਨ ।

ਮਾਰਚ ੧੯੨੧ ਵਿਚ ਮਾਸਟਰ ਜੀ ਆਪਣੇ ਪਿੰਡ ਪਤਾਰੇ ਵਿਚ ਸਨ । ਪੁਲੀਸ ਨੂੰ ਪਤਾ ਲਗ ਗਿਆ। ਉਸ ਨੇ ਤਿੰਨ ਦਿਨ ਪਿੰਡ ਨੂੰ ਘੇਰਾ ਪਾਈ ਰਖਿਆ। ਮਾਸਟਰ ਜੀ ਜੈਲਦਾਰ ਦੇ ਵਾਕਫ ਸਨ। ਨੰਬਰਦਾਰ ਪ੍ਰਤਾਪ ਸਿੰਘ ਦੀ ਹਵੇਲੀ ਤੇ ਉਸਦੇ ਚੁਬਾਰੇ ਵਿਚ ਠਹਿਰੇ ਹੋਏ ਸਨ। ਪਿੰਡ ਦੇ ਕਿਸੇ ਆਦਮੀ ਨੇ ਪੁਲੀਸ ਨੂੰ ਭੇਤ ਨਹੀਂ ਦਿਤਾ। ਆਪ ਭੇਸ ਵਟਾ ਕੇ ਪੁਲੀਸ ਦੇ ਘੇਰੇ ਵਿਚੋਂ ਨਿਕਲ ਗਏ। ਸਰਕਾਰ ਅੰਗਰੇਜੀ ਨੇ ਮਾਸਟਰ ਮੋਤਾ ਸਿੰਘ ਨੂੰ ਨਾ ਫੜਾਉਣ ਕਰਕੇ ੨੦ ਰੁਪਏ ਫੀ ਘਰ ਤਾਵਾਨ ਪਾਇਆ ਤੇ ਵਸੂਲ ਕੀਤਾ। ਜੋ ਅਜ਼ਾਦੀ ਦੇ ਬਾਅਦ ਕੌਮੀ ਸਰਕਾਰ ਨੇ ਵਾਪਸ ਕੀਤਾ। ਅੰਗਰੇਜ ਨੇ ੧੯੨੧ ਤੋਂ ੧੯੩੧ ਤੀਕ ਪਤਾਰੇ ਦੀ ਫੌਜੀ ਭਰਤੀ ਬੰਦ ਰਖੀ ਹੈ। §

---

§ ਬਿਆਨ ਸ਼ਰਦਾਰ ਸਾਧੂ ਸਿੰਘ ਪਤਾਰਾ।



Digitized by Panjab Digital Library | www.panjabdigilib.org

ਇਕ ਵੇਰ ਅਕਾਲ ਤਖਤ ਪਰ ਸ਼ਰੋਮਣੀ ਕਮੇਟੀ ਦੀ ਇਕ ਮੀਟਿੰਗ ਵਿਚ ਸ਼ਾਮਲ ਹੋਏ। ਆਪਨੇ ਧੜੱਲੇਦਾਰ ਤਕਰੀਰ ਕੀਤੀ ਪੁਲੀਸ ਨੇ ਘੇਰਨ ਦਾ ਜਤਨ ਕੀਤਾ। ਭੇਸ ਵਟਾਕੇ ਥੜੇ ਸਾਹਿਬ ਦੇ ਰਸਤਿਉਂ ਨਿਕਲਕੇ ਲੋਪ ਹੋ ਗਏ।

੧੯੨੧ ਵਿਚ ਸ੍ਰੀ ਨਨਕਾਣੇ ਸਾਹਿਬ ਦੇ ਸ਼ਹੀਦੀ ਜੋੜ ਮੇਲੇ ਪਰ ਬਾਬਾ ਗੁਰਦਿਤ ਸਿੰਘ ਕਾਮਾ ਗਾਟਾ ਮਾਰੂ ਨੇ ਲੰਮੇ ਗੁਪਤ ਵਾਸ ਦੇ ਬਾਅਦ ਪ੍ਰਗਟ ਹੋ ਕੇ ਗ੍ਰਿਫਤਾਰੀ ਦੇਣੀ ਸੀ। ਉਸ ਮੌਕੇ ਮਾਸਟਰ ਜੀ ਦੀਵਾਨ ਵਿਚ ਤਕਰੀਰ ਕਰਕੇ ਲੋਪ ਹੋ ਗਏ।

੨੬ ਅਪ੍ਰੈਲ ੧੯੨੨ ਨੂੰ ਪੁਲੀਸ ਨੂੰ ਪਤਾ ਲਗਾ ਕਿ ਮਾਸਟਰ ਮੋਤਾ ਸਿੰਘ ਨੇ ਬਿਲਗੇ ਦੇ ਲਾਗੇ ਤਕਰੀਰ ਕਰਨੀ ਹੈ। ਡੀ. ਆਈ. ਜੀ. ਨੇ ਤਿੰਨ ਸੌ ਪੁਲੀਸਏ ਤੇ ਦੋ ਕੰਪਨੀਆਂ ਫੌਜ ਦੀਆਂ ਲੈ ਕੇ ਜਾ ਘੇਰਾ ਪਾਇਆ ਪਰ ਮਾਸਟਰ ਜੀ ਤਕਰੀਰ ਕਰਕੇ ਨਿਕਲ ਗਏ।

ਅਖੀਰ ਉਹ ਗ੍ਰਿਫਤਾਰ ਹੋਏ। ਡਿਪਟੀ ਕਮਿਸ਼ਨਰ ਜਲੰਧਰ ਦੀ ਅਦਾਲਤ ਵਿਚ ਰੁੜਕਲਾ ਕਲਾਂ ਤੇ ਝਿੰਗੜ ਵਿਚ ਬਾਗੀਆਨਾ ਤਕਰੀਰਾਂ ਕਰਨ ਦੇ ਦੋਸ਼ ਵਿਚ ਦੋ ਮੁਕਦਮੇ ਚਲਾਏ। ੩੧ ਜੁਲਾਈ ਨੂੰ ਉਹਨਾਂ ਵਿਚ ਤਿੰਨ ਸਾਲ ਕੈਦ ਦੀ ਸਜ਼ਾ ਦਿਤੀ ਗਈ। ਇਕ ਤੀਸਰਾ ਮੁਕਦਮਾ ਵੀ ਬਣਾਇਆ ਗਿਆ। ਕੈਦ ਕਰਕੇ ਆਪ ਨੂੰ ਰਾਵਲ ਪਿੰਡੀ ਜੇਹਲ ਵਿਚ ਭੇਜ ਦਿਤਾ ਗਿਆ, ਜਿਥੇ ਹੋਰ ਵੀ ਕਈ ਕੌਮੀ ਲੀਡਰ ਸਨ। ਜੇਹਲ ਕਰਮਚਾਰੀਆਂ ਨੇ ਸਿੰਘਾਂ ਦੀ ਦਸਤਾਰ ਪਰ ਪਾਬੰਦੀ ਲਾ ਦਿਤੀ। ਉਸ ਦੇ ਵਿਰੁਧ ਮਾਸਟਰ ਜੀ ਨੇ ਭੁਖ ਹੜਤਾਲ ਕੀਤੀ। ੧੮ ਅਗਸਤ ੧੯੨੨ ਨੂੰ ਸ੍ਰੀ ਗੁਰੂ ਸਿੰਘ ਸਭਾ ਰਾਵਲ ਪਿੰਡੀ ਦਾ ਡੈਪੂਟੇਸ਼ਨ ਜੇਹਲ ਵਿਚ ਆਪ ਨੂੰ ਮਿਲਿਆ, ਜਿਸਨੇ ਭੁਖ ਹੜਤਾਲ ਖੋਹਲਣ ਦੀ ਪ੍ਰੇਰਨਾ ਕੀਤੀ ਪਰ ਆਪ ਨਹੀਂ ਮੰਨੇ। ਦਸਤਾਰ ਦੀ ਖੁਲ੍ਹ ਹੋਣ ਪਰ ਆਪਨੇ ਭੁਖ ਹੜਤਾਲ ਖਤਮ ਕੀਤੀ।



Digitized by Panjab Digital Library | www.panjabdigilib.org

ਗੁਰੂ ਕੇ ਬਾਗ ਦੇ ਮੋਰਚੇ ਤੇ ਪੰਜੇ ਸਾਹਿਬ ਦੀ ਸ਼ਹੀਦੀ ਸਮੇਂ ਰਾਵਲ ਪਿੰਡੀ ਜੇਹਲ ਵਿਚ ਸਨ। ਗੁਰੂ ਕੇ ਬਾਗ ਵਿਚ ਬੀ. ਟੀ. ਨੇ ਜੋ ਸਖਤੀ ਕੀਤੀ ਉਸ ਦੇ ਫਲ ਸਰੂਪ ਦੁਆਬੇ ਵਿਚ ਬਬਰ ਲਹਿਰ ਜਾਰੀ ਹੋਈ। ਜ: ਕਿਸ਼ਨ ਸਿੰਘ ਗੜਗੱਜ, ਸੰਤਾ ਸਿੰਘ, ਸ: ਕਰਮ ਸਿੰਘ, ਦਲੀਪ ਸਿੰਘ, ਧੰਨਾ ਸਿੰਘ ਆਦਿਕ ਸਾਰੇ ਬਬਰ ਮਾਸਟਰ ਜੀ ਦੇ ਸਾਥੀ ਸਨ। ਆਪ ਬਬਰ ਲਹਿਰ ਦੇ ਪ੍ਰੇਰਕ ਸਨ।

੧੯੨੪ ਵਿਚ ਮਾਸਟਰ ਜੀ ਪੂਨਾ ਜੇਹਲ ਵਿਚ ਸਨ। ਉਥੇ ਆਪਦੇ ਵਿਰੁਧ ਤਿੰਨ ਮੁਕਦਮੇ ਹੋਰ ਚਲਾਏ ਗਏ। ਜਿੰਨਾਂ ਵਿਚ ਹਰੇਕ ਮੁਕਦਮੇ ਵਿਚ ਛੇ ਛੇ ਮਹੀਨੇ ਕੈਦ ਦਿਤੀ ਗਈ। ਪਰ ਤਿੰਨੇ ਸਜਾਵਾਂ ਇਕਠੀਆਂ ਸ਼ੁਰੂ ਕਰਨ ਦਾ ਹੁਕਮ ਦਿਤਾ ਗਿਆ। (ਖਾਲਸਾ ਸਮਾਚਾਰ ੧੬ ਅਕਤੂਬਰ ੧੯੨੪ ਪੰਨਾ ੧)

ਨਵੰਬਰ ੧੯੨੯ ਵਿਚ ਮਾਸਟਰ ਜੀ ਨੇ ਫਿਰ ਜੇਹਲ ਵਿਚ ਭੁਖ ਹੜਤਾਲ ਕੀਤੀ। ਉਸ ਬਾਰੇ ਉਹਨਾਂ ਦੇ ਭਣੇਵੇਂ ਸ: ਨਾਨਕ ਸਿੰਘ ਨੇ ਹੇਠ ਲਿਖਿਆ ਬਿਆਨ ੯ ਨਵੰਬਰ ਨੂੰ ਪ੍ਰੈਸ ਨੂੰ ਦਿਤਾ:— ਮਾਸਟਰ ਜੀ ਨੇ ਭੁਖ ਹੜਤਾਲ ਨਹੀਂ ਛਡੀ। ਉਹ ਡਟੇ ਹੋਏ ਹਨ। ਆਪ ਦੀ ਹਾਲਤ ਸਖਤ ਨਾਜ਼ਕ ਹੈ। ੧੦੬ ਦਰਜੇ ਦਾ ਬੁਖਾਰ ਤੇ ਖਾਂਸੀ ਹੈ, ਉਹਨਾਂ ਦਾ ਵਜ਼ਨ ੧੦੩ ਪੌਂਡ ਰਹਿ ਗਿਆ ਹੈ। ਕਮਜ਼ੋਰੀ ਕਰਕੇ ੧੫ ਮਿੰਟ ਵੀ ਗਲ ਬਾਤ ਨਹੀਂ ਕਰ ਸਕੇ। (ਕੌਮੀ ਬਬਰ ਸ਼ੇਰ ਅੰਮ੍ਰਿਤਸਰ ੯ ਨਵੰਬਰ ੧੯੨੯ ਪੰਨਾ ੧੧)

ਅਠ ਸਾਲ ਦੀ ਲੰਮੀ ਕੈਦ ਦੇ ਬਾਅਦ ਆਪਨੂੰ ੧੯੩੧ ਵਿਚ ਰਿਹਾ ਕੀਤਾ ਗਿਆ।

ਸਿਤੰਬਰ ੧੯੩੧ ਵਿਚ ਡਸਕੇ ਦੇ ਮੋਰਚੇ ਸਮੇਂ ਆਪ ਬਾਹਰ ਸਨ। ਆਪ ਨੇ ਇਸ ਬਾਰੇ ਮਾਸਟਰ ਤਾਰਾ ਸਿੰਘ ਨਾਲ ਮਤ ਭੇਦ ਪ੍ਰਗਟ ਕੀਤਾ। ਹਿੰਦੂ ਲੀਡਰਾਂ ਨਾਲ ਮਿਲਕੇ ਮੋਰਚੇ ਨੂੰ ਨਜਿਠਣ ਦਾ ਜਤਨ ਕੀਤਾ। ੨੭ ਸਿਤੰਬਰ ੧੯੩੧ ਦੇ ਅਖਬਾਰ ਦੇਸ਼ ਸੇਵਕ ਜਲੰਧਰ ਵਿਚ ਲਿਖਿਆ ਕਿ ਮਾਸਟਰ ਤਾਰਾ ਸਿੰਘ



Digitized by Panjab Digital Library | www.panjabdigilib.org

ਨੇ ਡਸਕੇ ਦੇ ਮਾਮਲੇ ਨੂੰ ਵਧ ਤੋਂ ਵਧ ਪੇਚੀਦਾ ਬਨਾਉਣ ਵਿਚ ਕੋਈ ਕਸਰ ਨਹੀਂ ਛਡੀ। ਇਸ ਦੇ ਉਤਰ ਵਿਚ ਅਕਾਲੀ ਪ੍ਰਦੇਸੀ ਨੇ ਲਿਖਿਆ:- ਜਿਸ ਪੰਥਕ ਇਕਠ ਵਿਚ ਡਸਕੇ ਦਾ ਮੋਰਚਾ ਲਾਉਣ ਦਾ ਫੈਸਲਾ ਹੋਇਆ, ਉਸ ਵਿਚ ਮਾਸਟਰ ਮੋਤਾ ਸਿੰਘ ਜੀ ਮੌਜੂਦ ਸਨ। ਉਹਨਾਂ ਨੇ ਆਪ ਮਤਾ ਪੇਸ਼ ਕੀਤਾ। ਜੋ ਸਰਬ ਸੰਮਤੀ ਨਾਲ ਪਾਸ ਹੋਇਆ। (ਅਕਾਲੀ ਪ੍ਰਦੇਸੀ ੨੭ ਸਿਤੰਬਰ ੧੯੩੧ ਪੰਨਾ ੩)

ਨਵੰਬਰ ੧੯੩੧ ਵਿਚ ਮਾਸਟਰ ਮੋਤਾ ਸਿੰਘ ਜੀ ਝੰਗ ਦੀ ਇਕ ਪੁਲੀਟੀਕਲ ਕਾਨਫਰੰਸ ਵਿਚ ਤਕਰੀਰ ਕਰਨ ਦੇ ਕਾਰਨ ਜ਼ੇਰ ਦਫਾ੧੨੪ ਜਲੰਧਰ ਤੋਂ ਫਿਰ ਗ੍ਰਿਫਤਾਰ ਕੀਤੇ ਗਏ। ਆਪਨੂੰ ਜਲੰਧਰ ਤੋਂ ਝੰਗ ਲਿਜਾਇਆ ਗਿਆ। (ਅਕਾਲੀ ਪ੍ਰਦੇਸੀ ਅੰਮ੍ਰਿਤਸਰ ੨੯ ਨਵੰਬਰ ੧੯੩੧ ਪੰਨਾ ੧)

ਉਸ ਕੇਸ ਵਿਚ ਮਾਸਟਰ ਜੀ ਨੂੰ ਜਨਵਰੀ ੧੯੩੨ ਵਿਚ ਢਾਈ ਸਾਲ ਕੈਦ ਸਖਤ ਦੀ ਸਜਾ ਦਿਤੀ ਗਈ। ਕਈ ਮਹੀਨਿਆਂ ਪਿਛੋਂ ਝੰਗ ਤੋਂ ਬੰਗਾਲ ਦੀ ਕਿਸੇ ਜੇਹਲ ਵਿਚ ਬਦਲ ਦਿਤਾ। ਉਥੇ ਆਪਦੀ ਸਿਹਤ ਕਾਫੀ ਖਰਾਬ ਹੋ ਗਈ,† ਪਰ ਆਪ ਨੇ ਹਠ ਨਹੀਂ ਛਡਿਆ।

੧੯੪੨ ਦੀ ਜੰਗੇ ਅਜ਼ਾਦੀ ਵਿਚ ਮਾਸਟਰ ਜੀ ਫਿਰ ਕੈਦ ਹੋਏ। ੧੯੪੫ ਤੀਕ ਗੁਜਰਾਤ ਜੇਹਲ ਵਿਚ ਰਹੇ। ਉਥੋਂ ਯੂ. ਪੀ. ਦਾ ਇਕ ਕਾਂਗਰਸੀ ਰਿਹਾ ਹੋ ਕੇ ਆਇਆ। ਉਸਨੇ ਸਾਡੇ ਇਕ ਸਜੇਨ ਨੂੰ ਦਸਿਆ ਕਿ ਗੁਜਰਾਤ ਜੇਹਲ ਵਿਚ ਮਾਸਟਰ ਮੋਤਾ ਸਿੰਘ ਇਕ ਧੁਰੰਦਰ ਵਿਦਵਾਨ ਹੈ, ਜੇਹੜਾ ਧਰਮ ਰਾਜਨੀਤੀ ਅਤੇ ਹਰ

---

† ਅਕਾਲੀ ਪ੍ਰਦੇਸੀ ੧੬ ਜੁਲਾਈ ੧੯੩੩ ਝੰਗ ਮਘਿਆਨਾ ਤੋਂ ੧੩ ਜੁਲਾਈ ਦੀ ਖਬਰ।



Digitized by Panjab Digital Library | www.panjabdigilib.org

ਵਿਸ਼ੇ ਉਤੇ ਵਿਸ਼ਾਲ ਗਿਆਨ ਦੇ ਸਕਦਾ ਹੈ।

ਮਾਸਟਰ ਮੋਤਾ ਸਿੰਘ ਨੇ ੧੯੨੦ ਤੋਂ ਲੈ ਕੇ ੧੯੪੭ ਤੀਕ ਲਗਾਤਾਰ ੨੭ ਸਾਲ ਵਿਦੇਸ਼ੀ ਗੁਲਾਮੀ ਵਿਰੁਧ ਅਤੁਟ ਸੰਗਰਾਮ ਜਾਰੀ ਰਖਿਆ। ਬੜੀ ਦ੍ਰਿੜਤਾ ਨਾਲ ਜੇਹਲ ਦੀਆਂ ਕਾਲ ਕੋਠੜੀਆਂ ਵਿਚ ਜੀਵਨ ਬਤੀਤ ਕੀਤਾ। ਅਜੇਹੇ ਸੂਰਬੀਰ ਬਚਨ ਦੇ ਬਲੀ, ਸਿਖੀ ਸਾਦਕ ਤੇ ਦੇਸ਼ ਭਗਤ ਨੇਤਾ ਵਿਰਲੇ ਹੀ ਹੋ ਸਕਦੇ ਹਨ।

ਦਸਿਆ ਜਾਂਦਾ ਹੈ ਕਿ ਇਕ ਵੇਰ ਮਹਾਰਾਜਾ ਪਟਿਆਲਾ ਨੇ ਦਿਆ ਕ੍ਰਿਸ਼ਨ ਕੌਲ ਰਾਹੀਂ ਮਾਸਟਰ ਮੋਤਾ ਸਿੰਘ ਨੂੰ ਪ੍ਰੇਰਨਾ ਕੀਤੀ ਕਿ ਉਹ ਬਬਰ ਅਕਾਲੀਆਂ ਵਿਰੁਧ ਬਿਆਨ ਦੇਣ, ਜਿਤਨਾ ਰੁਪਈਆ ਚਾਹੁਣ ਲੈ ਲੈਣ। ਉਹਨਾਂ ਨੇ ਉਤਰ ਦਿਤਾ:–

"ਮੋਤਾ ਸਿੰਘ ਮਰ ਸਕਦਾ ਹੈ, ਪਰ ਬੱਬਰਾਂ ਤੇ ਦੇਸ਼ ਨਾਲ ਗਦਾਰੀ ਨਹੀਂ ਕਰ ਸਕਦਾ।"

ਅਜੇਹੇ ਲੋਕਾਂ ਦੀਆਂ ਕੁਰਬਾਨੀਆਂ ਨਾਲ ੧੯੪੭ ਵਿਚ ਦੇਸ਼ ਅਜ਼ਾਦ ਹੋਇਆ ਹੈ। ਮਾਸਟਰ ਜੀ ਦੀ ਬਣਾਈ ਹੋਈ ਇਕ ਯਾਦਗਾਰ ਬਿਸਰਾਮ ਪੁਰ ਤੇ ਚਾਂਦ ਪੁਰ ਦੇ ਥੇਹ ਤੇ ਬੰਦਾ ਬਹਾਦਰ ਗੜ੍ਹ ਹੈ। ਜਿਥੇ ਸ੍ਰੀ ਗੁਰੂ ਗਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਤੇ ਮੇਲਾ ਲਗਦਾ ਹੈ। ਉਹਨਾਂ ਨੇ ਪਿੰਡ ਵਿਚ ਇਕ ਅਕਾਲੀ ਦੀਵਾਨ ਖਾਨਾ ਵੀ ਬਣਵਾਇਆ। ਨਿਜੀ ਕੋਈ ਜਾਇਦਾਦ ਨਹੀਂ ਬਣਾਈ। ਨਿਸ਼ਕਾਮ ਕੁਰਬਾਨੀ ਕੀਤੀ ਹੈ।

ਅਜ਼ਾਦੀ ਦੇ ਬਾਅਦ ੧੯੫੨ ਵਿਚ ਪਹਿਲੀ ਚੋਣ ਵਿਚ ਮਾਸਟਰ ਮੋਤਾ ਸਿੰਘ ਕਾਂਗਰਸ ਟਿਕਟ ਪਰ ਐਮ. ਐਲ. ਏ. ਚੁਣੇ ਗਏ। ਪੰਜ ਸਾਲ ਮੈਂਬਰ ਰਹੇ। ਕਾਂਗਰਸ ਨਾਲ ਕੁਝ ਮਤ ਭੇਦ ਹੋਣ ਕਰਕੇ ੧੯੫੭ ਵਿਚ ਸਰਦਾਰ ਕਰਮ ਸਿੰਘ ਕਿਰਤੀ ਕਾਂਗਰਸ ਦੇ ਮੁਕਾਬਲੇ ਪਰ ਸੁਤੰਤਰ ਟਿਕਟ ਪਰ ਚੋਣ ਲੜੇ, ਪਰ ਸਫਲ



Digitized by Panjab Digital Library | www.panjabdigilib.org

ਨਾ ਹੋ ਸਕੇ।

ਸੁਤੰਤਰਤਾ ਦੇ ਮੈਦਾਨ'ਚ ਆਪਨੇ ਅੰਗਰੇਜੀ ਗੁਲਾਮੀ ਵਿਰੁਧ ਜਹਾਦ ਤੇ ਕੁਰਬਾਨੀ ਕਰਨ ਦੀ ਕੋਈ ਕਸਰ ਨਹੀਂ ਛਡੀ। ਗੋਰਾ ਸ਼ਾਹੀ ਨੇ ਆਪਨੂੰ ਜੇਹਲ ਤੋਂ ਬਾਹਰ ਨਹੀਂ ਰਹਿਣ ਦਿਤਾ।

੧੯੬੦ ਵਿਚ ਆਪ ਦੀ ਸਿਹਤ ਕੁਝ ਖਰਾਬ ਹੋ ਗਈ। ਬੁਢਾਪੇ ਦੇ ਕਾਰਨ ਅਧਰੰਗ ਹੋ ਗਿਆ। ਖੂਨ ਦਾ ਦਬਾਅ ਵਧ ਗਿਆ। ਸੂਗਰ ਵੀ ਹੋ ਗਈ। ਇਕ ਮਹੀਨਾ ਲਗਾਤਾਰ ਸਿਵਲ ਹਸਪਤਾਲ ਜਲੰਧਰ ਵਿਚ ਆਪ ਦਾ ਇਲਾਜ ਕੀਤਾ ਗਿਆ।ਆਪ ਕਈ ਦਿਨ ਬੇਹੋਸ਼ ਰਹੇ।

ਬੀਮਾਰੀ ਦੀ ਹਾਲਤ ਵਿਚ ਸਰਦਾਰ ਪ੍ਰਤਾਪ ਸਿੰਘ ਕੈਰੋ ਨੇ ੫੦੦ ਰੁਪੇ ਦੀ ਸਹਾਇਤਾ ਕੀਤੀ। ਸਰੋਮਣੀ ਕਮੇਟੀ ਨੇ ਵੀ ਕੁਝ ਰੁਪਿਆ ਭੇਜਿਆ।

'ਆਈ ਨ ਮੇਟਨ ਕੋ ਸਮਰਥ'

ਦੇ ਵਾਕ ਅਨੁਸਾਰ ੯ ਜਨਵਰੀ ੧੯੬੦ ਨੂੰ ਸ਼ਾਮ ਦੇ ਸਾਢੇ ਛੇ ਵਜੇ ਸਿਵਲ ਹਸਪਤਾਲ ਜਲੰਧਰ ਵਿਚ ਸਿਖੀ ਦੇ ਪ੍ਰਚਾਰਕਤੇ ਭਾਰਤ ਦੀ ਸੁਤੰਤਰਤਾ ਦੀ ਜੰਗ ਦੇ ਸੂਰਬੀਰ ਜਰਨੈਲ ਮਾ: ਮੋਤਾ ਸਿੰਘ ਸੁਰਗਵਾਸ ਹੋ ਗਏ।

ਸਿਖੀ ਸਿਦਕ ਤੇ ਦੇਸ਼ ਪਿਆਰ ਦਾ ਖ਼ਘਦਾ ਜੁਆਲਾ ਮੁਖੀ ਸਦਾ ਲਈ ਸ਼ਾਂਤ ਹੋ ਗਿਆ। ਉਸਦੀ ਆਤਮਾ ਸ੍ਰੀ ਅਕਾਲ ਪੁਰਖ ਦੇ ਚਰਨਾਂ ਵਿਚ ਲੀਨ ਹੋ ਗਈ।



Digitized by Panjab Digital Library | www.panjabdigilib.org

## ੨੦

# ਵਿਦਵਾਨ ਤੇ ਨੀਤੀਵਾਨ
# ਗਿਆਨੀ ਸ਼ੇਰ ਸਿੰਘ

ਗਿਆਨੀ ਸ਼ੇਰ ਸਿੰਘ ਸਿੰਘ ਸਭਾ ਲਹਿਰ ਦੇ ਪ੍ਰਸਿਧ ਵਿਦਵਾਨ, ਗੁਰਬਾਣੀ ਇਤਿਹਾਸ ਤੇ ਅਨਮਤਾਂ ਦੇ ਜਾਣੂ,ਸ਼ਾਨਦਾਰ ਵਕਤਾ, ਮੁਬਾਹਿਸ ਤੇ ਲਿਖਾਰੀ ਸਨ। ਆਪ ਅਕਾਲੀ ਲਹਿਰ ਦੇ ਪ੍ਰਸਿਧ ਨੀਤੀਵਾਨ ਆਗੂਆਂ ਚੋਂ ਹੋਏ ਹਨ।

ਆਪ ਕਈ ਸਾਲ ਸ਼ਰੋਮਣੀ ਕਮੇਟੀ ਦੇ ਐਗਜ਼ੈਕਟਿਵ ਮੈਂਬਰ ਪ੍ਰਚਾਰ ਇੰਚਾਰਜ, ਸੰਟ੍ਰਲ ਸਿਖ ਲੀਗ ਤੇ ਪੰਜਾਬ ਕਾਂਗਰਸ ਦੇ ਵਾਈਸ ਪ੍ਰੈਜ਼ੀਡੈਂਟ ਰਹੇ ਹਨ। ਲਾਹੌਰ ਦੇ ਅਕਾਲੀ ਲੀਡਰ ਕੇਸ ਵਿਚ ਮੁਖੀ ਸਨ। ਅੰਗਰੇਜ਼ੀ, ਸੰਸਕ੍ਰਿਤ, ਹਿੰਦੀ ਤੇ ਉਰਦੂ ਦੇ ਆਲਮ ਸਨ। ਅਨਮਤੀਆਂ ਨਾਲ ਸ਼ਾਨਦਾਰ ਬਹਿਸ ਮੁਬਾਹਿਸਾ ਸਨ। ਕਈ ਅਖਬਾਰਾਂ ਦੇ ਸੰਚਾਲਕ ਤੇ ਐਡੀਟਰ ਰਹੇ। ਕਈ ਪੁਸਤਕਾਂ ਦੇ ਲੇਖਕ ਸਨ। ਬਚਪਨ ਤੋਂ ਨੇਤ੍ਰਹੀਣ ਸਨ ਪਰ ਆਪਦੇ ਅੰਤ੍ਰੀਵ ਚਖਸੂ ਪ੍ਰਕਾਸ਼ਮਾਨ ਸਨ। ਬੁਧੀ ਬਹੁਤ ਤੀਖਣ ਸੀ। ਚੇਤਾ-ਸ਼ਕਤੀ ਕਮਾਲ ਦਰਜੇ ਦੀ ਸੀ।

ਅਰੰਭਕ ਜੀਵਨ—

ਗਿਆਨੀ ਸ਼ੇਰ ਸਿੰਘ ਦਾ ਜਨਮ ਸੰਤ ਸਰੂਪ ਸ਼ਹੀਦ ਸ੍ਰ: ਸੇਵਾ ਸਿੰਘ ਦੇ ਨਗਰ ਠੀਕਰੀ ਵਾਲਾ ਰਿਆਸਤ ਪਟਿਆਲਾ ਵਿਚ ਸ੍ਰ: ਵਰਿਆਮ ਸਿੰਘ ਦੇ ਘਰ ਮਾਤਾ ਨੰਦ ਕੌਰ ਤੋਂ ਹੋਇਆ। ਆਪ



Digitized by Panjab Digital Library | www.panjabdigilib.org

ਦਾ ਇਕ ਵੱਡਾ ਭਰਾ ਖੀਵਾ ਸਿੰਘ ਤੇ ਭਰਜਾਈ ਚੰਦ ਕੌਰ ਸੀ। ਬਚਪਨ ਵਿਚ ਨੇਤ੍ਰਹੀਣ ਹੋਣ ਕਰਕੇ ਆਪ ਨੂੰ ਦੋਧਰ ਦੇ ਡੇਰੇ ਵਿਚ ਪੜ੍ਹਨੇ ਪਾਇਆ ਗਿਆ। ਕੁਝ ਵਿਦਿਆ ਆਪ ਨੇ ਉਥੇ ਪ੍ਰਾਪਤ ਕੀਤੀ। ਫਿਰ ਸ੍ਰ: ਰਾਮ ਸਿੰਘ ਸਿੰਘ ਸਭਾ ਦੇ ਮੋਢੀ ਆਪ ਨੂੰ ਸੰਤ ਜਵਾਲਾ ਸਿੰਘ ਬੁਟਰ ਪਾਸ ਲੈ ਗਏ। ਉਥੇ ਆਪ ਨੇ ਗੁਰਮਤਿ ਤੇ ਅਨਮਤਾਂ ਦੇ ਗਰੰਥਾਂ ਦਾ ਅਧੈਨ ਕੀਤਾ†। ਪੰਡਤ ਨਿਕਾ ਸਿੰਘ ਨਿਰਮਲੇ ਤੋਂ ਸੰਸਕ੍ਰਿਤ ਪੜ੍ਹੀ।

ਸਿੰਘ ਸਭਾ ਦੇ ਪ੍ਰਚਾਰਕ—

ਗਿਆਨੀ ਜੀ ਨੇ ਵਿਦਿਆ ਪ੍ਰਾਪਤ ਕਰਨ ਤੋਂ ਬਾਅਦ ਪ੍ਰਚਾਰ ਤੇ ਗੁਰਬਾਣੀ ਦੀ ਕਥਾ ਕਰਨੀ ਸ਼ੁਰੂ ਕੀਤੀ। ਜਿਸ ਵਿਚ ਆਪ ਨੂੰ ਬਹੁਤ ਸ਼ੁਹਰਤ ਤੇ ਸਫਲਤਾ ਪ੍ਰਾਪਤੀ ਹੋਈ। ਉਸ ਵਕਤ ਸਿੰਘ ਸਭਾ ਲਹਿਰ ਚਲ ਰਹੀ ਸੀ। ਗਿਆਨੀ ਜੀ ਨੇ ਸ੍ਰ: ਸੁਜਾਨ ਸਿੰਘ ਰਾਵਲਪਿੰਡੀ ਦੇ ਗੁਰਦਵਾਰੇ ਵਿਚ ਜਾ ਕੇ ਕਥਾ ਕੀਤੀ। ਸ੍ਰ: ਸਾਹਿਬ ਨੂੰ ਬਹੁਤ ਚੰਗੀ ਲਗੀ। ਉਹਨਾਂ ਨੇ ਇਕ ਟੀਚਰ ਰਖਕੇ ਗਿਆਨੀ ਜੀ ਨੂੰ ਅੰਗਰੇਜ਼ੀ ਪੜ੍ਹਾਈ। ਉਸ ਤੋਂ ਬਾਅਦ ਕੁਝ ਚਿਰ ਆਪ ਪਸ਼ੌਰ ਵਿਚ ਮਾਸਟਰ ਬਾਘ ਸਿੰਘ ਪਾਸ ਰਹੇ। ਜੋ ਪਸ਼ੌਰ ਵਿਚ ਸਿਖੀ ਪ੍ਰਚਾਰ ਦਾ ਬੜਾ ਉਤਸ਼ਾਹ ਰਖਣ ਵਾਲੇ ਸਨ। ਰਾਵਲਪਿੰਡੀ ਤੇ ਪਸ਼ੌਰ ਵਿਚ ਪ੍ਰਚਾਰ ਤੇ ਗੁਰਬਾਣੀ ਦੀ ਕਥਾ ਕਰਨ ਨਾਲ ਫਰੰਟੀਅਰ ਤੇ ਇਲਾਕਾ ਪੋਠੋਹਾਰ ਵਿਚ ਆਪਦੀ ਬੜੀ ਮਸ਼ਾਹੂਰੀ ਹੋ ਗਈ।

ਕੁਝ ਚਿਰ ਪਸ਼ੌਰ ਵਿਚ ਰਹਿਣ ਦੇ ਬਾਅਦ ਆਪ ਫਿਰ ਰਾਵਲਪਿੰਡੀ ਆ ਗਏ। ਸ੍ਰੀ ਗੁਰੂ ਸਿੰਘ ਸਭਾ ਨੇ ਆਪ ਨੂੰ ਵਿਦਵਾਨ ਤੇ ਚੰਗਾ ਵਕਤਾ ਸਮਝਕੇ ਪੱਕੇ ਤੌਰ ਤੇ ਪ੍ਰਚਾਰਕ ਰਖ ਲਿਆ।

---

† ਮਾਲਵੇ ਦਾ ਇਤਿਹਾਸ ਪੰਨਾ ੮੮੯



Digitized by Panjab Digital Library | www.panjabdigilib.org

ਉਹਨਾਂ ਦਿਨਾਂ ਵਿਚ ਆਰੀਆ ਸਮਾਜ, ਸਨਾਤਨ ਧਰਮੀਆਂ ਤੇ ਮਿਰਜ਼ਈਆ ਦੇ ਸ਼ਾਸਤ੍ਰਾਰਥ ਤੇ ਬਹਿਸ ਮੁਬਾਹਸੇ ਹੁੰਦੇ ਸਨ। ਗਿਆਨੀ ਸ਼ੇਰ ਸਿੰਘ ਨੇ ਅਨਮਤਾਂ ਦਾ ਚੰਗਾ ਅਧੈਨ ਕੀਤਾ ਸੀ। ਇਸ ਲਈ ਆਪ ਬਹੁਤ ਚੰਗਾ ਬਹਿਸ ਮੁਬਾਹਿਸਾ ਕਰਦੇ ਸਨ। ਸਿਖ ਵਿਰੋਧੀਆ ਨੂੰ ਠੁਕਵਾਂ ਉਤਰ ਦਿੰਦੇ ਸਨ।

ਇਸ ਗਲ ਨੇ ਉਹਨਾਂ ਨੂੰ ਸਿਖ ਜਗਤ ਵਿਚ ਪ੍ਰਸਿਧ ਕਰ ਦਿਤਾ। ਉਹ ਕਈ ਥਾਈਂ ਦੀਵਾਨਾਂ ਤੇ ਕਾਨਫਰੰਸਾਂ ਵਿਚ ਜਾ ਕੇ ਪ੍ਰਚਾਰ ਕਰਦੇ ਸਨ।

ਅੰਮ੍ਰਿਤਸਰ ਵਿਚ ਮਾਸਟਰ ਮੋਤਾ ਸਿੰਘ ਤੇ ਗਿਆਨੀ ਸ਼ੇਰ ਸਿੰਘ ਨੇ ਮਿਲਕੇ ਆਰੀਆ ਸਮਾਜੀਆਂ ਨਾਲ ਬਹਿਸ ਕੀਤੀ।

ਸ਼ਰੋਮਣੀ ਕਮੇਟੀ ਤੇ ਅਕਾਲੀ ਲਹਿਰ ਵਿਚ—

੧੯੨੦ ਵਿਚ ਗੁਰਦਵਾਰਾ ਸੁਧਾਰ ਲਹਿਰ ਚਲ ਪਈ। ਸ਼ਰੋਮਣੀ ਕਮੇਟੀ ਕਾਇਮ ਹੋਈ। ਗਿਆਨੀ ਸ਼ੇਰ ਸਿੰਘ ਸ੍ਰੀ ਗੁਰੂ ਸਿੰਘ ਸਭਾ ਰਾਵਲਪਿੰਡੀ ਵਲੋਂ ੧੬ ਨਵੰਬਰ ੧੯੨੦ ਨੂੰ ਸ਼ਰੋਮਣੀ ਕਮੇਟੀ ਦੇ ਮੈਂਬਰ ਬਣੇ। ਆਪਣੀ ਕਾਬਲੀਅਤ ਨਾਲ ਇਤਨੇ ਮਕਬੂਲ ਹੋਏ ਕਿ ੧੧ ਮਈ ੧੯੨੧ਨੂੰ ਸ਼ਰੋਮਣੀ ਕਮੇਟੀ ਦੇ ਐਗ: ਮੈਂਬਰ ਚੁਣੇ ਗਏ। ਅਕਾਲੀ ਲਹਿਰ ਦੇ ਲੀਡਰਾਂ ਦੀ ਮੋਹਰਲੀ ਪਾਲ ਵਿਚ ਆ ਗਏ। ਉਸ ਵਕਤ ਆਪ ਸੈਂਟ੍ਰਲ ਸਿਖ ਲੀਗ ਅਤੇ ਪੰਜਾਬ ਕਾਂਗਰਸ ਦੇ ਪ੍ਰਮੁਖ ਵੀ ਸਨ।

ਰਾਜਨੀਤਕ ਖੇਤ੍ਰ ਵਿਚ—

੧੯੨੧ ਵਿਚ ਸੈਂਟ੍ਰਲ ਸਿਖ ਲੀਗ ਦਾ ਇਜਲਾਸ ਸਰਦਾਰ ਅਮਰ ਸਿੰਘ ਝਬਾਲ ਦੀ ਪ੍ਰਧਾਨਗੀ ਹੇਠ ਲਾਇਲਪੁਰ ਵਿਚ ਹੋਇਆ। ਉਸ ਵਕਤ ਕਾਂਗਰਸ ਨੇ ਨਾ-ਮਿਲਵਰਤਨ ਦੀ ਲਹਿਰ ਜਾਰੀ ਕੀਤੀ ਸੀ।

ਗਿਆਨੀ ਸ਼ੇਰ ਸਿੰਘ ਨੇ ਸਿਖ ਲੀਗ ਦੇ ਇਜਲਾਸ ਵਿਚ ਸਰਕਾਰ ਅੰਗਰੇਜੀ ਨਾਲ ਨਾ-ਮਿਲਵਰਤਨ ਕਰਨ ਦੇ ਮਤੇ ਦੀ



Digitized by Panjab Digital Library | www.panjabdigilib.org

ਇਹ ਸਲੋਕ ਪੜ੍ਹਕੇ ਤਾਈਦ ਕੀਤੀ:—

ਕਬੀਰ ਸਾਕਤ ਸੰਗੁ ਨ ਕੀਜੀਐ
ਦੂਰਹਿ ਜਾਈਐ ਭਾਗਿ
ਬਾਸਨੁ ਕਾਰੋ ਪਰਸੀਐ
ਤਉ ਕਿਛੁ ਲਾਗੈ ਦਾਗ ।

ਭਾਈ ਜੋਧ ਸਿੰਘ ਅਤੇ ਸ: ਸੰਪੂਰਨ ਸਿੰਘ ਨੇ ਉਸ ਮਤੇ ਦੀ ਵਿਰੋਧਤਾ ਕੀਤੀ, ਪਰ ਗਿਆਨੀ ਸ਼ੇਰ ਸਿੰਘ ਦੀ ਤਕਰੀਰ ਏਨੀ ਪ੍ਰਬਲ ਤੇ ਪ੍ਰਭਾਵਸ਼ਾਲੀ ਸੀ ਕਿ ਨਾ-ਮਿਲਵਰਤਨ ਦਾ ਮਤਾ ਭਾਰੀ ਸੰਮਤੀ ਤੇ ਜੈਕਾਰਿਆਂ ਦੀ ਗੂੰਜ ਨਾਲ ਪਾਸ ਹੋਇਆ। ਉਹ ਦ੍ਰਿਸ਼ ਅਸੀਂ ਆਪ ਵੇਖਿਆ ਹੈ।

ਜੈਤੋ ਦਾ ਮੋਰਚਾ—

ਗਿਆਨੀ ਜ਼ੀ ਨੇ ਗੁਰਦਵਾਰਾ ਸੁਧਾਰ ਲਹਿਰ ਦੇ ਹਰ ਮੋਰਚੇ ਵਿਚ ਹਿਸਾ ਪਾਇਆ ਹੈ। ਪਰ ਜਦ ੧੯੨੩ ਵਿਚ ਸ੍ਰਕਾਰ ਅੰਗਰੇਜੀ ਨੇ ਨਾਭੇ ਦੇ ਮੋਰਚੇ ਵਿਚ ਸ਼ਰੋਮਣੀ ਕਮੇਟੀ ਤੇ ਅਕਾਲੀ ਦਲ ਨੂੰ ਕਾਨੂੰਨ ਵਿਰੁਧ ਕਰਾਰ ਦੇ ਕੇ ਸ਼ਰੋਮਣੀ ਕਮੇਟੀ ਦੇ ਪਹਿਲੇ ਜਥੇ ਨੂੰ ਗ੍ਰਿਫਤਾਰ ਕੀਤਾ, ਉਸ ਵਿਚ ਗਿਆਨੀ ਸ਼ੇਰ ਸਿੰਘ ਜੀ ਵੀ ਸ਼ਾਮਲ ਸਨ। ੧੯੨੩ ਤੋਂ ਲੈ ਕੇ ੧੯੨੬ ਤੀਕ ਅਕਾਲੀ ਲੀਡਰ ਕੇਸ ਵਿਚ ਸੰਟ੍ਰਲ ਜੇਹਲ ਤੇ ਲਾਹੌਰ ਕਿਲੇ ਵਿਚ ਰਹੇ ਹਨ।

ਲਾਹੌਰ ਕਿਲੇ ਵਿਚ ਬਿਆਨ—

ਅਕਾਲੀ ਲੀਡਰ ਕੇਸ ਵਿਚ ਗਿਆਨੀ ਸ਼ੇਰ ਸਿੰਘ ਨੇ ਜੋ ਬਿਆਨ ਦਿਤਾ, ਉਸ ਨੂੰ ਪੜ੍ਹਕੇ ਸ਼ਾਇਦ ਪਾਠਕ ਹੈਰਾਨ ਹੋਣ ਕਿ ਸਿਖ ਧਰਮ ਦਾ ਏਨਾ ਵਡਾ ਪ੍ਰਚਾਰਕਤੇ ਗੁਰਦਵਾਰਾ ਸੁਧਾਰ ਲਹਿਰ ਦਾ ਮੋਢੀ ਗਿਆਨੀ ਸ਼ੇਰ ਸਿੰਘ ਪੰਜਾਬ ਕਾਂਗਰਸ ਦਾ ਮੀਤ ਪ੍ਰਧਾਨ ਵੀ ਰਿਹਾ ਤੇ ਅਜ਼ਾਦੀ ਦਾ ਸਮਰਥਕ ਸੀ ?

ਗਿਆਨੀ ਸ਼ੇਰ ਸਿੰਘ ਨੇ ਆਪਣੇ ਬਿਆਨ ਵਿਚ ਕਿਹਾ:— "ਮੈਂ ੧੬ ਨਵੰਬਰ ੧੯੨੦ ਤੋਂ ਸ਼ਰੋਮਣੀ ਕਮੇਟੀ ਦਾ ਮੈਂਬਰ



Digitized by Panjab Digital Library | www.panjabdigilib.org

ਅਤੇ ੧੧ ਮਈ ੧੯੨੧ ਤੋਂ ਐਗਜੈਕਟਿਵ ਤੇ ਵਰਕਿੰਗ ਕਮੇਟੀ ਦਾ ਮੈਂਬਰ ਚਲਾ ਆ ਰਿਹਾ ਹਾਂ। ਮਈ ੧੯੨੧ ਤੋਂ ਕਾਂਗਰਸ ਦਾ ਮੈਂਬਰ ਵੀ ਰਿਹਾ ਹਾਂ। ਕੁਝ ਚਿਰ ਲਈ ਮੈਂ ਸੂਬੇ ਦੀ ਕਾਂਗਰਸ ਕਮੇਟੀ ਦਾ ਵਾਈਸ ਪ੍ਰੈਜੀਡੈਂਟ ਵੀ ਰਿਹਾ ਹਾਂ। ਮੌਕੇ ਸਿਰ ਮੈਂ ਧਾਰਮਿਕ ਤੇ ਪੁਲੀਟੀਕਲ ਵਿਆਖਿਆਨ ਕਰਦਾ ਰਿਹਾ ਹਾਂ। ਸ਼ਰੋਮਣੀ ਕਮੇਟੀ ਦੇ ਪਲੈਟ ਫਾਰਮ ਤੇ ਕੇਵਲ ਧਾਰਮਿਕ ਕਾਂਗਰਸ ਤੇ ਸਿਖ ਲੀਗ ਦੇ ਪਲੈਟ ਫਾਰਮ ਤੇ ਪੁਲੀਟੀਕਲ ਵਿਆਖਿਆਨ ਕੀਤੇ ਹਨ। ਕਦੀ ਕਿਸੇ ਗਲਤੀ ਨੂੰ ਦੂਰ ਕਰਨ ਲਈ ਧਾਰਮਿਕ ਮਾਮਲੇ ਦਾ ਜ਼ਿਕਰ ਰਾਜਸੀ ਲੈਕਚਰਾਂ ਵਿਚ ਤੇ ਰਾਜਸੀ ਦਾ ਧਾਰਮਿਕ ਲੈਕਚਰਾਂ ਵਿਚ ਆ ਗਿਆ ਹੋਵੇਗਾ।

"ਇਹ ਮੈਂ ਆਪਣੇ ਆਚਰਣ ਤੇ ਸਖਤ ਧੱਬਾ ਸਮਝਦਾ ਹਾਂ ਕਿ ਮੈਂ ਸਿਖ ਰਾਜ ਕਾਇਮ ਕਰਨ ਲਈ ਕੰਮ ਕਰ ਰਿਹਾ ਸੀ।"

ਰਾਜਸੀ ਲੈਕਚਰ ਮੈਂ ਕਾਂਗਰਸ ਦਾ ਮੈਂਬਰ ਹੋਣ ਕਰਕੇ ਦਿਤੇ ਹਨ। ਨਾ ਕਿ ਸ਼ਰੋਮਣੀ ਕਮੇਟੀ ਦਾ। ਭਾਈ ਚਾਰਕ ਸਿਖਿਆ ਤੇ ਰਾਜਸੀ ਅਜ਼ਾਦੀ ਧਰਮ ਦਾ ਅੰਗ ਹੈ। ਮੇਰਾ ਮਤਲਬ ਇਹ ਨਹੀ ਸੀ ਕਿ ਸਵਰਾਜ ਲੈਣਾ ਸ਼ਰੋਮਣੀ ਕਮੇਟੀ ਦੇ ਪ੍ਰੋਗਰਾਮ ਵਿਚ ਹੈ।" (ਵੇਖੋ ਅਕਾਲੀ ਪ੍ਰਦੇਸੀ ੨੨ ਅਕਤੂਬਰ ੧੯੨੪)।

ਇਸ ਬਿਆਨ ਵਿਚ ਗਿਆਨੀ ਜੀ ਨੇ ਸ਼ਰੋਮਣੀ ਕਮੇਟੀ ਨੂੰ ਨਿਰੋਲ ਧਾਰਮਿਕ ਜ਼ਮਾਤ ਤੇ ਕਾਂਗਰਸ ਨੂੰ ਰਾਜਨੀਤਕ ਮੰਨਿਆ ਹੈ।

ਗੁਰਦਵਾਰਾ ਐਕਟ ਦੇ ਪਿਛੋਂ—

੧੯੨੫ ਵਿਚ ਗੁਰਦਵਾਰਾ ਐਕਟ ਮੰਨਕੇ ਸ੍ਰ: ਬਹਾਦਰ ਮਹਿਤਾਬ ਸਿੰਘ ਤੇ ਜਿਹੜੇ ਹੋਰ ਲੀਡਰ ਬਾਹਰ ਆਏ, ਉਹਨਾਂ ਵਿਚੋਂ ਗਿਆਨੀ ਸ਼ੇਰ ਸਿੰਘ ਪ੍ਰਮੁਖ ਸਨ। ਸ਼ਰੋਮਣੀ ਕਮੇਟੀ ਪਰ ਸ੍ਰ: ਬਹਾਦਰ ਪਾਰਟੀ ਦਾ ਕਬਜ਼ਾ ਸੀ। ਗਿਆਨੀ ਸ਼ੇਰ ਸਿੰਘ ਨੇ ਪਲੈਟ ਫਾਰਮ ਤੇ ਪ੍ਰੈਸ ਵਿਚ ਆਪਣੇ ਪੱਖ ਨੂੰ ਦਰੁਸਤ ਸਾਬਤ ਕਰਨ ਦਾ



Digitized by Panjab Digital Library | www.panjabdigilib.org

ਜਤਨ ਕੀਤਾ। ਗੁਰਦਵਾਰਾ ਐਕਟ ਅਨੁਸਾਰ ਚੁਣੀ ਸ਼ਰੋਮਣੀ ਕਮੇਟੀ ਵਿਚ ਅਕਾਲੀ ਪਾਰਟੀ ਦੀ ਬਹੁ ਸੰਮਤੀ ਹੋ ਗਈ। ਸ੍ਰ: ਬਹਾਦਰ ਪਾਰਟੀ ਘਟ ਗਿਣਤੀ ਵਿਚ ਆਈ। ਪਰ ਗਿਆਨੀ ਸ਼ੇਰ ਸਿੰਘ ਸ਼ਰੋਮਣੀ ਕਮੇਟੀ ਤੇ ਬਾਹਰ ਅਕਾਲੀ ਪਾਰਟੀ ਤੇ ਮਾਸਟ੍ਰ ਤਾਰਾ ਸਿੰਘ ਦੇ ਮਜ਼ਬੂਤ ਵਿਪਖੀ ਲੀਡਰ ਸਨ।

੧੯੩੧ ਵਿਚ ਗੋਲਮੇਜ਼ ਕਾਨਫਰੰਸ ਸਮੇਂ ਦੋਹਾਂ ਪਾਰਟੀਆਂ ਨੇ ਇਕਠੇ ਹੋਣ ਦੀ ਕੋਸ਼ਸ਼ ਕੀਤੀ। ਗਿਆਨੀ ਸ਼ੇਰ ਸਿੰਘ ਉਸ ਵਕਤ ਸੰਟ੍ਰਲ ਸਿਖ ਲੀਗ ਦੇ ਮੀਤ ਪ੍ਰਧਾਨ ਸਨ। ਉਹਨਾਂ ਦੀ ਪ੍ਰਧਾਨਗੀ ਹੇਠ ਸਿਖ ਮਿਸ਼ਨਰੀ ਕਾਲਜ ਵਿਚ ਇਕ ਮੀਟਿੰਗ ਹੋਈ ਜਿਸ ਵਿਚ ਅਕਾਲੀ, ਚੀਫ ਖਾਲਸਾ ਦੀਵਾਨੀ ਤੇ ਕਈ ਕਾਂਗਰਸੀ ਸ਼ਾਮਲ ਸਨ। ਉਸ ਵਿਚ ਹਿੰਦ ਰਾਜ ਬਣਤਰ ਪਰ ਵਿਚਾਰ ਕੀਤੀ ਗਈ। (ਅਕਾਲੀ ਪ੍ਰਦੇਸੀ ੨੭ ਸਿਤੰਬਰ ੧੯੩੧)

ਡਸਕੇ ਦੇ ਮੋਰਚੇ ਵਿਚ—

ਪਿਛੇ ਦਸ ਆਏ ਹਾਂ ਕਿ ਸਿਤੰਬਰ ੧੯੩੧ ਵਿਚ ਹੀ ਸ੍ਰ: ਖੜਕ ਸਿੰਘ ਨੇ ਡਸਕੇ ਦਾ ਮੋਰਚਾ ਲਾਇਆ। ਉਸ ਵਿਚ ਮਾਸਟਰ ਤਾਰਾ ਸਿੰਘ ਜੀ ਵੀ ਜਥਾ ਲੈ ਕੇ ਗਏ। ਗਿਆਨੀ ਸ਼ੇਰ ਸਿੰਘ ੧੦੪ ਸਿੰਘਾਂ ਦਾ ਤੀਸਰਾ ਜਥਾ ਲੈਕੇ੧੬ ਨਵੰਬਰ੧੯੩੧ ਨੂੰ ਅੰਮ੍ਰਿਤਸਰ ਤੋਂ ਚਲੇ। ਪਿੰਡ ਬਾਜਵਾ ਜ਼ਿਲਾ ਸਿਆਲ ਕੋਟ ਵਿਚ ਗ੍ਰਿਫ਼ਤਾਰ ਕੀਤੇ ਗਏ।

ਫਿਰਕੂ ਫੈਸਲੇ ਪਰ ਇਕਠ—

੧੯੩੨ ਵਿਚ ਫਿਰਕੂ ਫੈਸਲੇ ਪਰ ਅਕਾਲੀ ਪਾਰਟੀ ਤੇ ਸ੍ਰ: ਬਹਾਦਰ ਪਾਰਟੀ ਨੇ ਇਕਠੇ ਹੋਣ ਦੀ ਕੋਸ਼ਸ਼ ਕੀਤੀ। ਪਰ ਏਕਤਾ ਨਿਭ ਨਾ ਸਕੀ।

ਯੂਨਿਟੀ ਕਾਨਫਰੰਸ—

ਫਿਰਕੂ ਫੈਸ਼ਲੇ ਦੇ ਬਾਅਦ ਪੰਡਤ ਮਾਲਵੀ ਨੇ ਅਲਾਹਬਾਦ ਵਿਚ ਇਕ ਯੂਨਿਟੀ ਕਾਨਫਰੰਸ਼ ਕੀਤੀ। ਜਿਸ ਵਿਚ ਘਟ



Digitized by Panjab Digital Library | www.panjabdigilib.org

ਗਿਣਤੀਆਂ ਬਾਰੇ ਵਿਚਾਰ ਕੀਤੀ ਗਈ। ਉਸ ਵਿਚ ਗਿਆਨੀ ਸ਼ੇਰ ਸਿੰਘ ਨੇ ਸਿਖਾਂ ਦਾ ਪੱਖ ਬੜੇ ਸ਼ਾਨਦਾਰ ਢੰਗ ਨਾਲ ਪੇਸ਼ ਕੀਤਾ। ਜਿਸਨੂੰ ਸੁਣਕੇ ਲੋਕੀ ਦੰਗ ਰਹਿ ਗਏ। ਰੀਕਾਰਡ ਦੇ ਇਤਿਹਾਸ ਦੇ ਹਵਾਲੇ ਦੇ ਕੇ ਉਹਨਾਂ ਨੇ ਆਪਣੇ ਪੱਖ ਨੂੰ ਸਿਧ ਕੀਤਾ। ਪੰਡਤ ਮਾਲਵੀ ਜੀ ਨੇ ਗਿਆਨੀ ਜੀ ਨੂੰ ਜਫ਼ੀ ਵਿਚ ਲੈ ਕੇ ਕਿਹਾ:—"ਤੁਸੀਂ ਮੇਰੇ ਖਰਚ ਤੇ ਵਲੈਤ ਜਾ ਕੇ ਕਾਨੂੰਨ ਦੀ ਕੋਈ ਡਿਗਰੀ ਪ੍ਰਾਪਤ ਕਰਕੇ ਆਉ। ਇਹ ਦੇਸ਼ ਦੀ ਭਾਰੀ ਸੇਵਾ ਹੋਵੇਗੀ।"

ਸਰਬ ਸਿਖ ਸੰਪ੍ਰਦਾਇ ਕਾਨਫਰੰਸ:—

੧੯੩੪ ਵਿਚ ਸਵਰਗੀ ਬਾਬਾ ਪ੍ਰਤਾਪ ਸਿੰਘ ਨਾਮਧਾਰੀ ਨੇ ਭੈਣੀ ਵਿਚ ਸਰਬ ਸਿਖ ਸੰਪ੍ਰਦਾਇ, ਕਾਨਫਰੰਸ ਕੀਤੀ। ਜਿਸ ਵਿਚ ਅਕਾਲੀ ਤੇ ਚੀਫ ਖਾਲਸਾ ਦੀਵਾਨ ਦੇ ਕਈ ਮੁਖੀ ਸ਼ਾਮਲ ਸਨ। ਉਸ ਵਿਚ ਗਿਆਨੀ ਸ਼ੇਰ ਸਿੰਘ ਨੇ ਕਿਹਾ ਕਿ ਅਰਦਾਸ ਦਸਾਂ ਪਾਤਸ਼ਾਹੀਆਂ ਦੀ ਹੋਣੀ ਚਾਹੀਦੀ ਹੈ। ਜਿਸਨੂੰ ਪ੍ਰਵਾਨ ਕੀਤਾ ਗਿਆ।

ਫਿਰਕੂ ਫੈਸਲਾ ਲਾਗੂ ਹੋਗਿਆ—

ਪਿਛੇ ਦਸ ਆਏ ਹਾਂ ਕਿ ੧੯੩੨ ਵਿਚ ਮਿ: ਰੈਮਜ਼ੇ ਮੈਕਡਾਨਲਡ ਨੇ ਜੋ ਫਿਰਕੂ ਅਵਾਰਡ ਦਿਤਾ ਸੀ, ਉਹ ਕਾਂਗਰਸ ਤੇ ਮੁਸਲਿਮ ਲੀਗ ਨੇ ਮੰਨ ਲਿਆ। ਇਸ ਲਈ ਸਾਨੂੰ ਵੀ ਮੰਨਣਾ ਪੈਗਿਆ। ਪੰਡਤ ਮਾਲਵੀ ਗਿਆਨੀ ਸ਼ੇਰ ਸਿੰਘ ਨੂੰ ਚੋਣ ਬੋਰਡ ਵਿਚ ਲੈਣਾ ਚਾਹੁੰਦੇ ਸਨ। ਉਸ ਬਾਰੇ ੨੮ ਮਈ ੧੯੩੪ ਦੇ ਅਖਬਾਰ ਅਕਾਲੀ ਪ੍ਰਦੇਸੀ ਵਿਚ ਮਾਸਟਰ ਤਾਰਾ ਸਿੰਘ ਨੇ ਬਿਆਨ ਦਿਤਾ:—"ਪਿਛਲੇ ਕੁਝ ਸਾਲਾਂ ਤੋਂ ਗਿਆਨੀ ਸ਼ੇਰ ਸਿੰਘ ਕਾਂਗਰਸ ਤੇ ਸਿਵਲ ਨਾ-ਫੁਰਮਾਨੀ ਤਹਿਰੀਕ ਦੀ ਵਿਰੋਧਤਾ ਕਰ ਰਹੇ ਹਨ। ਇਸ ਵਿਚ ਕੋਈ ਸ਼ਕ ਨਹੀਂ ਕਿ ਆਪ ੧੯੨੨ ਵਿਚ ਕਾਂਗਰਸ ਨਾਲ ਸਨ। ਪਰ ਇਸ ਮਗਰੋਂ ਕ਼ਦੀ ਵੀ ਕਾਂਗਰਸ ਦੇ ਮੈਂਬਰ ਨਹੀਂ



Digitized by Panjab Digital Library | www.panjabdigilib.org

ਬਣੇ । ਆਪ ਨੇ ਆਪਣੇ ਅਖਬਾਰ ਵਿਚ ਸਿਵਲ ਨਾ-ਫੁਰਮਾਨੀ ਦੀ ਖੁਲ੍ਹੇ ਤੌਰ ਤੇ ਮੁਖ਼ਾਲਫ਼ਤ ਕੀਤੀ ਹੈ । ਖਾਲਸਾ ਦਰਬਾਰ ਤੇ ਸੰਟ੍ਰਲ ਸਿਖ ਲੀਗ ਅਸੈਂਬਲੀ ਦੀਆਂ ਦੋਵੇ ਸੀਟਾਂ ਲੈਣ ਵਿਚ ਯਕੀਨਨ ਕਾਮਯਾਬ ਹੋਣਗੇ । ਮੈਂ ਖਿਆਲ ਕਰਦਾ ਹਾਂ ਕਿ ਪੰਡਤ ਮਾਲਵੀ ਜੀ ਨੇ ਗਲਤੀ ਕੀਤੀ ਹੈ । ਸਿਖ ਕੌਮ ਵਿਚ ਕੌਮੀ ਖਿਆਲ ਵਾਲਿਆਂ ਦੀ ਬਹੁ ਸੰਮਤੀ ਹੈ ਤੇ ਉਹਨਾਂ ਨੂੰ ਯਕੀਨੀ ਤੌਰ ਤੇ ਕੌਮ ਪ੍ਰਸਤਾਂ ਦੇ ਵਿਰੋਧੀ ਭਾਵ ਗਿਆਨੀ ਸ਼ੇਰ ਸਿੰਘ ਦੇ ਚੁਣੇ ਜਾਣ ਪਰ ਦੁਖ ਹੋਵੇਗਾ ਅਤੇ ਇਸ ਚੋਣ ਦਾ ਸਿਟਾ ਕਾਂਗਰਸ ਨੂੰ ਨੁਕਸਾਨ ਪੁਜੇਗਾ ।"

ਅਕਾਲੀ ਪ੍ਰਦੇਸੀ ਨੇ ਇਹ ਰਿਪੋਰਟ ਵੀ ਪ੍ਰਕਾਸ਼ਤ ਕੀਤੀ ਕਿ ਮਾਸਟਰ ਤਾਰਾ ਸਿੰਘ ਨੇ ਪੰਡਤ ਮਾਲਵੀ ਜੀ ਨੂੰ ਤਾਰ ਦਿਤੀ ਹੈ ਕਿ ਆਪ ਗਿਆਨੀ ਸ਼ੇਰ ਸਿੰਘ ਨੂੰ ਕਾਂਗਰਸ ਪਾਰਲੀਮੈਂਟਰੀ ਬੋਰਡ ਵਿਚ ਲੈ ਕੇ, ਕੌਮ ਪ੍ਰਸਤ ਸਿਖਾਂ ਨਾਲੋਂ ਜਿੰਨਾਂ ਦੀ ਪੰਥ ਵਿਚ ਬਹੁ ਸੰਮਤੀ ਹੈ, ਸੰਬੰਧ ਤੋੜ ਰਹੇ ਹੋ§ ।"

ਉਸ ਵਕਤ ਮਾਸਟਰ ਜੀ ਕਾਂਗਰਸ ਦੇ ਸਮਰਥਕ ਸਨ ।

### ਪੰਜਾਬ ਕੌਂਸਲ ਦੀਆਂ ਚੋਣਾਂ—

੧੯੩੭ ਵਿਚ ਪੰਜਾਬ ਕੌਂਸਲ ਦੀਆਂ ਚੋਣਾਂ ਹੋਈਆਂ । ਜਿੰਨਾਂ ਵਿਚ ਕਾਂਗਰਸ ਤੇ ਅਕਾਲੀ ਇਕਠੇ ਸਨ ।

ਪਿਛੇ ਦਸ ਆਏ ਹਾਂ ਕਿ ਉਹਨਾਂ ਚੋਣਾਂ ਵਿਚ ਸ੍ਰ: ਸੁੰਦਰ ਸਿੰਘ ਮਜੀਠੀਆ ਨੇ ਖਾਲਸਾ ਨੈਸ਼ਨਲਿਸਟ ਪਾਰਟੀ ਬਣਾਕੇ ਚੋਣਾ ਵਿਚ ਜਥੇਦਾਰ ਤੇਜਾ ਸਿੰਘ ਅਕਰ ਪੁਰੀ, ਸ੍ਰ: ਹਰਨਾਮ ਸਿੰਘ ਤੇ

---

§ ੧ ਮਾਸਟਰ ਤਾਰਾ ਸਿੰਘ ਲਿਖਤ ਸ੍ਰ: ਜਸਵੰਤ ਸਿੰਘ ਪੰਨਾ ੧੨੮–੨੯

੨ ਮਾਸਟਰ ਜੀ ੪ ਜਨਵਰੀ ੧੯੩੭ ਨੂੰ ਪੰਜਾਬ ਕਾਂਗਰਸ ਦੇ ਡੈਲੀਗੇਟ ਚੁਣੇ ਗਏ ।



Digitized by Panjab Digital Library | www.panjabdigilib.org

ਸ੍ਰ: ਭਾਗ ਸਿੰਘ ਐਡਵੋਕੇਟ ਆਦਿਕ ਮੁਖੀ ਅਕਾਲੀਆਂ ਨੂੰ ਹਾਰ ਦਿਤੀ। ਸ੍ਰ: ਉਜਲ ਸਿੰਘ ਦੇ ਮੁਕਾਬਲੇ ਪਰ ਸ੍ਰ: ਗੋਪਾਲ ਸਿੰਘ ਕੌਮੀ ਹਾਰ ਗਏ। ਉਸ ਵਕਤ ਗਿਆਨੀ ਸ਼ੇਰ ਸਿੰਘ ਠੁਕਵੇਂ ਮਜੀਠਾ ਪਾਰਟੀ ਨਾਲ ਸਨ। ਸ੍ਰ: ਸੁੰਦਰ ਸਿੰਘ ਦੇ ਸਿਕੰਦਰ ਵਜ਼ਾਰਤ ਵਿਚ ਹੋਣ ਕਰਕੇ ਉਸਦੇ ਹਾਮੀ ਸਨ। ੩ ਅਪ੍ਰੈਲ ੧੯੪੧ ਨੂੰ ਸ੍ਰ: ਸੁੰਦਰ ਸਿੰਘ ਜੀ ਚਲਾਣਾ ਕਰ ਗਏ। ਉਹਨਾਂ ਦੀ ਥਾਂ ਸ੍ਰ: ਦਸੌਂਧਾ ਸਿੰਘ ਨੂੰ ਵਜੀਰ ਬਣਾਇਆ ਗਿਆ। ਉਹ ਸਫਲ ਨਾ ਹੋ ਸਕਿਆ। ਦੂਜੀ ਜੰਗ ਜਾਰੀ ਸੀ। ਮਾਸਟਰ ਜੀ ਤੇ ਗਿਆਨੀ ਕਰਤਾਰ ਸਿੰਘ ਫੌਜੀ ਭਰਤੀ ਦੇ ਹਾਮੀ ਸਨ।

ਅੰਗਰੇਜ ਚਾਹੁੰਦੇ ਸਨ ਕਿ ਪੰਜਾਬ ਵਿਚ ਅਕਾਲੀ ਯੂਨੀ-ਨਿਸਟ ਸਰਕਾਰ ਤੇ ਸੂਬਾ ਸਰਹੱਦ ਵਿਚ ਮੁਸਲਿਮ ਲੀਗ ਵਜਾਰਤ ਵਿਚ ਸ਼ਾਮਲ ਹੋਣ। ਇਸ ਲਈ ੧੯੪੨ ਵਿਚ ਸ੍ਰ: ਸੁੰਦਰ ਸਿੰਘ ਦੀ ਥਾਂ ਸ੍ਰ: ਬਲਦੇਵ ਸਿੰਘ ਨੂੰ ਸਿਕੰਦਰ ਵਜ਼ਾਰਤ ਵਿਚ ਤੇ ਸ੍ਰ: ਅਜੀਤ ਸਿੰਘ ਸਰਹੱਦੀ ਨੂੰ ਮੁਸਲਿਮ ਲੀਗ ਵਜ਼ਾਰਤ ਵਿਚ ਸ਼ਾਮਲ ਕੀਤਾ ਗਿਆ।

ਇਸ ਦੇ ਨਾਲ ਗਿਆਨੀ ਜੀ ਤੇ ਮਾਸਟਰ ਜੀ ਦਾ ਸਮਝੌਤਾ ਵੀ ਹੋ ਗਿਆ। ਕਿਸੇ ਨੇ ਗਿਆਨੀ ਸ਼ੇਰ ਸਿੰਘ ਨੂੰ ਪੁਛਿਆ:—"ਤੁਸੀਂ ਕਈ ਸਾਲ ਮਾਸਟਰ ਜੀ ਵਿਰੁਧ ਲੜਦੇ ਰਹੇ ਹੋ। ਹੁਣ ਉਹਨਾਂ ਨਾਲ ਕਿਉਂ ਸਮਝੌਤਾ ਕੀਤਾ ਜੇ ?

ਗਿਆਨੀ ਜੀ ਕਹਿਣ ਲਗੇ—"ਮੈਂ ਸਮਝੌਤਾ ਨਹੀਂ ਕੀਤਾ। ਮਾਸਟਰ ਜੀ ਨੇ ਮੇਰੇ ਨਾਲ ਕੀਤਾ ਹੈ।"

ਪ੍ਰਸ਼ਨ ਕਰਤਾ—'ਉਹ ਕਿਸਤਰਾਂ ?'

ਗਿਆਨੀ ਜੀ:-ਮੈਂ ਸ੍ਰ: ਸੁੰਦਰ ਸਿੰਘ ਮਜੀਠੀਏ ਤੇ ਸਿਕੰਦਰ ਪਾਰਟੀ ਦਾ ਹਾਮੀ ਸੀ. ਮਾਸਟਰ ਜੀ ਨੇ ਸ੍ਰ: ਬਲਦੇਵ ਸਿੰਘ ਨੂੰ ਵਜੀਰ ਬਣਾਕੇ ਮੇਰੀ ਗਲ ਮੰਨ ਲਈ ਹੈ।



Digitized by Panjab Digital Library | www.panjabdigilib.org

ਲਿਖਾਰੀ ਤੇ ਸੰਪਾਦਕ—

ਗਿਆਨੀ ਜੀ ਜਿਥੇ ਉਚੇ ਦਰਜੇ ਦੇ ਸਪੀਕਰ ਸਨ, ਉਥੇ ਲਿਖਾਰੀ ਤੇ ਸੰਪਾਦਕ ਵੀ ਸਨ। ਉਹਨਾਂ ਦੀਆਂ ਲਿਖੀਆਂ ਹੇਠ ਲਿਖੀਆਂ ਪੁਸਤਕਾਂ ਹਨ:—੧. ਨਿਤਨੇਮ ਸਟੀਕ, ੨. ਗੁਰੂ ਗਰੰਥ ਤੇ ਪੰਥ, ੩. ਪੰਜਾ ਸਾਹਿਬ ਤੇ ਨਨਕਾਣਾ ਸਾਹਿਬ ਟ੍ਰੈਕਟ।

ਕੌਮੀ ਦਰਦ, ਖਾਲਸਾ ਸੇਵਕ ਤੇ ਸਪਤਾਹਕ 'ਪੰਜਾਬ' ਦੇ ਸੰਪਾਦਕ ਸਨ।

ਗਿਆਨੀ ਜੀ ਦੋਸਤਾਂ ਦੇ ਚੰਗੇ ਦੋਸਤ ਤੇ ਵਿਰੋਧੀਆਂ ਦੇ ਠੁਕਵੇਂ ਵਿਰੋਧੀ ਸਨ। ਜ਼ਿੰਦਗੀ ਦੇ ਅੰਤਮ ਦੋ ਸਾਲਾਂ ਵਿਚ ਉਹਨਾਂ ਦੀ ਮਾਸਟਰ ਤਾਰਾ ਸਿੰਘ ਤੇ ਅਕਾਲੀ ਪਾਰਟੀ ਨਾਲ ਸੁਲਾਹ ਹੋ ਗਈ। ਥੋਹੜਾ ਚਿਰ ਮਿਲਕੇ ਕੰਮ ਕਰਦੇ ਰਹੇ।

ਗਿਆਨੀ ਸ਼ੇਰ ਸਿੰਘ ਸਿੰਘ ਸਭਾ ਤੇ ਅਕਾਲੀ ਲਹਿਰ ਵਿਚ ਕੰਮ ਕਰਨ ਦੇ ਬਾਅਦ ੧੯੪੪ ਵਿਚ ਸਿਰਦੇ ਫੋੜੇ ਨਾਲ ਬੀਮਾਰ ਹੋਏ ਅਕਤੂਬਰ ੧੯੪੪ ਵਿਚ ਅੰਮ੍ਰਿਤਸਰ ਦੇ ਹਸਪਤਾਲ ਵਿਚ ਚਲਾਣਾ ਕਰ ਗਏ। ਮਾਸਟਰ ਤਾਰਾ ਸਿੰਘ ਜੀ ਤੇ ਸ਼ਰੋਮਣੀ ਕਮੇਟੀ ਵਲੋਂ ਬੜੇ ਸਤਕਾਰ ਨਾਲ ਉਹਨਾਂ ਦਾ ਅੰਤਮ ਸੰਸਕਾਰ ਕੀਤਾ ਗਿਆ। ੧੯-੧੦-੪੪ ਨੂੰ ਸ਼੍ਰੋ: ਕਮੇਟੀ ਨੇ ਮਤਾ ਪਾਸ ਕੀਤਾ, ਜਿਸ ਵਿਚ ਦਰਜ ਹੈ—ਗਿਆਨੀ ਸ਼ੇਰ ਸਿੰਘ ਜੀ ਦੀ ਸਾਰੀ ਆਯੂ ਪੰਥਕ ਸੇਵਾ ਵਿਚ ਗੁਜ਼ਰੀ ਹੈ। ਉਹਨਾਂ ਦੇ ਚਲਾਣੇ ਨਾਲ ਪੰਥ ਵਿਚ ਇਕ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਅਕਾਲ ਪੁਰਖ ਆਪ ਦੀ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇ।

ਗਿਆਨੀ ਜੀ ਆਪ ਗ੍ਰਿਹਸਤੀ ਨਹੀਂ ਸਨ। ਉਹਨਾਂ ਦੇ ਭਰਾ ਖੀਵਾ ਸਿੰਘ ਦੀ ਸੰਤਾਨ ਹੈ।



Digitized by Panjab Digital Library | www.panjabdigilib.org

## ੨੧

# ਸ੍ਰ: ਹਰੀ ਸਿੰਘ ਜਲੰਧਰੀ

ਜਿਨ੍ਹਾਂ ਆਗੂਆਂ ਦੀ ਸਿਆਣਪ ਤੇ ਕੁਰਬਾਨੀ ਨਾਲ ਗੁਰਦਵਾਰਾ ਸੁਧਾਰ ਦੇ ਮੋਰਚੇ ਸਫਲ ਹੋਏ ਹਨ, ਸ਼ਰੋਮਣੀ ਕਮੇਟੀ ਤੇ ਅਕਾਲੀ ਦਲ ਬਣੇ, ਗੁਰਦਵਾਰੇ ਪੰਥਕ ਪ੍ਰਬੰਧ ਵਿਚ ਆਏ ਹਨ, ਸਿਖ ਪੰਥ ਨੇ ਪੁਰਾਨੀ ਮਾਡਰੇਟ ਤੇ ਅੰਗਰੇਜ਼ ਪੂਜ ਲੀਡਰਸ਼ਿਪ ਨੂੰ ਬਦਲਕੇ ਦੇਸ ਦੀ ਅਜ਼ਾਦੀ ਲਈ ਕੁਰਬਾਨੀਆਂ ਕੀਤੀਆਂ, ਉਹਨਾਂ ਲੀਡਰਾਂ ਚੋਂ ਸ੍ਰ: ਹਰੀ ਸਿੰਘ ਜਲੰਧਰੀ ਇਕ ਸਨ।

ਸਰਦਾਰ ਜੀ ਗੁਰਸਿਖੀ ਪਰ ਅਤੁਟ ਸ਼ਰਧਾ ਰੱਖਦੇ ਸਨ। ਪਰ ਉਹਨਾਂ ਦੇ ਮਨ ਵਿਚ ਦੇਸ਼ ਲਈ ਵੀ ਅਥਾਹ ਪ੍ਰੇਮ ਸੀ।

ਸ੍ਰਦਾਰ ਜੀ ਸ਼ੁਰੂ ਤੋਂ ਸ਼ਰੋਮਣੀ ਕਮੇਟੀ ਦੇ ਚੋਟੀ ਦੇ ਸੂਝਵਾਨ ਨੇਤਾਵਾਂ ਵਿਚੋਂ ਸਨ। ਆਪ ਮਾਸਟਰ ਤਾਰਾ ਸਿੰਘ ਤੇ ਬਾਵਾ ਹਰਿਕਿਸ਼ਨ ਸਿੰਘ ਦੇ ਅਤਿ ਨਿਕਟ ਵਰਤੀ ਸਨ। ਬਾਬੂ ਲਾਭ ਸਿੰਘ ਤੇ ਜਥੇਦਾਰ ਊਧਮ ਸਿੰਘ ਨਾਗੋਕੇ ਦਾ ਸਤਕਾਰ ਕਰਨ ਵਾਲੇ ਸਨ। ਸਫਲ ਕਾਰੋਬਾਰੀ ਸਨ। ਘਰੋਂ ਖਾ ਕੇ ਕੌਮ ਤੇ ਦੇਸ਼ ਦੀ ਸੇਵਾ ਕਰਦੇ ਸਨ। ੧੯੨੧–੨੨ ਵਿਚ ਚਾਬੀਆਂ ਤੇ ਗੁਰੂ ਕੇ ਬਾਗ ਦੇ ਮੋਰਚੇ ਵਿਚ ਆਪ ਨੇ ਕਾਫੀ ਹਿਸਾ ਲਿਆ। ਜਲੰਧਰ ਵਿਚ ਰਾਏਜ਼ਾਦਾ ਹੰਸ ਰਾਜ ਤੇ ਮਾਸਟਰ ਮੋਤਾ ਸਿੰਘ ਦੇਸ਼ ਭਗਤਾਂ ਦੇ ਸਾਥੀ ਸਨ। ਕਾਂਗਰਸ ਦੀ ਅਜ਼ਾਦੀ ਲਹਿਰ ਵਿਚ ਗ੍ਰਿਫਤਾਰ ਤੇ ਕੈਦ ਹੁੰਦੇ



Digitized by Panjab Digital Library | www.panjabdigilib.org

ਰਹੇ ਹਨ।

੧੯੨੩ ਤੋਂ ੧੯੨੬ ਤੀਕ ਤਿੰਨ ਸਾਲ ਲਗਾਤਾਰ ਸ਼ਰੋਮਣੀ ਕਮੇਟੀ ਦੇ ਪਹਿਲੇ ਜਥੇ ਨਾਲ ਲਾਹੌਰ ਜੇਹਲ ਤੇ ਕਿਲੇ ਵਿਚ ਰਹੇ ਹਨ ਕਈ ਸਾਲ ਸ਼ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੇ ਮੈਂਬਰ ਤੇ ਕੁਝ ਚਿਰ ਸਕਤਰ ਵੀ ਰਹੇ ਹਨ।

ਸ੍ਰ: ਹਰੀ ਸਿੰਘ ਬੜੇ ਸੰਜਮੀ ਤੇ ਸਫਲ ਕਾਰੋਬਾਰੀ ਹੋਣ ਦੇ ਨਾਲ ਚੰਗੇ ਦਾਨੀ ਸਨ। ਕਈ ਵਿਦਿਅੱਕ ਸੰਸਥਾਵਾਂ ਜਿਹਾ ਕਿ ਸਿਖਨੈਸ਼ਨਲ ਕਾਲਜ ਲਾਹੌਰ, ਖਾਲਸਾ ਕਾਲਜ ਜਲੰਧਰ ਦੀਆਂ ਕਮੇਟੀਆਂ ਦੇ ਮੈਂਬਰ ਸਨ। ਆਪਣੀ ਕਿਰਤ ਕਮਾਈ ਚੋਂ ਕਈ ਆਸ਼ਰਮਾਂ ਦੀ ਮਾਇਕ ਸਹਾਇਤਾ ਕਰਦੇ ਸਨ।

ਪੰਜਾਬ ਵਿਚ ਜਿੰਨਾਂ ਮੁਖੀਆਂ ਨੇ ਲੋਕ ਸੇਵਾ ਲਈ ਦਾਨ ਕੀਤਾ ਹੈ, ਉਹਨਾਂ ਚੋਂ ਸ੍ਰ: ਦਿਆਲ ਸਿੰਘ ਮਜੀਠਾ ਪਹਿਲੇ ਆਗੂ ਸਨ। ਜਿਨ੍ਹਾਂ ਨੇ ਟ੍ਰਸਟ ਬਣਾਕੇ ਤੇ ਆਪਣੀ ਲਖਾਂ ਰੁਪਏ ਦੀ ਜਾਇਦਾਦ ਤੇ ਧਨ ਦੇ ਕੇ ਲਾਹੌਰ ਵਿਚ ਸ੍ਰ: ਦਿਆਲ ਸਿੰਘ ਕਾਲਜ ਤੇ ਸ਼ਾਨਦਾਰ ਲਾਇਬਰੇਰੀ ਕਾਇਮ ਕੀਤੀ। ਅੰਗਰੇਜੀ ਵਿਚ ਟ੍ਰਿਬਯੂਨ ਅਖਬਾਰ ਜਾਰੀ ਕੀਤਾ। ਜਿਸ ਦੇ ਨਾਂ ਜ਼ਿਲਾ ਗੁਰਦਾਸ ਪੁਰ ਦਾ ਇਕ ਪਿੰਡ ਮਿਰਜਾ ਜਾਨ ਹੁਣ ਤੀਕ ਲਗਾ ਹੋਇਆ ਹੈ।

ਦੇਸ਼ ਦੀ ਵੰਡ ਦੇ ਪਿਛੋਂ ਦਿਆਲ ਸਿੰਘ ਕਾਲਜ ਤੇ ਲਾਇਬਰੇਰੀ ਕਰਨਾਲ ਤੇ ਦਿਲੀ ਵਿਚ ਚਲ ਰਹੇ ਹਨ। ਟ੍ਰਿਬਯੂਨ ਚੰਡੀਗੜ੍ਹ ਵਿਚ ਹੈ। ਦੂਜੇ ਸਰ ਗੰਗਾ ਰਾਮ ਸਨ, ਜਿਹਨਾਂ ਨੇ ਲਾਹੌਰ ਵਿਚ ਕਈ ਆਸ਼ਰਮ ਬਣਾਏ। ਤੀਜੇ ਸ੍ਰ: ਧਰਮ ਸਿੰਘ ਠੇਕੇਦਾਰ ਦਿਲੀ ਸਨ, ਜਿੰਨਾਂ ਨੇ ਟ੍ਰਸਟ ਬਣਾਕੇ ਗੁਰੂ ਨਾਨਕ ਵਿਦਿਆ ਭੰਡਾਰ ਕਾਇਮ ਕੀਤਾ। ਜਿਸ ਦਾ ਉਦੇਸ਼ ਪਿੰਡਾਂ ਵਿਚ ਵਿਦਿਆ ਦਾ ਪ੍ਰਚਾਰ ਕਰਨਾ ਹੈ।

ਪੁਰਾਣੇ ਅਕਾਲੀ ਤੇ ਦੇਸ਼ ਭਗਤ ਲੀਡਰਾਂ ਵਿਚੋਂ ਸ੍ਰ: ਹਰੀ ਸਿੰਘ ਜਲੰਧਰੀ ਇਕ ਅਜੇਹੇ ਦਾਨੀ ਹਨ, ਜਿੰਨ੍ਹਾਂ ਨੇ ਆਪਣੀ



Digitized by Panjab Digital Library | www.panjabdigilib.org

ਲੱਖਾਂ ਰੁਪਏ ਦੀ ਆਮਦਨੀ ਤੇ ਜਾਇਦਾਦ ਇਕ ਟ੍ਰਸਟ ਬਣਾਕੇ ਉਸ ਦੇ ਸਪੁਰਦ ਕੀਤੀ। ਉਸ ਟ੍ਰਸਟ ਦੇ ਚੇਅਰਮੈਨ ਸ੍ਰੀ ਮਤੀ ਅਵਤਾਰ ਕੌਰ ਪ੍ਰਿੰਸੀਪਲ ਖਾਲਸਾ ਵੂਮਨ ਕਾਲਜ ਜਲੰਧਰ ਹਨ।

ਸ੍ਰ: ਹਰੀ ਸਿੰਘ ਜੀ ਦੀ ਇਕੋ ਲੜਕੀ ਹੈ। ਉਹ ਘਰਬਾਰੀ ਤੇ ਉਸ ਦੀ ਸੰਤਾਨ ਵੀ ਹੈ। ਪਰ ਸਰਦਾਰ ਜੀ ਨੇ ਆਪਣੀ ਸਾਰੀ ਸੰਪਤੀ ਟ੍ਰਸਟ ਦੇ ਨਾਂ ਲਾਈ ਹੈ। ਉਸ ਵਿਚ ਜਲੰਧਰ ਦਾ ਸ਼ਾਨਦਾਰ ਰਾਜ਼ ਮਹਿਲ ਹੋਟਲ ਹੈ। ਇਹ ਉਹਨਾਂ ਦੀ ਵਡੀ ਕੁਰਬਾਨੀ ਹੈ।

ਸ੍ਰ: ਹਰੀ ਸਿੰਘ ਦੇ ਇਕ ਭਰਾ ਸ੍ਰ: ਜਵੰਦ ਸਿੰਘ ਸਨ। ਉਹ ਪੁਸਤਕਾਂ ਦੀ ਦੁਕਾਨ ਕਰਦੇ ਸਨ। ਉਹ ਵੀ ਗੁਜ਼ਰ ਗਏ ਹਨ।

ਸ਼ਰੋਮਣੀ ਕਮੇਟੀ ਤੇ ਰਾਜਸੀ ਖੇਤਰ ਵਿਚ ਅਕਾਲੀ ਲੀਡਰਾਂ ਦਾ ਮਤ ਭੇਦ ਵੇਖਕੇ ਉਸ ਨੂੰ ਦੂਰ ਕਰਨ ਤੇ ਨਿਗਰ ਸੇਵਾ ਲਈ ਪ੍ਰਿੰਸੀਪਲ ਨਰਿੰਜਨ ਸਿੰਘ, ਬਾਵਾ ਹਰਿਕਿਸ਼ਨ ਸਿੰਘ ਤੇ ਸ੍ਰ: ਹਰੀ ਸਿੰਘ ਨੇ ਗੁਰਸੇਵਕ ਸਭਾ ਬਣਾਈ। ਪਰ ਉਹ ਇਸ ਲਈ ਚਲ ਨਾ ਸਕੀ ਕਿ ਉਸ ਪਾਸ ਵਸੀਲੇ ਨਹੀਂ ਸਨ।

ਸ੍ਰ: ਹਰੀ ਸਿੰਘ ਜੀ ਆਪਣਾ ਬਹੁਤ ਚੰਗਾ, ਸਫਲ, ਕੁਰਬਾਨੀ ਤੇ ਸੇਵਾ ਭਰਪੂਰ ਜੀਵਨ ਬਤੀਤ ਕਰਦੇ ਹੋਏ ੯ ਜੁਲਾਈ ੧੯੬੬ ਨੂੰ ੮੨ ਸਾਲ ਦੀ ਉਮਰ ਵਿਚ ਗੁਰੂ ਚਰਨਾਂ ਵਿਚ ਜਾ ਬਿਰਾਜੇ। ਲੇਕਨ ਉਹਨਾਂ ਨੇ ਆਪਣੇ ਸੁਚੱਜੇ ਜੀਵਨ ਵਿਚ ਕੌਮ ਤੇ ਦੇਸ਼ ਦੀ ਜੋ ਸੇਵਾ ਕੀਤੀ ਹੈ, ਉਹ ਇਤਿਹਾਸ ਵਿਚ ਸਦਾ ਪ੍ਰਕਾਸ਼-ਮਾਨ ਰਹੇਗੀ।

ਕਿਸੇ ਕਵੀ ਨੇ ਠੀਕ ਕਿਹਾ ਹੈ—'ਦਾਨੀ ਤੇ ਭਗਤ ਸੂਰਮੇ ਸਦਾ ਜਗ ਜੀਉਂਦੇ ਨੇ।



Digitized by Panjab Digital Library | www.panjabdigilib.org

# ੨੨

# ਅਮਨ ਤੇ ਏਕਤਾ ਦੇ ਸ਼ਹੀਦ

# ਬਾਬੂ ਲਾਭ ਸਿੰਘ

ਵੀਹਵੀਂ ਸਦੀ ਵਿਚ ਦੁਆਬੇ ਨੇ ਗੁਰਦਵਾਰਾ ਸੁਧਾਰ ਲਹਿਰ ਤੇ ਦੇਸ਼ ਦੀ ਸੁਤੰਤਰਤਾ ਲਈ ਆਪਾ ਵਾਰਨ ਵਾਲੇ ਜੋ ਪੁਰਸ਼ ਪੈਦਾ ਕੀਤੇ ਹਨ, ਉਹਨਾਂ ਵਿਚੋਂ ਬਾਬੂ ਲਾਭ ਸਿੰਘ ਜੀ ਪ੍ਰਮੁਖ ਸਨ। ਉਹ ਨਿਧੜਕ ਜਰਨੈਲ, ਨਿਸ਼ਕਾਮ ਸੇਵਕ, ਕੁਰਬਾਨੀ ਤੇ ਦੇਸ਼ ਭਗਤੀ ਦੇ ਪੁਤਲੇ ਅਗਾਹਾਂ ਵਧੂ ਆਗੂ ਸਨ। ਉਹਨਾਂ ਦਾ ਜੀਵਨ ਬੜਾ ਆਦਰਸ਼ਕ ਸੀ। ਦਿਆਨਤਦਾਰੀ ਤੇ ਸਾਦਗੀ ਦੇ ਪੁੰਜ ਸਨ। ਅਕਾਲੀ ਲਹਿਰ ਦੇ ਮੋਰਚਿਆਂ ਵਿਚ ਉਹਨਾਂ ਨੇ ਵਧ ਚੜ੍ਹਕੇ ਹਿਸਾ ਪਾਇਆ। ਦੇਸ਼ ਦੀ ਅਜ਼ਾਦੀ ਲਈ ਸ਼ਾਨਦਾਰ ਕੁਰਬਾਨੀ ਕੀਤੀ ਹੈ। ਬਾਬੂ ਜੀ ਮਹਾਤਮਾ ਗਾਂਧੀ ਵਾਂਗ ਦੁਬਲੇ ਪਤਲੇ ਸਨ, ਪਰ ਉਹਨਾਂ ਦੇ ਕੋਮਲ ਸਰੀਰ ਵਿਚ ਫੋਲਾਦੀ ਦਿਲ ਸੀ।

੧੯੪੭ ਵਿਚ ਪਾਕਿਸਤਾਨੀ ਘਲੂ ਘਾਰੇ ਸਮੇਂ ਬਾਬੂ ਲਾਭ ਸਿੰਘ ਜੀ ਜਲੰਧਰ ਵਿਚ ਹਿੰਦੂਆਂ ਤੇ ਮੁਸਲਮਾਨਾਂ ਨੂੰ ਅਮਨ ਤੇ ਏਕਤਾ ਕਾਇਮ ਰੱਖਣ ਦਾ ਸੰਦੇਸ਼ ਦਿੰਦੇ ਹੋਏ ਸ਼ਹੀਦ ਹੋਏ ਹਨ।

ਅਸੀਂ ਪਾਠਕਾਂ ਦੀ ਸੇਵਾ ਵਿਚ ਇਕ ਪੂਰਨ ਗੁਰਸਿਖ ਤੇ ਮਹਾਨ ਦੇਸ਼ ਭਗਤ ਨੇਤਾ ਦਾ ਜੀਵਨ ਪੇਸ਼ ਕਰਦੇ ਹਾਂ।



Digitized by Panjab Digital Library | www.panjabdigilib.org

ਆਰੰਭਕ ਜੀਵਨ—

ਬਾਬੂ ਲਾਭ ਸਿੰਘ ਜੀ ਦਾ ਜਨਮ ਸਨ ੧੮੯੫ ਵਿਚ ਸ੍ਰ: ਦੂਲਾ ਸਿੰਘ ਦੇ ਘਰ ਪਿੰਡ ਲਸਾੜਾ, ਤਸੀਲ ਫਲੌਰ ਜ਼ਿਲਾ ਜਲੰਧਰ ਵਿਚ ਹੋਇਆ। ਆਪ ਅਜੇ ਛੇ ਕੁ ਮਹੀਨੇ ਦੇ ਸਨ ਕਿ ਮਾਤਾ ਗੁਜ਼ਰ ਗਈ। ਪਿਤਾ ਦੀ ਛਾਂ ਵੀ ਸਿਰ ਤੋਂ ਉਠ ਗਈ। ਆਪ ਦੇ ਵਡੇ ਭਰਾ ਸ੍ਰ: ਗੁਰਮੁਖ ਸਿੰਘ ਮਿਲਟਰੀ ਦੀ ਸਰਵਿਸ ਵਿਚ ਕੋਇਟੇ ਰਹਿੰਦੇ ਸਨ। ਉਹਨਾਂ ਨੇ ਆਪਨੂੰ ਦਸਵੀਂ ਜਮਾਤ ਪਾਸ ਕਰਵਾਈ। ੧੯੧੪-੧੫ ਵਿਚ ਆਪਨੂੰ ਰਸਾਲੇ ਵਿਚ ਕਲਰਕ ਭਰਤੀ ਕਰਵਾ ਦਿਤਾ। ਜਿਸ ਕਰਕੇ ਆਪਦਾ ਨਾਮ ਬਾਬੂ ਜੀ ਪ੍ਰਚਲਤ ਹੋਇਆ।

ਬਾਬੂ ਜੀ ਦੀ ਸ਼ਾਦੀ ਕੀਤੀ ਗਈ, ਪਰ ਉਹਨਾਂ ਦੀ ਪਤਨੀ ਨਿਰ ਸੰਤਾਨ ਗੁਜਰ ਗਈ। ਕੌਮੀ ਸੇਵਾ ਵਿਚ ਪ੍ਰਵਿਰਤ ਹੋ ਜਾਣ ਕਰਕੇ ਆਪਨੇ ਦੁਬਾਰਾ ਸ਼ਾਦੀ ਨਹੀਂ ਕੀਤੀ। ਜੀਵਨ ਬੜੇ ਜਤ ਸਤ ਤੇ ਸੰਜਮ ਵਿਚ ਬਤੀਤ ਕੀਤਾ।

ਕੌਮੀ ਸੇਵਾ ਦੇ ਮੈਦਾਨ ਵਿਚ—

੧੯੨੦ਵਿਚ ਜੋ ਗੁ: ਸੁਧਾਰ ਤੇ ਅਜ਼ਾਦੀ ਲਹਿਰ ਚਲੀ ਫੌਜ ਵਿਚ ਹੁੰਦਿਆਂ ਦੋਹਾਂ ਲਹਿਰਾਂ ਦਾ ਪ੍ਰਭਾਵ ਬਾਬੂ ਜੀ ਦੇ ਮਨ ਪਰ ਪਿਆ। ੧੯੨੧ ਵਿਚ ਸ੍ਰੀ ਨਨਕਾਣੇ ਸਾਹਿਬ ਦਾ ਸਾਕਾ ਹੋਇਆ ਉਸ ਵਕਤ ਫੌਜੀ ਨੌਕਰੀ ਵਿਚ ਹੁੰਦਿਆਂ ਸ਼ਹੀਦਾਂ ਦੀ ਯਾਦ ਵਿਚ ਕਾਲੀ ਦਸਤਾਰ ਸਜਾ ਲਈ। ਇਸ ਪਰ ਗੋਰੇ ਅਫਸਰ ਕੁਝ ਔਖੇ ਹੋਏ। ਬਾਬੂ ਜੀ ਨੇ ਸਰਕਾਰੀ ਨੌਕਰੀ ਛਡ ਦਿਤੀ ਅਤੇ ਕੌਮੀ ਸੇਵਾ ਦੇ ਖੇਤਰ ਵਿਚ ਪ੍ਰਵੇਸ਼ ਕੀਤਾ।

੧੯੨੨ ਵਿਚ ਪਹਿਲੇ ਗੁਰੂ ਕੇ ਬਾਗ ਦੇ ਮੋਰਚੇ ਵਿਚ ਸ਼ਾਮਲ ਹੋਏ। ਉਸ ਤੋਂ ਬਾਅਦ ੨੭ ਮਾਰਚ ੧੯੨੪ ਨੂੰ ਆਨੰਦਪੁਰ ਤੋਂ ਜੈਤੋ ਨੂੰ ਜਾਣ ਵਾਲੇ ਚੌਥੇ ਸ਼ਹੀਦੀ ਜਥੇ ਵਿਚ ਸ਼ਾਮਲ ਹੋ ਗਏ। ਇਸ ਜਥੇ ਵਿਚ ੩੦੦ ਸਿੰਘ ਦੁਆਬੇ ਦੇ ਸ਼ਨ।



Digitized by Panjab Digital Library | www.panjabdigilib.org

੧੦੦ ਫੌਜੀ ਪਿਨਸ਼ਨਰ ਲੁਧਿਆਣੇ ਤੇ ਅੰਬਾਲੇ ਦੇ ਸਨ। ਜਥੇਦਾਰ ਸੁੰਦਰ ਸਿੰਘ ਚਮਿਆਰਾ ਜ਼ਿਲਾ ਜਲੰਧਰ ਇਸ ਦੇ ਜਥੇਦਾਰ ਸਨ।

ਇਹ ਜਥਾ ਸ੍ਰੀ ਕੇਸ ਗੜ੍ਹ ਤੋਂ ਚਲਕੇ ਹੁਸ਼ਿਆਰਪੁਰ, ਜਲੰਧਰ ਤੇ ਲੁਧਿਆਣਾ ਦੇ ਪਿੰਡਾਂ ਵਿਚੋਂ ਹੁੰਦਾ ਹੋਇਆ ਜੈਤੋ ਪੁਜਕੇ ੧੮ ਅਪ੍ਰੈਲ ੧੯੨੪ ਨੂੰ ਗ੍ਰਿਫਤਾਰ ਹੋਇਆ। ਇਸਨੂੰ ਜੈਤੋ ਤੋਂ ਕੈਦ ਕਰਕੇ ਨਾਭੇ ਬੀੜ ਤੇ ਕਾਰਖਾਸ ਵਿਚ ਰਖਿਆ ਗਿਆ। ਉਥੇ ਜੋ ਤਸੀਹੇ ਦਿਤੇ ਗਏ, ਉਹਨਾਂ ਨੂੰ ਬਾਬੂ ਜੀ ਨੇ ਖਿੜੇ ਮਥੇ ਬਰਦਾਸ਼ਤ ਕੀਤਾ।

ਸਵਾ ਕੁ ਸਾਲ ਆਪ ਨਾਭੇ ਬੀੜ ਵਿਚ ਰਹੇ। ਉਸ ਤੋਂ ਬਾਅਦ ੧੯੨੫ ਵਿਚ ਗੁਰਦਵਾਰਾ ਐਕਟ ਪਾਸ ਹੋ ਜਾਣ ਪਰ ਜਦ ਸਾਰੇ ਜਥਿਆਂ ਨੂੰ ਰਿਹਾ ਕੀਤਾ ਗਿਆ, ਬਾਬੂ ਜੀ ਵੀ ਰਿਹਾ ਹੋ ਗਏ।

ਦੇਸ਼ ਸੇਵਾ—

ਜੈਤੋ ਦੇ ਮੋਰਚੇ ਤੋਂ ਬਾਅਦ ਬਾਬੂ ਜੀ ਦਾ ਪ੍ਰਭਾਵ ਦੁਆਬੇ ਵਿਚ ਵਧਨਾ ਸ਼ੁਰੂ ਹੋਇਆ। ਆਪ ਅਕਾਲੀ ਜਥੇ ਦੇ ਮੁਖੀ ਬਣ ਗਏ। ਸਿੰਘ ਸਭਾ ਜਲੰਧਰ ਤੇ ਕਾਂਗਰਸ ਵਿਚ ਵੀ ਆਪ ਦਾ ਮਾਨ ਸਤਿਕਾਰ ਵਧ ਗਿਆ। ਆਪਣੇ ਚੰਗੇ ਸੁਭਾਅ, ਦਿਆਨਤਦਾਰੀ ਕੰਮ ਤੇ ਲਗਨ ਕਰਕੇ ਥੋੜੇ ਦਿਨਾਂ ਵਿਚ ਚਮਕ ਉਠੇ।

੧੯੨੮ ਵਿਚ ਸਾਈਮਨ ਕਮੀਸ਼ਨ ਆਇਆ। ਕਾਂਗਰੇਸ ਨੇ ਉਸ ਦਾ ਬਾਈਕਾਟ ਕੀਤਾ। ਬਾਬੂ ਜੀ ਨੇ ਉਸ ਮੌਕੇ ਤਕੜੀ ਅਗਵਾਈ ਕੀਤੀ।

ਦੂਜੀ ਸਿਵਲ ਨਾ-ਫੁਰਮਾਨੀ ਵਿਚ—

੧੯੩੦ ਵਿਚ ਜਦ ਕਾਂਗਰਸ ਨੇ ਦੂਜੀ ਵੇਰ ਸਿਵਲ ਨਾ-ਫੁਰਮਾਨੀ ਸ਼ੁਰੂ ਕੀਤੀ, ਉਸ ਵਕਤ ਸਰਕਾਰ ਅੰਗਰੇਜੀ ਨੇ ਕਾਂਗਰਸ ਨੂੰ ਕਾਨੂੰਨ ਵਿਰੁਧ ਕਰਾਰ ਦੇ ਦਿਤਾ। ਸਾਰੇ ਲੀਡਰ ਫੜ ਲਏ। ਪੰਡਤ ਮਦਨ ਮੋਹਨ ਮਾਲਵੀ ਨੇ ਦਿਲੀ ਵਿਚ ਕਾਂਗਰਸ ਦਾ



Digitized by Panjab Digital Library | www.panjabdigilib.org

ਇਜਲਾਸ ਬੁਲਾਇਆ, ਸਰਕਾਰ ਅੰਗਰੇਜੀ ਨੇ ਉਸ ਨੂੰ ਬੰਦ ਕਰ ਦਿਤਾ। ਮਾਲਵੀ ਜੀ ਨੂੰ ਗ੍ਰਿਫਤਾਰ ਕਰ ਲਿਆ। ਉਹਨਾਂ ਨੇ ਆਪਣੀ ਥਾਂ ਸੇਠ ਰਣਛੋੜ ਦਾਸ ਨੂੰ ਆਪਣਾ ਉਤਰ ਅਧਿਕਾਰੀ ਨੀਯਤ ਕੀਤਾ। ਉਹਨਾਂ ਨੇ ਦਿਲੀ ਦੇ ਚਾਂਦਨੀ ਚੌਕ ਵਿਚ ਕਾਂਗਰਸ ਦਾ ਪ੍ਰਣ ਪਤਰ ਪੜ੍ਹਨ ਦਾ ਐਲਾਨ ਕੀਤਾ। ਉਸ ਮੌਕੇ ਬਾਬੂ ਲਾਭ ਸਿੰਘ ਜੀ ਜਲੰਧਰ ਤੋਂ ੧੦੦ ਸਿੰਘਾਂ ਦਾ ਜਥਾ ਲੈ ਕੇ ਦਿਲੀ ਪੁਜੇ। ਚਾਂਦਨੀ ਚੌਂਕ ਵਿਚ ਆਪ ਨੇ ਜਥੇ ਸਮੇਤ ਪੁਲੀਸ, ਮਿਲਟਰੀ, ਮਸ਼ੀਨ ਗੰਨਾਂ ਤੇ ਬੰਦੂਕਾਂ ਦੇ ਹੁੰਦਿਆਂ ਬੜੀ ਦਲੇਰੀ, ਦ੍ਰਿੜਤਾ ਤੇ ਨਿਰਭੈਤਾ ਨਾਲ ਪ੍ਰਣ ਪੱਤਰ ਪੜ੍ਹਿਆ। ਬਾਬੂ ਜੀ ਤੇ ਉਹਨਾਂ ਦੇ ਸਾਥੀ ਗ੍ਰਿਫਤਾਰ ਕੀਤੇ ਗਏ। ਇਸ ਵੇਰ ਤਕਰੀਬਨ ਇਕ ਸਾਲ ਜੇਹਲ ਵਿਚ ਰਹੇ। ਗਾਂਧੀ ਇਰਵਨ ਸਮਝੌਤਾ ਹੋਣ ਪਰ ਰਿਹਾ ਹੋਏ। ਉਸ ਮੌਕੇ ਆਪ ਨਾਲ ਦਿਲੀ ਜਾਣ ਵਾਲਿਆਂ ਵਿਚੋਂ ਜਥੇਦਾਰ ਨੰਦ ਸਿੰਘ ਤੇ ਹੋਰ ਕਈ ਸਾਥੀ ਮੌਜੂਦ ਹਨ।

ਬਾਬੂ ਜੀ ਵਾਹ ਲਗਦੀ ਬਬਰਾਂ ਦੀ ਵੀ ਮਦਦ ਕਰਦੇ ਰਹੇ ਹਨ। ੧੯੩੨ ਵਿਚ ਬਾਬੂ ਜੀ ਨੇ ਜਲੰਧਰ ਵਿਚ ਇਕ ਸ਼ਾਨਦਾਰ ਅਕਾਲੀ ਰਾਜਸੀ ਕਾਨਫਰੰਸ ਕੀਤੀ। ਜਿਸ ਦਾ ਬਹੁਤ ਪ੍ਰਭਾਵ ਪਿਆ।

ਅਕਾਲੀ ਲਹਿਰ ਸਮੇਂ ਦੁਆਬੇ ਦੇ ਪੁਰਾਣੇ ਲੀਡਰ ਇਹ ਸਨ:–ਮਾਸਟਰ ਮੋਤਾ ਸਿੰਘ, ਮਾਸਟਰ ਕਾਬਲ ਸਿੰਘ, ਸ੍ਰ: ਹਰੀ ਸਿੰਘ ਜਲੰਧਰੀ, ਬਾਬਾ ਕਰਮ ਸਿੰਘ ਚੀਮਾ, ਸ੍ਰ: ਭਾਗ ਸਿੰਘ ਕੈਨੇਡੀਅਨ, ਜਮਾਦਾਰ ਪ੍ਰਤਾਪ ਸਿੰਘ, (ਸ੍ਰ:ਸਵਰਨਸਿੰਘ ਦੇ ਪਿਤਾ) ਅਕਾਲੀ ਲਹਿਰ ਵਿਚ ਪ੍ਰਸਿਧ ਸਨ। ਉਹਨਾਂ ਦੇ ਬਾਅਦ ਬਾਬੂ ਲਾਭ ਸਿੰਘ ਨੇ ਆਪਣੀ ਕੁਰਬਾਨੀ, ਸਾਦਗੀ, ਤਪ, ਤਿਆਗ ਤੇ ਨਿਸ਼ਕਾਮ ਸੇਵਾ ਨਾਲ ਵਿਸ਼ੇਸ਼ ਪੁਜੀਸ਼ਨ ਪ੍ਰਾਪਤ ਕਰ ਲਈ। ਉਹ ਜਨਤਾ ਵਿਚ ਬਹੁਤ ਹਰਮਨ ਪਿਆਰੇ ਹੋ ਗਏ। ਆਪ ਕਈ



Digitized by Panjab Digital Library | www.panjabdigilib.org

ਸਾਲ ਅਕਾਲੀ ਜਥੇ ਦੇ ਜਥੇਦਾਰ, ਸ਼੍ਰੋਮਣੀ ਕਮੇਟੀ ਦੇ ਮੈਂਬਰ ਅਤੇ ਪੰਜਾਬ ਕਾਂਗਰਸ ਦੇ ਪ੍ਰਮੁਖ ਰਹੇ।

੧੯੩੮ ਵਿਚ ਸਰ ਸਿਕੰਦਰ ਦੀ ਯੂਨੀਨਿਸਟ ਸਰਕਾਰ ਦੇ ਵਕਤ ਜਥੇਦਾਰ ਊਧਮ ਸਿੰਘ ਨਾਗੋਕੇ, ਸ੍ਰ: ਦਰਸ਼ਨ ਸਿੰਘ ਫਰੂਮਾਨ, ਸ੍ਰ: ਪ੍ਰਤਾਪ ਸਿੰਘ ਕੈਰੋਂ ਤੇ ਜਥੇਦਾਰ ਸੋਹਨ ਸਿੰਘ ਨੇ ਬੰਦੋਬਸਤ ਕਮੇਟੀ ਬਣਾਕੇ ਜ਼ਿਲਾ ਅੰਮ੍ਰਿਤਸਰ ਦੇ ਕਿਸਾਨਾ ਦਾ ਨਵਾਂ ਮਾਲੀਆ ਮਾਫ ਕਰਾਉਣ ਦਾ ਅੰਦੋਲਨ ਕੀਤਾ। ਉਸ ਵਿਚ ਬਾਬੂ ਜੀ ਅੰਮ੍ਰਿਤਸਰੀ ਲੀਡਰਾਂ ਦੇ ਨਾਲ ਸਨ। ਕਿਸਾਨ ਮੁਜਾਹਰੇ ਵਿਚ ਉਹਨਾਂ ਨੇ ਜਥੇਦਾਰ ਜੀ ਦੀ ਮਦਦ ਕੀਤੀ।

ਉਹਨਾਂ ਦਿਨਾਂ ਵਿਚ ਦੁਆਬੇ ਵਿਚ ਪਾਣੀ ਦੀ ਤੰਗੀ ਹੋ ਗਈ। ਜਿਸ ਨੂੰ ਦੂਰ ਕਰਨ ਲਈ ਬਾਬੂ ਜੀ ਨੇ ਅੰਦੋਲਨ ਕੀਤਾ ਉਸਦਾ ਨਤੀਜਾ ਅਜ਼ਾਦੀ ਦੇ ਬਾਅਦ ਨਿਕਲਿਆ।

ਜੂਨ ੧੯੫੪ ਵਿਚ ਕੌਮੀ ਸਰਕਾਰ ਨੇ ਰੋਪੜ ਤੋਂ ਇਕ ਨਹਿਰ ਕਢੀ, ਜਿਸ ਨੂੰ ਬਿਸਤ ਦੁਆਬ ਨਹਿਰ ਕਹਿੰਦੇ ਹਨ। ਇਹ ਨਹਿਰ ੫੬੦ ਮੀਲ ਦੇ ਰਕਬੇ ਨੂੰ ਸਿੰਜਦੀ ਹੈ। ਇਸ ਪਰ ਤਿੰਨ ਕਰੋੜ ਰੁਪਏ ਖਰਚ ਹੋਏ ਹਨ। ਪਰ ਇਸ ਦੇ ਪਾਣੀ ਨਾਲ ਕੀਤੀ ਗਈ ਸਿੰਜਾਈ ਤੋਂ ਖੇਤੀ ਬਾੜੀ ਦੀ ਉਪਜ ਵਿਚ ਛੇ ਕ੍ਰੋੜ ਦਾ ਵਾਧਾ ਹੋਇਆ।

੧੯੪੨ ਦੀ ਲਹਿਰ ਚ'—

ਦੂਜੀ ਮਹਾਨ ਜੰਗ ਸਮੇਂ ਬਾਬੂ ਜੀ ਨੇ ੧੯੪੦ ਵਿਚ ਪਹਿਲੇ ਗਾਂਧੀ ਜੀ ਦੇ ਸ਼ਖਸੀ ਸਤਿਆਗ੍ਰਿਹ ਵਿਚ ਹਿਸਾ ਲਿਆ ਅਤੇ ਜੇਹਲ ਕਟੀ। ਫਿਰ ਜਦ ਅਗਸਤ ੧੯੪੨ ਵਿਚ ਕਾਂਗਰਸ ਨੇ ਬੰਬਈ ਵਿਚ "ਅੰਗਰੇਜੋ ਨਿਕਲ ਜਾਉ" ਦਾ ਮਤਾ ਪਾਸ ਕੀਤਾ, ਉਸ ਵਕਤ ਸਾਰੇ ਦੇਸ ਭਗਤ ਲੀਡਰਾਂ ਦੇ ਨਾਲ ਬਾਬੂ ਲਾਭ ਸਿੰਘ ਨੂੰ ਡੀਫੈਂਸ ਆਫ ਇੰਡੀਆ ਐਕਟ ਅਧੀਨ ਗ੍ਰਿਫਤਾਰ ਤੇ ਕੈਦ ਕੀਤਾ ਗਿਆ।



Digitized by Panjab Digital Library | www.panjabdigilib.org

ਜੇਹਲ ਵਿਚ ਅਜ਼ਾਦੀ ਦਾ ਝੰਡਾ–

੧੯੪੨ ਵਿਚ ਬਾਬੂ ਜੀ ਸੈਂਟ੍ਰਲ ਜੇਹਲ ਮੁਲਤਾਨ ਵਿਚ ਸਨ। ਉਹਨਾਂ ਨਾਲ ਹੋਰ ਕਈ ਲੀਡਰ ਤੇ ਵਰਕਰ ਵੀ ਸ਼ਾਮਲ ਸਨ। ਸ੍ਰ: ਸੁਰੈਣ ਸਿੰਘ ਪਿੰਡ ਜੰਡਿਆਲਾ ਜ਼ਿਲਾ ਜਲੰਧਰ ਵੀ ਆਪ ਦੇ ਨਾਲ ਸਨ। ੨੬ ਜਨਵਰੀ ੧੯੪੩ ਨੂੰ ਸਿਆਸੀ ਕੈਦੀਆਂ ਨੇ ਅਜ਼ਾਦੀ ਦਿਨ ਮਨਾਉਣ ਤੇ ਜੇਹਲ ਦੇ ਅੰਦਰ ਕੌਮੀ ਝੰਡਾ ਝੁਲਾਉਣ ਦਾ ਫੈਸਲਾ ਕੀਤਾ। ਦਿਨ ਤਾਂ ਇਕਠੇ ਬੈਠ ਕੇ ਲੈਕਚਰ ਦੇ ਕੇ ਮਨਾਇਆ ਜਾ ਸਕਦਾ ਸੀ। ਪਰ ਕੌਮੀ ਝੰਡਾ ਉਥੇ ਮਿਲ ਨਹੀਂ ਸਕਦਾ ਸੀ।

ਬਾਬੂ ਲਾਭ ਸਿੰਘ ਨੇ ਆਪਣੀ ਛੋਟੀ ਪੀਲੀ ਦਸਤਾਰ ਦੀ ਇਕ ਲੀਰ ਫਾੜ ਲਈ। ਟਾਹਲੀ ਦੇ ਹਰੇ ਪੱਤਰ ਕੁਟ ਕੇ ਉਹਨਾਂ ਦਾ ਰਸ ਖੱਦਰ ਦੇ ਇਕ ਚਿਟੇ ਟੁਕੜੇ ਪਰ ਮਲ ਕੇ ਹਰਾ ਰੰਗ ਬਣਾ ਲਿਆ। ਇਕ ਚਿਟੀ ਲੀਰ ਜੋੜ ਲਈ। ਇਸਤਰਾਂ ਕੌਮੀ ਝੰਡਾ ਬਣਾਕੇ ਜੇਹਲ ਵਿਚ ਝੁਲਾ ਦਿਤਾ।

ਜਦ ਜੇਹਲ ਦੇ ਦਰੋਗੇ ਨੂੰ ਇਸ ਗਲ ਦਾ ਪਤਾ ਲਗਾ ਤਾਂ ਉਸਨੇ ਵਾਰਡਰ ਤੇ ਪੁਲੀਸ ਲਿਆਕੇ ਕੈਦੀਆਂ ਨੂੰ ਬਾਰਕਾਂ ਤੋਂ ਬਾਹਰ ਕਢ ਲਿਆ ਤੇ ਮਾਰ ਕੁਟਾਈ ਕਰਨੀ ਚਾਹੀ।

ਸ੍ਰ: ਸੁਰੈਣ ਸਿੰਘ ਜੰਡਿਆਲਾ ਨੇ ਦਸਿਆ ਕਿ ਬਾਬੂ ਲਾਭ ਸਿੰਘ ਨੇ ਸਾਨੂੰ ਸਾਰਿਆ ਨੂੰ ਕਿਹਾ–ਤਿੰਨ ਕੰਬਲ ਵਛਾਕੇ ਬੈਠ ਜਾਉ ਅਸੀਂ ਬੈਠ ਗਏ। ਪੁਲੀਸ ਨੇ ਖੂਬ ਕੁਟਾਪਾ ਕੀਤਾ। ਬਾਬੂ ਜੀ ਨੇ ਸਾਡੇ ਨਾਲ ਬੈਠਕੇ ਮਾਰ ਖਾਧੀ। ਕਈ ਬਾਰਕ ਦੀਆਂ ਖੱਡੀਆਂ ਉਤੇ ਬੈਠ ਗਏ। ਉਹਨਾਂ ਨੂੰ ਵੀ ਸਖਤ ਮਾਰ ਕੁਟਾਈ ਕੀਤੀ ਗਈ। ਬਾਬੂ ਜੀ ਨੂੰ ਮਾਰ ਕੁਟਾਈ ਵਿਚ ਸਖਤ ਸੱਟਾਂ ਵਜੀਆਂ, ਪਰ



Digitized by Panjab Digital Library | www.panjabdigilib.org

ਆਪਨੇ ਕੋਈ ਪ੍ਰਵਾਹ ਨਹੀਂ ਕੀਤੀ† ।

ਰਿਹਾਈ—

੧੯੪੪ ਵਿਚ ਜਦ ਗਾਂਧੀ ਜੀ ਨੂੰ ਰਿਹਾ ਕੀਤਾ ਗਿਆ, ਉਸ ਵਕਤ ਸਿਹਤ ਦੀ ਖਰਾਬੀ ਕਰਕੇ ਬਾਬੂ ਜੀ ਨੂੰ ਛਡਿਆ ਗਿਆ ।

ਜੁਬਲੀ ਕਾਨਫਰੰਸ—

ਭਾਈ ਪ੍ਰੀਤਮ ਸਿੰਘ ਗੁਜਰਾਂ ਦੀ ਪ੍ਰਧਾਨਗੀ ਹੇਠ ਪੰਜਵੀਂ ਅਕਾਲੀ ਕਾਨਫਰੰਸ ਹੋਈ । ਜੋ ਬਹੁਤ ਰੁਖੀ ਫਿਕੀ ਸੀ । ਉਸਦੀ ਸੁਆਗਤ ਕਮੇਟੀ ਦੇ ਮੁਖੀ ਗਿਆਨੀ ਹਰਿਚਰਨ ਸਿੰਘ ਹੁਡਿਆਰਾ ਸਨ । ਇਕ ਤੇ ਜਥੇਬੰਦੀ ਨਾ ਹੋ ਸਕੀ । ਦੂਜਾ ਲਾਹੌਰ ਸ਼ਹਿਰ ਦੇ ਬਹੁਤੇ ਸਿਖ ਕਾਨਫਰੰਸ ਦੇ ਹੱਕ ਵਿਚ ਨਹੀਂ ਸਨ । ਤੀਸਰਾ ਕੁਰਬਾਨੀ ਵਾਲੇ ਤੇ ਦੇਸ਼ ਭਗਤ ਅਕਾਲੀ ਲੀਡਰ ਜੇਹਲਾਂ ਵਿਚ ਸਨ । ਜੇਹੜੇ ਬਾਹਰ ਸਨ, ਉਹਨਾਂ ਕਾਨਫਰੰਸ ਵਿਚ ਕੋਈ ਹਿਸਾ ਨਾ ਲਿਆ ।

ਜਥੇਦਾਰ ਊਧਮ ਸਿੰਘ ਨਾਗੋਕੇ, ਜਥੇਦਾਰ ਸੋਹਣ ਸਿੰਘ ਤੇ ਬਾਬੂ ਲਾਭ ਸਿੰਘ ਅਜੇ ਰਿਹਾ ਹੋਕੇ ਆਏ ਹੀ ਸਨ । ਅਸੀਂ ਡੇਹਰਾ ਸਾਹਿਬ ਦੇ ਲਾਗੇ ਗਲ ਬਾਤ ਕਰ ਰਹੇ ਸੀ ਕਿ ਸੀ. ਆਈ. ਡੀ. ਦੇ ਇਕ ਅਫਸਰ ਨੇ ਕਿਹਾ:—"ਅਕਾਲੀਆਂ ਦਾ ਕੋਈ ਰੋਹਬ ਨਹੀਂ ਰਿਹਾ । ਕਾਨਫਰੰਸ ਫੇਹਲ ਹੋ ਗਈ ਹੈ ।" ਬਾਬੂ ਜੀ ਨੇ ਉਤਰ ਦਿਤਾ:—"ਅਸੀਂ ਦੁਆਬੇ ਵਿਚ ਰੋਹਬ ਵਾਲੀ ਅਕਾਲੀ ਕਾਨਫਰੰਸ ਕਰਕੇ ਵਿਖਾਂਵਾਂਗੇ ।

ਬਾਬੂ ਜੀ ਤੇ ਉਹਨਾਂ ਦੇ ਸਾਥੀਆਂ ਨੇ ਹਿੰਮਤ ਕਰਕੇ ੨੫, ੨੬-੨੭ ਨਵੰਬਰ ੧੯੪੪ ਨੂੰ ਜੰਡਿਆਲਾ ਜ਼ਿਲਾ ਜਲੰਧਰ ਵਿਚ

---

† ਇਹ ਬਿਆਨ ਸ: ਸੁਰੈਣ ਸਿੰਘ ਜੰਡਿਆਲਾ ਜ਼ਿਲਾ ਜਲੰਧਰ ਨੇ ੭ ਮਾਰਚ ੧੯੬੫ ਨੂੰ ਦਿਤਾ ਪ. ਸ. ।

ਅਕਾਲੀ ਜਥੇ ਦੀ ੨੫ ਸਾਲਾ ਜੁਬਲੀ ਕਾਨਫਰੰਸ ਕੀਤੀ। ਜਿਸਦੇ ਪ੍ਰਧਾਨ ਸ੍ਰ: ਈਸ਼ਰ ਸਿੰਘ ਮਝੈਲ ਸਨ। ਉਸ ਵਿਚ ਜਥੇਦਾਰ ਊਧਮ ਸਿੰਘ, ਮਾਸਟਰ ਤਾਰਾ ਸਿੰਘ, ਜਥੇਦਾਰ ਮੋਹਣ ਸਿੰਘ ਨਾਗੋਕੇ, ਸ੍ਰ: ਸਵਰਨ ਸਿੰਘ (ਕੇਂਦਰੀ ਵਜੀਰ), ਜਥੇਦਾਰ ਵਰਿਆਮ ਸਿੰਘ ਤਖਤ ਕੇਸ ਗੜ੍ਹ ਤੇ ਲੇਖਕ ਨੇ ਤਕਰੀਰਾਂ ਕੀਤੀਆਂ।

ਇਸ ਕਾਨਫਰੰਸ ਦੀ ਹਾਜ਼ਰੀ ਇਕ ਲਖ ਤੋਂ ਵਧੀਕ ਸੀ। ਰਹਾਇਸ਼ ਤੇ ਲੰਗਰ ਦਾ ਪ੍ਰਬੰਧ ਬਹੁਤ ਸ਼ਾਨਦਾਰ ਸੀ। ਇਸ ਕਾਨਫਰੰਸ ਨੇ ਲਾਹੌਰ ਦੀ ਸਾਰੀ ਉਦਾਸੀ ਦੂਰ ਕਰ ਦਿਤੀ। ਇਸ ਕਾਨਫਰੰਸ ਦੇ ਪ੍ਰਚਾਰ ਦਾ ਇਕ ਖਾਸ ਪਹਿਲੂ ਇਹ ਸੀ ਕਿ ਨੰਗਲ ਸ਼ਾਮਾ, ਕਿਸ਼ਨ ਗੜ੍ਹ ਦੌਲਤਪੁਰ ਤਹਿਸੀਲ ਜਲੰਧਰ, ਬੰਡੇਰ ਕਲਾਂ ਤਹਿਸੀਲ ਨਵਾਂ ਸ਼ਹਿਰ ਦੇ ਕਈ ਸਾਲਮ ਪਿੰਡਾਂ ਦੇ ਪੰਜ ਹਜ਼ਾਰ ਲੋਕਾਂ ਨੇ ਸ਼ਰਾਬ ਪੀਣੀ ਛੱਡੀ। ਕੁਰਬਾਨੀ ਕਰਨ ਵਾਲਿਆਂ ਦੀ ਸੂਚੀ ਬਣਾਕੇ ਉਹਨਾਂ ਨੂੰ ਸਨਮਾਨ ਪੱਤਰ ਦਿਤੇ ਗਏ।

ਖਾਲਸਾ ਕਾਲਜ ਦੀ ਵਿਉਂਤ—

ਜਲੰਧਰ ਵਿਚ ਦੁਆਬਾ ਖਾਲਸਾ ਹਾਈ ਸਕੂਲ ਸਿੰਘ ਸਭਾ ਲਹਿਰ ਵਿਚ ਬਣਿਆ ਸੀ। ਬਾਬੂ ਜੀ ਤੇ ਕੁਝ ਹੋਰ ਮੁਖੀਆਂ ਨੇ ਅਮਰੀਕਾ ਕੈਨੇਡਾ ਦੇ ਸਿਖਾਂ ਵਲੋਂ ਆਏ ਰੁਪਏ ਨਾਲ ਇਕ ਗਰਲਜ਼ ਕਾਲਜ ਤੇ ਦੂਸਰਾ ਲੜਕਿਆਂ ਦਾ ਖਾਲਸਾ ਕਾਲਜ ਬਨਾਉਣ ਪਰ ਵਿਚਾਰ ਕੀਤੀ। ਉਸਦਾ ਮੁਢ ਬੰਨਿਆ। ਉਹਨਾਂ ਦਾ ਜਤਨ ਸਫਲ ਹੋਇਆ।

੧੯੪੭ ਵਿਚ ਜਲੰਧਰ ਵਿਚ ਲਾਇਲਪੁਰ ਖਾਲਸਾ ਕਾਲਜ ਬਣਿਆ। ਵੂਮਨ ਕਾਲਜ ਵੀ ਬੜੀ ਸਫਲਤਾ ਨਾਲ ਚਲ ਰਿਹਾ ਹੈ।

ਅਕਾਲੀ ਦਲ ਦੇ ਪ੍ਰਧਾਨ—

ਸਨ ੧੯੪੫ ਵਿਚ ਬਾਬੂ ਲਾਭ ਸਿੰਘ ਸ਼ਰੋਮਣੀ ਅਕਾਲ ਦਲ ਦੇ ਪ੍ਰਧਾਨ ਚੁਣੇ ਗਏ। ਆਪ ਨੇ ਬੜੀ ਯੋਗਤਾ



Digitized by Panjab Digital Library | www.panjabdigilib.org

ਦਿਆਨਤਦਾਰੀ ਨਾਲ ਸੇਵਾ ਕੀਤੀ। ੨੯ ਸਤਬਰ ੧੯੪੫ ਨੂੰ ਆਪਦੀ ਪ੍ਰਧਾਨਗੀ ਹੇਠ ਗੁਜਰਾਂ ਵਾਲੇ ਵਿਚ ਸ਼ਾਨਦਾਰ ਛੇਵੀਂ ਅਕਾਲੀ ਕਾਨਫਰੰਸ ਹੋਈ। ਉਸ ਮੌਕੇ ਆਪ ਨੇ ਜੋ ਪ੍ਰਧਾਨਗੀ ਪਤਰ ਪੜ੍ਹਿਆ. ਉਹ ਉਹਨਾਂ ਦੀ ਸਿਆਣਪ ਦੂਰ ਅੰਦੇਸ਼ੀ, ਰਾਜਨੀਤਕ ਸੂਝ ਬੂਝ ਅਤੇ ਤੁਦਬਰ ਦਾ ਸਬੂਤ ਹੈ।

੧੯੪੫-੪੬ ਦੇ ਸਾਲ ਬੜੀਆਂ ਰਾਜਨੀਤਕ ਸਰਗਰਮੀਆਂ ਦੇ ਸਨ। ੧੯੪੫ ਵਿਚ ਸ਼ਿਮਲੇ ਵੇਵਲ ਕਾਨਫਰੰਸ ਹੋਈ। ੧੯੪੬ ਵਿਚ ਵਲੈਤ ਤੋਂ ਪਹਿਲੇਂ ਪਾਰਲੀ ਮੈਂਟਰੀ ਡੇਲੀਗੇਸ਼ਨ ਆਇਆ। ਉਸ ਮੌਕੇ ਬਾਬੂ ਜੀ ਨੇ ਸੁਚੱਜੀ ਅਗਵਾਈ ਕੀਤੀ।

ਨਿਜੀ ਪ੍ਰਭਾਵ—

ਅਸਲ ਲੀਡਰ ਉਹ ਹੁੰਦਾ ਹੈ, ਜਿਸਦੀ ਕਾਬਲੀਅਤ, ਕੁਰਬਾਨੀ ਤੇ ਚੰਗੇ ਆਚਰਨ ਦਾ ਜਨਤਾ ਵਿਚ ਪ੍ਰਭਾਵ ਹੋਵੇ। ਉਹ ਲੀਡਰ ਨਹੀਂ ਜਿਹੜਾ ਕਿਸੇ ਸੰਸਥਾ ਦਾ ਆਗੂ ਤਾਂ ਬਣ ਜਾਏ ਪਰ ਉਸਦੇ ਇਲਾਕੇ ਦੇ ਲੋਕ ਉਸ ਨੂੰ ਪਸੰਦ ਨਾ ਕਰਨ।

ਬਾਬੂ ਲਾਭ ਸਿੰਘ ਪੰਜਾਬ ਤੇ ਦੁਆਬੇ ਦੇ ਪ੍ਰਭਾਵ ਸ਼ਾਲੀ ਨੇਤਾ ਸਨ। ਨਵੰਬਰ ੧੯੪੬ ਵਿਚ ਸ਼ਰੋਮਣੀ ਕਮੇਟੀ ਦੀ ਚੋਣ ਵਿਚ ਕਰਤਾਰਪੁਰ (ਜਲੰਧਰ) ਦੀ ਸੀਟ ਪਰ ਮਾਸਟਰ ਤਾਰਾ ਸਿੰਘ ਤੇ ਬਾਬੂ ਜੀ ਦਾ ਮਤ ਭੇਦ ਹੋਗਿਆ। ਉਸ ਚੋਣ ਵਿਚ ਬਾਬੂ ਜੀ ਦਾ ਉਮੀਦਵਾਰ ਜਥੇਦਾਰ ਮਘਰ ਸਿੰਘ ਜਿਤ ਗਿਆ। ਮਾਸਟਰ ਜੀ ਸਿਆਣੇ ਸਨ। ਉਹਨਾਂ ਨੇ ਤੇੜ ਨਹੀਂ ਪੈਣ ਦਿਤੀ।

੧੯੪੭ ਦਾ ਘਲੂਘਾਰਾ—

੧੯੪੭ ਵਿਚ ਦੇਸ਼ ਦੀ ਵੰਡ ਹੋਈ। ਅੰਗਰੇਜ ਨੇ ਪਹਿਲੇ ਬੰਗਾਲ ਤੇ ਪਿਛੋਂ ਪੰਜਾਬ ਵਿਚ ਫਿਰਕੂ ਫਸਾਦ ਕਰਾਉਣ ਦੀ ਕੋਸ਼ਿਸ਼ ਕੀਤੀ। ਪੰਜਾਬ ਵਿਚ ਪਹਿਲਾ ਫਿਰਕੂ ਝਗੜਾ ੫ ਮਾਰਚ ੧੯੪੭ ਨੂੰ ਅੰਮ੍ਰਿਤਸਰ ਵਿਚ ਹੋਇਆ, ਜਦ ਮੁਸਲਿਮ ਲੀਗੀਆਂ



Digitized by Panjab Digital Library | www.panjabdigilib.org

ਨੇ ਭਾਈ ਮੰਗਲ ਸਿੰਘ ਨੂੰ ਇਟਾਂ ਮਾਰ ਕੇ ਸ਼ਹੀਦ ਕਰ ਦਿਤਾ। ਉਸ ਤੋਂ ਉਤਰੰਤ ਫ਼ਸਾਦਾਂ ਦੀ ਅਗ ਸਾਰੇ ਸੂਬੇ ਵਿਚ ਧੁਖ ਪਈ।

੭ ਮਾਰਚ ਨੂੰ ਜਲੰਧਰ ਵਿਚ ਫਿਰਕੂ ਫਸਾਦ ਹੋਣ ਦਾ ਡਰ ਸੀ ਬਾਬੂ ਲਾਭ ਸਿੰਘ ਜੀ, ਸ੍ਰ: ਨਿਰਮਲ ਸਿੰਘ. ਸ੍ਰ: ਦਰਬਾਰਾ ਸਿੰਘ ਤੇ ਸ੍ਰੀ ਨਰਿੰਦਰ ਨਾਥ ਜੀ ਗੁਜਰ ਗਏ ਤੇ ਕਾਂਗਰਸ ਦੇ ਕੁਝ ਵਰਕਰ ਸ਼ਹਿਰ ਵਿਚ ਫਿਰ ਕੇ ਲੋਕਾਂ ਨੂੰ ਸ਼ਾਂਤਮਈ ਰਹਿਣ ਦੀ ਪ੍ਰੇਰਨਾ ਕਰ ਰਹੇ ਸਨ ਕਿ ਫਿਰਕੂਪੁਣੇ ਦੇ ਜੋਸ਼ ਵਿਚ ਅੰਨ੍ਹੇ ਹੋਏ ਲੀਗੀਆਂ ਨੇ ਰੈਣਕ ਬਜ਼ਾਰ ਵਿਚ ਉਹਨਾਂ ਤੇ ਮਾਰੂ ਹਮਲਾ ਕੀਤਾ ਇਹ ਸਾਰੇ ਸਖਤ ਜ਼ਖਮੀ ਹੋਏ। ਬਾਬੂ ਜੀ ਨੂੰ ਸਖਤ ਸਟਾਂ ਵਜੀਆਂ ਉਹਨਾਂ ਨੂੰ ਹਸਪਤਾਲ ਪੁਚਾਇਆ ਗਿਆ। ਪਰ ਬੇਹੋਸ਼ ਰਹੇ ੯ ਮਾਰਚ ੧੯੪੭ ਨੂੰ ਬਾਬੂ ਜੀ ਸਚਖੰਡ ਪਧਾਰ ਗਏ।

ਸ੍ਰੀ ਨਰਿੰਦਰ ਨਾਥ ਵੀ ਸੁਰਗਵਾਸ ਹੋ ਗਏ।

੮ ਅਪ੍ਰੈਲ ੧੯੪੭ ਨੂੰ ਬਾਬੂ ਜੀ ਦੇ ਕੇਸ ਵਿਚ ਜਸਟਿਸ ਭੰਡਾਰੀ ਨੇ ਪੰਜ ਦੋਸ਼ੀਆਂ–ਸਰਾਜ ਦੀਨ, ਮੁਹੰਮਦ ਦੀਨ ਤੇ ਫਜ਼ਲ ਅਹਿਮਦ ਨੂੰ ਫਾਂਸੀ, ਮਹਿੰਦੀ ਤੇ ਅਬਦੁਲ ਹੱਕ ਨੂੰ ਕਾਲੇ ਪਾਣੀ ਦੀ ਸਜ਼ਾ ਦਿਤੀ। ਕੈਦੀਆਂ ਦੇ ਵਟਾਂਦਰੇ ਵਿਚ ਉਹਨਾਂ ਨੂੰ ਪਾਕਿਸਤਾਨ ਭੇਜ ਦਿਤਾ ਗਿਆ।

ਸ੍ਰ: ਸਵਰਨ ਸਿੰਘ ਡੀਫੈਂਸ ਮਨਿਸਟਰ, ਸ੍ਰ: ਕਰਮ ਸਿੰਘ ਕਿਰਤੀ ਤੇ ਹੋਰ ਕਈ ਸਜਨਾ ਦੇ ਜਤਨ ਨਾਲ ਬਾਬੂ ਲਾਭ ਸਿੰਘ ਟ੍ਰਸਟ ਕਾਇਮ ਕਰਕੇ ਨਹਿਰੂ ਰੋਡ ਤੇ ਸ਼ਹੀਦ ਬਾਬੂ ਲਾਭ ਸਿੰਘ ਮੈਮੋਰੀਅਲ ਹਾਲ ਦੀ ਸ਼ਾਨਦਾਰ ਦੋ ਮੰਜਲੀ ਇਮਾਰਤ ਤਿਆਰ ਕਰਵਾਈ ਗਈ ਹੈ। ਜਿਸ ਵਿਚ ਲਾਇਬਰੇਰੀ ਵੀ ਹੈ। ਇਥੇ ਹਰ ਸਾਲ ਮਾਰਚ ਦੇ ਮਹੀਨੇ ਬਾਬੂ ਜੀ ਦਾ ਸ਼ਹੀਦੀ ਦਿਨ ਮਨਾਇਆ ਜਾਂਦਾ ਹੈ। ਜਲੰਧਰ ਵਿਚ ਬਾਬੂ ਲਾਭ ਸਿੰਘ ਦੇ ਨਾਮ ਪਰ ਇਕ ਨਗਰ ਵੀ ਹੈ।



Digitized by Panjab Digital Library | www.panjabdigilib.org

## ੨੩

# ਬਾਬਾ ਈਸ਼ਰ ਸਿੰਘ ਮਰਹਾਣਾ

ਵੀਹਵੀਂ ਸਦੀ ਦੇ ਪਹਿਲੇ ਅੱਧ ਵਿਚ ਪੰਜਾਬ ਦੇ ਜਿੰਨ੍ਹਾਂ ਦੇਸ਼ ਭਗਤਾਂ ਨੇ ਭਾਰਤ ਦੀ ਅਜ਼ਾਦੀ ਲਈ ਪ੍ਰਦੇਸਾਂ ਵਿਚ ਜਾਕੇ ਜਥੇਬੰਦੀ ਕੀਤੀ, ਦੇਸ਼ ਵਿਚ ਆਕੇ ਅਜ਼ਾਦੀ ਦੇ ਘੋਲ ਨੂੰ ਤਿਖਿਆਂ ਕੀਤਾ ਅਤੇ ਸ਼ਾਨਦਾਰ ਕੁਰਬਾਨੀ ਕੀਤੀ, ਬਾਬਾ ਈਸ਼ਰ ਸਿੰਘ ਮਰਹਾਣਾ ਉਹਨਾਂ ਵਿਚੋਂ ਇਕ ਸਨ। ਆਪ ਅਜ਼ਾਦੀ ਦੀ ਤੜਪ ਰਖਣ ਦੇ ਨਾਲ ਗੁਰੂ-ਪ੍ਰਮੇਸ਼ਰ ਉਤੇ ਸ਼ਰਧਾ ਰਖਣ ਵਾਲੇ, ਗੁਰਬਾਣੀ ਦੇ ਨਿਤਨੇਮੀ, ਗੁਰਦਵਾਰਾ ਸੁਧਾਰ ਲਹਿਰ ਵਿਚ ਹਿਸਾ ਲੈਣ ਵਾਲੇ, ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਮੈਂਬਰ, ਸ੍ਰੀ ਦਰਬਾਰ ਸਾਹਿਬ ਕਮੇਟੀ ਦੇ ਮੀਤ ਪ੍ਰਧਾਨ ਅਤੇ ਬਾਅਦ ਵਿਚ ਕਈ ਸਾਲ ਪ੍ਰਧਾਨ ਰਹੇ ਹਨ। ਆਪ ਬਹੁਤ ਚੰਗੇ ਜੀਵਨ ਵਾਲ ਤੇ ਦਿਆਨਤਦਾਰ ਮੁਖੀ ਸਨ।

ਅਸੀਂ ੧੯੨੩ ਦੇ ਅਖੀਰ ਵਿਚ ਸ਼ਰੋਮਣੀ ਕਮੇਟੀ ਦੇ ਪ੍ਰਚਾਰਕ ਹੋਣ ਕਰਕੇ ਜ਼ੇਰ ਦਫ਼ਾ ੧੭ ਬੀ. ਸਰਗੋਧੇ ਤੋਂ ਕੈਦ ਕਰਕੇ ਸੈਂਟ੍ਰਲ ਜੇਹਲ ਵਿਚ ਮੁਲਤਾਨ ਵਿਚ ਭਜੇ ਗਏ। ਉਥੇ ਪਹਿਲੀ ਵੇਰ ਬਾਬਾ ਈਸ਼ਰ ਸਿੰਘ ਤੇ ਬਾਬਾ ਸੋਭਾ ਸਿੰਘ§ ਦੇ ਦਰਸ਼ਨ ਹੋਏ। ਉਹ ਦ੍ਰਿੜਤਾ, ਕੁਰਬਾਨੀ ਤੇ ਹਮਦਰਦੀ ਦੇ ਪੁੰਜ ਸਨ।

---

§ ਬਾਬਾ ਸੋਭਾ ਸਿੰਘ ਗਿਆਨੀ ਨਰਿੰਦਰ ਸਿੰਘ ਸੋਚ ਦੇ ਪਿਤਾ ਸਨ।



Digitized by Panjab Digital Library | www.panjabdigilib.org

ਅਸੀਂ ਹੁਣ ਪਾਠਕਾਂ ਦੀ ਸੇਵਾ ਵਿਚ ਬਾਬਾ ਈਸ਼ਰ ਸਿੰਘ ਜੀ ਦਾ ਸੰਖੇਪ ਜੀਵਨ ਪੇਸ਼ ਕਰਦੇ ਹਾਂ।

ਜਨਮ ਤੇ ਬਚਪਨ–

ਬਾਬਾ ਈਸ਼ਰ ਸਿੰਘ ਜੀ ਦਾ ਜਨਮ ੧ ਜਨਵਰੀ ਸਨ ੧੯੦੮ ਈ: ਨੂੰ ਮਾਝੇ ਦੇ ਪ੍ਰਸਿਧ ਨਗਰ ਮਰਹਾਨਾ ਤਹਿਸੀਲ ਤਰਨ ਤਾਰਨ ਵਿਚ ਸੰਧੂ ਗੋਤ ਦੇ ਜ਼ਿਮੀਂਦਾਰ ਘਰਾਣੇ ਵਿਚ ਸ੍ਰ: ਜਿੰਦ ਸਿੰਘ ਦੇ ਘਰ ਮਾਤਾ ਚੰਦ ਕੌਰ ਤੋਂ ਹੋਇਆ। ਆਪ ਦੇ ਇਕ ਵਡੇ ਭਰਾ ਸ੍ਰ: ਆਸਾ ਸਿੰਘ ਸਨ।

ਬਾਬਾ ਜੀ ਦੇ ਮਾਤਾ ਪਿਤਾ ਗੁਰਸਿਖੀ ਦੇ ਬੜੇ ਪਰੇਮੀ, ਚੰਗੇ ਜੀਵਨ ਤੇ ਭੌਂ ਭਾਂਡੇ ਵਾਲੇ ਸਨ। ਖੇਤੀ ਬਾੜੀ ਦੇ ਆਸਰੇ ਜੀਵਨ ਨਿਰਬਾਹ ਕਰਦੇ ਸਨ। ਇਸ ਲਈ ਮਾਤਾ ਪਿਤਾ ਦੇ ਚੰਗੇ ਵਿਚਾਰਾਂ ਅਤੇ ਸੰਸਕਾਰਾਂ ਦਾ ਚੰਗਾ ਪ੍ਰਭਾਵ ਪੈਣਾ ਕੁਦਰਤੀ ਸੀ।

ਜ਼ਿਲਾ ਅੰਮ੍ਰਿਤਸਰ ਦੀ ਪੁੰਨ ਭੂਮੀ ਨੂੰ ਸਤਿਗੁਰੂਆਂ ਨੇ ਆਪਣੀ ਚਰਨ ਛੋਹ ਨਾਲ ਪਵਿਤ੍ਰ ਕੀਤਾ ਹੈ। ਇਸ ਲਈ ਉਹਨਾਂ ਦਾ ਸਦਕਾ ਇਸ ਇਲਾਕੇ ਵਿਚ ਅਨੇਕ ਸੂਰਬੀਰ ਅਤੇ ਸ਼ਹੀਦ ਪੈਦਾ ਹਏ ਹਨ। ਮਰਹਾਣਾ ਉਹ ਨਗਰ ਹੈ, ਜਿਥੇ ਸਿਖ ਰਾਜ ਦੇ ਅੰਤਮ ਦਿਨਾਂ ਵਿਚ ਬਾਬਾ ਬੀਰ ਸਿੰਘ ਜੀ ਨੌਰੰਗਾ ਬਾਦ ਵਾਲਿਆਂ ਨੇ ਡੋਗਰਿਆਂ ਦੇ ਹੱਥੋਂ ਹਰੀ ਕੇ ਪੱਤਨ ਉਤੇ ਸ਼ਹੀਦੀ ਪ੍ਰਾਪਤ ਕਰਨ ਤੋਂ ਪਹਿਲਾਂ ਆਖਰੀ ਪੜਾ ਕੀਤਾ ਸੀ। ਇਸ ਸਾਰੇ ਪਿਛਵਾੜੇ, ਮਾਤਾ ਪਿਤਾ ਦੇ ਉਤਮ ਵਿਚਾਰਾਂ ਅਤੇ ਇਲਾਕੇ ਦੇ ਵਾਤਾਵਰਨ ਦਾ ਪ੍ਰਭਾਵ ਬਾਬਾ ਈਸ਼ਰ ਸਿੰਘ ਜੀ ਤੇ ਪਿਆ।

ਵਿਦਿਆ–

ਉਹਨਾਂ ਦਿਨਾਂ ਵਿਚ ਪਿੰਡਾਂ ਵਿਚ ਆਮ ਸਕੂਲ ਨਹੀਂ ਹੁੰਦੇ ਸਨ, ਇਸ ਲਈ ਪਿਤਾ ਨੇ ਬਾਬਾ ਜੀ ਨੂੰ ਪਿੰਡ ਦੀ ਧਰਮਸਾਲ ਵਿਚ ਇਕ ਸੰਤ ਪਾਸ ਪੜ੍ਹਨੇ ਪਾਇਆ।

ਆਪ ਨੇ ਇਕ ਸੰਤ ਪਾਸੋਂ ਗੁਰਮੁਖੀ ਵਿਦਿਆ ਪੜ੍ਹੀ।



Digitized by Panjab Digital Library | www.panjabdigilib.org

ਗੁਰਬਾਣੀ ਦਾ ਪਾਠ ਸਿਖਿਆ। ਉਸ ਆਰੰਭਕ ਧਾਰਮਿਕ ਸਿਖਿਆ ਦਾ ਨਤੀਜਾ ਇਹ ਹੋਇਆ ਕਿ ਆਪ ਗੁਰਬਾਣੀ ਦਾ ਪਾਠ ਤੇ ਨਿਤਨੇਮ ਬੜੇ ਪ੍ਰੇਮ ਨਾਲ ਕਰਦੇ ਸਨ। ਬਾਬਾ ਜੀ ਨੂੰ ਸੁਖਮਨੀ ਸਾਹਿਬ ਕੰਠ ਸੀ। ਆਪ ਰੋਜ਼ਾਨਾ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਕੇ ਸੁਖਮਨੀ ਸਾਹਿਬ ਦਾ ਪਾਠ ਕਰਦੇ ਸਨ।

ਸ਼ਾਦੀ—

ਚੜ੍ਹਦੀ ਜਵਾਨੀ ਵਿਚ ਬਾਬਾ ਜੀ ਦੀ ਸ਼ਾਦੀ ਪਿੰਡ ਖਾਨਪੁਰ ਤਹਿਸੀਲ ਨਕੋਦਰ ਜ਼ਿਲਾ ਜਲੰਧਰ ਵਿਚ ਭਾਈ ਹੀਰਾ ਸਿੰਘ ਦੀ ਸਪੁਤਰੀ ਹਰਿ ਕੌਰ ਨਾਲ ਹੋਈ। ਆਪ ਦੇ ਸਹੁਰੇ ਵੀ ਗੁਰੂ ਘਰ ਦੇ ਬਹੁਤ ਪਰੇਮੀ ਤੇ ਸੇਵਾ ਭਾਵ ਵਾਲੇ ਸਨ। ਇਸ ਲਈ ਦੋਹਾਂ ਜੀਆਂ ਦਾ ਚੰਗਾ ਜੋੜ ਬਣ ਗਿਆ। ਆਪ ਦੀ ਧਰਮ ਪਤਨੀ ਬੜੀ ਆਗਿਆਕਾਰ ਤੇ ਦਲੇਰ ਸੀ।

ਅਗੇ ਚਲਕੇ ਜਦ ਬਾਬਾ ਜੀ ਨੇ ਦੇਸ਼ ਸੇਵਾ ਤੇ ਕੁਰਬਾਨੀ ਦੇ ਮੈਦਾਨ ਵਿਚ ਕਦਮ ਰਖਿਆ, ਉਸ ਵਕਤ ਜੋ ਦ੍ਰਿੜਤਾ, ਸਤ ਸੰਤੋਖ ਤੇ ਧੀਰਜ ਮਾਤਾ ਹਰਿ ਕੌਰ ਨੇ ਵਿਖਾਇਆ, ਉਸਦੀ ਮਿਸਾਲ ਬਹੁਤ ਘਟ ਮਿਲਦੀ ਹੈ।

ਪ੍ਰਦੇਸ ਯਾਤ੍ਰਾ—

ਸੰਨ ੧੯੦੫–੬ ਵਿਚ ਪੰਜਾਬ ਵਿਚੋਂ ਬਹੁਤ ਸਾਰੇ ਸਿਖ ਰੋਜ਼ੀ ਦੀ ਤਲਾਸ਼ ਵਿਚ ਬਰਮਾ, ਮਲਾਇਆ, ਕੈਨੇਡਾ ਅਤੇ ਅਮਰੀਕਾ ਨੂੰ ਗਏ। ਅੰਮ੍ਰਿਤਸਰ ਜ਼ਿਲੇ ਵਿਚੋਂ ਅਮਰੀਕਾ ਕੈਨੇਡਾ ਨੂੰ ਜਾਣ ਵਾਲੇ ਦੇਸ਼ ਭਗਤ ਬਾਬਾ ਵਸਾਖਾ ਸਿੰਘ ਜੀ, ਬਾਬਾ ਜਵਾਲਾ ਸਿੰਘ, ਬਾਬਾ ਸੋਹਣ ਸਿੰਘ ਭਕਨਾ, ਬਾਬਾ ਸ਼ੇਰ ਸਿੰਘ ਵੇਈਂ ਪੋਈਂ, ਬਾਬਾ ਕੇਸਰ ਸਿੰਘ ਆਦਿਕ ਸਨ। ਇਹਨਾਂ ਨੇ ਕੈਲੀ ਫੋਰਨੀਆ (ਅਮਰੀਕਾ) ਵਿਚ ਜਾਕੇ ਖੇਤ ਮਜ਼ਦੂਰਾਂ ਤੇ ਲਕੜੀ ਦਾ ਕੰਮ ਕੀਤਾ। ਫਿਰ ਆਪਣੀਆਂ ਫਾਰਮਾਂ ਬਣਾਈਆਂ। ਬਾਬਾ ਈਸ਼ਰ ਸਿੰਘ ਜੀ ਵੀ ਉਹਨਾਂ ਦੇ ਜੁਟ ਵਿਚੋਂ ਸਨ।



Digitized by Panjab Digital Library | www.panjabdigilib.org

ਬਾਬਾ ਈਸ਼ਰ ਸਿੰਘ ਸੰਨ ੧੯੦੬ ਵਿਚ ਪ੍ਰਦੇਸ ਜਾਣ ਲਈ ਘਰੋਂ ਤੁਰੇ। ਆਪ ਹਾਂਗ ਕਾਂਗ, ਸਿੰਘਾਪੁਰ, ਪਨਾਮਾ ਤੋਂ ਹੁੰਦੇ ਹੋਏ ੧੯੦੮ ਵਿਚ ਕੈਲੀਫੋਰਨੀਆ ਵਿਚ ਪੁਜੇ। ਉਸ ਵਕਤ ਕੈਲੀ-ਫੋਰਨੀਆ ਵਿਚ ਨਿਹਨਤ ਮਜ਼ੂਰੀ ਕਰਨ ਵਾਲਿਆਂ ਨੂੰ ਅਠ ਦਸ ਡਾਲਰ ਰੋਜ਼ਾਨਾ ਮਿਲ ਜਾਂਦੇ ਸਨ। ਇਹ ਭਾਰਤੀਆਂ ਲਈ ਕਾਫੀ ਸਨ। ਕੈਲੀਫੋਰਨੀਆ ਵਿਚ ਕੁਝ ਚਿਰ ਕੰਮ ਕਰਨ ਦੇ ਬਾਹਦ ਦੇਸ਼ ਭਗਤ ਬਾਬਿਆਂ ਨੇ ਕਸਬਾ ਹੋਲਟ ਦੇ ਲਾਗੇ ਪੰਜ ਸੌ ਏਕੜ ਜ਼ਮੀਨ ਠੇਕੇ ਉਤੇ ਲੈਕੇ ਵਾਹੀ ਦਾ ਕੰਮ ਸ਼ੁਰੂ ਕੀਤਾ। ਇਹ ਕਾਰੋਬਾਰ ਇਕ ਚੰਗੀ ਕੰਪਨੀ ਦੀ ਸ਼ਕਲ ਵਿਚ ਚਲ ਪਿਆ। ਖੇਤੀ ਬਾੜੀ ਤੋਂ ਚੰਗੀ ਆਮਦਨੀ ਹੋਣ ਲਗ ਪਈ। ਖਾਸ ਕਰ ਆਲੂਆਂ ਦੀ ਕਾਸ਼ਤ ਤਾਂ ਬਹੁਤ ਸਫਲ ਰਹੀ। ਬਾਬਾ ਜਵਾਲਾ ਸਿੰਘ ਆਲੂਆਂ ਦੀ ਖੇਤੀ ਵਿਚ ਖਾਸ ਕਰ ਪ੍ਰਸਿਧ ਸਨ।

ਅਜ਼ਾਦੀ ਦੀ ਤੜਪ—

ਦੇਸ਼ ਭਗਤ ਬਾਬਿਆਂ ਨੇ ਮਿਹਨਤ ਕਰਕੇ ਰੋਜ਼ੀ ਕਮਾਉਣ ਵਿਚ ਚੰਗੀ ਸਫਲਤਾ ਪ੍ਰਾਪਤ ਕਰ ਲਈ, ਪਰ ਜਦ ਉਹਨਾਂ ਨੇ ਅਮਰੀਕਾ ਦੀ ਤਰੱਕੀ ਤੇ ਖੁਸ਼ਹਾਲੀ ਦਾ ਟਾਕਰਾ ਹਿੰਦੁਸਤਾਨ ਦੀ ਗਰੀਬੀ ਤੇ ਗੁਲਾਮੀ ਨਾਲ ਕੀਤਾ, ਉਸ ਵਕਤ ਉਹਨਾਂ ਦੇ ਮਨਾਂ ਵਿਚ ਦੇਸ਼ ਪਿਆਰ ਤੇ ਅਜ਼ਾਦੀ ਦੀ ਇਕ ਤੜਪ ਪੈਦਾ ਹੋ ਗਈ।

ਬਾਬਾ ਈਸ਼ਰ ਸਿੰਘ ਜੀ ਦੀ ਰਹਿਣੀ ਬਹਿਣੀ ਬਾਬਾ ਵਸਾਖਾ ਸਿੰਘ ਤੇ ਜਵਾਲਾ ਸਿੰਘ ਜੀ ਦੇ ਨਾਲ ਸੀ। ਉਹਨਾਂ ਦਾ ਰੰਗ ਆਪ ਤੇ ਵੀ ਚੜ੍ਹ ਗਿਆ। ਸਵੇਰੇ ਉਠ ਕੇ ਆਪ ਬਾਣੀ ਦਾ ਪਾਠ ਕਰਦੇ ਸਨ। ਫਿਰ ਛਾਹ ਵੇਲਾ ਕਰਕੇ ਕੰਮ ਵਿਚ ਜੁਟ ਜਾਂਦੇ। ਸ਼ਾਮ ਨੂੰ ਜਦ ਵਿਹਲੇ ਹੋਕੇ ਰੋਟੀ ਪਾਣੀ ਖਾਕੇ ਰਲਕੇ ਬੈਠਦੇ, ਉਸ ਵਕਤ ਦੇਸ਼ ਦੀ ਅਜ਼ਾਦੀ ਦੀਆਂ ਵਿਉਂਤਾਂ ਸੋਚਦੇ।

ਇਕ ਦਿਨ ਬਾਬਾ ਜੀ ਨੇ ਸਾਥੀਆਂ ਨੂੰ ਕਿਹਾ:—"ਅਸੀਂ ਆਪਣੇ ਸਤਿਗੁਰੂਆਂ ਦੀ ਕੁਰਬਾਨੀ ਉਤੇ ਬੜਾ ਮਾਣ ਕਰਦੇ

Digitized by Panjab Digital Library | www.panjabdigilib.org

ਹਾਂ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦੇਸ਼ ਦੀ ਸੇਵਾ ਲਈ ਸਰਬੰਸ ਕੁਰਬਾਨ ਕੀਤਾ ਹੈ। ਉਹਨਾਂ ਦੀ ਕੁਰਬਾਨੀ ਵਿਚ ਜਾਦੂ ਦਾ ਅਸਰ ਭਰਿਆ ਪਿਆ ਹੈ। ਜੇ ਅਸੀਂ ਵੀ ਦੇਸ਼ ਦੀ ਅਜ਼ਾਦੀ ਲਈ ਕੁਰਬਾਨੀ ਕਰੀਏ ਤਾਂ ਸਾਨੂੰ ਵੀ ਸਤਿਗੁਰੂ ਤੇ ਵਾਹਿਗੁਰੂ ਅਸ਼ੀਰਵਾਦ ਦੇਣਗੇ।

ਸਾਰਿਆਂ ਨੇ ਇਸ ਨਾਲ ਸੰਮਤੀ ਪ੍ਰਗਟ ਕੀਤੀ।

ਸੁਗੰਧ ਖਾਣੀ–

ਇਕ ਦਿਨ ਸਾਰਿਆਂ ਨੇ ਗੁਰਦਵਾਰੇ ਵਿਚ ਇਕਠੇ ਹੋਕੇ ਸ੍ਰੀ ਗੁਰੂ ਗਰੰਥ ਸਾਹਿਬ ਦੇ ਹਜ਼ੂਰ ਸੋਂਹ ਖਾਧੀ ਤੇ ਇਹ ਪ੍ਰਣ ਕੀਤਾ ਕਿ ਅਸੀਂ ਤਨ, ਮਨ ਤੇ ਧਨ ਦੇਸ਼ ਦੀ ਅਜ਼ਾਦੀ ਲਈ ਕੁਰਬਾਨ ਕਰ ਦਿਆਂਗੇ।

ਇਹ ਪ੍ਰਣ ਕਰਕੇ ਸਾਰਿਆਂ ਨੇ ਸਤਿ ਸ੍ਰੀ ਅਕਾਲ ਦੇ ਜੈਕਾਰੇ ਗਜਾਏ।

ਅਮਰੀਕਨਾਂ ਨਾਲ ਟਕਰ–

ਸੰਨ ੧੯੦੯ ਵਿਚ ਕਈ ਥਾਈਂ ਅਮਰੀਕਨ ਮਜ਼ਦੂਰਾਂ ਨੇ ਉਜਰ ਤੇ ਵਧੇਰੇ ਕਰਨ ਲਈ ਕੰਮ ਛਡ ਦਿਤਾ, ਉਹਨਾਂ ਦੀ ਥਾਂ ਪੰਜਾਬੀ ਕੰਮ ਤੇ ਲਗ ਗਏ। ਇਹ ਵੇਖਕੇ ਅਮਰੀਕਨਾਂ ਨੂੰ ਬਹੁਤ ਗੁਸਾ ਆਇਆ। ਉਹਨਾਂ ਨੇ ਕਈ ਹਿੰਦੀਆਂ ਨੂੰ ਮਾਰ ਕੁਟਾਈ ਵੀ ਕੀਤੀ। ਭਾਰਤੀਆਂ ਨੂੰ ਆਪਣੀ ਰਖਿਆ ਲਈ ਸੋਚਣਾ ਪੈ ਗਿਆ।

ਇਕ ਦਿਨ ਅਮਰੀਕਨ ਫਸਾਦੀਆਂ ਨੇ ਇਕ ਰੇਲਵੇ ਲਾਇਨ ਉਤੇ ਕੰਮ ਕਰਦੇ ਭਾਰਤੀ ਮਜ਼ਦੂਰਾਂ ਉਤੇ ਹਮਲਾ ਕਰ ਦਿਤਾ। ਹਿੰਦੀ ਵੀ ਅਗੋਂ ਤਿਆਰ ਸਨ। ਇਹਨਾਂ ਕੋਲ ਹਥਿਆਰ ਵੀ ਸਨ। ਇਸ ਲਈ ਰੇਲਵੇ ਲਾਈਨ ਦੀ ਆੜ ਵਿਚ ਬਹਿਕੇ ਹਿੰਦੀਆਂ ਨੇ ਅਮਰੀਕਨਾਂ ਦੇ ਹਮਲੇ ਦਾ ਟਾਕਰਾ ਬੰਦੂਕਾਂ ਨਾਲ ਫਾਇਰਿੰਗ ਕਰਕੇ ਕੀਤਾ ਅਤੇ ਅਮਰੀਕਨਾਂ ਨੂੰ ਮਾਰਕੇ



Digitized by Panjab Digital Library | www.panjabdigilib.org

ਨਠਾ ਦਿਤਾ।

ਹਿੰਦੀ ਐਸੋਸੀਏਸ਼ਨ–

ਇਸ ਟਕਰ ਤੋਂ ਸਾਰੇ ਹਿੰਦੀ ਖਬਰਦਾਰ ਹੋ ਗਏ, ਉਹ ਸੋਚਣ ਲਗ ਪਏ ਕਿ ਜੇ ਦੇਸ਼ ਨੂੰ ਵਾਪਸ ਜਾਂਦੇ ਹਾਂ ਤਾਂ ਮਾਲੀ ਨੁਕਸਾਨ ਹੁੰਦਾ ਹੈ। ਜੇ ਇਥੇ ਵਸਦੇ ਹਾਂ ਤਾਂ ਅਮਰੀਕਨ ਤੰਗ ਕਰਦੇ ਹਨ। ਇਹਨਾਂ ਨੇ ਸਰਕਾਰ ਅੰਗਰਜ਼ੀ ਪਾਸ ਸ਼ਿਕਾਇਤਾਂ ਕੀਤੀਆਂ, ਪਰ ਕਿਸੇ ਨਾ ਸੁਣੀ। 'ਆਗੇ ਘਾਮ ਪਿਛੈ ਰੁਤ ਜਾੜਾ ਦੇਖ ਚਲਿਤ ਮਨ ਡੋਲੇ' ਵਾਲੀ ਹਾਲਤ ਬਣ ਗਈ। ਉਸ ਹਾਲਤ ਦਾ ਟਾਕਰਾ ਕਰਨ ਲਈ ਅਮਰੀਕਾ ਦੀ ਰਿਆਸਤ ਆਰਗਨ ਵਿਚ ਬਾਬਾ ਵਸਾਖਾ ਸਿੰਘ, ਬਾਬਾ ਜਵਾਲਾ ਸਿੰਘ, ਬਾਬਾ ਕੇਸਰ ਸਿੰਘ, ਹਰਨਾਮ ਸਿੰਘ ਟੁੰਡੀਲਾਟ (ਜ਼ਿਲਾ ਹੁਸ਼ਿਆਰਪੁਰ) ਪੰਡਤ ਕਾਂਸ਼ੀ ਰਾਮ, ਲਾਲਾ ਹਰਿਦਿਆਲ ਤੇ ਬਾਬਾ ਈਸ਼ਰ ਸਿੰਘ ਮਰਹਾਣਾ ਨੇ ਮਿਲਕੇ ਸ੍ਵੈ-ਰਖਿਆ ਲਈ ਇਕ ਜਥੇਬੰਦੀ ਬਣਾਈ ਜਿਸਦਾ ਨਾਂ "ਹਿੰਦ ਐਸੋਸੀਏਸ਼ਨ" ਰਖਿਆ ਗਿਆ। ਬਾਅਦ ਵਿਚ ਇਹੀ 'ਗਦਰ ਪਾਰਟੀ' ਬਣ ਗਈ। ਆਰਗਨ ਤੇ ਕੈਲੇਫੋਰਨੀਆ ਦੇ ਹਿੰਦੀਆਂ ਨੇ ਤਨ ਮਨ ਧਨ ਨਾਲ ਉਸਦੀ ਸਹਾਇਤਾ ਕੀਤੀ। ਸਾਨਫ੍ਰਾਂਸਿਸਕੋ ਵਿਚ ਇਕ ਪੰਜਾਬੀ ਪ੍ਰੈਸ ਲਾਕੇ 'ਗਦਰ' ਅਖਬਾਰ ਕਢਿਆ ਗਿਆ, ਜਿਸਨੇ ਪ੍ਰਦੇਸਾਂ ਵਿਚ ਵਸਦੇ ਹਿੰਦੀਆ ਨੂੰ ਜਥੇਬੰਦ ਹੀ ਨਹੀਂ ਕੀਤਾ, ਬਲਕਿ ਉਹਨਾਂ ਦੇ ਦਿਲਾਂ ਵਿਚ ਭਾਰਤ ਦੀ ਅਜ਼ਾਦੀ ਲਈ ਮਰ ਮਿਟਣ ਦੀ ਭਾਵਨਾ ਪੈਦਾ ਕਰ ਦਿਤੀ।

ਕਾਮਾਗਾਟਾ ਮਾਰੂ ਜਹਾਜ਼

ਸੰਨ ੧੯੧੪ ਵਿਚ ਬਾਬਾ ਗੁਰਦਿਤ ਸਿੰਘ ਕਾਮਾਗਾਟਾ ਮਾਰੂ ਜਹਾਜ਼ ਲੈਕੇ ਵੈਨਕੋਵਰ (ਕੈਨੇਡਾ) ਵਿਖੇ ਪੁਜੇ। ਸਰਕਾਰ ਨੇ ਉਹਨਾਂ ਨੂੰ ਬੰਦਰਗਾਹ ਵਿਚ ਉਤਰਨ ਦੀ ਆਗਿਆਂ ਨਾ ਦਿਤੀ।



Digitized by Panjab Digital Library | www.panjabdigilib.org

ਅਪੀਲ ਨਹੀਂ ਕਰਨੀ।"

ਬਾਅਦ ਵਿੱਚ ਲਾਹੌਰ ਸਾਜ਼ਸ਼ ਕੇਸ ਦੇ ਕੁਝ ਦੇਸ਼ ਭਗਤਾਂ ਦੀ ਫਾਂਸੀ ਟੁਟ ਗਈ, ਉਹਨਾਂ ਨੂੰ ਲੰਮੀ ਕੈਦ ਦੀ ਸਜ਼ਾ ਦਿਤੀ ਗਈ। ਬਾਬਾ ਈਸ਼ਰ ਸਿੰਘ ਜੀ ਦੀ ਸਜ਼ਾ ਵੀ ਟੁਟ ਗਈ।

ਅਕਾਲੀ ਲਹਿਰ ਵਿਚ—ਸਨ ੧੯੨੧ ਵਿਚ ਜਦ ਸ੍ਰੀ ਨਨਕਾਣੇ ਸਾਹਿਬ ਦਾ ਸਾਕਾ ਹੋਇਆ, ਉਸ ਵਕਤ ਬਾਬਾ ਈਸ਼ਰ ਸਿੰਘ ਜੀ ਰਿਹਾ ਹੋ ਚੁਕੇ ਸਨ। ਆਪ ਆਪਣੇ ਪਿੰਡੋ ਇਕ ਜਥਾ ਲੈਕੇ ਸ੍ਰੀ ਨਨਕਾਣੇ ਸਾਹਿਬ ਪੁਜੇ। ਉਸ ਤੋਂ ਬਾਅਦ ਆਪ ਨੇ ਅਕਾਲੀ ਲਹਿਰ ਵਿਚ ਵਧ ਚੜ੍ਹਕੇ ਹਿਸਾ ਲੈਣਾ ਸ਼ੁਰੂ ਕਰ ਦਿਤਾ।

ਸਤ ਸਾਲ ਕੈਦ—

ਸਨ ੧੯੨੨ ਵਿਚ ਨਗਰ ਮਰਹਾਣੇ ਵਿਚ ਇਕ ਭਾਰੀ ਪੁਲੀਟੀਕਲ ਕਾਨਫਰੰਸ ਹੋਈ, ਜਿਸ ਵਿਚ ਇਲਾਕੇ ਦੇ ਲੋਕ ਹਜ਼ਾਰਾਂ ਦੀ ਗਿਣਤੀ ਵਿਚ ਸ਼ਾਮਲ ਹੋਏ। ਉਸਦੇ ਪ੍ਰਧਾਨ ਬਾਬਾ ਬਾਬਾ ਈਸ਼ਰ ਸਿੰਘ ਸਨ। ਉਸ ਕਾਨਫਰੰਸ ਵਿਚ ਆਪ ਨੇ ਵਲਵਲਾ ਭਰਪੂਰ ਤਕਰੀਰ ਕੀਤੀ। ਜਿਸ ਵਿਚ ਲੋਕਾਂ ਨੂੰ ਅਜਾਦੀ ਦੀ ਜੰਗ ਵਿਚ ਕੁਦ ਪੈਣ ਲਈ ਉਭਾਰਿਆ।

ਇਹ ਕਾਨਫਰੰਸ ਖਤਮ ਹੋਣ ਪਰ ਸਰਕਾਰ ਅੰਗਰੇਜੀ ਨੇ ਬਾਬਾ ਜੀ ਨੂੰ ਤੇਰਾਂ ਸਾਥੀਆਂ ਸਮੇਤ ਗ੍ਰਿਫਤਾਰ ਕਰ ਲਿਆ। ਆਪ ਦੇ ਸਾਥੀ ਸਨ—ਬਾਬਾ ਸੋਭਾ ਸਿੰਘ, ਬਾਬਾ ਇੰਦਰ ਸਿੰਘ, ਸ੍ਰ: ਲਛਮਣ ਸਿੰਘ, ਮੇਹਰ ਸਿੰਘ, ਬਿਸ਼ਨ ਸਿੰਘ, ਅਮਰੀਕ ਸਿੰਘ, ਬੀਲਾ ਸਿੰਘ, ਬੂਟਾ ਸਿੰਘ, ਸੋਹਣ ਸਿੰਘ ਅਤੇ ਸੰਤਾ ਸਿੰਘ ਆਦਿਕ।

ਸਰਕਾਰ ਨੇ ਅੰਮ੍ਰਿਤਸਰ ਦੇ ਮਜਿਸਟਰੇਟ ਮੀਆਂ ਮੁਹੰਮਦ ਸ਼ਰੀਫ ਦੀ ਅਦਾਲਤ ਵਿਚ ਇਹਨਾਂ ਵਿਰੁਧ ਮੁਕਦਮਾ ਚਲਾ-ਇਆ। ਬਾਬਾ ਈਸ਼ਰ ਸਿੰਘ ਤੇ ਸੋਭਾ ਸਿੰਘ ਨੂੰ ਸਤ ਸਾਲ ਕੈਦ ਤੇ ਜੁਰਮਾਨੇ ਦੀ ਸਜਾ ਦਿਤੀ, ਦੂਜੇ ਸਾਥੀਆਂ ਨੂੰ ਵੀ ਕੈਦ ਦੀ ਸਜਾ



Digitized by Panjab Digital Library | www.panjabdigilib.org

੨੩ ਜੁਲਾਈ ੧੯੧੪ ਨੂੰ ਕਾਮਾਗਾਟਾ ਮਾਰੂ ਜਹਾਜ਼ ਵੈਨਕੋਵਰ ਤੋਂ ਵਾਪਸ ਦੇਸ਼ ਨੂੰ ਭੇਜਿਆ ਗਿਆ। ਉਸ ਜਹਾਜ਼ ਦੇ ਹਿੰਦੀਆਂ ਨਾਲ ਕੈਨੇਡਾ ਸਰਕਾਰ ਨੇ ਜੋ ਵਰਤਾਉ ਕੀਤਾ, ਉਹ ਸਾਰੇ ਹਿੰਦੀਆਂ ਲਈ ਦੁਖਦਾਇਕ ਸੀ।

ਗਦਰ ਪਾਰਟੀ ਨੇ ਆਪਣੇ ਭਰਾਵਾਂ ਦੀ ਵਾਹ ਲਗਦੇ ਸਹਾਇਤਾ ਕੀਤੀ।

ਦੇਸ਼ ਦੀ ਗੁਲਾਮੀ ਅਤੇ ਪ੍ਰਦੇਸ਼ ਦੀਆਂ ਮੁਸੀਬਤਾਂ ਤੋਂ ਮਜ਼ਬੂਰ ਹੋ ਕੇ ਗਦਰ ਪਾਰਟੀ ਦੇ ਦੇਸ਼ ਭਗਤਾਂ ਨੇ ੧੯੧੪-੧੮ ਦੀ ਪਹਿਲੀ ਜੰਗ ਸਮੇਂ ਭਾਰਤ ਵਿਚ ਆਕੇ ਅੰਗਰੇਜ਼ੀ ਸਾਮਰਾਜ ਦਾ ਤਖਤਾ ਉਲਟਾਉਣ ਲਈ ਗਦਰ ਕਰਨ ਦੀ ਕੋਸ਼ਸ਼ ਕੀਤੀ।

ਪਹਿਲਾ ਲਾਹੌਰ ਸਾਜ਼ਸ ਕੇਸ—

ਅਮਰੀਕਾ ਤੇ ਕੈਨੇਡਾ ਤੋਂ ਆਕੇ ਜਿਨਾਂ ਦੇਸ ਭਗਤਾਂ ਨੇ ਪੰਜਾਬ ਵਿਚ ਗਦਰ ਕਰਨ ਦੀ ਕੋਸਸ਼ ਕੀਤੀ, ਉਹਨਾਂ ਨੂੰ ਸਰਕਾਰ ਅੰਗਰੇਜ਼ੀ ਨੇ ਗ੍ਰਿਫਤਾਰ ਕਰ ਲਿਆ। ਲਾਹੌਰ ਸੰਟ੍ਰਲ ਜੇਹਲ ਵਿਚ ਉਹਨਾਂ ਵਿਰੁਧ ਪਹਿਲਾ ਸਾਜਸ ਕੇਸ ਚਲਾਇਆ ਗਿਆ।

੨੩ ਸਤੰਬਰ ੧੯੧੪ ਨੂੰ ਲਾਹੌਰ ਸਾਜ਼ਸ ਕੇਸ ਦਾ ਫੈਸਲਾ ਸੁਣਾਇਆ ਗਿਆ। ਜਿਸ ਅਨੁਸਾਰ ੬੪ ਦੇਸ਼ ਭਗਤਾਂ ਨੂੰ ਫਾਂਸੀ, ਕਾਲੇ ਪਾਣੀ ਅਤੇ ਲੰਮੀ ਕੈਦ ਦੀ ਸਜਾ ਸੁਣਾਈ ਗਈ। ਬਾਬਾ ਈਸ਼ਰ ਸਿੰਘ ਜੀ ਮਰਹਾਣਾ ਵੀ ਉਹਨਾਂ ਵਿਚੋਂ ਇਕ ਸਨ।

ਜਦ ਲਾਹੌਰ ਸੰਟਰਲ ਜੇਹਲ ਦੇ ਸੁਪ੍ਰੰਡੰਟ ਮਿਸਟਰ ਵਾਰਡ ਨੇ ਉਪਰੋਕਤ ਦੇਸ਼ ਭਗਤਾਂ ਨੂੰ ਅਪੀਲ ਕਰਨ ਲਈ ਕਿਹਾ—ਤਾਂ ਉਹਨਾਂ ਨੇ ਉਤਰ ਦਿਤਾ:—

'ਅਸੀਂ ਤਾਂ ਵਿਦੇਸੀ ਹਕੂਮਤ ਖਤਮ ਕਰਨ ਲਈ ਆਏ ਸਾਂ ਜੇ ਸਾਨੂੰ ਆਪਣ ਉਦੇਸ਼ ਵਿਚ ਸਫਲਤਾ ਨਹੀਂ ਹੋਈ ਤਾਂ ਕੋਇ ਗਲ ਨਹੀਂ। ਅਸੀਂ ਗੁਲਾਮੀ ਦੀ ਜ਼ਿੰਦਗੀ ਨਾਲੋਂ ਮੌਤ ਨੂੰ ਹਜ਼ਾਰ ਗੁਣਾ ਚੰਗਾ ਸਮਝਦੇ ਹਾਂ। ਇਸ ਲਈ ਅਸੀਂ ਕੋਈ



Digitized by Panjab Digital Library | www.panjabdigilib.org

ਦਿਤੀ ਗਈ। ਇਸ ਦੇ ਨਾਲ ਹੀ ਮਰਹਾਣੇ ਵਿਚ ਪੁਲੀਸ ਦੀ ਚੌਂਕੀ ਪਾਈ ਗਈ। ਜਿਸਦਾ ਸਲਾਨਾ ਖਰਚ ੨੭੦੦) ਰੁਪਏ ਦੀ ਸ਼ਕਲ ਵਿਚ ਨਗਰ ਨੂੰ ਪੈਂਦਾ ਰਿਹਾ।

ਇਹ ਕੈਦ ਬਾਬਾ ਜੀ ਨੇ ਰਾਵਲ ਪਿੰਡੀ, ਕੈਂਬਲਪੁਰ, ਮਿੰਟਗੁਮਰੀ ਤੇ ਮੁਲਤਾਨ ਸੰਟਰਲ ਜੇਲ੍ਹ ਵਿਚ ਕਟੀ। ਕੈਂਬਲਪੁਰ ਜੇਹਲ ਵਿਚ ਰਾਜਸੀ ਕੈਦੀਆਂ ਦੀਆਂ ਮੰਗਾਂ ਮਨਵਾਕੇ ਭੁਖ ਹੜਤਾਲ ਛਡੀ।

ਪੁਤਰ ਦੀ ਮੌਤ–

ਬਾਬਾ ਜੀ ਜੇਹਲ ਵਿਚ ਸਨ ਕਿ ਆਪ ਦਾ ਜਵਾਨ ਪੁਤਰ ਬੰਤਾ ਸਿੰਘ ਪੰਝੀ ਸਾਲ ਦਾ ਚਲਾਣਾ ਕਰ ਗਿਆ। ਆਪ ਨੇ ਅਤੇ ਆਪ ਦੀ ਧਰਮ ਪਤਨੀ ਹਰਿ ਕੌਰ ਜੀ ਨੇ ਪੁਤਰ ਦੀ ਮੌਤ ਨੂੰ ਵਾਹਿਗੁਰੂ ਦਾ ਅਮਿਟ ਭਾਣਾ ਸਮਝਕੇ ਬਰਦਾਸ਼ਤ ਕੀਤਾ। ਅਤੇ ਦੇਸ਼ ਸੇਵਾ ਤੋਂ ਮੂੰਹ ਨਹੀਂ ਮੋੜਿਆ।

ਉਹਨਾਂ ਦਿਨਾਂ ਵਿਚ ਮੁਲਤਾਨ ਸੰਟਰਲ ਜੇਹਲ ਰਾਜਸੀ ਤੇ ਅਕਾਲੀ ਕੈਦੀਆਂ ਲਈ ਇਕ ਤਰ੍ਹਾਂ ਦਾ ਬੁਚੜ ਖਾਨਾ ਸੀ। ਉਥੇ ਬਾਬਾ ਈਸ਼ਰ ਸਿੰਘ ਜੀ ਤੇ ਸੋਭਾ ਸਿੰਘ ਜੀ ਮਰਹਾਣਾ ਨੇ ਦ੍ਰਿੜਤਾ ਤੇ ਦਲੇਰੀ ਨਾਲ ਚੱਕੀ, ਕਹਲੂ ਤੇ ਬੰਬੇ ਦੀ ਮੁਸ਼ੱਕਤ ਕੀਤੀ, ਆਪ ਦ੍ਰਿੜਤਾ ਰਖੀ ਤੇ ਦੂਜਿਆਂ ਨੂੰ ਧੀਰਜ ਦਿਤਾ। ਉਹਨਾਂ ਦੀ ਮਦਦ ਕੀਤੀ, ਜਿਸਦੀ ਮਿਸਾਲ ਬਹੁਤ ਘਟ ਮਿਲਦੀ ਹੈ।

ਮਾਤਾ ਹਰਿ ਕੌਰ ਦੀ ਕੁਰਬਾਨੀ–

ਬਾਬਾ ਈਸ਼ਰ ਸਿੰਘ ਜਦ ਜੇਹਲ ਵਿਚ ਸਨ, ਉਹਨਾਂ ਦੇ ਘਰੋਂ ਮਾਤਾ ਹਰਿ ਕੌਰ ਨੇ ਪੁਰਾਤਨ ਸਿੰਘਣੀਆਂ ਵਾਲੀ ਦ੍ਰਿੜਤਾ ਤੇ ਵੀਰਤਾ ਵਿਖਾਈ। ਜਦ ਪੁਲੀਸ ਉਹਨਾਂ ਦੇ ਘਰ ਸਮਾਨ ਕੁਰਕ ਕਰਨ ਲਈ ਆਉਂਦੀ ਤਾਂ ਮਾਤਾ ਜੀ ਕਹਿੰਦੇ ਸਨ–'ਸਾਡੇ ਧੰਨ ਭਾਗ ਹਨ ਕਿ ਅਜ਼ਾਦੀ ਲਈ ਸਾਡੀ ਕੁਰਕੀ ਹੋਈ ਹੈ। ਮਰਦ ਉਹ



Digitized by Panjab Digital Library | www.panjabdigilib.org

ਹੈ, ਜੋ ਮੁਸੀਬਤਾਂ ਦਾ ਟਾਕਰਾ ਕਰੇ। ਜੋ ਲੋਕ ਮੁਸੀਬਤਾਂ ਦਾ ਟਾਕਰਾ ਨਹੀਂ ਕਰਦੇ, ਉਹ ਮਰ ਜਾਂਦੇ ਹਨ।'

ਹਰ ਮੁਸੀਬਤ ਤੇ ਬਿਪਤਾ ਸਮੇਂ ਮਾਤਾ ਹਰ ਕੌਰ ਜੀ ਨੇ ਕੜਾਹ ਪ੍ਰਸ਼ਾਦ ਕਰਕੇ ਗੁਰੂ ਪ੍ਰਮੇਸਰ ਦਾ ਸ਼ੁਕਰ ਕਰਨਾ ਅਤੇ ਅਰਦਾਸ ਕਰਨੀ, "ਹੇ ਸਤਿਗੁਰੂ, ਸਾਨੂੰ ਦੇਸ਼ ਦੀ ਆਜ਼ਾਦੀ ਲਈ ਵਧ ਤੋਂ ਵਧ ਕੁਰਬਾਨੀ ਕਰਨ ਦਾ ਬਲ ਬਖਸ਼ੋ।

ਕੈਦ ਤੋਂ ਰਿਹਾਈ—ਬਾਬਾ ਈਸ਼ਰ ਸਿੰਘ ਜੀ ਪੂਰੀ ਕੈਦ ਕਟ ਕੇ ਰਿਹਾ ਹੋਏ। ਆਪ ਨੂੰ ਅਕਾਲੀ ਜਥਾ ਜ਼ਿਲਾ ਅੰਮ੍ਰਿਤਸਰ ਦਾ ਜਥੇਦਾਰ ਚੁਣਿਆ ਗਿਆ। ਆਪ ਫਿਰਕੂ ਢੰਗ ਨਾਲ ਸੋਚਣ ਤੇ ਕੰਮ ਕਰਨ ਵਾਲੇ ਨਹੀਂ ਸਨ। ਇਸ ਲਈ ਦੇਸ ਸੇਵਾ ਦੇ ਕੰਮਾਂ ਵਿਚ ਵੀ ਵਧ ਚੜ੍ਹਕੇ ਹਿਸਾ ਲੈਂਦੇ ਸਨ।

ਸ੍ਰੀ ਦਰਬਾਰ ਸਾਹਿਬ ਕਮੇਟੀ ਵਿਚ—

ਸਨ ੧੯੩੦ ਵਿਚ ਅਤੁਟ ਸੇਵਾ ਦੇ ਕਾਰਨ ਬਾਬਾ ਈਸਰ ਸਿੰਘ ਜੀ ਆਪਨੇ ਇਲਾਕੇ ਵਲੋਂ ਸ੍ਰੀ ਦਰਬਾਰ ਸਾਹਿਬ ਕਮੇਟੀ ਅੰਮ੍ਰਿਤਸਰ ਦੇ ਮੈਂਬਰ ਚੁਣੇ ਗਏ। ੪ ਜੁਲਾਈ ੧੯੩੦ ਨੂੰ ਸ੍ਰ: ਜਵਾਹਰ ਸਿੰਘ ਬੁਰਜ ਜ਼ਿਲਾ ਅੰਮ੍ਰਿਤਸਰ ਸ੍ਰੀ ਦਰਬਾਰ ਸਾਹਿਬ ਕਮੇਟੀ ਦੇ ਪ੍ਰਧਾਨ ਤੇ ਬਾਬਾ ਈਸ਼ਰ ਸਿੰਘ ਜੀ ਮੀਤ ਪ੍ਰਧਾਨ ਚੁਣੇ ਗਏ। ੨੭ ਜੁਲਾਈ ੧੯੩੩ ਤੀਕ ਆਪ ਨੇ ਬਤੌਰ ਮੀਤ ਪ੍ਰਧਾਨ ਦੇ ਸੇਵਾ ਕੀਤੀ।

ਸਿਵਲ-ਨਾ-ਫੁਰਮਾਨੀ ਵਿਚ ਕੈਦ—

ਸਨ ੧੯੩੦-੩੧ ਵਿਚ ਜਦ ਕਾਂਗਰਸ ਨੇ ਦੂਜੀ ਵੇਰ ਸਿਵਲ-ਨਾ-ਫੁਰਮਾਨੀ ਕੀਤੀ, ਉਸ ਵਿਚ ਬਾਬਾ ਈਸਰ ਸਿੰਘ ਜੀ ਨੇ ਵਧ ਚੜ੍ਹਕੇ ਹਿਸਾ ਲਿਆ। ਉਸ ਵਿਚ ਆਪ ਨੂੰ ਛੇ ਮਹੀਨੇ ਦੀ ਕੈਦ ਤੇ ੧੫੦) ਜੁਰਮਾਨਾ ਹੋਇਆ।

ਕਿਸਾਨ ਮੋਰਚੇ ਵਿਚ ਕੈਦ—

ਬਾਬਾ ਜੀ ਦੀ ਪ੍ਰਧਾਨਗੀ ਸਮੇਂ ਹੀ ਕਿਸਾਨ ਮੋਰਚਾ ਲਗਾ,



Digitized by Panjab Digital Library | www.panjabdigilib.org

ਜਿਸ ਵਿਚ ਆਪ ਨੂੰ ਇਕ ਸਾਲ ਕੈਦ ਦੀ ਸਜ਼ਾ ਦਿਤੀ ਗਈ।

ਸਰਾਂ ਗੁਰੂ ਰਾਮਦਾਸ ਜੀ—

੧੯੩੦–੩੧ ਵਿਚ ਜਦ ਸ੍ਰ: ਜਵਾਹਰ ਸਿੰਘ ਬੁਰਜ ਸ੍ਰੀ ਦਰਬਾਰ ਸਾਹਿਬ ਕਮੇਟੀ ਦੇ ਪ੍ਰਧਾਨ ਅਤੇ ਬਾਬਾ ਈਸ਼ਰ ਸਿੰਘ ਮੀਤ ਪ੍ਰਧਾਨ ਸਨ, ਉਸ ਸਮੇਂ ੧੭ ਅਗਸਤ ੧੯੩੧ ਨੂੰ ਸਰਾਂ ਗੁਰੂ ਰਾਮਦਾਸ ਦੀ ਨੀਂਹ ਰਖੀ ਗਈ। ਉਹਨਾਂ ਦੇ ਸਮੇਂ ਵਿਚ ਹੀ ਸਰਾਂ ਦੀ ਇਮਾਰਤ ਮੁਕੰਮਲ ਹੋਈ। ਜਿਸ ਨੇ ਲੱਖਾਂ ਯਾਤਰੀਆਂ ਨੂੰ ਸੁਖ ਦਿਤਾ ਅਤੇ ਸਦਾ ਦਿੰਦੀ ਰਹੇਗੀ।

ਸ੍ਰੀ ਦਰਬਾਰ ਸਾਹਿਬ ਕਮੇਟੀ ਦੇ ਪ੍ਰਧਾਨ—

ਬਾਬਾ ਈਸ਼ਰ ਸਿੰਘ ਜੀ ਪਹਿਲੇ ਸ੍ਰੀ ਦਰਬਾਰ ਸਾਹਿਬ ਕਮੇਟੀ ਅੰਮ੍ਰਿਤਸਰ ਦੇ ਮੀਤ ਪ੍ਰਧਾਨ ਸਨ। ਫਿਰ ੨੪-੭-੧੯੩੬ ਨੂੰ ਸਰਬ ਸੰਮਤੀ ਨਾਲ ਪ੍ਰਧਾਨ ਚੁਣੇ ਗਏ। ਆਪ ਨੇ ਪੰਜ ਸਾਲ ਜਿਸ ਦਿਆਨਤਦਾਰੀ ਨਾਲ ਸੇਵਾ ਕੀਤੀ ਹੈ, ਉਹ ਕਦੀ ਭੁਲਾਈ ਨਹੀਂ ਜਾ ਸਕਦੀ।

ਗੁਰੂ ਰਾਮਦਾਸ ਹਾਈ ਸਕੂਲ—

ਬਾਬਾ ਜੀ ਦੀ ਪ੍ਰਧਾਨਗੀ ਸਮੇਂ ਹੀ ੬ ਮਾਰਚ ੧੯੩੮ ਨੂੰ ਸ੍ਰੀ ਰਾਮਸਰ ਦੇ ਲਾਗੇ ਸ੍ਰੀ ਗੁਰੂ ਰਾਮਦਾਸ ਹਾਈ ਸਕੂਲ ਦੀ ਨੀਂਹ ਰਖੀ ਗਈ ਤੇ ਉਸਦੀ ਸ਼ਾਨਦਾਰ ਇਮਾਰਤ ਬਣੀ। ਇਸ ਦੇ ਪਹਿਲੇ ਹੈਡਮਾਸਟਰ ਸ੍ਰ: ਅਭੈ ਸਿੰਘ ਬੀ. ਏ. ਬੀ. ਟੀ. ਸਨ। ਫਿਰ ਸ੍ਰ: ਮਾਹਣਾ ਸਿੰਘ ਐਮ. ਏ. ਬਣੇ। ਉਹਨਾਂ ਦੇ ਵਕਤ ਵਿਚ ਸਕੂਲ ਨੇ ਬੜੀ ਸਫਲਤਾ ਪ੍ਰਾਪਤ ਕੀਤੀ।

ਕ੍ਰਿਪਾਨਾਂ ਦਾ ਕਾਰਖਾਨਾ ਅਰਥਾਤ ਇੰਡਸਟ੍ਰੀਅਲ ਸਕੂਲ ਕਾਇਮ ਹੋਇਆ। ਇਹ ਬਾਬਾ ਜੀ ਦੇ ਸਮੇਂ ਬਣੀਆਂ ਹੋਈਆਂ ਸਦੀਵੀ ਯਾਦਗਾਰਾਂ ਹਨ।

ਬਾਬਾ ਈਸ਼ਰ ਸਿੰਘ ਨੇ ਸ੍ਰੀ ਦਰਬਾਰ ਸਾਹਿਬ ਦਾ ਪ੍ਰਬੰਧ ਸੁਧਾਰਨ ਲਈ ਕਾਫੀ ਜਤਨ ਕੀਤਾ। ਬੜੀ ਈਮਾਨਦਾਰੀ ਤੇ



Digitized by Panjab Digital Library | www.panjabdigilib.org

ਦਿਆਨਤਦਾਰੀ ਨਾਲ ਸੇਵਾ ਨੂੰ ਨਿਭਾਇਆ।

ਕਹਿੰਦੇ ਹਨ ਕਿ ਇਕ ਵੇਰ ਬਾਬਾ ਜੀ ਦੇ ਪੁਤਰ ਸਰਦਾਰ ਜਗਤ ਸਿੰਘ ਦਾ ਲੜਕਾ ਬੀਮਾਰ ਹੋਗਿਆ, ਉਹ ਉਸ ਨੂੰ ਇਲਾਜ ਲਈ ਅੰਮ੍ਰਿਤਸਰ ਲਿਆਏ। ਸਰਾਂ ਗੁਰੂ ਰਾਮਦਾਸ ਵਿਚ ਯਾਤ੍ਰੀਆਂ ਦੀ ਭੀੜ ਹੋਣ ਕਰਕੇ ਸਰਦਾਰ ਜਗਤ ਸਿੰਘ ਨੂੰ ਕਮਰਾ ਨਾ ਮਿਲ ਸਕਿਆ।

ਉਸ ਨੇ ਬਾਬਾ ਜ਼ੀ ਪਾਸ਼ ਸ਼ਿਕਾਇਤ ਕੀਤੀ ਤਾਂ ਆਪ ਨੇ ਕਿਹਾ—"ਪੁਤਰ! ਤੂੰ ਵੀ ਸਾਰੀ ਸੰਗਤ ਨਾਲ ਹੀ ਹੈਂ। ਜੇ ਭੀੜ ਕਾਰਨ ਨਹੀਂ ਕਮਰਾ ਮਿਲਿਆ ਤਾਂ ਕਿਹੜੀ ਵੱਡੀ ਗਲ ਹੈ?

ਚਲਾਣਾ—

ਬਾਬਾ ਈਸ਼ਰ ਸਿੰਘ ਜ਼ੀ ਤੇਤੀ ਸਾਲ ਲਗਾਤਾਰ ਕੁਰਬਾਨੀ, ਦੇਸ਼ ਭਗਤੀ ਤੇ ਗੁਰੂ ਘਰ ਦੀ ਸੇਵਾ ਦਾ ਆਦਰਸ਼ਕ ਜੀਵਨ ਬਤੀਤ ਕਰਦੇ ਹੋਏ ਕੁਝ ਦਿਨ ਬੀਮਾਰ ਰਹਿ ਦੇ ੧੬ ਅਗਸਤ ੧੯੪੧ ਨੂੰ ਅੰਮ੍ਰਿਤਸਰ ਵਿਚ ਅਕਾਲ ਚਲਾਣਾ ਕਰ ਗਏ।

ਆਪ ਦੀ ਕੁਰਬਾਨੀ ਤੇ ਕੀਤੇ ਹੋਏ ਕੰਮ ਇਤਿਹਾਸ ਵਿਚ ਸਦਾ ਚਮਕਦੇ ਰਹਿਣਗੇ।



Digitized by Panjab Digital Library | www.panjabdigilib.org

# ੨੪

# ਸੇਵਕ ਤੇ ਸਫਲ ਕਾਰੋਬਾਰੀ
# ਭਗਤ ਜਸਵੰਤ ਸਿੰਘ

ਜਿਸ ਵਕਤ ਗੁਰਦਵਾਰਾ ਸੁਧਾਰ ਲਹਿਰ ਪੂਰੇ ਜੋਬਨ ਉਤੇ ਸੀ, ਸ਼ਰੋਮਣੀ ਕਮੇਟੀ ਦੇ ਐਲਾਨ ਨੂੰ ਗੁਰੂ ਪੰਥ ਦਾ ਹੁਕਮ ਸਮਝਕੇ ਉਸ ਪਰ ਫੁਲ ਚੜ੍ਹਾਏ ਜਾਂਦੇ ਸਨ, ਉਸ ਵਕਤ ਭਗਤ ਜਸਵੰਤ ਸਿੰਘ ਸ਼ਰੋਮਣੀ ਕਮੇਟੀ ਦੇ ਜਨਰਲ ਸਕਤਰ ਰਹੇ ਸਨ।

ਉਹਨਾਂ ਦੇ ਸਮੇਂ ਦੋ ਪ੍ਰਸਿਧ ਤੇ ਸਫਲ ਮੋਰਚੇ ਲਗੇ ਹਨ। ਗੁਰੂ ਕਾ ਬਾਗ ਤੇ ਜੈਤੋ ਦਾ, ਗੁਰੂ ਕੇ ਬਾਗ ਵਿਚ ਉਹ ਸ਼ਰੋਮਣੀ ਕਮੇਟੀ ਦੇ ਪ੍ਰਧਾਨ ਸ: ਬ: ਮਹਿਤਾਬ ਸਿੰਘ ਤੇ ਦੂਜੇ ਮੁਖੀਆਂ ਨਾਲ ਸ਼ਾਮਲ ਸਨ।

ਆਪ ਨੇ ਗੁਰੂ ਕੇ ਬਾਗ ਦੇ ਮੋਰਚੇ ਵਿਚ ਸ਼ਰੋਮਣੀ ਕਮੇਟੀ ਦੇ ਜਨਰਲ ਸਕਤਰ ਦੀ ਹੈਸੀਅਤ ਵਿਚ ਅਦਾਲਤ ਵਿਚ ਸ: ਬ: ਮਹਿਤਾਬ ਸਿੰਘ ਪ੍ਰਧਾਨ ਅਤੇ ਐਗਜ਼ੈਕਟਿਵ ਕਮੇਟੀ ਦੇ ਦੂਜੇ ਮੈਂਬਰਾਂ ਦੇ ਨਾਲ ਜੋ ਬਿਆਨ ਦਿਤਾ ਹੈ, ਉਹ ਸ਼ਾਨਦਾਰ ਹੈ।

ਜੂਨ ੧੯੨੩ ਵਿਚ ਅਕਾਲੀ ਲਹਿਰ ਸਮੇਂ ਸ੍ਰੀ ਅੰਮ੍ਰਿਤਸਰ ਦੀ ਕਾਰ ਸੇਵਾ ਹੋਈ, ਉਹ ਇਸ ਸਦੀ ਵਿਚ ਗੁਰੂ ਸੇਵਾ ਤੇ ਭਗਤੀ ਦਾ ਪਹਿਲਾ ਮਹਾਨ ਸਮਾਗਮ ਸੀ।

ਭਗਤ ਜੀ ਕਾਰ ਸੇਵਾ ਕਮੇਟੀ ਦੇ ਸਕਤਰ ਤੇ ਮੁਖ ਪ੍ਰਬੰਧਕ ਸਨ। ਨਾਭੇ ਦੇ ਮੋਰਚੇ ਵਿਚ ਜਦ ਸ਼ਰੋਮਣੀ ਕਮੇਟੀ ਕਾਨੂੰਨ ਵਿਰੁਧ



Digitized by Panjab Digital Library | www.panjabdigilib.org

ਕਰਾਰ ਦਿਤੀ ਗਈ, ਅਕਾਲੀ ਲੀਡਰਾਂ ਵਿਰੁਧ ਲਾਹੌਰ ਵਿਚ ਕੇਸ ਚਲਿਆ, ਉਸ ਵਿਚ ੧੯੨੩ ਤੋਂ ਲੈਕੇ ੧੯੨੬ ਤੀਕ ਤਿੰਨ ਸਾਲ ਲਾਹੌਰ ਜੇਹਲ ਤੇ ਕਿਲੇ ਵਿਚ ਰਹੇ ਹਨ।

ਭਗਤ ਜੀ ਸ਼ਰੋਮਣੀ ਕਮੇਟੀ ਦੀ ਚੋਣ ਵਿਚ ਪੋਠੋਹਾਰ ਦੇ ਇਲਾਕੇ ਰਾਵਲਪਿੰਡੀ ਵਿਚੋਂ ਆਏ ਸਨ। ਉਸ ਇਲਾਕੇ ਵਿਚ ਭਾਰੀ ਮੁਸਲਿਮ ਬਹੁ ਸੰਮਤੀ ਸੀ। ਹਿੰਦੂ ਸਿਖ ਆਟੇ ਵਿਚ ਲੂਣ ਅਰਥਾਤ ੮ ਫੀ ਸਦੀ ਸਨ।

ਉਸ ਇਲਾਕੇ ਦੇ ਤਿੰਨ ਭਾਗ ਹਨ– ਪੋਠੋਹਾਰ, ਧੱਨ ਅਤੇ ਸੁਆਂ। ਉਹਨਾਂ ਵਿਚ ਗੁਰਸਿਖੀ ਲਈ ਬੜਾ ਪ੍ਰੇਮ ਸੀ। ਸਤਿਗੁਰੂਆਂ ਦੀ ਕਿਰਪਾ, ਭਾਈ ਮਤੀ ਦਾਸ ਵਰਗੇ ਸ਼ਹੀਦਾਂ ਬਾਰਾਂ ਮਿਸਲਾਂ ਤੇ ਮਹਾਰਾਜਾ ਰਣਜੀਤ ਸਿੰਘ, ਨਿਰੰਕਾਰੀ ਸੰਪ੍ਰਦਾਇ ਦੇ ਬਾਨੀ ਬਾਬਾ ਦਿਆਲ ਜੀ ਤੇ ਉਹਨਾਂ ਦੇ ਉਤਰ ਅਧਿਕਾਰੀਆਂ ਦੇ ਪ੍ਰਚਾਰ, ਪਿਛਲੀ ਸਦੀ ਵਿਚ ਸਿੰਘ ਸਭਾ ਲਹਿਰ ਦੇ ਮੁਖੀ ਬਾਵਾ ਖੇਮ ਸਿੰਘ ਬੇਦੀ, ਸੰਤ ਭਾਈ ਅਤਰ ਸਿੰਘ ਜੀ ਉਸ ਧਰਤੀ ਵਿਚ ਬੈਠਕੇ ਭਜਨ ਤਪ ਕਾਰਨ ਤੇ ਠਾਕਰ ਨਿਹਾਲ ਸਿੰਘ ਵਰਗੇ ਵਿਦਵਾਨਾਂ ਤੇ ਸੰਤ ਮਹਾਤਮਾ ਦੇ ਪ੍ਰਚਾਰ ਦਾ ਨਤੀਜਾ ਸੀ ਕਿ ਇਸ ਸਦੀ ਦੇ ਪਹਿਲੇ ਅੱਧ ਵਿਚ ਪੋਠੋਹਾਰ ਨੇ ਸਿੰਘ ਸਭਾ ਤੇ ਗੁ: ਸੁਧਾਰ ਲਹਿਰ ਵਿਚ ਬੜੇ ਵਿਦਵਾਨ, ਲਿਖਾਰੀ ਪ੍ਰਚਾਰਕ ਤੇ ਮੁਖੀ ਸਜਨ ਕੌਮੀ ਸੇਵਾ ਦੇ ਮੈਦਾਨ ਵਿਚ ਦਿਤੇ ਹਨ। ਜਿਹਾ ਕਿ ਭਾਈ ਜੋਧ ਸਿੰਘ, ਪ੍ਰਿੰਸੀਪਲ ਤੇਜਾ ਸਿੰਘ, ਪ੍ਰੋ: ਪੂਰਨ ਸਿੰਘ, ਮਾਸਟਰ ਤਾਰਾ ਸਿੰਘ ਪ੍ਰਿੰ: ਨਰੰਜਨ ਸਿੰਘ, ਸੇਟ ਨਿਹਾਲ ਸਿੰਘ, ਗਿਆਨੀ ਹੀਰਾ ਸਿੰਘ ਦਰਦ, ਭਾਈ ਲਾਭ ਸਿੰਘ ਤੇ ਭਾਈ ਕਰਤਾਰ ਸਿੰਘ ਪ੍ਰਚਾਰਕ ਤੇ ਗਿਆਨੀ ਗੁਰਮੁਖ ਸਿੰਘ ਦੇ ਨਾਮ ਵਰਣਨ ਯੋਗ ਹਨ। ਵਿਤ ਅਨੁਸਾਰ ਉਸ ਇਲਾਕੇ ਨੇ ਅਕਾਲੀ ਲਹਿਰ ਵਿਚ ਵੀ ਸੇਵਾ ਕਰਨ ਦਾ ਜਤਨ ਕੀਤਾ ਹੈ। ੧੯੨੧ ਵਿਚ ਪੰਜੇ ਸਾਹਿਬ ਨੂੰ ਸ਼ਰੋਮਣੀ ਕਮੇਟੀ ਦੇ ਪ੍ਰਬੰਧ ਹੇਠ ਲਿਆਂਦਾ।



Digitized by Panjab Digital Library | www.panjabdigilib.org

ਹੁਣ ਅਸੀਂ ਉਸ ਲਹਿਰ ਵਿਚ ਕੰਮ ਕਰਨ ਵਾਲੇ ਭਗਤ ਜਸਵੰਤ ਸਿੰਘ ਦਾ ਸੰਖੇਪ ਜੀਵਨ ਪੇਸ਼ ਕਰਦੇ ਹਾਂ।

ਆਰੰਭਕ ਜੀਵਨ–

ਭਗਤ ਜੀ ਦਾ ਜਨਮ ਚੌਧਰੀ ਸੱਜਨ ਸਿੰਘ ਦੇ ਘਰ ਹੋਇਆ ਉਹ ਪਿਛੋਂ ਨਗਰ ਬੰਦਾ ਤਹਿਸੀਲ ਰਾਵਲਪਿੰਡੀ ਦੇ ਸਨ। ਸ਼ਹਿਰ ਵਿਚ ਆਹੜਤ ਦੀ ਦੁਕਾਨ ਕਰਦੇ ਸਨ। ਉਹ ਕਈ ਸਾਲ ਸ੍ਰੀ ਗੁਰੂ ਸਿੰਘ ਸਭਾ ਰਾਵਲਪਿੰਡੀ ਦੇ ਪ੍ਰਧਾਨ ਰਹੇ। ਚੰਗੇ ਗੁਰਸਿਖ ਪ੍ਰਭਾਵਸ਼ਾਲੀ ਵਿਅਕਤੀ ਸਨ। ਬਾਬਾ ਗੁਰਦਿਤ ਸਿੰਘ ਜੀ ਨਿਰੰਕਾਰੀ ਦੇ ਪ੍ਰੇਮੀ ਸਨ। ਉਹਨਾਂ ਪਾਸੋਂ ਗੁਰਬਾਣੀ ਦੀ ਕਥਾ ਸੁਣਦੇ ਸਨ।

ਚੌਧਰੀ ਸਾਹਿਬ ਦੇ ਤਿੰਨ ਲੜਕੇ ਸਨ–ਭਗਤਜਸਵੰਤਸਿੰਘ, ਚੌਧਰੀ ਪ੍ਰਤਾਪ ਸਿੰਘ ਅਤੇ ਸ੍ਰ: ਨਾਨਕ ਸਿੰਘ ਵਕੀਲ। ਇਸ ਖਾਨਦਾਨ ਨੂੰ ਲੋਕੀ ਆਮ ਤੌਰ ਤੇ ਚੌਧਰੀ ਹੀ ਸਦਦੇ ਸਨ।

ਵਿਦਿਆ–

ਭਗਤ ਜੀ ਦੇ ਪਿਤਾ ਜੀ ਵਿਦਿਆ ਦੇ ਬੜੇ ਸ਼ੁਕੀਨ ਸਨ। ਉਹਨਾਂ ਨੇ ਭਗਤ ਜੀ ਨੂੰ ਆਰੰਭਕ ਤਾਲੀਮ ਹਾਈ ਸਕੂਲ ਵਿਚ ਦਿਵਾਈ। ਆਪ ਨੇ ਗਾਰਡਨ ਕਾਲਜ ਰਾਵਲਪਿੰਡੀ ਚੋਂ ਬੀ. ਏ. ਪਾਸ ਕੀਤੀ। ਸਕੂਲ ਦੀ ਪੜ੍ਹਾਈ ਸਮੇਂ ਗੁਰਬਾਣੀ ਦਾ ਪਾਠ ਤੇ ਵਿਚਾਰ ਕਰਦੇ ਤੇ ਭਜਨੀਕ ਬਿਰਤੀ ਦੇ ਸਨ। ਇਸ ਲਈ ਲੋਕੀ ਆਪ ਨੂੰ ਚੌਧਰੀ ਦੀ ਥਾਂ ਭਗਤ ਜੀ ਕਹਿੰਦੇ ਸਨ।

੧੯੨੧ ਵਿਚ ਰਾਵਲਪਿੰਡੀ ਤੋਂ ਸ਼ਰੋਮਣੀ ਕਮੇਟੀ ਦੇ ਮੈਂਬਰ ਬਣਕੇ ਆਏ। ਆਪਣੀ ਯੋਗਤਾ ਕਰਕੇ ਐਗਜ਼ੈਕਟਿਵ ਦੇ ਮੈਂਬਰ ਅਤੇ ਫਿਰ ਜਨਰਲ ਸਕਤਰ ਬਣੇ। ਚਾਬੀਆਂ ਦੇ ਮੋਰਚੇ ਵਿਚ ਤੇ ਉਸ ਤੋਂ ਬਾਅਦ ਗੁਰੂ ਕੇ ਬਾਗ ਤੇ ਜੈਤੋ ਦੇ ਮੋਰਚੇ ਵਿਚ ਆਪ ਨੇ ਬੜੀ ਚੰਗੀ ਸੇਵਾ ਕੀਤੀ। ਆਪ ਬੜੇ ਸਿਆਣੇ ਪ੍ਰਬੰਧਕ ਸਨ।



Digitized by Panjab Digital Library | www.panjabdigilib.org

ਗੁਰੂ ਕੇ ਬਾਗ ਦੇ ਮੋਰਚੇ ਵਿਚ ਬਿਆਨ–

ਭਗਤ ਜਸਵੰਤ ਸਿੰਘ ਨੇ ਗੁਰੂ ਕੇ ਬਾਗ ਦੇ ਮੋਰਚੇ ਵਿਚ ਸ਼੍ਰੋਮਣੀ ਕਮੇਟੀ ਦੇ ਲੀਡਰਾਂ ਨਾਲ ਮੁਕਦਮਾ ਨੰ: ੫੧ ਵਿਚ ਮਿਤੀ ੪–੯–੨੩ ਨੂੰ ਨਵਾਬ ਅਸਲਮ ਹਯਾਤ ਖਾਂ ਮਜਿਸਟਰੇਟ ਅੰਮ੍ਰਿਤਸਰ ਦੀ ਅਦਾਲਤ ਵਿਚ ੯ ਨਵੰਬਰ ੧੯੨੨ ਨੂੰ ਹੇਠ ਲਿਖਿਆ ਬਿਆਨ ਦਿਤਾ:–

ਅਦਾਲਤ– ਕੀ ਤੁਸੀਂ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕਤਰ ਹੋ ?

ਭਗਤ ਜੀ–ਹਾਂ।

ਅਦਾਲਤ–ਕੀ ਤੁਸੀਂ ਆਪ ਤੇ ਸਮੇਤ ਸਾਥੀਆਂ ਦੇ ੨੦ ਤੇ ੨੯ ਅਗਸਤ ਦੇ ਵਿਚਕਾਰ ਅਕਾਲੀ ਜਥੇ ਗੁਰੂ ਕੇ ਬਾਗ ਨੂੰ ਭੇਜੇ ਹਨ ?

ਉਤਰ–ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਸਿਖ ਕੌਮ ਦੀ ਧਾਰਮਿਕ ਪ੍ਰਤੀਨਿਧ ਜਮਾਤ ਹੈ। ਸਰਕਾਰ ਨੇ ਗੁਰਦਵਾਰੇ ਦੀ ਜਮੀਨ ਵਿਚੋਂ ਗੁਰੂ ਕੇ ਲੰਗਰ ਲਈ ਲਕੜਾਂ ਕਟਨ ਦੇ ਬਦਲੇ ਗੁਰੂ ਕੇ ਬਾਗ ਦੇ ਸੇਵਾਦਾਰਾਂ ਨੂੰ ਜੇਹਲ ਵਿਚ ਬੰਦ ਕਰ ਦਿਤਾ ਹੈ, ਜੇਹੜੀ ਸਾਡੇ ਧਰਮ ਵਿਚ ਅਯੋਗ ਦਫ਼ਲ ਅੰਦਾਜੀ ਹੈ। ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦਾ ਮੁਖ ਫਰਜ ਹੈ ਕਿ ਕਿਸੇ ਵੀ ਥਾਂ ਧਾਰਮਿਕ ਹੱਕ ਤਲਫੀ ਹੋਵੇ, ਉਸ਼ ਥਾਂ ਦਾ ਮੁਨਾਸਬ ਪ੍ਰਬੰਧ ਕਰੇ ਚੂੰ ਕਿ ਮੈਂ ਸ਼੍ਰੋਮਣੀ ਕਮੇਟੀ ਦਾ ਜਨਰਲ ਸਕਤਰ ਤੇ ਚੀਫ਼ ਐਗਜ਼ੇਕਟਿਵ ਅਫਸਰ ਹਾਂ, ਇਸ ਲਈ ਮੇਰਾ ਫਰਜ਼ ਹੈ ਕਿ ਸਿਖ ਕੌਮ ਦੀ ਧਾਰਮਿਕ ਪਾਲਸੀ ਜੇਹੜੀ ਸ਼੍ਰੋਮਣੀ ਕਮੇਟੀ ਦੀ ਰਾਹੀਂ ਪ੍ਰਗਟ ਹੋਈ ਹੈ।

ਉਸ ਪਰ ਵਰਤੋਂ ਕਰਾਂ ਅਤੇ ਕਰਾਵਾਂ। ਮੈਂ ਆਪਣਾ ਇਹ ਫਰਜ ਪੂਰਾ ਕਰਦਾ ਹੋਇਆ ਗੁਰੂ ਕੇ ਬਾਗ ਵਿਚੋਂ ਗੁਰੂ ਕੇ ਬਾਗ ਦੇ ਲੰਗਰ ਲਈ ਲਕੜਾਂ ਵਢਣ ਲਈ ਜਥੇ ਭੇਜਦਾ ਰਿਹਾ ਹਾਂ।



Digitized by Panjab Digital Library | www.panjabdigilib.org

ਅਦਾਲਤ–ਕੀ ਤੁਸੀਂ ਖ਼ੁਦ ਸਮੇਤ ਦੂਜੇ ਸਾਥੀ ਦੋਸ਼ੀਆਂ ਦੇ ੨੦–੨੯ ਅਗਸਤ ੧੯੨੨ ਵਿਚਕਾਰ ਅਕਾਲੀਆਂ ਨੂੰ ਗੁਰੂ ਕੇ ਬਾਗ ਭੇਜਣ ਤੇ ਲਕੜਾਂ ਵਢਣ ਲਈ ਭੜਕਾਇਆ ਹੈ ?

ਭਗਤ ਜੀ–ਜਦ ਸਰਕਾਰ ਨੇ ਗੁਰੂ ਕੇ ਬਾਗ ਚੋਂ ਲੰਗਰ ਦੀ ਸੇਵਾ ਲਈ ਭੇਜੇ ਗਏ ਸਿੰਘਾਂ ਨੂੰ ਗ੍ਰਿਫਤਾਰ ਕਰ ਲਿਆ, ਉਸ ਦੇ ਪਿਛੋਂ ਜੋ ਸਜਨ ਇਸ ਪਵਿਤਰ ਸੇਵਾ ਲਈ ਮੇਰੇ ਪਾਸ ਆਏ ਉਹਨਾਂ ਨੂੰ ਗੁਰੂ ਕੇ ਬਾਗ ਭੇਜਿਆ ਤੇ ਕਿਹਾ ਕਿ ਇਹ ਇਕ ਪਵਿਤ੍ਰ ਮਕਸਦ ਹੈ। ਇਸ ਲਈ ਜੋ ਕੁਰਬਾਨੀ ਹੋ ਸਕਦੀ ਹੈ, ਕਰੋ।

ਅਸੀਂ ਹਕੂਮਤ ਦੇ ਜ਼ਿੰਮੇਵਾਰ ਅਫਸਰਾਂ ਦੇ ਧੰਨਵਾਦੀ ਹਾਂ ਜਿੰਨਾਂ ਨੇ ਸਾਨੂੰ ਇਸ ਮਾਦਾ ਪ੍ਰਸਤੀ ਦੇ ਸਮੇਂ ਗੁਰੂ ਕੇ ਬਾਗ ਵਿਚ ਕੁਰਬਾਨੀ ਦਾ ਅਉਸਰ ਦਿਤਾ ਹੈ।

ਵਡੇ ਅਫਸਰ ਇਹ ਸਮਝਦੇ ਹਨ ਕਿ ਅਸੀਂ ਤਾਕਤ ਨਾਲ ਅਕਾਲੀ ਲਹਿਰ ਨੂੰ ਕੁਚਲ ਦਿਤਾ ਹੈ। ਪਰ ਅਸੀਂ ਦੁਨੀਆਂ ਤੇ ਉਹਨਾਂ ਅਫਸਰਾਂ ਪ੍ਰਤੀ ਪ੍ਰਗਟ ਕਰਨਾ ਚਾਹੁੰਦੇ ਹਾਂ ਕਿ ਕੋਈ ਵੀ ਤਾਕਤ ਨਹੀਂ ਜੇਹੜੀ ਇਸ ਪਵਿਤਰ ਧਾਰਮਿਕ ਅਕਾਲੀ ਲਹਿਰ ਜਿਸ ਦਾ ਮਕਸਦ ਸਿਖ ਧਰਮ ਅਸਥਾਨਾਂ ਵਿਚ ਬੁਰਿਆਈਆਂ ਦੂਰ ਕਰਨਾ ਹੈ, ਕੁਚਲ ਸਕਦੀ ਹੋਵੇ।

ਅਦਾਲਤ–ਕੀ ਤੁਸੀਂ ੨੫ ਅਗਸਤ ਦੇ ਦੀਵਾਨ ਵਿਚ ਮੌਜੂਦ ਸੀ, ਜਿਸ ਵਿਚ ਬਾਬਾ ਕੇਹਰ ਸਿੰਘ ਅਕਾਲੀ ਜਥੇ ਦੇ ਜਥੇਦਾਰ ਬਣਕੇ ਗੁਰੂ ਕੇ ਬਾਗ ਨੂੰ ਗਏ ? ਕੀ ਤੁਸੀਂ ਉਸ ਦੀਵਾਨ ਵਿਚ ਤਕਰੀਰ ਵੀ ਕੀਤੀ ਤੇ ਬਾਬਾ ਕੇਹਰ ਸਿੰਘ ਨੂੰ ਵਧਾਈ ਵੀ ਦਿਤੀ ?

ਉਤਰ–ਮੈਂ ਉਸ ਦੀਵਾਨ ਵਿਚ ਮੌਜੂਦ ਸੀ। ਹਰ ਧਾਰਮਿਕ ਕੰਮ ਲਈ ਜਿਸ ਵਿਚ ਕੁਰਬਾਨੀ ਦੀ ਲੋੜ ਹੋਵੇ, ਹੌਸਲਾ ਦੇਣਾ ਮੇਰਾ ਫਰਜ਼ ਹੈ। ਭਾਵੇਂ ਬਾਬਾ ਕੇਹਰ ਸਿੰਘ ਜੀ ਇਕ ਬਜ਼ੁਰਗ ਹਨ ਅਤੇ ਉਹ ਪੁਰਾਤਨ ਸਿਖ ਮਰਯਾਦਾ ਦੇ ਮੁਤਾਬਕ ਗੁਰਦਵਾਰ



Digitized by Panjab Digital Library | www.panjabdigilib.org

ਦੀ ਸੇਵਾ ਲਈ ਗਏ। ਫਿਰ ਵੀ ਮੈ ਰਸਮੀ ਤੌ ਉਹਨਾਂ ਨੂੰ ਵਧਾਈ ਦਿਤੀ। ਕਿਉਂਕਿ ਉਹ ਇਸ ਬੁਢਾਪੇ ਦੀ ਉਮਰ ਵਿਚ ਕੁਰਬਾਨੀ ਤੇ ਸੇਵਾ ਲਈ ਜਾ ਰਹੇ ਸਨ।

ਅਦਾਲਤ–ਕੀ ਤੁਸੀਂ ੧੨ ਅਗਸਤ ੧੯੨੨ ਨੂੰ ਗੁਰੂ ਕੇ ਬਾਗ ਸੰਬੰਧੀ ਤਕਰੀਰ ਕੀਤੀ ਹੈ? ਕੀ ਮਿਸਲ ਦੇ ਨਾਲ ਸ਼ਾਮਲ ਇਸ਼ਤਿਹਾਰ ਸ਼ਰੋਮਣੀ ਕਮੇਟੀ ਵਲੋਂ ਤੁਹਾਡੇ ਇਲਮ ਤੇ ਆਗਿਆ ਨਾਲ ਪ੍ਰਕਾਸਤ ਹੋਇਆ ਹੈ?

ਉਤਰ– ਮੈਂ ਤਕਰੀਰ ਕੀਤੀ ਹੈ। ਭਾਵੇਂ ਮੇਰੇ ਇਸ਼ਤਿਹਾਰ ਪਰ ਦਸਤਖਤ ਨਹੀਂ, ਜੇ ਇਸ ਬਾਰੇ ਕੋਈ ਗਵਾਹੀ ਹੈ ਤਾਂ ਉਹ ਕਰਵਾਈ ਜਾਵੇ। ਜਿਸ ਨੂੰ ਇਸ ਗਲ ਦਾ ਪਤਾ ਹੋਵੇ ਫਿਰ ਮੈਂ ਉਸ ਦਾ ਉਤਰ ਦੇਵਾਂਗਾ।

ਅਦਾਲਤ–ਕੀ ਤੁਸੀਂ ਕੁਝ ਹੋਰ ਕਹਿਣਾ ਚਾਹੁੰਦੇ ਹੋ।

ਉਤਰ–ਲੋੜ ਪਈ ਤਾਂ ਲਿਖਤੀ ਉਤਰ ਦੇਵਾਂਗਾ§।

ਗੁਰੂ ਕੇ ਬਾਗ ਦਾ ਮੋਰਚਾ ਖਤਮ ਹੋਣ ਦੇ ਬਾਅਦ ਸ਼ਰੋਮਣੀ ਕਮੇਟੀ ਦੇ ਹੋਰ ਲੀਡਰਾਂ ਨਾਲ ਰਿਹਾ ਹੋਏ।

**ਜੈਤੋ ਦੇ ਮੋਰਚੇ ਵਿਚ–**

ਪਿਛੇ ਦਸ ਆਏ ਹਾਂ ਕਿ ਜੈਤੋ ਦੇ ਮੋਰਚੇ ਵਿਚ ਸਰਕਾਰ ਅੰਗਰੇਜੀ ਨੇ ਸ਼ਰੋਮਣੀ ਕਮੇਟੀ ਨੂੰ ਕਾਨੂੰਨ ਵਿਰੁਧ ਕਰਾਰ ਦਿਤਾ ਭਗਤ ਜੀ ਸ਼ਰੋਮਣੀ ਕਮੇਟੀ ਦੇ ਪਹਿਲੇ ਜਥੇ ਨਾਲ ਫੜੇ ਗਏ, ਇਸ ਕੇਸ ਵਿਚ ਲਾਹੌਰ ਜੇਹਲ ਤੇ ਕਿਲੇ ਵਿਚ ਤਿੰਨ ਸਾਲ ਮੁਕਦਮਾ ਚਲਦਾ ਰਿਹਾ। ਆਪ ਗੁਰਦਵਾਰਾ ਐਕਟ ਮੰਨਕੇ ਰਿਹਾ ਹੋਣ ਵਾਲੇ ਲੀਡਰਾਂ ਚੋਂ ਸਨ।

---

§ ਗੁਰੂ ਕੇ ਬਾਗ ਦੇ ਕੇਸ ਵਿਚ ਲੀਡਰਾਂ ਦੇ ਬਿਆਨ ਦੀ ਮੁਸਦਕਾ ਨਕਲ ਸਾਥੋਂ ਪ੍ਰੋਫੈਸਰ ਕ੍ਰਿਪਾਲ ਸਿੰਘ ਪਟਿਆਲਾ ਯੂਨੀਵਰਸਟੀ ਲੈ ਗਏ ਹਨ। ਪ. ਸ.



Digitized by Panjab Digital Library | www.panjabdigilib.org

ਜਦ ਸ਼ਰੋਮਣੀ ਕਮੇਟੀ ਵਿਚ ਅਕਾਲੀ ਪਾਰਟੀ ਤੇ ਸਰਦਾਰ ਬਹਾਦਰ ਪਾਰਟੀ ਦੀ ਲੜਾਈ ਤਿਖੀ ਹੋ ਗਈ, ਮਹਾਰਾਜਾ ਪਟਿਆਲਾ ਤੇ ਰਿਆਸਤੀ ਮੈਂਬਰ ਸ੍ਰ: ਬਹਾਦਰ ਪਾਰਟੀ ਤੇ ਗਿ: ਸ਼ੇਰ ਸਿੰਘ ਦੀ ਪਿੱਠ ਪਰ ਸਨ।

ਉਸ ਪਾਰਟੀਬਾਜੀ ਨੂੰ ਵੇਖਕੇ ਸ੍ਰ: ਸੋਹਨ ਸਿੰਘ ਜੋਸ਼,ਬਾਬਾ ਕਰਮ ਸਿੰਘ ਚੀਮਾ ਤੇ ਸ੍ਰ: ਭਾਗ ਸਿੰਘ ਕੈਨੇਡੀਅਨ ਆਦਿਕ ਲਾਂਭੇ ਹੋ ਗਏ। ਭਗਤ ਜਸਵੰਤ ਸਿੰਘ ਆਪਣੇ ਕਾਰੋਬਾਰ ਵਿਚ ਰੁਝ ਗਏ।

ਆਪਨੇ ਲਾਹੌਰ ਵਿਚ ਇਕ ਬੀਮਾ ਕੰਪਨੀ ਵਿਚ ਕੰਮ ਕੀਤਾ। ੧੯੩੨ ਵਿਚ ਸਰ ਜਗਿੰਦਰ ਸਿੰਘ ਵਜ਼ੀਰ ਪੰਜਾਬ ਨੇ ਆਪ ਨੂੰ ਇਕ ਬਿਜਲੀ ਕੰਪਨੀ ਦਾ ਲਾਇਸੰਸ ਦਿਤਾ। ੧੯੩੪ ਵਿਚ ਆਪ ਨੇ ਅੰਬਾਲੇ ਵਿਚ ਕੰਪਨੀ ਕਾਇਮ ਕੀਤੀ ਤੇ ਉਸ ਦੇ ਮੈਨੇਜਿੰਗ ਡਾਇਰੈਕਟਰ ਬਣੇ। ਉਹ ਕੰਪਨੀ ਬੜੀ ਕਾਮਯਾਬ ਹੋਈ।

ਭਗਤ ਜੀ ਸਾਲ ਵਿਚ ਇਕ ਵੇਰ ਕਸ਼ਮੀਰ ਜਾਂ ਕਿਸੇ ਪਹਾੜ ਤੇ ਜ਼ਰੂਰ ਜਾਂਦੇ ਸਨ। ਸਠ ਸਾਲ ਦੀ ਉਮਰ ਵਿਚ ਉਹਨਾਂ ਨੇ ਮਾਨ ਸਰੋਵਰ ਦੀ ਯਾਤਰਾ ਕੀਤੀ। ਕੁਦਰਤੀ ਤਰੀਕਾ ਇਲਾਜ ਦੇ ਕਾਇਲ ਸਨ।

ਭਗਤ ਜੀ ਬੜੇ ਸਫਲ ਕਾਰੋਬਾਰੀ ਤੇ ਵਡ ਪ੍ਰਵਾਰੀ ਸਨ। ਆਪਦੇ ਤਿੰਨ ਲੜਕੇ ਹਨ–ਸ੍ਰ: ਮਹਿਤਾਬ ਸਿੰਘ ਦਿਲੀ ਗੁ: ਕਮੇਟੀ ਦੇ ਮੈਂਬਰ ਹਨ। ਦੂਜੇ ਸ੍ਰ: ਗੁਰਭਜਨ ਸਿੰਘ ਲੈਫਟੀਨੈਂਟ ਕਰਨਲ ਹਨ। ਤੀਸਰੇ ਸ੍ਰ: ਤੇਜਿੰਦਰ ਸਿੰਘ ਅੰਬਾਲੇ ਵਿਚ ਕੰਮ ਕਰਦੇ ਹਨ,ਉਹਨਾਂ ਦਾ ਕੋਲਡ ਸਟੋਰ ਹੈ।

ਭਗਤ ਜਸਵੰਤ ਸਿੰਘ ਆਪਣਾ ਸੁਚਜਾ ਤੇ ਸਫਲ ਜੀਵਨ ਬਤੀਤ ਕਰਕੇ ੨੨ ਅਗਸਤ ੧੯੬੭ ਨੂੰ ਹੁਕਮ ਸਤ ਹੋਏ।



Digitized by Panjab Digital Library | www.panjabdigilib.org

## ੨੫

# ਕੌਮੀ ਕਵੀ ਤੇ ਲਿਖਾਰੀ
# ਗਿਆਨੀ ਹੀਰਾ ਸਿੰਘ ਦਰਦ

ਕਿਸੇ ਕੌਮੀ ਲਹਿਰ ਨੂੰ ਉਤੇਜਤ ਕਰਨ ਵਿਚ ਕਵੀ ਤੇ ਚੰਗ ਲਿਖਾਰੀ ਬੜਾ ਕੰਮ ਕਰਦੇ ਹਨ। ਪੰਜਾਬ ਵਿਚ ਅਕਾਲੀ ਲਹਿਰ ਅਤੇ ਅਜ਼ਾਦੀ ਦੇ ਸੰਗਰਾਮ ਨੂੰ ਤਿਖਿਆਂ ਕਰਨ ਵਿਚ ਗਿਆਨੀ ਹੀਰਾ ਸਿੰਘ ਦੀ ਕਵਿਤਾ ਅਤੇ ਲਿਖਤ ਦਾ ਭਾਰੀ ਹਿਸਾ ਹੈ। ਉਹਨਾਂ ਨੇ ਪੰਜਾਬੀ ਕਾਵਿ ਸਾਹਿਤ ਤੇ ਪਤਰਕਾਰੀ ਦੀ ਸੇਵਾ ਹੀ ਨਹੀਂ ਕੀਤੀ, ਬਲਕਿ ਵਧ ਚੜ੍ਹਕੇ ਕੁਰਬਾਨੀ ਵੀ ਕੀਤੀ ਹੈ। ਸਾਡੀ ਮੁਲਾਕਾਤ ਗਿਆਨੀ ਹੀਰਾ ਸਿਘ ਨਾਲ ਸਨ ੧੯੩੩ ਦੇ ਅਖੀਰ ਵਿਚ ਸੰਟਰਲ ਜੇਹਲ ਮੁਲਤਾਨ ਵਿਚ ਹੋਈ, ਸਾਡੀ ਕੈਦ ਸਖਤ ਸੀ ਜਸ ਵਿਚ ਚੱਕੀ ਪੀਹਣੀ, ਮੁੰਜ ਕੁਟਣੀ, ਤਕੜਿਆਂ ਲਈ ਬੰਬਾ ਤੇ ਕੋਹਲੂ ਗੇੜਨ ਦੀਆਂ ਹੈਵਾਨੀ ਮੁਸ਼ੱਕਤਾਂ ਸਨ। ਪਰ ਗਿਆਨੀ ਹੀਰਾ ਸਿੰਘ ਜੀ ਦੀ ਕੈਦ ਮਹਿਜ਼ ਸੀ। ਉਹਨਾਂ ਦੇ ਨਾਲ ਸ੍ਰ: ਅਮਰ ਸਿੰਘ ਝਬਾਲ ਤੇ ਹੋਰ ਕਈ ਸਜਨ ਵੀ ਸਨ।

ਗਿਆਨੀ ਜੀ ਬਹੁਤ ਵਿਚਾਰਵਾਨ, ਕੌਮ ਪ੍ਰਸਤ, ਕਵੀ ਤੇ ਲਿਖਾਰੀ ਸਨ। ਸ਼ਰੋਮਣੀ ਕਮੇਟੀ ਤੇ ਸੰਟਰਲ ਸਿਖ ਲੀਗ ਵਿਚ ਉਹਨਾਂ ਨੇ ਕੰਮ ਕੀਤਾ ਹੈ। ਕਾਂਗਰਸ ਦੇ ਸਮਰਥਕ ਸਨ। ਬਾਅਦ



Digitized by Panjab Digital Library | www.panjabdigilib.org

ਵਿਚ ਉਹਨਾਂ ਦਾ ਰੁਜਹਾਨ ਦੇਸ਼ ਭਗਤ ਬਾਬਿਆਂ ਦੀ ਪਾਰਟੀ ਵਲ ਹੋ ਗਿਆ। ਲੇਕਨ ਗੁਰਦਵਾਰਾ ਸੁਧਾਰ ਲਹਿਰ ਤੇ ਸੁਤੰਤਰਤਾ ਦੇ ਘੋਲ ਵਿਚ ਉਹਨਾਂ ਨੇ ਬੜਾ ਅਹਿਮ ਪਾਰਟ ਅਦਾ ਕੀਤਾ ਹੈ।

ਗਿਆਨੀ ਹੀਰਾ ਸਿੰਘ ਦਾ ਜਨਮ ੩੦ ਸਿਤੰਬਰ ੧੮੯੯ ਨੂੰ ਪਿੰਡ ਘਘਰੋਟ ਜ਼ਿਲਾ ਰਾਵਲਪਿੰਡੀ ਵਿਚ ਭਾਈ ਹਰੀ ਸਿੰਘ ਦੇ ਘਰ ਹੋਇਆ। ਆਪਦੇ ਪਿਤਾ ਚੰਗੇ ਗੁਰਸਿਖ ਸਨ।

ਬਾਬਾ ਦਿਆਲ ਜੀ ਦੇ ਨਿਰੰਕਾਰੀ ਦਰਬਾਰ ਰਾਵਲਪਿੰਡੀ ਦੇ ਪ੍ਰੇਮੀ ਸਨ। ਗਿਆਨੀ ਹੀਰਾ ਸਿੰਘ ਘਰੇਗੀ ਮਜਬੂਰੀਆਂ ਦੇ ਕਾਰਨ ਸਕੂਲ ਕਾਲਜ ਦੀ ਵਿਦਿਆ ਪ੍ਰਾਪਤ ਨਹੀਂ ਕਰ ਸਕੇ। ਆਪਣੀ ਹਿੰਮਤ ਨਾਲ ੧੯੧੩ ਵਿਚ ਪੰਜਾਬ ਯੂਨੀਵਰਸਟੀ ਵਿਚੋਂ ਪਹਿਲੇ ਵਿਦਵਾਨੀ ੧੯੧੫ ਵਿਚ ਗਿਆਨੀ ਅਤੇ। ੧੯੧੭ ਵਿਚ ਮੈਟ੍ਰਿਕ ਦਾ ਇਮਤਿਹਾਨ ਪਾਸ ਕੀਤਾ।

ਗਿਆਨੀ ਜੀ ਨੇ ਅਪਣਾ ਲੋਕ ਜੀਵਨ ਸਕੂਲ ਮਾਸਟਰੀ ਤੋਂ ਆਰੰਭ ਕੀਤਾ। ਚੱਕ ਝਬਾਲ ਜ਼ਿਲਾ ਲਾਇਲਪੁਰ ਦੇ ਸਕੂਲ ਤੇ ਖਾਲਸਾ ਹਾਈ ਸਕੂਲ ਕੱਲਰ ਜ਼ਿਲਾ ਰਾਵਲਪਿੰਡੀ ਵਿਚ ਅਧਿਆਪਕ ਰਹੇ। ਉਹਨਾਂ ਦਿਨਾਂ ਵਿਚ ਲਾਇਲਪੁਰ ਦੇ ਵਸਨੀਕ ਕੌਮ ਤੇ ਦੇਸ਼ ਦੀਆਂ ਸਮਸਿਆਵਾਂ ਵਿਚ ਬੜੀ ਦਿਲ ਚਸਪੀ ਰਖਦੇ ਸਨ। ੧੯੦੮ਵਿਚ ਉਥੇ ਸ੍ਰ। ਅਜੀਤ ਸਿੰਘਤੇ ਲਾਲਾ ਲਾਜਪਤ ਰਾਏ ਨੇ ਕਿਸਾਨ ਬਹਿਰ ਜਾਰੀ ਕੀਤੀ ਸੀ।ਉਸਦਾ ਲੋਕਾਂ ਪਰ ਕਾਫੀ ਪ੍ਰਭਾਵ ਪਿਆ।

ਗਿਆਨੀ ਜੀ ਜਦ ਚੱਕ ਝਬਾਲ ਜ਼ਿਲਾ ਲਾਇਲਪੁਰ ਦੇ ਸਕੂਲ ਵਿਚ ਟੀਚਰ ਸਨ, ਉਸ ਵਕਤ ਉਹਨਾਂ ਨੇ ਆਪਣੇ ਭਣੇਵੇਂ ਵਿਧਾਤਾ ਸਿੰਘ ਤੀਰ ਨੂੰ ਆਪਣੇ ਕੋਲ ਸਦਿਆ। ਉਹਨਾਂ ਨੂੰ ਚੰਗੀ ਤੁਰ੍ਹਾਂ ਪੜ੍ਹਾਇਆ ਤੇ ਕਵਿਤਾ ਸਿਖਾਈ।

ਗਿਆਨੀ ਹੀਰਾ ਸਿੰਘ ਦੀ ਕਵਿਤਾ ਵਿਚ ਸਚਮੁਚ



Digitized by Panjab Digital Library | www.panjabdigilib.org

ਬੜਾ ਦਰਦ, ਦੇਸ਼ ਪਿਆਰ ਤੇ ਅਜ਼ਾਦੀ ਦੀ ਤੜਪ ਸੀ । ਉਹਨਾਂ ਨੇ ਤੀਰ ਜੀ ਦੇ ਦਿਲ ਦਿਮਾਗ ਨੂੰ ਵੀ ਉਸੇ ਤਰ੍ਹਾਂ ਦਾ ਬਣਾ ਦਿਤਾ । ਤੀਰ ਦੀਆਂ ਕਵਿਤਾਵਾਂ ਵਿਚ ਗੁਰੂ ਭਗਤੀ ਸੇਵਾ ਕੁਰਬਾਨੀ ਤੇ ਦੇਸ਼ ਭਗਤੀ ਦਾ ਜਜ਼ਬਾ ਤੇ ਸੋਜ਼ ਪੈਦਾ ਕਰ ਦਿਤਾ ।

ਤੀਰ ਜੀ ਗਿਆਨੀ ਹੀਰਾ ਸਿੰਘ ਦਰਦ ਦੇ ਭਣੇਵੇਂ ਹੋਣ ਦੇ ਨਾਲ ਕਵਿਤਾ ਵਿਚ ਸ਼ਗਿਰਦ ਦੇ ਤੌਰ ਤੇ ਬਹੁਤ ਚਮਕੇ । ਉਹ ਪੰਜਾਬੀ ਕਵੀਆਂ ਦੇ ਉਸਤਾਦ ਕਹੇ ਜਾਂਦੇ ਸਨ ।

੧੯੧੯–੨੦ ਵਿਚ ਗਿਆਨੀ ਜੀ ਨੇ ਸ: ਸੁਜਾਨ ਸਿੰਘ ਦੇ ਬਾਗ ਰਾਵਲਪਿੰਡੀ ਵਿਚ ਗਿਆਨੀ ਕਾਲਜ ਜਾਰੀ ਕੀਤਾ। ਪਰ ਅਕਾਲੀ ਲਹਿਰ ਤੇ ਅਜ਼ਾਦੀ ਦੀ ਲਹਿਰ ਨੇ ਉਹਨਾਂ ਨੂੰ ਅੰਮ੍ਰਿਤਸਰ ਤੇ ਲਾਹੌਰ ਖਿਚ ਲਿਆਂਦਾ ।

੧੯੨੦ ਵਿਚ ਸ: ਮੰਗਲ ਸਿੰਘ ਮਾਸਟਰ ਸੁੰਦਰ ਸਿੰਘ ਮਾਸਟਰ ਤਾਰਾ ਸਿੰਘ, ਸ: ਤੇਜਾ ਸਿੰਘ ਸਮੁੰਦਰੀ ਨੇ ਅਕਾਲੀ ਲਹਿਰ ਨੂੰ ਤਿਖਿਆਂ ਕਰਨ ਤੇ ਸਫਲ ਬਨਾਉਣ, ਦੇਸ਼ ਪਿਆਰ ਦੀ ਜਵਾਲਾ ਪ੍ਰਚੰਡ ਕਰਨ ਲਈ 'ਅਕਾਲੀ' ਅਖਬਾਰ ਜਾਰੀ ਕੀਤਾ ਸੀ । ਗਿਆਨੀ ਹੀਰਾ ਸਿੰਘ ਰਾਵਲਪਿੰਡੀ ਤੋਂ ਆਕੇ ਅਕਾਲੀ ਅਖਬਾਰ ਦੇ ਐਡੋਟੀਰੀਅਲ ਸਟਾਫ ਵਿਚ ਲਗ ਗਏ । ਉਹ ਬੜੇ ਸੂਝਵਾਨ ਕਵੀ ਤੇ ਲੇਖਕ ਸਨ । ਉਹਨਾਂ ਨੇ ਕਵਿਤਾ ਤੇ ਵਾਰਤਿਕ ਦੋਹਾਂ ਰਾਹੀਂ ਅਖਬਾਰ ਨੂੰ ਚਮਕਾਇਆ। ਲੋਕਾਂ ਨੂੰ ਕੁਰਬਾਨੀ ਲਈ ਤਿਆਰ ਕੀਤਾ।

ਸਾਨੂੰ ਚੇਤੇ ਹੈ ਕਿ ਉਹਨਾਂ ਦਿਨਾਂ ਵਿਚ ਗਿਆਨੀ ਜੀ ਨੇ ਸਿਖ ਪੰਥ ਤੇ ਗੁਰਦਵਾਰਿਆਂ ਦੀ ਹਾਲਤ ਬਾਰੇ ਇਕ ਦਰਦ ਨਾਕ ਕਵਿਤਾ ਲਿਖੀ ਜਿਸਦਾ ਸਿਰਲੇਖ ਸੀ "ਵੇਖ ਮਰਦਾਨਿਆ ਰੰਗ ਕਰਤਾਰ ਦੇ ।"



Digitized by Panjab Digital Library | www.panjabdigilib.org

ਉਸ ਕਵਿਤਾ ਤੇ ਜਨ ਸਧਾਰਨ ਤੇ ਉਤੇ ਬਹੁਤ ਪ੍ਰਭਾਵ ਪਾਇਆ। ਲੋਕ ਪ੍ਰਵਾਨਿਆਂ ਵਾਂਗੂੰ ਕੁਰਬਾਨੀ ਦੀ ਸ਼ਮਾ ਤੇ ਨਿਛਾਵਰ ਹੋਣ ਲਈ ਨਿਕਲੇ।

੧੯੨੦ ਵਿਚ ਮਹਾਨ ਦੇਸ਼ ਭਗਤ ਸ੍ਰੀ ਬਾਲ ਗੰਗਾ ਧਰ ਤਿਲਕ ਦੇ ਚਲਾਣੇ ਪਰ ਗਿਆਨੀ ਜੀ ਨੇ ਇਕ ਕਵਿਤਾ ਲਿਖੀ 'ਸਾਡਾ ਤਿਲਕ ਪਿਆਰੜਾ ਚਲ ਗਿਆ।' ਉਸ ਨੂੰ ਪੜ੍ਹ ਕੇ ਨੇਤ੍ਰ ਸਜਲ ਹੋ ਜਾਂਦੇ ਸਨ।

ਗਿਆਨੀ ਹੀਰਾ ਸਿੰਘ ਕੇਵਲ ਕਵੀ ਤੇ ਲਿਖਾਰੀ ਨਹੀਂ ਸਨ, ਕੁਰਬਾਨੀ ਕਰਨ ਵਾਲੇ ਸਨ। ੧੯੨੨-੨੩ ਵਿਚ ਜਦ ਅਕਾਲੀ ਲਹਿਰ ਪੂਰੇ ਜੋਬਨ ਤੇ ਸੀ, ਉਸ ਵਿਚ ਕੰਮ ਕਰਨ ਬਦਲੇ ਆਪ ਗ੍ਰਿਫਤਾਰ ਤੇ ਕੈਦ ਹੋਏ। ਜੈਤੋ ਦੇ ਮੋਰਚੇ ਸਮੇਂ ਉਹ ਸੰਟਰਲ ਜੇਹਲ ਮੁਲਤਾਨ ਵਿਚ ਸਨ। ਜਿਸਦਾ ਜ਼ਿਕਰ ਅਸੀਂ ਪਿਛੇ ਕਰ ਆਏ ਹਾਂ। ਉਹਨਾਂ ਨੇ ਸ਼ਰੋਮਣੀ ਕਮੇਟੀ ਵਿਚ ਵੀ ਕੰਮ ਕੀਤਾ ਹੈ। ਦੇਸ਼ ਦੀ ਅਜ਼ਾਦੀ ਲਈ ਕਈ ਵੇਰ ਬੜੇ ਸਤ ਸੰਤੋਖ ਨਾਲ ਜੇਹਲ ਕਟੀ ਹੈ।

ਮੁਲਤਾਨ ਤੋਂ ਰਿਹਾ ਹੋਣ ਦੇ ਬਾਅਦ ਉਹਨਾਂ ਨੇ ਪੰਜਾਬੀ ਦਾ ਪ੍ਰਸਿਧ ਮਾਸਕ ਪੱਤਰ ਫੁਲਵਾੜੀ ਜਾਰੀ ਕੀਤਾ। ਉਸ ਨੂੰ ਆਪ ਨੇ ਏਨੀ ਸਿਆਣਪ ਤੇ ਖ਼ੂਬਸੂਰਤੀ ਨਾਲ ਐਡਿਟ ਕੀਤਾ ਕਿ ਉਸ ਸਮੇਂ ਕੋਈ ਹੋਰ ਰਸਾਲਾ 'ਫੁਲਵਾੜੀ' ਦੀ ਬਰਾਬਰੀ ਨਹੀਂ ਕਰਦਾ ਸੀ। ਗਿਆਨੀ ਜੀ ਦੀ ਉਹ ਬੜੀ ਭਾਰੀ ਸਾਹਿਤਕ ਸੇਵਾ ਹੈ। ਉਹਨਾਂ ਦੇ ਨਿਜੀ ਅਸਰ ਰਸੂਖ ਦਾ ਨਜੀਤਾ ਸੀ ਕਿ 'ਫੁਲਵਾੜੀ' ਨੂੰ ਭਾਈ ਕਾਹਨ ਸਿੰਘ, ਪ੍ਰਿੰਸੀਪਲ ਤੇਜਾ ਸਿੰਘ, ਭਾਈ ਕਰਮ ਸਿੰਘ ਹਿਸਟੋਰੀਅਨ ਤੇ ਡਾਕਟਰ ਗੰਡਾ ਸਿੰਘ ਆਦਿਕ ਪ੍ਰਸਿਧ ਵਿਦਵਾਨ ਤੇ ਖੋਜੀਆਂ ਨੇ ਆਪਣੇ ਲੇਖਾਂ ਨਾਲ ਸੁਸ਼ੋਭਤ ਕੀਤਾ। ਫੁਲਵਾੜੀ ਦਾ ਇਤਿਹਾਸ਼ਕ ਅੰਕ ਜਿਸਨੂੰ ਭਾਈ ਕਰਮ ਸਿੰਘ ਹਿਸ਼ਟੋਰੀਅਨ



Digitized by Panjab Digital Library | www.panjabdigilib.org

ਨੇ ਐਡਿਟ ਕੀਤਾ ਸੀ ਉਸ ਨੂੰ ਹੁਣ ਤੀਕ ਚੰਗੇ ਸਿਆਣੇ ਤੇ ਖੋਜੀ ਸਜਨ ਲਭਦੇ ਫਿਰਦੇ ਹਨ। ਸ਼ਰੋ: ਕਮੇਟੀ ਨੇ ਪ੍ਰਕਾਸ਼ਤ ਕੀਤੀ ਹੈ।

ਪੰਜਾਬੀ ਸਾਹਿਤਕਾਰੀ ਦੇ ਇਤਿਹਾਸ ਵਿਚ ਫੁਲਵਾੜੀ ਦਾ ਨਾਮ ਸਦਾ ਚਮਕਦਾ ਰਹੇਗਾ।

ਗਿਆਨੀ ਜੀ ਕੁਝ ਚਿਰ ਅੰਮ੍ਰਿਤਸਰ ਰਹੇ ਹਨ। ਫਿਰ ਧਰਮਪੁਰਾ ਲਾਹੌਰ ਵਿਚ ਫੁਲਵਾੜੀ ਦਾ ਪ੍ਰੈਸ ਲਾਇਆ। ਇਸ ਦੌਹਾਨ ਉਹਨਾਂ ਨੇ ਮਲਾਇਆ ਦਾ ਦੌਰਾ ਵੀ ਕੀਤਾ।

੧੯੪੭ ਦੀ ਵੰਡ ਦੇ ਬਾਅਦ ਜਲੰਧਰ ਆਕੇ ਟਿਕੇ। ਉਹਨਾਂ ਨੇ ਦੇਸ਼ ਭਗਤ ਬਾਬਿਆਂ ਦੀ ਪਾਰਟੀ, ਕਾਂਗਰਸ, ਅਕਾਲੀ ਤੇ ਸਮਾਜਵਾਦੀ ਲਹਿਰਾਂ ਵਿਚ ਸੇਵਾ ਕੀਤੀ ਹੈ। ਪੰਜਾਬੀ ਬੋਲੀ ਦੀ ਉਨਤੀ ਲਈ ਆਪ ਨੇ ਸ਼ਾਨਦਾਰ ਕੰਮ ਕੀਤਾ ਹੈ।

੧੯੨੬ ਵਿਚ ਆਪਦੇ ਜਤਨਾਂ ਨਾਲ ਪੰਜਾਬੀ ਸਭਾ ਕਾਇਮ ਹੋਈ। ੧੯੫੫ ਵਿਚ ਕੇਂਦਰੀ ਲੇਖਕ ਸਭਾ ਕਾਇਮ ਕਰਨ ਵਾਲਿਆਂ ਚੋਂ ਮੋਢੀ ਸਨ। ਆਪ ਦੀ ਸਾਹਿਤਕ ਸੇਵਾ ਨੂੰ ਮੁਖ ਰਖਕੇ ਸਰਕਾਰ ਪੰਜਾਬ ਨੇ ੧੯੬੦ ਵਿਚ ਸਨਮਾਨਤ ਕੀਤਾ।

ਆਪ ਦੀਆਂ ਰਚਨਾਵਾਂ ਦਾ ਵੇਰਵਾ ਇਸ ਪ੍ਰਕਾਰ ਹੈ:–

ਕਵਿਤਾ–ਉਪਕਾਰਾਂ ਦੀ ਵੰਨਗੀ, ਸਿਖ ਬਚਿਉਂ ਜਾਗੋ ਦਰਦ ਸੁਨੇਹੇ, ਫੁਲਵਾੜੀ ਚਿਤਰਾਵਲੀ, ਕਿਸਾਨ ਦੀਆਂ ਆਹੀਂ, ਹੋਰ ਅਗੇਰੇ, ਚੋਣਵੇਂ ਦਰਦ ਸੁਨੇਹੇ।

ਵਾਰਤਕ–ਜੀਵਨ ਤਿਲਕ ਜੀ, ਜੀਵਨ ਬਾਬਾ ਗੁਰਦਿਤਾ ਜੀ, ਸੋਸ਼ਲਿਜ਼ਮ ਕੀ ਹੈ, ਫਾਸਿਜਮ ਕੀ ਹੈ? ਧਰਮ ਤੇ ਰਾਜਨੀਤੀ ਨਵੀਨ ਭਾਰਤੀ ਤੇ ਰਾਜਸੀ ਆਗੂ, ਮੇਰੀਆਂ ਕੁਝ ਇਤਿਹਾਸਕ ਯਾਦਾਂ।

ਕਹਾਣੀ–ਆਸ ਦੀ ਤੰਦ, ਪੰਜਾਬੀ ਸੱਧਰਾਂ।



Digitized by Panjab Digital Library | www.panjabdigilib.org

ਆਲੋਚਨਾ—ਪੰਜਾਬੀ ਸਾਹਿਤ ਦਾ ਇਤਿਹਾਸ, ਸ੍ਰ: ਕਰਮ ਸਿੰਘ ਹਿਸਟੋਰੀਅਨ। ਲੇਖ—ਇਤਿਹਾਸਕ ਲੇਖ ਸਫਰ ਨਾਮਾ-ਬ੍ਰਿਜ ਭੂਮੀ ਤੇ ਮਲਾਇਆ ਦੀ ਯਾਤਰਾ।

(ਪੰਜਾਬ ਦੇ ਸਨਮਾਨਤ ਸਾਹਿਤਕਾਰ ਚੋਂ)

ਗਿਆਨੀ ਜੀ ਦੇ ਦੋ ਲੜਕੇ ਰੰਧੀਰ ਸਿੰਘ ਤੇ ਮਹਾਂਬੀਰ ਸਿੰਘ ਹਨ। ਤਿੰਨ ਲੜਕੀਆਂ ਹਨ।

ਜਲੰਧਰ ਵਿਚ ਆਪ ਨੂੰ ਵਡੀ ਉਮਰ ਤੇ ਸਰੀਰਕ ਨਿਰਬਲਤਾ ਕਾਰਨ ਅਧਰੰਗ ਹੋ ਗਿਆ। ਸਵਰਗੀ ਸ੍ਰ: ਪ੍ਰਤਾਪ ਸਿੰਘ ਕੈਰੋਂ ਨੇ ਆਪ ਦੀ ਮਾਇਕ ਸਹਾਇਤਾ ਕੀਤੀ। ਆਪ ਸਿਵਲ ਹਸਪਤਾਲ ਅੰਮ੍ਰਿਤਸਰ ਵਿਚ ਇਲਾਜ ਕਰਵਾ ਰਹੇ ਸਨ। ਸਰਦਾਰ ਕੈਰੋਂ ਨੇ ੧੫੦੦) ਰੁਪਏ ਡਾਕਟਰ ਮਾਨ ਸਿੰਘ ਜੀ ਨਿਰੰਕਾਰੀ ਸੁਪ੍ਰਡੰਟ ਸਿਵਲ ਹਸਪਤਾਲ ਰਾਹੀਂ ਗਿਆਨੀ ਜੀ ਦੇ ਇਲਾਜ ਤੇ ਸੇਵਾ ਲਈ ਭੇਜਿਆ। ਪਰ ਜਿੰਦਗੀ ਇਕ ਪ੍ਰਵਾਹ ਹੈ, ਜਿਸ ਵਿਚ ਸਥਿਰਤਾ ਨਹੀਂ ਹੈ। ਸਾਰਾ ਜਗਤ ਇਕ ਖਿਣ ਪਲ ਵਿਚ ਬਦਲ ਰਿਹਾ ਹੈ।

ਅਖੀਰ ਪੰਜਾਬੀ ਦੇ ਕੌਮ ਪੂਜ ਤੇ ਅਗਾਹ ਵਧੂ ਕਵੀ, ਸਾਹਿਤਕਾਰ ਤੇ ਹਰ ਲਹਿਰ ਵਿਚ ਸੁਚੱਜੀ ਅਗਵਾਈ ਕਰਨ ਤੇ ਕੁਰਬਾਨੀ ਵਾਲੇ ਆਗੂ ਗਿਆਨੀ ਹੀਰਾ ਸਿੰਘ ੧੯੬੪ ਵਿਚ ਸੁਰਗਵਾਸ ਹੋ ਗਏ।



Digitized by Panjab Digital Library | www.panjabdigilib.org

## ੨੬

# ਸੰਤ ਹਰਨਾਮ ਸਿੰਘ ਜਿਆਣ

ਸਤਿ ਗੁਰੂਆਂ ਦੀ ਕ੍ਰਿਪਾ ਨਾਲ ਪੰਜਾਬ ਦੀ ਪੁੰਨ ਭੂਮੀ ਵਿਚ ਅਨੇਕ ਸੰਤ ਮਹਾਤਮਾ ਅਜਿਹੇ ਹੋਏ ਹਨ, ਜਿਨ੍ਹਾਂ ਵਿਚ ਭਜਨ, ਸਿਮਰਨ, ਸਤਿਸੰਗ ਤੇ ਸੇਵਾ ਦੇ ਗੁਣ ਹੁੰਦਿਆਂ ਬੀਰਤਾ ਤੇ ਕੁਰਬਾਨੀ ਦਾ ਜਜ਼ਬਾ ਵੀ ਸੀ। ਹੋਰ ਕਿਸੇ ਸੂਬੇ ਨੇ ਅਜਿਹੇ ਰਾਜ ਯੋਗੀ ਤੇ ਸੰਤ ਸਿਪਾਹੀ ਘਟ ਪੈਦਾ ਕੀਤੇ ਹਨ।

ਗੁਰਦਵਾਰਾ ਸੁਧਾਰ ਲਹਿਰ ਦਾ ਉਦਾਸੀ ਤੇ ਨਾਮਧਾਰੀਆਂ ਨੇ ਵਿਰੋਧ ਕੀਤਾ, ਪਰ ਨਿਰਮਲੇ ਸੰਤਾਂ ਨੇ ਸਾਥ ਦਿਤਾ ਹੈ।

ਸਨ ੧੯੨੫ ਦੀ ਗਲ ਹੈ, ਜਦ ਗੁਰਦਵਾਰਾ ਐਕਟ ਬਨਣ ਪਰ ਜੈਤੋ ਦਾ ਮੋਰਚਾ ਖਤਮ ਹੋਇਆ, ਸ਼ਹੀਦੀ ਜਥੇ ਜੈਤੋ ਤੋਂ ਅੰਮ੍ਰਿਤਸਰ ਪੁਜੇ। ਉਹਨਾਂ ਜਥਿਆਂ ਵਿਚ ਇਕ ਜਥੇ ਦੇ ਮੁਖੀ ਇਕ ਸੰਤ ਸਨ। ਬੜੇ ਸੋਹਣੇ ਸਡੋਲ, ਪੰਜਾਹ ਕੁ ਸਾਲ ਦੀ ਉਮਰ ਚਿਟੇ ਤੇ ਪੀਲੇ ਬਸਤਰ ਪਾਏ ਹੋਏ, ਸਿਰ ਉਤੇ ਦਸਤਾਰ ਅਤੇ ਉਸ ਵਿਚ ਕਈ ਰੰਗਾਂ ਦੇ ਰੁਮਾਲ ਸਜਾਏ ਹੋਏ ਵਾਜਿਆਂ ਨਾਲ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਪ੍ਰਕਰਮਾਂ ਵਿਚ ਬੜੀ ਸ਼ਰਧਾ ਭਗਤੀ ਅਤੇ ਚੜ੍ਹਦੀ ਕਲਾ ਵਿਚ ਜਾ ਰਹੇ ਸਨ। ਬਹੁਤ ਸਾਰੇ ਲੋਕੀ ਉਹਨਾਂ ਦੀ ਚੜ੍ਹਤ ਤੇ ਪੁਸ਼ਾਕ ਵੇਖ ਕੇ ਪੁਛਦੇ ਸਨ, 'ਇਹ ਕੌਣ ਹਨ?'



Digitized by Panjab Digital Library | www.panjabdigilib.org

ਅਸੀਂ ਵੀ ਜਥੇ ਨਾਲ ਤੁਰੇ ਜਾਂਦੇ ਕਈ ਸਜਨਾਂ ਨੂੰ ਪੁਛਿਆ-'ਇੰਨ੍ਹਾਂ ਸੰਤਾਂ ਦਾ ਸ਼ੁਭ ਨਾਮ ਕੀ ਹੈ ?'

ਜਥੇ ਵਿਚੋਂ ਇਕ ਸਿੰਘ ਨੇ ਦਸਿਆ, 'ਇਹ ਸੰਤ ਹਰਨਾਮ ਸਿੰਘ ਜੀ ਪਿੰਡ ਜਿਆਣ ਜਿਲਾ ਹੁਸ਼ਿਆਰਪੁਰ ਵਾਲੇਹਨ। ਜੈਤੋ ਦੇ ਚੌਥੇ ਸ਼ਹੀਦੀ ਜਥੇ ਵਿਚ ਗਏ ਸਨ,ਹੁਣ ਜੇਹਲ ਵਿਚੋਂ ਰਿਹਾ ਹੋ ਕੇ ਆਏ ਹਨ।'

ਉਸ ਵਕਤ ਸਾਨੂੰ ਪਤਾ ਨਾ ਲਗਾ ਕਿ ਸੰਤਾਂ ਨੇ ਦਸਤਾਰ ਦੇ ਵਿਚ ਏਨੇ ਰੁਮਾਲ ਕਿਉਂ ਸਜਾਏ ਹੋਏ ਹਨ ? ਬਾਹਦ ਵਿਚ ਪਤਾ ਲਗਾ ਕਿ ਇਹ ਸੰਤ ਬਾਬਾ ਬੀਰ ਸਿੰਘ ਜੀ ਨੌਰੰਗਾਬਾਦ ਵਾਲਿਆਂ ਦੇ ਸੇਵਕ ਬਾਬਾ ਖੁਦਾ ਸਿੰਘ ਜੀ ਦੀ ਸ਼ਾਖਾ ਵਿਚੋਂ ਹਨ। ਬਾਬਾ ਖੁਦਾ ਸਿੰਘ ਜੀ ਦਸਤਾਰ ਵਿਚ ਰੁਮਾਲ ਸਜਾਂਦੇ ਸਨ।

ਬਾਬਾ ਖੁਦਾ ਸਿੰਘ ਜੀ ਦੀ ਸ਼ਾਖਾ ਵਿਚੋਂ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲੇ ਬੜੇ ਮਹਾਪੁਰਖ ਹੋਏ ਹਨ। ਉਨਾਂ ਦੇ ਚਰਨ ਸੇਵਕਾਂ ਵਿਚੋਂ ਸੰਤ ਹਰਨਾਮ ਸਿੰਘ ਜੀ ਜਿਆਣ ਇਕ ਸਨ।

ਸੰਤ ਹਰਨਾਮ ਸਿੰਘ ਜੀ ਦਾ ਜਨਮ ਸੰਨ ੧੮੭੬ ਵਿਚ ਮਾਹਲਪੁਰ ਦੇ ਲਾਗੇ ਪਿੰਡ ਨੰਗਲ ਛੋਟਾ ਜ਼ਿਲਾ ਹੁਸ਼ਿਆਰ ਪੁਰ ਵਿਚ ਬੈਂਸ ਗੋਤ ਦੇ ਜਟ ਖਾਨਦਾਨ ਵਿਚ ਹੋਇਆ। ਆਪ ਦੇ ਪਿਤਾ ਦਾ ਨਾਂ ਸਾਈਂ ਸਿੰਘ ਅਤੇ ਮਾਤਾ ਦਾ ਨਾਂ ਰਾਮ ਦੇਵੀ ਸੀ। ਆਪ ਦਾ ਇਕ ਭਰਾ ਵਰਿਆਮ ਸਿੰਘ ਵੀ ਸੀ।

ਬਚਪਨ ਵਿਚ ਮਾਤਾ ਪਿਤਾ ਨੇ ਸੰਤਾਂ ਦੀ ਪ੍ਰਵਰਿਸ਼ ਬੜੇ ਚੰਗੇ ਢੰਗ ਨਾਲ ਕੀਤੀ। ਆਪ ਨੇ ਗੁਰੂ ਘਰ ਦੀ ਵਿਦਿਆ ਵੀ ਪੜ੍ਹੀ। ਬੜੇ ਸੋਹਣੇ ਤੇ ਛਬੀਲੇ ਜਵਾਨ ਨਿਕਲੇ। ਕਸਰਤ ਦਾ ਆਪ ਨੂੰ ਬੜਾ ਸ਼ੌਕ ਸੀ। ਮੁਗਦਰ ਚੁਕਣ ਵਿਚ ਬੜੀ ਸ਼ੁਹਰਤ ਰਖਦੇ ਸਨ।

ਸੰਨ ੧੯੦੦ ਈ: ਵਿਚ ਸੰਤ ਜੀ ੨੨ ਨੰਬਰ ਪਲਟਨ ਵਿਚ



Digitized by Panjab Digital Library | www.panjabdigilib.org

ਭਰਤੀ ਹੋਏ। ਉਹ ਪਲਟਨ ਵਧੇਰੇ ਰਾਵਲਪਿੰਡੀ, ਨੁਸ਼ਿਹਰਾ, ਬੰਨੂ, ਕੋਹਾਟ ਆਦਿਕ ਛਾਵਣੀਆਂ ਵਿਚ ਰਹੀ। ਇਸ ਦੌਰਾਨ ਜਦ ਸੰਤ ਹਰਨਾਮ ਸਿੰਘ ਜੀ ਨੂੰ ਪਹਿਲੇ ਸਾਲ ਦੀ ਛੁਟੀ ਮਿਲੀ ਤਾਂ ਆਪ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਦੀ ਸੇਵਾ ਵਿਚ ਹਾਜ਼ਰ ਹੋਏ। ੧੫ ਦਿਨ ਲਗਾਤਾਰ ਉਨਾਂ ਪਾਸ ਰਹੇ। ਬਾਬਾ ਕਰਮ ਸਿੰਘ ਜੀ ਦੀ ਸੰਗਤ ਨਾਲ ਸੰਤ ਹਰਨਾਮ ਸਿੰਘ ਜੀ ਨੂੰ ਭਜਨ, ਸਿਮਰਨ, ਸਤਿਸੰਗ ਅਤੇ ਸੇਵਾ ਦਾ ਉਹ ਅਸਚਰਜ ਰੰਗ ਚੜਿਆ, ਜਿਹੜਾ ਮੁੜ ਕੇ ਉਤਰ ਨਹੀਂ ਸਕਿਆ। ਪਾਵਨ ਗੁਰਬਾਣੀ ਦਾ ਵਾਕ ਹੈ-

ਪੂਰਬ ਕਰਮ ਅੰਕੁਰ ਜਬ ਪ੍ਰਗਟੇ
ਭੇਟਿਓ ਪੁਰਖੁ ਰਸਿਕ ਬੈਰਾਗੀ॥

ਬਾਬਾ ਕਰਮ ਸਿੰਘ ਜੀ ਨੇ ਆਪ ਨੂੰ ਭਜਨ ਸਿਮਰਨ ਦੀ ਜੁਗਤੀ ਵੀ ਸਮਝਾਈ। ਆਪ ਦੇ ਜੀਵਨ ਵਿਚ ਇਕ ਤਬਦੀਲੀ ਆ ਗਈ। ਭਜਨ ਸਿਮਰਨ ਦੇ ਨਾਲ ਤਿਆਗ ਅਤੇ ਸੇਵਾ ਦਾ ਜਜ਼ਬਾ ਵੀ ਆ ਗਿਆ।

ਬਾਬਾ ਕਰਮ ਸਿੰਘ ਦੀ ਮੁਲਾਕਾਤ ਦੇ ਬਾਹਦ ਜਦ ਸੰਤ ਹਰਨਾਮ ਸਿੰਘ ਜੀ ਪਲਟਨ ਵਿਚ ਆਏ ਤਾਂ ਹਰ ਵਕਤ ਸਿਮਰਨ ਅਤੇ ਸੇਵਾ ਵਿਚ ਮਗਨ ਰਹਿਣ ਲਗ ਪਏ। ਅਫਸਰਾਂ ਨੇ ਆਪਨੂੰ ਪਲਟਨ ਦੇ ਗਰੰਥੀ ਦੇ ਨਾਲ ਸੇਵਾਦਾਰ ਲਾ ਦਿਤਾ। ਰਾਤ ਸਮੇਂ ਆਪ ਭਜਨ ਵਿਚ ਬੈਠਦੇ, ਦਿਨੇ ਗਰਦਵਾਰੇ ਦੀ ਸੇਵਾ ਕਰਦੇ ਸਨ। ਥੋਹੜੇ ਦਿਨਾਂ ਵਿਚ ਹੀ ਆਪ ਦੀ ਸ਼ੁਹਰਤ ਵਧ ਗਈ। ਦੇਸੀ ਅਤੇ ਅੰਗਰੇਜ਼ ਅਫਸਰ ਆਪ ਦਾ ਬੜਾ ਸਤਕਾਰ ਕਰਨ ਲਗ ਪਏ।

ਬਾਬਾ ਕਰਮ ਸਿੰਘ ਜੀ ਦੀ ਮੁਲਾਕਾਤ ਦੇ ਬਾਹਦ ਜਦ ਪਹਿਲੀ ਵੇਰ ਸੰਤ ਜੀ ਪਿੰਡ ਛੁਟੀ ਆਏ, ਤਾਂ ਘਰ ਨਹੀਂ ਗਏ, ਨੰਗਲ ਦੇ ਇਕ ਪੰਡਤ ਹੀਰਾ ਨੰਦ ਜੀ ਪਾਸ ਜਾ ਠਹਿਰੇ।



Digitized by Panjab Digital Library | www.panjabdigilib.org

ਉਹ ਵੀ ਬੜਾ ਭਜਨੀਕ ਅਤੇ ਸਤਿਸੰਗੀ ਸੀ। ਜਦ ਮਾਤਾ ਜੀ ਨੂੰ ਪਤਾ ਲਗਾ ਤਾਂ ਉਹ ਪੰਡਤ ਹੀਰਾ ਨੰਦ ਦੇ ਘਰ ਮਿਲਣ ਲਈ ਗਈ। ਸੰਤਾਂ ਨੇ ਕਿਹਾ, 'ਮਾਤਾ ਜੀ, ਹੁਣ ਮੇਰਾ ਜੀਵਨ ਪ੍ਰਮਾਤਮਾ ਅਤੇ ਲੋਕ ਸੇਵਾ ਦੇ ਨਮਿਤ ਲਗੇਗਾ ਘਰ ਲਈ ਨਹੀਂ।'

ਦੂਜੇ ਸਾਲ ਛੁਟੀ ਆਏ ਤਾਂ ਫਿਰ ਬਾਬਾ ਕਰਮ ਸਿੰਘ ਜੀ ਦੀ ਸੇਵਾ ਵਿਚ ਹੋਤੀ ਮਰਦਾਨ ਪੁਜੇ। ੧੦ ਦਿਨ ਉਨਾਂ ਪਾਸ ਠਹਿਰੇ। ਭਜਨ ਸਿਮਰਨ ਅਤੇ ਸਤਿਸੰਗ ਦਾ ਅਸਚਰਜ ਰੰਗ ਮਾਣਿਆ। ਫਿਰ ਪਿੰਡ ਆਏ, ਪਰ ਮਨੋ ਬ੍ਰਿਤੀ ਉਹੋ ਹੀ ਰਹੀ।

ਜਨਵਰੀ ੧੯੦੩ ਈ: ਵਿਚ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਦਾ ਦੇਹਾਂਤ ਹੋਇਆ। ਉਸ ਵਕਤ ਸੰਤ ਹਰਨਾਮ ਸਿੰਘ ਜੀ ਦੀ ਪਲਟਨ ਸੂਬਾ ਸਰਹੱਦ ਵਿਚ ਹੀ ਸੀ। ਅਗਸਤ ੧੯੦੭ ਵਿਚ ਸੰਤ ਹਰਨਾਮ ਸਿੰਘ ਜੀ ਬਾਬਾ ਕਰਮ ਸਿੰਘ ਦੇ ਜਾਨਸ਼ੀਨ ਬਾਬਾ ਆਇਆ ਸਿੰਘ ਜੀ ਨੂੰ ਹੋਤੀ ਮਰਦਾਨ ਵਿਚ ਮਿਲੇ। ਉਸ ਵਕਤ ਆਪ ਭਜਨ ਸਿਮਰਨ ਵਿਚ ਬੜੇ ਪ੍ਰਪੱਕ, ਗੁਰਬਾਣੀ ਤੇ ਸੇਵਾ ਵਿਚ ਮਗਨ ਰਹਿੰਦੇ ਸਨ।

ਆਪ ਦੀ ਪਲਟਨ ਫਰੰਟੀਅਰ ਚੋਂ ਬਦਲਕੇ ਜੇਹਲਮ ਛਾਵਣੀ ਵਿਚ ਆ ਗਈ। ਉਥੇ ਆਪਨੂੰ ਪਲਟਨ ਦਾ ਗਰੰਥੀ ਨੀਯਤ ਕੀਤਾ ਗਿਆ। ਪੂਜਾ ਭੇਟ ਤੋਂ ਬਿਨਾ ਆਪਣੀ ਸਾਰੀ ਤਨਖਾਹ ਗੁਰਦਵਾਰੇ ਤੇ ਸੰਗਤ ਦੀ ਸੇਵਾ ਵਿਚ ਖਰਚ ਕਰ ਦਿੰਦੇ ਸਨ। ਫੌਜੀ ਜੁਆਨਾਂ ਅਤੇ ਅਫਸਰਾਂ ਉਤੇ ਆਪ ਦਾ ਬਹੁਤ ਪ੍ਰਭਾਵ ਸੀ। ਅਖੀਰ ੩੧ ਮਾਰਚ ੧੯੦੯ ਨੂੰ ਆਪ ਨੇ ਨੌਕਰੀ ਛਡ ਦਿਤੀ।

ਫੌਜ ਦੀ ਨੌਕਰੀ ਛਡਣ ਦੇ ਬਾਹਦ ਸੰਤਾਂ ਨੇ ਪਿੰਡ ਆ ਨਿਵਾਸ ਕੀਤਾ। ਪਿੰਡੋਂ ਬਾਹਰਵਾਰ ਕੁਟੀਆ ਪਾ ਲਈ। ਹਰ ਵਕਤ ਭਜਨ ਵਿਚ ਮਗਨ ਰਹਿਣ ਲਗ ਪਏ। ੧੯੧੦ ਦੇ ਹੋਲੇ ਮਹਲੇ ਤੇ ਅਨੰਦਪੁਰ ਸਾਹਿਬ ਪੁਜੇ। ਉਥੇ ਆਪ ਨੇ ਸ਼ਬਦ ਕੀਰਤਨ



Digitized by Panjab Digital Library | www.panjabdigilib.org

ਸਤਿਸੰਗ ਦਾ ਪ੍ਰਵਾਹ ਅਤੇ ਲੰਗਰ ਚਲਾਇਆ

ਸੰਤ ਜੀ ਅਜੇ ਨੌਕਰੀ ਵਿਚ ਹੀ ਸਨ ਕਿ ਰਾਵਲਪਿੰਡੀ ਵਿਚ ਆਪ ਦੀ ਮੁਲਾਕਾਤ ਸੰਤ ਹਰੀ ਸਿੰਘ ਕਹਾਰਪੁਰੀ ਨਾਲ ਹੋਈ। ਉਹ ੨੫ ਨੰਬਰ ਪਲਟਨ ਵਿਚ ਸਨ। ਸੰਤ ਹਰਨਾਮ ਸਿੰਘ ਜੀ ਦਾ ਉਨ੍ਹਾਂ ਤੇ ਬਹੁਤ ਪ੍ਰਭਾਵ ਪਿਆ। ਇਸ ਲਈ ਉਹ ਵੀ ਨੌਕਰੀ ਛਡ ਕੇ ਸਾਧੂ ਬਾਣੇ ਵਿਚ ਪ੍ਰਚਾਰ ਵਿਚ ਜੁਟ ਗਏ। ੧੯੩੭ ਵਿਚ ਸੰਤ ਹਰੀ ਸਿੰਘ ਜੀ ਨੇ ਹੀ ਤਖਤ ਸ੍ਰੀ ਕੇਸ ਗੜ੍ਹ ਸਾਹਿਬ ਦੀ ਇਮਾਰਤ ਦੀ ਸੇਵਾ ਕਰਵਾਈ ਹੈ।

ਸੰਤ ਹਰਨਾਮ ਸਿੰਘ ਜੀ ਬੜੇ ਸੁਧਾਰਕ ਵਿਚਾਰਾਂ ਦੇ ਸਨ। ਇਸ ਲਈ ਆਪ ਨੇ ਦੁਆਬੇ ਦੇ ਪਿੰਡਾਂ ਵਿਚ ਧਰਮ ਪ੍ਰਚਾਰ ਦੇ ਨਾਲ ਸੁਧਾਰ ਦਾ ਵੀ ਕੰਮ ਕੀਤਾ, ਜਿਸ ਕਰਕੇ ਇਲਾਕੇ ਦੀਆਂ ਸੰਗਤਾਂ ਤੇ ਆਪ ਦਾ ਬੜਾ ਪ੍ਰਭਾਵ ਪਿਆ।

੧੯੩੧ ਦੇ ਹੋਲੇ ਮਹਲੇ ਤੇ ਅਨੰਦਪੁਰ ਸਾਹਿਬ ਜਾ ਕੇ ਫਿਰ ਆਪ ਨੇ ਗੁਰਮਤਿ ਦਾ ਪ੍ਰਚਾਰ ਕੀਤਾ। ਗੁਰੂ ਕਾ ਲੰਗਰ ਚਲਾਇਆ। ਫਿਰ ਹਜ਼ੂਰ ਸਾਹਿਬ ਤੇ ਸਾਰੇ ਤੀਰਥਾਂ ਅਤੇ ਗੁਰ-ਅਸਥਾਨਾਂ ਦੇ ਦਰਸ਼ਨ ਕੀਤੇ। ਸਭ ਥਾਈਂ ਆਪਨੇ ਭਜਨ, ਕੀਰਤਨ ਤੇ ਲੰਗਰ ਦੀ ਸੇਵਾ ਕੀਤੀ।

੧੯੨੦ ਵਿਚ ਜਦ ਅਕਾਲੀ ਲਹਿਰ ਜਾਰੀ ਹੋਈ ਆਪ ਨੇ ਉਸ ਵਿਚ ਵੱਧ ਚੜ੍ਹਕੇ ਹਿਸਾ ਪਾਇਆ। ਆਪ ਅਕਾਲੀ ਜਥਾ ਹੁਸ਼ਿਆਰਪੁਰ ਦੇ ਮੁਖੀਆਂ ਵਿਚੋਂ ਇਕ ਸਨ।

੧੯੨੧ ਵਿਚ ਪੰਜਾਬ ਸਰਕਾਰ ਨੇ ਸ਼ਰੋਮਣੀ ਕਮੇਟੀ ਤੋਂ ਸ੍ਰੀ ਦਰਬਾਰ ਸਾਹਿਬ ਦੀਆਂ ਚਾਬੀਆਂ ਖੋਹ ਲਈਆਂ। ਇਸਦੇ ਵਿਰੁਧ ਸਿਖ ਪੰਥ ਨੇ ਜਬਰਦਸਤ ਪ੍ਰੋਟੈਸ਼ਟ ਕੀਤਾ। ਉਸ ਵਕਤ ਸੰਤ ਹਰਨਾਮ ਸਿੰਘ ਜੀ ਇਕ ਜਥਾ ਲੈਕੇ ਅੰਮ੍ਰਿਤਸਰ ਪੁਜੇ। ਆਪ ਨੇ ਚਾਬੀਆਂ ਦੇ ਮੋਰਚੇ ਵਿਚ ਸ਼ਾਮਲ ਹੋਣ ਲਈ ਪੇਸ਼ਕਸ਼



Digitized by Panjab Digital Library | www.panjabdigilib.org

ਕੀਤੀ। ਸ਼ਰੋਮਣੀ ਕਮੇਟੀ ਦੇ ਮੁਖੀ ਸ: ਮਹਿਤਾਬ ਸਿੰਘ – ਸ: ਤੇਜਾ ਸਿੰਘ ਸਮੁੰਦਰੀ ਨੇ ਆਪ ਨੂੰ ਸਲਾਹ ਦਿਤੀ ਕਿ ਮੋਰਚੇ ਦੀ ਸਫਲਤਾ ਲਈ ਸੰਗਤਾਂ ਨੂੰ ਤਿਆਰ ਕਰੋ। ਮਾਇਕ ਸਹਾਇਤਾ ਤੇ ਲੰਗਰ ਲਈ ਰਸਦ ਭਿਜਵਾਉ। ਚੁਨਾਂਚਿ ਸੰਤ ਜੀ ਨੇ ਦੁਆਬੇ ਦੇ ਪਿੰਡਾਂ ਵਿਚ ਫਿਰਕੇ ਅਕਾਲੀ ਲਹਿਰ ਦੇ ਹਕ ਵਿਚ ਜ਼ੋਰਦਾਰ ਪ੍ਰਚਾਰ ਕੀਤਾ। ਸੈਂਕੜੇ ਪ੍ਰੇਮੀਆਂ ਨੂੰ ਅੰਮ੍ਰਿਤ ਛਕਾਕੇ ਅਕਾਲੀ ਸਜਾਇਆ। ਚਾਬੀਆਂ ਦੇ ਮੋਰਚੇ ਵਿਚ ਭੇਜਿਆ। ਸ਼ਰੋਮਣੀ ਕਮੇਟੀ ਦੀ ਮਾਇਕ ਸਹਾਇਤਾ ਕੀਤੀ।

ਅਨੰਦਪੁਰ ਸਾਹਿਬ ਦੇ ਗੁਰਦਵਾਰਿਆਂ ਨੂੰ ਪੰਥਕ ਪ੍ਰਬੰਧ ਵਿਚ ਲਿਆਉਣ ਲਈ ਆਪ ਹੋਲੇ ਮਹਲ ਦੇ ਸਮੇਂ ਜਥਾ ਲੈ ਕੇ ਉਥੇ ਪੁਜੇ। ਆਪ ਨੇ ਧਾਰਮਿਕ ਦੀਵਾਨ ਵਿਚ ਪ੍ਰਚਾਰ ਕਰਨ ਦੇ ਨਾਲ ਲੰਗਰ ਦੀ ਸੇਵਾ ਵੀ ਕੀਤੀ। ਅਗਸਤ ੧੯੨੨ ਵਿਚ ਜਦ ਗੁਰੂ ਕੇ ਬਾਗ ਦਾ ਮੋਰਚਾ ਲਗਾ, ਉਸ ਵਕਤ ਵੀ ਆਪਨੇ ਵਧ ਚੜ੍ਹਕੇ ਸੇਵਾ ਕੀਤੀ।

ਜੂਨ ੧੯੨੩ ਵਿਚ ਸ੍ਰੀ ਅੰਮ੍ਰਿਤ ਸਰੋਵਰ ਦੀ ਕਾਰ ਸੇਵਾ ਹੋਈ। ਉਸ ਮੌਕੇ ਸੰਤ ਹਰਨਾਮ ਸਿੰਘ ਜੀ ਇਕ ਤਕੜਾ ਜਥਾ ਲੈਕੇ ਸ੍ਰੀ ਅੰਮ੍ਰਿਤਸਰ ਪੁਜੇ। ਆਪ ਨੇ ਕਾਰ ਸੇਵਾ ਵਿਚ ਵਧ ਚੜ੍ਹਕੇ ਹਿੱਸਾ ਲੀਤਾ। ੯ ਜੁਲਾਈ ੧੯੨੩ ਨੂੰ ਸਰਕਾਰ ਅੰਗਰੇਜ਼ੀ ਨੇ ਮਹਾਰਾਜਾ ਰਿਪਦੁਮਨ ਸਿੰਘ ਨਾਭਾ ਨੂੰ ਗਦੀਉਂ ਲਾਹ ਦਿਤਾ। ਜਿਸ ਦੇ ਵਿਰੁਧ ਸਿਖਾਂ ਨੇ ਜ਼ੋਰਦਾਰ ਪ੍ਰੋਟੈਸਟ ਕੀਤਾ। ੧੯੨੪ ਵਿਚ ਜੈਤੋ ਵਿਚ ਮੋਰਚਾ ਲਗ ਗਿਆ। ਜਿਸ ਵਿਚ ੧੭ ਸ਼ਹੀਦੀ ਜਥੇ ਗਏ। ਸੰਤ ਹਰਨਾਮ ਸਿੰਘ ਚੌਥੇ ਸ਼ਹੀਦੀ ਜਥੇ ਵਿਚ ਆਪਣੇ ਕਈ ਸਾਥੀਆਂ ਸਮੇਤ ਸ਼ਾਮਲ ਹੋਏ। ਇਹ ਜਥਾ ਸ੍ਰੀ ਕੇਸਗੜ੍ਹ ਅਨੰਦਪੁਰ ਸਾਹਿਬ ਤੋਂ ਚਲਿਆ ਸੀ। ਇਸ ਜਥੇ ਨੂੰ ਗ੍ਰਿਫਤਾਰ ਕਰਕੇ ਜੇਹਲ ਵਿਚ ਰਖਿਆ ਗਿਆ। ਸੰਤ ਹਰਨਾਮ ਸਿੰਘ ਜੀ ਨੇ



Digitized by Panjab Digital Library | www.panjabdigilib.org

ਸਾਥੀਆਂ ਸਮੇਤ ਖਿੜੇ ਮਥੇ ਜੇਹਲ ਦੇ ਸਾਰੇ ਤਸੀਹੇ ਸਹਾਰੇ।

੧੯੨੫ ਵਿਚ ਗੁਰਦਵਾਰਾ ਐਕਟ ਬਣ ਜਾਣ ਪਰ ਜੈਤੋ ਦਾ ਮੋਰਚਾ ਸਮਾਪਤ ਹੋਇਆ। ਸਰਕਾਰ ਨੇ ਸਾਰੇ ਜਥਿਆਂ ਨੂੰ ਰਿਹਾ ਕਰ ਦਿਤਾ। ਉਹ ਜਥੇ ਅੰਮ੍ਰਿਤਸਰ ਪੁਜੇ। ਸ੍ਰੀ ਅਕਾਲ ਤਖਤ ਤੋਂ ਉਨਾਂ ਨੂੰ ਸਿਰੋਪਾ ਦੇਕੇ ਵਿਦਾ ਕੀਤਾ ਗਿਆ।

ਸੰਤ ਜੀ ਉਨਾਂ ਜਥਿਆਂ ਦੇ ਮੁਖੀਆਂ ਵਿਚੋਂ ਇਕ ਸਨ। ਰਿਹਾਈ ਦੇ ਬਾਹਦ ਆਪਨੇ ਨਗਰ ਜਿਆਣ ਵਿਚ ਜਾਕੇ ਨਿਵਾਸ ਕੀਤਾ। ਆਪਣ ਸੇਵਕ ਸੰਤ ਹਰੀ ਸਿੰਘ ਜੀ ਕਹਾਰਪੁਰੀ ਨੂੰ ਤਖਤ ਸ੍ਰੀ ਕੇਸ ਗੜ੍ਹ ਦੀ ਨਵੀਂ ਇਮਾਰਤ ਤਿਆਰ ਕਰਨ ਤੇ ਇਲਾਕੇ ਵਿਚ ਵਿਦਿਅਕ ਪ੍ਰਚਾਰ ਕਰਨ ਦੀ ਪ੍ਰੇਰਨਾ ਕੀਤੀ।

ਸੰਤ ਹਰੀ ਸਿੰਘ ਜੀ† ਨੇ ਉਨਾਂ ਦੀ ਆਗਿਆ ਅਨੁਸਾਰ ੧੯੩੬-੩੭ ਵਿਚ ਤਖਤ ਸ੍ਰੀ ਕੇਸ ਗੜ੍ਹ ਸਾਹਿਬ ਦੀ ਸੇਵਾ ਆਰੰਭ ਕੀਤੀ, ਜੋ ਕਈ ਸਾਲਾਂ ਵਿਚ ਮੁਕੰਮਲ ਹੋਈ। ਇਹ ਅਕਾਲੀ ਲਹਿਰ ਤੋਂ ਬਾਹਦ ਬਣੀਆਂ ਸ਼ਾਨਦਾਰ ਇਤਿਹਾਸਕ ਇਮਾਰਤਾਂ ਵਿਚੋਂ ਇਕ ਹੈ।

ਚਬੇਵਾਲ ਜਿਆਣ ਹਾਈ ਸਕੂਲ ਸੰਤ ਜੀ ਦੇ ਨਾਮ ਪਰ ਹੈ।

ਚੰਗਾ.ਪਵਿਤਰ ਤੇ ਉਸਾਰੂ ਜੀਵਨ ਬਤੀਤ ਕਰਦੇ ਹੋਏ ਸੰਤ ਹਰਨਾਮ ਸਿੰਘ ਜੀ ਦਸੰਬਰ ੧੯੨੮ ਵਿਚ ਅਕਾਲ ਪੁਰਖ ਵਿਚ ਲੀਨ ਹੋ ਗਏ।

o

---

†ਸੰਤ ਹਰੀ ਸਿੰਘ ੨੧ ਅਕਤੂਬਰ ੧੯੭੩ ਨੂੰ ਸੁਰਗਵਾਸ ਹੋਏ ਹਨ।



Digitized by Panjab Digital Library | www.panjabdigilib.org

# ਲੰਗੇਰੀ ਦੇ ਦੋ ਮੁਖੀ
# ਭਾਈ ਪਿਆਰਾ ਸਿੰਘ
# ਤੇ
# ਜਥੇਦਾਰ ਹੁਸ਼ਨਾਕ ਸਿੰਘ

ਸਤਿਗੁਰੂਆਂ ਦੀ ਕ੍ਰਿਪਾ ਨਾਲ ਇਸ ਸਦੀ ਵਿਚ ਵੀ ਦੁਆਬੇ ਨੇ ਬੜੇ ਕੌਮੀ ਸੇਵਕ, ਕੁਰਬਾਨੀ ਵਾਲੇ ਅਤੇ ਦੇਸ਼ ਭਗਤ ਪੈਦਾ ਕੀਤੇ ਹਨ। ਪਿਛੇ ਅਸੀਂ ਮਾਸਟਰ ਮੋਤਾ ਸਿੰਘ, ਬਾਬੂ ਲਾਭ ਸਿੰਘ ਤੇ ਸ: ਹਰੀ ਸਿੰਘ ਜਲੰਧਰੀ ਦਾ ਜ਼ਿਕਰ ਕਰ ਆਏ ਹਾਂ। ਪਿਛਲੇ ਕਾਂਡ ਵਿਚ ਸੰਤ ਹਰਨਾਮ ਸਿੰਘ ਜੀ ਜਿਆਣ ਦਾ ਸੰਖੇਪ ਜੀਵਨ ਚਰਿਤ੍ਰ ਪੇਸ਼ ਕੀਤਾ ਹੈ। ਉਨ੍ਹਾਂ ਦੀ ਜੀਵਨ ਛੋਹ ਦਾ ਪ੍ਰਭਾਵ ਕਈ ਵਿਅਕਤੀਆਂ ਪਰ ਪਿਆ। ਉਨ੍ਹਾਂ ਚੋਂ ਦੋ ਮੁਖੀਆਂ ਦਾ ਵਰਣਨ ਕਰਨਾ ਚਾਹੁੰਦੇ ਹਾਂ, ਜਿਨ੍ਹਾਂ ਨੇ ਅਕਾਲੀ ਲਹਿਰ ਤੇ ਦੇਸ਼ ਦੀ ਆਜ਼ਾਦੀ ਲਈ ਬੜੀ ਕੁਰਬਾਨੀ ਕੀਤੀ ਹੈ। ਉਨ੍ਹਾਂ ਵਿਚੋਂ ਇਕ ਹਨ—ਭਾਈ ਪਿਆਰਾ ਸਿੰਘ ਲੰਗੇਰੀ, ਦੂਸਰੇ ਹਨ ਜ: ਹੁਸ਼ਨਾਕ ਸਿੰਘ। ਭਾਈ ਪਿਆਰਾ ਸਿੰਘ ਆਪਣੀ ਜੀਵਨ ਯਾਤਰਾ ਸਮਾਪਤ ਕਰਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ ਹਨ। ਜ: ਹੁਸ਼ਨਾਕ ਸਿੰਘ ਗੁਰੂ ਦੀ ਕਿਰਪਾ ਨਾਲ ਮੌਜੂਦ ਹਨ। ਦੋਵੇਂ ਨਗਰ ਲੰਗੇਰੀ ਜ਼ਿਲਾ ਹੁਸ਼ਿਆਰਪੁਰ ਦੇ ਅਤੇ ਸੰਤ ਹਰਨਾਮ ਸਿੰਘ ਜੀ ਜਿਆਣ ਦੇ



Digitized by Panjab Digital Library | www.panjabdigilib.org

ਸੇਵਕ ਸਨ। ਇਸ ਲਈ ਦੋਹਾਂ ਦਾ ਜ਼ਿਕਰ ਇਕਠਾ ਕਰ ਦਿਤਾ ਹੈ।

ਜ਼ਿਲਾ ਹੁਸ਼ਿਆਰਪੁਰ ਵਿਚ ਲੰਗੇਰੀ ਉਹ ਭਾਗਸ਼ੀਲ ਨਗਰ ਹੈ, ਜਿਸ ਨੇ ਇਸ ਸਦੀ ਦੇ ਪ੍ਰਸਿਧ ਸੰਤ ਜਵਾਲਾ ਸਿੰਘ ਜੀ ਹਰਖੋਵਾਲ ਨੂੰ ਜਨਮ ਦਿਤਾ। ਉਹ ਵੀ ਬਾਬਾ ਕਰਮ ਸਿੰਘ ਹੋਤੀ-ਮਰਦਾਨ ਵਾਲਿਆਂ ਦੀ ਸ਼ਾਖਾ ਦੇ ਸਨ। ਭਜਨ ਬੰਦਗੀ, ਤਪ ਤ੍ਰਿਆਗ ਤੇ ਸੇਵਾ ਦੀ ਮੂਰਤਿ ਸਨ। ਉਹ ਵੀ ਫੌਜ ਦੀ ਨੌਕਰੀ ਚੋਂ ਆਏ ਸਨ। ਬਹੁਤ ਉਜਲ ਦੀਦਾਰੀ ਤੇ ਆਤਮਿਕ ਰਸ ਭਿੰਨੇ ਬਚਨ ਕਰਨ ਵਾਲੇ ਸਨ। ਉਹ ਸ: ਦਿਆ ਸਿੰਘ ਲੰਗੇਰੀ ਦੇ ਵਡੇ ਭਾਈ ਸਨ। ਜਿੰਨਾਂ ਨੇ 'ਅਕਾਲੀ' ਅਖਬਾਰ ਵਿਚ ਬੜੇ ਸੰਕਟ ਸਮੇਂ ਬੜੀ ਈਮਾਨਦਾਰੀ ਤੇ ਦਿਆਨਤਦਾਰੀ ਨਾਲ ਸੇਵਾ ਕੀਤੀ ਹੈ। ਉਹ ਮੌਜੂਦ ਹਨ।

## (੧) ਭਾਈ ਪਿਆਰਾ ਸਿੰਘ

ਅਕਾਲੀ ਲਹਿਰ ਤੇ ਕੌਮੀ ਸੇਵਾ ਵਿਚ ਵਧ ਚੜ੍ਹਕੇ ਹਿਸਾ ਪਾਉਣ ਵਾਲੇ ਭਾਈ ਪਿਆਰਾ ਸਿੰਘ ਜੀ ਦਾ ਜਨਮ ਲੰਗੇਰੀ ਵਿਚ ਹੀ ਹੋਇਆ। ਆਪ ਉਠਦੀ ਜਵਾਨੀ ਵਿਚ ਅਮਰੀਕਾ ਤੇ ਕੈਨੇਡਾ ਨੂੰ ਚਲੇ ਗਏ। ਸੰਤ ਹਰਨਾਮ ਸਿੰਘ ਜੀ ਦੀ ਛੋਹ ਕਰਕੇ ਚੰਗੇ ਸਿਖੀ ਸਿਦਕ ਵਾਲੇ ਸਨ। ਆਪ ਵੈਨਕੋਵਰ ਵਿਚ ਵੀ ਰਹੇ। ਜਦ ੧੯੧੪-੧੫ ਵਿਚ ਗਦਰ ਪਾਰਟੀ ਵਾਲੇ ਦੇਸ਼ ਭਗਤ ਆਏ ਹਨ, ਉਸ ਵਕਤ ਹੀ ਭਾਈ ਪਿਆਰਾ ਸਿੰਘ ਵਾਪਸ ਆਏ। ਇਥੇ ਉਹ ਕੌਮੀ ਕੰਮਾਂ ਵਿਚ ਵਧ ਚੜ੍ਹਕੇ ਹਿਸਾ ਲੈਂਦੇ ਰਹੇ। ਗੁਰਦਵਾਰਾ ਸੁਧਾਰ ਲਹਿਰ ਵਿਚ ਉਹ ਸ਼ਾਮਲ ਹੋਏ ਹਨ। ਦੁਆਬੇ ਵਿਚ ਬਬਰ ਲਹਿਰ ਦੇ ਸਹਾਇਕ ਸਨ। ਅਮਰੀਕਾ ਤੇ ਕੈਨੇਡਾ ਦੇ ਸਿਖਾਂ ਵਲੋਂ ਜੋ ਰੁਪਿਆ ਬਬਰਾਂ ਦੀ ਮਦਦ ਲਈ ਆਉਂਦਾ ਸੀ, ਉਹ ਆਪ ਰਾਹੀਂ ਆਉਂਦਾ ਸੀ। ਉਨਾਂ ਨੇ ਬੜੀ



Digitized by Panjab Digital Library | www.panjabdigilib.org

ਦਿਆਨਤਦਾਰੀ ਨਾਲ ਉਹ ਰੁਪਿਆ ਲੋੜਵੰਦ ਸੇਵਕਾਂ ਵਿਚ ਤਕਸੀਮ ਕੀਤਾ।

ਬਬਰਾਂ ਦੀ ਮਦਦ ਕਰਨ ਕਰਕੇ ਸਰਕਾਰ ਅੰਗਰੇਜ਼ੀ ਨੇ ਆਪਦੀ ਗ੍ਰਿਫਤਾਰੀ ਲਈ ਪੰਜਾਹ ਹਜ਼ਾਰ ਰੁਪਏ ਤੇ ਪੰਜ ਮੁਰੱਬੇ ਜ਼ਮੀਨ ਇਨਾਮ ਰਖਿਆ। ੧੯੨੩ ਵਿਚ ਸ਼ਰੋਮਣੀ ਕਮੇਟੀ ਦੇ ਮੈਂਬਰ ਸਨ। ਜਦ ਕਮੇਟੀ ਦਾ ਪਹਿਲਾ ਜਥਾ ਗ੍ਰਿਫਤਾਰ ਕੀਤਾ ਗਿਆ, ਉਸ ਵਿਚ ਭਾਈ ਸਾਹਿਬ ਵੀ ਸ਼ਾਮਲ ਸਨ। ਤਿੰਨ ਸਾਲ ਅਕਾਲੀ ਲੀਡਰ ਕੇਸ ਵਿਚ ਜੇਹਲਵਿਚ ਰਹੇ। ਗੁਰਦਵਾਰਾ ਐਕਟ ਮੰਨਕੇ ਆਉਣ ਵਾਲੇ ਮੁਖੀ ਸ:ਬ: ਮਹਿਤਾਬ ਸਿੰਘ ਤੇ ਉਨਾਂ ਦੇ ਸਾਥੀਆਂ ਨਾਲ ਲਾਹੌਰ ਕਿਲ੍ਹੇ ਚੋਂ ਆਏ।

ਸਨ ੧੯੪੫-੪੬ ਦੀ ਚੋਣ ਵਿਚ ਭਾਈ ਪਿਆਰਾ ਸਿੰਘ ਆਪਣੇ ਇਲਾਕੇ ਵਿਚੋਂ ਪੰਜਾਬ ਕੌਂਸਲ ਦੇ ਮੈਂਬਰ ਚੁਣੇ ਗਏ। ਆਪ ਗ੍ਰਿਹਸਤੀ ਨਹੀਂ ਸਨ। ਆਪਦਾ ਇਕ ਭਤੀਜਾ ਹੈ ਜੋ ਸਰਕਾਰੀ ਨੌਕਰੀ ਵਿਚ ਹੈ।

ਭਾਈ ਪਿਆਰਾ ਸਿੰਘ ਕੌਮੀ ਸੇਵਾ ਦਾ ਸ਼ਾਨਦਾਰ ਜੀਵਨ ਬਤੀਤ ਕਰਦੇ ਹੋਏ ਵਾਹਿਗੁਰੂ ਨੂੰ ਪਿਆਰੇ ਹੋਏ।

## (੨) ਜਥੇਦਾਰ ਹੁਸ਼ਨਾਕ ਸਿੰਘ

ਆਪਦਾ ਜਨਮ ਸਨ ੧੯੦੧ ਵਿਚ ਪਿੰਡ ਲੰਗੇਰੀ ਜ਼ਿਲਾ ਹੁਸ਼ਿਆਰਪੁਰ ਵਿਚ ਸ: ਦਲੀਪ ਸਿੰਘ ਦੇ ਘਰ ਹੋਇਆ। ਸੰਤ ਹਰੀ ਸਿੰਘ ਜੀ ਕਹਾਰਪੁਰੀ ਪਾਸ ਆਪਨੇ ਵਿਦਿਆ ਪ੍ਰਾਪਤ ਕੀਤੀ। ਸੰਤ ਹਰਨਾਮ ਸਿੰਘ ਜਿਆਣ ਦੀ ਪ੍ਰੇਰਨਾ ਨਾਲ ਅਕਾਲੀ ਲਹਿਰ ਵਿਚ ਸ਼ਾਮਲ ਹੋਏ।

ਸਨ ੧੯੨੦ ਵਿਚ ਜਦ ਸੈਂਟ੍ਰਲ ਸਿਖ ਲੀਗ ਦਾ ਇਜਲਾਸ ਲਾਹੌਰ ਵਿਚ ਸ: ਖੜਕ ਸਿੰਘ ਦੀ ਪ੍ਰਧਾਨਗੀ ਹੇਠ ਹੋਇਆ,



Digitized by Panjab Digital Library | www.panjabdigilib.org

ਜਿਸ ਵਿਚ ਮਹਾਤਮਾ ਗਾਂਧੀ ਤੇ ਹੋਰ ਕਈ ਦੇਸ਼ ਭਗਤ ਲੀਡਰ ਸ਼ਾਮਲ ਹੋਏ ਸਨ, ਉਸ ਵਿਚ ਜਥੇਦਾਰ ਹੁਸ਼ਨਾਕ ਸਿੰਘ ਆਪਣੇ ਪਿੰਡ ਦੇ ਮੁਖੀ ਭਾਈ ਪਿਆਰਾ ਸਿੰਘ, ਗਿ: ਕੇਹਰ ਸਿੰਘ ਤੇ ਮਾ: ਮੋਤਾ ਸਿੰਘ ਆਦਿਕ ਨਾਲ ਸਿਖ ਲੀਗ ਦੇ ਸਮਾਗਮ ਵਿਚ ਸ਼ਾਮਲ ਹੋਏ। ਉਸ ਇਜਲਾਸ ਵਿਚ ਸਰਕਾਰ ਅੰਗਰੇਜ਼ੀ ਨਾਲ ਨਾ-ਮਿਲਵਰਤਨ ਦਾ ਮਤਾ ਪਾਸ ਕੀਤਾ ਗਿਆ।

੧੯੨੧ ਵਿਚ ਸ੍ਰੀ ਨਨਕਾਣੇ ਸਾਹਿਬ ਦੇ ਸਾਕੇ ਸਮੇਂ ਉਥੇ ਪੁਜੇ। ਸਨ ੧੯੨੧ ਵਿਚ ਹੀ ਚਾਬੀਆਂ ਦੇ ਮੋਰਚੇ ਵਿਚ ਸ਼ਾਮਲ ਹੋਏ। ਉਸ ਮੌਕੇ ਜਥੇਦਾਰ ਤੇਜਾ ਸਿੰਘ ਅਕਰਪੁਰੀ ਪਹਿਲੀ ਵੇਰ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੀਯਤ ਹੋਏ ਸਨ। ਜ: ਹੁਸ਼ਨਾਕ ਸਿੰਘ ਸ੍ਰੀ ਅਕਾਲ ਤਖਤ ਸਾਹਿਬ ਦੇ ਗ੍ਰੰਥੀ ਨੀਯਤ ਹੋਏ। ਕੁਝ ਚਿਰ ਸੇਵਾ ਕਰਨ ਦੇ ਬਾਅਦ ਆਪ ਪਿੰਡ ਚਲੇ ਗਏ।

੧੯੨੨ ਵਿਚ ਗੁਰੂ ਕੇ ਬਾਗ ਦੇ ਮੋਰਚੇ ਸਮੇਂ ਆਪ ਅਕਾਲੀ ਜਥਾ ਜ਼ਿਲਾ ਹੁਸ਼ਿਆਰਪੁਰ ਦੇ ਜਥੇਦਾਰ ਸਨ। ਆਪ ਨੇ ਅੰਮ੍ਰਿਤਸਰ ਵਿਚ ਆਕੇ ਰਿਹਾਇਸ਼ ਕੀਤੀ ਅਤੇ ਗੁਰੂ ਕੇ ਬਾਗ ਦੇ ਮੋਰਚੇ ਵਿਚ ਦੁਆਬੇ ਦੇ ਸਿੰਘਾਂ ਦੇ ਜਥੇ ਭੇਜਦੇ ਸਨ। ਆਪ ਖੁਦ ੭੫ ਸਿੰਘਾਂ ਦੇ ਇਕ ਜਥੇ ਦੇ ਜਥੇਦਾਰ ਬਣਕੇ ਗੁਰੂ ਕੇ ਬਾਗ ਗਏ। ਉਸ ਜਥੇ ਪਰ ਲਾਠੀ ਚਾਰਜ ਹੋਇਆ। ਜਥੇ ਦੇ ਜ਼ਖਮੀ ਸਿੰਘਾਂ ਨੂੰ ਅੰਮ੍ਰਿਤਸਰ ਲਿਆਂਦਾ ਗਿਆ। ਦੂਜੀ ਵੇਰ ੧੩੦ ਦਾ ਜਥਾ ਲੈਕੇ ਫਿਰ ਗੁਰੂ ਕੇ ਬਾਗ ਵਿਚ ਗਏ। ਉਸ ਮੌਕੇ ਆਪ ਨੂੰ ਗ੍ਰਿਫਤਾਰ ਕਰਕੇ ਡੇਢ ਸਾਲ ਕੈਦ ਦੀ ਸਜ਼ਾ ਦਿਤੀ ਗਈ। ਉਸ ਕੈਦ ਵਿਚ ਆਪ ਬੋਰਸਟਲ ਜੇਹਲ ਲਾਹੌਰ ਵਿਚ ਰਹੇ।

੧੯੨੪ ਵਿਚ ਜੈਤੋ ਦੇ ਮੋਰਚੇ ਸਮੇਂ ਜਥੇ: ਹੁਸ਼ਨਾਕ ਸਿੰਘ ਤਖਤ ਕੇਸ ਗੜ੍ਹ ਆਨੰਦਪੁਰ ਦੇ ਜਥੇਦਾਰ ਸਨ।



Digitized by Panjab Digital Library | www.panjabdigilib.org

੧ ਜੂਨ ੧੯੨੪ ਨੂੰ ਆਪਨੇ ਤਖਤ ਕੇਸ ਗੜ੍ਹ ਤੋਂ ਦੁਆਬੇ ਦੇ ਪੰਜ ਸੌ ਸਿੰਘਾਂ ਦਾ ਦੂਜਾ ਸ਼ਹੀਦੀ ਜਥਾ ਰਵਾਨਾ ਕੀਤਾ। ਉਸ ਜਥੇ ਵਿਚ ਹੁਸ਼ਿਆਰ ਪੁਰ ਜਲੰਧਰ ਦੇ ੨੫੨, ਕਪੂਰਥਲੇ ਦੇ ੧੦੦ ਸਿੰਘ ਤੇ ਕੁਝ ਅੰਬਾਲੇ ਦੇ ਸਨ।

ਜ: ਪ੍ਰਤਾਪ ਸਿੰਘ ਖੁਰਦ ਪਰ ਜਥੇ ਦੇ ਹੈਡ ਜਥੇਦਾਰ, ਸ: ਜਵਾਹਰ ਸਿੰਘ ਧਾਲੀਵਾਲ ਜਥੇਦਾਰ, ਸ: ਠੋਹਲਾ ਸਿੰਘ ਪਿੰਡ ਬਾਘੇ ਜ਼ਿਲਾ ਹੁਸ਼ਿਆਰਪੁਰ ਮੀਤ ਜਥੇਦਾਰ ਸਨ।*

ਇਸ ਜਥੇ ਨੂੰ ਤਖਤ ਕੇਸ ਗੜ੍ਹ ਸਾਹਿਬ ਦੇ ਹਜ਼ੂਰ ਸ਼ਾਂਤਮਈ ਕੁਰਬਾਨੀਦੀ ਪ੍ਰਤੱਗਿਆ ਲੈਕੇ ਜਥੇਦਾਰ ਹੁਸ਼ਨਾਕ ਸਿੰਘ ਨੇ ਵਿਦਾ ਕੀਤਾ।ਇਹ ਜਥਾ ੧ ਜੁਲਾਈ ੧੯੨੪ ਨੂੰ ਜੈਤੋ ਪੁਜਾ। ਗ੍ਰਿਫਤਾਰ ਤੇ ਕੈਦ ਕਰਕੇ ਨਾਭੇ ਜੇਹਲ ਵਿਚ ਭੇਜ ਦਿਤਾ ਗਿਆ।

ਜਥੇਦਾਰ ਜੀ ਅਕਾਲੀ ਜਥਾ ਹੁਸਿਆਰਪੁਰ ਤੇ ਤਖਤ ਕੇਸ ਗੜ੍ਹ ਦੇ ਜਥੇਦਾਰ ਰਹਿਣ ਦੇ ਨਾਲ ਜ਼ਿਲਾ ਕਾਂਗਰਸ ਕਮੇਟੀ ਹੁਸ਼ਿਆਰਪੁਰ ਦੇ ਵੀ ਪ੍ਰਧਾਨ ਰਹੇ ਹਨ।

੧੯੨੭-੨੮ ਵਿਚ ਕਾਂਗਰਸ ਵਿਚ ਦੇਸ਼ ਦੀ ਆਜ਼ਾਦੀ ਖਾਤਰ ਸੇਵਾ ਕਰਦਿਆਂ ਆਪ ਨੂੰ ਦੋ ਸਾਲ ਕੈਦ ਦੀ ਸਜ਼ਾ ਹੋਈ। ਇਹ ਕੈਦ ਆਪ ਨੇ ਅਟਕ ਜੇਹਲ ਤੇ ਸੰਟ੍ਰਲ ਜੇਹਲ ਮੁਲਤਾਨ ਵਿਚ ਕਟੀ। ਆਪ ਕਈ ਸਾਲ ਸ਼ਰੋਮਣੀ ਕਮੇਟੀ ਦੇ ਮੈਂਬਰ ਰਹ ਹਨ।

---

*ਜਥੇਦਾਰ ਠੋਹਲਾ ਸਿੰਘ ਸ਼ਰੋਮਣੀ ਕਮੇਟੀ ਤੇ ਗੁਰ: ਕਮੇਟੀ ਕੀਰਤ ਪੁਰ ਦੇ ਕਈ ਸਾਲ ਮੈਂਬਰ, ਅਕਾਲੀ ਜਥੇ ਦੇ ਜਥੇਦਾਰ ਤੇ ਕਾਂਗਰਸ ਦੇ ਮੁਖੀ ਰਹੇ ਹਨ। ਆਪ ਮੌਜੂਦ ਹਨ।



Digitized by Panjab Digital Library | www.panjabdigilib.org

ਜਥੇਦਾਰ ਜੀ ੧੯੪੫-੪੬ ਵਿਚ ਸ਼ਰੋਮਣੀ ਕਮੇਟੀ ਦੇ ਮੈਂਬਰ ਰਹੇ ਹਨ। ਬੜੇ ਡ੍ਰਟਣ ਵਾਲੇ ਹਨ। ੧੯੫੩ ਵਿਚ ਸ ਪ੍ਰੀਤਮ ਸਿੰਘ ਖੁੜੰਜ ਸ਼ਰੋਮਣੀ ਕਮੇਟੀ ਦੇ ਪ੍ਰਧਾਨ ਸਨ। ਲੇਖਕ (ਗਿਆਨੀ ਪ੍ਰਤਾਪ ਸਿੰਘ) ਸ੍ਰੀ ਅਕਾਲ ਤਖਤ ਸਾਹਿਬ ਤੇ ਮਾਸਟਰ ਅਜੀਤ ਸਿੰਘ ਅੰਬਾਲਵੀ ਤਖਤ ਕੇਸ ਗੜ੍ਹ ਅਨੰਦਪੁਰ ਦੇ ਜਥੇਦਾਰ ਸਨ। ਸਾਨੂੰ ਜਨਰਲ ਕਮੇਟੀ ਨੇ ਨੀਯਤ ਕੀਤਾ ਸੀ।

ਸ਼ਰੋਮਣੀ ਕਮੇਟੀ ਦੀ ਅੰਤਰਿੰਗ ਕਮੇਟੀ ਨੇ ਸਾਨੂੰ ਇਕ ਦੂਜੇ ਦੀ ਥਾਂ ਤਬਦੀਲ ਕਰਨ ਦਾ ਫੈਸਲਾ ਕੀਤਾ। ਦੂਸਰੇ ਨਿਯਮ ਵਿਚ ਤਬਦੀਲੀ ਕਰਕੇ ਮੈਨੇਜਰਾਂ ਦੇ ਅਧੀਨ ਕਰ ਦਿਤਾ। ਇਹ ਗਲ ਗੁਰਦਵਾਰਾ, ਜੁਡੀਸ਼ਲ ਕਮੀਸ਼ਨ ਦੇ ਪੇਸ਼ ਹੋਈ। ਉਸ ਕੇਸ ਵਿਚ ਜਥੇ: ਹੁਸ਼ਨਾਕ ਸਿੰਘ ਨੇ ੧੮ ਅਗਸਤ ੧੯੫੩ ਨੂੰ ਬੜੀ ਦਲੇਰੀ ਤੇ ਦ੍ਰਿੜਤਾ ਨਾਲ ਗਵਾਹੀ ਦਿੰਦੇ ਹੋਏ ਕਿਹਾ—

'ਅਕਾਲ ਤਖਤ ਤੇ ਕੇਸ ਗੜ੍ਹ ਦੇ ਜਥੇਦਾਰਾਂ ਦੀ ਖਾਸ ਪੋਜ਼ੀਸ਼ਨ ਹੈ। ਗੁਰਦਵਾਰਾ ਐਕਟ ਅਨੁਸਾਰ ਇਹ ਸ਼ਰੋਮਣੀ ਕਮੇਟੀ ਦੇ ਐਕਸ ਆਫੀਸ਼ੋ ਦੇ ਮੈਂਬਰ ਹੁੰਦੇ ਹਨ। ਜਥੇਦਾਰ ਮੋਹਨ ਸਿੰਘ ਨਾਗੋਕੇ ਜਥੇਦਾਰ ਅਕਾਲ ਤਖਤ ੧੯੪੪ ਤੋਂ ੧੯੪੮ ਤੀਕ ਤਖਤ ਸਾਹਿਬ ਦੇ ਜਥੇਦਾਰ ਤੇ ਸ਼ਰੋਮਣੀ ਕਮੇਟੀ ਦੇ ਪ੍ਰਧਾਨ ਵੀ ਰਹੇ ਹਨ। ਇਸ ਲਈ ਇੰਨਾਂ ਨੂੰ ਜਨਰਲ ਕਮੇਟੀ ਦੀ ਪ੍ਰਵਾਨਗੀ ਬਿਨਾਂ ਨਾ ਬਦਲਿਆ ਜਾ ਸਕਦਾ ਹੈ। ਨਾਂ ਹੀ ਮੈਨੇਜਰਾਂ ਦੇ ਅਧੀਨ ਕਰਨਾ ਚਾਹੀਦਾ ਹੈ।

ਜਥੇਦਾਰ ਜੀ ਜ਼ਿਲਾ ਹੁਸ਼ਿਆਰਪੁਰ ਦੇ ਪੁਰਾਣੇ ਅਕਾਲੀ ਮੁਖੀਆਂ ਵਿਚੋਂ ਸਨ।

o



Digitized by Panjab Digital Library | www.panjabdigilib.org

## ਅਕਾਲੀ ਲਹਿਰ ਤੇ ਜੰਗਿ-ਆਜ਼ਾਦੀ ਦੇ ਮੁਖੀ

# ਸ: ਈਸ਼ਰ ਸਿੰਘ ਮਝੈਲ

ਸ: ਈਸ਼ਰ ਸਿੰਘ ਮਝੈਲ ਨੇ ਅਕਾਲੀ ਲਹਿਰ ਦੇ ਹਰ ਮੋਰਚੇ ਵਿਚ ਵਧ ਚੜ੍ਹਕੇ ਕੁਰਬਾਨੀ ਕੀਤੀ ਅਤੇ ਦੇਸ਼ ਦੀ ਆਜ਼ਾਦੀ ਦੀ ਲਹਿਰ ਵਿਚ ਵਧ ਚੜ੍ਹਕੇ ਹਿੱਸਾ ਪਾਇਆ। ਗੁਰਦਵਾਰਾ ਪ੍ਰਬੰਧ ਨੂੰ ਚੰਗੇ ਢੰਗ ਨਾਲ ਚਲਾਉਣ ਦਾ ਜਤਨ ਕੀਤਾ ਹੈ। ੧੯੪੭ ਦੇ ਪਾਕਿਸਤਾਨੀ ਘਲੂਘਾਰੇ ਸਮੇਂ ਬੜੀ ਦਲੇਰੀ ਨਾਲ ਅਗਵਾਈ ਕੀਤੀ ਤੇ ਆਜ਼ਾਦੀ ਦੇ ਬਾਅਦ ਪੰਜਾਬ ਦੀ ਰਾਜਨੀਤੀ ਵਿਚ ਬੜਾ ਅਹਿਮ, ਰੋਲ ਅਦਾ ਕੀਤਾ ਹੈ। ਕਈ ਵਡੀਆਂ ਪਦਵੀਆਂ ਤੇ ਸੇਵਾ ਕੀਤੀ ਹੈ।

ਆਪ ਬਹੁਤ ਸਿਆਣੇ, ਕੌਮ ਅਤੇ ਦੇਸ਼ ਦਾ ਦਰਦ ਰਖਣ ਰਖਣ ਵਾਲੇ ਸਜਣ ਹਨ। ਚੰਗੇ ਲਿਖਾਰੀ ਅਤੇ ਸੋਹਣਾ ਬੋਲਣ ਵ੍ਹਾਲੇ,ਆਹਲਾ ਦਰਜੇ ਦੇ ਮੁਬਾਹਿਸ, ਹਸਮੁਖ, ਮਿਲਣਸਾਰ. ਗੁਰਸਿਖੀ ਪਰ ਅਟੁਟ ਸ਼ਰਧਾ ਅਤੇ ਦੇਸ਼ ਦਾ ਪਿਆਰ ਰਖਣ ਵਾਲੇ. ਕਿਸੇ ਮੁਸੀਬਤ ਸਮੇਂ ਦ੍ਰਿੜਤਾ ਨਾਲ ਉਸਦਾ ਟਾਕਰਾ ਕਰਨ ਵਾਲੇ, ਦੇਸ਼ ਭਗਤ ਤੇ ਅਗਾਂਹ ਵਧੂ ਹਨ।



Digitized by Panjab Digital Library | www.panjabdigilib.org

ਅਸੀਂ ਸ: ਈਸ਼ਰ ਸਿੰਘ ਮਝੈਲ ਦਾ ਸੰਖੇਪ ਜੀਵਨ, ਅਕਾਲੀ ਲਹਿਰ ਤੇ ਜੰਗਿ ਅ ਜਾਦੀ ਵਿਚ ਉਨਾਂ ਦੀਆਂ ਕੀਤੀਆਂ ਕੁਰਬਾਨੀਆਂ ਤੇ ਲੋਕ ਸੇਵਾ ਦੇ ਕੰਮਾਂ ਦਾ ਸੰਖੇਪ ਵਰਣਨ ਕਰਦੇ ਹਾਂ।

ਸ: ਈਸ਼ਰ ਸਿੰਘ ਮਝੈਲ ਦਾ ਜਨਮ ਜਨਵਰੀ ੧੯੦੧ ਵਿਚ ਸਰਾਏ ਅਮਾਨਤ ਖਾਂ ਜ਼ਿਲਾ ਅੰਮ੍ਰਿਤਸਰ ਵਿਚ ਸ: ਆਸਾ ਸਿੰਘ ਦੇ ਘਰ ਮਾਤਾ ਬਸੰਤ ਕੌਰ ਤੋਂ ਹੋਇਆ । ਆਪ ਤੇ ਪਿਤਾ ਜ਼ਿਮੀਦਾਰ ਸਨ ਅਤੇ ਖੇਤੀ ਬਾੜੀ ਦਾ ਕੰਮ ਕਰਦੇ ਸਨ ।ਮਾਤਾ ਜੀ ਬੜੇ ਧਾਰਮਿਕ ਵਿਚਾਰਾਂ ਦੇ ਗੁਰਬਾਣੀ ਦੇ ਨਿਤਨੇਮੀ ਅਤੇ ਸਿਖੀ ਸਿਦਕ ਵਾਲੇ ਸਨ । ਉਨਾਂ ਦੇ ਵਿਚਾਰਾਂ ਅਤੇ ਸੰਸਕਾਰਾਂ ਦਾ ਪ੍ਰਭਾਵ ਬਚਪਨ ਵਿਚ ਸ: ਈਸ਼ਰ ਸਿੰਘ ਤੇ ਬਹੁਤ ਪਿਆ । ਢਾਈ ਸਾਲ ਦੀ ਉਮਰ ਦੇ ਸਨ ਕਿ ਆਪਦੇ ਪਿਤਾ ਸ:ਆਸਾ ਸਿੰਘ ਜਾਵਾ ਸਮਾਟਰਾ ਚਲੇ ਗਏ । ਉਹ ਮਦਾਨ ਵਿਚ ਰਹਿੰਦੇ ਤੇ ਕਾਰੋਬਾਰ ਕਰਦੇ ਸਨ । ਕੁਝ ਚਿਰ ਬਾਅਦ ਉਥੇ ਹੀ ਉਨਾਂ ਦਾ ਦੇਹਾਂਤ ਹੋ ਗਿਆ । ਮਾਤਾ ਜੀ ਦੀ ਨਿਗਰਾਨੀ ਹੇਠ ਆਪ ਦੀ ਪ੍ਰਵਰਿਸ਼ ਤੇ ਸਿਖਿਆ ਹੋਈ ।

ਸ: ਈਸ਼ਰ ਸਿੰਘ ਨੇ ਪ੍ਰਾਇਮਰੀ ਪਿੰਡ ਦੇ ਸਕੂਲ ਵਿਚੋਂ ਪਾਸ ਕੀਤੀ । ਝਬਾਲ ਦੇ ਐਂਗਲੋ ਵਰਨੈਕੂਲਰ ਸਕੂਲ ਵਿਚ ਜੂਨੀਅਰ ਵਿਚ ਦਾਖਲ ਹੋਏ । ਬੀਮਾਰ ਹੋਣ ਕਰਕੇ ਇਕ ਸਾਲ ਪੜ੍ਹਾਈ ਛਡ ਦਿਤੀ ਅਤੇ ਪਿੰਡ ਵਿਚ ਹੀ ਰਹੇ । ਅਗਲੇ ਸਾਲ ਵਰਨੈਕੂਲਰ ਮਿਡਲ ਸਕੂਲ ਭਡਾਣਾ, ਜੋ ਜ਼ਿਲਾ ਅੰਮ੍ਰਿਤਸਰ ਦੇ ਨਾਲ ਲਗਦਾ ਹੈ, ਵਿਚ ਦਾਖਲ ਹੋਏ, ਪਰ ਉਥੇ ਆਪ ਪੜ੍ਹ ਨਹੀਂ ਸਕੇ ।

ਉਨ੍ਹਾਂ ਦਿਨਾਂ ਵਿਚ ਬਾਬਾ ਇੰਦਰ ਸਿੰਘ ਮਾਲਵਾ ਖਾਲਸਾ ਹਾਈ ਸਕੂਲ ਲੁਧਿਆਣਾ ਵਿਚ ਟੀਚਰ ਸਨ । ਉਨਾਂ ਦੀ ਪ੍ਰੇਰਨਾ ਨਾਲ ਆਪ ਜੂਨੀਅਰ ਕਲਾਸ ਵਿਚ ਦਾਖਲ ਹੋਏ । ਉਥ



Digitized by Panjab Digital Library | www.panjabdigilib.org

ਜੂਨੀਅਰ ਪਾਸ ਕੀਤੀ। ਖਾਲਸਾ ਹਾਈ ਸਕੂਲ ਅੰਬਾਲਾ ਦੇ ਹੈਡਮਾਸਟਰ ਸ: ਹਰਭਜਨ ਸਿੰਘ ਮਾਲਵਾ ਖਾਲਸਾ ਹਾਈ ਸਕੂਲ ਦੇ ਹੈਡਮਾਸਟਰ ਲਗ ਗਏ। ਉਨਾਂ ਦੀ ਪ੍ਰਰਨਾ ਨਾਲ ਆਪ ਸੀਨੀਅਰ ਤੇ ਨੌਵੀਂ ਜਮਾਤ ਪਾਸ ਕਰਨ ਲਈ ਮਾਲਵਾ ਖਾਲਸਾ ਹਾਈ ਸਕੂਲ ਲੁਧਿਆਣਾ ਵਿਚ ਦਾਖਲ ਹੋਏ। ਸਨ ੧੯੨੨ ਵਿਚ ਮੈਟਰਿਕ ਪਾਸ ਕੀਤੀ। ਮਾਝੇ ਦਾ ਹੋਣ ਕਰਕੇ ਖਲਸਾ ਸਕੂਲ ਵਿਚ ਆਪ ਦੀ ਅੱਲ 'ਮਝੈਲ' ਪੈ ਗਈ।

ਮੈਟਰਿਕ ਪਾਸ ਕਰਨ ਦੇ ਬਾਹਦ ਮਿਡਲ ਸਕੂਲ ਕੋਕਰੀ ਕਲਾਂ ਜ਼ਿਲਾ ਫਰੋਜ਼ ਪੁਰ ਵਿਚ ਆਪ ਨੂੰ ਟੀਚਰ ਦੀ ਪੋਸਟ ਮਿਲ ਗਈ। ਪਰ ਆਪ ਨੇ ਨੌਕਰੀ ਪ੍ਰਵਾਨ ਨਾ ਕੀਤੀ ਕੁਦਰਤ ਨੂੰ ਇਹ ਮਨਜ਼ੂਰ ਸੀ ਕਿ ਸ: ਈਸ਼ਰ ਸਿੰਘ ਮਝੈਲ ਇਕ ਲੀਡਰ ਬਣਕੇ ਕੌਮ ਅਤੇ ਦੇਸ਼ ਦੀ ਸੇਵਾ ਕਰਦੇ। ਇਸ ਲਈ ਉਹ ਮਿਡਲ ਸਕੂਲ ਵਿਚ ਟੀਚਰ ਕਿਵੇਂ ਬਣਦੇ ?

ਦੇਸ਼ ਵਿਚ ਆਜ਼ਾਦੀ ਦੀ ਲਹਿਰ ਅਤੇ ਪੰਜਾਬ ਵਿਚ ਗੁਰਦਵਾਰਾ ਸੁਧਾਰ ਅਰਥਾਤ ਅਕਾਲੀ ਲਹਿਰ ਜ਼ੋਰ ਨਾਲ ਚਲ ਰਹੀ ਸੀ। ਅਗਸਤ ੧੯੨੨ ਵਿਚ ਗੁਰੂ ਕੇ ਬਾਗ ਦਾ ਮੋਰਚਾ ਲਗ ਗਿਆ। ਸ: ਈਸ਼ਰ ਸਿੰਘ ਲੁਧਿਆਣੇ ਦੇ ਜਥੇ ਨਾਲ ਅੰਮ੍ਰਿਤਸਰ ਆ ਗਏ ਅਤੇ ਗੁਰੂ ਕੇ ਬਾਗ ਦੇ ਮੋਰਚੇ ਵਿਚ ਸ਼ਾਮਲ ਹੋਏ। ਪੁਲੀਸ ਨੇ ਆਪਨੂੰ ਗ੍ਰਿਫਤਾਰ ਕਰਕੇ ਮਜਿਸਟਰੇਟ ਦੇ ਪੇਸ਼ ਕੀਤਾ। ਉਸ ਨੇ ਛੇ ਮਹੀਨੇ ਦੀ ਸਜ਼ਾ ਦਿਤੀ। ਕੈਂਬਲਪੁਰ ਜੇਹਲ ਵਿਚ ਭੇਜ ਦਿਤੇ ਗਏ। ਕੁਝ ਦਿਨ ਪਿਛੋਂ ਸਰਕਾਰ ਨੇ ਸਰ ਗੰਗਾ ਰਾਮ ਨੂੰ ਵਿਚ ਪਾਕੇ ਗੁਰੂ ਕੇ ਬਾਗ ਦਾ ਮੋਰਚਾ ਖਤਮ ਕਰ ਦਿਤਾ। ਅੰਮ੍ਰਿਤਸਰ ਵਿਚ ਹੋਏ ਫਿਰਕੂ ਫਸਾਦਾਂ ਵਿਚ ਸ਼ਰੋਮਣੀ ਕਮੇਟੀ ਵਲੋਂ ਅਮਨ ਕਾਇਮ ਰਖਣ ਦੀ ਆੜ ਵਿਚ ਸਰਕਾਰ ਨੇ ਅਕਾਲੀ ਕੈਦੀਆਂ ਨੂੰ ਰਿਹਾ ਕਰਨ ਦਾ ਫੈਸਲਾ ਕਰ ਦਿਤਾ। ਸ: ਈਸ਼ਰ ਸਿੰਘ ਮਝੈਲ ਪਹਿਲੀ ਵੇਰ ਤਿੰਨ ਮਹੀਨੇ ਕੈਦ ਕਟ ਕੇ ਰਿਹਾ ਹੋਏ।



Digitized by Panjab Digital Library | www.panjabdigilib.org

ਕੈਂਬਲ ਪੁਰ ਜੇਹਲ ਤੋਂ ਨੌਂ ਸੌ ਸਿੰਘ ਰਿਹਾ ਹੋਏ। ਮਝੈਲ ਜੀ ਉਨਾਂ ਦੇ ਨਾਲ ਸਨ। ਜੇਹਲ ਵਲੋਂ ਸਿੰਘਾਂ ਨੂੰ ਅੰਮ੍ਰਿਤਸਰ ਦੇ ਟਿਕਟ ਦਿਤੇ ਗਏ।ਉਹਪਰ ਰਸਤੇ ਵਿਚ ਪੰਜੇ ਸਾਹਿਬ ਦੇ ਦਰਸ਼ਨ ਕਰਨ ਲਈ ਉਤਰ ਪਏ। ਰੇਲਵੇ ਵਾਲਿਆਂ ਇਤਰਾਜ਼ ਕੀਤਾ। ਇਸ ਪਰ ਸ: ਤ੍ਰਲੋਕ ਸਿੰਘ ਮੈਨੇਜਰ ਪੰਜਾ ਸਾਹਿਬ ਨੇ ਰਿਹਾ ਹੋਏ ਸਿੰਘਾਂ ਨੂੰ ਗਡੀ ਦੇ ਨਵੇਂ ਟਿਕਟ ਲੈ ਕੇ ਦਿਤੇ। ਪਰ ਜਦ ਉਹ ਪੰਜੇ ਸਾਹਿਬ ਤਾਂ ਰਾਵਲਪਿੰਡੀ ਪੁਜੇ, ਪੁਲੀਸ ਨੇ ਸਟੇਸ਼ਨ ਉਤੇ ਉਨਾਂ ਦੇ ਪੁਰਾਣ ਟਿਕਟ ਖੋਹ ਲਏ ਤੇ ਮਾਰ ਕੁਟਾਈ ਕੀਤੀ। ਘੋੜ ਸੁਆਰ ਪੁਲੀਸ ਨੇ ਸਿੰਘਾਂ ਨੂੰ ਲਤਾੜਿਆ, ਜਿਸ ਕਰਕੇ ਕਈ ਸਿੰਘ ਜ਼ਖਮੀ ਹੋ ਗਏ। ਸ਼ਰੋਮਣੀ ਕਮੇਟੀ ਵਲੋਂ ਜ਼ਖਮੀਆਂ ਦੀ ਸੇਵਾ ਸੰਭਾਲ ਲਈ ਰਾਵਲਪਿੰਡੀ ਵਿਚ ਕੈਂਪ ਜਾਰੀ ਕੀਤਾ ਗਿਆ। ਕਈ ਦਿਨ ਉਹ ਕੈਂਪ ਕਾਇਮ ਰਿਹਾ। ਸ: ਈਸ਼ਰ ਸਿੰਘ ਨੇ ਸ੍ਰੀ ਗੁਰੂ ਸਿੰਘ ਸਭਾ ਰਾਵਲਪਿੰਡੀ ਵਿਚ ਲੈਕਚਰ ਦੇਕੇ ਜਨਤਾ ਦੇ ਸਾਹਮਣੇ ਜਥੇ ਦੀ ਸਹੀ ਪੋਜ਼ੀਸ਼ਨ ਰਖੀ। ਕੁਝ ਦਿਨ ਬਾਅਦ ਜਥੇ ਨਾਲ ਆਪ ਅੰਮ੍ਰਿਤਸਰ ਆ ਗਏ। ਆਪ ਸ਼ਰੋਮਣੀ ਕਮੇਟੀ ਦੀ ਪ੍ਰਚਾਰ ਬ੍ਰਾਂਚ ਵਿਚ ਸਾਮਲ ਹੋ ਗਏ।

੯ ਜੁਲਾਈ ੧੯੨੩ ਨੂੰ ਸਰਕਾਰ ਅੰਗਰੇਜ਼ੀ ਨੇ ਮਹਾਰਾਜਾ ਰਿਪਦੁਮਨ ਸਿੰਘ ਨਾਭਾ ਨੂੰ ਗਦੀਓਂ ਲਾਹ ਦਿਤਾ। ਇਸ ਦੇ ਵਿਰੁਧ ਸਿਖਾਂ ਨੂੰ ਰੋਸ ਪ੍ਰਗਟ ਕੀਤਾ। ਜੈਤੋ ਵਿਚ ਸਤਿਆਗ੍ਰਹਿ ਸ਼ੁਰੂ ਹੋ ਗਿਆ। ਸਰਕਾਰ ਨੇ ਸ਼ਰੋਮਣੀ ਕਮੇਟੀ ਤੇ ਅਕਾਲੀ ਦਲ ਨੂੰ ਕਾਨੂੰਨ ਵਿਰੁਧ ਕਰਾਰ ਦਿਤਾ। ੧੯੨੪ ਵਿਚ ਮਝੈਲ ਜੀ ਨੂੰ ਜੈਤੋ ਦੇ ਮੋਰਚੇ ਦੇ ਸਿਲਸਿਲੇ ਵਿਚ ਗ੍ਰਿਫਤਾਰ ਕੀਤਾ ਗਿਆ ਤੇ ਦੋ ਸਾਲ ਕੈਦ ਸਖਤ ਦੀ ਸਜ਼ਾ ਦਿਤੀ। ਇਹ ਸਜ਼ਾ ਆਪਨੇ ਪੂਰੀ ਕਟੀ।

ਸਨ ੧੯੨੭ ਵਿਚ ਬਾਬਾ ਵਸਾਖਾ ਸਿੰਘ ਜੀ ਦੇਸ਼ ਭਗਤ ਪ੍ਰਵਾਰ ਸਹਾਇਕ ਕਮੇਟੀ ਦੀ ਉਗਰਾਹੀ ਲਈ ਬਰਮਾ ਗਏ।ਉਨਾਂ



Digitized by Panjab Digital Library | www.panjabdigilib.org

ਨਾਲ ਮਝੈਲ ਜੀ ਵੀ ਸਨ।

ਅਕਤੂਬਰ ੧੯੨੭ ਵਿਚ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵਲੋਂ ਸ਼ਹੀਦ ਸਿਖ ਮਿਸ਼ਨਰੀ ਕਾਲਜ ਜਾਰੀ ਕੀਤਾ ਗਿਆ, ਜਿਸਦੇ ਪ੍ਰਿੰਸੀਪਲ ਸਵਰਗੀ ਪ੍ਰੋਫੈਸਰ ਗੰਗਾ ਸਿੰਘ ਜੀ ਸਨ। ਸ: ਈਸ਼ਰ ਸਿੰਘ ਨੇ ਦੋ ਸਾਲ ਲਾ ਕੇ ਮਿਸ਼ਨਰੀ ਕਾਲਜ ਦਾ ਕੋਰਸ ਪਾਸ ਕੀਤਾ।

ਸ: ਈਸ਼ਰ ਸਿੰਘ ਚੋਟੀ ਦੇ ਪ੍ਰਚਾਰਕ ਹਨ। ਪਰ ਆਪਨੂੰ ਜਥੇਦਾਰ ਊਧਮ ਸਿੰਘ ਜੀ ਨੇ ਰਾਜਨੀਤਕ ਖੇਤਰ ਵਿਚ ਕੰਮ ਕਰਨ ਦੀ ਪ੍ਰੇਰਨਾ ਕੀਤੀ। ੧੯੩੦ ਵਿਚ ਜ਼ਿਲਾ ਅੰਮ੍ਰਿਤਸਰ ਵਿਚ ਕਿਸਾਨਾਂ ਦਾ ਮਾਲੀਆ ਘਟਾਉਣ ਦੀ ਲਹਿਰ ਜਾਰੀ ਹੋਈ, ਉਸ ਵਿਚ ਹਿਸਾ ਲੈਣ ਲਈ ਮਝੈਲ ਜੀ ਨੂੰ ਛੇ ਮਹੀਨੇ ਕੈਦ ਦੀ ਸਜ਼ਾ ਹੋਈ। ਉਸ ਨਾਲ ਕੈਂਬਲਪੁਰ ਜੇਹਲ ਵਿਚ ਅਖਬਾਰ ਰਖਣ ਦੇ ਜੁਰਮ ਵਿਚ ਇਕ ਸਾਲ ਕੈਦ ਮਹਿਜ਼ ਦੀ ਸਜ਼ਾ ਵੀ ਦਿਤੀ ਗਈ।

੧੯੩੬ ਵਿਚ ਸ਼ਹੀਦ ਗੰਜ ਐਜੀਟੇਸ਼ਨ ਮੌਕੇ ਆਪ ਨੇ ਬੜਾ ਕੰਮ ਕੀਤਾ। ੧੯੩੭ ਵਿਚ ਜੰਡਿਆਲਾ ਸ਼ੇਰ ਖਾਂ ਜ਼ਿਲਾ ਸ਼ੇਖੂਪੁਰਾ ਵਿਚ ਮੁਸਲਮਾਨਾਂ ਨੇ ਝਟਕੇ ਦੇ ਕਾਰਨ ਝਗੜਾ ਕੀਤਾ। ਜੰਡਿਆਲੇ ਵਿਚ ਭਾਰੀ ਦੀਵਾਨ ਹੋਇਆ, ਜਿਸਦੇ ਪ੍ਰਧਾਨ ਸ: ਖੜਕ ਸਿੰਘ ਜੀ ਸਨ। ਉਸ ਵਿਚ ਮਾਸਟਰ ਤਾਰਾ ਸਿੰਘ, ਗਿ: ਸ਼ੇਰ ਸਿੰਘ, ਸ: ਅਮਰ ਸਿੰਘ ਐਡੀਟਰ ਸ਼ੇਰੇ ਪੰਜਾਬ, ਜ: ਮੋਹਨ ਨਾਗੋਕੇ, ਸ: ਈਸਰ ਸਿੰਘ ਮਝੈਲ ਤੇ ਲੇਖਕ ( ਗਿ: ਪ੍ਰਤਾਪ ਸਿੰਘ ) ਸ਼ਾਮਲ ਸਨ। ਜੰਡਿਆਲੇ ਦੇ ਮੁਸਲਮਾਨਾਂ ਨੇ ਸਿਖਾਂ ਦੇ ਜਲੂਸ ਵਿਚੋਂ ਦੋ ਸਿੰਘਾਂ ਪਰ ਬਰਛੀਆਂ ਨਾਲ ਮਾਰੂ ਹਮਲਾ ਕੀਤਾ। ਜਲੂਸ ਵਿਚ ਕੁਝ ਗੜ ਬੜ ਪੈਦਾ ਹੋ ਗਈ। ਉਸ ਮੌਕੇ ਸ: ਈਸ਼ਰ ਸਿੰਘ ਮਝੈਲ ਤੇ ਜਥੇਦਾਰ ਮੋਹਨ ਸਿੰਘ ਨਾਗੋਕੇ ਨੇ ਮੰਡਾਸੇ ਮਾਰ ਕੇ ਕ੍ਰਿਪਾਨਾਂ ਲੈ ਕੇ ਜ਼ਖਮੀ ਸਿੰਘਾਂ ਨੂੰ ਲਿਆਂਦਾ ਤੇ ਮੁਸਲਮਾਨ ਹਮਲਾਵਰਾਂ ਨੂੰ ਨਠਾ ਦਿਤਾ। ਇਹ ਘਟਨਾ ਅਸੀਂ ਅੱਖੀਂ



Digitized by Panjab Digital Library | www.panjabdigilib.org

ਵੇਖੀ ਹੈ ਅਤੇ ਮਝੈਲ ਜੀ ਦੀ ਦਲੇਰੀ ਦੀ ਇਕ ਅਭੁਲ ਯਾਦ ਹੈ।

ਸਨ ੧੯੩੮ ਵਿਚ ਸਿਖ ਨੈਸ਼ਨਲ ਕਾਲਜ ਲਾਹੌਰ ਕਾਇਮ ਕੀਤਾ ਗਿਆ। ਮਝੈਲ ਜੀ ਕਾਲਜ ਕਮੇਟੀ ਦੇ ਸਕਤਰ ਸਨ। ਉਸ ਸਮੇਂ ਆਪ ਨੇ ਆਪਣੇ ਇਲਾਕੇ ਦੇ ਨਗਰ ਗੰਡੀਵਿੰਡ ਵਿਚ ਖਾਲਸਾ ਹਾਈ ਸਕੂਲ ਕਾਇਮ ਕੀਤਾ। ਉਸ ਸਾਲ ਰਾਜਸੀ ਸਰਗਮੀਆਂ ਕਰਕੇ ਆਪ ਨੂੰ ਫਿਰ ਛੇ ਮਹੀਨੇ ਲਈ ਜੇਹਲ ਜਾਣਾ ਪਿਆ।

ਸਤੰਬਰ ੧੯੩੯ ਵਿਚ ਦੂਜੀ ਮਹਾਨ ਜੰਗ ਸ਼ੁਰੂ ਹੋਈ। ਅਕਾਲੀ ਲੀਡਰ ਮਾਸਟਰ ਤਾਰਾ ਸਿੰਘ ਨੇ ਲਾਰਡ ਲਿਨਲਿਥਗੋ ਵਾਇਸਰਾਇ ਹਿੰਦ ਨਾਲ ਮੁਲਾਕਾਤ ਕੀਤੀ ਅਤੇ ਰਾਇ ਬਣਾਈ ਕਿ ਜੰਗ ਵਿਚ ਸਰਕਾਰ ਅੰਗਰੇਜੀ ਦੀ ਮਦਦ ਕਰਨੀ ਚਾਹੀਦੀ ਹੈ। ਜ: ਊਧਮ ਸਿੰਘ ਨਾਗੋਕੇ, ਬਾਬੂ ਲਾਭ ਸਿੰਘ, ਸ: ਈਸ਼ਰ ਸਿੰਘ ਮਝੈਲ, ਸ: ਬਸੰਤ ਸਿੰਘ ਮੋਗਾ ਆਦਿਕ ਕੌਮ ਪ੍ਰਸਤ ਮੁਖੀ ਮਾਸਟਰ ਜੀ ਨਾਲ ਅਸੰਮਤੀ ਰਖਦੇ ਸਨ। ਇਹ ਕਾਂਗਰਸ ਨੀਤੀ ਦੇ ਹਾਮੀ ਸਨ।

ਫਰਵਰੀ ੧੯੪੦ ਵਿਚ ਅਟਾਰੀ ਵਿਚ ਪਹਿਲੀ ਅਕਾਲੀ ਕਾਨਫਰੰਸ ਹੋਈ। ਉਸ ਮੌਕੇ ਪੰਜਾਬ ਵਿਚ ਬੇਲਚਾ ਪਾਰਟੀ ਦੀ ਲਹਿਰ ਚਲ ਰਹੀ ਸੀ। ਉਸਦਾ ਟਾਕਰਾ ਕਰਨ ਲਈ ਜੋ ਅਕਾਲੀ ਕੋਰ ਬਣਾਈ ਗਈ, ਮਝੈਲ ਜੀ ਉਸਦੇ ਮੁਖੀ ਸਨ।

੧੯੪੦–੪੧ ਵਿਚ ਆਪ ਨੂੰ ਸ੍ਰੀ ਦਰਬਾਰ ਸਾਹਿਬ ਕਮੇਟੀ ਦਾ ਪ੍ਰਧਾਨ ਚੁਣਿਆ ਗਿਆ। ਆਪ ਨੇ ਸ੍ਰੀ ਗੁਰੂ ਰਾਮ ਦਾਸ ਲਾਇਬਰੇਰੀ ਤੇ ਇਸਤਰੀਆਂ ਲਈ ਬੇਬੇ ਨਾਨਕੀ ਲਾਇ-ਬਰੇਰੀ ਕਾਇਮ ਕੀਤੀ। ਦੋਵੇਂ ਇਸ ਵਕਤ ਸ਼ਾਨਦਾਰ ਢੰਗ ਨਾਲ ਚਲ ਰਹੀਆਂ ਹਨ। ਆਪ ਸ਼ਰੋਮਣੀ ਕਮੇਟੀ ਦੇ ਪ੍ਰਧਾਨ ਵੀ ਰਹੇ।

੧੯੪੧ ਵਿਚ ਬਟਾਲੇ ਦੀ ਚੋਣ ਵਿਚ ਅਕਾਲੀ ਪਾਰਟੀ



Digitized by Panjab Digital Library | www.panjabdigilib.org

ਤੇ ਸ. ਕ੍ਰਿਪਾਲ ਸਿੰਘ ਮਜੀਠਾ ਦੀ ਟੱਕਰ ਹੋ ਗਈ। ਪਿੰਡ ਰੰਘੜ ਨਗਲ ਵਿਚ ਇਕ ਆਦਮੀ ਮਾਰਿਆ ਗਿਆ। ਜਥੇਦਾਰ ਸੋਹਣ ਸਿੰਘ ਜਲਾਲ ਉਸਮਾ ਤੇ ਮਝੈਲ ਜੀ ਤੇ ਕਤਲ ਦਾ ਕੇਸ ਬਣਿਆ। ਉਸ ਵਿਚ ਆਪ ਬਰੀ ਹੋ ਗਏ।

੧੯੪੨ ਵਿਚ ਜਦ ਕਾਂਗਰਸ ਨੇ 'ਅੰਗਰੇਜ਼ੋ ਨਿਕਲ ਜਾਓ' ਦੀ ਲਹਿਰ ਜਾਰੀ ਕੀਤੀ, ਉਸ ਵਿਚ ਆਪ ਨੂੰ ਡੀਫੈਂਸ ਆਫ ਇੰਡੀਆ ਐਕਟ ਹੇਠ ਜੇਹਲ ਵਿਚ ਬੰਦ ਕੀਤਾ ਗਿਆ।

੧੯੪੪ ਵਿਚ ਸ: ਈਸ਼ਰ ਸਿੰਘ ਦੀ ਪ੍ਰਧਾਨਗੀ ਥਲੇ ਬਾਬੂ ਲਾਭ ਸਿੰਘ ਜੀ ਵਲੋਂ ਅਕਾਲੀ ਜਥਾ ਜ਼ਿਲਾ ਜਲੰਧਰ ਦੀ ਸਿਲਵਰ ਜੁਬਲੀ ਮਨਾਉਣ ਲਈ ਜੰਡਿਆਲਾ ਜ਼ਿਲਾ ਜਲੰਧਰ ਵਿਚ ਇਕ ਸ਼ਾਨਦਾਰ ਕਾਨਫਰੰਸ ਹੋਈ।

੧੯੪੬ ਵਿਚ ਆਪ ਪੰਜਾਬ ਅਸੈਂਬਲੀ ਲਈ ਚੁਣੇ ਗਏ। ੧੯੪੭ ਦੀ ਗੜ ਬੜ ਸਮੇਂ ਆਪ ਨੇ ਮੁਸਲਿਮ ਲੀਗੀਆਂ ਦੇ ਹਮਲੇ ਤੋਂ ਅੰਮ੍ਰਿਤਸਰ ਤੇ ਜ਼ਿਲੇ ਨੂੰ ਬਚਾਉਣ ਲਈ ਸ਼ਾਨਦਾਰ ਕੰਮ ਕੀਤਾ।

੧੯੫੨-੫੩ ਵਿਚ ਡਾਕਟਰ ਗੋਪੀ ਚੰਦ ਭਾਰਗਵ ਦੀ ਵਜ਼ਾਰਤ ਵਿਚ ਰਹੇ। ਆਪ ਨੇ ਕੁਝ ਚਿਰ ਭਾਰਤ ਸੇਵਕ ਸਮਾਜ ਦਾ ਕੰਮ ਵੀ ਕੀਤਾ। ੧੯੪੮ ਤੋਂ ਕਈ ਸਾਲ ਰੋਜ਼ਾਨਾ 'ਵਰਤਮਾਨ' ਨੂੰ ਐਡਿਟ ਕੀਤਾ। ੧੯੫੯ ਵਿਚ ਸੰਟ੍ਰਲ ਕੋਓਪਰੇਟਿਵ ਬੈਂਕ ਪਟਿਆਲਾ ਦੇ ਪਰੈਜ਼ੀਡੈਂਟ ਚੁਣੇ ਗਏ। ਇਸ ਵਕਤ ਕਾਂਗਰਸ ਦੇ ਮੈਂਬਰ ਹਨ। ਜ਼ਿਲਾ ਪਟਿਆਲੇ ਵਿਚ ਆਪਣੀ ਫਾਰਮ ਦਾ ਕੰਮ ਕਰਦੇ ਹਨ।

o



Digitized by Panjab Digital Library | www.panjabdigilib.org

## ੨੯

# ਕਵੀ, ਸਾਹਿਤਕਾਰ ਤੇ ਨੀਤੀਵਾਨ

# ਗਿ: ਗੁਰਮੁਖ ਸਿੰਘ ਮੁਸਾਫ਼ਰ

ਜਿਸ ਤਰਾਂ ਕਿਸੇ ਫੂਲ ਵਿਚ ਸੁੰਦਰਤਾ, ਕੋਮਲਤਾ ਤੇ ਸੁਗੰਧੀ ਆਦਿਕ ਕਈ ਗੁਣ ਹੁੰਦੇ ਹਨ, ਇਸੇ ਤਰਾਂ ਕਈ ਪੁਰਸ਼ਾਂ ਦਾ ਜੀਵਨ ਬਹੁਗੁਣੀ ਹੁੰਦਾ ਹੈ। ਗਿਆਨੀ ਗੁਰਮੁਖ ਸਿੰਘ ਮੁਸਾਫਰ ਇਕ ਅਜੇਹੇ ਨੇਤਾ ਹਨ, ਜੋ ਉਚੇ ਦਰਜੇ ਦੇ ਕਵੀ ਤੇ ਸਾਹਿਤਕਾਰ ਹਨ। ਜਿੰਨਾਂ ਨੇ ਅਕਾਲੀ ਲਹਿਰ ਤੇ ਦੇਸ਼ ਦੀ ਆਜ਼ਾਦੀ ਲਈ ਇਕਸਾਰ ਕੁਰਬਾਨੀ ਕੀਤੀ ਹੈ। ਰਾਜਸੀ ਤੌਰ ਤੇ ਉਜਾਗਰ ਹਨ।

ਆਰੰਭਕ ਜੀਵਨ–

ਗਿਆਨੀ ਗੁਰਮੁਖ ਸਿੰਘ ਮੁਸਾਫਰ ਦਾ ਜਨਮ ੧੫ ਜਨਵਰੀ ਸਨ ੧੮੯੯ ਨੂੰ ਪਿੰਡ ਅਧਵਾਲ ਜਿਲਾ ਕੈਂਬਲਪੁਰ ਵਿਚ ਸ: ਸੁਜਾਨ ਸਿੰਘ ਦੇ ਘਰ ਹੋਇਆ। ਆਪ ਤਿੰਨ ਭਰਾ ਹਨ- ਵਡੇ ਮੁਸਾਫਰ ਜੀ, ਇੰਨਾਂ ਤੋਂ ਛੋਟੇ ਸ: ਕਨਹੀਆ ਸਿੰਘ, ਤੀਸਰੇ ਗਿਆਨ ਸਿੰਘ।

ਮੁਸਾਫਰ ਨੇ ਪਿੰਡ ਦੇ ਸਕੂਲ ਵਿਚੋ ਪ੍ਰਾਇਮਰੀ ਪਾਸ



Digitized by Panjab Digital Library | www.panjabdigilib.org

ਕੀਤੀ। ਮਿਡਲ ਤੇ ਨਾਰਮਲ ਕਲਾਸ ਸਰਗੋਧਾ ਕੀਤਾ। ਸਕੂਲ ਸਰਵਿਸ ਤੋਂ ਆਪਦੇ ਲੋਕ ਜੀਵਨ ਦਾ ਆਰੰਭ ਹੋਇਆ। ਖਾਲਸਾ ਹਾਈ ਸਕੂਲ ਕਲਰ ਜ਼ਿਲਾ ਰਾਵਲਪਿੰਡੀ ਜਿਥੇ ਬੁਜ਼ਰਗੀ ਮਾਸਟਰ ਤਾਰਾ ਸਿੰਘ ਹੈਡ ਮਾਸਟਰ, ਗਿ: ਹੀਰਾ ਸਿੰਘ ਤੇ ਲਾਲ ਸਿੰਘ ਕਮਲਾ ਅਕਾਲੀ ਟੀਚਰ ਸਨ। ਉਨਾਂ ਨਾਲ ਸਕੂਲ ਮਾਸਟਰੀ ਕੀਤੀ।

੧੯੨੧ ਵਿਚ ਨਨਕਾਣੇ ਸਾਹਿਬ ਦੇ ਸਾਕੇ ਸਮੇਂ ਅਕਾਲੀ ਲਹਿਰ ਵਲ ਖਿਚੇ ਗਏ। ੧੯੨੨ ਵਿਚ ਗੁਰੂ ਕੇ ਬਾਗ ਦੇ ਮੋਰਚੇ ਵਿਚ ਸ਼ਰੋਮਣੀ ਕਮੇਟੀ ਦੀ ਪ੍ਰਚਾਰ ਬਰਾਂਚ ਵਿਚ ਸ਼ਾਮਲ ਹੋਏ। ਆਪਦੀ ਡੀਊਟੀ ਸੀ, ਮੋਰਚੇ ਲਈ ਜਥੇ ਤਿਆਰ ਕਰਕੇ ਭੇਜਣੇ।

ਪਹਿਲੀ ਕੈਦ—

੧੯੨੩ ਵਿਚ ਭਾਈ ਫੇਰੂ ਤੇ ਜੈਤੋ ਦੇ ਮੋਰਚੇ ਸ਼ੁਰੂ ਹੋ ਗਏ। ਉਨਾਂ ਦਾ ਪ੍ਰਚਾਰ ਕਰਦਿਆਂ ਆਪਨੂੰ ਜ਼ੇਰ ਦਫਾ ੧੭ ਏ ਅੰਮ੍ਰਿਤਸਰੋਂ ਗ੍ਰਿਫਤਾਰ ਤੇ ਕੈਦ ਕਰਕੇ ਮੁਲਤਾਨ ਜੇਹਲ ਵਿਚ ਭੇਜਿਆ ਗਿਆ।

ਮੁਸਾਫਰ ਜੀ ਤੇ ਮੇਰੀ ਜਾਣ ਪਛਾਣ ੧੯੨੩-੨੪ ਵਿਚ ਸੰਟ੍ਰਲ ਜੇਹਲ ਮੁਲਤਾਨ ਵਿਚ ਹੋਈ। ਜੋ ਰਾਜਸੀ ਕੈਦੀਆਂ ਦੇ ਆਚਰਨ ਦੀ ਪਰਖ ਲਈ ਇਕ ਕੁਠਾਲੀ ਸੀ। ਉਸ ਵਕਤ ਅਸੀਂ ਦੋਵੇਂ ਸ਼ਰੋਮਣੀ ਕਮੇਟੀ ਦੀ ਪ੍ਰਚਾਰ ਬ੍ਰਾਂਚ ਵਿਚ ਸੀ। ਮੈਂ ਜ਼ੇਰ ਦਫਾ ੧੭ ਬੀ ਸਰਗੋਧੇ ਤੋਂ ਕੈਦ ਹੋ ਕੇ ਮੁਲਤਾਨ ਪੁਜਾ ਸੀ। ਮੁਸਾਫਰ ਜੀ ਅੰਮ੍ਰਿਤਸਰੋਂ ਗਏ ਸਨ। ਉਸ ਵਕਤ ਸ਼੍ਰੋ: ਕਮੇਟੀ ਤੇ ਅਕਾਲੀ ਦਲ ਕਾਨੂੰਨ ਵਿਰੁਧ ਸਨ। ਭਾਈ ਫੇਰੂ ਤੇ ਜੈਤੋ ਦੇ ਮੋਰਚੇ ਚਲ ਰਹੇ ਸਨ। ਅਕਾਲੀ ਲੀਡਰਾਂ ਵਿਰੁਧ ਲਾਹੌਰ ਵਿਚ ਕੇਸ ਚਲ



Digitized by Panjab Digital Library | www.panjabdigilib.org

ਰਿਹਾ ਸੀ। ਉਸ ਸਖਤੀ ਦੇ ਸਮੇਂ ਮੁਸਾਫਰ ਜੀ ਨੇ ਖਿੜੇ ਮਥੇ ਹਸੂੰ ਹਸੂੰ ਕਰਦੇ ਜੇਹਲ ਕਟੀ ਹੈ।

ਮੁਲਤਾਨ ਜੇਹਲ ਵਿਚ ਜ: ਊਧਮ ਸਿੰਘ, ਸ: ਦਰਸ਼ਨ ਸਿੰਘ ਫੇਰੂਮਾਨ, ਗਿ: ਹੀਰਾ ਸਿੰਘ ਦਰਦ, ਸ: ਅਮਰ ਸਿੰਘ ਝਬਾਲ ਮਾਸਟਰ ਕਾਬਲ ਸਿੰਘ ਗੋਬਿੰਦਪੁਰੀ ਦੇਸ ਭਗਤ ਬਾਬਿਆਂ ਚੋਂ ਬਾਬਾ ਈਸ਼ਰ ਸਿੰਘ ਮਰਹਾਣਾ, ਬਾਬਾ ਸੋਭਾ ਸਿੰਘ† ਸ: ਮਹਿੰਦਰ ਸਿੰਘ ਸਿਧਵਾਂ, ਜਰਨੈਲ ਸ਼ਾਮ ਸਿੰਘ ਰੂਮੀ, ਪੰਡਤ ਮਿਹਰ ਚੰਦ ਤੇ ਜਰਨੈਲ ਮੂਲਾ ਸਿੰਘ ਹੁਸ਼ਿਆਰਪੁਰੀ, ਮੁਸਾਫਰ ਜੀ ਤੇ ਲੇਖਕ ਸਾਰੇ ਜੇਹਲ ਦੇ ਸਾਥੀ ਸਾਂ। ਮੁਲਤਾਨ ਜੇਹਲ ਵਿਚ ੧੨੦੦ ਅਕਾਲੀ ਤੇ ਸਿਆਸੀ ਕੈਦੀ ਸਨ। ਚੰਗੇ ਗੁਣਾਂ ਕਰਕੇ ਸਾਰੇ ਮੁਸਾਫਰ ਜੀ ਦਾ ਸਤਕਾਰ ਕਰਦੇ ਸਨ।

ਗਿਆਨੀ ਜੀ ਨੇ ਬੜੀ ਦ੍ਰਿੜਤਾ ਨਾਲ ਜੇਹਲ ਦੀ ਸਖਤੀ ਬਰਦਾਸ਼ਤ ਕੀਤੀ। ਹਸੂੰ ਹਸੂੰ ਕਰਦੇ ਚੱਕੀ ਪੀਹਣੀ ਤੇ ਮੁੰਜ ਕੁਟੀ। ਬੜੇ ਹਸ ਮੁਖ ਤੇ ਜ਼ਿੰਦਾ ਦਿਲ ਹਨ। 'ਜਹਾਂ ਬੈਠੇਂ ਗੁਲਸ਼ਨ ਖਿਲਾ ਦੇਤੇ ਹੈਂ।' ਜੇਹਲ ਦੇ ਨਰਕੀ ਵਾਤਾਵਰਣ ਨੂੰ ਆਪ ਨੇ ਪ੍ਰਸੰਨਤਾ ਭਰਪੂਰ ਬਨਾਉਣ ਦਾ ਜਤਨ ਕੀਤਾ। ਜਿਸ ਕਰਕੇ ਆਪ ਹਰਮਨ ਪਿਆਰੇ ਸਨ।

ਪ੍ਰਚਾਰ ਸਕਤਰ–

ਜੇਹਲ ਵਿਚੋਂ ਰਿਹਾ ਹੋਣ ਤੇ ਜੈਤੋ ਦਾ ਮੋਰਚਾ ਖਤਮ ਹੋ ਜਾਣ ਪਰ ਸ਼੍ਰੋਮਣੀ ਕਮੇਟੀ ਨੇ ਮੁਸਾਫਰ ਜੀ ਨੂੰ ਪ੍ਰਚਾਰ ਬਰਾਂਚ ਦਾ ਸਕਤਰ ਨੀਯਤ ਕੀਤਾ। ਉਸਦੇ ਬਾਅਦ ਆਪ ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ ਦੇ ਜਨਰਲ ਸਕਤਰ ਰਹੇ ਹਨ।

ਅਕਾਲ ਤਖਤ ਦੇ ਜਥੇਦਾਰ–

ਆਪ ੧੯੩੧ ਵਿਚ ਸ੍ਰੀ ਅਕਾਲ ਤਖਤ ਦੇ

---

†ਗਿ: ਨਰਿੰਦਰ ਸਿੰਘ ਸੋਚ ਦੇ ਪਿਤਾ ਜੀ। ਪ: ਸ:



Digitized by Panjab Digital Library | www.panjabdigilib.org

ਜਥੇਦਾਰ ਚੁਣੇ ਗਏ। ਉਥੇ ਤਿੰਨ ਚਾਰ ਸਾਲ ਚੰਗੀ ਸੇਵਾ ਕੀਤੀ।

ਕਾਂਗਰਸ ਵਿਚ–

ਮੁਸਾਫਰ ਜੀ ਨੇ ਗੁਰੂ ਕੇ ਬਾਗ ਦੇ ਮੋਰਚੇ ਤੋਂ ਲੈਕੇ ੧੯੩੫ ਤੀਕ ਲਗਾਤਾਰ ੧੪ ਸਾਲ ਅਕਾਲੀ ਲਹਿਰ, ਸ਼ਰੋਮਣੀ ਕਮੇਟੀ ਤੇ ਅਕਾਲੀ ਦਲ ਵਿਚ ਸ਼ਾਨਦਾਰ ਸੇਵਾ ਕੀਤੀ ਹੈ।

ਉਨਾਂ ਦਿਨਾਂ ਵਿਚ ਅਕਾਲੀ ਪਤ੍ਰਕਾ ਅਖਬਾਰ ਲਾਹੌਰੋਂ ਨਿਕਲਦਾ ਸੀ। ਉਸਦੇ ਪ੍ਰਬੰਧਕ ਬਰਡ ਦੇ ਮੈਂਬਰ ਤੇ ਪਾਲਸੀ ਚਲਾਉਣ ਵਾਲੇ ਸਨ–ਸ: ਪ੍ਰਤਾਪ ਸਿੰਘ ਕੈਰੋਂ ਗਿ: ਗੁਰਮੁਖ ਸਿੰਘ ਮੁਸਾਫਰ ਅਤੇ ਸੋਢੀ ਦਰਬਾਰਾ ਸਿੰਘ। ਕਾਂਗਰਸ ਤੇ ਅਕਾਲੀ ਦਲ ਵਿਚ ਕੋਈ ਮਤ ਭੇਦ ਨਹੀਂ ਸੀ। ਸਿਖਾਂ ਵਿਚੋਂ ਅਕਾਲੀ ਤੇ ਮੁਸਲਮਾਨਾਂ ਵਿਚੋਂ ਅਹਿਮਰੀ ਕੌਮ ਪ੍ਰਸਤ ਦੇਸ਼ ਭਗਤ ਅਤੇ ਆਜ਼ਾਦੀ ਦੇ ਘੋਲ ਵਿਚ ਕਾਂਗਰਸ ਦੇ ਸਾਥੀ ਸਨ।

੧੯੩੯-੪੫ ਦੀ ਦੂਜੀ ਮਹਾਨ ਜੰਗ ਸਮੇਂ ਕੁਝ ਅਕਾਲੀ ਲੀਡਰਾਂ ਨੇ ਅੰਗਰੇਜ਼ ਨੂੰ ਫੌਜੀ ਭਰਤੀ ਦੇਣ ਤੇ ਮਿਲਵਰਤਨ ਦਾ ਭਰੋਸਾ ਦੁਆਇਆ, ਉਸ ਵਕਤ ਸ: ਪ੍ਰਤਾਪ ਸਿੰਘ ਕੈਰੋਂ, ਸ: ਦਰਸ਼ਨ ਸਿੰਘ ਫੇਰੂਮਾਨ, ਗਿਆਨੀ ਗੁਰਮੁਖ ਸਿੰਘ ਮੁਸਾਫਰ ਤੇ ਸ. ਨਾਹਰ ਸਿੰਘ ਫਤਹਿ ਗੜ੍ਹ ਸ਼ੁਕਰ ਚੱਕੀਆਂ ਨੇ ਅਕਾਲੀ ਦਲ ਨੂੰ ਛਡ ਦਿਤਾ। ਉਸ ਵੇਲੇ ਤਾਂ ਕੋਈ ਵਜ਼ੀਰੀ ਜਾਂ ਪਾਰਲੀਮੈਂਟ ਦੀ ਮੈਂਬਰੀ ਮਿਲਣ ਦੀ ਆਸ ਨਹੀਂ ਸੀ।

੧੯੪੨ ਦੀ ਕੁਇਟ ਇੰਡੀਆ ਦੀ ਲਹਿਰ ਸਮੇਂ ਮੁਸਾਫਰ ਜੀ ਦੂਸਰੇ ਦੇਸ਼ ਭਗਤ ਸਾਥੀਆਂ ਸਮੇਤ ਜੇਹਲ ਵਿਚ ਬੰਦ ਰਹੇ ਹਨ। ਅੰਤਮ ਜੇਹਲ ਯਾਤਰਾ ਸਮੇਂ ਆਪਦੇ ਪਿਤਾ, ਇਕ ਲੜਕਾ ਤੇ ਲੜਕੀ ਗੁਜਰ ਗਏ। ਪਰ ਆਪ ਨੇ ਸਿਦਕ ਨਹੀਂ ਹਾਰਿਆ।



Digitized by Panjab Digital Library | www.panjabdigilib.org

ਆਪ ਦੀ ਧਰਮ ਪਤਨੀ ਸੁਰਗੀ ਸ੍ਰੀ ਮਤੀ ਰਣਜੀਤ ਕੌਰ ਨੇ ਬੜੀ ਸਿਆਣਪ ਤੇ ਦ੍ਰਿੜਤਾ ਨਾਲ ਘਰ ਨੂੰ ਚਲਾਇਆ। ਉਸਨੇ ਮੁਸਾਫਰ ਜੀ ਨੂੰ ਕੁਰਬਾਨੀ ਕਰਨ ਲਈ ਉਤਸਾਹ ਦਿਤਾ। ਕੋਈ ਗ੍ਰਿਹਸਤੀ ਆਪਣੀ ਪਤਨੀ ਦੀ ਸਹਾਇਤਾ ਬਿਨਾ ਕੋਈ ਵਡਾ ਕੰਮ ਨਹੀਂ ਕਰ ਸਕਦਾ।

ਗਿਆਨੀ ਗੁਰਮੁਖ ਸਿੰਘ ਮੁਸਾਫਰ ਦੇ ਜੀਵਨ ਦੇ ਤਿੰਨ ਪੱਖ ਹਨ—

੧ ਸਕੂਲ ਦੀ ਟੀਚਰੀ ਤੋਂ ਜੀਵਨ ਆਰੰਭ ਕਰਨਾ। ਅਕਾਲੀ ਲਹਿਰ ਵਿਚ ਸਿਖ ਜਨਤਾ ਨੂੰ ਰਸਦਾਇਕ ਤੇ ਜੋਸ਼ੀਲੀਆਂ ਕਵਿਤਾਵਾਂ ਤੇ ਲੈਕਚਰਾਂ ਰਾਹੀਂ ਕੁਰਬਾਨੀ ਲਈ ਉਭਾਰਨਾ।

੨ ਸਾਹਿਤਕਾਰ ਦੇ ਰੂਪ ਵਿਚ ਕਹਾਣੀਆਂ, ਕਈ ਪੁਸਤਕਾਂ ਤੇ ਜੀਵਨੀਆਂ ਲਿਖਣੀਆਂ।

੩ ਰਾਜਨੀਤਕ ਖੇਤਰ ਵਿਚ ਦੇਸ਼ ਦੀ ਆਜ਼ਾਦੀ ਲਈ ਵਧ ਚੜ੍ਹਕੇ ਹਿਸਾ ਲੈਣਾ ਤੇ ਕੁਰਬਾਨੀ ਕਰਨੀ।

ਕਵੀ ਤੇ ਸਾਹਿਤਕਾਰ—

ਕਵਿਤਾ, ਸੰਗੀਤ ਤੇ ਚਿਤਰਕਾਰੀ ਤਿੰਨ ਕੋਮਲ ਉੱਨਰ ਹਨ। ਈਸ਼ਵਰ ਦੀ ਕਿਰਪਾ ਨਾਲ ਬਰੀਕ ਬੁਧੀ ਵਾਲੇ ਨੂੰ ਪ੍ਰਾਪਤ ਹੁੰਦੇ ਹਨ ਮੁਸਾਫਰ ਜੀ ਨੂੰ ਰੱਬ ਨੇ ਕਵਿਤਾ ਦੀ ਦਾਤ ਬਖਸ਼ੀ ਹੈ। ਅਕਾਲੀ ਲਹਿਰ ਦੇ ਮੋਰਚਿਆਂ ਵਿਚ ਆਪ ਨੇ ਜੋਸ਼ੀਲੀਆਂ ਤੇ ਵਲਵਲੇ ਭਰਪੂਰ ਧਾਰਮਿਕ ਕਵਿਤਾਵਾਂ ਪੜ੍ਹਕੇ ਤੇ ਲੈਕਚਰ ਦੇਕੇ ਲੋਕਾਂ ਨੂੰ ਮੋਰਚਿਆਂ ਵਿਚ ਕੁਰਬਾਨੀ ਕਰਨ ਲਈ ਉਭਾਰਿਆ ਆਜ਼ਾਦੀ ਦੀ ਲਹਿਰ ਵਿਚ ਜਨਤਾ ਦੇ ਲਹੂ ਨੂੰ ਗਰਮਾਇਆ। ਦੋਹਾਂ ਲਹਿਰਾਂ ਵਿਚ ਆਪ ਕੁਰਬਾਨੀ ਕੀਤੀ ਅਤੇ ਜਨਤਾ ਨੂੰ ਉਸਦੀ ਪ੍ਰੇਰਨਾ ਦਿਤੀ।



Digitized by Panjab Digital Library | www.panjabdigilib.org

ਮੁਸਾਫਰ ਜੀ ਨੇ ੧੯੧੫ ਵਿਚ ਕਵਿਤਾ ਲਿਖਣੀ ਸ਼ੁਰੂ ਕੀਤੀ। ਪਰ ਅਕਾਲੀ ਲਹਿਰ ਵਿਚ ਆ ਕੇ ਕਾਵਿ ਗਗਨ ਮੰਡਲ ਵਿਚਪ੍ਰਭਾਤ ਤਾਰੇ ਵਾਂਗ ਚਮਕ ਉਠੇ।ਆਪਦੀ ਕਵਿਤਾਵਾਂ ਨੇਹਜਾਰਾਂ ਦੇ ਲਹੂ ਨੂੰ ਗਰਮਾਇਆ। ਉਨਾਂ ਨੂੰ ਗੁਰਦਵਾਰਾ ਸੁਧਾਰ ਤੇ ਆਜਾਦੀ ਦੀ ਲਹਿਰ ਵਿਚ ਕੁਦਣ ਲਈ ਟੁੰਬਿਆ। ਕੁਰਬਾਨੀ ਦੀ ਜਬਰਦਸਤ ਪ੍ਰੇਰਨਾ ਦਿਤਾ।

ਸ੍ਰੀ ਦਸਮ ਪਾਤਸ਼ਾਹ ਦੀ ਕੁਰਬਾਨੀ ਤੇ ਚਾਰ ਸਾਹਿਬ-ਜ਼ਾਦਿਆਂ ਦੀ ਸ਼ਹਾਦਤ ਬਾਰੇ ਆਪਨੇ ਇਕ ਮਾਸਟਰ ਪੀਸ ਕਵਿਤਾ ਲਿਖੀ ਹੈ...

ਦਸੀਂ ਪੁਰੀ ਅਨੰਦ ਦੇ ਵਾਸੀਆ ਵੇ
ਆਪਣਾ ਸਾਥ ਸਾਰਾ ਕਿਥੇ ਛੋੜ ਆਇਓ।

ਇਹ ਕਵਿਤਾ ਅਧੀ ਸਦੀ ਦੇ ਬਾਅਦ ਵੀ ਲੋਕਾਂ ਨੂੰ ਨਹੀਂ ਭੁਲਦੀ।

ਮੁਸਾਫਰ ਜੀ ਨੇ ਇਸ ਕਵਿਤਾ ਵਿਚ ਗੁਰੂ ਇਤਿਹਾਸ ਸਿਖ ਸੂਰਬੀਰਾਂ ਤੇ ਸਹੀਦਾਂ ਦੇ ਕਾਰਨਾਮਿਆਂ ਨੂੰ ਅਲੌਕਕ ਢੰਗ ਨਾਲ ਬਿਆਨ ਕੀਤਾ ਹੈ।

ਜਾਤ ਪਾਤ ਤੇ ਛੂਤ ਛਾਤ ਦੇ ਵਿਰੁਧ ਮੁਸਾਫਰ ਜੀ ਨੇ ਭਗਤ ਰਵਿਦਾਸ ਜੀ ਤੇ ਮੀਰਾਂ ਬਾਈ ਦੇ ਪ੍ਰੇਮ ਦੀ ਇਕ ਕਵਿਤਾ ਲਿਖੀ ਹੈ ਜਿਸ ਵਿਚ ਕਿਹਾ ਹੈ —

ਜੰਮੇ ਚਮਿਆਰ ਘਰ ਬਣੇ ਸਰਦਾਰ ਜਗ,
ਭਗਤ ਰਵਿਦਾਸ ਦੀ ਕਹਾਣੀ ਯਾਦ ਆਈਏ।
ਨੋਕ ਝੋਕ ਲੋਕ ਕਰੇ ਪਾਸ ਬਹਿਣੋ ਰੋਕ ਕਰੇ,
ਕੈਸੀ ਪ੍ਰਮਾਤਮਾ ਨੇ ਖੇਡ ਵਰਤਾਈ ਏ।



Digitized by Panjab Digital Library | www.panjabdigilib.org

ਵੇਖਕੇ ਦਰਾੜੇ ਜਦੋਂ ਵੇਖਦੇ ਨੇ ਆਸ ਪਾਸ
ਦੇਵੇ ਰਵਿਦਾਸ ਪਾਸ ਸਾਰਿਆਂ ਵਿਖਾਈ ਏ ।

ਇਸ ਵਿਚ ਆਤਮਿਕ ਏਕਤਾ ਤੇ ਸਰਬ ਵਿਆਪਕਤਾ ਨੂੰ ਬਹੁਤ ਸੁੰਦਰਤਾ ਨਾਲ ਬਿਆਨ ਕੀਤਾ ਹੈ । ਜਿਸ ਨੂੰ ਪੜ੍ਹਕੇ ਵਜਦ ਆ ਜਾਈਦਾ ਹੈ ।

ਮੁਸਾਫਰ ਜੀ ਨੇ ਕਈ ਬੜੀਆਂ ਸੁਧਾਰਕ ਕਵਿਤਾਵਾਂ ਵੀ ਲਿਖੀਆਂ ਹਨ । ਜੇਹਾ ਕਿ ਇਕ ਨੌਜਵਾਨ ਲੜਕੀ ਦੀ ਸ਼ਾਦੀ ਇਕ ਬੁਢੇ ਨਾਲ ਕੀਤੀ ਗਈ । ਉਸਦੇ ਮੂਹੋਂ ਅਖਵਾਉਂਦੇ ਹਨ—

ਸਾਰੀ ਉਮਰ ਦੇ ਵਲਵਲੇ ਮਾਰ ਬੈਠੀ,
ਹੋਕੇ ਚੋਰ ਅਬਲਾ ਚਾਰ ਫਰਿਆਂ ਦੀ ।

ਆਪਦੀ ਇਕ ਕਵਿਤਾ ਹੈ—'ਬਚਪਨ' ਉਸ ਵਿਚ ਭੋਲਾਪਨ ਖੂਬਸੂਰਤ ਚਿਤਰ ਉਲੀਕਿਆ ਹੈ ।ਕਈ ਕਹਾਣੀਆਂ, ਜੀਵਨੀਆਂ ਤੇ ਲੇਖ ਵੀ ਲਿਖੇਹਨ । ਉਨਾਂ ਦਾ ਵੇਰਵਾ ਇਸ ਪ੍ਰਕਾਰ ਹੈ—

ਕਵਿਤਾ—ਸਬਰ ਦੇ ਬਾਣ ਦੋ ਹਿਸੇ, ਪ੍ਰੇਮ ਬਾਣ, ਜੀਵਨ ਪੰਧ, ਟੁਟੇ ਖੰਭ, ਮੁਸਾਫਰੀਆਂ, ਸਹਿਜ ਸੇਤੀ, ਵਖਰਾ ਵਖਰਾ ਕਤਰਾ, ਕਾਵਿ ਸੁਨੇਹੇ ।

ਕਹਾਣੀ—ਸਸਤਾ ਤਮਾਸ਼ਾ, ਵਖਰੀ ਦੁਨੀਆਂ, ਆਹਲਣੇ ਦੇ ਬੋਟ, ਕੰਧਾਂ ਬੋਲ ਪਈਆਂ, ਅੱਲਾਵਾਲੇ, ਸਭ ਹੱਛਾ, ਗੁਟਾਰ, ਉਰਵਾਰ ਪਾਰ ।

ਕੁਝ ਪੁਸਤਕਾਂ ਹਨ-ਬਾਗੀ ਜਰਨੈਲ,ਗਾਂਧੀ ਗੀਤਾ,ਨੇਤਾ ਜੀ ਸੁਭਾਸ਼ ਚੰਦਰ ਬੋਸ, ਵੀਹਵੀਂ ਸਦੀ ਦੇ ਸ਼ਹੀਦ, ਵੇਖਿਆ ਸੁਣਿਆ ਗਾਂਧੀ ਤੇ ਜਵਾਹਰ ਲਾਲ ਨਹਿਰੂ ।

੧੯੫੫ ਵਿਚ ਪੈਪਸੂ ਸਰਕਾਰ ਨੇ ਆਪ ਨੂੰ ਕਵੀ ਤੇ ਸਾਹਿਤਕਾਰ ਦਾ ਪਹਿਲੇ ਦਰਜੇ ਦਾ ਸਨਮਾਨ ਦਿਤਾ । ੧੯੬੧ ਵਿਚ ਪੰਜਾਬ ਸਰਕਾਰ ਨੇ ਵੀ ਆਪ ਨੂੰ ਸਨਮਾਨਤ ਕੀਤਾ ।



Digitized by Panjab Digital Library | www.panjabdigilib.org

੧੯੬੬ ਵਿਚ ਹੀ ਮੁਸਾਫਰ ਜੀ ਨੂੰ ੬੯ਵੇਂ ਜਨਮ ਦਿਨ ਤੇ ਵਰ੍ਹੇ ਗੰਢ ਦੇ ਮੌਕੇ ਅਭਿਨੰਦਨ ਗਰੰਥ ਪੇਸ਼ ਕੀਤਾ ਗਿਆ। ਜਿਸ ਵਿਚ ਰਾਸ਼ਟਰਪਤੀ ਤੋਂ ਲੈਕੇ ਕੇਂਦਰੀ ਤੇ ਸੂਬਕ ਮਨਿਸਟਰ, ਕਵੀਆਂ, ਕਈ ਲਿਖਾਰੀਆਂ ਤੇ ਨੇਤਾਵਾਂ ਨੇ ਸ਼ਰਧਾਂਜਲੀ ਅਰਪਨ ਕੀਤੀ ਹੈ।

ਆਪ ਸਾਹਿਤਕ ਤੌਰ ਤੇ ਅੰਤਰ ਰਾਸ਼ਟਰੀ ਸ਼ੁਹਰਤ ਰਖਦੇ ਹਨ। ੧੯੫੪ ਵਿਚ ਸਟਾਕ ਹੋਮ (ਸਵੀਡਨ) ਦੀ ਅੰਤਰ ਰਾਸ਼ਟਰੀ ਲੇਖਕਾਂ ਦੀ ਕਾਨਫਰੰਸ ਵਿਚ ਸ਼ਾਮਲ ਹੋਏ। ੧੯੬੧ ਵਿਚ ਟੋਕੀਓ ਦੀ ਲੇਖਕ ਕਾਨਫਰੰਸ ਵਿਚ ਮਾਣ ਪ੍ਰਾਪਤ ਕੀਤਾ। ੧੯੬੫ ਵਿਚ ਸਰਬ ਸੰਸਾਰ ਅਮਨ ਕਾਨਫਰੰਸ ਹੈਲਿੰਸਕੀ ਵਿਚ ਗਏ। ੧੯੬੬ ਵਿਚ ਐਫਰੋਏਸ਼ੀਅਨ ਲੇਖਕ ਕਾਨਫਰੰਸ ਵੀਟਨਾਮ ਵਿਚ ਤਿੰਨ ਮੈਂਬਰੀ ਡੈਲੀਗੇਸ਼ਨ ਦੇ ਪ੍ਰਧਾਨ ਬਣਕੇ ਸ਼ਾਮਲ ਹੋਏ। ਬਾਕੀ ਦੋ ਮੈਂਬਰ ਸਨ–ਸ੍ਰੀ ਮੁਲਕ ਰਾਜ ਤੇ ਸਰਦਾਰ ਜਾਫਰੀ। ਬਾਕੂ (ਰੂਸ) ਦੀ ਇਕ ਲੇਖਕ ਕਾਨਫਰੰਸ ਵਿਚ ਸ਼ਾਮਲ ਹੋਏ।

ਰਾਜਨੀਤਕ ਪੋਜੀਸ਼ਨ–

ਗਿਆਨੀ ਗੁਰਮੁਖ ਸਿੰਘ ਮੁਸਾਫਰ ਨੇ ਸਕੂਲ ਮਾਸਟਰੀ ਤੋਂ ਆਪਣਾ ਲੋਕ ਜੀਵਨ ਆਰੰਭ ਕੀਤਾ। ਅਕਾਲੀ ਲਹਿਰ ਵਿਚ ਆਪਣੀ ਮਿਹਨਤ ਅਤੇ ਯੋਗਤਾ ਨਾਲ ਅਗੇ ਆਏ। ਸ੍ਰੀ ਅਕਾਲ ਤਖਤ ਦੇ ਜਥੇਦਾਰ ਬਣੇ। ਰਾਜਸੀ ਖੇਤਰ ਵਿਚ ਆਪਨੇ ਸਿਖਰ ਨੂੰ ਛੋਹਿਆ ਹੈ। ਪੰਜ ਸਾਲ ਲਗਾਤਾਰ ਸਰਬ ਹਿੰਦ ਕਾਂਗਰਸ ਵਰਕਿੰਗ ਕਮੇਟੀ ਦੇ ਮੈਂਬਰ, ੧੧ ਸਾਲ ਪੰਜਾਬ ਕਾਂਗਰਸ ਦੇ ਪ੍ਰਧਾਨ, ਆਜ਼ਾਦੀ ਦੇ ਬਾਹਦ ੧੯੪੭ ਵਿਚ ਆਇਨਸਾਜ਼ ਅਸੈਂਬਲੀ ਦ ਮੈਂਬਰ ਤੇ ਉਸਤੋਂ ਬਾਹਦ ਹੁਣ ਤੀਕ



Digitized by Panjab Digital Library | www.panjabdigilib.org

ਲੋਕ ਸਭਾ ਤੇ ਰਾਜ ਸਭਾ ਦੇ ਮੈਂਬਰ ਚਲੇ ਆਉਂਦੇ ਹਨ। ਜਲਿਆ ਵਾਲਾ ਬਾਗ ਟ੍ਰਸਟ ਦੇ ਚੇਅਰਮੈਨ ਰਹੇ ਹਨ। ੧੯੬੬ ਵਿਚ ਪੰਜਾਬੀ ਸੂਬਾ ਬਣਨ ਪਰ ਉਸਦੇ ਪਹਿਲੇ ਚੀਫ਼ ਮਨਿਸਟਰ ਸਨ ।

ਗਿਆਨੀ ਜੀ ਨੇ ਇੰਗਲੈਂਡ, ਅਮਰੀਕਾ, ਕੈਨੇਡਾ, ਰੂਸ, ਜਰਮਨੀ,ਜਾਪਾਨ ਤੇ ਹੋਰ ਕਈ ਦੇਸਾਂ ਦੀ ਯਾਤਰਾ ਵੀ ਕੀਤੀ ਹੈ। ਕਾਂਗਰਸ ਦੇ ਪੁਰਾਣੇ ਨੇਤਾਵਾਂ ਵਿਚੋਂ ਇਕ ਹਨ। ਆਪ ਦੇ ਲੜਕੇ ਚੰਗੇ ਕੰਮਾਂ ਉਤੇ ਲਗ ਹੋਏ ਹਨ।

ਗਿਆਨੀ ਗੁਰਮੁਖ ਸਿੰਘ ਮੁਸਾਫਰ ਉਹ ਦੂਰ ਅੰਦੇਸ਼ ਤੇ ਸੂਝਵਾਨ ਮੁਖੀ ਹਨ, ਜਿੰਨਾਂ ਨੇ ਆਜ਼ਾਦੀ ਲਈ ਕੁਰਬਾਨੀਆਂ ਕੀਤੀਆਂ। ਉਸਦੇ ਪਿਛੋਂ ੨੮ ਸਾਲ ਰਾਜਸੀ ਤੌਰਤੇ ਬੜਾ ਮਾਣ ਪ੍ਰਾਪਤ ਕੀਤਾ ਹੈ।



Digitized by Panjab Digital Library | www.panjabdigilib.org

# ਦੂਰਅੰਦੇਸ਼ ਤੇ ਉਸਾਰੂ ਕੰਮ ਕਰਨ ਵਾਲਾ ਮੁਖੀ

# ਸ. ਮਹਿੰਦਰ ਸਿੰਘ ਸਿੱਧਵਾਂ

ਮਹਾਨ ਗੁਰਦਵਾਰਾ ਸੁਧਾਰ ਲਹਿਰ ਵਿਚ ਜਿੰਨਾਂ ਨੇ ਚੰਗੀ ਸਰਕਾਰੀ ਨੌਕਰੀ ਛਡਕੇ, ਦੂਰ ਅੰਦੇਸ਼ੀ ਤੇ ਸਿਆਣਪ ਨਾਲ ਸੇਵਾ ਕੀਤੀ ਹੈ, ਆਪਣੀ ਜ਼ਿੰਦਗੀ ਵਿਚ ਕਈ ਉਸਾਰੂ ਤੇ ਨਿਗਰ ਕੰਮ ਕੀਤੇ ਹਨ, ਉਨਾਂ ਵਿਚੋਂ ਸ: ਮਹਿੰਦਰ ਸਿੰਘ ਸਿੱਧਵਾਂ ਇਕ ਪੁਰਾਣੇ ਨੇਤਾ ਹਨ।

ਆਰੰਭਕ ਜੀਵਨ—

ਆਪਦਾ ਜਨਮ ੧੯ ਜੂਨ ਸਨ ੧੮੯੭ ਨੂੰ ਪਿੰਡ ਸਿਧਵਾਂ ਛੋਟੇ ਜਿਲਾ ਲੁਧਿਆਣਾ ਵਿਚ ਸ: ਨੰਦ ਸਿੰਘ ਦੇ ਘਰ ਮਾਤਾ ਰਾਇ ਕੌਰ ਤੋਂ ਹੋਇਆ।

ਨਗਰ ਛੋਟੇ ਸਿਧਵਾਂ ਸਰਦਾਰ ਮਹਿੰਦਰ ਸਿੰਘ ਦੇ ਪੜਦਾਦਾ ਸ: ਸੁਖਨ ਸਿੰਘ ਨੇ ਸਨ ੧੮੪੫ ਵਿਚ ਮਹਾਰਾਜਾ ਨਿਹਾਲ ਸਿੰਘ ਕਪੂਰਥਲਾ ਨੂੰ ਪੰਜ ਸੌ ਰੁਪਏ ਨਜ਼ਰਾਨਾ ਦੇ ਕੇ ਵਡੇ ਸਿਧਵਾਂ ਦੀ ਝਿੜੀ ਦੀ ਜ਼ਮੀਨ ਲੈਕੇ ਆਬਾਦ ਕੀਤਾ ਸੀ।



Digitized by Panjab Digital Library | www.panjabdigilib.org

ਆਪ ਦੇ ਦਾਦਾ ਸ: ਸੰਗਤ ਸਿੰਘ ਇਲਾਕੇ ਦੇ ਚੌਧਰੀ ਸਨ। ਅੰਗਰੇਜ਼ਾਂ ਨੇ ਜਦ ਡਿਸਟ੍ਰਿਕਟ ਬੋਰਡ ਕਾਇਮ ਕੀਤੇ, ਆਪਣੇ ਇਲਾਕੇ ਚੋਂ ਡਿ: ਬੋਰਡ ਲੁਧਿਆਣਾ ਦੇ ਪਹਿਲੇ ਮੈਂਬਰ ਸਨ। ਆਪਦੇ ਪਿਤਾ ਸ: ਨੰਦ ਸਿੰਘ ਵੀ ਚੰਗੇ ਪ੍ਰਭਾਵਸ਼ਾਲੀ ਵਿਅਕਤੀ ਸਨ।

ਸ: ਮਹਿੰਦਰ ਸਿੰਘ ਦੀ ਬਚਪਨ ਵਿਚ ਆਰੰਭਕ ਤਾਲੀਮ ਗੁਰਦਵਾਰੇ ਦੇ ਗਰੰਥੀ ਤੋਂ ਹੋਈ। ਗੁਰਬਾਣੀ ਦਾ ਪਾਠ ਸਿਖਿਆ। ੧੯੦੮ ਵਿਚ ਪਿੰਡ ਦੇ ਸਕੂਲ ਵਿਚੋਂ ਪ੍ਰਾਇਮਰੀ ਪਾਸ ਕੀਤੀ।

੧੯੧੪ ਵਿਚ ਮਾਲਵਾ ਖਾਲਸਾ ਹਾਈ ਸਕੂਲ ਲੁਧਿਆਣਾ ਤੋਂ ਮੈਟਰਿਕ ਕੀਤੀ। ਫਿਰ ਕਾਲਜ ਵਿਚ ਦਾਖਲ ਹੋ ਗਏ। ੧ ਅਗਸਤ ੧੯੧੪ ਨੂੰ ਪਹਿਲੀ ਮਹਾਨ ਜੰਗ ਸ਼ੁਰੂ ਹੋ ਗਈ। ਆਪਦੇ ਪ੍ਰਵਾਰ ਚੋਂ ਇਕ ਸ: ਨੰਦ ਸਿੰਘ ਰਸਾਲੇ ਚੋਂ ਪਿਨਸ਼ਨ ਲੈਕੇ ਆਏ। ਉਨਾਂ ਨੇ ਪ੍ਰੇਰਨਾ ਕਰਕੇ ਸ: ਮਹਿੰਦਰ ਸਿੰਘ ਨੂੰ ੩੩ ਨੰਬਰ ਰਸਾਲੇ ਵਿਚ ਭਰਤੀ ਕਰਵਾ ਦਿਤਾ। ਔਰੰਗਾਬਾਦ ਛਾਵਣੀ ਵਿਚ ਆਪਨੇ ਰੰਗਰੂਟੀ ਕੀਤੀ, ਜੰਗ ਜਾਰੀ ਸੀ। ਇਸ ਲਈ ਆਪਦੀ ਫੌਜ ਨੂੰ ਬਸਰੇ ਤੇ ਇਰਾਕ ਵਿਚ ਸਹਾਇਕ ਸੈਨਾ ਦੇ ਤੌਰ ਤੇ ਭੇਜ ਦਿਤਾ ਗਿਆ।

ਸ: ਜੀ ਨੂੰ ਜਮਾਂਦਾਰੀ ਰੈਂਕ ਮਿਲ ਗਿਆ। ਅੰਗਰੇਜ਼ ਅਫਸਰ ਆਪਦੀ ਸਿਆਣਪ, ਯੋਗਤਾ ਅਤੇ ਕੰਮ ਪਰ ਬੜੇ ਖੁਸ਼ ਸਨ।

ਤਿੰਨ ਸਾਲ ਬਸਰੇ ਇਰਾਕ ਤੇ ਮੈਸੋਪੋਟਾਮੀਅ ਵਿਚ ਰਹੇ। ੧੯੧੮ ਵਿਚ ਜੰਗ ਖਤਮ ਹੋ ਗਈ। ਆਪਦੀ ਫੌਜ ਵਾਪਸ ਆ ਗਈ। ਪਰ ੧੯੧੯ ਵਿਚ ਅਫਗਾਨਿਸਤਾਨ ਵਿਚ ਗੜ ਬੜ ਹੋ ਗਈ। ਅੰਗਰੇਜ਼ ਉਥੇ ਰੂਸ ਦੇ ਪ੍ਰਭਾਵ ਨੂੰ ਰੋਕਣਾ ਚਾਹੁੰਦੇ ਸਨ। ਇਸ ਲਈ ਹਿੰਦੀ ਫੌਜਾਂ ਨੂੰ ਅਫਗਾਨਿਸਤਾਨ ਦੀ ਮੁਹਿੰਮ ਪਰ ਭੇਜਿਆ ਗਿਆ। ਸ: ਜੀ ਰਜਮੈਂਟ ਵੀ ਉਸ ਵਿਚ ਸ਼ਾਮਲ



Digitized by Panjab Digital Library | www.panjabdigilib.org

ਸੀ। ਅਖੀਰ ਅੰਗਰੇਜ਼ਾਂ ਤੇ ਅਫਗਾਨਿਸਤਾਨ ਦੀ ਅਮਨ ਸੰਧੀ ਹੋ ਗਈ। ਇਸ ਲਈ ਭਾਰਤੀ ਫੌਜਾਂ ਵਾਪਸ ਆ ਗਈਆਂ

ਕੌਮੀ ਸੇਵਾ ਦੇ ਮੈਦਾਨ ਵਿਚ–

੧੯੧੯ ਵਿਚ ਰੋਲਟ ਐਕਟ ਦੇ ਵਿਰੁਧ ਅੰਦੋਲਨ ਤੇ ਤੇ ਜਲਿਆਂ ਵਾਲੇ ਬਾਗ ਦੇ ਸਾਕੇ ਨੇ ਜਿਥ ਭਾਰਤੀ ਜਨਤਾ ਜਨਤਾ ਵਿਚ ਆਜ਼ਾਦੀ ਦੀ ਤੜਪ ਪੈਦਾ ਕੀਤੀ, ਉਥ ਫੌਜਾਂ ਉਤੇ ਵੀ ਅਸਰ ਪਿਆ।

੧੯੨੦ ਵਿਚ ਆਜ਼ਾਦੀ ਲਹਿਰ ਤਿੱਖੀ ਹੋਣ ਦੇ ਨਾਲ ਗੁਰਦਵਾਰਾ ਸੁਧਾਰ ਲਹਿਰ ਵੀ ਚਲ ਪਈ। ਉਸੇ ਸਾਲ ਸ਼੍ਰੋਮਣੀ ਕਮੇਟੀ ਕਾਇਮ ਹੋਈ। ਜਿਸਦੀ ਪਹਿਲੀ ਚੋਣ ਮੀਟਿੰਗ ਵਿਚ ਫੌਜੀ ਸਿੰਘਾਂ ਦੇ ਪ੍ਰਤੀਨਿਧਾਂ ਨੂੰ ਸਦਿਆ ਗਿਆ।

ਸ: ਮਹਿੰਦਰ ਸਿੰਘ ਫੌਜ ਵਿਚ ਚੰਗਾ ਅਸਰ ਰਖਦੇ ਸਨ। ਪਰ ਆਪ ਸ਼੍ਰੋਮਣੀ ਕਮੇਟੀ ਦੀ ਪਹਿਲੀ ਮਟਿੰਗ ਵਿਚ ਸ਼ਾਮਲ ਨਹੀਂ ਹੋ ਸਕੇ। ਅਕਾਲੀ ਲਹਿਰ ਨਾਲ ਦਿਲੋਂ ਹਮਦਰਦੀ ਰਖਦੇ ਸਨ। ਫਰਵਰੀ ੧੯੨੧ ਵਿਚ ਸ੍ਰੀ ਨਨਕਾਣੇ ਸਾਹਿਬ ਦਾ ਸਾਕਾ ਹੋਗਿਆ। ਉਸਨੇ ਸਿਖ ਜਗਤ ਪਰ ਬਹੁਤ ਅਸਰ ਪਾਇਆ। ਸਾਕੇ ਵਾਲੇ ਦਿਨ ਸ: ਮਹਿੰਦਰ ਸਿੰਘ ਦੀ ਫੌਜ ਰਸਾਲਪੁਰ ਤੋਂ ਝਾਂਸੀ ਜਾ ਰਹੀ ਸੀ। ਸਾਕੇ ਦੀ ਖਬਰ ਆਪਨੇ ਲਾਹੌਰ ਸਟੇਸ਼ਨ ਤੇ ਸੁਣੀ। ਸਾਰੇ ਫੌਜੀ ਸਿੰਘਾਂ ਨੂੰ ਉਸਦਾ ਬੜਾ ਦੁਖ ਹੋਇਆ। ਉਨਾਂ ਨੇ ਸ: ਜੀ ਦੀ ਪ੍ਰੇਰਨਾ ਨਾਲ ਨਨਕਾਣੇ ਸਾਹਿਬ ਦੇ ਸ਼ਹੀਦੀ ਫੰਡ ਲਈ ਉਗਰਾਹੀ ਕੀਤੀ ਤੇ ਕਾਫੀ ਰਕਮ ਸ਼੍ਰੋਮਣੀ ਕਮੇਟੀ ਨੂੰ ਭੇਜੀ। ਇਸਦਾ ਪਤਾ ਅੰਗਰੇਜ਼ ਅਫਸਰਾਂ ਨੂੰ ਵੀ ਲਗ ਗਿਆ। ਕਰਨਲ ਮੈਸੀ ਨੇ ਸ:ਮਹਿੰਦਰ ਸਿੰਘ ਨੂੰ ਪੁਛਿਆ–

'ਸਿਖ ਤਾਂ ਸਾਡੇ ਬੜੇ ਮਿਤਰ ਸਨ। ਹੁਣ ਤੁਸੀਂ ਕਿਉਂ ਅੰਗਰੇਜ਼ੀ ਦੀ ਵਿਰੋਧਤਾ ਕਰਨ ਲਗ ਪਏ ਹੋ ?'



Digitized by Panjab Digital Library | www.panjabdigilib.org

ਸਰਦਾਰ ਜੀ—'ਅੰਗਰੇਜ਼ ਮਹੰਤਾਂ ਦੀ ਮਦਦ ਕਰਦੇ ਹਨ। ਸਾਡੇ ਦੋ ਸੌ ਵੀਰ ਨਨਕਾਣੇ ਸਾਹਿਬ ਸ਼ਹੀਦ ਕੀਤੇ ਗਏ ਹਨ।'

ਕੈਪਟਨ ਮੈਜੀ ਨੇ ਆਪਨੂੰ ਅਕਾਲੀ ਸਮਝ ਕੇ ਸਤਵੀਂ ਰੈਜਮੈਂਟ ਵਿਚ ਬਦਲ ਦਿਤਾ। ਉਥੇ ਵੀ ਆਪਨੇ ਸ਼ਰੋਮਣੀ ਕਮੇਟੀ ਨੂੰ ਸਹਾਇਤਾ ਭੇਜਨੀ ਜਾਰੀ ਰਖੀ। ਸਨ ੧੯੨੧ ਵਿਚ ਸ੍ਰਦਾਰ ਜੀ ਨੂੰ ਇਕ ਬੰਗਲੇ ਵਿਚ ਨਜ਼ਰਬੰਦ ਕਰ ਦਿਤਾ। ਨਾਲ ਹੀ ਇਕ ਸੌ ਵੀਹ ਸਿੱਖ ਫੌਜੀਆਂ ਦੀ ਪੁਛ ਪੜਤਾਲ ਹੋਈ। ਉਨ੍ਹਾਂ ਨੂੰ ਕਿਹਾ ਗਿਆ ਕਿ ਤੁਸੀਂ ਆਪਣੀ ਗਲਤੀ ਦੀ ਮਾਫੀ ਮੰਗੋ। ਪਰ ਉਹ ਨਹੀਂ ਮੰਨੇ। ਅਖੀਰ ਸ੍ਰਦਾਰ ਜੀ ਤੇ ਉਨਾਂ ਸਿੰਘਾਂ ਦਾ ਲਖਨਊ ਵਿਚ ਕੋਰਟ ਮਾਰਸ਼ਲ ਕੀਤਾ ਗਿਆ। ਮਾਸਟਰ ਸੁੰਦਰ ਸਿੰਘ ਲਾਇਲਪੁਰੀ ਨੇ ਉਸ ਬਾਰੇ 'ਅਕਾਲੀ' ਲਾਹੌਰ ਵਿਚ ਲਿਖਿਆ। ਸਤ ਅੰਗਰੇਜ਼ ਕਰਟ ਮਾਰਸ਼ਲ ਵਿਚ ਗੁਆਹ ਭੁਗਤੇ। ਰੈਜਮੈਂਟ ਦੇ ਕਮਾਂਡਰ ਨੇ ਸ੍ਰਦਾਰ ਮਹਿੰਦਰ ਸਿੰਘ ਦੇ ਹੱਕ ਵਿਚ ਗਵਾਹੀ ਦਿਤੀ। ਜ਼ਨਵਰੀ ੧੯੨੨ ਵਿਚ ਉਸ ਕੇਸ ਦਾ ਫ਼ੈਸਲਾ ਹੋਇਆ। ਸ੍ਰਦਾਰ ਜੀ ਤੇ ਹੋਰ ਕਈ ਸਿੰਘਾਂ ਨੂੰ ਡਿਸਚਾਰਜ ਕੀਤਾ ਗਿਆ।

ਸ਼ਰੋਮਣੀ ਕਮੇਟੀ ਵਿਚ—

ਸ: ਮਹਿੰਦਰ ਸਿੰਘ ਨੌਕਰੀ ਛਡਣ ਦੇ ਬਾਅਦ ੧੯੨੩ ਵਿਚ ਜ਼ਿਲੇ ਵਲੋਂ ਸਰੋਮਣੀ ਕਮੇਟੀ ਦੇ ਮੈਂਬਰ ਚੁਣੇ ਗਏ। ਕੌਮੀ ਸੇਵਾ ਦੇ ਮੈਦਾਨ ਵਿਚ ਕੁਦ ਪਏ।

ਪਹਿਲੀ ਮਹਾਨ ਜੰਗ ਵਿਚ ਸ੍ਰਕਾਰ ਦੀ ਮਦਦ ਕਰਨ ਤੇ ਆਪਦੇ ਪਿਤਾ ਨੂੰ ਚੱਕ ੮੩/੩ ਉਕਾਹੜੇ ਵਿਚ ਢਾਈ ਮੁਰੱਬੇ ਮਿਲੇ ਸਨ। ਆਪ ਉਥੇ ਠਹਿਰੇ ਹੋਏ ਸਨ ਕਿ ਨਾਭੇ ਦਾ ਮੋਰਚਾ ਸ਼ੁਰੂ ਹੋਗਿਆ। ਸਰੋਮਣੀ ਕਮੇਟੀ ਵਲੋਂ ਆਪ ਨੂੰ ਅੰਮ੍ਰਿਤਸਰ ਸਦਿਆ ਗਿਆ। ਮੁਕਤਸਰੋਂ ਤੋਂ ਜੈਤੋ ਦੇ ਮੋਰਚੇ ਵਿਚ ਜਥੇ ਭੇਜਣ ਦੀ ਡਿਊਟੀ ਲਾਈ ਗਈ।



Digitized by Panjab Digital Library | www.panjabdigilib.org

ਮੁਲਤਾਨ ਜੇਹਲ ਵਿਚ–

ਜੈਤੋ ਜਥੇ ਭੇਜਨ ਦੇ ਦੋਸ਼ ਵਿਚ ੧੯੨੩ ਦੀ ਅਖੀਰ ਵਿਚ ਆਪਨੂੰ ਮੁਕਤਸਰ ਤੋਂ ਗ੍ਰਿਫਤਾਰ ਕਰਕੇ ਫੀਰੋਜ਼ਪੁਰ ਜੇਹਲ ਵਿਚ ਪੁਚਾਇਆ ਗਿਆ। ਸ: ਜੋਗਿੰਦਰ ਸਿੰਘ ਘਾਲੀ ਵੀ ਨਾਲ ਸਨ। ਆਪਦੇ ਵਿਰੁਧ ਮੁਕਦਮਾ ਚਲਾਇਆ ਗਿਆ। ਸ: ਬਲਵੰਤ ਸਿੰਘ ਨਲੂਆ ਮਜਿਸਟਰੇਟ ਨੇ ਦਿਸੰਬਰ ੧੯੨੩ ਵਿਚ ਢਾਈ ਸਾਲ ਸਖਤ ਦੀ ਸਜ਼ਾ ਦਿਤੀ। ਫੀਰੋਜ਼ਪੁਰ ਤੋਂ ਬਦਲਕੇ ਮੁਲਤਾਨ ਸੰਟ੍ਰਲ ਜੇਹਲ ਵਿਚ ਬਦਲ ਦਿਤਾ। ਉਥੇ ਆਪਨੇ ਬੜੀ ਮਜਬੂਤੀ ਨਾਲ ਜੇਹਲ ਦੀ ਸਖਤੀ ਬਰਦਾਸ਼ਤ ਕੀਤੀ। ਕੈਂਪ ਜੇਹਲ ਦੇ ਸੂਝਵਾਨ ਆਗੂਆਂ ਵਿਚੋਂ ਸਨ। ਸਾਡੀ ਜਾਣ ਪਛਾਣ ਮੁਲਤਾਨ ਜੇਲ੍ਹ ਵਿਚ ਹੋਈ।

ਜੇਹਲ ਅੰਦਰ 'ਬੰਦੇ ਮਾਤਰਮ' ਦੇ ਨਾਹਰੇ ਜਾਂ ਗੀਤ ਬਾਰੇ ਇਕ ਕੇਸ ਚਲਿਆ। ਜਿਸ ਵਿਚ ਜਥੇਦਾਰ ਊਧਮ ਸਿੰਘ ਤੇ ਸ: ਮਹਿੰਦਰ ਸਿੰਘ ਦੋਹਾਂ ਦੀਆਂ ਸ਼ਹਾਦਤਾਂ ਹੋਈਆਂ। ਆਪਨੇ ਪੂਰੀ ਕੈਦ ਕਟੀ।

ਸ਼ਰੋਮਣੀ ਕਮੇਟੀ ਦੇ ਸਕਤਰ–

੧੯੨੫ ਵਿਚ ਗੁਰ: ਐਕਟ ਬਣਨ ਪਰ ਜਦ ਸ: ਬ: ਮਹਿਤਾਬ ਸਿੰਘ ਤੇ ਗਿਆਨੀ ਸ਼ੇਰ ਸਿੰਘ ਆਦਿਕ ਮੁਖੀ ਰਿਹਾ ਹੋਏ, ਉਸ ਵਕਤ ਸ: ਮਹਿੰਦਰ ਸਿੰਘ ਵੀ ਮੁਲਤਾਨ ਜੇਹਲ ਤੋਂ ਰਿਹਾ ਹੋ ਚੁਕੇ ਸਨ।

ਆਪਨੂੰ ਸ਼ਰੋਮਣੀ ਕਮੇਟੀ ਦਾ ਜਨਰਲ ਸਕਤਰ ਨੀਯਤ ਕੀਤਾ ਗਿਆ। ਸਭ ਤੋਂ ਪਹਿਲੇ ਆਪਨੇ ਹਿਸਾਬ ਕਿਤਾਬ ਦਰੁਸਤ ਕੀਤਾ। ਜੇਹੜੇ ਸਿੰਘ ਜੇਹਲਾਂ ਵਿਚ ਸਨ, ਉਨਾਂ ਦੇ ਪ੍ਰਵਾਰਾਂ ਨੂੰ ਸਹਾਇਤਾ ਦਿਤੀ। ਇਸ ਪਰ ਰਿਆਸਤਾਂ ਦੇ ਕਈ ਸਜਨ ਪਰੇਸ਼ਾਨ ਹੋਗਏ। ਉਨਾਂ ਨੇ ਕਿਹਾ ਕਿ ਅਸੀਂ ਵੀ ਕੁਰਬਾਨੀ ਕੀਤੀਹੈ।



Digitized by Panjab Digital Library | www.panjabdigilib.org

ਸਾਨੂੰ ਮੁਨਾਸਬ ਸਹਾਇਤਾ ਨਹੀਂ ਦਿਤੀ ਗਈ।ਸ:ਬਹਾਦਰ ਪਾਰਟੀ ਨੇ ਅਕਾਲੀ ਪਾਰਟੀ ਦਾ ਝਗੜਾ ਚਲ ਰਿਹਾ ਸੀ। ਇਸ ਸਿਲਸਿਲੇ ਵਿਚ ਇਕ ਸ: ਸੰਤਾ ਸਿੰਘ ਨਾਭਾ ਜ਼ਥਾ ਲੈਕੇ ਅੰਮ੍ਰਿਤਸਰ ਪੁਜਾ। ਉਹ ਜਥਾ ਸ੍ਰੀ ਦਰਬਾਰ ਸਾਹਿਬ ਤੇ ਅਕਾਲ ਤਖਤ ਪਰ ਕਬਜ਼ਾ ਕਰਨਾ ਚਾਹੁੰਦਾ ਸੀ। ਸ: ਮਹਿੰਦਰ ਸਿੰਘ ਨੇ ਸ਼ਰੋਮਣੀ ਕਮੇਟੀ ਦੇ ਜਨਰਲ ਸਕੱਤਰ ਹੋਣ ਦੀ ਹੈਸੀਅਤ ਵਿਚ ਉਸ ਜਥੇ ਨੂੰ ਰੋਕਿਆ। ਜਿਸ ਕਰਕੇ ਅਕਾਲ ਤਖਤ ਦੇ ਦੀਵਾਨ ਵਿਚ ਆਪ ਪਰ ਮਾਰੂ ਹਮਲਾ ਕੀਤਾ ਗਿਆ। ਆਪ ਜ਼ਖਮੀ ਵੀ ਹੋਏ। ਭਾਈ ਸੰਤਾ ਸਿੰਘ ਨਾਭਾ ਹੀ ਨੇ ਹਮਲਾਵਰਾਂ ਤੋਂ ਆਪਨੂੰ ਬਚਾਇਆ। ਗੜਬੜ ਨੂੰ ਰੋਕਣ ਲਈ ਪੁਲੀਸ ਬੁਲਾਈ ਗਈ। ਉਸਨੇ ਆਕੇ ਫਸਾਦ ਕਰਨ ਵਾਲਿਆਂ ਨੂੰ ਗ੍ਰਿਫਤਾਰ ਕੀਤਾ। ਬਾਅਦ ਵਿਚ ਰਿਹਾ ਕਰ ਦਿਤਾ। ਗੁਰਦਵਾਰਾ ਐਕਟ ਦੇ ਬਾਅਦ ਵੀ ਆਪ ਸ਼ਰੋਮਣੀ ਕਮੇਟੀ ਦੇ ਮੈਂਬਰ ਰਹੇ ਹਨ।

### ਵਿਦਿਅਕ ਤੇ ਹੋਰ ਸੇਵਾ—

ਸ: ਮਹਿੰਦਰ ਸਿੰਘ ਬਹੁਤ ਸਿਆਣੇ ਤੇ ਨਿਗਾਰ ਕੌਮੀ ਸੇਵਾ ਕਰਨ ਵਾਲੇ ਹਨ। ਆਪਦੇ ਭਾਇਆ ਭਾਈ ਨਰੈਣ ਸਿੰਘ ਦੇ ਉਦਮ ਨਾਲ ੧੯੨੬ ਵਿਚ ਸਿਧਵਾਂ ਵਿਚ ਲੜਕੀਆਂ ਦਾ ਸਕੂਲ ਜਾਰੀ ਕੀਤਾ ਗਿਆ। ਬਾਹਦ ਵਿਚ ਉਹਮਿਡਲ ਤੇ ਹਾਈ ਬਣਿਆ। ਉਸ ਨੂੰ ਬਨਾਉਣ ਵਿਚ ਸ: ਮਹਿੰਦਰ ਸਿੰਘ ਦਾ ਭਾਰੀ ਹਿੱਸਾ ਹੈ। ਆਜ਼ਾਦੀ ਦੇ ਬਾਅਦ ਭਾਈ ਨਰਾਇਣ ਸਿੰਘ ਦੀ ਸਪੁਤਰੀ ਬੀਬੀ ਹਰਿ ਪ੍ਰਕਾਸ਼ ਕੌਰ ਤੇ ਸ੍ਰ: ਜੀ ਦੇ ਉਦਮ ਨਾਲ ਸਿਧਵਾਂ ਦਾ ਗਰਲਜ਼ ਸਕੂਲ ਕਾਲਜ ਬਣ ਗਿਆ। ਇਸ ਵਕਤ ਪੰਜ਼ਾਬ ਦੇ ਉਘੇ ਗਰਲਜ਼ ਕਾਲਜਾਂ ਵਿਚੋਂ ਹੈ। ਇਸ ਵਿਚ ਬੋਰ-ਡਿੰਗ ਦਾ ਵੀ ਪ੍ਰਬੰਧ ਹੈ। ਇਸ ਲਈ ਬਾਹਰ ਦੀਆਂ ਲੜਕੀਆਂ ਵੀ ਵਿਦਿਆ ਪ੍ਰਾਪਤ ਕਰਦੀਆਂ ਹਨ। ਬੀਬੀ ਹਰਿ ਪ੍ਰਕਾਸ਼ ਕੌਰ



Digitized by Panjab Digital Library | www.panjabdigilib.org

ਗੁਜ਼ਰ ਗਏ ਹਨ। ਸਿਧਵਾਂ ਕਾਲਜ ਟ੍ਰਸਟ ਦੇ ਚੇਅਰਮੈਨ ਸ੍ਰ. ਮਹਿੰਦਰ ਸਿੰਘ ਹਨ।

ਆਪ ੧੯੪੭ ਦੀ ਵੰਡ ਤੋਂ ਪਹਿਲੇ ਤੇ ਬਾਅਦ ਵੀ ਸ਼੍ਰੋਮਣੀ ਕਮੇਟੀ ਦੇ ਕਈ ਸਾਲ ਮੈਂਬਰ ਰਹੇ ਹਨ। ਸਿਖੀ ਪ੍ਰਚਾਰ ਨਾਲ ਬੜੀ ਦਿਲਚਸਪੀ ਰਖਦੇ ਹਨ । ਆਪਨੇ ਬਹੁਤ ਚੰਗੇ ਗੁਰਦਵਾਰਾ ਪ੍ਰਬੰਧਕ ਹਨ । ੧੯੩੨-੩੩ ਵਿਚ ਜਦ ਦਫ਼ਾ ੮੫ ਦੀਆਂ ਗੁਰਦਵਾਰਾ ਕਮੇਟੀਆਂ ਸਨ, ਆਪ ਸ: ਜਸਵੰਤ ਸਿੰਘ ਝਬਾਲ ਦੀ ਪ੍ਰਧਾਨਗੀ ਸਮੇਂ ਸ੍ਰੀ ਦਰਬਾਰ ਸਾਹਿਬ ਕਮੇਟੀ ਅੰਮ੍ਰਿਤਸਰ ਦੇ ਵੀ ਮੈਂਬਰ ਸਨ।

੧੯੪੮-੫੨ ਵਿਚ ਜਥੇਦਾਰ ਊਧਮ ਸਿੰਘ ਨਾਗੋਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸਨ। ਉਸ ਵਕਤ ਪਾਕਸਤਾਨ ਸਰਕਾਰ ਨੇ ਸ੍ਰੀ ਨਨਕਾਣੇ ਸਾਹਿਬ ਦੇ ਫੰਡ ਵਿਚ ਜਮਾਂ ਦਸ ਲਖ ਰੁਪਏ ਸ਼੍ਰੋਮਣੀ ਕਮੇਟੀ ਨੂੰ ਦਿਤੇ । ਕਮੇਟੀ ਵਿਚ ਇਹ ਵਿਚਾਰ ਕੀਤੀ ਗਈ ਕਿ ਇਸ ਰਕਮ ਦੀ ਕਿਸ ਤਰਾਂ ਸਹੀ ਵਰਤੋਂ ਕੀਤੀ ਜਾਵੇ, ਜਿਸ ਨਾਲ ਕੋਈ ਕੌਮੀ ਚੀਜ਼ ਬਣ ਜਾਏ। ਉਸ ਵਕਤ ਸ: ਮਹਿੰਦਰ ਸਿੰਘ ਸ਼੍ਰੋਮਣੀ ਕਮੇਟੀ ਵਿਚ ਸਨ। ਨਗਰ ਗਿਲਾਂ ਨੇ ਜ਼ਮੀਨ ਦਿਤੀ। ੭ ਲੱਖ ਰੁਪਏ ਦੀ ਲਾਗਤ ਨਾਲ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਲੁਧਿਆਣਾ ਕਾਇਮ ਕੀਤਾ ਗਿਆ । ਉਹ ਨਨਕਾਣਾ ਸਾਹਿਬ ਐਜੂਕੇਸ਼ਨਲ ਟ੍ਰਸਟ ਦੇ ਅਧੀਨ ਹੈ । ਉਸ ਟ੍ਰਸਟ ਦੇ ਸਕਤਰ ਸਰਦਾਰ ਜੀ ਹਨ।

ਆਪਦਾ ਇਕ ਸਪੁਤਰ ਮੇਜਰ ਸ਼ਿਵ ਦੇਵ ਸਿੰਘ ੧੯ ਦਸੰਬਰ ੧੯੬੧ ਨੂੰ ਗੋਆ ਦੇ ਜੰਗ ਵਿਚ ਸ਼ਹੀਦ ਹੋਇਆ। ਦੂਜ ਲੜਕੇ ਸ: ਜਗਜੀਤ ਸਿੰਘ ਡਾਇਰੈਕਟਰ ਲੋਕ ਸਪਰਕ ਵਿਭਾਗ ਪੰਜਾਬ ਵੀ ਗੁਜ਼ਰ ਗਏ ਹਨ ਦੋਹਾਂ ਦੀ ਸੰਤਾਨ ਹੈ। ਸ: ਮੰਗਲ ਸਿੰਘ ਅਕਾਲੀ ਤੇ ਸ: ਮਹਿੰਦਰ ਸਿੰਘ ਸਿਧਵਾਂ ਅਕਾਲੀ ਲਹਿਰ ਦੇ ਪੁਰਾਣੇ ਆਗੂਆਂ ਵਿਚੋਂ ਹਨ, ਜਿੰਨਾਂ ਦੀ ਬੜੀ ਸੇਵਾ ਹੈ।



Digitized by Panjab Digital Library | www.panjabdigilib.org

# ੩੧

## ਕਰਮ ਯੋਗੀ ਤੇ ਮਹਾਨ ਸੇਵਕ

# ਸੰਤ ਪਰੇਮ ਸਿੰਘ ਕੋਕਰੀ

ਸੰਤ ਪਰੇਮ ਸਿੰਘ ਜੀ ਦਾ ਜਨਮ ਸਨ ੧੮੯੭ ਵਿਚ ਨਗਰ ਕੋਕਰੀ ਫੂਲਾ ਸਿੰਘ ਤਸੀਲ ਮੋਗਾ ਵਿਚ ਸ: ਸੂਬਾ ਸਿੰਘ ਦੇ ਘਰ ਮਾਤਾ ਚੰਦ ਕੌਰ ਤੋਂ ਹੋਇਆ। ਸੰਤ ਜੀ ਤਿੰਨ ਭਾਈ ਹਨ। ਵਡੇ ਸ: ਖੇਮ ਸਿੰਘ,ਵਿਚਲੇ ਆਪ ਤੇ ਛੋਟੇ ਭਰਾ ਸ: ਚੰਨਣ ਸਿੰਘ। ਇਨ੍ਹਾਂ ਵਿਚੋਂ ਸ: ਖੇਮ ਸਿੰਘ ਪੜ੍ਹ ਲਿਖਕੇ ਸਹਿਕਾਰੀ ਬੈਂਕਾਂ ਦੇ ਇੰਨਸਪੈਕਟਰ ਬਣ ਗਏ। ਸੰਤ ਪਰੇਮ ਸਿੰਘ ਜੀ ਸਾਧੂ ਤੇ ਸੇਵਕ ਬ੍ਰਿਤੀ ਦੇ, ਤੀਸਰੇ ਸ: ਚੰਨਣ ਸਿੰਘ ਚੰਗੇ ਕਾਰੋਬਾਰੀ ਤੇ ਵਡ ਪ੍ਰਵਾਰੀ ਹਨ।

ਸੰਤ ਜੀ ਨੇ ਪਿੰਡ ਦੇ ਗੁਰਦਵਾਰੇ ਤੇ ਪ੍ਰਾਇਮਰੀ ਸਕੂਲ ਵਿਚ ਪੜ੍ਹਾਈ ਕੀਤੀ। ਭਿੰਡਰੀਂ ਜਾਕੇ ਗੁਰਬਾਣੀ ਦਾ ਪਾਠ ਸਿਖਿਆ। ਆਪਦੇ ਦਾਦਾ ਜੀ ਸੰਤ ਸੰਗਤ ਸਿੰਘ ਕੋਕਰੀ ਦੇ ਸਤਿਸੰਗੀ ਸਨ। ਮਾਤਾ ਪਿਤਾ ਗੁਰੂ ਘਰ ਦੇ ਬੜੇ ਸ਼ਰਧਾਲੂ ਸਨ। ਸੰਤ ਸੰਗਤ ਸਿੰਘ ਗ੍ਰਿਹਸਤੀ ਸਨ। ਉਨਾਂ ਦਾ ਇਕ ਲੜਕਾ ਭਾਈ ਉਤਮ ਸਿੰਘ ਤੇ ਇਕ ਭਤੀਜਾ ਕਰਤਾਰ ਸਿੰਘ ਸੀ। ਉਨਾਂ ਦੋਹਾਂ ਨੂੰ ਸੰਤਾਂ ਨੇ ਇਕਾਂਤਵਾਸ ਤੇ ਭਜਨ ਬੰਦਗੀ ਵਿਚ



Digitized by Panjab Digital Library | www.panjabdigilib.org

ਲਾਇਆ। ਫਿਰ ਕਰਤਾਰ ਸਿੰਘ ਜੀ ਨੂੰ ਕਾਂਸ਼ੀ ਪੜ੍ਹਨ ਭੇਜਿਆ। ਉਹ ਬੜੇ ਵਿਦਵਾਨ ਤੇ ਪੰਡਤ ਬਣ ਕੇ ਆਏ। ਮੰਡਲੇਸ਼ਵਰ ਵੀ ਰਹੇ। ਸੰਤ ਸੰਗਤ ਸਿੰਘ ਜੀ ਦੇ ਸਪੁਤਰ ਉਤਮ ਸਿੰਘ ਵਧਣੀ ਚਲੇ ਆਏ। ਉਨਾਂ ਦੇ ਬਚਨ ਵਿਚ ਸਿਧੀ ਸੀ। ਸੰਤ ਪਰੇਮ ਸਿੰਘ ਜੀ ਨੂੰ ਉਨਾਂ ਦੀ ਸੰਗਤ ਪ੍ਰਾਪਤ ਹੋਈ।

ਸਨ ੧੯੦੨ ਵਿਚ ਪੰਡਤ ਕਰਤਾਰ ਸਿੰਘ ਜੀ ਚਲਾਣਾ ਕਰ ਗਏ। ਉਨਾਂ ਦੀ ਸਮਾਧਿ ਕਿੱਲੀ ਚਾਹਲਾਂ ਵਿਖੇ ਹੈ। ਕੋਕਰੀ ਦਾ ਗੁਰਦਵਾਰਾ ਸੰਤ ਸੰਗਤ ਸਿੰਘ ਨੇ ਸੰਤ ਪਰੇਮ ਸਿੰਘ ਦੇ ਘਰ ਦੀ ਜ਼ਮੀਨ ਲੈਕੇ ਬਣਵਾਇਆ। ਸੰਗਤ ਉਨਾਂ ਦੇ ਸਪੁਤਰ ਉਤਮ ਸਿੰਘ ਜੀ ਨੂੰ ਕੋਕਰੀ ਲੈ ਆਈ। ਇਸ ਤਰਾਂ ਸਤਿਸੰਗ ਦਾ ਪ੍ਰਵਾਹ ਚਲਦਾ ਰਿਹਾ। ਸਨ ੧੯੦੫ ਵਿਚ ਸੰਤ ਪਰੇਮ ਸਿੰਘ ਜੀ ਨੂੰ ਗੰਠੀਆ ਹੋ ਗਿਆ। ਸੰਤ ਉਤਮ ਸਿੰਘ ਨੇ ਬਚਨ ਕੀਤਾ—

'ਕੌੜਾ ਜਲ ਪੀ ਲੈ ਰਾਜੀ ਹੋ ਜਾਵੇਂਗਾ।' ਸਾਧ ਬਚਨ ਅਟਲਾਧਾ ਅਨੁਸਾਰ ਇਹੀ ਗਲ ਹੋਈ।

ਮਾਤਾ ਪਿਤਾ ਨੇ ਛੋਟੀ ਉਮਰ ਵਿਚ ਹੀ ਸੰਤ ਪਰੇਮ ਸਿੰਘ ਜੀ ਦੀ ਕੁੜਮਾਈ ਪਿੰਡ ਦੁਸਾਂਝ ਵਿਚ ਕੀਤੀ। ਪਰ ਉਹ ਲੜਕੀ ਗੁਜ਼ਰ ਗਈ। ਦੂਜੀ ਵੇਰ ਸੰਤ ਉਤਮ ਸਿੰਘ ਜੀ ਦੀ ਪ੍ਰੇਰਨਾ ਨਾਲ ਪਿੰਡ ਕਾਉਂਕੇ (ਵਡੇ) ਵਿਚ ਕੀਤੀ ਗਈ। ਪਰ ਉਹ ਲੜਕੀ ਵੀ੧੯੧੮ ਵਿਚ ਕਾਲਵਾਸ ਹੋ ਗਈ, ਜਦ ਕਿ ਆਪ ਫੌਜਵਿਚ ਸਨ।

ਫੌਜ ਵਿਚ—

ਆਪ ਦੇ ਚਾਚੇ ਦੇ ਪੁਤ ਭਰਾ ਸ੍ਰ: ਹੀਰਾ ਸਿੰਘ ਰੁੜਕੀ ਸਫਰਮੈਨਾ ਵਿਚ ਜਮਾਦਾਰ ਸਨ। ਇਨਾਂ ਦੇ ਘਰ ਵਿਚੋਂ ਇਕ ਸ੍ਰਦਾਰ ਈਸ਼ਰ ਸਿੰਘ ਰੁੜਕੀ ਇੰਜੀਨੀਅਰਿੰਗ ਕਾਲਜ ਵਿਚ ਪੜ੍ਹਦੇ ਸਨ। ੧੨ ਅਗਸਤ ੧੯੦੮ ਨੂੰ ਸੰਤ ਜੀ ਉਨਾਂ ਪਾਸ ਰੁੜਕੀ ਚਲੇ ਗਏ। ਆਪ ਬੜੇ ਸੁੰਦਰ ਤੇ ਸਡੌਲ ਜਵਾਨ ਸਨ,



Digitized by Panjab Digital Library | www.panjabdigilib.org

ਇਸ ਲਈ ੧੯੧੨ ਵਿਚ ਰਸਾਲੇ ਵਿਚ ਭਰਤੀ ਹੋ ਗਏ। ਜਿਸ ਕਿਸਮ ਦੀ ਕਿਸੇ ਮਨੁਖ ਦੀ ਮਨੋਬ੍ਰਿਤੀ ਤੇ ਸੰਸਕਾਰ ਹੁੰਦੇ ਹਨ, ਉਸ ਨੂੰ ਓਹੋ ਜੇਹਾ ਸਾਥ ਮਿਲ ਜਾਂਦਾ ਹੈ। ਰਸਾਲੇ ਵਿਚ ਆਪ ਨੂੰ ਭ ਈ ਮਘਰ ਸਿੰਘ ਜੀ ਮਿਲ ਪਏ, ਜੇਹੜੇ ਭਜਨ ਕੀਰਤਨ ਦੇ ਬੜੇ ਰਸੀਏ ਸਨ। ਲੋਕੀ ਉਨਾਂ ਨੂੰ ਸੰਤ ਮਘਰ ਸਿੰਘ ਕਹਿੰਦੇ ਸਨ। ਉਨਾਂ ਦੀ ਸੰਗਤ ਦਾ ਵੀ ਆਪ ਪਰ ਆਪ ਬੜਾ ਪ੍ਰਭਾਵ ਪਿਆ।

੧ ਅਗਸਤ ੧੯੧੪ ਨੂੰ ਪਹਿਲੀ ਮਹਾਨ ਜੰਗ ਸ਼ੁਰੂ ਹੋ ਗਈ। ਭਾਈ ਮਘਰ ਸਿੰਘ ਜੀ ਤੇ ਉਨਾਂ ਦੇ ਸਾਥੀ ਫਰਾਂਸ ਭੇਜੇ ਗਏ। ਜਨਵਰੀ ੧੯੧੫ ਵਿਚ ਸੰਤ ਪਰੇਮ ਸਿੰਘ ਤੇ ਉਨਾਂ ਦੇ ਸਾਥੀਆਂ ਦੇ ਫਰਾਂਸ ਭਜਣ ਦਾ ਆਰਡਰ ਹੋ ਗਿਆ।ਇਨਾਂਨੇ ਭਾਈ ਮਘਰ ਸਿੰਘ ਜੀ ਪਾਸ ਜਾਣਦੀ ਇਛਾ ਪ੍ਰਗਟ ਕੀਤੀ। ਸਰਦਾਰ ਸਿਕੰਦਰ ਸਿੰਘ ਸੰਧੂ ਵਾਲਾ ਸਮੇਤ ਆਪਦੀ ਕੰਪਨੀ ਨੂੰ ਫਰਾਂਸ ਭੇਜਿਆ ਗਿਆ। ਉਸ ਵਕਤ ਸਮੁੰਦਰੀ ਜਹਾਜ਼ਾਂ ਦਾ ਸਫਰ ਸੀ। ਕਾਫੀ ਦਿਨ ਸਫਰ ਕਰਨ ਦ ਬਾਅਦ ਫਰਾਂਸ ਪੁਜ ਗਏ। ਕੁਝ ਦਿਨ ਕੈਂਪ ਵਿਚ ਠਹਿਰੇ। ਉਥੋਂ ਅਰਨੇ ਸ਼ਹਿਰ ਭੇਜੇ ਗਏ। ਜਾਣ ਲਗਿਆਂ ਆਪ ਨੂੰ ਇਕ ਚਿਠੀ ਕਮਾਂਡਰ ਦੇ ਨਾਮ ਦਿਤੀ ਗਈ। ਜਿਸਪਰ ਜਮਾਂਦਾਰ ਹਰਨਾਮ ਸਿੰਘ ਗਾਲਬ ਤੇ ਰਸਾਲਦਾਰ ਚੰਦਾ ਚੰਦਾ ਸਿੰਘ ਬਹੁਤ ਨਰਾਜ਼ ਹੋ ਗਏ। ਉਨਾਂ ਨੇ ਆਪ ਨੂੰ ਕਿਹਾ—

'ਤੁਸੀਂ ਸਾਥੋਂ ਪੁਛੇ ਬਿਨਾਂ ਸਿਧੇ ਕਮਾਂਡਰ ਪਾਸ ਕਿਉਂ ਗਏਤੇ ਉਸਨੂੰ ਜਾਕੇ ਚਿਠੀ ਦਿਤੀ?ਆਪਨੇ ਕੋਈਪ੍ਰਵਾਹ ਨ ਕੀਤੀ।

ਫੌਜ ਵਿਚ ਸ਼ਰਾਬ ਪੀਣੀ ਜ਼ਰੂਰੀ ਸਮਝੀ ਜਾਂਦੀ ਹੈ। ਪਰ ਸੰਤ ਜੀ ਨੇ ਉਹ ਛੱਡ ਦਿਤੀ। ਫਰਾਂਸ ਵਿਚ ਗੋਕੇ ਦਾ ਬਣਿਆ ਮਾਸ ਖਾਣ ਨੂੰ ਮਿਲਦਾ ਸੀ। ਫੌਜੀ ਸਿੰਘਾਂ ਨੇ ਉਹ ਖਾਣ ਤੋਂ ਇਨਕਾਰ ਕਰ ਦਿਤਾ। ਜਿਸ ਪਰ ਜੀਉਂਦੇ ਬਕਰੇ ਤੇ ਭੇਡੂ ਆਦਿਕ ਮਿਲਣ ਲਗ ਪਏ। ਇਕ ਦਿਨ ਜਾਨਵਰ ਝਟਕਾਉਣ



Digitized by Panjab Digital Library | www.panjabdigilib.org

ਲਈ ਆਪ ਦੀ ਵਾਰੀ ਆਈ। ਆਪ ਨੇ ਭਾਈ ਮਘਰ ਸਿੰਘ ਜੀ ਸਲਾਹ ਲਈ। ਉਨ੍ਹਾਂ ਨੇ ਕਿਹਾ–

'ਮਾਸ ਖਾਣਾ ਛਡ ਦਿਓ।'

ਇਸ ਪਰ ਸੰਤ ਪਰੇਮ ਸਿੰਘ ਨੇ ਮਾਸ ਖਾਣਾ ਛਡ ਦਿਤਾ।

ਸੰਤ ਜੀ ਸਵਾ ਸਾਲ ਫਰਾਂਸ ਦੇ ਨਗਰ 'ਅਰਨੇ' ਵਿਚ ਰਹੇ। ਉਥੇ ਰੋਜ਼ਾਨਾ ਸ਼ਬਦ ਕੀਰਤਨ ਤੇ ਸਤਿਸੰਗ ਹੁੰਦਾ ਰਿਹਾ। ਰਾਤ ਨੂੰ ਦੁਸ਼ਮਨ ਦੇ ਹਮਲੇ ਤੋਂ ਬਚਣ ਲਈ ਲੋਹੇ ਦੀ ਕੰਡਿਆਲੀ ਤਾਰ ਲਾਉਣੀ ਪੈਂਦੀ ਸੀ, ਜੋ ਪੰਜ ਫੁਟ ਉਚੀ ਤੇ ਚਾਰ ਫਟ ਚੌੜੀ ਹੁੰਦੀ ਸੀ। ਇਹ ਕੰਮ ਜਰਮਨਾਂ ਤੋਂ ਚੋਰੀ ਹੁੰਦਾ ਸੀ। ਇਕ ਦਿਨ ਰਾਤ ਨੂੰ ਤਾਰ ਲਾ ਰਹੇ ਸਨ ਕਿ ਬਿੜਕ ਹੋਣ ਪਰ ਜਰਮਨ ਫੌਜ ਨੇ ਗੈਸ ਦਾ ਗੋਲਾ ਛਡਕੇ ਹਿੰਦੀ ਸਫਰਮੈਨਾਂ ਨੂੰ ਵੇਖ ਲਿਆ। ਫਾਇਰ ਸ਼ੁਰੂ ਕਰ ਦਿਤਾ। ਸੰਤ ਜੀ ਤੇ ਆਪ ਦੇ ਇਕ ਸਾਥੀ ਟੋਏ ਵਿਚ ਵੜ ਗਏ। ਜਿਸ ਕਰਕੇ ਬਚਾਅ ਹੋ ਗਿਆ। ਪਰ ਆਪ ਦਾ ਇਕ ਸਾਥੀ ਲਾਇਸਨਾਇਕ ਸ਼ੰਤਾ ਸਿੰਘ ਮਾਰਿਆ ਗਿਆ।

ਇਸ ਮੋਰਚੇ ਵਿਚ ਇਕ ਵੇਰ ਅੰਗਰੇਜ਼ ਕਮਾਂਡਰ ਨੇ ਹੁਕਮ ਦਿਤਾ ਕਿ ਹਰੇਕ ਸਿਖ ਨੂੰ ਦਸਤਾਰ ਦੇ ਪਿਛੇ ਫਰ੍ਹਾ ਛਡਣਾ ਪਵੇਗਾ ਤੇ ਬਚਾਅ ਲਈ ਲੋਹ ਟੋਪੀ ਪਾਣੀ ਪਵੇਗੀ। ਪਰ ਸਿੰਘਾਂ ਨੇ ਟੋਪੀ ਪਾਉਣ ਤੋਂ ਇਨਕਾਰ ਕਰ ਦਿਤਾ। ਕਮਾਂਡਰ ਸਿਆਣਾ ਸੀ। ਉਹ ਟਾਲ ਗਿਆ। ਇਕ ਵੇਰ ਜੰਗ ਚ'ਆਰਡਰ ਹੋਇਆਕਿ ਆਟੇ ਦਾ ਕੋਈ ਪ੍ਰਬੰਧ ਨਹੀਂ ਹੈ। ਇਸ ਲਈ ਲੰਗਰ ਦੀ ਪੱਕੀ ਹੋਈ ਰੋਟੀ ਨਹੀਂ ਮਿਲ ਸਕਦੀ। ਡਬਲ ਰੋਟੀ ਤੇ ਜਾਮ ਖਾਣਾ ਪਵੇਗਾ ਸਿੰਘਾਂ ਨੇ ਖਾਣੋਂ ਨਾਂਹ ਕਰ ਦਿਤੀ ਇਕ ਹਫਤਾ ਗੋਭੀ ਉਬਾਲ ਕੇ ਖਾਂਦੇ ਰਹੇ। ਉਸ ਤੋਂ ਪਿਛੋਂ ਇਕ ਦਿਨ ਕੰਮ ਤੋਂ ਮੁੜ ਕੇ ਆਏ ਕਿ ਰਸਤੇ ਵਿਚ ਆਟੇ ਦੀਆਂ ਬੋਰੀਆਂ ਵੇਖੀਆਂ। ਅਰਦਲੀ ਨ



Digitized by Panjab Digital Library | www.panjabdigilib.org

ਕਿਹਾ ਆਟਾ ਲੈ ਲਉ। ਸਿੰਘਾਂ ਨੇ ਆਟਾ ਲੈਕੇ ਲੰਗਰ ਤਿਆਰ ਕੀਤਾ ਅਤੇ ਛਕਿਆ।

ਸੰਤ ਜੀ ਦੀ ਫੌਜ ਅਰਨੇ ਤੋਂ ਅਗੇ ਇਕ ਹੋਰ ਨਗਰ 'ਰਵਕਾਂ' ਵਿਚ ਭਜੀ ਗਈ। ਉਥੇ ਤਿੰਨ ਕੁ ਮਹੀਨੇ ਰਹੇ। ਉਸ ਤੋਂ ਬਾਅਦ ਇਹ ਸਾਰਾ ਟਰੁਪ ਤੇ ਕੁਝ ਹੋਰ ਫੌਜ ਸਮੁੰਦਰੀ ਜਹਾਜ਼ ਰਾਹੀਂ ਮੈਸੋਪੋਟਾਮੀਆਂ ਨੂੰ ਭਜੀ ਗਈ। ਇਕ ਜਰਮਨ ਤਾਰਪੇਡੂ ਕਿਸ਼ਤੀ ਇਸ ਜਹਾਜ ਦੇ ਪਿਛੇ ਲਗ ਗਈ। ਜਿਸ ਕਰਕੇ ਸਾਰੇ ਲੋਕ ਡਰ ਗਏ। ਸੰਤ ਮਘਰ ਸਿੰਘ ਜੀ ਅਡੋਲ ਚਿਤ ਰਹਿਕੇ ਭਜਨ ਬੰਦਗੀ ਵਿਚ ਮਗਨ ਰਹੇ। ਉਨਾਂ ਨੇ ਅਰਦਾਸ ਕੀਤੀ। ਜਰਮਨ ਡੁਬਕਣੀ ਕਿਸੇ ਹੋਰ ਪਾਸੇ ਚਲੀ ਗਈ। ਅੰਗਰੇਜ਼ੀ ਜਹਾਜ਼ ਦਸ ਦਿਨ ਪਿਛੋਂ ਸਹੀ ਸਲਾਮਤ ੬ ਜਨਵਰੀ ੧੯੧੭ ਨੂੰ ਬਸਰੇ ਦੇ ਘਾਟ ਪਰ ਜਾ ਲਗਾ।

ਮੈਸੋਪੋਟਾਮੀਆਂ ਵਿਚ ਤੁਰਕ ਅੰਗਰੇਜ਼ਾਂ ਵਿਰੁਧ ਸਖਤ ਲੜਾਈ ਲੜ ਰਹੇ ਸਨ। ਕੋਤਲਮਾਰਾ ਇਕ ਅਜਿਹਾ ਮੋਰਚਾ ਸੀ, ਜਿਥੇ ਅੰਗਰੇਜੀ ਫੌਜ ਘਿਰ ਗਈ ਸੀ, ਜਿਸ ਨੂੰ ਬਚਾਉਣ ਲਈ ਅੰਗਰੇਜ਼ ਫਰਾਂਸ ਵਿਚੋਂ ਹਿੰਦੀ ਫੌਜ ਨੂੰ ਲਿਆਏ ਸਨ। ਉਸ ਵਿਚ ਸੰਤ ਮਘਰ ਸਿੰਘ ਤੇ ਪਰੇਮ ਸਿੰਘ ਜੀ ਵੀ ਸ਼ਾਮਲ ਸਨ।

ਏਥੇ ਫੌਜੀਆਂ ਨੂੰ ਸ਼ਰਾਬ ਦਿਤੀ ਗਈ। ਭਾਈ ਮਘਰ ਸਿੰਘ ਜੀ ਦੀ ਸਲਾਹ ਨਾਲ ਸਿੰਘਾਂ ਨੇ ਸ਼ਰਾਬ ਪੀਣ ਤੋਂ ਇਨਕਾਰ ਕਰ ਦਿਤਾ, ਜਿਸ ਪਰ ਸੰਤ ਪਰੇਮ ਸਿੰਘ, ਭਾਈ ਸੇਵਾ ਸਿੰਘ ਕ੍ਰਿਪਾਨ ਬਹਾਦਰ, ਸ: ਹਰੀ ਸਿੰਘ ਮਲ੍ਹਾ, ਮੋਤਾ ਸਿੰਘ ਸ਼ੇਰਪੁਰਾ ਤੇ ਥੰਮਣ ਸਿੰਘ ਨੂੰ ਇਕ ਹਫ਼ਤਾ ਕੋਤਗਾਰਦ ਵਿਚ ਰਖਿਆ ਗਿਆ। ਅਖੀਰ ਅਫਸਰਾਂ ਨੇ ਉਹ ਹੁਕਮ ਵਾਪਸ ਲੈ ਲਿਆ।

ਕੋਤਲਮਾਰੇ ਵਿਚ ਦਸਤਾਰ ਦੇ ਪਿਛੇ ਫੱਰਾ ਛਡਣ ਤੇ ਲੋਹੇ ਦਾ ਟੋਪ ਪਾਉਣ ਦਾ ਹੁਕਮ ਦਿਤਾ ਗਿਆ। ਪਰ ਸਿੰਘ ਨਹੀਂ ਮੰਨੇ। ਇਸ ਪਰ ਭਾਈ ਮਘਰ ਸਿੰਘ ਜੀ, ਸੰਤ ਪਰੇਮ ਸਿੰਘ,



Digitized by Panjab Digital Library | www.panjabdigilib.org

ਇੰਦਰ ਸਿੰਘ ਲੋਪੋਕੇ, ਮੋਤਾ ਸਿੰਘ ਸ਼ੇਰਪੁਰਾ, ਚੰਨਣ ਸਿੰਘ ਮਲਕ, ਇਦਰ ਸਿੰਘ ਤੇ ਮਨਸ਼ਾ ਸਿੰਘ ਕ੍ਰਿਪਾਨ ਬਹਾਦਰ ਦੀ ਪੇਸ਼ੀ ਹੋਈ। ਭਾਈ ਇੰਦਰ ਸਿੰਘ ਜੋਸ਼ ਆ ਗਿਆ। ਉਨਾਂ ਨੇ ਕਿਹਾ—'ਪਤਾ ਨਹੀਂ ਟੋਪੀ ਲੈਣੀ ਪਵੇ ਕਿ ਉਡ ਹੀ ਜਾਵੇ।' ਰਾਤ ਨੂੰ ਭਾਈ ਇੰਦਰ ਸਿੰਘ ਦੀ ਕੋਤਲਗਾਰਦ ਤੇ ਡਿਊਟੀ ਲਗੀ। ਕਮਾਂਡਰ ਬਾਹਰੋਂ ਮੁੜਿਆ ਤਾਂ ਭਾਈ ਸਾਹਿਬ ਨੇ ਉਸ ਨੂੰ ਗਲੀ ਮਾਰਕੇ ਖਤਮ ਕਰ ਦਿਤਾ। ਮੁੜ ਦੂਜਾ ਫਾਇਰ ਕਰਕੇ ਆਪ ਵੀ ਸ਼ਹੀਦ ਹੋ ਗਏ।

ਛੇ ਮਹੀਨੇ ਘੇਰੇ ਦੇ ਬਾਅਦ ਕੋਤਲਮਾਰੇ ਦਾ ਮੋਰਚਾ ਸਰ ਹੋਇਆ।

ਜੰਗ ਤੋਂ ਵਾਪਸੀ ਤੇ ਸੇਵਾ ਦਾ ਪ੍ਰਣ—

੧੯੧੮ ਵਿਚ ਪਹਿਲੀ ਜੰਗ ਖਤਮ ਹੋਈ, ਅਪਰੈਲ ੧੯੧੯ ਵਿਚ ਜਲ੍ਹਿਆਂ ਵਾਲੇ ਬਾਗ ਦਾ ਸਾਕਾ ਹੋਇਆ। ਸੰਤ ਮਘਰ ਸਿੰਘ ਜੀ, ਪ੍ਰੇਮ ਸਿੰਘ ਤੇ ਉਨਾਂ ਦੇ ਕਈ ਸਾਥੀਆਂ ਨੇ ਵਾਪਸ ਆਕੇ ਸਰਕਾਰੀ ਨੌਕਰੀ ਛਡ ਦਿਤੀ।

੧੯੨੨ ਵਿਚ ਸੰਤ ਸੁੰਦਰ ਸਿੰਘ ਭਿੰਡਰਾਂ ਦੀ ਆਗਿਆ ਨਾਲ ਗੁਰਦਵਾਰਾ ਤਖਤੂ ਪੁਰਾ ਦੀ ਇਮਾਰਤ ਅਤੇ ਸਰੋਵਰ ਦੀ ਸੇਵਾ ਕਰਵਾਈ। ਗੁਰੂ ਕੇ ਬਾਗ ਦੇ ਮੋਰਚੇ ਵਿਚ ਗਏ।

ਜੈਤੋ ਦੇ ਮੋਰਚੇ ਵਿਚ ਛੇਵੇਂ ਸ਼ਹੀਦੀ ਜਥੇ ਦੇ ਜਥੇਦਾਰ—

ਇਹ ਜਥਾ ੧੦ ਅਪਰੈਲ ੧੯੨੪ ਨੂੰ ਸ੍ਰੀ ਅੰਮ੍ਰਿਤਸਰੋਂ ਚਲਿਆ। ੧੯ ਜੂਨ ੧੯੨੪ ਨੂੰ ਲੰਭ ਵਾਲੀ ਪੁਜ ਕੇ ਗ੍ਰਿਫਤਾਰ ਹੋਇਆ। ਸੰਤ ਜੀ ਨੂੰ ਜੈਤੋ ਦੇ ਕਿਲ੍ਹੇ ਵਿਚ ਲੈ ਗਏ। ਜਥੇ ਨੂੰ ਸਟੇਸ਼ਨ ਪਰ ਗਡੀ ਵਿਚ ਬੰਦ ਕਰ ਦਿਤਾ। ਉਸ ਨੇ ਪ੍ਰਸ਼ਾਦ ਛਕਣ ਤੋਂ ਇਨਕਾਰ ਕਰ ਦਿਤਾ। ਸੰਤ ਪਰੇਮ ਸਿੰਘ ਨੂੰ ਲਿਆਂਦਾ ਗਿਆ, ਤਦ ਜਥੇ ਨੇ ਪ੍ਰਸ਼ਾਦ ਛਕਿਆ। ਉਪਰੰਤ ਜਥਾ ਨਾਭੇ ਬੀੜ ਵਿਚ ਭੇਜ ਦਿਤਾ ਗਿਆ। ਕਾਰਖਾਸ ਵਿਚ ਵੀਹ ਦਿਨ



Digitized by Panjab Digital Library | www.panjabdigilib.org

ਸਖਤੀ ਕੀਤੀ ਗਈ। ਅਖੀਰ ਜੋਰਾ ਸਿੰਘ ਨਾਜ਼ਮ ਨਾਭਾ ਨੇਆਪਨੂੰ ਤਿੰਨ ਸਾਲ ਕੈਦ ਦੀ ਜਜ਼ਾ ਦਿਤੀ। ਆਪਨੇ ਜੇਹਲ ਵਿਚ ਦੋ ਵੇਰ ਬਾਈ ਤੇ ਚੌਦਾਂ ਦਿਨ ਦੀ ਭੁਖ ਹੜਤਾਲ ਵੀ ਕੀਤੀ। ਜੁਲਾਈ ੧੯੨੫ ਵਿਚ ਗੁਰਦਵਾਰਾ ਐਕਟ ਬਣਨ ਪਰ ਜੈਤੋ ਦੇ ਸਾਰੇ ਜਥੇ ਰਿਹਾ ਹੋਕੇ ਅੰਮ੍ਰਿਤਸਰ ਪੁਜੇ। ਸੰਤ ਜੀ ਅੰਮ੍ਰਿਤਸਰੋਂ ਹੋਕੇ ੫੫ ਸਾਥੀਆਂ ਸਮੇਤ ਅਜਿਤ ਵਾਲ ਪੁਜੇ। ਉਥੇ ਤੇ ਕੋਕਰੀ ਫੂਲਾ ਸਿੰਘ 'ਚ ਵੀ ਸੰਗਤਾਂ ਨੇ ਸਵਾਗਤ ਕੀਤਾ।

ਗੁਰਦਵਾਰਾ ਐਕਟ ਬਣਨ ਪਰ ਸ਼ਰੋਮਣੀ ਕਮੇਟੀ 'ਚ ਪਾਰਟੀ ਬਾਜ਼ੀ ਹੋ ਗਈ। ਉਸ ਵਿਚ ਆਪਨੇ ਹਿਸਾ ਲੈਣ ਤੋਂ ਸੰਕੋਚ ਕੀਤਾ।

ਗੁਰੂਸਰ ਮੌਦੇਕੇ ਦੀ ਸੇਵਾ—

ਸੰਤ ਸੁੰਦਰ ਸਿੰਘ ਭਿੰਡਰਾਂ ਦੇ ਜਥੇ ਨੇ ਗੁਰੂਸਰ ਮੌਦੇਕੇਵਿਚ ਦੀਵਾਨ ਕਰਕੇ ਗੁਰਦਵਾਰੇ ਦੀ ਨੀਂਹ ਰਖੀ। ਸੰਤ ਪਰੇਮ ਸਿੰਘ ਜੀ ਨੇ ੧੯੨੭ ਤੋਂ ਲੈਕੇ ੧੯੩੧ ਤੀਕ ਪੰਜਸਾਲ ਉਸਗੁਰਦਵਾਰੇ ਦੀ ਇਮਾਰਤ, ਸਰੋਵਰ, ਲੰਗਰ ਤੇ ਨਿਸ਼ਾਨ ਸਾਹਿਬ ਦੀ ਸੇਵਾ ਕਰਵਾਈ। ਸਾਲਾਨਾ ਦੀਵਾਨ, ਮਸਿਆ ਸੰਗਰਾਂਦ ਦਾ ਜੋੜ ਮੇਲਾ ਤੇ ਗੁਰਪੁਰਬ ਮਨਾਉਣੇ ਆਰੰਭ ਕੀਤੇ। ਪਿੰਡ ਢੂਡੀਕੇ ਦੀ ਚਾਰ ਕਿਲੇ ਜਮੀਨ ਗੁਰਦਵਾਰੇ ਦੇ ਨਾਂ ਲੁਆਈ। ਇਹ ਸ਼ਰੋਮਣੀ ਕਮੇਟੀ ਨਾਲ ਸਬਧਤ ਹੈ। ਸੰਤ ਜੀ ਨੇ ੧੯੩੧ ਤੋਂ ਲੈਕੇ ੧੯੪੧ ਤੀਕ ਆਪਨੇ ਵਧਣੀ ਦੇ ਗੁਰਦਵਾਰੇ ਦੀ ਸੇਵਾ ਕਰਵਾਈ। ਪੰਜ ਘੁਮਾਂ ਜ਼ਮੀਨ ਵੀ ਗੁਰਦਵਾਰੇ ਦੇ ਨਾਂ ਲੁਆਈ। ੧੯੬੪ ਵਿਚ ਲੋਕਲ ਗੁਰਦਵਾਰਾ ਕਮੇਟੀ ਬਣਾਕੇ ਉਸਦੇ ਸਪੁਰਦ ਕਰ ਦਿਤਾ।

ਸ਼ਰੋਮਣੀ ਕਮੇਟੀ ਦੇ ਮੈਂਬਰ—

੧੯੩੫ ਤੋਂ ਲੈਕੇ ੧੯੪੧ਤੀਕ ਆਪ ਸ਼ਰੋਮਣੀ ਕਮੇਟੀ ਦੇ ਮੈਂਬਰ ਰਹੇ ਤਿੰਨ ਸਾਲ ਅੰਤ੍ਰਿਗ ਕਮੇਟੀ ਦੇ ਮੈਂਬਰ ਰਹੇ ਹਨ। ਗੁਰਦਵਾਰਾ ਦੀਨਾ ਸਾਹਿਬ ਦੀ ਜਾਇਦਾਦ ਪੰਥਕ ਪ੍ਰਬੰਧ ਵਿਚ



Digitized by Panjab Digital Library | www.panjabdigilib.org

ਲਿਆਉਣ ਲਈ ਆਪਨੇ ਵਿਸ਼ੇਸ਼ ਉਦਮ ਕੀਤਾ। ਖਾਲਸਾ ਹਾਈ ਸਕੂਲ ਮੋਗਾ ਸ਼ਰੋਮਣੀ ਕਮੇਟੀ ਦੇ ਪ੍ਰਬੰਧ ਵਿਚ ਲਿਆਂਦਾ। ਆਪ ਸਿੰਘ ਸਭਾ ਮੋਗਾ ਤੇ ਗੁਰਦਵਾਰਾ ਕਮੇਟੀ ਲੋਹਗੜ੍ਹ ਦੇ ਪ੍ਰਧਾਨ ਵੀ ਰਹੇ ਹਨ। ਨਗਰ ਮਹਿਣਾ ਦੇ ਬਿਸ਼ਨ ਦਾਸ ਉਦਾਸੀ ਦਾ ਬਾਗ ਸ੍ਰੀ ਗੁਰੂ ਗਰੰਥ ਸਾਹਿਬ ਦੇ ਨਾਮ ਸੀ। ਕੋਕਰੀ ਵਿਚ ਨਿਹੰਗ ਹਜ਼ਾਰਾ ਸਿੰਘ ਦਾ ਡੇਰਾ ਵੀ ਸੀ। ਦੋਹਾਂ ਨੂੰ ਪੰਥਕ ਪ੍ਰਬੰਧ ਵਿਚ ਲਿਆਂਦਾ ਤੇ ਉਨਾਂ ਦੀਆਂ ਕਮੇਟੀਆਂ ਬਣਾ ਦਿਤੀਆਂ।

ਸਿਖ ਕੰਨਿਆਂ ਮਹਾ ਵਿਦਿਆਲਾ ਫੀਰੋਜਪੁਰ ਨੂੰ ਵੀ ਪੰਥਕ ਪ੍ਰਬੰਧ ਵਿਚ ਲਿਆਂਉਣ ਦਾ ਜਤਨ ਕੀਤਾ। ਮਾਲਵੇ ਦੇ ਸਾਰੇ ਖਾਲਸਾ ਸਕੂਲਾਂ ਦੀ ਹਾਲਤ ਚੰਗੀ ਬਨਾਉਣ ਲਈ ਸਿਖ ਐਜੂਕੇਸ਼ਨ ਬੋਰਡ ਦੀ ਸਥਾਪਨਾ ਕੀਤੀ। ਜਿਸਦੇ ਪ੍ਰਧਾਨ ਸਵਰਗੀ ਸ. ਬਲਦੇਵ ਸਿੰਘ ਡੀਫੈਂਸ ਮਨਿਸਟਰ, ਮੀਤ ਪ੍ਰਧਾਨ ਸ: ਨਛਤਰ ਸਿੰਘ ਗੁੜਥਲੀ ਤੇ ਸਕਤਰ ਗਿਆਨੀ ਭਰਪੂਰ ਸਿੰਘ ਸਨ।

ਵਿਦਿਅਕ ਸੇਵਾ—

੧੯੪੧ ਵਿਚ ਆਪਨੇ ਮਹਿਣਾ ਸਕੂਲ ਦੀ ਸੇਵਾ ਸੰਭਾਲੀ। ਉਸ ਨੂੰ ਆਪਣੇ ਪੈਰਾਂ ਤੇ ਖੜਾ ਕਰ ਦਿਤਾ। ੧੯੪੫ ਵਿਚ ਇਹ ਸਕੂਲ ਮਿਡਲ ਤੇ ੧੯੪੯ ਵਿਚ ਹਾਈ ਬਣ ਗਿਆ। ੧੯੪੨ ਦੇ ਬਾਹਦ ਸਕੂਲ ਦੇ ਨਾਲ ਗੁਰਦਵਾਰੇ ਦੀ ਸ਼ਾਨਦਾਰ ਇਮਾਰਤ ਵੀ ਤਿਆਰ ਕਰਵਾਈ ਗਈ।

ਇਸ ਸਕੂਲ ਦੀ ਮਾਲੀ ਹਾਲਤ ਚੰਗੀ ਬਨਾਉਣ ਲਈ ਸੰਤ ਜੀ ਨੇ ਗਿਆਨੀ ਮੋਹਕਮ ਸਿੰਘ ਸਮੇਤ ਸਿੰਘਾਪੁਰ ਤੇ ਮਲਾਇਆ ਦਾ ਦੌਰਾ ਕੀਤਾ। ੪੪੩੫੮) ਰੁਪਏ ਉਗਰਾਹੀ ਕੀਤੀ। ਗਿਆਰਾਂ ਮਹੀਨੇ ਮਲਾਇਆ ਤੇ ਸਿੰਘਾਪੁਰ ਦੀ ਯਾਤਰਾ ਕਰਨ ਦੇ ਬਾਅਦ ਫਰਵਰੀ ੧੯੫੨ ਨੂੰ ਮੋਗੇ ਵਾਪਸ ਪੁਜੇ। ਖਾਲਸਾ ਹਾਈ ਸਕੂਲ ਮਹਿਣਾ ਕਮੇਟੀ ਵਲੋਂ ਆਪਦਾ ਸ਼ਾਨਦਾਰ ਸੁਆਗਤ ਕੀਤਾ ਗਿਆ।



Digitized by Panjab Digital Library | www.panjabdigilib.org

ਸੰਤ ਜੀ ਨੇ ਉਦਮ ਕਰਕੇ ਮਹਿਣਾ ਸਕੂਲ ਦੇ ਨਾਲ ਸਿਵਲ ਹਸਪਤਾਲ ਵੀ ਬਣਵਾਇਆ। ਅਖੀਰ ਇਸ ਖਿਆਲ ਨਾਲ ਕਿ ਸਕੂਲ ਸਦੀਵ ਪਕੇ ਪੈਰਾਂ ਤੇ ਚਲਦਾ ਰਹੇ, ੧੯੬੫ ਵਿਚ ਸਵਰਗੀ ਸ: ਬਸੰਤ ਸਿੰਘ ਮੋਗਾ ਨਾਲ ਸਲਾਹ ਕਰਕੇ ਅਮਰ ਗੜ੍ਹ ਮਹਿਣਾ ਸਕੂਲ ਸਰਕਾਰ ਦੇ ਸਪੁਰਦ ਕੀਤਾ ਗਿਆ।

ਸੰਤ ਜੀ ਨੇ ਦੇਸ ਸੇਵਾ ਦੇ ਕੰਮਾਂ ਵਿਚ ਵੀ ਹਿਸਾ ਲਿਆਹੈ। ਚੜਿਕ ਦੇ ਸਤਿਆਗ੍ਰਹਿ ਵਿਚ ਗ੍ਰਿਫਤਾਰ ਹੋਏ। ਵਧਨੀ ਵਿਚ ਆਪਨੇ ਇਕ ਰਾਜਸੀ ਕਾਨਫਰੰਸ ਕੀਤੀ, ਜਿਸ ਦੇ ਪ੍ਰਧਾਨ ਸਵਰਗੀ ਸਰਦਾਰ ਪ੍ਰਤਾਪ ਸਿੰਘ ਕੈਰੋਂ ਸਨ। ਆਪ ਕਈ ਸਾਲ ਡਿਸਟ: ਬੋਰਡ ਦੇ ਮੈਂਬਰ ਰਹੇ ਹਨ।

੧੯੬੬ ਵਿਚ ਆਪਨੇ ਸਰਕਾਰ ਨੂੰ ਪਰੇਰਨਾ ਦੇ ਕੇ ਗੁਰਦਵਾਰਾ ਦੀਨਾ ਸਾਹਿਬ ਦੀ ਸੜਕ ਬਣਵਾਈ। ੧੯੬੭ ਵਿਚ ਸੰਗਤ ਦੀ ਪਰੇਰਨਾ ਨਾਲ ਸਰੋਵਰ ਦੀ ਸੇਵਾ ਆਰੰਭ ਕੀਤੀ। ਉਸਦੀ ਉਗਰਾਹੀ ਲਈ ਕਲਕਤੇ ਵੀ ਗਏ। ਦੀਨੇ ਦਾ ਮਿਡਲ ਸਕੂਲ ਹਾਈ ਮਨਜ਼ੂਰ ਕਰਵਾਇਆ ਤੇ ਆਰੰਭ ਕਰ ਦਿਤਾ। ੧੯੭੧ ਵਿਚ ਉਸਦੇ ਦੋ ਕਮਰੇ ਬਣਵਾਏ। ਹੁਣ ਉਸ ਦੀ ਇਮਾਰਤ ਮੁਕੰਮਲ ਹੋਣ ਵਾਲੀ ਹੈ।

ਅਜ ਕਲ ਸੰਤ ਕਰਤਾਰ ਸਿੰਘ ਕੋਕਰੀ ਦੀ ਯਾਦ ਵਿਚ ਅਸਥਾਨ ਬਣਵਾ ਰਹੇ ਹਨ। ਆਪ ਜਿਲਾ ਫੀਰੋਜ਼ਪੁਰ ਦੇ ਫਰੀਡਮ ਫਾਈਟਰਜ਼ ਐਸੋਸੀਏਸਨ ਦੇ ਮੁਖੀ ਹਨ।

ਸੰਤ ਪਰੇਮ ਸਿੰਘ ਜੀ ਕੋਕਰੀ ਦਾ ੮੯ ਸਾਲ ਦਾ ਲੰਮਾ ਕਰਮ ਯੋਗੀ ਜੀਵਨ, ਧਰਮ ਪ੍ਰਚਾਰ, ਤਪ ਤਿਆਗ, ਕੁਰਬਾਨੀ ਦੇਸ਼ ਪਿਆਰ ਤੇ ਮਹਾਨ ਲੋਕ ਸੇਵਾ ਦਾ ਇਕ ਨਮੂਨਾ ਹੈ। ਜਿਸ ਤੋਂ ਸਾਡੀ ਵਰਤਮਾਨ ਪੀਹੜੀ ਨੂੰ ਪਰੇਰਨਾ ਮਿਲਦੀ ਹੈ ਤੇ ਆਉਣ ਵਾਲੀਆਂ ਪੀਹੜੀਆਂ ਨੂੰ ਵੀ ਮਿਲੇਗੀ।

੦



Digitized by Panjab Digital Library | www.panjabdigilib.org

## ੩੨

## ਦੋ ਨਿਡਰ ਸੇਵਕ

# ਜਥੇਦਾਰ ਸੂਚਾ ਸਿੰਘ

ਜੈਤੋ ਦੇ ਮੋਰਚੇ ਦੇ ਜਥੇ ਬਹੁਤੇ ਸ੍ਰੀ ਅੰਮ੍ਰਿਤਸਰ ਤੋਂ ਦੋ ਜਥੇ ਤਖਤ ਕੇਸ ਗੜ ਆਨੰਦਪੁਰ ਸਾਹਿਬ ਤੋਂ ਚਲੇ ਹਨ। ਉਹ ਤਕਰੀਬਨ ਸਾਰੇ ਪੰਜਾਬ ਵਿਚ ਘੁੰਮਕੇ ਧਰਮ ਪ੍ਰਚਾਰ ਕਰਦੇ ਰਹੇ। ਹਰ ਥਾਂ ਸੰਗਤਾਂ ਨੇ ਉਨਾਂ ਦੀ ਸ਼ਾਨਦਾਰ ਸੇਵਾ ਕੀਤੀ ਹੈ। ਪਰ ਜੈਤੋ ਦੇ ਨਾਲ ਲਗਦੇ ਇਲਾਕਿਆਂ ਜ਼ਿਲਾ ਫੀਰੋਜਪੁਰ, ਮੁਕਤਸਰ, ਫਰੀਦਕੋਟ ਤੇ ਰਿਆਸਤ ਨਾਭਾ ਦੇ ਪਿੰਡਾਂ ਨੇ ਵੀ ਸਖਤੀ ਦੇ ਬਾਵਜੂਦ ਅਤੁਟ ਸੇਵਾ ਕੀਤੀ।

ਪਹਿਲੇ ਸ਼ਹੀਦੀ ਜਥੇ ਦੇ ਨਾਲ ਗੁਰਦਵਾਰਾ ਗੰਗਸਰ ਵਲ ਮਾਰਚ ਕਰਦਿਆਂ ਇਲਾਕੇ ਦੀਆਂ ਸੰਗਤਾਂ ਨੇ ਅੰਗਰੇਜ਼ ਦੀਆਂ ਮਸ਼ੀਨ ਗੰਨਾਂ ਦੀਆਂ ਗੋਲੀਆਂ ਆਪਣੇ ਸੀਨਿਆਂ ਵਿਚ ਖਾਧੀਆਂ। ਡੁਰਲੀ ਜਥੇ ਬਣਾਕੇ ਪੁਲੀਸ ਦੇ ਘੇਰੇ ਵਿਚ ਆਏ ਸਿੰਘਾਂ ਨੂੰ ਲੰਗਰ ਲਈ ਰਾਸ਼ਨ ਪੁਚਾਇਆ। ਉਨਾਂ ਦੀ ਨਿਸ਼-ਕਾਮ ਸੇਵਾ, ਪ੍ਰੇਮ ਤੇ ਬੀਰਤਾ ਦੀ ਵਾਰਤਾ ਇਤਿਹਾਸ ਵਿਚ ਸੁਨਹਿਰੀ ਅੱਖਰਾਂ ਵਿਚ ਲਿਖੀ ਜਾਏਗੀ।



Digitized by Panjab Digital Library | www.panjabdigilib.org

ਇਸ ਅੰਤਮ ਕਾਂਡ ਵਿਚ ਅਸੀਂ ਦੋ ਨਿਡਰ ਸੇਵਕ ਜਥੇ-ਦਾਰਾਂ ਦਾ ਜ਼ਿਕਰ ਕਰਨਾ ਚਾਹੁੰਦੇ ਹਾਂ। ਜੋ ਇਕੋ ਇਲਾਕੇ ਦੇ ਅਤੇ ਹਮ ਨਾਮ ਹਨ। ਉਨਾਂ ਚੋਂ ਇਕ ਹਨ–ਜਥੇਦਾਰ ਸੂਚਾ ਸਿੰਘ ਰੋਡੇ ਜ਼ਿਲਾ ਫੀਰੋਜ਼ ਪੁਰ। ਦੂਸਰੇ ਹਨ–ਜਥੇਦਾਰ ਸੂਚਾ ਸਿੰਘ ਮੋਗਾ।

ਜਥੇਦਾਰ ਸੂਚਾ ਸਿੰਘ ਰੋਡੇ ਨੇ ਪਹਿਲੇ ਸ਼ਹੀਦੀ ਜਥੇ ਸਮੇਂ ਡੁਰਲੀ ਜਥਾ ਬਣਾਕੇ ਘਿਰੇ ਹੋਏ ਵੀਰਾਂ ਨੂੰ ਰਾਸ਼ਨ ਪੁਚਾਉਣ ਦੀ ਸੇਵਾ ਕੀਤੀ। ਜਥੇਦਾਰ ਸੂਚਾ ਸਿੰਘ ਮੋਗਾ ੧੨ਵੇਂ ਸ਼ਹੀਦੀ ਜਥੇ ਦੇ ਜਥੇਦਾਰ ਬਣਕੇ ਗਏ। ਆਪ ਨੇ ਨਾਭੇ ਜੇਹਲ ਵਿਚ ਕਾਫੀ ਕਸ਼ਟ ਸਹਾਰੇ ਹਨ। ਆਪ ਨੇ ਕਾਂਗਰਸ ਵਿਚ ਹੋਕੇ ਦੇਸ਼ ਦੀ ਆਜ਼ਾਦੀ ਲਈ ਵੀ ਕੁਰਬਾਨੀ ਕੀਤੀ ਹੈ।

## ੧, ਜ: ਸੂਚਾ ਸਿੰਘ ਰੋਡੇ

ਇੰਨਾਂ ਦਾ ਜਨਮ ਪਿੰਡ ਰੋਡੇ ਜ਼ਿਲਾ ਫੀਰੋਜ਼ ਪੁਰ ਵਿਚ ਸ: ਸੁੰਦਰ ਸਿੰਘ ਦੇ ਘਰ ਹੋਇਆ। ਆਰੰਭਕ ਜੀਵਨ ਪੇਂਡੂ ਮੁੰਡਿਆਂ ਵਾਲਾ ਹੀ ਸੀ। ਜੈਤੋ ਦੇ ਮੋਰਚੇ ਵਿਚ ਆਪਦੇ ਜੀਵਨ ਵਿਚ ਭਾਰੀ ਪ੍ਰੀਵਰਤਨ ਹੋਇਆ। ਇੰਨਾਂ ਦਾ ਦਿਲ ਦਿਮਾਗ ਬਿਲਕੁਲ ਬਦਲ ਗਿਆ। ਪਹਿਲੇ ਸ਼ਹੀਦੀ ਜਥੇ ਸਮੇਂ ਆਪ ਨੇ ਨੌਜਵਾਨਾਂ ਦਾ ਇਕ ਡੁਰਲੀ ਜਥਾ ਬਣਾਕੇ ਸੇਵਾ ਕੀਤੀ। ਪੁਲੀਸ ਦੇ ਘੇਰੇ ਵਿਚ ਆਏ ਸਿੰਘਾਂ ਨੂੰ ਲੰਗਰ ਲਈ ਰਾਸ਼ਨ ਪੁਚਾਇਆ। ਇਸ ਕਾਰਜ ਵਿਚ ਆਪਦੇ ਦੂਜੇ ਸਾਥੀ ਸ: ਦੂਲਾ ਸਿੰਘ ਸਨ। ਇੰਨਾਂ ਦੋਹਾਂ ਨੂੰ ਸ਼ਹੀਦੀ ਜਥੇ ਦੀ ਸੇਵਾ ਕਰਨ ਤੇ ਡੁਰਲੀ ਜਥੇ ਬਣਾਕੇ ਰਾਸ਼ਨ ਪੁਚਾਉਣ ਦੇ ਜੁਰਮ ਵਿਚ ਬਾਰਾਂ ਬਾਰਾਂ ਸਾਲ ਕੈਦ ਸਖਤ ਦੀ ਸਜ਼ਾ ਹੋਈ। ਜੈਤੋ ਦੇ ਮੋਰਚੇ ਵਿਚ ਸਭ ਤੋਂ ਲੰਮੀ ਸਜ਼ਾ ਇੰਨਾਂ ਦੋਹਾਂ ਦੀ ਸੀ, ਜਾਂ ਇਕ ਮਾਈ ਕਿਸ਼ਨ ਕੌਰ ਕਾਉਂਕੇ ਜ਼ਿਲਾ ਲੁਧਿਆਣਾ ਨੂੰ ਸੱਤ ਸਾਲ ਦੀ ਸਜ਼ਾ ਹੋਈ ਸੀ।



Digitized by Panjab Digital Library | www.panjabdigilib.org

ਜ: ਸੁਚਾ ਸਿੰਘ ਰੋਡੇ ਅਕਾਲੀ ਜਥਾ ਫੀਰੋਜ਼ਪੁਰ ਦੇ ਜਥੇ-ਦਾਰ ਰਹੇ ਹਨ। ਆਪਦੇ ਸਾਥੀ ਸ: ਦੂਲਾ ਸਿੰਘ ਕਾਂਗਰਸ ਵਲੋਂ ਵਿਦੇਸੀ ਬਾਈਕਾਟ ਦੀ ਪਿਕਟਿੰਗ ਦੇ ਸਿਲਸਿਲੇ ਵਿਚ ਗ੍ਰਿਫਤਾਰ ਤੇ ਕੈਦ ਹੋਏ। ਕਿਰਤੀ ਕਿਸਾਨ ਪਾਰਟੀ ਵਿਚ ਵੀ ਕੰਮ ਕੀਤਾ ਹੈ। ਜ: ਸੁਚਾ ਸਿੰਘ ਰੋਡੇ ਗਿ: ਸ਼ੇਰ ਸਿੰਘ ਪਾਰਟੀ ਦੇ ਹਾਮੀ ਸਨ। ਜ: ਸੁਚਾ ਸਿੰਘ ਤੇ ਦੂਲਾ ਸਿੰਘ ਡਸਕੇ ਦੇ ਮੋਰਚੇ ਵਿਚ ਵੀ ਗਏ ਹਨ।

## ੨ ਜ: ਸੁਚਾ ਸਿੰਘ ਮੋਗਾ—

ਇਨਾਂ ਦਾ ਜਨਮ ਸਨ ੧੮੯੨ ਵਿਚ ਸ: ਦੇਵਾ ਸਿੰਘ ਦੇ ਘਰ ਮਾਤਾ ਰਾਜ ਕੌਰ ਤੋਂ ਨਾਨਕੇ ਪਿੰਡ ਕੋਟ ਕਰੋੜ ਵਿਚ ਹੋਇਆ। ਆਪਦਾ ਦਾਦਾ ਸ: ਮਾਹਲਾ ਸਿੰਘ ਮਹਾਰਾਜਾ ਰਣਜੀਤ ਸਿੰਘ ਜੀ ਫੌਜ ਵਿਚ ਸੀ। ਉਹ ਫੇਰੂ ਸ਼ਹਿਰ ਦੀ ਲੜਾਈ ਵਿਚ ਮਾਰਿਆ ਗਿਆ। ਉਸਦੇ ਪੰਜ ਪੁਤਰ ਸਨ। ਜਿਨਾਂ ਚੋਂ ਇਕ ਜਥੇਦਾਰ ਜੀ ਦੇ ਪਿਤਾ ਸ: ਦੇਵਾ ਸਿੰਘ ਸਨ। ਉਨਾਂ ਦਾ ਦੇਹਾਂਤ ਸਨ ੧੯੦੪ ਵਿਚ ਸੋਢੀ ਵਾਲੇ ਵਿਚ ਹੋਇਆ। ਜਥੇਦਾਰ ਜੀ ਦੀ ਪਰਵਰਿਸ਼ ਆਪਦੀ ਮਾਤਾ ਤੇ ਚਾਚਿਆਂ ਨੇ ਕੀਤੀ।

੧੯੦੧ ਵਿਚ ਆਪਨੂੰ ਪੜ੍ਹਨੇ ਪਾਇਆ ਗਿਆ। ਪਰ ਪ੍ਰਾਇਮਰੀ ਤੋਂ ਵਧ ਨਹੀਂ ਪੜ੍ਹ ਸਕੇ। ਪਰ ਸਮਝਦਾਰ ਤੇ ਤੀਖਣ ਬੁਧੀ ਦੇ ਹਨ। ਇਸ ਲਈ ਕੋਈ ਇਹ ਨਹੀਂ ਕਹਿ ਸਕਦਾ ਕਿ ਅਨਪੜ੍ਹ ਹਨ।

੧੯੧੪–੧੮ ਦੀ ਪਹਿਲੀ ਜੰਗ ਵਿਚ ਆਪਨੇ ਸ੍ਰਕਾਰ ਅੰਗਰੇਜ਼ੀ ਨੂੰ ਫੌਜ ਦੀ ਚੰਗੀ ਭਰਤੀ ਦਿਤੀ, ਜਿਸ ਕਰਕੇ ਆਪਨੂੰ ਦੋ ਮੁਰੱਬੇ ਜ਼ਮੀਨ ਮਿਲੀ।



Digitized by Panjab Digital Library | www.panjabdigilib.org

ਕੌਮੀ ਸੇਵਾ ਦੇ ਮੈਦਾਨ ਵਿਚ—

੧੯੧੯ ਵਿਚ ਜਲਿਆਂ ਵਾਲੇ ਬਾਗ ਦੇ ਸਾਕੇ ਬਾਹਦ ਲਾਲਾ ਲਜਪਤ ਰਾਇ ਆਦਿਕ ਕੌਮੀ ਲੀਡਰਾਂ ਦੀਆਂ ਤਕਰੀਰਾਂ ਸੁਣਕੇ ਕਾਂਗਰਸ ਵਿਚ ਸ਼ਾਮਲ ਹੋ ਗਏ। ਪਿੰਡਾਂ ਵਿਚ ਦੀਵਾਨ ਕਰਕੇ ਆਜ਼ਾਦੀ ਲਹਿਰ ਬਾਰੇ ਲੈਕਚਰ ਦੇਣ ਲਗ ਪਏ। ਜਿਸ ਕਰਕੇ ਪੁਲੀਸ ਨੇ ਆਪਦੀ ਨਿਗਰਾਨੀ ਸ਼ੁਰੂ ਕਰ ਦਿਤੀ।

੧੯੨੧ ਵਿਚ ਨਨਕਾਣੇ ਸਾਹਿਬ ਦੇ ਸਾਕੇ ਸਮੇਂ ਅਕਾਲੀ ਜਥਾ ਫੀਰੋਜ਼ਪੁਰ ਦੇ ਮੀਤ ਜਥੇਦਾਰ ਬਣੇ ਤੇ ਗੁਰਦਵਾਰਾ ਸੁਧਾਰ ਲਹਿਰ ਦਾ ਕੰਮ ਵੀ ਜ਼ੋਰ ਨਾਲ ਸ਼ੁਰੂ ਕਰ ਦਿਤਾ।

ਸੁਧਾਰਕ ਰੁਚੀ—

ਅਕਾਲੀ ਲਹਿਰ ਵਿਚ ਜਿਥੇ ਗੁਰਦਵਾਰਾ ਸੁਧਾਰ ਦੀ ਭਾਵਨਾ ਕੰਮ ਕਰਦੀ ਸੀ, ਉਥੇ ਹੋਰ ਕਈ ਗਲਾਂ ਦਾ ਵੀ ਸੁਧਾਰ ਕੀਤਾ ਗਿਆ। ਉਸ ਵਕਤ ਮੁਕਤਸਰ ਵਿਖੇ ਮਾਘੀ ਦੇ ਮੇਲੇ ਤੇ ਨਾਚ ਮੁਜਰਾ ਹੁੰਦਾ ਸੀ ਤੇ ਮੁੰਡੇ ਬੋਲੀਆਂ ਪਾਉਂਦੇ ਸਨ।

੧੨ ਜਨਵਰੀ ੧੯੨੨ ਨੂੰ ਮੁਕਤਸਰ ਵਿਖੇ ਮਾਘੀ ਦੇ ਮੇਲੇ ਪਰ ਜਥੇਦਾਰ ਜੀ ੨੫ ਸਿੰਘਾਂ ਦਾ ਜਥਾ ਲੈਕੇ ਗਏ। ਜਿਥੇ ਵੇਸਵਾ ਦਾ ਨਾਚ ਹੁੰਦਾ ਸੀ। ਜਥੇਦਾਰ ਸੁਚਾ ਸਿੰਘ ਨੇ ਪੁਲੀਸ ਅਫਸਰਾਂ ਨੂੰ ਕਿਹਾ—

'ਇਹ ਮੇਲਾ ਧਾਰਮਿਕ ਹੈ। ੪੦ ਮੁਕਤਿਆਂ ਦੀ ਯਾਦ ਵਿਚ ਹੈ। ਇਥੇ ਵੇਸਵਾ ਦੇ ਨਾਚ ਮੁਜਰੇ ਦਾ ਕੀ ਕੰਮ ਹੈ ?' ਅਫਸਰਾਂ ਨੇ ਉਹ ਬੰਦ ਕਰ ਦਿਤਾ। ਜਿਸਦਾ ਅਸਰ ਲੋਕਾਂ ਉਤੇ ਬਹੁਤ ਚੰਗਾ ਪਿਆ।

ਪਹਿਲੀ ਕੈਦ—

੧੯੨੧-੨੨ ਵਿਚ ਮਹਾਤਮਾ ਗਾਂਧੀ ਤੇ ਕਾਂਗਰਸ ਨੇ



Digitized by Panjab Digital Library | www.panjabdigilib.org

ਪਹਿਲੀ ਸਿਵਲ ਨਾ ਫੁਰਮਾਨੀ ਸ਼ੁਰੂ ਕੀਤੀ । ਉਸ ਬਾਰੇ ਅੰਮ੍ਰਿਤਸਰ ਵਿਚ ਅਕਾਲੀਆਂ ਦੀ ਇਕ ਮੀਟਿੰਗ ਹੋਈ । ਜਿਸ ਵਿਚ ਜਥੇਦਾਰ ਸੁਚਾ ਸਿੰਘ ਨੂੰ ਸਦਿਆ ਗਿਆ। ਉਸ ਮੀਟਿੰਗ ਵਿਚ ਫ਼ੈਸਲਾ ਹੋਇਆ ਕਿ ਜਥੇਦਾਰ ਜੀ ਆਪਣੇ ਇਲਾਕੇ ਵਿਚ ਜਾਕੇ ਸਿਵਲ ਨਾ-ਫੁਰਮਾਨੀ ਕਰਕੇ ਗ੍ਰਿਫ਼ਤਾਰੀ ਦੇਣ । ੨੧ ਮਾਰਚ ੧੯੨੨ ਨੂੰ ਅੰਮ੍ਰਿਤਸਰੋਂ ਚਲਕੇ ਫੀਰਜ਼ਪੁਰ ਪੁਜੇ। ਉਥੇ ਆਪ ਨੂੰ ਪਤਾ ਲਗਾ ਕਿ ਪੁਲੀਸ ਲਭਦੀ ਫਿਰਦੀ ਹੈ। ਉਸ ਵਕਤ ਸ: ਜੋਗਿੰਦਰ ਸਿੰਘ ਅਬੁਲ ਖੁਰਾਣਾ ਅਤੇ ਸ: ਸਜਣ ਸਿੰਘ ਘੱਲ ਕਲਾਂ ਆਪਦੇ ਨਾਲ ਸਨ ।

ਆਪਨੇ ਫੀਰੋਜਪੁਰ ਤੋਂ ਗੱਡੀ ਚੜ੍ਹਕੇ ਮੋਗੇ ਵਲ ਆਉਣਾ ਸੀ । ਰਸਤੇ ਵਿਚ ਪੁਲੀਸ ਗੱਡੀ ਵਿਚ ਆਪਦੀ ਦੇਖ ਭਾਲ ਕਰਦੀ ਰਹੀ। ਘੱਲਾਂ ਦੇ ਸਟੇਸ਼ਨ ਉਤੇ ਉਤਰਕੇ ਪੈਦਲ ਮੋਗੇ ਨੂੰ ਤੁਰ ਪਏ । ਜਿਥੇ ਗੁਰਦਵਾਰਾ ਅਕਾਲਸਰ ਵਿਚ ਅਕਾ-ਲੀਆਂ ਤੇ ਕਾਂਗਰਸ ਦੀ ਸਾਂਝੀ ਮੀਟਿੰਗ ਹੋ ਰਹੀ ਸੀ।

ਨੀਯਤ ਪ੍ਰੋਗਰਾਮ ਅਨੁਸਾਰ ੨੨ ਮਾਰਚ ੧੯੨੨ ਨੂੰ ਮੋਗੇ ਵਿਚ ਗ੍ਰਿਫਤਾਰ ਹੋਏ। ੨੩ ਮਾਰਚ ਨੂੰ ਸਾਥੀਆਂ ਸਮੇਤ ਫੀਰੋਜ਼ ਪੁਰ ਭੇਜੇ ਗਏ। ਉਸ ਜਥੇ ਵਿਚ ੨੦੦ ਅਕਾਲੀ ਤੇ ਕਾਂਗ-ਰਸੀ ਸਨ ।

ਜੂਨ ੧੯੨੩ ਵਿਚ ਲਾਲਾ ਇਜਤ ਰਾਇ ਮਜਿਸਟਰੇਟ ਫਸਟ ਕਲਾਸ ਦੀ ਅਦਾਲਤ ਵਿਚ ਆਪਦੇ ਵਿਰੁਧ ਜ਼ੇਰ ਦਫਾ ੨੧ ਏ ਮੁਕਦਮਾ ਚਲਾਇਆ ਗਿਆ ।

ਅੰਗਰੇਜ਼ ਡਿਪਟੀ ਕਮਿਸ਼ਨਰ ਨੇ ਆਪਨੂੰ ਮੁਕਦਮੇ ਦੌਰਾਨ ਸੱਦ ਕੇ ਕਿਹਾ ਕਿ ਤੁਸੀਂ ਦੇਸ਼ ਦੀ ਆਜ਼ਾਦੀ ਦੀ ਲਹਿਰ ਵਿਚ ਹਿੱਸਾ ਲੈਣਾ ਹੈ, ਤਾਂ ਸ੍ਰਕਾਰ ਤੁਹਾਨੂੰ ਦਿਤੇ ਦੋ ਮੁਰੱਬੇ ਜ਼ਬਤ ਕਰ ਲਵਗੀ ਅਤੇ ਕਰੜੀ ਸਜ਼ਾ ਦਿਤੀ ਜਾਵੇਗੀ ।



Digitized by Panjab Digital Library | www.panjabdigilib.org

੧੯ ਜੁਲਾਈ ੧੯੨੩ ਨੂੰ ਮਾਜਸਟਰੇਟ ਨੇ ਫੈਸਲਾਂ ਕਰ ਦਿਤਾ। ਕਾਉਂਕੇ ਕਲਾਂ ਦੀ ਤਕਰੀਰ ਵਿਚ ਇਕ ਸਾਲ ਕੈਦ, ਮੱਲਣ ਦੀ ਤਕਰੀਰ ਵਿਚ ਡੇਢ ਸਾਲ ਕੈਦ ਤੇ ਅਬੋਹਰ ਦੀ ਤਕ-ਰੀਰ ਵਿਚ ਦੋ ਸਾਲ ਕੈਦ ਦੀ ਸਜ਼ਾ ਦਿਤੀ ਗਈ। ਇਹ ਤਿੰਨੇ ਕੈਦਾਂ ਇਕਠੀਆਂ ਚਲਣ ਦਾ ਹੁਕਮ ਦਿਤਾ। ਪਰ ਨਾਲ ਹੀ ਸਪੈਸਲ ਕਲਾਸ ਦੇ ਦਿਤੀ ਗਈ।

੨੨ ਜੁਲਾਈ ਨੂੰ ਰੋਹਤਕ ਜੇਹਲ ਵਿਚ ਬਦਲ ਦਿਤਾ ਗਿਆ, ਜਿਥੇ ਸਪੈਸ਼ਲ ਕਲਾਸ ਦੇ ਕੈਦੀ ਸਨ। ਉਥੇ ਸ: ਸ਼ਰਦੂਲ ਸਿੰਘ ਕਵੀਸ਼ਰ, ਸ: ਅਮਰ ਸਿੰਘ ਝਬਾਲ, ਡਾਕਟਰ ਬਲਵੰਤ ਸਿੰਘ, ਮੌਲਾਨਾ ਦਾਊਦ ਗਜ਼ਨਵੀ ਲਾਹੌਰ, ਸਯਦ ਹਬੀਬ ਐਡੀਟਰ ਸਿਆਸਤ ਲਾਹੌਰ ਤੇ ਪੰਜਾਹ ਕੁ ਹੋਰ ਮੁਖੀ ਸਜਨ ਸਨ। ਕੁਝ ਗੁਰੂ ਕੇ ਬਾਗ ਦੇ ਕੈਦੀ ਵੀ ਪੁਜ ਗਏ। ਕੁਝ ਚਿਰ ਬਾਅਦ ਆਪਨੂੰ ਸੰਟ੍ਰਲ ਜੇਹਲ ਮੁਲਤਾਨ ਵਿਚ ਭੇਜ ਦਿਤਾ ਗਿਆ। ਉਥੇ ਪੰਜ ਮਹੀਨੇ ਆਪਨੂੰ ਕੋਠੀ ਬੰਦ ਰਖਿਆ ਗਿਆ। ਉਥੇ ਗਰਮੀ ਕਾਰਨ ਆਪਦੀ ਅੱਖ ਖਰਾਬ ਹੋ ਗਈ। ਤਿੰਨ ਸਜ਼ਾਵਾਂ ਇਕਠੀਆਂ ਭੁਗਤਣ ਕਰਕੇ ੧੯੨੪ ਵਿਚ ਰਿਹਾ ਹੋਏ।

ਬਾਹਰਵੇਂ ਸ਼ਹੀਦੀ ਜਥੇ ਦੇ ਜਥੇਦਾਰ—

ਪਹਿਲੀ ਕੈਦ ਦੀ ਰਿਹਾਈ ਦੇ ਬਾਅਦ ਜਥੇਦਾਰ ਜੀ ਜੈਤੋ ਦੇ ਮੋਰਚੇ ਵਿਚ ਸ਼ਾਮਲ ਹੋਏ। ਉਸ ਵਕਤ ਜੈਤੋ ਨੂੰ ਸ਼ਹੀਦੀ ਜਥੇ ਜਾ ਰਹੇ ਸਨ। ਜਿਲਾ ਫੀਰੋਜ਼ ਪੁਰ ਦੇ ਸਿੰਘਾਂ ਦਾ ਜਥਾ ਤਿਆਰ ਹੋਇਆ। ਜਥੇਦਾਰ ਸੁਚਾ ਸਿੰਘ ਮੋਗਾ ਬਾਹਰਵੇਂ ਸ਼ਹੀਦੀ ਜਥੇ ਦੇ ਜਥੇਦਾਰ ਚੁਣੇ ਗਏ।

ਇਹ ਜਥਾ ੧੭ ਅਗਸਤ ੧੯੨੪ ਨੂੰ ਸ੍ਰੀ ਅਕਾਲ ਤਖਤ ਸਾਹਿਬ ਦਾ ਹੁਕਮ ਲੈਕੇ ਅੰਮ੍ਰਿਤਸਰੋਂ ਜੈਤੋ ਨੂੰ ਰਵਾਨਾ ਹੋਇਆ। ਇਸ ਜਥੇ ਦੀ ਰਵਾਨਗੀ ਦਾ ਸੰਦੇਸ਼ ਗਿਆਨੀ ਗੁਰਮੁਖ ਸਿੰਘ



Digitized by Panjab Digital Library | www.panjabdigilib.org

ਮੁਸਾਫਰ ਨੇ ਪੜ੍ਹਿਆ। ਜੋ ਮੁਲਤਾਨ ਜੇਹਲ ਵਿਚੋਂ ਰਿਹਾ ਹੋ ਕੇ ਆਏ ਸਨ। ਉਸ ਸੰਦੇਸ਼ ਦਾ ਇਕ ਬੰਦ ਸੀ–

'ਜਾਂ ਫਿਰ ਪਾਠ ਕਰਨਾ ਜਾਂ ਫਿਰ ਜੂਝ ਮਰਨਾ,
ਸ਼ਾਂਤਮਈ ਦੇ ਪ੍ਰਣ ਤੋਂ ਉਕਣਾ ਨਹੀਂ।'

ਬਾਹਰਵੇਂ ਜਥੇ ਦਾ ਪ੍ਰੋਗਰਾਮ ਜਿਲਾ ਅੰਮ੍ਰਿਤਸਰ ਤੇ ਲਾਹੌਰ ਦੇ ਕੁਝ ਨਗਰਾਂ ਦਾ ਦੌਰਾ ਕਰਕੇ ਮੋਕਲਾਂ ਦੇ ਪੱਤਣ ਤੋਂ ਸਤਲੁਜ ਪਾਰ ਕਰਕੇ ਜ਼ਿਲਾ ਫੀਰੋਜ਼ਪੁਰ ਚੋਂ ਹੋਕੇ ਜੈਤੋ ਪੁਜਣਾ ਸੀ। ਮੋਕਲਾਂ ਦੇ ਪੱਤਨ ਤੇ ਸਰਕਾਰੀ ਬੰਦਿਆਂ ਨੇ,ਜਥੇ ਦਾ ਪ੍ਰੋਗਰਾਮ ਖਰਾਬ ਕਰਨ ਲਈ ਬੇੜੀਆਂ ਦੇਣ ਵਿਚ ਰੁਕਾਵਟ ਪਾ ਦਿਤੀ। ਜਥੇ ਨੇ ਮਾਰਚ ਕਰਕੇ ਨਗਰ ਮਾਨਾਂ ਵਾਲੇ ਪੜਾ ਕੀਤਾ। ਦੂਜੇ ਦਿਨ ਗੰਡਾ ਸਿੰਘ ਵਾਲੇ ਪੁਲ ਤੋਂ ਸਤਲੁਜ ਪਾਰ ਕੀਤਾ।

ਇਸ ਜਥੇ ਨੂੰ ਅਬੋਹਰ ਵਿਚ ਕੁਝ ਦੋਖੀਆਂ ਨੇ ਭੋਜਨ ਵਿਚ ਜ਼ਹਿਰ ਮਿਲਾਕੇ ਦੇ ਦਿਤਾ। ਸ਼੍ਰੋਮਣੀ ਕਮੇਟੀ ਦੇ ਐਲਾਨ ਨੰ: ੨੦੫੭ ਵਿਚ ਜਥੇ ਨੂੰ ਜ਼ਹਿਰ ਦੇਣ ਦੀ ਘਟਨਾ ਦਰਜ ਹੈ। ਉਸ ਵਿਚ ਲਿਖਿਆ ਹੈ ਕਿ ਦਾਲ ਤੇ ਕੜਾਹ ਪ੍ਰਸ਼ਾਦ ਵਿਚ ਜ਼ਹਿਰ ਮਿਲਾਕੇ ਦਿਤਾ ਗਿਆ। ਜਿਸ ਨਾਲ ਜਥੇ ਦੇ ਸਤਰ ਅਸੀ ਸਿੰਘ ਬੀਮਾਰ ਹੋ ਗਏ।

ਅਖੀਰ ੧੨ਵਾਂ ਸ਼ਹੀਦੀ ਜਥਾ ੧੪ ਸਿਤੰਬਰ† ੧੯੨੪ ਨੂੰ ਜੈਤੋ ਪੁਜ ਗਿਆ। ਜ: ਸੁਚਾ ਸਿੰਘ ਨੂੰ ਗ੍ਰਿਫਤਾਰ ਕਰਕੇ ਜੇਹਲ ਵਿਚ ਭੇਜ ਦਿਤਾ। ਬਾਕੀ ਸਿੰਘਾਂ ਨੂੰ ਕੈਦ ਕੀਤਾ ਗਿਆ।

---

†ਮਾਲਵਾ ਇਤਿਹਾਸ ਪੰਨਾ ੭੯੫-੯੬ ਪਰ ਦਰਜ ਹੈ ਕਿ ਜਥੇ ਨੇ ੨੧ ਫਰਵਰੀ ਨੂੰ ਜੈਤੋ ਪੁਜਣਾ ਸੀ। ਇਹ ਦਰੁਸਤ ਨਹੀਂ ਹੈ। ਜਥੇ ਦੀ ਅੰਮ੍ਰਿਤਸਰੋਂ ਰਵਾਨਗੀ ਤੇ ਜੈਤੋ ਪੁਜਣ ਦੀ ਸਹੀ ਤਾਰੀਖ ਇਸਕਲਮ ਲਿਖਤ 'ਅਕਾਲੀ ਲਹਿਰ ਦਾ ਇਤਿਹਾਸ ਵਿਚ ਪੰਨਾ ੪੫੧ ਪਰ ਦਿਤੀ ਗਈ ਹੈ।



Digitized by Panjab Digital Library | www.panjabdigilib.org

ਜ: ਸੁਚਾ ਸਿੰਘ ਤੇ ਉਨਾਂ ਦੇ ਜਥੇ ਦੇ ਸਿੰਘ ਸਿਤੰਬਰ ੧੯੨੪ ਵਿਚ ਗ੍ਰਿਫਤਾਰ ਤੇ ਕੈਦ ਹੋਏ । ਗੁਰਦਵਾਰਾ ਐਕ੍ਟ ਬਣ ਜਾਣ ਪਰ ਜੁਲਾਈ ੧੯੨੫ ਨੂੰ ਸਾਰੇ ਜਥਿਆਂ ਨਾਲ ਰਿਹਾ ਹੋਏ।

ਉਸ ਤੋਂ ਬਾਅਦ ਵੀ ਜਥੇਦਾਰ ਜੀ ਨੇ ਲੋਕ ਸੇਵਾ ਵਿਚ ਵਧ ਚੜ੍ਹਕੇ ਹਿਸਾ ਲਿਆ ਹੈ। ਪੁਰਾਣੇ ਅਕਾਲੀ ਲੀਡਰਾਂ ਵਿਚੋਂ ਇਕ ਹਨ,ਜਿਨਾਂ ਨੇ ਗੁਰਦਵਾਰਾ ਸੁਧਾਰ ਲਈ ਵੀ ਕੁਰਬਾਨੀ ਕੀਤੀ ਹੈ, ਦੇਸ਼ ਦੀ ਆਜ਼ਾਦੀ ਵਿਚ ਹਿੱਸਾ ਪਾਇਆ ਹੈ।

ਮਹਾਨ ਅਕਾਲੀ ਲਹਿਰ ਦੇ ਮੋਰਚਿਆਂ ਵਿਚ ਸੈਂਕੜੇ ਸਿੰਘ ਸ਼ਹੀਦ ਹੋਏ ਹਨ । ੪੦ ਹਜ਼ਾਰ ਸਿੰਘ ਜੇਹਲਾਂ ਵਿਚ ਗਏ । ੧੬ ਲੱਖ ਰੁਪਏ ਜੁਰਮਾਨਾ ਤਾਰਿਆ ਗਿਆ। ਜਿਸ ਦਾ ਨਤੀਜਾ ਗੁਰਦਵਾਰੇ ਸ਼ਰੋਮਣੀ ਕਮੇਟੀ ਦੇ ਪ੍ਰਬੰਧ ਵਿਚ ਆਏ । ਗੁਰਦਵਾਰਾ ਐਕਟ ਬਣਿਆ । ਕਈ ਗਲਾਂ ਵਿਚ ਬੜੀ ਸਫਲਤਾ ਪ੍ਰਾਪਤ ਕੀਤੀ ਹੈ। ਉਸ ਮਹਾਨ ਲਹਿਰ ਦੀ ਕੁਰਬਾਨੀ ਨੇ ਸਿਖ ਪੰਥ ਦਾ ਦੇਸ ਅਤੇ ਪ੍ਰਦੇਸ਼ਾਂ ਵਿਚ ਮਾਣ ਵਧਾਇਆ। ਸਿਖੀ ਨੂੰ ਉਜਾਗਰ ਕੀਤਾ ਹੈ।

ਇਸ ਪੁਸਤਕ ਵਿਚ ਅਕਾਲੀ ਲਹਿਰ ਦੇ ਜਿੰਨਾਂ ਮਹਾਨ ਨੇਤਾਵਾਂ ਦੇ ਜੀਵਨ ਦਿਤੇ ਗਏ ਹਨ, ਉਨਾਂ ਚੋਂ ਬਹੁਤੇ ਹੁਕਮ ਸੱਤ ਹੋ ਗਏ ਹਨ। ਸੱਤ ਅਠ ਜ਼ਿੰਦਾ ਹਨ।

ਦਰਬਾਰ ਪ੍ਰਿੰਟਿੰਗ ਪ੍ਰੈਸ, ਘੰਟਾ ਘਰ, ਅੰਮ੍ਰਿਤਸਰ।
ਪ੍ਰਿੰਟਰ–ਪਰਮਜੀਤ ਸਿੰਘ



Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

B-1395

Digitized by Panjab Digital Library | www.panjabdigilib.org

— ਇਨ੍ਹਾਂ ਪੁਸਤਕਾਂ ਦੇ ਲੇਖਕ —



1. ਗੁਰਮਤਿ ਲੈਕਚਰ ਜੀਵਨ ਤੇ ਫਿਲਾਸਫੀ ਦਸਗੁਰੂ ਸਾਹਿਬ 12-50
2. ਇਤਿਹਾਸਕ ਲੈਕਚਰਜ਼ ਸਿਖ ਇਤਿਹਾਸ 12-50
3. ਸੰਸਾਰ ਦਾ ਧਾਰਮਿਕ ਇਤਿਹਾਸ 12-50
4. ਸ੍ਰੀ ਗੁਰੂ ਤੇਗ ਬਹਾਦਰ ਜੀ 8-00
5. ਮਹਾਂ ਬਲੀ ਗੁਰੂ ਗੋਬਿੰਦ ਸਿੰਘ ਜੀ 4-00
6. ਗੁਰਮਤਿ ਫਿਲਾਸਫੀ 12-50

**ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ ਐਂਡ ਕੋ:**

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ।

ਟਾਇਟਲ : ਨਵਕੇਤਨ ਪ੍ਰੈਸ ਅੰਮ੍ਰਿਤਸਰ ।

Digitized by Panjab Digital Library | www.panjabdigilib.org